ਵ.ਅ. ਸੁਖੋਮਲਿੰਸਕੀ

# ਬੱਚਿਆਂ ਨੂੰ ਦਿਆਂ ਦਿਲ ਆਪਣਾ ਮੈਂ

ਵ. ਅ. ਸੁਖੋਮਲਿੰਸਕੀ

# ਬੱਚਿਆਂ ਨੂੰ ਦਿਆਂ ਦਿਲ ਆਪਣਾ ਮੈਂ

ਪੰਜਾਬ ਬੁੱਕ ਸੈਂਟਰ

ਅਨੁਵਾਦਕ: ਪ੍ਰੀਤਮ ਸਿੰਘ ਮਨਚੰਦਾ

V. A. Sukhomlinsky

I GIVE MY HEART TO CHILDREN

*in Punjabi*

ਮੁੱਲ : 350/-

ਪ੍ਰਕਾਸ਼ਕ : ਪੰਜਾਬ ਬੁੱਕ ਸੈਂਟਰ
ਐੱਸ.ਸੀ.ਓ. 1126-27,
ਸੈਕਟਰ 22-ਬੀ, ਚੰਡੀਗੜ੍ਹ,
0172-2701952,
ਈ-ਮੇਲ: pbcchd@yahoo.co.in

ਛਾਪਕ : ਸਪਤਰਿਸ਼ੀ ਪ੍ਰਿੰਟਰਜ਼, ਚੰਡੀਗੜ੍ਹ

ਪ੍ਰਕਾਸ਼ਕ ਵੱਲੋਂ . . . . . ੫
ਮੁਖਬੰਧ . . . . . ੧੦

## ਖ਼ੁਸ਼ੀ ਦਾ ਸਕੂਲ

ਸਕੂਲ ਦਾ ਡਾਇਰੈਕਟਰ . . . . . ੧੬
ਪਹਿਲਾ ਵਰ੍ਹਾ — ਬਚਿਆਂ ਦਾ ਅਧਿਅਨ ਕਰਨਾ . . . . . ੨੬
ਮੇਰੇ ਵਿਦਿਆਰਥੀਆਂ ਦੇ ਮਾਤਾ-ਪਿਤਾ . . . . . ੨੭
ਖੁਲ੍ਹੀ ਹਵਾ ਵਿਚ ਸਕੂਲ . . . . . ੪੧
ਸਾਡੀ ਸੁਪਨਿਆਂ ਦੀ ਨੁਕਰ . . . . . ੫੮
ਪ੍ਰਕਿਰਤੀ — ਚੰਗੀ ਸਿਹਤ ਦਾ ਸੋਮਾ . . . . . ੬੫
ਹਰ ਬਚੇ ਵਿਚਲਾ ਕਲਾਕਾਰ . . . . . ੭੧
ਜਿਉਂਦੀਆਂ ਵਸਤਾਂ ਅਤੇ ਸੁਹਣੀਆਂ ਦਾ ਧਿਆਨ ਰਖਣਾ . . . . ੭੫
ਕਿਰਤ ਦੇ ਸੰਸਾਰ ਵਿਚ ਸਾਡਾ ਸਫ਼ਰ . . . . . ੮੨
ਅਸਾਂ ਪ੍ਰਕਿਰਤੀ ਦਾ ਸੰਗੀਤ ਸੁਣਿਆ . . . . . ੮੪
ਸਿਆਲ ਦੀਆਂ ਖ਼ੁਸ਼ੀਆਂ ਅਤੇ ਚਿੰਤਾਵਾਂ . . . . . ੯੭
ਚੰਡੋਲ ਦਾ ਪਹਿਲਾ ਜਸ਼ਨੀ ਦਿਹਾੜਾ . . . . . ੧੦੧
ਅਸਾਂ ਪੜ੍ਹਨਾ ਅਤੇ ਲਿਖਣਾ ਕਿਵੇਂ ਸਿਖਿਆ . . . . . ੧੦੨
ਤੂੰ ਹੋਰ ਲੋਕਾਂ ਵਿਚਕਾਰ ਰਹਿੰਦਾ ਹੈਂ, ਮੇਰੇ ਬਚੇ . . . . . ੧੧੪
ਸਾਡਾ ਸਮੂਹ — ਇਕ ਮਿਤਰ ਪਰਵਾਰ . . . . . ੧੨੨
ਅਸੀਂ ਅਰੋਗਤਾ ਦੇ ਬਾਗ ਵਿਚ ਰਹਿੰਦੇ ਹਾਂ . . . . . ੧੨੪
ਪੜ੍ਹਾਈ ਦੇ ਪਹਿਲੇ ਵਰ੍ਹੇ ਦੀਆਂ ਬਰੂਹਾਂ ਉਤੇ ਵਿਚਾਰ . . . . . ੧੨੬

## ਬਚਪਨ ਦੇ ਵਰ੍ਹੇ

ਮੁਢਲਾ ਸਕੂਲ ਕੀ ਹੈ? . . . . . ੧੩੧
ਸਿਹਤ, ਸਿਹਤ ਅਤੇ ਇਕ ਵਾਰ ਫਿਰ ਸਿਹਤ . . . . . ੧੩੬

ਪੜ੍ਹਨਾ — ਆਤਮਕ ਜੀਵਨ ਦਾ ਇਕ ਹਿਸਾ . . . . . ੧੪੭
**ਪ੍ਰਿਕਰਤੀ ਦੀ ਪੁਸਤਕ** ਦੇ ਤਿੰਨ ਸੌ ਪੰਨੇ . . . . . ੧੬੮
ਵਸਤਾਂ ਦੇ ਸੰਸਾਰ ਤੋਂ ਸਮਾਜ ਵਲ। ਹਰ ਸ਼ੈ ਕਿਥੋਂ ਆਉਂਦੀ ਹੈ? . . ੧੮੮
ਜੀਵਨ ਦੀ ਗਣਤ ਪੁਸਤਕ ਵਿਚੋਂ ਹਜ਼ਾਰ ਮਸਲੇ . . . . . ੧੯੧
ਸੰਸਾਰ ਦੁਆਲੇ ਸਾਡੇ "ਸਫਰ" . . . . . ੨੦੩
ਬਚੇ ਨੂੰ ਬੌਧਕ ਕਿਰਤ ਦੀ ਖ਼ੁਸ਼ੀ ਅਤੇ ਅਧਿਅਨ ਵਿਚ ਸਫ਼ਲਤਾ ਦੀ ਖ਼ੁਸ਼ੀ ਦਿਓ . . . . . ੨੧੧
ਪਰੀ-ਕਹਾਣੀਆਂ ਦਾ ਕਮਰਾ . . . . . ੨੨੬
ਪਰੀ-ਕਹਾਣੀਆਂ ਜਾਰੀ ਰਖਣਾ — ਸਾਡਾ "ਜਾਦੂਈ ਟਾਪੂ" . . ੨੪੦
ਗੀਤ ਬਚੇ ਨੂੰ ਸੰਸਾਰ ਦਾ ਸੁਹਪਣ ਵਿਖਾਉਂਦੇ ਹਨ . ੨੪੪
ਪੁਸਤਕ ਬਚੇ ਦੇ ਅੰਦਰਲੇ ਜੀਵਨ ਵਿਚ . . . . . ੨੫੦
ਮਾਤ-ਭਾਸ਼ਾ . . . . . ੨੫੬
ਸਾਡੀ ਸੁਹਪਣ ਦੀ ਨੁਕਰ . . . . . ੨੮੧
ਜੀਵਨ ਵਿਚ ਆਦਰਸ਼ ਦੇ ਸੋਮੇ . . . . . ੨੮੩
ਕਮਿਊਨਿਸਟ ਪਾਰਟੀ ਸੰਬੰਧੀ ਵਿਚਾਰ . . . . . ੨੬੨
ਬੰਦੇ ਨੂੰ ਹੋਰਨਾਂ ਸੰਬੰਧੀ ਫ਼ਿਕਰਮੰਦੀ ਤੋ ਬਿਨਾਂ ਇਕ ਦਿਨ ਵੀ ਨਹੀਂ ਜਿਊਣਾ ਚਾਹੀਦਾ . . . . . ੨੬੪
ਉਚ ਭਾਵਨਾਵਾਂ ਨਾਲ ਗੜੁਚੀ ਕਿਰਤ . . . . . ੩੦੬
ਨਨ੍ਹੇ ਲੈਨਿਨਵਾਦੀਓ, ਤੁਸੀਂ ਆਪਣੀ ਮਾਤ-ਭੂਮੀ ਦੇ ਭਵਿਖ ਦੇ ਸੁਆਮੀ ਹੋ ੩੨੬
ਬਚੇ ਨੰਨ੍ਹੇ ਲੈਨਿਨਵਾਦੀਆਂ ਦੀ ਸੰਸਥਾ ਵਿਚ ਸ਼ਾਮਲ ਹੁੰਦੇ ਹਨ . . . ੩੪੪
ਲੈਨਿਨ ਵਾਂਗ ਘੋਲ ਕਰੋ ਅਤੇ ਜਿਤੋ . . . . ੩੪੬
ਦਲੇਰਾਂ ਅਤੇ ਨਿਡਰਾਂ ਦੀ ਟੁਕੜੀ . . . . ੩੫੧
ਅਸੀਂ ਹੁਨਾਲ ਨੂੰ ਵਿਦਿਆ ਕੀਤਾ . . . . . ੩੫੬

ਇਸ ਪੁਸਤਕ "**ਬਚਿਆਂ ਨੂੰ ਦਿਆਂ ਦਿਲ ਆਪਣਾ ਮੈਂ**" ਦੇ ਲੇਖਕ — ਉਘੇ ਸੋਵੀਅਤ ਵਿਦਿਆ-ਵਿਗਿਆਨੀ ਵਾਸਿਲੀ ਸੁਖੋਮਲਿੰਸਕੀ (੧੯੧੮-੭੦) ਨੇ ਆਪਣੇ ਸੰਖੇਪ ਜੀਵਨ ਦੇ ੩੫ ਵਰ੍ਹੇ ਬਚਿਆਂ ਦੇ ਪਾਲਣ ਅਤੇ ਵਿਦਿਆ ਨੂੰ ਅਰਪਨ ਕੀਤੇ। ੨੯ ਵਰ੍ਹਿਆਂ ਤਕ ਉਹ ਵਡੇ ਸ਼ਹਿਰਾਂ ਤੋਂ ਦੂਰ ਸਥਿਤ ਯੂਕਰੇਨੀ ਪਿੰਡ ਪਾਵਲਿਅਸ਼ ਦੇ ਪੇਂਡੂ ਸਕੂਲ ਦਾ ਡਾਇਰੈਕਟਰ ਸੀ।

ਉਹਦੇ ਕੰਮ ਲਈ ਉਹਨੂੰ ਸੋਸ਼ਲਿਸਟ ਕਿਰਤ ਦਾ ਸੂਰਮਾ ਅਤੇ ਯੂਕਰੇਨੀ ਸੋਵੀਅਤ ਸੋਸ਼ਲਿਸਟ ਗਣ-ਰਾਜ ਦੇ ਗੁਣੀ ਅਧਿਆਪਕ ਦੇ ਸਤਿਕਾਰੇ ਖ਼ਤਾਬ ਦਿਤੇ ਗਏ ਅਤੇ ਉਹ ਸੋਵੀਅਤ ਯੂਨੀਅਨ ਦੀ ਵਿਦਿਆ-ਵਿਗਿਆਨਾਂ ਦੀ ਅਕਾਦੇਮੀ ਦਾ ਚਿਠੀ-ਪਤਰੀ ਮੈਂਬਰ ਚੁਣਿਆ ਗਿਆ।

ਸੁਖੋਮਲਿੰਸਕੀ ਦੇ ਵਿਦਿਆ-ਵਿਗਿਆਨ ਦਾ ਤੱਤ ਕੀ ਹੈ?

ਸੰਸਾਰ ਦੇ ਕਈ ਅਗੇ-ਵਧੂ ਵਿਦਿਆ-ਵਿਗਿਆਨੀਆਂ ਨੇ ਲੰਮੇ ਸਮੇਂ ਤੋਂ ਵਿਦਿਆ-ਵਿਗਿਆਨ ਦੀ ਇਕ ਅਜਿਹੀ ਪ੍ਰਣਾਲੀ ਘੜਨ ਦਾ ਜਤਨ ਕੀਤਾ ਹੈ, ਜਿਹੜੀ ਬਚਿਆਂ ਦੀ ਪਾਲਣਾ ਅਤੇ ਵਿਦਿਆ ਨੂੰ ਇਕੋ ਇਕ ਅਮਲ ਵਿਚ ਇਕਠਾ ਕਰ ਦੇਵੇ। ਸੁਖੋਮਲਿੰਸਕੀ ਦੀਆਂ ਵਿਦਿਆ-ਵਿਗਿਆਨਕ ਸਰਗਰਮੀਆਂ ਇਸ ਇਛਾ ਨੂੰ ਅਮਲ ਵਿਚ ਲਿਆਉਣਾ ਸੀ। ਉਹਦੇ ਵਿਦਿਆ-ਵਿਗਿਆਨਕ ਢੰਗ ਦਾ ਤਤ ਹਰ ਬਚੇ ਵਿਚ ਇਕ ਵਿਅਕਤੀ ਵੇਖਣਾ ਹੈ, ਅਤੇ ਜਿਹੜੇ ਬਚਿਆਂ ਨੂੰ ਵਿਦਿਆ ਦੇਣਾ ਅਤੇ ਪਾਲਣਾ ਚਾਹੁੰਦੇ ਹਨ, ਇਹ ਗਲ ਉਹਨਾਂ ਲਈ ਲਾਜ਼ਮੀ ਹੈ।

ਵ. ਅ. ਸੁਖੋਮਲਿੰਸਕੀ ਨੇ ਸਿਧਾਂਤ ਅਤੇ ਅਮਲ ਵਿਚ ਸਾਬਤ ਕੀਤਾ ਕਿ ਬਚਿਆਂ ਨੂੰ ਗੁਣੀ ਅਤੇ ਨਿਰਗੁਣ ਵਿਚ ਵੰਡੇ ਬਿਨਾਂ ਹਰ ਬਚਾ ਇਕ ਸਾਂਝੇ ਸਕੂਲ ਵਿਚ ਨਵੀਨ ਹਾਈ-ਸਕੂਲ ਵਿਦਿਆ ਪ੍ਰਾਪਤ ਕਰ ਸਕਦਾ ਹੈ। ਅਤੇ ਉਹਨੇ ਵਿਦਿਆ-ਵਿਗਿਆਨ ਵਿਚ ਕੋਈ ਵਡੀ ਲਭਤ ਨਾ ਲਭੀ, ਉਹਨੇ ਕੇਵਲ ਉਹ ਯੋਗ ਢੰਗ ਲਭਿਆ ਜਿਹੜਾ ਅਧਿਆਪਕਾਂ ਨੂੰ ਰਾਜਕੀ ਕਾਰਜ-ਕ੍ਰਮ ਦੀ ਪਧਰਾਂ ਅਨੁਸਾਰ ਬਚਿਆਂ ਦੀ ਗਿਆਨ ਵਲ ਅਗਵਾਈ ਕਰਨ ਯੋਗ ਬਣਾਉਂਦਾ ਹੈ। ਉਹਦੇ ਅਨੁਸਾਰ ਮੁਖ

ਗਲ ਬਚੇ ਵਿਚ ਸਿਖਣ ਦੀ ਇਛਾ, ਸਵੈ-ਵਿਦਿਆ ਅਤੇ ਸਵੈ-ਪਾਲਣਾ ਲਈ ਉਹਦੀ ਤਾਂਘ ਜਗਾਉਣਾ ਹੈ।

ਵ. ਅ. ਸੁਖੋਮਲਿੰਸਕੀ ਆਪਣੇ ਵਿਦਿਆਰਥੀਆਂ ਦਾ ਬੜੇ ਸਿਰੜ ਨਾਲ ਅਧਿਆਨ ਕਰਦਾ ਸੀ, ਉਹ ਉਹਨਾਂ ਦੇ ਅਧਿਆਪਕਾਂ ਅਤੇ ਮਾਤਾ-ਪਿਤਾ ਨਾਲ ਸਲਾਹ ਕਰਦਾ, ਆਪਣੇ ਵਿਚਾਰਾਂ ਦਾ ਬੀਤੇ ਦੇ ਮਹਾਨ ਵਿਦਿਆ-ਵਿਗਿਆਨੀਆਂ ਦੇ ਵਿਚਾਰਾਂ ਅਤੇ ਲੋਕ ਸਿਆਣਪ ਨਾਲ ਮੁਕਾਬਲਾ ਕਰਦਾ।

ਬਚਿਆਂ ਨੂੰ ਪੜ੍ਹਾਉਣ ਲਈ ਇਹ ਲਾਜ਼ਮੀ ਹੈ ਕਿ ਮਨੁਖ ਉਹਨਾਂ ਨਾਲ ਪਿਆਰ ਕਰੇ। ਕੇਵਲ ਇਸ ਢੰਗ ਨਾਲ ਹੀ ਬੰਦਾ ਬਚਿਆਂ ਵਿਚ ਕਿਰਤ, ਮਿਤਰਤਾ ਅਤੇ ਮਾਨਵਤਾ ਦੀ ਖ਼ੁਸ਼ੀ ਦਾ ਬੀਅ ਬੀਜ ਸਕਦਾ ਹੈ। ਇਹ ਲਾਜ਼ਮੀ ਹੈ ਕਿ ਅਧਿਆਪਕ ਹਰ ਵਿਦਿਆਰਥੀ ਦੇ ਦਿਲ ਤਕ ਰਾਹ ਲਭਣ ਯੋਗ ਹੋਵੇ, ਤਾਂ ਹੀ ਉਹ ਆਪਣੇ ਟਬਰ, ਸਕੂਲ, ਕਿਰਤ, ਗਿਆਨ ਅਤੇ ਆਪਣੀ ਮਾਤ-ਭੂਮੀ ਨੂੰ ਪਿਆਰ ਕਰਨਾ ਯੋਗ ਹੋਵੇਗਾ। ਇਹ ਢੰਗ — ਬਚੇ ਦੇ ਦਿਲ ਤਕ ਰਾਹ — ਸੁਖੋਮਲਿੰਸਕੀ ਦੇ ਕੁਲ ਵਿਦਿਆ-ਵਿਗਿਆਨਕ ਕੰਮ ਦਾ ਆਧਾਰ ਬਣ ਗਿਆ।

ਸੋਵੀਅਤ ਅਧਿਆਪਕ ਨੇ ਆਪਣੇ ਵਿਦਿਆਰਥੀਆਂ ਵਿਚ ਸਰਵਉਤਮ ਨੂੰ, ਪ੍ਰਕਿਰਤੀ ਵਲੋਂ ਉਹਨਾਂ ਨੂੰ ਜੋ ਕੁਝ ਦਿਤਾ ਗਿਆ ਹੈ, ਉਹਨੂੰ ਪ੍ਰਗਟ ਕਰਨ ਨੂੰ, ਉਹਨਾਂ ਦੇ ਸਦਾਚਾਰਕ ਗੁਣਾਂ ਦਾ ਬੋਧ ਪ੍ਰਾਪਤ ਕਰਨ, ਕਮਿਊਨਿਸਟ ਆਸ਼ਿਆਂ ਦੇ ਵਫ਼ਾਦਾਰ ਇਮਾਨਦਾਰ ਮਨੁਖਾਂ ਵਜੋਂ ਉਹਨਾਂ ਦੀ ਪਾਲਣਾ ਕਰਨ ਨੂੰ ਆਪਣਾ ਆਸ਼ਾ ਸਮਝਿਆ।

ਵ. ਅ. ਸੁਖੋਮਲਿੰਸਕੀ ਦਾ ਵਿਦਿਆ-ਵਿਗਿਆਨ ਦਿਆਲਤਾ ਦਾ, ਸਚ, ਭਾਵਨਾਵਾਂ ਅਤੇ ਚਿੰਤਨ ਦਾ ਵਿਦਿਆ-ਵਿਗਿਆਨ ਹੈ, ਇਹ ਮਨੁਖ ਅਤੇ ਨਾਗਰਕ ਦੇ ਬਣਨ ਦਾ ਵਿਦਿਆ-ਵਿਗਿਆਨ ਹੈ।

ਆਪਣੇ ਜੀਵਨ ਦੇ ਅਖ਼ੀਰੀ ਵੀਹ ਵਰ੍ਹਿਆਂ ਵਿਚ ਸੁਖੋਮਲਿੰਸਕੀ ਨੇਮ ਨਾਲ ਆਪਣੀਆਂ ਸੋਚਾਂ ਅਤੇ ਵਿਚਾਰ ਲਿਖਦਾ ਰਿਹਾ, ਜਿਸਨੇ ਉਹਨੂੰ ਇਸ ਯੋਗ ਬਣਾਇਆ ਕਿ ਉਹ ਅਨੇਕ ਪੁਸਤਕਾਂ ਅਤੇ ਲੇਖ ਲਿਖੇ। ਉਹਦੀਆਂ ਕਿਤਾਬਾਂ ਵਿਚੋਂ ਸਭ ਤੋਂ ਵਧ ਪ੍ਰਸਿਧ ਹਨ, "ਬਚਿਆਂ ਨੂੰ ਦਿਆਂ ਦਿਲ ਆਪਣਾ ਮੈਂ", "ਇਕ ਨਾਗਰਿਕ ਦਾ ਜਨਮ", "ਪਾਵਲਿਅਸ਼ ਸੈਕੰਡਰੀ ਸਕੂਲ", "ਸਮੂਹ ਦੀ ਸਿਆਣੀ ਸ਼ਕਤੀ"। ਇਹ ਸਾਰੀਆਂ ਪੁਸਤਕਾਂ ਇਕ ਅਦਭੁਤ ਵਿਦਿਆ-ਵਿਗਿਆਨੀ ਦੇ ਅਤਿ-ਅੰਤ ਭਰਪੂਰ ਅਨੁਭਵਾਂ ਦਾ ਸਿਟਾ ਹਨ। ਵ. ਅ. ਸੁਖੋਮਲਿੰਸਕੀ ਆਪ ਆਪਣੀਆਂ ਕਿਰਤਾਂ ਨੂੰ "ਮਕਾਰੈਨਕੋ ਦੀ ਦਿਮਾਗ਼ੀ ਔਲਾਦ" ਕਿਹਾ ਕਰਦਾ ਸੀ। ਉਹ ਉਘੇ ਸੋਵੀਅਤ ਵਿਦਿਆ-ਵਿਗਿਆਨੀ ਅਨਤੋਨ ਸੇਮਿਓਨੋਵਿਚ ਮਕਾਰੈਨਕੋ (੧੮੮੮-੧੯੩੯) ਦੇ ਜੀਵਨ ਅਤੇ ਵਿਦਿਆ-ਵਿਗਿਆਨਕ ਅਨੁਭਵ ਦੀ ਬਹੁਤ ਜ਼ਿਆਦਾ ਕਦਰ ਕਰਦਾ ਸੀ।

ਅ. ਸ. ਮਕਾਰੈਨਕੋ ਦਾ ਢੰਗ ਮਨੁਖ ਲਈ ਅਥਾਹ ਸਤਿਕਾਰ ਅਤੇ ਭਰੋਸੇ ਉਤੇ ਆਧਾਰਤ ਸੀ। ਉਹ ੧੯੨੦ਵਿਆਂ ਵਿਚ, ਸੋਵੀਅਤ ਦੇਸ ਲਈ ਉਸ ਔਖੇ ਵਰ੍ਹਿਆਂ ਵਿਚ, ਜਦੋਂ ਬਹੁਤ ਸਾਰੇ ਬਚੇ ਮਾਤਾ-ਪਿਤਾ ਤੋਂ ਬਿਨਾਂ, ਟਬਰ ਜਾਂ ਘਰ ਤੋਂ ਬਿਨਾਂ ਰਹਿ ਗਏ ਸਨ, ਇਕ ਯਤੀਮਖ਼ਾਨੇ ਦਾ ਮੁਖੀ ਸੀ। ਨਿਕੇ ਕਲ-ਮੁਕਲੇ ਬਚੇ ਦਾ ਦੁਖ ਹਟਾਉਣ ਲਈ ਇਹ ਲਾਜ਼ਮੀ ਸੀ ਕਿ ਉਹਦੇ ਦੁਆਲੇ ਨਿਘ ਅਤੇ ਸਨੇਹ ਦਾ ਵਾਯੂ-ਮੰਡਲ ਪੈਦਾ ਕੀਤਾ ਜਾਵੇ, ਉਹਦੇ ਲਈ ਨਵਾਂ ਟਬਰ ਲਭਣ ਦੀ ਲੋੜ ਸੀ। ਮਕਾਰੈਨਕੋ ਦੇ ਸ਼ਗਿਰਦਾਂ ਲਈ ਸਮੂਹ ਅਜਿਹਾ ਪਰਵਾਰ ਬਣ ਗਿਆ। ਇਹਨਾਂ ਬਚਿਆਂ ਨੂੰ ਮੁੜ ਵਿਦਿਆ ਦੇਣ ਲਈ, ਉਹਨਾਂ ਨੂੰ ਪੁਰਾਣੇ, ਘਰ ਕਰ ਚੁਕੇ ਵਿਚਾਰਾਂ ਨਾਲੋਂ ਤੋੜਨ ਲਈ ਵਿਸ਼ੇਸ਼ ਵਿਦਿਆ-ਵਿਗਿਆਨਕ ਢੰਗਾਂ ਦੀ ਲੋੜ ਸੀ ਅਤੇ ਅ. ਸ. ਮਕਾਰੈਨਕੋ ਨੇ ਇਹ ਸਫ਼ਲਤਾ ਨਾਲ ਘੜੇ। ਜਿਹਾ ਕਿ ਵ. ਅ. ਸੁਖੋਮਲਿੰਸਕੀ ਕਹਿੰਦਾ ਹੈ, ਅ. ਸ. ਮਕਾਰੈਨਕੋ ਦੀ ਪ੍ਰਣਾਲੀ ਦੀ ਮੁਖ ਗਲ ਸੀ "ਮਨੁਖਵਾਦ ਦੀ ਨਿਰੰਤਰ, ਅਖੁਟ ਹੋਂਦ", "ਸਰਵਉਤਮ ਮਨੁਖੀ ਤਾਂਘਾਂ ਦਾ ਕੀਲਣ ਵਾਲਾ ਸੁਹਪਣ"।

ਅਧਿਆਪਕਾਂ ਅਤੇ ਬਚਿਆਂ ਵਿਚਕਾਰ ਬੌਧਕ ਸਾਂਝ, ਸਦਭਾਵਨਾ ਦਾ ਵਾਯੂ-ਮੰਡਲ — ਜਿਸਦੀ ਅ. ਸ. ਮਕਾਰੈਨਕੋ ਸਿਧਾਂਤ ਅਤੇ ਅਮਲ ਵਿਚ ਸਫ਼ਾਰਸ਼ ਕਰਦਾ — ਪਾਵਲਿਅਸ਼ ਦੇ ਸਕੂਲ ਵਿਚ, ਜਿਸ ਦਾ ਮੁਖੀ ਵ. ਅ. ਸੁਖੋਮਲਿੰਸਕੀ ਸੀ, ਇਕ ਯਥਾਰਥ ਸੀ। ਦੋਵੇਂ ਅਧਿਆਪਕ ਬਚਿਆਂ ਦੀ ਪਾਲਣਾ ਨੂੰ ਸਦਾ ਸੰਸਾਰ ਦੇ ਨਾਗਰਿਕ ਅਨੁਭਵ ਨਾਲ, ਮਾਤ-ਭੂਮੀ ਅਤੇ ਕੌਮ ਦੀ ਉਹਦੀ ਸੇਵਾ ਵਿਚ ਮਨੁਖ ਦੇ ਸੁਹਪਣ ਦੇ ਅਨੁਭਵ ਨਾਲ ਜੋੜਦੇ ਸਨ। ਉਹਨਾਂ ਦਾ ਨਿਸ਼ਚਾ ਸੀ ਕਿ ਇਹ ਲਾਜ਼ਮੀ ਹੈ ਕਿ ਛੁਟੇਰੀ ਪੀੜ੍ਹੀ ਨੂੰ ਨਾ ਕੇਵਲ ਚੰਗਿਆਈ ਅਤੇ ਬੁਰਾਈ ਵਿਚ ਫ਼ਰਕ ਕਰਨਾ ਸਿਖਾਉਣਾ ਚਾਹੀਦਾ ਹੈ ਸਗੋਂ ਬੁਰਾਈ ਅਤੇ ਬੇਇਨਸਾਫ਼ੀ ਵਿਰੁਧ ਸਮਝੌਤਾ-ਰਹਿਤ ਹੋਣਾ ਵੀ ਸਿਖਾਉਣਾ ਚਾਹੀਦਾ ਹੈ।

ਵ. ਅ. ਸੁਖੋਮਲਿੰਸਕੀ ਦੇ ਵਿਦਿਆ-ਵਿਗਿਆਨਕ ਵਿਰਸੇ ਵਿਚ ਹੇਠ ਲਿਖੀ ਗਲ ਵਲ ਧਿਆਨ ਦੇਣਾ ਲਾਜ਼ਮੀ ਹੈ: ਪਾਲਣਾ ਦੇ ਸਾਧਨ ਚੁਣਨ ਵਿਚ ਉਹ ਅ. ਸ. ਮਕਾਰੈਨਕੋ ਦੇ ਉਸ ਪ੍ਰਬੰਧ ਤੋਂ ਅਗਵਾਈ ਲੈਂਦਾ ਸੀ, ਜਿਸ ਦਾ ਤਤ ਇਹ ਸੀ ਕਿ ਹੋਰਨਾਂ ਨਾਲ ਵਖਰਾ ਕੇ ਵਰਤਿਆ ਹਰ ਢੰਗ ਹਾਂ-ਪਖੀ ਅਤੇ ਨਾਂਹ-ਪਖੀ ਦੋਵੇ ਰੋਲ ਅਦਾ ਕਰ ਸਕਦਾ ਹੈ, ਇਸੇ ਲਈ ਪਾਲਣਾ ਵਿਚ ਸੁਮੇਲੇ ਢੰਗ ਨਾਲ ਜਥੇਬੰਦ ਢੰਗਾਂ ਦੀ ਇਕ ਪੂਰੀ ਪ੍ਰਣਾਲੀ ਮਹਤਵ-ਪੂਰਨ ਹੈ।

ਸਮੂਹਕ ਪਾਲਣਾ ਦੇ ਸਿਧਾਂਤ ਨੂੰ, ਜਿਹੜਾ ਸਭ ਤੋਂ ਪਹਿਲਾਂ ਅ. ਸ. ਮਕਾਰੈਨਕੋ ਦੇ ਨਾਂ ਨਾਲ ਸੰਬੰਧਤ ਹੈ, ਵ. ਅ. ਸੁਖੋਮਲਿੰਸਕੀ ਦੇ ਅਮਲ ਅਤੇ ਵਿਦਿਆ-ਵਿਗਿਆਨਕ ਕਿਰਤਾਂ ਵਿਚ ਸਾਬਤ ਕੀਤਾ ਗਿਆ ਹੈ। ਸਾਡੇ ਸਮਿਆਂ ਵਿਚ ਸਮੂਹ ਤੋ ਬਾਹਰ ਬਚਿਆਂ ਨੂੰ ਵਿਦਿਆ ਦੇਣਾ ਅਤੇ ਪਾਲਣਾ ਅਸੰਭਵ ਹੈ ਕਿਉਂਕਿ ਕੇਵਲ

ਇਸ ਪ੍ਰਕਾਰ ਦੀ ਵਿਦਿਆ ਹੀ ਬਚੇ ਲਈ ਮੇਲ-ਜੋਲ ਦੀ ਖ਼ੁਸ਼ੀ ਅਤੇ ਆਪਣੀਆਂ ਯੋਗਤਾਵਾਂ ਪ੍ਰਗਟ ਕਰਨ ਦੀ ਸੰਭਾਵਨਾ ਨਿਸ਼ਚਿਤ ਬਣਾਉਂਦੀ ਹੈ।

ਵਿਦਿਆ-ਵਿਗਿਆਨ ਦਾ ਅਜੋਕਾ ਵਿਕਾਸ ਅਤੇ ਸਕੂਲੀ ਵਿਦਿਆ ਦੀ ਨਿਪੁੰਨਤਾ ਸਾਰੇ ਅਗੇ-ਵਧੂ ਵਿਦਿਆ-ਵਿਗਿਆਨੀਆਂ ਦੀਆਂ ਲਭਤਾਂ ਅਤੇ ਪ੍ਰਾਪਤੀਆਂ ਵਲ ਵਧ ਤੋਂ ਵਧ ਧਿਆਨ ਦੇਣ ਦੀ ਮੰਗ ਕਰਦੇ ਹਨ। ਵ.ਅ. ਸੁਖੋਮਲਿੰਸਕੀ ਦੇ ਕੰਮ ਦੇ ਸ਼ਾਨਦਾਰ ਸਿਟੇ ਇਸ ਗਲ ਦੀ ਪ੍ਰੌੜ੍ਹਤਾ ਕਰਦੇ ਹਨ; ਉਹਨੇ ਜੋ ਕੁਝ ਸਿਰਜਿਆ ਉਹਦਾ ਇਕੋ ਇਕ ਆਧਾਰ ਹੈ ਅਤੇ ਉਹ ਉਚ ਸਦਾਚਾਰ ਅਤੇ ਸਰਵਜਨਕ ਭਲਾਈ ਦੀ ਭਾਵਨਾ ਅਨੁਸਾਰ ਛੁਟੇਰੀ ਪੀੜ੍ਹੀ ਦੀ ਪਾਲਣਾ ਦਾ ਕਾਰਜ ਪੂਰਾ ਕਰਦਾ ਹੈ।

* * *

ਵਾਸਿਲੀ ਅਲੈਕਸਾਂਦਰੋਵਿਚ ਸੁਖੋਮਲਿੰਸਕੀ ਬਹੁਤ ਛੋਟੀ ਉਮਰੇ ਮਰ ਗਿਆ। ੫੨ ਵਰ੍ਹਿਆਂ ਦੀ ਉਮਰੇ ਉਹਦੀ ਮੌਤ ਯੁਧ ਦੀ ਇਕ ਗੂੰਜ ਸੀ।

ਫ਼ਾਸ਼ਿਸਟ ਜਰਮਨੀ ਵਿਰੁਧ ਸੋਵੀਅਤ ਯੂਨੀਅਨ ਦੇ ਮਹਾਨ ਦੇਸ-ਭਗਤਕ ਯੁਧ (੧੯੪੧-੪੫) ਦੇ ਪਹਿਲੇ ਦਿਨਾਂ ਤੋਂ ਹੀ ਵ. ਅ. ਸੁਖੋਮਲਿੰਸਕੀ, ਜਿਸਦੀ ਉਮਰ ਉਦੋਂ ੨੩ ਵਰ੍ਹਿਆਂ ਦੀ ਸੀ, ਜਿਸਨੇ ਪੋਲਤਾਵਾ ਦੀ ਵਿਦਿਆ-ਵਿਗਿਆਨਕ ਸੰਸਥਾ ਵਿਚ ਪੜ੍ਹਾਈ ਮੁਕੰਮਲ ਕੀਤੀ ਸੀ ਅਤੇ ਇਕ ਪ੍ਰਾਇਮਰੀ ਸਕੂਲ ਵਿਚ ਪੜ੍ਹਾਉਂਦਾ ਸੀ, ਮੋਰਚੇ ਉਤੇ ਚਲਾ ਗਿਆ। ਉਹਦੀ ਪਤਨੀ ਵੇਰਾ ਪਿਛੇ ਪਾਵਲਿਅਸ਼ ਵਿਖੇ ਹੀ ਰਹੀ, ਜਿਸ ਉਤੇ ਫ਼ਾਸ਼ਿਸਟਾਂ ਦਾ ਕਬਜ਼ਾ ਹੋ ਗਿਆ। ਵੇਰਾ ਨੇ ਦੁਸ਼ਮਣ ਵਿਰੁਧ ਗੁਪਤ ਰੂਪ ਵਿਚ ਲੜਨ ਵਾਲਿਆਂ ਦੀ ਸਹਾਇਤਾ ਕਰਦੀ। ਇਕ ਦਿਨ ਉਹ ਕਮਾਂਡ ਵਲੋਂ ਮਿਲਿਆ ਕਾਰਜ ਨੇਪਰੇ ਚਾੜ੍ਹਦੇ ਹੋਏ ਗੈਸਟਾਪੋ * ਦੇ ਹਥ ਆ ਗਈ। ਫ਼ਾਸ਼ਿਸਟ ਜੇਲ੍ਹ ਵਿਚ ਉਹਨੇ ਇਕ ਲੜਕੇ ਨੂੰ ਜਨਮ ਦਿਤਾ। ਫ਼ਾਸ਼ਿਸਟਾਂ ਨੇ ਛਾਪਾਮਾਰ ਦਸਤੇ ਦੇ ਨੇਤਾਵਾਂ ਦੇ ਨਾਂ ਪੁਛਦੇ ਹੋਏ ਉਹਨੂੰ ਲੰਮੇ ਸਮੇਂ ਲਈ ਤਸੀਹੇ ਦਿਤੇ। ਉਹ ਚੁਪ ਰਹੀ। ਉਹਦਾ ਪੁਤਰ, ਜਿਸਦੀ ਉਮਰ ਅਜੇ ਕੁਝ ਦਿਨ ਹੀ ਸੀ, ਉਹਦੀਆਂ ਅਖਾਂ ਸਾਹਮਣੇ ਕਤਲ ਕਰ ਦਿਤਾ ਗਿਆ। ਵੇਰਾ ਨੂੰ ਫਾਹੇ ਲਾ ਦਿਤਾ ਗਿਆ।... ਉਸ ਸਮੇ ਉਹਦਾ ਪਤੀ ਮਾਸਕੋ ਦੇ ਨੇੜੇ ਦੁਸ਼ਮਣ ਵਿਰੁਧ ਲੜ ਰਿਹਾ ਸੀ ਅਤੇ ਸਖ਼ਤ ਫਟੜ ਹੋਇਆ ਸੀ। ਉਹਨੂੰ ਫ਼ੌਜ ਤੋਂ ਛੁਟੀ ਦੇ ਦਿਤੀ ਗਈ। ਧਾਤ ਦੇ ਟੋਟੇ ਉਹਦੀ ਛਾਤੀ ਵਿਚ ਰਹਿ ਗਏ ਅਤੇ ਉਹਦੇ ਮਾਰੇ ਗਏ ਟਬਰ ਦੀ ਨਿਜੀ ਤ੍ਰਾਸਦੀ ਉਹਦੇ ਦਿਲ ਵਿਚ ਰਹੀ।

ਜਰਮਨ ਫ਼ਾਸ਼ਿਸਟਾਂ ਦੀ ਭਾਂਜ ਅਤੇ ਆਪਣੇ ਜੀਵਨ ਦੇ ਅਖ਼ੀਰੀ ਦਿਨ—੨

---

* ਹਿਟਲਰ ਅਧੀਨ ਜਰਮਨ ਦੀ ਰਾਜਸੀ ਪੁਲੀਸ, ਜਿਹੜੀ ਆਪਣੇ ਬੇਕਿਰਕ ਜ਼ੁਲਮਾਂ ਅਤੇ ਲਖੂਖਾ ਲੋਕਾਂ ਦੇ ਕਤਲ ਲਈ ਬਦਨਾਮ ਸੀ।—ਅਨੁ:

ਸਤੰਬਰ ੧੯੭੦—ਤਕ ਵਾਸਿਲੀ ਅਲੈਕਸਾਂਦਰੋਵਿਚ ਸੁਖੋਮਲਿੰਸਕੀ ਬਚਿਆਂ ਲਈ ਜੀਵਿਆ।

ਵਰ੍ਹੇ ਲੰਘ ਗਏ, ਦੇਸ ਨੇ ਯੁਧ ਦੇ ਲਾਏ ਫਟ ਮੱਲ ਲਏ, ਨਵੀਆਂ ਪੀੜ੍ਹੀਆਂ ਜੰਮੀਆਂ, ਜਿਨ੍ਹਾਂ ਨੂੰ ਯੁਧ ਸੰਬੰਧੀ ਪਾਠ-ਪੁਸਤਕਾਂ ਤੋ ਪਤਾ ਲਗਾ। ਪਾਵਲਿਅਸ਼ ਪਿੰਡ ਦੇ ਬਚੇ ਇਹ ਨਹੀਂ ਸਨ ਜਾਣਦੇ ਕਿ ਜਿਹੜਾ ਮਨੁਖ ਉਹਨਾਂ ਨੂੰ ਪੜ੍ਹਾਉਂਦਾ ਸੀ, ਜਿਹੜਾ ਉਹਨਾਂ ਖੇਤਾਂ ਅਤੇ ਜੰਗਲਾਂ ਵਿਚ ਫਿਰਦਾ ਸੀ, ਆਪਣੇ ਸੀਨੇ ਵਿਚ ਬੀਤੇ ਯੁਧ ਦੀ ਰਹਿੰਦ ਵੀਹ ਵਰ੍ਹਿਆਂ ਤੋ ਲਈ ਫਿਰਦਾ ਸੀ।

ਚਕਿਤਸਾ-ਵਿਗਿਆਨ ਲਾਚਾਰ ਸੀ ਅਤੇ ਇਸ ਸ਼ਾਨਦਾਰ ਮਨੁਖ ਨੂੰ ਰਾਜ਼ੀ ਨਹੀਂ ਸੀ ਕਰ ਸਕਦਾ। ਉਹ ਸਕੂਲੀ ਵਰ੍ਹੇ ਦੇ ਐਨ ਸ਼ੁਰੂ ਵਿਚ ਆਪਣਾ ਕਰਤਵ ਪੂਰਾ ਕਰਦਾ ਹੋਇਆ ਮਰਿਆ। ਉਹਨੇ ਅਖ਼ੀਰੀ ਵਾਰ ਬਚਿਆਂ ਦੀ ਇਕ ਨਵੀਂ ਪੀੜ੍ਹੀ ਲਈ ਸਕੂਲ ਦੇ ਬੂਹੇ ਖੋਹਲੇ।

ਹਰ ਲੰਘਦੇ ਵਰ੍ਹੇ ਵ. ਅ. ਸੁਖੋਮਲਿੰਸਕੀ ਦਾ ਵਿਦਿਆ-ਵਿਗਿਆਨਕ ਵਿਰਸਾ, ਉਹਦਾ ਪੜ੍ਹਾਉਣ ਦਾ ਅਨੁਭਵ, ਨਾ ਕੇਵਲ ਸੋਵੀਅਤ ਯੂਨੀਅਨ ਵਿਚ ਹੀ ਸਗੋਂ ਸਾਰੇ ਸੰਸਾਰ ਵਿਚ, ਅਧਿਆਪਕਾਂ ਅਤੇ ਮਾਤਾ-ਪਿਤਾ ਦਾ ਵਧ ਰਿਹਾ ਧਿਆਨ ਖਿਚ ਰਹੇ ਹਨ।

ਮੇਰੇ ਪਿਆਰੇ ਪਾਠਕੋ ਅਤੇ ਸਾਥੀਓ — ਅਧਿਆਪਕੋ, ਸਿਖਿਅਕੋ ਅਤੇ ਸਕੂਲਾਂ ਦੇ ਡਾਇਰੈਕਟਰੋ!

ਇਹ ਪੁਸਤਕ ਇਕ ਸਕੂਲ ਵਿਚ ਕਈ ਵਰ੍ਹਿਆਂ ਦੇ ਕੰਮ ਦਾ — ਸੋਚ, ਫ਼ਿਕਰਮੰਦੀ, ਚਿੰਤਾ ਅਤੇ ਪ੍ਰੇਸ਼ਾਨੀ ਦਾ ਸਿਟਾ ਹੈ।

ਇਕ ਪੇਂਡੂ ਸਕੂਲ ਵਿਚ ੩੩ ਵਰ੍ਹਿਆਂ ਦਾ ਨਿਰੰਤਰ ਕੰਮ ਮੇਰੇ ਲਈ ਬਹੁਤ ਖ਼ੁਸ਼ੀ ਦੀ ਗਲ ਰਹੀ ਹੈ ਜਿਸਦਾ ਕਿਸੇ ਹੋਰ ਗਲ ਨਾਲ ਮੁਕਾਬਲਾ ਨਹੀਂ ਕੀਤਾ ਜਾ ਸਕਦਾ। ਮੈਂ ਆਪਣਾ ਜੀਵਨ ਬਚਿਆਂ ਨੂੰ ਅਰਪਤ ਕੀਤਾ ਹੈ। ਸੋ, ਬਹੁਤ ਵਿਚਾਰ ਕਰਨ ਪਿਛੋਂ ਮੈਂ ਇਸ ਪੁਸਤਕ ਦਾ ਨਾਂ "ਬਚਿਆਂ ਨੂੰ ਦਿਆਂ ਦਿਲ ਆਪਣਾ ਮੈਂ" ਰਖਣ ਦਾ ਨਿਰਣਾ ਕੀਤਾ ਹੈ, ਕਿਉਂਕਿ ਮੇਰਾ ਇਹ ਵਿਚਾਰ ਹੈ ਕਿ ਮੈਨੂੰ ਇਹ ਹਕ ਹੈ। ਮੈਂ ਹੋਰਨਾਂ ਸਿਖਿਅਕਾਂ — ਉਹਨਾਂ ਨੂੰ ਜਿਹੜੇ ਇਸ ਸਮੇਂ ਸਕੂਲਾਂ ਵਿਚ ਕੰਮ ਕਰ ਰਹੇ ਹਨ ਅਤੇ ਜਿਹੜੇ ਉਥੇ ਸਾਡੇ ਤੋਂ ਪਿਛੋਂ ਕੰਮ ਕਰਨਗੇ, ਦੁਹਾਂ ਨੂੰ — ਜੀਵਨ ਦੇ ਇਕ ਲੰਮੇ ਸਮੇਂ ਸੰਬੰਧੀ, ਲਗ ਭਗ ਇਕ ਦਹਾਕੇ ਦੇ ਸਮੇਂ ਸੰਬੰਧੀ, ਜਦੋਂ ਇਕ ਨਿਕਾ ਬਚਾ — ਇਕ ਨਿਕਾ ਬਦਮਾਸ਼, ਜਿਵੇਂ ਕਿ ਅਸੀਂ ਅਧਿਆਪਕ ਅਕਸਰ ਉਹਨੂੰ ਨਾਂ ਦੇਂਦਾ ਹਾਂ — ਪਹਿਲਾਂ ਪਹਿਲ ਸਕੂਲ ਵਿਚ ਪੜ੍ਹਨਾ ਸ਼ੁਰੂ ਕਰਦਾ ਹੈ, ਤੋਂ ਲੈਕੇ ਉਸ ਸਮੇਂ ਤਕ ਸੰਬੰਧੀ ਦਸਣਾ ਚਾਹੁੰਦਾ ਹਾਂ, ਜਦੋਂ ਗਭਰੂ ਜਾਂ ਮੁਟਿਆਰਾਂ ਡਾਇਰੈਕਟਰ ਤੋਂ ਸੈਕੰਡਰੀ ਵਿਦਿਆ ਮੁਕੰਮਲ ਕਰਨ ਦਾ ਸਰਟੀਫ਼ੀਕੇਟ ਪ੍ਰਾਪਤ ਕਰਦੇ ਹਨ ਅਤੇ ਸੁਤੰਤਰ ਕੰਮ ਦਾ ਜੀਵਨ ਸ਼ੁਰੂ ਕਰਦੇ ਹਨ। ਇਹ ਵਿਅਕਤੀ ਦੇ ਬਣਨ ਦਾ ਸਮਾਂ ਹੈ ਪਰ ਅਧਿਆਪਕ ਲਈ ਇਹ ਉਹਦੇ ਜੀਵਨ ਦਾ ਬਹੁਤ ਵਡਾ ਹਿਸਾ ਹੈ। ਮੇਰੇ ਜੀਵਨ ਵਿਚ ਮੁੱਖ ਗਲ ਕੀ ਸੀ? ਮੈਂ ਸੋਚੇ ਬਿਨਾਂ ਇਸ ਪ੍ਰਸ਼ਨ ਦਾ ਉਤਰ ਦੇ ਸਕਦਾ ਹਾਂ: **ਬਚਿਆਂ ਲਈ ਮੇਰਾ ਪਿਆਰ।**

ਸ਼ਾਇਦ ਪਿਆਰੇ ਪਾਠਕ ਤੁਸੀਂ ਮੇਰੀ ਕਿਰਤ ਵਿਚਲੀਆਂ ਕੁਝ ਗਲਾਂ ਨਾਲ ਸਹਿਮਤ ਨਹੀਂ ਹੋਵੋਗੇ; ਸ਼ਾਇਦ ਇਸ ਵਿਚ ਕੁਝ ਗਲਾਂ ਤੁਹਾਨੂੰ ਅਣੋਖੀਆਂ ਜਾਂ ਅਚੰਭਾਜਨਕ ਜਾਪਣਗੀਆਂ, ਸੋ ਮੈਂ ਮੁਢ ਤੋਂ ਹੀ ਤੁਹਾਨੂੰ ਬੇਨਤੀ ਕਰਾਂਗਾ ਕਿ ਤੁਸੀਂ ਇਸ ਪੁਸਤਕ ਨੂੰ ਬਚਿਆਂ, ਗਭਰੇਟਾਂ ਜਾਂ ਗਭਰੂਆਂ ਅਤੇ ਮੁਟਿਆਰਾਂ ਦੀ ਪਾਲਣਾ ਲਈ ਸਰਬ-ਵਿਆਪਕ ਸਲਾਹ ਨਾ ਸਮਝਣਾ। ਵਿਦਿਆ ਦੀ ਭਾਸ਼ਾ ਵਿਚ ਇਸ ਪੁਸਤਕ ਦਾ ਸੰਬੰਧ ਸ਼੍ਰੇਣੀ ਤੋਂ ਬਾਹਰ ਵਿਦਿਅਕ ਕੰਮ ਨਾਲ (ਜਾਂ ਇਸ ਸ਼ਬਦ ਦੇ ਸੌੜੇ ਅਰਥਾਂ ਵਿਚ ਬਚਿਆਂ ਦੀ ਪਾਲਣਾ ਕਰਨ ਦੇ ਕਾਰਜ ਨਾਲ) ਹੈ। ਇਥੇ ਪਾਠ ਸਮਿਗਰੀ ਜਾਂ ਵਿਗਿਆਨ ਸਿਖਣ ਦੇ ਅਮਲ ਦੇ ਸਾਰੇ ਸਿਖਾਲਵੇਂ ਵਿਸਥਾਰਾਂ ਨੂੰ ਲੈਣ ਦੀ ਮੇਰੀ ਨੀਅਤ ਨਹੀਂ। ਸੂਖਮ ਮਨੁਖੀ ਸੰਬੰਧਾਂ ਦੀ ਭਾਸ਼ਾ ਵਿਚ ਇਹ ਪੁਸਤਕ ਸਿਖਿਅਕ ਦੇ ਦਿਲ ਨੂੰ ਸਮਰਪਤ ਹੈ। ਮੈਂ ਇਹ ਦਸਣ ਦਾ ਜਤਨ ਕੀਤਾ ਹੈ ਕਿ ਬਚੇ

ਨੂੰ ਉਹਦੇ ਦੁਆਲੇ ਦੇ ਸੰਸਾਰ ਵਿਚ ਕਿਵੇਂ ਲੈ ਜਾਇਆ ਜਾਵੇ, ਸਿਖਣ ਵਿਚ ਉਹਦੀ ਸਹਾਇਤਾ ਕਿਵੇਂ ਕੀਤੀ ਜਾਵੇ ਅਤੇ ਉਹਦੀ ਬੌਧਕ ਘਾਲਣਾ ਕਿਵੇਂ ਸੌਖੀ ਬਣਾਈ ਜਾਵੇ; ਉਹਦੀ ਆਤਮਾ ਵਿਚ ਉੱਚ ਭਾਵਨਾਵਾਂ ਅਤੇ ਭਾਵ ਕਿਵੇਂ ਪੈਦਾ ਕੀਤੇ ਅਤੇ ਪਕੇਰੇ ਬਣਾਏ ਜਾਣ; ਮਨੁਖੀ ਕੁਰਬ ਦਾ ਅਨੁਭਵ, ਇਹ ਨਿਸ਼ਚਾ ਕਿ ਮਨੁਖ ਚੰਗਾ ਹੈ, ਕਿਵੇਂ ਪੈਦਾ ਕੀਤਾ ਜਾਵੇ; ਉਹਦੇ ਵਿਚ ਆਪਣੀ ਸੋਵੀਅਤ ਮਾਤ-ਭੂਮੀ ਲਈ ਪਿਆਰ ਕਿਵੇਂ ਪੈਦਾ ਕੀਤਾ ਜਾਵੇ; ਬਚੇ ਦੀ ਅਨੁਭਵੀ ਬੁਧੀ ਅਤੇ ਕੋਮਲ-ਭਾਵੀ ਦਿਲ ਵਿਚ ਕਮਿਊਨਿਸਟ ਦੇ ਉਚੇ ਆਸ਼ਿਆਂ ਨਾਲ ਵਫ਼ਾਦਾਰੀ ਦੇ ਪਹਿਲੇ ਅੰਕੁਰ ਕਿਵੇਂ ਉਗਾਏ ਜਾਣ।

ਤੁਹਾਡੇ ਹਥਾਂ ਵਿਚਲੀ ਪੁਸਤਕ ਦਾ ਸੰਬੰਧ ਮੁਢਲੀਆਂ ਸ਼੍ਰੇਣੀਆਂ ਵਿਚ ਵਿਦਿਅਕ ਕੰਮ ਨਾਲ ਹੈ। ਦੂਜੇ ਸ਼ਬਦਾਂ ਵਿਚ ਇਹ ਬਚਪਨ ਨੂੰ ਅਰਪਤ ਹੈ। ਅਤੇ ਬਚਪਨ, ਬਚਿਆਂ ਦਾ ਜੀਵਨ, ਇਕ ਵਿਸ਼ੇਸ਼ ਸੰਸਾਰ ਹੈ। ਬਚਿਆਂ ਦੇ ਚੰਗੇ ਅਤੇ ਮਾੜੇ ਸੰਬੰਧੀ, ਇਮਾਨਦਾਰੀ ਅਤੇ ਬੇਈਮਾਨੀ ਸੰਬੰਧੀ ਅਤੇ ਮਨੁਖੀ ਕੁਰਬ ਸੰਬੰਧੀ ਆਪਣੇ ਵਿਚਾਰ ਹੁੰਦੇ ਹਨ। ਉਹਨਾਂ ਦੀਆਂ ਸੁਹਪਣ ਦੀਆਂ ਆਪਣੀਆਂ ਕਸਵਟੀਆਂ ਹੁੰਦੀਆਂ ਹਨ, ਅਤੇ ਇਥੋਂ ਤਕ ਕਿ ਸਮਾਂ ਨਾਪਣ ਦਾ ਆਪਣਾ ਢੰਗ ਹੁੰਦਾ ਹੈ: ਬਚਪਨ ਵਿਚ ਇਕ ਦਿਨ ਇਕ ਵਰ੍ਹੇ ਸਮਾਨ ਹੁੰਦਾ ਹੈ ਅਤੇ ਵਰ੍ਹਾ ਸਦੀਵਤਾ ਹੁੰਦਾ ਹੈ। ਉਸ ਪਰੀ-ਕਿਲੇ ਵਿਚ, ਜਿਸਦਾ ਨਾਂ **ਬਚਪਨ** ਹੈ, ਦਾਖ਼ਲ ਹੋਣ ਦਾ ਰਾਹ ਲਭਣ ਲਈ ਮੈਂ ਸਦਾ ਕੁਝ ਹਦ ਤਕ ਆਪ ਬਚਾ ਬਣਨ ਦਾ ਜਤਨ ਕੀਤਾ ਹੈ। ਅਜਿਹਾ ਕਰਨ ਪਿਛੋਂ ਬਚੇ ਤੁਹਾਨੂੰ ਉਸ ਪਰੀ-ਕਹਾਣੀ ਸੰਸਾਰ ਵਿਚ ਜਿਹੜਾ ਉਹਨਾਂ ਸਿਰਜਿਆ ਹੈ ਦਖ਼ਲ ਦੇਣ ਵਾਲਾ ਜਾਂ ਉਸ ਵਿਚ ਵਾਪਰਦੀਆਂ ਘਟਨਾਵਾਂ ਤੋਂ ਲਾਪਰਵਾਹ ਉਹਦਾ ਪਹਿਰੇਦਾਰ ਸਮਝਣਾ ਤਿਆਗਦੇ ਹਨ।

ਮੈਂ ਇਸ ਪੁਸਤਕ ਦੀ ਸਮਿਗਰੀ ਅਤੇ ਅਨੁਭਵ ਦੇ ਖ਼ਾਸੇ ਸੰਬੰਧੀ ਇਕ ਹੋਰ ਰਖ ਵੀ ਰਖਣਾ ਚਾਹੁੰਦਾ ਹਾਂ। ਪ੍ਰਾਇਮਰੀ ਸਕੂਲ ਬੁਨਿਆਦੀ ਤੌਰ ਉਤੇ ਇਕ ਅਧਿਆਪਕ ਦੀ ਰਚਨਾਤਮਕ ਕਿਰਤ ਹੁੰਦਾ ਹੈ। ਇਸੇ ਲਈ ਮੈਂ ਅਧਿਆਪਕਾਂ ਦੇ ਅਤੇ ਮਾਤਾ-ਪਿਤਾ ਦੇ ਸਮੂਹਾਂ ਦੇ ਕੰਮ ਦਾ ਵਰਨਣ ਕਰਨੋਂ ਜਾਣ ਬੁਝਕੇ ਸੰਕੋਚ ਕੀਤਾ ਹੈ। ਜੇ ਮੈਂ ਉਹ ਸਭ ਕੁਝ ਸ਼ਾਮਲ ਕਰ ਲੈਂਦਾ ਤਾਂ ਇਹ ਪੁਸਤਕ ਅਥਾਹ ਲੰਬਾਈ ਵਾਲੀ ਹੋ ਜਾਂਦੀ।

ਬਚਪਨ ਸੰਬੰਧੀ ਪੁਸਤਕ ਵਿਚ ਉਹਨਾਂ ਪਰਵਾਰਾਂ, ਮਾਤਾ-ਪਿਤਾ ਦਾ ਵਰਨਣ ਕਰਨੋਂ ਸੰਕੋਚ ਕਰਨਾ ਜਿਨ੍ਹਾਂ ਤੋਂ ਬਚੇ ਆਏ ਸਨ, ਸਪਸ਼ਟ ਤੌਰ ਉਤੇ ਅਸੰਭਵ ਹੈ। ਜੇ ਮੈਂ ਪਰਵਾਰਕ ਵਾਯੂ-ਮੰਡਲ ਦਾ ਪੂਰਨ, ਸਚਾ ਲਛਣੀਕਰਨ ਨਾ ਦਿਆਂ ਤਾਂ ਮੇਰੀ ਵਿਦਿਅਕ ਕੰਮ ਦੀ ਸਾਰੀ ਪ੍ਰਣਾਲੀ ਬੌਦਲਾਹਟ ਪੈਦਾ ਕਰੇਗੀ। ਮੈਨੂੰ ਵਿਦਿਆ ਦੀ ਮਹਾਨ ਸ਼ਕਤੀ ਵਿਚ ਉਸੇ ਤਰ੍ਹਾਂ ਭਰੋਸਾ ਹੈ ਜਿਵੇਂ ਨਾਦੇਜ਼ੂਦਾ ਕਰੁਪਸਕਾਯਾ, ਅਨਤੋਨ ਮਕਾਰੈਨਕੋ ਅਤੇ ਹੋਰ ਉਘੇ ਸਿਖਿਅਕਾਂ ਨੂੰ ਸੀ।

# ਖ਼ੁਸ਼ੀ ਦਾ ਸਕੂਲ

## ਸਕੂਲ ਦਾ ਡਾਇਰੈਕਟਰ

ਦਸ ਵਰ੍ਹੇ ਅਧਿਆਪਕ ਵਜੋਂ ਕੰਮ ਕਰਨ ਪਿਛੋਂ ਮੈਨੂੰ ਪਾਵਲਿਅਸ਼ ਵਿਖੇ ਇਕ ਸੈਕੰਡਰੀ ਸਕੂਲ ਦਾ ਡਾਇਰੈਕਟਰ ਬਣਾਇਆ ਗਿਆ। ਇਥੇ ਮੇਰੇ ਵਿਦਿਅਕ ਨਿਸ਼ਚਿਆਂ ਨੇ, ਜਿਹੜੇ ਇਹਨਾਂ ਦਸਾਂ ਵਰ੍ਹਿਆਂ ਵਿਚ ਬਣੇ ਸਨ, ਅੰਤਮ ਰੂਪ ਧਾਰਿਆ। ਇਥੇ ਮੈਂ ਆਪਣੇ ਨਿਸ਼ਚਿਆਂ ਨੂੰ ਅਮਲ ਵਿਚ ਲਿਆਇਆ ਵੇਖਣਾ ਚਾਹੁੰਦਾ ਸਾਂ।

ਉਹਨਾਂ ਨੂੰ ਅਮਲ ਵਿਚ ਲਿਆਉਣ ਦਾ ਮੈਂ ਜਿੰਨਾਂ ਵਧੇਰੇ ਜਤਨ ਕੀਤਾ, ਉੱਨਾਂ ਵਧੇਰੇ ਇਹ ਗਲ ਸਪਸ਼ਟ ਹੋ ਗਈ ਕਿ ਨੇਤਰਿਤਵ ਵੀ ਵਿਦਿਅਕ ਜਤਨ ਹੈ: ਇਹ ਬੰਦੇ ਦੀ ਨਿਜੀ ਉਦਾਹਰਣ ਰਾਹੀਂ ਸਕੂਲ-ਵਿਆਪੀ ਪਧਰ ਉਤੇ ਵਿਚਾਰਧਾਰਕ ਅਤੇ ਜਥੇਬੰਦਕ ਮਸਲੇ ਹਲ ਕਰਨਾ ਹੈ। ਜੇ ਅਧਿਆਪਕ ਇਹ ਅਨੁਭਵ ਕਰੇ ਕਿ ਉਹ ਚੰਗਾ ਅਧਿਆਪਕ ਹੈ ਅਤੇ ਬਚਿਆਂ ਨੂੰ ਵਿਦਿਆ ਦੇਣ ਦੇ ਕਾਰਜ ਵਿਚ ਸਿਧਾ ਹਿਸਾ ਲੈਂਦਾ ਹੈ ਤਾਂ ਵਿਦਿਅਕ ਸਮੂਹ ਦੇ ਜਥੇਬੰਦਕ ਵਜੋਂ ਡਾਇਰੈਕਟਰ ਦੀ ਕਾਰਗਰਤਾ ਬਹੁਤ ਵਧ ਜਾਂਦੀ ਹੈ।

ਵਿਦਿਆ ਮੁਖ ਤੌਰ ਉਤੇ ਅਧਿਆਪਕ ਅਤੇ ਸ਼ਗਿਰਦ ਵਿਚਕਾਰ ਨਿਰੰਤਰ ਸੰਬੰਧ ਹੈ। ਮਹਾਨ ਰੂਸੀ ਸਿਖਿਅਕ ਕ. ਦ. ਉਸ਼ਿੰਸਕੀ (੧੮੨੪-੭੦)* ਨੇ ਸਕੂਲ ਦੇ ਡਾਇਰੈਕਟਰ ਨੂੰ ਮੁਖ ਅਧਿਆਪਕ ਕਿਹਾ ਹੈ। ਪਰ ਉਹ ਮੁਖ ਅਧਿਆਪਕ ਦੇ ਇਸ ਕਰਤਵ ਨੂੰ ਕਿਵੇਂ ਨਿਭਾਉਂਦਾ ਜਾਂ ਨਿਭਾਉਂਦੀ ਹੈ?

ਬਚਿਆਂ ਨੂੰ ਅਧਿਆਪਕਾਂ ਰਾਹੀਂ ਵਿਦਿਆ ਦੇਣੀ, ਅਧਿਆਪਕਾਂ ਨੂੰ ਵਿਦਿਆ ਦੀ ਕਲਾ ਅਤੇ ਵਿਗਿਆਨ ਸਿਖਾਉਣਾ — ਇਹ ਮਹਤਵ-ਪੂਰਨ ਹੈ, ਪਰ ਇਹ ਸਕੂਲ ਦੀ ਅਗਵਾਈ ਕਰਨ ਦੇ ਬਹੁ-ਪਖੀ ਅਮਲ ਦਾ ਇਕ ਪਾਸਾ ਹੈ। ਜੇ ਮੁਖ ਅਧਿਆਪਕ ਹੋਰਾਂ ਨੂੰ ਵਿਦਿਆ ਦੀ ਕਲਾ ਸਿਖਾਉਂਦਾ ਹੀ ਹੈ ਪਰ ਉਹਦਾ ਬਚਿਆਂ ਨਾਲ ਕੋਈ ਸਿਧਾ ਸੰਬੰਧ ਨਹੀਂ, ਤਾਂ ਉਹ ਸਿਖਿਅਕ ਨਹੀਂ ਰਹਿੰਦਾ।

ਡਾਇਰੈਕਟਰ ਵਜੋਂ ਮੇਰੇ ਕੰਮ ਦੇ ਪਹਿਲੇ ਕੁਝ ਸਪਤਾਹਾਂ ਨੇ ਮੈਨੂੰ ਨਿਸ਼ਚਾ ਕਰਵਾ

---

* ਪ੍ਰਗਤੀ ਪ੍ਰਕਾਸ਼ਨ ਨੇ ਕ. ਦ. ਉਸ਼ਿੰਸਕੀ ਦੀਆਂ ਚੋਣਵੀਆਂ ਕਿਰਤਾਂ ਅੰਗ੍ਰੇਜ਼ੀ ਵਿਚ ਛਾਪੀਆਂ ਹਨ। — **ਸੰਪਾ**:

ਦਿਤਾ ਕਿ ਜੇ ਮੇਰੇ ਬਚਿਆਂ ਨਾਲ ਸਾਂਝੇ ਕੋਈ ਹਿਤ, ਸ਼ੁਗਲ ਜਾਂ ਅਭਿਲਾਖਾਵਾਂ ਨਹੀਂ ਤਾਂ ਮੇਰੇ ਲਈ ਬਚਿਆਂ ਦੇ ਦਿਲਾਂ ਤਕ ਜਾਣ ਵਾਲਾ ਰਾਹ ਬੰਦ ਰਹੇਗਾ। ਬਚਿਆਂ ਉਤੇ ਕਿਸੇ ਨਾ ਕਿਸੇ ਤਰ੍ਹਾਂ ਦੇ ਸਿਧੇ ਵਿਦਿਅਕ ਪ੍ਰਭਾਵ ਤੋਂ ਬਿਨਾਂ ਇਕ ਡਾਇਰੈਕਟਰ ਵਜੋਂ ਇਕ ਅਧਿਆਪਕ-ਸਿਖਿਅਕ ਦਾ ਸਭ ਤੋਂ ਵਧ ਮਹਤਵ-ਪੂਰਨ ਗੁਣ ਜਾਂਦਾ ਰਹੇਗਾ — ਬਚਿਆਂ ਦੇ ਅੰਤ੍ਰੀਵ ਸੰਸਾਰ ਵਿਚ ਦਾਖ਼ਲ ਹੋਣ ਦੀ ਯੋਗਤਾ। ਮੈਨੂੰ ਸ੍ਰੇਣੀਆਂ ਦੇ ਕਮਰਿਆਂ ਵਿਚ ਕੰਮ ਕਰਦੇ ਅਧਿਆਪਕਾਂ ਨਾਲ ਈਰਖਾ ਹੁੰਦੀ ਜਿਹੜੇ ਸਾਰਾ ਸਮਾਂ ਬਚਿਆਂ ਦੇ ਨਾਲ ਰਹਿੰਦੇ। ਸ੍ਰੇਣੀ ਦੇ ਕਮਰੇ ਵਿਚ ਪੜ੍ਹਾਉਣ ਵਾਲਾ ਅਧਿਆਪਕ ਸ਼ਗਿਰਦਾਂ ਨਾਲ ਦਿਲ ਦੀਆਂ ਗਲਾਂ ਕਰਦਾ ਹੈ, ਉਹਨਾਂ ਨਾਲ ਜੰਗਲ ਵਿਚ, ਨਦੀਆਂ ਵਲ ਅਤੇ ਖੇਤਾਂ ਵਿਚ ਕੰਮ ਕਰਨ ਲਈ ਜਾਂਦਾ ਹੈ। ਬਚੇ ਬੇਸਬਰੀ ਨਾਲ ਉਹਨਾਂ ਦਿਨਾਂ ਦੀ ਉਡੀਕ ਕਰਦੇ ਹਨ, ਜਦੋਂ ਉਹ ਸੈਰ-ਸਪਾਟੇ ਲਈ ਜਾਂਦੇ ਹਨ, ਦਲੀਆ ਬਣਾਉਂਦੇ ਹਨ, ਮਛੀਆਂ ਫੜਦੇ ਹਨ ਜਾਂ ਤੰਬੂ ਲਾਕੇ, ਟਿਮਟਿਮਾਉਂਦੇ ਤਾਰਿਆਂ ਵਲ ਵੇਖਦੇ ਹੋਏ, ਖੁਲ੍ਹੀ ਥਾਂ ਵਿਚ ਟਿਕਾਣਾ ਕਰਦੇ ਹਨ। ਡਾਇਰੈਕਟਰ ਇਸ ਸਭ ਕੁਝ ਤੋਂ ਇਕ ਪਾਸੇ ਹੁੰਦਾ ਹੈ। ਉਹਦਾ ਕੰਮ ਕੇਵਲ ਜਥੇਬੰਦ ਕਰਨਾ, ਸਲਾਹ ਦੇਣਾ, ਊਣਤਾਈਆਂ ਦਾ ਧਿਆਨ ਰਖਣਾ ਅਤੇ ਉਹਨਾਂ ਨੂੰ ਠੀਕ ਕਰਨਾ, ਚੰਗੇ ਕੰਮ ਨੂੰ ਹਲਾਸ਼ੇਰੀ ਦੇਣਾ ਅਤੇ ਅਯੋਗ ਦੀ ਮਨਾਹੀ ਕਰਨਾ ਹੈ। ਨਿਰਸੰਦੇਹ, ਇਸ ਤੋਂ ਬਿਨਾਂ ਗੁਜ਼ਾਰਾ ਨਹੀਂ ਹੋ ਸਕਦਾ ਪਰ ਮੇਰੇ ਲਈ ਇਹ ਕਾਫ਼ੀ ਨਹੀਂ ਸੀ।

ਮੈਂ ਸਕੂਲਾਂ ਦੇ ਕਈ ਬਹੁਤ ਚੰਗੇ ਡਾਇਰੈਕਟਰਾਂ ਨੂੰ ਜਾਣਦਾ ਹਾਂ, ਜਿਹੜੇ ਵਿਦਿਅਕ ਕੰਮ ਵਿਚ ਸਰਗਰਮ ਹਿਸਾ ਲੈਂਦੇ ਹਨ। ਉਹ ਵਿਦਿਅਕ ਅਮਲ ਦੇ ਸਚੇ ਨਿਪੁੰਨ ਉਸਤਾਦ ਹਨ ਜਿਨ੍ਹਾਂ ਦੇ ਸਬਕ ਹੋਰ ਅਧਿਆਪਕਾਂ ਲਈ ਉਦਾਹਰਣ ਦਾ ਕੰਮ ਕਰਦੇ ਹਨ। ਉਹ ਨਨ੍ਹੇ ਪਾਉਨੀਅਰ ਅਤੇ ਕਾਮਸੋਮੋਲ ਜਥੇਬੰਦੀਆਂ ਦੇ ਕੰਮ ਵਿਚ ਸਰਗਰਮ ਹਿਸਾ ਲੈਂਦੇ ਹਨ। ਉਹਨਾਂ ਕੋਲ ਅਧਿਆਪਕਾਂ, ਸ੍ਰੇਣੀ ਦੇ ਇੰਚਾਰਜ ਅਧਿਆਪਕਾਂ ਅਤੇ ਨਨ੍ਹੇ ਪਾਉਨੀਅਰਾਂ ਦੇ ਆਗੂਆਂ ਨੂੰ ਦੇਣ ਲਈ ਕੁਝ ਹੁੰਦਾ ਹੈ। ਪਰ ਮੈਨੂੰ ਜਾਪਦਾ ਹੈ, ਅਤੇ ਇਹ ਨਿਸ਼ਚਾ ਸਮਾਂ ਲੰਘਣ ਨਾਲ ਹੋਰ ਵੀ ਪਕੇਰਾ ਹੋ ਗਿਆ ਹੈ ਕਿ ਡਾਇਰੈਕਟਰ ਕੇਵਲ ਪ੍ਰਾਇਮਰੀ ਸਕੂਲ ਸਮੂਹ ਵਿਚ ਸਿਧਾ ਅਤੇ ਵਿਸਥਾਰਿਆ ਹਿਸਾ ਲੈਕੇ ਹੀ ਇਕ ਸਿਖਿਅਕ ਵਜੋਂ ਸੁਯੋਗਤਾ ਦੀ ਸਰਵਉਚ ਅਵਸਥਾ ਪ੍ਰਾਪਤ ਕਰ ਸਕਦਾ ਹੈ। ਮੈਂ ਬਚਿਆਂ ਨਾਲ ਹੋਣਾ ਚਾਹੁੰਦਾ ਸਾਂ, ਉਹਨਾਂ ਦੀਆਂ ਖ਼ੁਸ਼ੀਆਂ ਅਤੇ ਗ਼ਮੀਆਂ ਵਿਚ ਭਿਆਲ ਹੋਣਾ ਚਾਹੁੰਦਾ ਸਾਂ, ਉਹਨਾਂ ਦੇ ਨੇੜੇ ਅਨੁਭਵ ਕਰਨਾ ਚਾਹੁੰਦਾ ਸਾਂ — ਇਹ ਇਕ ਅਜਿਹਾ ਅਨੁਭਵ ਹੈ ਜਿਹੜਾ ਅਧਿਆਪਕ ਦੀਆਂ ਸਭ ਤੋਂ ਵਡੀਆਂ ਖ਼ੁਸ਼ੀਆਂ ਵਿਚੋਂ ਇਕ ਹੈ। ਸਮੇਂ ਸਮੇਂ ਮੈਂ ਬਚਿਆਂ ਦੇ ਸਮੂਹਾਂ ਵਿਚੋਂ ਇਕ ਜਾਂ ਦੂਜੇ ਵਿਚ ਸ਼ਾਮਲ ਹੋਣ ਦਾ ਜਤਨ ਕੀਤਾ: ਮੈਂ ਉਹਨਾਂ ਨਾਲ ਕੰਮ ਕਰਨ ਗਿਆ ਜਾਂ ਬਾਹਰ ਖੁਲ੍ਹੀ ਥਾਵਾਂ ਵਿਚ ਰਹਿਣ ਦੇ ਸਫ਼ਰਾਂ ਜਾਂ ਸੈਰ-ਸਪਾਟੇ ਲਈ ਗਿਆ, ਅਜਿਹਾ ਕਰਦੇ ਹੋਏ ਉਹ ਦੁਹਰਾਈਆਂ ਨਾ ਜਾ ਸਕਣ ਵਾਲੀਆਂ ਖ਼ੁਸ਼ੀਆਂ ਸਿਰਜਣ

ਵਿਚ ਸਹਾਇਤਾ ਦਿਤੀ, ਜਿਨ੍ਹਾਂ ਤੋਂ ਬਿਨਾਂ ਇਕ ਸੁਡੌਲ ਵਿਦਿਆ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ।

ਪਰ ਬਚਿਆਂ ਨੇ ਅਤੇ ਮੈਂ, ਦੁਹਾਂ ਇਹਨਾਂ ਸੰਬੰਧਾਂ ਵਿਚ ਇਕ ਤਰ੍ਹਾਂ ਦਾ ਨਕਲੀਪੁਣਾ ਅਨੁਭਵ ਕੀਤਾ। ਮੈਂ ਵਿਦਿਅਕ ਪ੍ਰਸਥਿਤੀ ਦੀ ਅਸੁਭਾਵਕਤਾ ਕਾਰਨ ਪ੍ਰੇਸ਼ਾਨ ਸਾਂ: ਬਚੇ ਇਹ ਗਲ ਨਹੀਂ ਸਨ ਭੁਲ ਸਕਦੇ ਕਿ ਮੈਂ ਉਹਨਾਂ ਨਾਲ ਥੋੜ੍ਹੇ ਸਮੇਂ ਲਈ ਹੀ ਹਾਂ। ਸਚਾ ਭਾਈਚਾਰਾ ਉਦੋਂ ਪੈਦਾ ਹੁੰਦਾ ਹੈ ਜਦੋਂ ਅਧਿਆਪਕ ਲੰਮੇ ਸਮੇਂ ਦਾ ਮਿਤਰ, ਸੰਗੀ ਅਤੇ ਸਾਂਝਿਆਂ ਉਦਮਾਂ ਵਿਚ ਸਾਥੀ ਹੋਵੇ। ਕੇਵਲ ਉਸ ਰਚਨਾਤਮਕ ਖ਼ੁਸ਼ੀ ਲਈ ਹੀ ਨਹੀਂ ਜਿਹੜੀ ਇਹ ਦੇਂਦਾ ਹੈ ਸਗੋਂ ਆਪਣੇ ਸਾਥੀਆਂ ਨੂੰ ਵਿਦਿਆ ਦੀ ਕਲਾ ਅਤੇ ਵਿਗਿਆਨ ਸਿਖਾਉਣ ਲਈ ਵੀ ਮੈਂ ਇਹ ਅਨੁਭਵ ਕੀਤਾ ਕਿ ਮੈਨੂੰ ਅਜਿਹੇ ਭਾਈਚਾਰੇ ਦੀ ਲੋੜ ਹੈ। ਬਚਿਆਂ ਨਾਲ ਨਿਤਾ-ਪ੍ਰਤੀ ਵਿਹਾਰ ਵਿਚਾਰਾਂ, ਵਿਦਿਅਕ ਲਭਤਾਂ, ਖ਼ੁਸ਼ੀਆਂ, ਗ਼ਮਾਂ ਅਤੇ ਭਰਪੂਰ ਨਿਰਾਸ਼ਾ ਦਾ ਸੋਮਾ ਹੈ। ਉਹਨਾਂ ਤੋਂ ਬਿਨਾਂ ਸਾਡੇ ਕੰਮ ਵਿਚ ਰਚਨਾਤਮਕਤਾ ਅਸੰਭਵ ਹੈ। ਮੈਂ ਇਸ ਸਿਟੇ ਉਤੇ ਅਪੜਿਆ ਕਿ ਮੁਖ ਅਧਿਆਪਕ ਨੂੰ ਬਚਿਆਂ ਦੇ ਇਕ ਨਿਕੇ ਸਮੂਹ ਦਾ ਆਗੂ, ਇਹਨਾਂ ਬਚਿਆਂ ਦਾ ਮਿਤਰ ਅਤੇ ਸਾਥੀ ਹੋਣਾ ਚਾਹੀਦਾ ਹੈ। ਇਹ ਨਿਸ਼ਚਾ ਉਹਨਾਂ ਵਿਦਿਅਕ ਸਿਟਿਆਂ ਉਤੇ ਆਧਾਰਤ ਸੀ ਜਿਨ੍ਹਾਂ ਉਤੇ ਮੈਂ ਪਾਵਲਿਅਸ਼ ਆਉਣ ਤੋਂ ਪਹਿਲਾਂ ਅਪੜ ਚੁਕਾ ਸਾਂ।

ਪੜ੍ਹਾਉਣ ਦੇ ਪਹਿਲੇ ਵਰ੍ਹਿਆਂ ਵਿਚ ਹੀ ਮੈਂ ਇਸ ਸਿਟੇ ਉਤੇ ਅਪੜਿਆ ਸਾਂ ਕਿ ਇਕ ਅਸਲੀ ਸਕੂਲ ਉਹ ਥਾਂ ਨਹੀਂ ਜਿਥੇ ਬਚੇ ਗਿਆਨ ਅਤੇ ਸੁਯੋਗਤਾਵਾਂ ਪ੍ਰਾਪਤ ਕਰਨ ਆਉਂਦੇ ਹਨ। ਪੜ੍ਹਾਈ ਮਹਤਵ-ਪੂਰਨ ਹੈ ਪਰ ਇਹ ਬਚੇ ਦੇ ਆਤਮਕ ਜੀਵਨ ਵਿਚ ਇਕੋ ਇਕ ਗਲ ਨਹੀਂ। ਜਿੰਨਾ ਵਧੇਰੇ ਮੈਂ ਉਸ ਸਭ ਕੁਝ ਨੂੰ ਵਿਚਾਰਦਾ, ਜਿਸਨੂੰ ਅਸੀਂ ਵਿਦਿਅਕ-ਪਾਲਣ-ਪੋਸਣ ਦਾ ਅਮਲ ਕਹਿਣ ਲਗ ਪਏ ਹਾਂ, ਉੱਨਾਂ ਵਧੇਰੇ ਮੈਨੂੰ ਨਿਸ਼ਚਾ ਹੁੰਦਾ ਜਾਂਦਾ ਕਿ ਬਚਿਆਂ ਦੇ ਸਮੂਹ ਦਾ ਬਹੁ-ਪਖੀ ਆਤਮਕ ਜੀਵਨ ਜਿਸ ਵਿਚ ਅਧਿਆਪਕ ਅਤੇ ਸ਼ਗਿਰਦ ਰੋਚਕਤਾਵਾਂ ਅਤੇ ਸ਼ੁਗਲਾਂ ਦੇ ਇਕ ਸਮੂਹ ਰਾਹੀਂ ਜੁੜੇ ਹੋਏ ਹਨ, ਅਸਲੀ ਸਕੂਲ ਹੈ। ਜਿਹੜਾ ਬੰਦਾ ਆਪਣੇ ਸ਼ਗਿਰਦਾਂ ਨੂੰ ਕੇਵਲ ਸਬਕ ਸਮੇਂ ਮਿਲਦਾ ਹੈ—ਅਧਿਆਪਕ ਮੇਜ਼ ਦੇ ਇਕ ਪਾਸੇ ਅਤੇ ਸ਼ਗਿਰਦ ਦੂਜੇ ਪਾਸੇ—ਉਹ ਬਚਿਆਂ ਦੀ ਆਤਮਾ ਨੂੰ ਨਹੀਂ ਜਾਣਦਾ। ਅਤੇ ਜਿਹੜਾ ਮਨੁਖ ਬਚਿਆਂ ਨੂੰ ਨਹੀਂ ਜਾਣਦਾ, ਜਿਸ ਲਈ ਬਚਿਆਂ ਦੇ ਵਿਚਾਰ, ਭਾਵਨਾਵਾਂ ਅਤੇ ਅਭਿਲਾਖਾਵਾਂ ਪਹੁੰਚ ਤੋ ਬਾਹਰ ਹਨ, ਅਧਿਆਪਕ ਨਹੀਂ ਬਣ ਸਕਦਾ। ਕਈ ਵਾਰ ਅਧਿਆਪਕ ਦਾ ਮੇਜ਼ ਪਥਰ ਦੀ ਇਕ ਕੰਧ ਜਿਹਾ ਹੁੰਦਾ, ਜਿਸ ਦੇ ਪਿਛੇ ਆਪਣੇ "ਦੁਸ਼ਮਣਾਂ"—ਸ਼ਗਿਰਦਾਂ—ਉਤੇ "ਹਮਲਾ" ਕਰਦਾ ਹੈ; ਪਰ ਅਕਸਰ ਅਜਿਹਾ ਹੁੰਦਾ ਹੈ ਕਿ ਇਹ ਮੇਜ਼ ਇਕ ਘੇਰੇ ਵਿਚ ਆਈ ਗੜ੍ਹੀ ਬਣ ਜਾਂਦਾ ਹੈ, ਜਿਸਨੂੰ ਅੰਤ ਇਹ "ਦੁਸ਼ਮਣ" ਦੀਨ ਮੰਨਣ ਉਤੇ ਮਜਬੂਰ ਕਰ ਦੇਂਦੇ ਹਨ, ਅਤੇ ਅੰਦਰ ਬੰਦ ਹੋਇਆ "ਕਮਾਂਡਰ" ਇਹ ਅਨੁਭਵ ਕਰਦਾ ਹੈ ਕਿ ਉਹਦੇ ਹਥ ਬੰਨ੍ਹੇ ਹੋਏ ਹਨ।

ਉਹਨਾਂ ਅਧਿਆਪਕਾਂ ਦੀ ਹਾਲਤ ਵਿਚ ਵੀ ਜਿਹੜੇ ਆਪਣੇ ਵਿਸ਼ੇ ਦੀ ਵਸਤੂ ਨੂੰ ਚੰਗੀ ਤਰ੍ਹਾਂ ਜਾਣਦੇ ਹਨ, ਵਿਦਿਆ ਕੇਵਲ ਇਸ ਲਈ ਇਕ ਤੀਬਰ ਘੋਲ ਬਣ ਜਾਂਦੀ ਹੈ ਕਿ ਅਧਿਆਪਕ ਅਤੇ ਉਹਦੇ ਸ਼ਗਿਰਦਾਂ ਨੂੰ ਜੋੜਨ ਵਾਲੇ ਕੋਈ ਆਤਮਕ ਰਿਸ਼ਤੇ ਨਹੀਂ ਹੁੰਦੇ ਅਤੇ ਅਕਸਰ ਬਚੇ ਦੀ ਆਤਮਾ ਵਿਲ੍ਹੂੰਧਰੀ ਜਾਂਦੀ ਹੈ। ਕੁਝ ਸਕੂਲਾਂ ਵਿਚ ਵੇਖੇ ਜਾਣ ਵਾਲੇ ਸਿਖਿਅਕ ਅਤੇ ਸ਼ਗਿਰਦ ਵਿਚਕਾਰ ਮਾੜੇ ਜਾਂ ਅਸੰਭਵ ਸੰਬੰਧਾਂ ਦਾ ਮੁਖ ਕਾਰਨ ਪ੍ਰਸਪਰ ਬੇਇਤਬਾਰੀ ਅਤੇ ਸ਼ਕ ਹੁੰਦਾ ਹੈ: ਅਧਿਆਪਕ ਬਚੇ ਦੇ ਮਨੋ-ਵੇਗਾਂ ਨਾਲ ਕੋਈ ਸਾਂਝ ਅਨੁਭਵ ਨਹੀਂ ਕਰਦਾ। ਉਹ ਬਚਿਆਂ ਦੀਆਂ ਖ਼ੁਸ਼ੀਆਂ ਅਤੇ ਗ਼ਮ ਅਨੁਭਵ ਨਹੀਂ ਕਰਦਾ ਜਾਂ ਕਰਦੀ, ਮਾਨਸਕ ਤੌਰ ਉਤੇ ਬਚੇ ਦੀ ਥਾਂ ਖੜੇ ਹੋਣ ਦਾ ਜਤਨ ਕਰਦਾ ਜਾਂ ਕਰਦੀ ਨਹੀਂ।

ਆਪਣੇ ਇਕ ਪਤਰ ਵਿਚ ਉਘਾ ਪੋਲਿਸਤਾਨੀ ਸਿਖਿਅਕ ਜਾਨੂਸਜ਼ ਕੋਰਸਜ਼ਾਕ (੧੮੭੮-੧੯੪੨) ਸਾਨੂੰ, ਉਹਦੇ ਵਲ ਨਿਵਾਜੂ ਹੋਏ ਬਿਨਾਂ ਆਪਣੇ ਆਪ ਨੂੰ ਬਚੇ ਦੇ ਆਤਮਕ ਜੀਵਨ ਤਕ ਉਚਾ ਚੁਕਣ ਦੀ ਲੋੜ ਚੇਤੇ ਕਰਾਉਂਦਾ ਹੈ। ਇਹ ਇਕ ਬੜਾ ਸੂਖਮ ਵਿਚਾਰ ਹੈ, ਜਿਸਦਾ ਨੁਕਤਾ ਸਾਨੂੰ ਸਿਖਿਅਕਾਂ ਨੂੰ ਪੂਰੀ ਤਰ੍ਹਾਂ ਸਮਝ ਲੈਣਾ ਚਾਹੀਦਾ ਹੈ। ਇਹ ਲਾਜ਼ਮੀ ਹੈ ਕਿ ਬਚੇ ਨੂੰ ਆਦਰਸ਼ਾਉਣ ਜਾਂ ਉਹਦੇ ਨਾਲ ਕਿਸੇ ਤਰ੍ਹਾਂ ਦੇ ਅਦਭੁਤ ਗੁਣ ਜੋੜੇ ਬਿਨਾਂ ਇਕ ਸਚਾ ਸਿਖਿਅਕ ਬਚੇ ਦੇ ਸੰਸਾਰ ਦੇ ਅਨੁਭਵਾਂ ਅਤੇ ਆਲੇ-ਦੁਆਲੇ ਦੇ ਯਥਾਰਥ ਵਲ ਉਹਦੇ ਪ੍ਰਤਿਕਰਮ ਨੂੰ ਉਹਨਾਂ ਦੀ ਸਾਰੀ ਅਭਰਿਠ ਸਪਸ਼ਟਤਾ, ਭਾਵੁਕਤਾ ਅਤੇ ਤਤਕਾਲਤਾ ਸਮੇਤ ਸਮੋ ਲਵੇ। ਜਾਨੂਸਜ਼ ਕੋਰਸਜ਼ਾਕ ਦੇ ਸਾਡੇ ਆਪਣੇ ਆਪ ਨੂੰ ਬਚੇ ਦੇ ਆਤਮਕ ਸੰਸਾਰ ਤਕ ਉਚਾ ਚੁਕਣ ਦੇ ਸਦੇ ਨੂੰ ਬਚੇ ਦੇ ਸੰਸਾਰ ਦੇ ਅਨੁਭਵ—ਮਨ ਅਤੇ ਦਿਲ ਦੁਹਾਂ ਦੇ ਅਨੁਭਵ —ਦੀ ਬਹੁਤ ਸੂਖਮ ਸੂਝ ਅਤੇ ਅਨੁਭਵ ਵਜੋਂ ਸਮਝਿਆ ਜਾਣਾ ਚਾਹੀਦਾ ਹੈ।

ਮੇਰਾ ਪਕਾ ਨਿਸ਼ਚਾ ਹੈ ਕਿ ਅਜਿਹੇ ਗੁਣ ਹਨ, ਜਿਨ੍ਹਾਂ ਤੋਂ ਬਿਨਾਂ ਮਨੁਖ ਅਸਲੀ ਸਿਖਿਅਕ ਨਹੀਂ ਬਣ ਸਕਦਾ, ਅਤੇ ਉਹਨਾਂ ਵਿਚੋਂ ਸਭ ਤੋਂ ਮੂਹਰੀ ਬਚੇ ਦੇ ਆਤਮਕ ਸੰਸਾਰ ਵਿਚ ਦਾਖ਼ਲ ਹੋ ਸਕਣ ਦੀ ਯੋਗਤਾ ਹੈ। ਕੇਵਲ ਉਹੋ ਮਨੁਖ ਜਿਹੜਾ ਇਹ ਨਹੀਂ ਭੁਲਦਾ ਕਿ ਉਹ ਇਕ ਸਮੇ ਬਚਾ ਸੀ, ਅਸਲੀ ਅਧਿਆਪਕ ਬਣ ਸਕਦਾ ਹੈ। ਅਨੇਕ ਅਧਿਆਪਕਾਂ ਦੇ ਇਹ ਮੰਦੇ ਭਾਗ ਹਨ ਕਿ ਉਹ ਇਹ ਗਲ ਭੁਲ ਜਾਂਦੇ ਹਨ (ਬਚੇ, ਵਿਸ਼ੇਸ਼ ਤੌਰ ਉਤੇ ਗਭਰੇਟ, ਉਹਨਾਂ ਨੂੰ ਬੁਢੇ ਠੇਠਰ ਕਹਿੰਦੇ ਹਨ) ਕਿ ਸਭ ਤੋਂ ਪਹਿਲਾਂ ਵਿਦਿਆਰਥੀ ਇਕ ਜਿਉਂਦਾ ਮਨੁਖ ਹੈ, ਜਿਹੜਾ ਗਿਆਨ, ਰਚਨਾਤਮਕਤਾ ਅਤੇ ਮਨੁਖੀ ਸੰਬੰਧਾਂ ਦੇ ਸੰਸਾਰ ਵਿਚ ਦਾਖ਼ਲ ਹੋਣ ਦੇ ਅਮਲ ਵਿਚ ਹੈ।

ਪਾਲਣ-ਪੋਸਣ ਦੇ ਖੇਤਰ ਵਿਚ ਵਖਰਤ ਵਿਚ ਕੰਮ ਕਰ ਰਹੀਆਂ ਕੋਈ ਅਣਸੰਬੰਧਤ ਗਲਾਂ ਨਹੀਂ ਹੁੰਦੀਆਂ। ਉਹਨਾਂ ਵਿਚ ਹਿਸਾ ਲੈਣ ਵਾਲਿਆਂ ਲਈ ਸਬਕ ਸੰਸਾਰ ਦੇ ਬੋਧ ਦੇ ਅਮਲ ਦਾ ਇਕ ਮਹਤਵ-ਪੂਰਨ ਹਿਸਾ ਹੁੰਦੇ ਹਨ। ਬਚਿਆਂ ਦੇ ਆਤਮਕ

ਜੀਵਨ ਦੀ ਸਮੁਚੀ ਬਣਤਰ ਇਸ ਗਲ ਉਤੇ ਨਿਰਭਰ ਹੈ ਕਿ ਉਹ ਸੰਸਾਰ ਦਾ ਗਿਆਨ ਕਿਸ ਤਰ੍ਹਾਂ ਪ੍ਰਾਪਤ ਕਰਦੇ ਹਨ ਅਤੇ ਉਹ ਕਿਹੋ ਜਿਹੇ ਨਿਸ਼ਚੇ ਧਾਰਨ ਕਰਦੇ ਹਨ। ਪਰ ਸੰਸਾਰ ਦਾ ਗਿਆਨ ਕੇਵਲ ਗਿਆਨ ਨੂੰ ਸਮੋ ਲੈਣਾ ਹੀ ਨਹੀਂ। ਅਨੇਕ ਅਧਿਆਪਕਾਂ ਦੇ ਮੰਦੇ ਭਾਗ ਇਸ ਗਲ ਵਿਚ ਹਨ ਕਿ ਉਹ ਬਚੇ ਦੇ ਆਤਮਕ ਜੀਵਨ ਨੂੰ ਕੇਵਲ ਉਹਦੇ ਵਲੋਂ ਪ੍ਰਾਪਤ ਕੀਤੇ ਸਥਾਨ ਅਤੇ ਨੰਬਰਾਂ ਅਨੁਸਾਰ ਨਾਪਦੇ ਅਤੇ ਹਾੜਦੇ ਹਨ, ਸਾਰਿਆਂ ਬਚਿਆਂ ਨੂੰ ਦੋ ਪਟੀਆਂ ਵਿਚ ਵੰਡਦੇ ਹਨ: ਉਹ ਜਿਹੜੇ ਚੰਗੀ ਤਰ੍ਹਾਂ ਪੜ੍ਹਦੇ ਹਨ ਅਤੇ ਬਾਕੀ ਦੇ।

ਪਰ ਜੇ ਅਧਿਆਪਕ ਅਜਿਹੀ ਅਭਾਗੀ ਮਨੁਖੀ ਆਤਮਾ ਦੀ ਬਹੁ-ਪਖਤਾ ਦੀ ਇਕ-ਪਖੀ ਸੂਝ ਵਿਚ ਫਸ ਸਕਦਾ ਹੈ ਤਾਂ ਉਸ ਡਾਇਰੈਕਟਰ ਸੰਬੰਧੀ ਕੀ ਕਿਹਾ ਜਾ ਸਕਦਾ ਹੈ ਜਿਹੜਾ ਅਧਿਆਪਕਾਂ ਦੇ ਕੰਮ ਦੀ ਬਸ ਨਿਗਰਾਨੀ ਹੀ ਕਰਦਾ ਹੈ, "ਆਮ ਹਦਾਇਤਾਂ" ਜਾਰੀ ਕਰਦਾ ਹੈ ਅਤੇ ਆਗਿਆ ਦੇਂਦਾ ਹੈ ਜਾਂ ਦੇਣੋ ਨਾਂਹ ਕਰਦਾ ਹੈ? ਉਹਦੀ ਪ੍ਰਸਥਿਤੀ ਹੋਰ ਵੀ ਅਸੁਖਾਵੀਂ ਹੈ? ਮੈਨੂੰ ਅਜਿਹਾ ਰੋਲ ਬੜਾ ਰੋਕਾਂ ਲਾਉਣ ਵਾਲਾ ਲਗਾ। ਜਦੋਂ ਕਦੀ ਮੈਂ ਵਿਦਿਆਰਥੀਆਂ ਦੀ ਪੜਤਾਲ ਕਰਨ ਜਾਂਦਾ ਅਤੇ ਉਹਨਾਂ ਨੂੰ ਅਤੇ ਅਧਿਆਪਕ ਨੂੰ ਕਿਸੇ ਗਲ ਸੰਬੰਧੀ ਉਤੇਜਤ ਵੇਖਦਾ ਤਾਂ ਮੈਨੂੰ ਉਦਰੇਵਾਂ ਹੋਣ ਲਗ ਪੈਂਦਾ। ਅਜਿਹੇ ਸਮੇ ਇਹ ਸੰਭਵ ਸੀ ਕਿ ਮਨੁਖ ਉਹਨਾਂ ਦੇ ਕੋਲ ਅਪੜ ਜਾਵੇ ਅਤੇ ਉਹ ਉਹਦੇ ਵਲ ਧਿਆਨ ਤਕ ਨਾ ਦੇਣ; ਬਚਿਆਂ ਦੀ ਆਪਣੇ ਅਧਿਆਪਕਾਂ ਨਾਲ ਭਰਪੂਰ ਆਤਮਕ ਸਾਂਝ ਹੁੰਦੀ ਹੈ; ਉਹਨਾਂ ਦੇ ਆਪਣੇ ਭੇਤ ਹੁੰਦੇ ਹਨ। ਕੀ ਸਾਨੂੰ ਸਕੂਲਾਂ ਦੇ ਅਜਿਹੇ ਡਾਇਰੈਕਟਰਾਂ ਦੀ ਲੋੜ ਹੈ? ਨਹੀਂ। ਨਹੀਂ, ਰੂਸ ਵਿਚ ਸਕੂਲਾਂ ਵਿਚ ਅਗਵਾਈ ਦੇ ਜਿਹੜੇ ਰੂਪ ਅਤੇ ਢੰਗ ੧੯੧੭ ਦੇ ਮਹਾਨ ਅਕਤੂਬਰ ਇਨਕਲਾਬ ਤੋਂ ਪਹਿਲਾਂ ਵਿਕਸਤ ਹੋਏ, ਜਦੋਂ ਡਾਇਰੈਕਟਰ ਬੁਨਿਆਦੀ ਤੌਰ ਉਤੇ ਅਧਿਆਪਕਾਂ ਉਤੇ ਥਾਪਿਆ ਇੰਸਪੈਕਟਰ ਹੁੰਦਾ ਸੀ, ਇਕ ਅਜਿਹਾ ਪ੍ਰਬੰਧਕ ਜਿਸਦਾ ਕਰਤਵ ਇਹ ਵੇਖਣਾ ਹੁੰਦਾ ਸੀ ਕਿ ਅਧਿਆਪਕ ਕਾਰਜ-ਕ੍ਰਮ ਦੀ ਠੀਕ ਵਿਆਖਿਆ ਕਰ ਰਿਹਾ ਹੈ ਜਾਂ ਨਹੀਂ, ਜਿਹੜਾ ਲੋੜੋਂ ਬਿਨਾਂ ਕਦੀ ਕੁਝ ਨਾ ਕਹਿੰਦਾ ਅਤੇ ਕਦੀ ਗ਼ਲਤੀ ਨਾ ਕਰਦਾ, ਸਮਾਂ ਵਿਹਾ ਚੁਕੀ ਗਲ ਬਣ ਚੁਕਾ ਹੈ।

ਸਮਕਾਲੀ ਸਕੂਲ ਵਿਚ ਅਗਵਾਈ ਦਾ ਤਤ ਇਹ ਵੇਖਣ ਵਿਚ ਹੈ ਕਿ ਵਿਦਿਆ ਦੇ ਔਖੇ ਕਾਰਜ ਦੇ ਅੰਦੂਰ, ਸਰਵਉਤਮ ਅਨੁਭਵ, ਜਿਹੜਾ ਆਪਣੇ ਆਪ ਨੂੰ ਅਗੇ-ਵਧੂ ਵਿਦਿਅਕ ਵਿਚਾਰਾਂ ਵਿਚ ਸਜੀਵ ਕਰਦਾ ਹੈ, ਸਿਰਜਿਆ ਜਾਂਦਾ ਹੈ, ਵਧਦਾ ਹੈ ਅਤੇ ਅਧਿਆਪਕਾਂ ਦੀ ਅਖਾਂ ਸਾਹਮਣੇ ਮਜ਼ਬੂਤ ਹੁੰਦਾ ਹੈ। ਅਤੇ ਜਿਹੜਾ ਮਨੁਖ ਇਸ ਅਨੁਭਵ ਨੂੰ ਸਿਰਜਦਾ ਹੈ, ਜਿਸਦਾ ਕੰਮ ਹੋਰ ਸਿਖਿਅਕਾਂ ਲਈ ਇਕ ਉਦਾਹਰਣ ਹੈ, ਉਹ ਸਕੂਲ ਦਾ ਡਾਇਰੈਕਟਰ ਹੋਣਾ ਚਾਹੀਦਾ ਹੈ। ਮਨੁਖ ਅਜਿਹੇ ਡਾਇਰੈਕਟਰ ਤੋਂ ਬਿਨਾਂ, ਜਿਹੜਾ ਆਪ ਇਕ ਚੰਗਾ ਸਿਖਿਅਕ ਹੈ, ਅਜੋਕੇ ਸਕੂਲ

ਦੀ ਕਲਪਨਾ ਵੀ ਨਹੀਂ ਕਰ ਸਕਦਾ। ਵਿਦਿਆ ਸਭ ਤੋਂ ਪਹਿਲਾਂ ਇਸ ਸੰਬੰਧੀ ਸਿਖਿਆ ਹੈ ਕਿ ਇਕ ਵਿਅਕਤੀ ਕਿਵੇਂ ਬਣਿਆ ਜਾਵੇ। ਬਚੇ ਸੰਬੰਧੀ ਗਿਆਨ — ਉਹਦੇ ਬੌਧਕ ਵਿਕਾਸ, ਵਿਚਾਰਾਂ, ਹਿਤਾਂ, ਸ਼ੁਗਲਾਂ, ਗੁਣਾਂ, ਅਨੁਭਵਾਂ ਅਤੇ ਪ੍ਰਵਿਰਤੀਆਂ — ਦੇ ਗਿਆਨ ਤੋਂ ਬਿਨਾਂ ਕੋਈ ਸਿਖਿਆ ਨਹੀਂ ਹੁੰਦੀ। ਜਿਵੇਂ ਕਿਸੇ ਹਸਪਤਾਲ ਦੇ ਮੁਖ ਡਾਕਟਰ ਦੇ ਆਪਣੇ ਮਰੀਜ਼ ਨਾ ਹੋਣ ਤਾਂ ਉਹ ਅਸਲੀ ਡਾਕਟਰ ਨਹੀਂ ਹੋ ਸਕਦਾ, ਇਸੇ ਤਰ੍ਹਾਂ ਜੇ ਉਹਦੇ ਆਪਣੇ ਵਿਦਿਆਰਥੀ ਨਾ ਹੋਣ ਤਾਂ ਸਕੂਲ ਦਾ ਡਾਇਰੈਕਟਰ ਬਾਕੀ ਅਧਿਆਪਕਾਂ ਦੀ ਅਗਵਾਈ ਨਹੀਂ ਕਰ ਸਕਦਾ। ਇਸ ਅਰਥ ਵਿਚ ਉਹਦੇ **ਆਪਣੇ** ਵਿਦਿਆਰਥੀ ਕਿ ਬਚੇ ਦੇ ਸਕੂਲ ਵਿਚ ਆਉਣ ਦੇ ਪਹਿਲੇ ਦਿਨ ਤੋਂ ਉਹਨੂੰ ਅਖੀਰੀ ਸਨਦ ਮਿਲਣ ਤਕ, ਡਾਇਰੈਕਟਰ ਪਰਪਕਤਾ ਦੀ ਇਕ ਪੌੜੀ ਤੋਂ ਦੂਜੀ ਉਤੇ ਉਹਦੇ ਨਾਲ ਨਾਲ ਚੜ੍ਹਦਾ ਹੈ ਅਤੇ ਡਾਇਰੈਕਟਰ ਨੂੰ ਉਹਦੇ ਬੌਧਕ, ਸਦਾਚਾਰਕ, ਸੁਹਜ-ਸੁਆਦ ਸੰਬੰਧੀ, ਭਾਵੁਕ ਅਤੇ ਸਰੀਰਕ ਵਿਕਾਸ ਸੰਬੰਧੀ ਨੇੜਵੀਂ ਫ਼ਿਕਰਮੰਦੀ ਰਹਿੰਦੀ ਹੈ। ਇਹ ਲਾਜ਼ਮੀ ਹੈ ਕਿ ਡਾਇਰੈਕਟਰ ਦੇ ਬਚੇ ਨਾਲ ਸਾਂਝੇ ਹਿਤ ਹੋਣ ਅਤੇ ਉਹ ਆਪਣੀ ਭਰਪੂਰਤਾ ਉਹਦੇ ਨਾਲ ਸਾਂਝੀ ਕਰੇ।

ਸਕੂਲ ਵਿਚ ਕੇਂਦਰੀ ਵਿਅਕਤੀ ਕੌਣ ਹੁੰਦਾ ਹੈ? ਵਿਦਿਆ ਦੇ ਅਮਲ ਦੇ ਕਿਹੜੇ ਖੇਤਰਾਂ ਵਿਚ ਡਾਇਰੈਕਟਰ ਲਈ ਹੋਰ ਅਧਿਆਪਕਾਂ ਲਈ ਇਕ ਉਦਾਹਰਣ ਬਣਨਾ ਲਾਜ਼ਮੀ ਹੈ? ਸਕੂਲ ਵਿਚ ਮੁਖ ਵਿਅਕਤੀ ਬਚਿਆਂ ਦੇ ਮੁਢਲੇ ਸਮੂਹ — ਸ਼੍ਰੇਣੀ ਦੇ ਸਮੂਹ — ਦਾ ਆਗੂ ਹੁੰਦਾ ਹੈ। ਉਹ ਇਕੋ ਸਮੇਂ ਅਧਿਆਪਕ, ਬਚਿਆਂ ਦਾ ਮਿਤਰ ਅਤੇ ਉਹਨਾਂ ਦੇ ਬਹੁ-ਪਖੀ ਆਤਮਕ ਜੀਵਨ ਦਾ ਨਰੀਖਕ ਹੁੰਦਾ ਹੈ। ਸ਼ਬਦ ਦੇ ਵਿਸ਼ਾਲ ਅਰਥਾਂ ਵਿਚ ਅਧਿਅਨ ਵਿਦਿਆ ਦੇ ਫੁਲ ਦੀ ਪੰਖੜੀਆਂ ਵਿਚੋਂ ਇਕ ਹੈ। ਐਨ ਉਸੇ ਤਰ੍ਹਾਂ ਜਿਵੇਂ ਫੁਲ ਨੂੰ ਸੁਹਣਾ ਬਣਾਉਣ ਵਾਲੀਆਂ ਪੰਖੜੀਆਂ ਵਿਚ ਕੋਈ ਮੁਖ ਪੰਖੜੀ ਨਹੀਂ ਹੋ ਸਕਦੀ, ਉਸੇ ਤਰ੍ਹਾਂ ਵਿਦਿਆ ਵਿਚ ਮਹਤਵ-ਪੂਰਨ ਅਤੇ ਅਣ-ਮਹਤਵ-ਪੂਰਨ ਵਿਚਕਾਰ ਕੋਈ ਵੰਡ ਨਹੀਂ ਹੋ ਸਕਦੀ। ਵਿਦਿਆ ਵਿਚ ਸਭ ਕੁਝ ਮਹਤਵ-ਪੂਰਨ ਹੈ — ਸਬਕ, ਸਕੂਲ ਤੋਂ ਪਿਛੋਂ ਦੇ ਸਮੇਂ ਦੇ ਹਿਤਾਂ ਦਾ ਵਿਕਾਸ ਅਤੇ ਸਮੂਹ ਦੇ ਅੰਦਰ ਵਿਦਿਆਰਥੀਆਂ ਦੇ ਪ੍ਰਸਪਰ ਸੰਬੰਧ।

ਛੇ ਵਰ੍ਹੇ ਸਕੂਲ ਦੇ ਡਾਇਰੈਕਟਰ ਵਜੋਂ ਕੰਮ ਕਰਨ ਪਿਛੋਂ ਮੈਂ ਇਕ ਸ਼੍ਰੇਣੀ ਸਮੂਹ ਦਾ ਅਧਿਆਪਕ ਤਾਲ-ਮੇਲ ਸਥਾਪਤ ਕਰਨ ਵਾਲਾ ਬਣ ਗਿਆ। ਇਹ ਗਲ ਚੇਤੇ ਰਖਣੀ ਚਾਹੀਦੀ ਹੈ ਕਿ ਡਾਇਰੈਕਟਰ ਅਤੇ ਵਿਦਿਆਰਥੀਆਂ ਵਿਚਕਾਰ ਸਿਧਾ ਆਤਮਕ ਸੰਬੰਧ ਸਥਾਪਤ ਕਰਨ ਦਾ ਇਹ ਇਕੋ ਇਕ ਢੰਗ ਨਹੀਂ ਪਰ ਮੇਰੀ ਵਿਸ਼ੇਸ਼ ਪ੍ਰਸਥਿਤੀ ਵਿਚ ਇਹ ਸਭ ਤੋਂ ਵਧ ਆਸ਼ਾਜਨਕ ਜਾਪਦਾ ਸੀ। ਮੈਂ ਪ੍ਰਕ੍ਰਿਤਕ ਪ੍ਰਸਥਿਤੀਆਂ ਅਧੀਨ ਕੀਤੇ ਇਕ ਵਿਸ਼ਾਲ ਪ੍ਰਯੋਗ ਵਿਚ ਬਚਿਆਂ ਦੇ ਸਮੂਹ ਲਈ ਜ਼ਿਮੇਵਾਰ ਹੋਣ ਲਈ ਉਤਾਵਲਾ ਸਾਂ।

ਮੈਂ ਉਹਨਾਂ ਵਰ੍ਹਿਆਂ ਵਿਚ ਜੋ ਕੁਝ ਕੀਤਾ, ਉਹਦੇ ਉਤੇ ਵਿਚਾਰ ਕਰਨ ਤੋਂ ਪਹਿਲਾਂ ਮੈਂ ਇਕ ਮਹਤਵ-ਪੂਰਨ ਪ੍ਰਸਥਿਤੀ ਦੇ ਲਛਣਾਂ ਸੰਬੰਧੀ ਕੁਝ ਕਹਿਣਾ ਚਾਹੁੰਦਾ ਹਾਂ ਜਿਹੜੇ ਇਕ ਤਰ੍ਹਾਂ ਅਮਲੀ ਕੰਮ ਦੀ ਸਮਿਗਰੀ ਅਤੇ ਮੰਤਵ ਨੂੰ ਪ੍ਰਗਟ ਕਰਦੇ ਹਨ। ਸਕੂਲ ਤੋਂ ਪਹਿਲਾਂ ਦੇ ਅਤੇ ਸਕੂਲ ਵਿਚ ਮੁਢਲੇ ਵਰ੍ਹੇ ਸ਼ਖਸੀਅਤ ਦੀ ਬਣਤਰ ਵਿਚ ਅਸਾਧਾਰਨ ਤੌਰ ਉਤੇ ਮਹਤਵ-ਪੂਰਨ ਰੋਲ ਅਦਾ ਕਰਦੇ ਹਨ। ਮਹਾਨ ਰੂਸੀ ਲੇਖਕ ਅਤੇ ਸਿਖਿਅਕ ਲੀਓ ਟਾਲਸਟਾਈ (੧੮੨੮-੧੯੧੦) ਦਾ ਇਹ ਕਥਨ ਉਕਾ ਹੀ ਠੀਕ ਸੀ ਕਿ ਆਪਣੇ ਜਨਮ ਤੋਂ ਪੰਜਾਂ ਵਰ੍ਹਿਆਂ ਦੀ ਉਮਰ ਤਕ ਬਚਾ ਆਪਣੇ ਤਰਕ, ਭਾਵਨਾਵਾਂ, ਇਛਾ ਅਤੇ ਆਚਰਣ ਲਈ ਉਸ ਨਾਲੋਂ ਵਧ ਪ੍ਰਾਪਤ ਕਰਦਾ ਹੈ ਜਿੰਨਾ ਉਹ ਆਪਣੇ ਬਾਕੀ ਦੇ ਸਾਰੇ ਜੀਵਨ ਵਿਚ ਪ੍ਰਾਪਤ ਕਰਦਾ ਹੈ। ਅਤੇ ਸੋਵੀਅਤ ਸਿਖਿਅਕ ਮਕਾਰੈਨਕੋ ਇਸ ਗਲ ਨੂੰ ਦੁਹਰਾਉਂਦਾ ਹੈ: ਵਿਅਕਤੀ ਜੋ ਕੁਝ ਹੋਵੇਗਾ ਉਹ ਪੰਜਾਂ ਵਰ੍ਹਿਆਂ ਦੀ ਉਮਰ ਤੋਂ ਪਹਿਲਾਂ ਬਣ ਜਾਂਦਾ ਹੈ।

ਅਸਾਧਾਰਨ ਸਦਾਚਾਰਕ ਸੁਹਪਣ ਵਾਲੇ ਵਿਅਕਤੀ ਜਾਨੂਸਜ਼ ਕੋਰਸਜ਼ਾਕ ਨੇ ਆਪਣੀ ਪੁਸਤਕ "ਜਦੋਂ ਮੈਂ ਫਿਰ ਨਿਕਾ ਬਣ ਜਾਂਦਾ ਹਾਂ" ਵਿਚ ਲਿਖਿਆ ਹੈ: ਕੋਈ ਨਹੀਂ ਕਹਿ ਸਕਦਾ ਕਿ ਬਚਾ ਬਲੈਕਬੋਰਡ ਵਲ ਵੇਖਣ ਤੋਂ ਵਧੇਰੇ ਪ੍ਰਾਪਤ ਕਰਦਾ ਹੈ ਜਾਂ ਬਾਰੀ ਵਿਚੋਂ ਬਾਹਰ ਝਾਕਣ ਤੋਂ। ਜਦੋਂ ਕੋਈ ਅਮੋੜ ਸ਼ਕਤੀ ਨੇ ਉਹਨੂੰ ਬਾਰੀ ਵਿਚੋਂ ਬਾਹਰ ਵੇਖਣ ਲਈ ਮਜਬੂਰ ਕੀਤਾ, ਉਸ ਛਿਣ ਉਹਦੇ ਲਈ ਕਿਹੜੀ ਗਲ ਵਧੇਰੇ ਲਾਹੇਵੰਦੀ, ਵਧੇਰੇ ਮਹਤਵ-ਪੂਰਨ ਹੈ — ਬਲੈਕਬੋਰਡ ਉਤੇ ਨਚੋੜਿਆ ਨਿਆਇਕ ਸੰਸਾਰ ਜਾਂ ਬਾਰੀ ਦੇ ਸ਼ੀਸ਼ੇ ਦੇ ਦੂਜੇ ਪਾਸੇ ਵਹਿ ਰਿਹਾ ਸੰਸਾਰ? ਬੰਦੇ ਨੂੰ ਕਿਸੇ ਵਿਅਕਤੀ ਦੀ ਆਤਮਾ ਨੂੰ ਬੰਨ੍ਹ ਨਹੀਂ ਦੇਣਾ ਚਾਹੀਦਾ, ਸਗੋ ਹਰ ਵਿਅਕਤੀ ਦੇ ਪ੍ਰਕਿਰਤਕ ਵਿਕਾਸ ਦੇ ਨਿਯਮਾਂ, ਉਹਦੀਆਂ ਵਿਸ਼ੇਸ਼ਤਾਈਆਂ, ਆਸ਼ਾਵਾਂ ਅਤੇ ਮੰਗਾਂ ਵਲ ਧਿਆਨ ਦੇਣਾ ਚਾਹੀਦਾ ਹੈ।

ਮੈਂ ਭੂਰੀ ਜਿਲਦ ਵਾਲੀ ਇਸ ਨਿਕੀ ਪੁਸਤਕ ਦੇ ਇਹ ਸ਼ਬਦ ਸਾਰੀ ਉਮਰ ਚੇਤੇ ਰਖੇ ਹਨ। ਜਦੋਂ ਯੁਧ ਤੋਂ ਛੇਤੀ ਪਿਛੋਂ ਮੈਂ ਲੇਖਕ ਦੇ ਸੂਰਮਾ ਕਾਰਨਾਮਿਆਂ ਸੰਬੰਧੀ ਸੁਣਿਆ ਤਾਂ ਉਹਦੇ ਸ਼ਬਦ ਮੇਰੇ ਲਈ ਉਮਰ ਭਰ ਲਈ ਆਦੇਸ਼ ਬਣ ਗਏ। ਜਾਨੂਸਜ਼ ਕੋਰਸਜ਼ਾਕ ਵਾਰਸਾ ਦੀ ਘੈਟੋ * ਵਿਖੇ ਇਕ ਯਤੀਮਖਾਨੇ ਦਾ ਡਾਇਰੈਕਟਰ ਸੀ। ਹਿਟਲਰਸ਼ਾਹੀਆਂ ਨੇ ਉਹਨਾਂ ਬਦਨਸੀਬ ਬਚਿਆਂ ਨੂੰ ਟ੍ਰੈਬਲਿੰਕਾ ਦੀਆਂ ਭਠੀਆਂ ** ਵਿਚ ਸਾੜਨ ਦਾ ਹੁਕਮ ਦਿਤਾ। ਜਦੋਂ ਕੋਰਸਜ਼ਾਕ ਸਾਹਮਣੇ ਬਚਿਆਂ ਤੋਂ

---

* **ਘੈਟੋ** — ਯੁਧ ਤੋਂ ਪਹਿਲਾਂ ਮਹਾਂ-ਦੀਪੀ ਯੂਰਪ ਦੇ ਸਰਮਾਏਦਾਰ ਦੇਸਾਂ ਦੇ ਸ਼ਹਿਰਾਂ ਵਿਚ ਯਹੂਦੀਆਂ ਦੇ ਰਹਿਣ ਲਈ ਮਿਥੇ ਇਲਾਕੇ। ਯਹੂਦੀਆਂ ਨੂੰ ਇਹਨਾਂ ਮਹਲਿਆਂ ਤੋਂ ਬਾਹਰ ਰਹਿਣ ਦੀ ਮਨਾਹੀ ਸੀ। — **ਅਨੁ:**

** ਹਿਟਲਰ ਦੀ ਹਕੂਮਤ ਨੇ ਯੂਰਪ ਵਿਚ ਥਾਂ ਥਾਂ ਨਜ਼ਰਬੰਦੀ ਕੈਂਪ ਬਣਾਏ

ਬਿਨਾਂ ਜਿਊਂਦਾ ਰਹਿਣ ਜਾਂ ਉਹਨਾਂ ਦੀ ਹੋਣੀ ਦਾ ਭਿਆਲ ਬਣਨ ਵਿਚਕਾਰ ਚੋਣ ਪੇਸ਼ ਕੀਤੀ ਗਈ ਤਾਂ ਉਹਨੇ ਕਿਸੇ ਵੀ ਜਕੋ-ਤਕੇ ਤੋਂ ਬਿਨਾਂ ਮੌਤ ਦੀ ਚੋਣ ਕੀਤੀ। "ਅਸੀਂ ਜਾਣਦੇ ਹਾਂ ਤੂੰ ਚੰਗਾ ਡਾਕਟਰ ਹੈਂ, ਤੇਰੇ ਲਈ ਭਠੀਆਂ ਵਿਚ ਜਾਣ ਦੀ ਕੋਈ ਲੋੜ ਨਹੀਂ," ਜੋਸਟਾਪੋ ਨੇ ਉਹਨੂੰ ਕਿਹਾ। "ਮੈਂ ਆਪਣੇ ਅੰਤਹਕਰਣ ਦੇ ਵਿਰੁਧ ਨਹੀਂ ਜਾ ਸਕਦਾ," ਉਹਨੇ ਉਤਰ ਦਿਤਾ। ਇਹ ਸੂਰਮਾ ਬਚਿਆਂ ਨੂੰ ਦਿਲਾਸਾ ਦੇਂਦਾ ਹੋਇਆ, ਭਾਵੀ ਮੌਤ ਦੇ ਉਹਨਾਂ ਦੇ ਭਿਆਨਕ ਡਰ ਨੂੰ ਘਟਾਉਣ ਦਾ ਜਤਨ ਕਰਦਾ ਹੋਇਆ, ਮੌਤ ਵਲ ਵਧਿਆ। ਜਾਨੂਸਜ਼ ਕੋਰਸਜ਼ਾਕ ਦਾ ਜੀਵਨ ਅਤੇ ਅਚੰਭਾਜਨਕ ਸਦਾਚਾਰਕ ਬਲ ਅਤੇ ਸਵਛਤਾ ਦਾ ਉਹਦਾ ਇਹ ਕਾਰਨਾਮਾ ਮੇਰੇ ਲਈ ਇਕ ਪ੍ਰੇਰਨਾ ਹੈ। ਉਸ ਤੋਂ ਮੈਂ ਸਿਖਿਆ ਕਿ ਬਚਿਆਂ ਨੂੰ ਸਚੀ ਵਿਦਿਆ ਦੇਣ ਲਈ ਇਹ ਲਾਜ਼ਮੀ ਹੈ ਕਿ ਮਨੁਖ ਉਹਨਾਂ ਨੂੰ ਆਪਣਾ ਦਿਲ ਦੇਵੇ।

ਕ. ਉਸ਼ਿੰਸਕੀ ਨੇ ਲਿਖਿਆ ਹੈ ਕਿ ਮਨੁਖ ਜਿਸ ਨਾਲ ਸਦਾ ਰਹਿੰਦਾ ਹੋਵੇ, ਉਹ ਉਹਨੂੰ ਇਸ ਗਲ ਦਾ ਅਨੁਭਵ ਹੋਏ ਬਿਨਾਂ ਪਿਆਰ ਕਰ ਸਕਦਾ ਹੈ। ਇਥੋਂ ਤਕ ਕਿ ਕੋਈ ਬਦਕਿਸਮਤੀ ਸਾਡੀਆਂ ਭਾਵਨਾਵਾਂ ਦੀ ਡੂੰਘਿਆਈ ਪ੍ਰਗਟ ਕਰ ਦੇਂਦੀ ਹੈ। ਮਿਸਾਲ ਵਜੋਂ ਜੇ ਉਹ ਇਸ ਤੋਂ ਲੰਮੇ ਸਮੇਂ ਤਕ ਵਖ ਨਾ ਰਹੇ ਤਾਂ ਮਨੁਖ ਇਹ ਗਲ ਅਨੁਭਵ ਕੀਤੇ ਬਿਨਾਂ ਸਾਰੀ ਉਮਰ ਆਪਣੀ ਮਾਤ-ਭੂਮੀ ਨੂੰ ਪਿਆਰ ਕਰ ਸਕਦਾ ਹੈ। ਜਦੋਂ ਮੈਂ ਲੰਮੇ ਸਮੇਂ ਤਕ ਬਚਿਆਂ ਨੂੰ ਨਹੀਂ ਵੇਖਦਾ, ਉਹਨਾਂ ਦੀਆਂ ਖ਼ੁਸ਼ੀਆਂ ਅਤੇ ਦੁਖ ਅਨੁਭਵ ਨਹੀਂ ਕਰਦਾ ਤਾਂ ਮੈਨੂੰ ਇਹ ਸ਼ਬਦ ਚੇਤੇ ਆਉਂਦੇ ਹਨ। ਹਰ ਲੰਘਦੇ ਵਰ੍ਹੇ ਮੈਨੂੰ ਇਸ ਗਲ ਦਾ ਵਧੇਰੇ ਨਿਸ਼ਚਾ ਹੁੰਦਾ ਜਾਂਦਾ ਹੈ ਕਿ ਇਕ ਚੰਗੇ ਅਧਿਆਪਕ ਜਾਂ ਅਧਿਆਪਕਾ ਦੀ ਇਕ ਨਿਸ਼ਾਨੀ ਬਚਿਆਂ ਲਈ ਉਹਦਾ ਪਿਆਰ ਹੈ। ਅਤੇ ਜੇ ਕ. ਸ. ਸਤਾਨੇਸਲਵਸਕੀ * (੧੮੬੩-੧੯੩੮) ਅਨੁਸਾਰ "ਭਾਵਨਾਵਾਂ ਨੂੰ ਹੁਕਮ ਦੇਣਾ ਅਸੰਭਵ ਹੈ" ਤਾਂ ਅਧਿਆਪਕ, ਸਿਖਿਅਕ ਵਿਚ ਇਹਨਾਂ ਭਾਵਨਾਵਾਂ ਨੂੰ ਉਭਾਰਨਾ ਡਾਇਰੈਕਟਰ ਵਲੋਂ ਸੁਹਣੇ ਅਧਿਆਪਨ ਦਾ ਐਨ ਤਤ ਹੈ।

---

ਹੋਏ ਸਨ। ਇਹਨਾਂ ਕੈਂਪਾਂ ਵਿਚ ਉਹਨਾਂ ਕੌਮਾਂ ਅਤੇ ਕੌਮੀਅਤਾਂ ਦੇ ਲੋਕਾਂ ਨੂੰ ਰਖਿਆ ਜਾਂਦਾ ਜਿਹੜੇ ਹਿਟਲਰ ਦੇ ਵਿਚਾਰਾਂ ਅਨੁਸਾਰ "ਨੀਵੀਆਂ" ਸਨ। ਉਹਨਾਂ ਨੂੰ ਗੈਸ ਨਾਲ ਕਤਲ ਕਰਕੇ, ਉਹਨਾਂ ਦੀਆਂ ਦੇਹਾਂ ਬੜੀਆਂ ਵਡੀਆਂ ਭਠੀਆਂ ਵਿਚ ਸਾੜ ਦਿਤੀਆਂ ਜਾਂਦੀਆਂ। ਅਜਿਹਾ ਕਰਦੇ ਹੋਏ ਬਚੇ, ਬੁਢੇ, ਇਸਤ੍ਰੀ ਜਾਂ ਮਰਦ ਦਾ ਖ਼ਿਆਲ ਨਹੀਂ ਸੀ ਰਖਿਆ ਜਾਂਦਾ, ਬਸ ਕਿਸੇ ਦਾ ਹਿਟਲਰ ਵਲੋਂ "ਨੀਵੀਂ" ਕਹੀ ਗਈ ਕੌਮ ਜਾਂ ਕੌਮੀਅਤ ਦਾ ਜੀਅ ਹੋਣਾ ਕਤਲ ਕੀਤੇ ਜਾਣ ਲਈ ਕਾਫ਼ੀ ਸੀ। ਯਹੂਦੀਆਂ ਉਤੇ ਖ਼ਾਸ ਤੌਰ ਉਤੇ ਜ਼ੁਲਮ ਕੀਤਾ ਜਾਂਦਾ ਸੀ। — **ਅਨੁ:**

* **ਕ. ਸ. ਸਤਾਨੇਸਲਵਸਕੀ** — ਥੇਟਰ ਦਾ ਸੋਵੀਅਤ ਸਿਧਾਂਤਕਾਰ, ਨਿਰਦੇਸ਼ਕ ਅਤੇ ਐਕਟਰ। — **ਸੰਪਾ :**

ਅਧਿਆਪਕ ਅਤੇ ਬਚੇ ਵਿਚਕਾਰ ਨਿਰੰਤਰ ਸੰਬੰਧ ਤੋਂ ਬਿਨਾਂ, ਵਿਚਾਰਾਂ, ਭਾਵਾਂ, ਇਕ ਦੂਜੇ ਦੇ ਅਨੁਭਵਾਂ ਦੇ ਪ੍ਰਸਪਰ ਸੰਸਾਰ ਵਿਚ ਦਾਖ਼ਲ ਹੋਣ ਤੋਂ ਬਿਨਾਂ ਵਿਦਿਆ ਦੇ ਹਡ ਮਾਸ ਵਜੋਂ ਇਕ ਭਾਵੁਕ ਆਧਾਰ ਵਜੋਂ ਹੋਕੇ ਵਿਚਾਰੀ ਵੀ ਨਹੀਂ ਜਾ ਸਕਦੀ। ਇਕ ਅਜਿਹੇ ਸਮੂਹ ਵਿਚ ਜਿਸ ਵਿਚ ਬਚੇ ਇਕ ਇਕ-ਮੁਠ, ਮਿਤਰ ਸਮੂਹ ਵਿਚ ਹੁੰਦੇ ਹਨ, ਜਿਸ ਵਿਚ ਅਧਿਆਪਕ ਕੇਵਲ ਸਿਖਿਅਕ ਹੀ ਨਹੀਂ ਸਗੋਂ ਇਕ ਮਿਤਰ ਅਤੇ ਸਾਥੀ ਹੁੰਦਾ ਹੈ, ਬਹੁ-ਪਖੀ ਭਾਵੁਕ ਸੰਬੰਧ ਭਾਵੁਕ ਪ੍ਰਗਟਾਆਂ ਦਾ ਇਕ ਵਡਾ ਸੋਮਾ ਹੈ। ਜੇ ਅਧਿਆਪਕ ਬਚਿਆਂ ਨੂੰ ਕੇਵਲ ਸ਼੍ਰੇਣੀ ਦੇ ਕਮਰੇ ਵਿਚ ਹੀ ਮਿਲਦਾ ਹੈ ਅਤੇ ਜੇ ਕੇਵਲ ਉਥੇ ਹੀ ਅਧਿਆਪਕ ਜਾਂ ਅਧਿਆਪਕਾ ਦਾ ਪ੍ਰਭਾਵ ਅਨੁਭਵ ਕੀਤਾ ਜਾਂਦਾ ਹੈ ਤਾਂ ਭਾਵੁਕ ਨੇੜਤਾ ਦਾ ਵਿਚਾਰ ਤਕ ਨਹੀਂ ਕੀਤਾ ਜਾ ਸਕਦਾ।

ਅਸੀਂ ਇਸ ਵਿਚਾਰ ਦੀ ਆਗਿਆ ਨਹੀਂ ਦੇ ਸਕਦੇ ਕਿ ਲਾਜ਼ਮੀ ਵਿਸ਼ਾ-ਵਸਤੂ ਮਨੁਖ ਦੀ ਆਤਮਾ ਦਾ ਸਤ ਭੰਗ ਕਰਦਾ ਹੈ ਅਤੇ ਇਹ ਕਿ ਬਲੈਕਬੋਰਡ ਬਚਿਆਂ ਨੂੰ ਗ਼ੁਲਾਮ ਬਣਾਉਂਦਾ ਹੈ, ਜਥੇ ਕਿ ਬਾਰੀ ਤੋਂ ਬਾਹਰਲਾ ਸੰਸਾਰ ਅਸਲੀ ਆਜ਼ਾਦੀ ਦਾ ਸੰਸਾਰ ਹੈ।

ਮੈਂ ਪਾਵਲਿਅਸ਼ ਸਕੂਲ ਵਿਖੇ ਕੰਮ ਤੋਂ ਪਹਿਲਾਂ ਜਿਹੜੇ ਵਰ੍ਹੇ ਬਿਤਾਏ ਉਹਨਾਂ ਮੈਨੂੰ ਘੜੀ ਮੁੜੀ ਨਿਸ਼ਚਾ ਕਰਵਾਇਆ ਕਿ ਮੁਢਲੀਆਂ ਸ਼੍ਰੇਣੀਆਂ ਦਾ ਅਧਿਆਪਕ ਬਚੇ ਦੇ ਜੀਵਨ ਵਿਚ ਬਹੁਤ ਵਡਾ ਰੋਲ ਅਦਾ ਕਰਦਾ ਹੈ। ਇਹ ਲਾਜ਼ਮੀ ਹੈ ਕਿ ਅਧਿਆਪਕ ਜਾਂ ਅਧਿਆਪਕਾ ਉਹਦੇ ਪਰਵਾਰ ਦੇ ਜੀਅ ਵਾਂਗ, ਉਹਦੀ ਮਾਂ ਵਾਂਗ ਹੋਵੇ। ਅਧਿਆਪਕ ਵਿਚ ਨਿਕੇ ਸਕੂਲੀ ਬਚੇ ਦਾ ਨਿਸ਼ਚਾ, ਅਧਿਆਪਕ ਅਤੇ ਵਿਦਿਆਰਥੀ ਵਿਚਕਾਰ ਪ੍ਰਸਪਰ ਭਰੋਸਾ, ਮਨੁਖਤਾ ਦਾ ਉਹ ਆਦਰਸ਼ ਜਿਹੜਾ ਵਿਦਿਆਰਥੀ ਅਧਿਆਪਕ ਵਿਚ ਵੇਖਦਾ ਹੈ, ਮੂਲਕ ਹੈ, ਅਤੇ ਜਦੋਂ ਉਹ ਵਿਦਿਆ ਦੇ ਇਹਨਾਂ ਅਤਿ-ਅੰਤ ਗੁਝਿਲਦਾਰ ਅਤੇ ਸਿਆਣੇ ਨਿਯਮਾਂ ਨੂੰ ਵੇਖਦਾ ਜਾਂ ਵੇਖਦੀ ਹੈ ਤਾਂ ਉਹ ਸਚਾ ਆਤਮਕ ਸਿਖਿਅਕ ਬਣ ਸਕਦਾ ਜਾਂ ਸਕਦੀ ਹੈ। ਅਧਿਆਪਕ ਦੀਆਂ ਅਤਿ-ਅੰਤ ਵਡ-ਮੁਲੀਆਂ ਸਿਫ਼ਤਾਂ ਵਿਚੋਂ ਇਕ ਉਹਦੀ ਡੂੰਘੀ ਮਾਨਵਤਾ ਹੈ, ਬਚਿਆਂ ਲਈ ਡੂੰਘਾ ਪਿਆਰ, ਇਕ ਅਜਿਹਾ ਪਿਆਰ ਜਿਸ ਵਿਚ ਮਾਂ ਅਤੇ ਪਿਉ ਦੇ ਹਾਰਦਿਕ ਲਾਡ ਅਤੇ ਸਿਆਣੀ ਕਰੜਾਈ ਅਤੇ ਸਖਤੀ ਮਿਲੇ ਹੋਏ ਹੁੰਦੇ ਹਨ।

ਬਚਪਨ ਮਨੁਖ ਦੇ ਜੀਵਨ ਵਿਚ ਮਹਤਵ-ਪੂਰਨ ਸਮਾਂ ਹੁੰਦਾ ਹੈ, ਕੇਵਲ ਭਵਿਖ ਲਈ ਤਿਆਰੀ ਹੀ ਨਹੀਂ। ਬਚਪਨ ਅਸਲੀ, ਸਪਸ਼ਟ, ਸਚਾ, ਦੁਹਰਾਇਆ ਨਾ ਜਾ ਸਕਣ ਵਾਲਾ ਜੀਵਨ ਹੈ। ਅਤੇ ਉਦੋਂ ਕੀ ਵਾਪਰਿਆ, ਉਹਨਾਂ ਵਰ੍ਹਿਆਂ ਵਿਚ ਕਿਸਨੇ ਬਚੇ ਦੀ ਅਗਵਾਈ ਕੀਤੀ, ਆਲੇ ਦੁਆਲੇ ਦੇ ਸੰਸਾਰ ਵਿਚੋਂ ਉਹਦੇ ਦਿਲ ਅਤੇ ਦਿਮਾਗ਼ ਵਿਚ ਕੀ ਦਾਖ਼ਲ ਹੋਇਆ, ਵਡੀ ਹਦ ਤਕ ਇਸ ਗਲ ਨੂੰ ਮਿਥਣਗੇ ਕਿ ਉਹ ਕਿਹੋ ਜਿਹਾ ਮਨੁਖ ਬਣੇਗਾ। ਆਚਰਣ, ਸੋਚ ਦੇ ਅਮਲਾਂ ਅਤੇ ਬੋਲੀ ਦਾ

ਬਣਨਾ ਸਕੂਲ ਤੋਂ ਪਹਿਲਾਂ ਅਤੇ ਮੁਢਲੇ ਸਕੂਲੀ ਵਰ੍ਹਿਆਂ ਵਿਚ ਅਮਲ ਵਿਚ ਆਉਂਦਾ ਹੈ। ਇਹ ਸੰਭਾਵ ਹੈ ਕਿ ਬਚੇ ਦੇ ਦਿਲ ਅਤੇ ਮਨ ਵਿਚ ਪਾਠ-ਪੁਸਤਕਾਂ ਅਤੇ ਸਬਕਾਂ ਰਾਹੀਂ ਜੋ ਕੁਝ ਦਾਖ਼ਲ ਹੁੰਦਾ ਹੈ, ਕੇਵਲ ਆਲੇ ਦੁਆਲੇ ਦੇ ਸੰਸਾਰ ਕਾਰਨ ਘੁਸਦਾ ਹੈ, ਜਿਸਦੀ ਪਾਠ-ਪੁਸਤਕਾਂ ਦੇ ਨਾਲ ਨਾਲ ਹੋਂਦ ਹੈ—ਆਲੇ ਦੁਆਲੇ ਦਾ ਸੰਸਾਰ ਜਿਸ ਵਿਚ ਬਚੇ ਨੇ ਆਪਣੇ ਜਨਮ ਦੀ ਘੜੀ ਤੋਂ ਉਸ ਸਮੇਂ ਤਕ ਦੇ ਸਾਰੇ ਔਖੇ ਕਦਮ ਚੁਕੇ ਜਦੋਂ ਉਹ ਕਿਤਾਬ ਖੋਹਲ ਅਤੇ ਇਹਨੂੰ ਪੜ੍ਹ ਸਕਿਆ।

ਸਿਖਿਆ ਦਾ ਲੰਮੇ ਸਮੇਂ ਦਾ ਅਮਲ ਬਚਪਨ ਵਿਚ ਸ਼ੁਰੂ ਹੁੰਦਾ ਹੈ, ਆਪਣੇ ਦਿਲ ਅਤੇ ਮਨ ਨਾਲ ਉਹਨਾਂ ਕਦਰਾਂ ਨੂੰ ਸਿਖਣ ਦਾ ਅਮਲ, ਜਿਹੜੀਆਂ ਕਮਿਊਨਿਸਟ ਸਦਾਚਾਰ ਦਾ ਆਧਾਰ ਹਨ: ਮਾਤ-ਭੂਮੀ ਲਈ ਅਥਾਹ ਪਿਆਰ ਅਤੇ ਉਹਦੀ ਖ਼ੁਸ਼ੀ, ਮਹਾਨਤਾ ਅਤੇ ਬਲ ਲਈ ਆਪਣਾ ਜੀਵਨ ਵਾਰਨ ਦੀ ਰਜ਼ਾਮੰਦੀ ਅਤੇ ਦੇਸ ਦੇ ਦੁਸ਼ਮਣਾਂ ਵਲ ਸਮਝੌਤਾ-ਰਹਿਤ ਕਰੜਾਈ।

੩੩ ਵਰ੍ਹਿਆਂ ਦੇ ਸਮੇਂ ਵਿਚ ਮੈਂ ਸਾਰੀਆਂ ਉਮਰਾਂ ਦੇ ਬਚਿਆਂ ਅਤੇ ਬਾਲਗਾਂ ਦੇ ਵੀ ਸ਼ਬਦ-ਭੰਡਾਰਾਂ ਦਾ ਅਧਿਅਨ ਕੀਤਾ ਹੈ। ਚਿਤਰ ਬੜਾ ਅਦਭੁਤ ਸੀ। ਇਕ ਆਮ ਪੰਚਾਇਤੀ ਫ਼ਾਰਮ ਦੇ ਕਿਸਾਨ* ਦੇ ਟਬਰ ਦਾ ਸਤਾਂ ਵਰ੍ਹਿਆਂ ਦਾ ਬਚਾ (ਮਾਤਾ ਅਤੇ ਪਿਤਾ ਨੇ ਸੈਕੰਡਰੀ ਵਿਦਿਆ ਪ੍ਰਾਪਤ ਕੀਤੀ ਹੈ ਅਤੇ ਉਹਨਾਂ ਦੇ ਘਰ ਵਿਚ ੩੦੦-੪੦੦ ਕਿਤਾਬਾਂ ਹੁੰਦੀਆਂ ਹਨ) ਆਪਣੀ ਮਾਤ-ਭਾਸ਼ਾ ਦੇ ੩,੦੦੦-੩,੫੦੦ ਸ਼ਬਦਾਂ ਦੀਆਂ ਭਾਵੁਕ ਭਾਹਾਂ ਨੂੰ ਸਮਝਦਾ ਹੈ ਅਤੇ ਸਕੂਲ ਵਿਚ ਦਾਖ਼ਲ ਹੋਣ ਸਮੇਂ ਉਹਦਾ ਇਹਨਾਂ ਵਿਚੋਂ ੧,੫੦੦ ਸ਼ਬਦਾਂ ਦਾ ਸਰਗਰਮ ਸ਼ਬਦ-ਭੰਡਾਰ ਹੁੰਦਾ ਹੈ। ੪੫ ਜਾਂ ੫੦ ਵਰ੍ਹਿਆਂ ਦੇ ਸੈਕੰਡਰੀ ਵਿਦਿਆ ਪ੍ਰਾਪਤ ਕਿਰਤੀ ਅਤੇ ਪੰਚਾਇਤੀ ਕਿਸਾਨ ਆਪਣੀ ਮਾਤ-ਭਾਸ਼ਾ ਦੇ ੫,੦੦੦-੫,੫੦੦ ਸ਼ਬਦਾਂ ਦੀਆਂ ਭਾਵੁਕ ਭਾਹਾਂ ਨੂੰ ਸਮਝਦੇ ਹਨ ਅਤੇ ਉਹਨਾਂ ਦਾ ੨,੦੦੦-੨,੫੦੦ ਤੋਂ ਵਧ ਦਾ ਸਰਗਰਮ ਸ਼ਬਦ-ਭੰਡਾਰ ਨਹੀਂ ਹੁੰਦਾ। ਇਕਲਾ ਇਹ ਤਥ ਹੀ ਬਚੇ ਦੇ ਜੀਵਨ ਵਿਚ ਬਚਪਨ ਦੇ ਵਰ੍ਹਿਆਂ ਵਲੋਂ ਪਾਏ ਗਏ ਰੋਲ ਦੀ ਉਘੜਵੀਂ ਸ਼ਾਹਦੀ ਹੈ।

ਇਹ ਦ੍ਰਿੜ੍ਹ ਨਿਸ਼ਚਾ ਕਿ ਸਕੂਲ ਤੋਂ ਪਹਿਲਾਂ ਦੇ ਅਤੇ ਮੁਢਲੇ ਸਕੂਲ ਦੇ ਵਰ੍ਹੇ ਵਡੀ ਹਦ ਤਕ ਮਨੁਖ ਦਾ ਭਵਿਖ ਮਿਥਦੇ ਹਨ, ਅਗਲੇਰੇ ਵਰ੍ਹਿਆਂ ਵਿਚ ਮਨੁਖ ਨੂੰ ਮੁੜ-ਸਿਖਿਅਤ ਕਰਨ ਦੀ ਸੰਭਾਵਨਾ ਤੋਂ ਇਨਕਾਰੀ ਨਹੀਂ। ਮੁੜ-ਸਿਖਿਆ ਦੀ ਸ਼ਕਤੀ ਦਾ ਸੋਵੀਅਤ ਸਿਖਿਅਕ ਅਨਤੋਂਨ ਮਕਾਰੈਨਕੋ ਦੇ ਅਨੁਭਵ ਨੇ ਇੰਨੇ ਸ਼ਾਨਦਾਰ ਢੰਗ ਨਾਲ ਪ੍ਰਗਟਾ ਕੀਤਾ। ਪਰ ਉਹਨੇ ਵੀ ਮੁਢਲੇ ਵਰ੍ਹਿਆਂ ਦੀ ਅਸਾਧਾਰਨ ਮਹਤਤਾ

---

* **ਪੰਚਾਇਤੀ ਫ਼ਾਰਮ ਦਾ ਕਿਸਾਨ**—ਇਕ ਪੰਚਾਇਤੀ ਫ਼ਾਰਮ (ਕਲਖ਼ੋਜ਼), ਸੋਵੀਅਤ ਯੂਨੀਅਨ ਵਿਚ ਵਡ-ਪਧਰੀ ਸਮਾਜੀ ਖੇਤੀ ਉਦਮ ਨੂੰ ਚਲਾਉਣ ਲਈ ਕਿਸਾਨਾਂ ਦੇ ਸਾਂਝੇ ਏਕੇ ਦਾ ਮੈਂਬਰ।—**ਸੰਪਾ:**

ਨੂੰ ਪ੍ਰਵਾਨ ਕੀਤਾ। ਵਿਦਿਆ ਦਾ ਯੋਗਾ ਕਾਰਜ ਮੁਢਲੇ ਬਚਪਨ ਵਿਚ ਕੀਤੀਆਂ ਗ਼ਲਤੀਆਂ ਨੂੰ ਠੀਕ ਕਰਨਾ ਨਹੀਂ ਸਗੋਂ ਸਭ ਤੋਂ ਪਹਿਲਾਂ ਉਹ ਗ਼ਲਤੀਆਂ ਕਰਨੋਂ ਬਚਣਾ ਅਤੇ ਇਉਂ ਮੁੜ-ਸਿਖਿਆ ਦੀ ਲੋੜ ਨੂੰ ਖ਼ਤਮ ਕਰਨਾ ਹੈ।

ਸਕੂਲ ਦੇ ਡਾਇਰੈਕਟਰ ਵਜੋਂ ਕੰਮ ਕਰਦੇ ਹੋਏ ਮੈਂ ਅਫਸੋਸ ਨਾਲ ਵੇਖਿਆ ਕਿ ਜਦੋਂ ਕੋਈ ਅਧਿਆਪਕ ਵਿਦਿਆ ਨੂੰ ਕੇਵਲ ਬਚਿਆਂ ਦੇ ਸਿਰਾਂ ਵਿਚ ਵਧ ਤੋਂ ਵਧ ਸਮਿਗਰੀ ਭਰਨ ਦਾ ਸਾਧਨ ਸਮਝਦਾ ਹੈ ਤਾਂ ਬਚਿਆਂ ਦੇ ਪ੍ਰਕਿਰਤਕ ਜੀਵਨ ਨੂੰ ਕਈ ਵਾਰ ਕਿਵੇਂ ਗ਼ਲਤ ਢੰਗ ਨਾਲ ਸਮਝਿਆ ਜਾਂਦਾ ਹੈ।

ਦੁਖ ਤੋਂ ਬਿਨਾਂ ਉਸ ਢੰਗ ਨੂੰ ਵੇਖਣਾ ਅਸੰਭਵ ਹੈ, ਜਿਸ ਨਾਲ ਕੇਵਲ ਸਬਕਾਂ ਸਮੇਂ ਹੀ ਨਹੀਂ ਸਗੋਂ ਲੰਮੇਰੇ ਦਿਨ ਦੀਆਂ ਟੋਲੀਆਂ * ਵਿਚ ਬਚੇ ਦੇ ਆਤਮਕ ਜੀਵਨ ਨੂੰ ਲੂਲ੍ਹਾ ਬਣਾਇਆ ਜਾਂਦਾ ਹੈ। ਮੰਦੇ ਭਾਗੀਂ ਅਜਿਹੇ ਸਕੂਲ ਹਨ, ਜਿਥੇ ਪੰਜ ਜਾਂ ਛੇ ਸਬਕਾਂ ਤੋਂ ਪਿਛੋਂ ਬਚੇ ਹੋਰ ਚਾਰ ਜਾਂ ਪੰਜ ਘੰਟੇ ਸਕੂਲ ਵਿਚ ਰਹਿੰਦੇ ਹਨ ਅਤੇ ਖੇਡਣ, ਸਸਤਾਉਣ ਜਾਂ ਬਾਹਰ ਖੁਲ੍ਹੀ ਹਵਾ ਵਿਚ ਜਾਣ ਦੀ ਥਾਂ ਬਚੇ ਪੜ੍ਹਾਈ ਜਾਰੀ ਰਖਦੇ ਹਨ। ਬਚੇ ਸਕੂਲ ਵਿਚ ਜਿਹੜਾ ਸਮਾਂ ਬਿਤਾਉਂਦੇ ਹਨ ਉਹ ਅਨੰਤ, ਅਕਾਊ ਸਬਕ ਬਣ ਜਾਂਦਾ ਹੈ। ਇਹ ਅਮਲ ਜਾਰੀ ਨਹੀਂ ਰਹਿਣਾ ਚਾਹੀਦਾ! ਲੰਮੇਰੇ ਦਿਨ ਦੀਆਂ ਟੋਲੀਆਂ ਵਿਦਿਆ ਦਾ ਇਕ ਵਡ-ਮੁਲਾ ਰੂਪ ਹਨ। ਐਨ ਇਥੇ ਹੀ ਅਧਿਆਪਕ ਅਤੇ ਵਿਦਿਆਰਥੀ ਵਿਚਕਾਰ ਉਸ ਆਤਮਕ ਸੰਬੰਧ ਲਈ ਸੁਖਾਵੀਆਂ ਪ੍ਰਸਥਿਤੀਆਂ ਦੀ ਹੋਂਦ ਹੁੰਦੀ ਹੈ, ਜਿਸਤੋਂ ਬਿਨਾਂ ਉਚੇਰੇ ਭਾਵਾਂ ਦੀ ਵਿਦਿਆ ਦਾ ਵਿਚਾਰ ਤਕ ਨਹੀਂ ਕੀਤਾ ਜਾ ਸਕਦਾ। ਪਰ ਮੰਦੇ ਭਾਗੀਂ ਅਨੇਕ ਚੰਗੇ ਵਿਚਾਰਾਂ ਨੂੰ ਸਿਰ ਭਾਰ ਖੜਾ ਕਰ ਦਿਤਾ ਗਿਆ ਹੈ: ਅਕਸਰ ਲੰਮੇਰੇ ਦਿਨ ਦੀਆਂ ਟੋਲੀਆਂ ਵਿਚ ਬਚਿਆਂ ਨੂੰ ਇਕ ਤੋਂ ਪਿਛੋਂ ਦੂਜਾ ਉਹੋ ਪੁਰਾਣਾ ਸਬਕ, ਉਸੇ ਪੁਰਾਣੇ ਡੈਸਕ ਉਤੇ ਫਿਰ ਮਿਲਦਾ ਹੈ, ਜਿਹੜਾ ਕਿਸੇ ਵੀ ਬਚੇ ਦਾ ਸਾਹ ਸਤ ਮਾਰਨ ਲਈ ਕਾਫ਼ੀ ਹੈ।

ਅਜਿਹਾ ਕਿਉਂ ਹੁੰਦਾ ਹੈ?

ਕਿਉਂਕਿ ਬਚਿਆਂ ਨੂੰ ਬਾਹਰ ਵਿਹੜੇ ਵਿਚ, ਪਾਰਕ ਵਿਚ ਜਾਂ ਜੰਗਲ ਵਿਚ ਸਰ ਲਈ ਲਿਜਾਣ ਨਾਲੋਂ ਸਬਕ ਜਾਰੀ ਰਖਣਾ ਸੌਖੇਰਾ ਹੁੰਦਾ ਹੈ।

ਇਹ ਬੜੀ ਮਾੜੀ ਗਲ ਹੈ ਕਿ ਲੰਮੇਰੇ ਦਿਨ ਦੀਆਂ ਟੋਲੀਆਂ ਦੇ ਪ੍ਰੋਗਰਾਮ ਦੇ

---

* **ਲੰਮੇਰੇ ਦਿਨ ਦੀਆਂ ਟੋਲੀਆਂ** — ਛੋਟੀਆਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਦੀਆਂ ਟੋਲੀਆਂ, ਜਿਨ੍ਹਾਂ ਵਿਚ ਬਚੇ ਸਕੂਲ ਦੇ ਸਮੇਂ ਤੋਂ ਪਿਛੋਂ ਉਥੇ ਰਹਿੰਦੇ ਹਨ, ਖਾਣਾ ਖਾਂਦੇ ਹਨ, ਘਰ ਦਾ ਕੰਮ ਕਰਦੇ ਹਨ ਅਤੇ ਖੇਡਦੇ ਹਨ, ਇਥੋਂ ਤਕ ਕਿ ਉਹਨਾਂ ਦੇ ਮਾਤਾ-ਪਿਤਾ ਉਹਨਾਂ ਨੂੰ ਘਰ ਲੈ ਜਾਂਦੇ ਹਨ। — **ਸੰਪਾ:** ਮਾਤਾ ਪਿਤਾ ਨੂੰ ਸਿਰਫ਼ ਬਚਿਆਂ ਦੇ ਖਾਣੇ ਦਾ ਖ਼ਰਚਾ ਦੇਣਾ ਪੈਂਦਾ ਹੈ। — **ਅਨੁ:**

ਹਾਂ-ਪਖੀ ਅਨੁਭਵ ਨੇ, ਜਿਸਨੂੰ ਵਿਦਿਆ ਸੰਬੰਧੀ ਸਾਹਿਤ ਵਿਚ ਸਵਿਸਥਾਰ ਬਿਆਨ ਕੀਤਾ ਗਿਆ ਹੈ, ਹੋਰ ਥਾਂ ਜੜ੍ਹਾਂ ਨਹੀਂ ਫੜੀਆਂ। ਅਤੇ ਇਹਦਾ ਮੁਖ ਕਾਰਨ ਵਿਦਿਆ ਵਿਚ ਆਮ ਕਮਜ਼ੋਰੀ ਹੈ।

ਅਸੀਂ ਅਜਿਹੇ ਸਮੇਂ ਵਿਚ ਰਹਿ ਰਹੇ ਹਾਂ, ਜਦੋਂ ਵਿਗਿਆਨਕ ਗਿਆਨ ਵਿਚ ਨਿਪੁੰਨਤਾ ਤੋਂ ਬਿਨਾਂ ਨਾ ਤਾਂ ਕਿਰਤ, ਨਾ ਹੀ ਮੁਢਲੇ ਮਨੁਖੀ ਸੰਬੰਧਾਂ ਦਾ ਸਭਿਆਚਾਰ, ਨਾ ਹੀ ਨਾਗਰਿਕ ਵਜੋਂ ਮਨੁਖ ਦੀਆਂ ਜ਼ਿਮੇਵਾਰੀਆਂ ਦੀ ਪੂਰਤੀ ਸੰਭਵ ਹੈ। ਸਿਖਿਆ ਕੇਵਲ ਇਕ ਸੌਖੀ, ਸੁਖਾਵੀਂ ਖੇਡ ਹੀ ਨਹੀਂ ਹੋ ਸਕਦੀ, ਜਿਹੜੀ ਕੇਵਲ ਖੇੜਾ ਅਤੇ ਖ਼ੁਸ਼ੀ ਲਿਆਉਂਦੀ ਹੈ। ਅਤੇ ਨਾਗਰਿਕਾਂ ਦੀਆਂ ਛੁਟੇਰੀਆਂ ਪੀੜ੍ਹੀਆਂ ਦਾ ਜੀਵਨ ਫੁਲਾਂ ਦੀ ਸੇਜ ਨਹੀਂ ਹੋਵੇਗਾ। ਇਹ ਲਾਜ਼ਮੀ ਹੈ ਕਿ ਅਸੀਂ ਉਚੀ ਵਿਦਿਆ ਪ੍ਰਾਪਤ, ਸਿਰੜੀ, ਕਿਰਤ-ਪ੍ਰੇਮੀ ਲੋਕਾਂ ਦੀ ਪਾਲਣਾ ਕਰੀਏ, ਜਿਹੜੇ ਅਜਿਹੀਆਂ ਔਕੜਾਂ ਉਤੇ ਕਾਬੂ ਪਾਉਣ ਲਈ ਤਿਆਰ ਹੋਣ, ਜਿਹੜੀਆਂ ਉਹਨਾਂ ਨਾਲੋਂ ਘਟ ਗੁੰਝਲਦਾਰ ਨਹੀਂ, ਜਿਨ੍ਹਾਂ ਉਤੇ ਉਹਨਾਂ ਦੇ ਮਾਤਾ-ਪਿਤਾ, ਦਾਦੇ-ਦਾਦੀਆਂ ਅਤੇ ਪੜਦਾਦੇ-ਪੜਦਾਦੀਆਂ ਨੇ ਕਾਬੂ ਪਾਇਆ ਸੀ। ੧੯੭੦-ਵਿਆਂ ਤੋਂ ੯੦ਵਿਆਂ ਦੇ ਜਵਾਨ ਲੋਕਾਂ ਦੇ ਗਿਆਨ ਦੀ ਪਧਰ ਪਹਿਲਿਆਂ ਦੇ ਦਹਾਕਿਆਂ ਦੇ ਜਵਾਨਾਂ ਦੀ ਪਧਰ ਨਾਲੋਂ ਅਨੂਪ ਤੌਰ ਉਤੇ ਉਚੀ ਹੋਵੇਗੀ। ਜਿੰਨਾਂ ਵਧੇਰੇ ਗਿਆਨ ਦਾ ਉਹ ਖੇਤਰ ਹੋਵੇਗਾ ਜਿਸ ਵਿਚ ਮਨੁਖ ਨੇ ਨਿਪੁੰਨਤਾ ਪ੍ਰਾਪਤ ਕਰਨੀ ਹੈ, ਉੱਨਾਂ ਵਧੇਰੇ ਮਨੁਖ ਨੂੰ ਤਿਖੇ ਵਾਧੇ, ਵਿਕਾਸ ਅਤੇ ਸ਼ਖ਼ਸੀਅਤ ਦੇ ਬਣਨ ਦੇ ਸਮੇਂ — ਬਚਪਨ ਦੇ ਵਰ੍ਹਿਆਂ — ਵਿਚ ਮਨੁਖੀ ਸਰੀਰ ਦੇ ਖ਼ਾਸੇ ਨੂੰ ਮੁਖ ਰਖਣਾ ਚਾਹੀਦਾ ਹੈ। ਮਨੁਖ ਸਦਾ ਪ੍ਰਕਿਰਤੀ ਦਾ ਬਚਾ ਰਿਹਾ ਹੈ ਅਤੇ ਰਹੇਗਾ ਅਤੇ ਜੋ ਕੁਝ ਇਹ ਰਿਸ਼ਤਾ ਪੈਦਾ ਕਰਦਾ ਹੈ, ਉਹਨੂੰ ਆਤਮਕ ਸਭਿਆਚਾਰ ਦੀ ਭਰਪੂਰਤਾ ਨਾਲ ਜੋੜਨ ਲਈ ਵਰਤਿਆ ਜਾਣਾ ਚਾਹੀਦਾ ਹੈ। ਬਚੇ ਦੇ ਦੁਆਲੇ ਦਾ ਸੰਸਾਰ ਸਭ ਤੋਂ ਪਹਿਲਾਂ ਆਪਣੀ ਵਰਤਾਰਿਆਂ ਦੀ ਅਸੀਮ ਦੌਲਤ ਅਤੇ ਅਖੁਟ ਹੁਸਨ ਦੀ ਨਿਧੀ ਸਹਿਤ ਪ੍ਰਕਿਰਤੀ ਦਾ ਸੰਸਾਰ ਹੈ। ਇਥੇ, ਪ੍ਰਕਿਰਤੀ ਵਿਚ ਬਚੇ ਦੀ ਬੁਧੀ ਦਾ ਸਦੀਵੀ ਸੋਮਾ ਹੈ। ਪਰ ਇਹਦੇ ਨਾਲ ਹੀ ਨਾਲ ਵਰ੍ਹੇ ਦੇ ਵਰ੍ਹੇ ਲੋਕਾਂ ਦੇ ਸਮਾਜ ਨਾਲ, ਕਿਰਤ ਨਾਲ ਸੰਬੰਧਤ ਆਲੇ ਦੁਆਲੇ ਦੇ ਅੰਸ਼ਾਂ ਦਾ ਰੋਲ ਵੀ ਵਧਦਾ ਜਾ ਰਿਹਾ ਹੈ।

ਪਰ ਹਥਲੇ ਯਥਾਰਥਾਂ ਦੇ ਬੋਧ ਦਾ ਅਮਲ ਕਿਸੇ ਵੀ ਤਰ੍ਹਾਂ ਚਿੰਤਨ ਦੇ ਭਾਵੁਕ ਉਤੇਜਕ ਦਾ ਬਦਲ ਨਹੀਂ। ਸਕੂਲ ਤੋਂ ਪਹਿਲਾਂ ਜਾਂ ਮੁਢਲੇ ਸਕੂਲ ਦੇ ਬਚੇ ਲਈ ਇਹ ਉਤੇਜਕ ਬਹੁਤ ਮਹਤਵ-ਪੂਰਨ ਰੋਲ ਅਦਾ ਕਰਦਾ ਹੈ। ਜੇ ਉਹਨੂੰ ਭਾਵਨਾ ਉਤੇ ਪ੍ਰਭਾਵ ਪਾਉਣ ਵਾਲੇ ਸਪਸ਼ਟ ਬਿੰਬਾਂ ਤੋਂ ਪ੍ਰੇਰਨਾ ਮਿਲੇ ਤਾਂ ਉਹ ਸਚ ਜਿਸ ਵਿਚ ਆਲੇ ਦੁਆਲੇ ਦੀਆਂ ਉਦਾਹਰਣਾਂ ਅਤੇ ਵਰਤਾਰੇ ਆਮਿਆਏ ਜਾਂਦੇ ਹਨ, ਬਚਿਆਂ ਦਾ ਨਿਜੀ ਨਿਸ਼ਚਾ ਬਣ ਜਾਂਦੇ ਹਨ। ਇਹ ਗਲ ਬੁਨਿਆਦੀ ਮਹਤਤਾ ਵਾਲੀ ਹੈ ਕਿ ਬਚਾ ਆਪਣੇ ਆਲੇ ਦੁਆਲੇ ਵਿਚ ਪਹਿਲੇ ਵਿਗਿਆਨਕ ਸਚ ਲਭੇ,

ਕਿ ਚਿੰਤਨ ਦਾ ਸੋਮਾ ਪ੍ਰਕਿਰਤਕ ਵਰਤਾਰਿਆਂ ਦਾ ਸੁਹਪਣ ਅਤੇ ਅਖੁਟ ਗੁੰਝਲ ਹੋਵੇ, ਕਿ ਬਚਾ ਹੌਲੀ ਹੌਲੀ ਸਮਾਜੀ ਸੰਬੰਧਾਂ ਅਤੇ ਕਿਰਤ ਦੇ ਜਗਤ ਵਿਚ ਪ੍ਰਵੇਸ਼ ਕਰੇ।

ਪਾਵਲਿਅਸ਼ ਵਿਖੇ ਆਪਣੇ ਕੰਮ ਦੇ ਮੁਢ ਤੋਂ ਹੀ ਮੈਨੂੰ ਛੁਟੇਰੇ ਬਚਿਆਂ, ਵਿਸ਼ੇਸ਼ ਤੌਰ ਉਤੇ ਪਹਿਲੀ ਸ਼੍ਰੇਣੀ ਦੇ ਬਚਿਆਂ ਵਿਚ ਦਿਲਚਸਪੀ ਸੀ। ਬਚੇ ਆਪਣੀ ਪੜ੍ਹਾਈ ਦੇ ਪਹਿਲੇ ਦਿਨਾਂ ਵਿਚ ਉਤਸੁਕਤਾ ਨਾਲ ਕੰਬਦੇ ਹੋਏ, ਸਚਾਈ ਨਾਲ ਆਪਣੇ ਅਧਿਆਪਕ ਦੀਆਂ ਅਖਾਂ ਵਿਚ ਝਾਕਦੇ ਹੋਏ ਸਕੂਲ ਵਿਚ ਦਾਖ਼ਲ ਹੁੰਦੇ! ਅਕਸਰ ਅਜਿਹਾ ਕਿਉਂ ਹੁੰਦਾ ਕਿ ਕੁਝ ਮਹੀਨਿਆਂ ਜਾਂ ਕੁਝ ਹੀ ਹਫ਼ਤਿਆਂ ਵਿਚ ਉਹਨਾਂ ਦੀਆਂ ਅਖਾਂ ਦੀ ਇਹ ਲਿਸ਼ਕ ਜਾਂਦੀ ਰਹਿੰਦੀ? ਕੁਝ ਬਚਿਆਂ ਲਈ ਪੜ੍ਹਾਈ ਤਸੀਹਾ ਕਿਉਂ ਹੈ? ਵਿਸ਼ੇਸ਼ ਤੌਰ ਉਤੇ ਇਸ ਲਈ ਕਿ ਸਾਰੇ ਅਧਿਆਪਕ ਸਚੇ ਦਿਲੋਂ ਬਚਪਨ ਦੀ ਇਸ ਆਪ-ਮੁਹਾਰਤਾ ਨੂੰ, ਸੰਸਾਰ ਦੀ ਲਭਤ ਦੀ ਇਸ ਖ਼ੁਸ਼ੀ ਭਰੀ ਸੂਝ ਨੂੰ ਕਾਇਮ ਰਖਣਾ ਚਾਹੁੰਦੇ ਹਨ; ਉਹ ਪੜ੍ਹਾਈ ਨੂੰ ਬਚਿਆਂ ਲਈ ਇਕ ਪ੍ਰੇਰਨਾ, ਇਕ ਰੋਚਕ ਕਾਰਜ ਬਣਾਉਣਾ ਚਾਹੁੰਦੇ ਹਨ।

ਸਭ ਤੋਂ ਪਹਿਲਾਂ ਅਜਿਹਾ ਆਮ ਤੌਰ ਉਤੇ ਇਸ ਲਈ ਹੁੰਦਾ ਹੈ ਕਿ ਅਧਿਆਪਕ ਨੂੰ ਹਰ ਬਚੇ ਦੇ ਆਤਮਕ ਜੀਵਨ ਸੰਬੰਧੀ ਬਹੁਤ ਕੁਝ ਪਤਾ ਨਹੀਂ ਹੁੰਦਾ ਅਤੇ ਸਕੂਲ ਦੀਆਂ ਕੰਧਾਂ ਵਿਚ ਜੀਵਨ ਪੜ੍ਹਾਈ ਤਕ ਸੀਮਤ ਰਹਿੰਦਾ ਹੈ—ਜਿਸਨੂੰ ਘੰਟੀਆਂ ਨਮਿਤਦੀਆਂ ਹਨ, ਜਿਵੇਂ ਵਿਅਕਤੀਗਤ ਸੰਸਾਰ ਦੀ ਭਰਪੂਰਤਾ ਨੂੰ ਮੁਖ ਰਖੇ ਬਿਨਾਂ ਸਾਰੇ ਬਚਿਆਂ ਨੂੰ ਪਧਰਾ ਕਰਨਾ ਹੋਵੇ, ਉਹਨਾਂ ਨੂੰ ਇਕੋ ਸਚੇ ਵਿਚ ਢਾਲਣਾ ਹੋਵੇ। ਨਿਰਸੰਦੇਹ ਮੈਂ ਮੁਢਲੀਆਂ ਸ਼੍ਰੇਣੀਆਂ ਦੇ ਅਧਿਆਪਕਾਂ ਨੂੰ ਇਸ ਸੰਬੰਧੀ ਸਲਾਹ ਦਿਤੀ ਕਿ ਬਚਿਆਂ ਦੇ ਹਿਤਾਂ ਅਤੇ ਵੰਨ-ਸੁਵੰਨੇ ਆਤਮਕ ਜੀਵਨ ਨੂੰ ਕਿਵੇਂ ਵਿਕਸਤ ਕੀਤਾ ਜਾਵੇ, ਪਰ ਸਲਾਹ ਕਾਫ਼ੀ ਨਹੀਂ। ਮਹਤਤਾ ਵਿਦਿਅਕ ਵਿਚਾਰ ਦੀ ਹੈ, ਜਿਹੜਾ ਬਚਿਆਂ ਅਤੇ ਅਧਿਆਪਕਾਂ ਦੇ ਪ੍ਰਸਪਰ ਸੰਬੰਧਾਂ ਵਿਚ ਉਭਰ ਕੇ ਸਾਹਮਣੇ ਆਉਂਦਾ ਹੈ ਅਤੇ ਜਿਹੜਾ ਉਸ ਸਮੇਂ ਸਪਸ਼ਟ ਹੋ ਜਾਂਦਾ ਹੈ ਜਦੋਂ ਇਸ ਸਕੂਲ ਵਿਚ ਉਸਾਰੀ ਕਿਸੇ ਉਚੀ ਇਮਾਰਤ ਵਾਂਗ ਅਧਿਆਪਕਾਂ ਦੇ ਸਮੂਹ ਦੀਆਂ ਅਖਾਂ ਸਾਹਮਣੇ ਉਭਰ ਕੇ ਆ ਜਾਂਦੀ ਹੈ। ਇਸੇ ਲਈ ਮੈਂ ਵਿਦਿਅਕ ਕੰਮ ਸ਼੍ਰੇਣੀ ਦੇ ਸਮੂਹ ਨਾਲ ਸ਼ੁਰੂ ਕੀਤਾ ਜਿਹੜਾ ਦਸਾਂ ਵਰ੍ਹਿਆਂ ਦੇ ਸਮੇਂ ਵਿਚ ਪੂਰਾ ਹੋਣਾ ਸੀ।

ਸ਼੍ਰੇਣੀ ਦੇ ਸਮੂਹ ਵਿਚ ਜੀਵਨ, ਜਿਸ ਉਤੇ ਅਗੇ ਚਲ ਕੇ ਵਿਚਾਰ ਕੀਤੀ ਜਾਵੇਗੀ ਸਕੂਲ ਦੇ ਸਮੂਹ ਨਾਲੋਂ ਕਟਿਆ ਹੋਇਆ ਨਹੀਂ। ਕਈ ਹਾਲਤਾਂ ਵਿਚ ਮੈਂ ਸਮੁਚੇ ਤੌਰ ਉਤੇ ਸਕੂਲ ਦੇ ਚੌਖਟੇ ਵਿਚ ਵਿਦਿਅਕ ਕੰਮ ਦੇ ਰੂਪਾਂ ਅਤੇ ਢੰਗਾਂ ਨੂੰ ਲਵਾਂਗਾ। ਪਰ ਮੈਂ ਅਜਿਹਾ ਕਰਨ ਦਾ ਸਹਾਰਾ ਕੇਵਲ ਸ਼੍ਰੇਣੀ ਸਮੂਹ ਨੂੰ ਵਧੇਰੇ ਸਪਸ਼ਟਤਾ ਨਾਲ ਵਿਖਾਉਣ ਲਈ ਲਵਾਂਗਾ, ਕਿਉਂਕਿ ਸ਼੍ਰੇਣੀ ਵਿਚ ਵਿਦਿਅਕ ਕੰਮ ਦਾ ਤਤ ਹੀ ਸਕੂਲ ਵਿਚ ਵਿਦਿਆ ਦੀ ਸਫ਼ਲਤਾ ਲਈ ਮੁਖ ਸ਼ਰਤ ਹੈ।

੧੯੫੧ ਦੀ ਪਤ-ਝੜ ਵਿਚ ਸਕੂਲ ਸ਼ੁਰੂ ਹੋਣ ਤੋਂ ਤਿੰਨ ਹਫ਼ਤੇ ਪਹਿਲਾਂ ਪਹਿਲੀ ਜਮਾਤ ਦੇ ਵਿਦਿਆਰਥੀਆਂ ਦੇ ਨਾਲ ਹੀ ਨਾਲ ਛੇ ਵਰ੍ਹਿਆਂ ਦੇ ਮੁੰਡਿਆਂ ਅਤੇ ਕੁੜੀਆਂ ਦੇ ਨਾਂ ਵੀ ਦਰਜ ਕੀਤੇ ਗਏ, ਜਿਨ੍ਹਾਂ ਅਗਲੇ ਵਰ੍ਹੇ ਪੜ੍ਹਾਈ ਸ਼ੁਰੂ ਕਰਨੀ ਸੀ। * ਦਸ ਵਰ੍ਹੇ ਇਹਨਾਂ ਬਚਿਆਂ ਨਾਲ ਕੰਮ ਕਰਨਾ ਮੇਰੀ ਹੋਣੀ ਸੀ।

ਜਦੋਂ ਮੈਂ ਸਾਰੇ ਮਾਤਾ-ਪਿਤਾਵਾਂ ਅਤੇ ਬਚਿਆਂ ਨੂੰ ਇਕਠਾ ਕੀਤਾ ਅਤੇ ਇਹ ਤਜਵੀਜ਼ ਪੇਸ਼ ਕੀਤੀ ਕਿ ਉਹ ਜਮਾਤਾਂ ਸਰਕਾਰੀ ਤੌਰ ਉਤੇ ਸ਼ੁਰੂ ਹੋਣ ਤੋਂ ਇਕ ਵਰ੍ਹਾ ਪਹਿਲਾਂ ਬਚਿਆਂ ਨੂੰ ਸਕੂਲ ਭੇਜਣ ਤਾਂ ਰਾਵਾਂ ਵਖ ਵਖ ਸਨ: ਕੁਝ ਮਾਤਾ-ਪਿਤਾ ਨੇ ਮੇਰੀ ਭਾਵਨਾ ਦੀ ਹਮਾਇਤ ਕੀਤੀ, ਇਸ ਗਲ ਨੂੰ ਮੁਖ ਰਖਦੇ ਹੋਏ ਕਿ ਕਿਉਂਕਿ ਪਿੰਡ ਵਿਚ ਸਾਰਾ ਵਰ੍ਹਾ ਕੰਮ ਕਰਨ ਵਾਲਾ ਕੋਈ ਕਿੰਡਰਗਰਟਨ ਨਹੀਂ ਸੀ (ਉਹਨੀਂ ਦਿਨੀਂ ਪੇਂਡੂ ਕਿੰਡਰਗਰਟਨ ਕੇਵਲ ਹੁਨਾਲ ਵਿਚ ਕੰਮ ਕਰਦੇ ਸਨ), ਬਚਿਆਂ ਨੂੰ ਸਕੂਲ ਭੇਜਣ ਨਾਲ ਕੁਝ ਟਬਰਾਂ ਨੂੰ ਸੌਖ ਹੋਵੇਗਾ। ਹੋਰਨਾਂ ਦਾ ਵਿਚਾਰ ਸੀ ਕਿ ਸਮੇ ਤੋਂ ਪਹਿਲਾਂ ਪੜ੍ਹਾਈ ਸ਼ੁਰੂ ਕਰਨ ਨਾਲ ਬਚਿਆਂ ਦੀ ਸਿਹਤ ਉਤੇ ਬੁਰਾ ਪ੍ਰਭਾਵ ਪਵੇਗਾ। ਲਿਉਬਾ ਦੀ ਮਾਂ ਨੇ ਕਿਹਾ, "ਉਹਨਾਂ ਕੋਲ ਸਕੂਲੇ ਬਹਿਣ ਲਈ ਬਥੇਰਾ ਸਮਾਂ ਹੋਵੇਗਾ। ਅਸਲੀ ਬਚਪਨ ਤਾਂ ਉਹੋ ਹੈ ਜਿਹੜਾ ਉਹਨਾਂ ਸਕੂਲ ਦੀ ਪੜ੍ਹਾਈ ਸ਼ੁਰੂ ਕਰਨ ਤੋਂ ਪਹਿਲਾਂ ਮਾਣਨਾ ਹੈ।" ਇਹਨਾਂ ਸ਼ਬਦਾਂ ਨੇ ਮੈਨੂੰ ਇਕ ਵਾਰ ਫਿਰ ਸੋਚਣ ਉਤੇ ਮਜਬੂਰ ਕਰ ਦਿਤਾ ਕਿ ਬਚਾ ਜਦੋਂ ਸਕੂਲ ਦੀ ਪੜ੍ਹਾਈ ਸ਼ੁਰੂ ਕਰਦਾ ਹੈ ਤਾਂ ਉਹਦੇ ਜੀਵਨ ਦੇ ਸਾਰੇ ਵਹਿਣ ਵਿਚ ਤਿਖਾ ਮੋੜ ਕਿੰਨਾ ਹਾਨੀਕਾਰਕ ਹੁੰਦਾ ਹੈ, ਕਿ ਉਹਦੀ ਪ੍ਰਕਿਰਤਕ ਸ਼ਕਤੀ ਦੇ ਵਿਕਾਸ ਨੂੰ ਚੋਖਾ ਖੇਤਰ ਦੇਣ ਦੀ ਕਿੰਨੀ ਮਹਤਤਾ ਹੈ। ਮੈਂ ਉਹਨਾਂ ਨੂੰ ਕਿਹਾ ਕਿ ਸਬਕ ਸ਼ੁਰੂ ਹੋਣ ਤੋਂ ਇਕ ਵਰ੍ਹਾ ਪਹਿਲਾਂ ਸਕੂਲ ਆਉਣ ਦੇ ਅਰਥ ਸ਼੍ਰੇਣੀ ਦੇ ਕਮਰੇ ਵਿਚ ਬਹਿਣਾ ਨਹੀਂ ਹੋਵੇਗਾ।

ਬਚਿਆਂ ਦੇ ਪੜ੍ਹਾਈ ਸ਼ੁਰੂ ਕਰਨ ਤੋਂ ਪਹਿਲਾਂ ਦੇ ਇਸ ਵਰ੍ਹੇ ਦੀ ਮੈਨੂੰ ਹਰ ਬਚੇ ਨੂੰ ਚੰਗੀ ਤਰ੍ਹਾਂ ਜਾਣਨ, ਉਹਦੇ ਅਨੁਭਵਾਂ, ਵਿਚਾਰਾਂ ਅਤੇ ਬੌਧਕ ਕੰਮ ਦੇ ਢੰਗ ਦਾ ਅਧਿਅਨ ਕਰਨ ਲਈ ਲੋੜ ਸੀ। ਇਸ ਤੋਂ ਪਹਿਲਾਂ ਕਿ ਮਨੁਖ ਗਿਆਨ ਦੇ ਸਕੇ ਇਹ ਲਾਜ਼ਮੀ ਹੈ ਕਿ ਉਹ ਬਚਿਆਂ ਨੂੰ ਸੋਚਣਾ, ਅਨੁਭਵ ਕਰਨਾ, ਗਹੁ ਨਾਲ

---

*ਸੋਵੀਅਤ ਯੂਨੀਅਨ ਵਿਚ ਦਸ ਵਰ੍ਹਿਆਂ ਦੀ ਵਿਦਿਆ ਲਾਜ਼ਮੀ ਅਤੇ ਮੁਫ਼ਤ ਹੈ। ਵਿਦਿਅਕ ਵਰ੍ਹਾ ਪਹਿਲੀ ਸਤੰਬਰ ਨੂੰ ਸ਼ੁਰੂ ਹੁੰਦਾ ਹੈ ਅਤੇ ਹਰ ਵਰ੍ਹੇ ਉਹਨਾਂ ਬਚਿਆਂ ਦੇ ਨਾਂ ਦਰਜ ਕੀਤੇ ਜਾਂਦੇ ਹਨ ਜਿਨ੍ਹਾਂ ਅਗਲੇ ਵਰ੍ਹੇ ਪੜ੍ਹਾਈ ਸ਼ੁਰੂ ਕਰਨੀ ਹੁੰਦੀ ਹੈ ਤਾਂ ਜੁ ਠੀਕ ਗਿਣਤੀ ਦਾ ਪਤਾ ਰਹੇ ਅਤੇ ਪੂਰਾ ਇੰਤਜ਼ਾਮ ਕੀਤਾ ਜਾ ਸਕੇ। — **ਅਨੁ:**

ਵੇਖਣਾ ਸਿਖਾਵੇ। ਇਹ ਵੀ ਲਾਜ਼ਮੀ ਹੈ ਕਿ ਉਹਨੂੰ ਹਰ ਬਚੇ ਦੀ ਸਿਹਤ ਦੀ ਹਾਲਤ ਦਾ ਗਿਆਨ ਹੋਵੇ—ਇਸ ਤੋਂ ਬਿਨਾਂ ਸਾਧਾਰਨ ਢੰਗ ਨਾਲ ਪੜ੍ਹਾਉਣਾ ਅਸੰਭਵ ਹੈ।

ਬੰਧਕ ਪਾਲਣ-ਪੋਸਣ ਅਤੇ ਗਿਆਨ ਪ੍ਰਾਪਤੀ ਇਕੋ ਗਲ ਨਹੀਂ। ਭਾਵੇਂ ਇਹ ਵਿਦਿਆ ਤੋਂ ਬਿਨਾਂ ਅਸੰਭਵ ਹੈ, ਐਨ ਉਸੇ ਤਰ੍ਹਾਂ ਜਿਵੇਂ ਧੁਪ ਤੋਂ ਬਿਨਾਂ ਪਤੇ ਹਰੇ ਨਹੀਂ ਹੋ ਸਕਦੇ, ਪਰ ਮਨ ਦੀ ਸਿਖਿਆ ਨੂੰ ਉਸੇ ਤਰ੍ਹਾਂ ਵਿਦਿਆ ਨਾਲ ਸਗਵਾਂ ਨਹੀਂ ਕੀਤਾ ਜਾ ਸਕਦਾ ਜਿਵੇਂ ਹਰੇ ਪਤਿਆਂ ਨੂੰ ਸੂਰਜ ਨਾਲ ਸਗਵਾਂ ਨਹੀਂ ਕੀਤਾ ਜਾ ਸਕਦਾ।

ਸਿਖਿਅਕ ਦਾ ਸੰਬੰਧ ਸੋਚਣ ਵਾਲੇ ਪਦਾਰਥ ਨਾਲ ਪੈਂਦਾ ਹੈ, ਜਿਸਦੀ ਭਾਵ ਅਤੇ ਬੋਧ ਪ੍ਰਾਪਤ ਕਰਨ ਦੀ ਯੋਗਤਾ ਵਡੀ ਹਦ ਤਕ ਬਚੇ ਦੀ ਸਿਹਤ ਉਤੇ ਨਿਰਭਰ ਹੈ। ਇਹ ਨਿਰਭਰਤਾ ਬੜੀ ਸੂਖਮ ਅਤੇ ਅੱਖ ਨਾਲ ਸਮਝ ਆਉਣ ਵਾਲੀ ਹੈ। ਬਚਿਆਂ ਦੇ ਅੰਤ੍ਰੀਵ ਆਤਮਕ ਸੰਸਾਰ, ਵਿਸ਼ੇਸ਼ ਤੌਰ ਉਤੇ ਉਹਨਾਂ ਦੇ ਵਿਚਾਰਾਂ, ਦਾ ਅਧਿਅਨ ਅਧਿਆਪਕ ਦੇ ਅਤਿ-ਅੰਤ ਮਹਤਵ-ਪੂਰਨ ਕਾਰਜਾਂ ਵਿਚੋਂ ਇਕ ਹੈ।

## ਮੇਰੇ ਵਿਦਿਆਰਥੀਆਂ ਦੇ ਮਾਤਾ-ਪਿਤਾ

ਬਚਿਆਂ ਨੂੰ ਚੰਗੀ ਤਰ੍ਹਾਂ ਜਾਣਨ ਲਈ ਇਹ ਲਾਜ਼ਮੀ ਹੈ ਕਿ ਬੰਦਾ ਉਹਨਾਂ ਦੇ ਟਬਰਾਂ ਨੂੰ ਜਾਣੇ—ਪਿਤਾ, ਮਾਤਾ, ਭਰਾ, ਭੈਣਾਂ, ਦਾਦੇ, ਨਾਨੇ ਅਤੇ ਦਾਦੀਆਂ, ਨਾਨੀਆਂ। ਸਾਡੇ ਸਕੂਲ ਦੇ ਗੁਆਂਢ ਵਿਚ ਛੇ ਵਰ੍ਹਿਆਂ ਦੇ ੩੧ ਬਚੇ ਸਨ—੧੬ ਮੁੰਡੇ ਅਤੇ ੧੫ ਕੁੜੀਆਂ। ਸ਼ਾਰੇ ਮਾਤਾ-ਪਿਤਾਵਾਂ ਨੇ ਆਪਣੇ ਬਚਿਆਂ ਨੂੰ **ਖ਼ੁਸ਼ੀ ਦੇ ਸਕੂਲ** ਵਿਚ, ਜਿਹੜੇ ਨਾਂ ਨਾਲ ਛੇਤੀ ਹੀ ਮਾਤਾ ਅਤੇ ਪਿਤਾ ਸਾਡੇ ਸਕੂਲ ਤੋਂ ਪਹਿਲਾਂ ਦੀ ਚੋਲ਼ੀ ਨੂੰ ਸਦਣਾ ਸ਼ੁਰੂ ਕਰ ਦਿਤਾ, ਭੇਜਣਾ ਮੰਨ ਲਿਆ। ੩੧ ਬਚਿਆਂ ਵਿਚੋਂ ੧੧ ਦੇ ਪਿਤਾ ਨਹੀਂ ਸਨ ਅਤੇ ਦੋ ਦੇ ਨਾ ਮਾਤਾ ਸੀ ਅਤੇ ਨ ਪਿਤਾ। ਇਹਨਾਂ ਦੁਹਾਂ ਬਚਿਆਂ ਵਿਤੀਆ ਅਤੇ ਸਾਸ਼ਾ ਦੀ ਹੋਣੀ ਤ੍ਰਾਸਦਿਕ ਸੀ। ਵਿਤੀਆ ਦਾ ਪਿਤਾ ਮਹਾਨ ਦੇਸ-ਭਗਤਕ ਯੁਧ ਵਿਚ (੧੯੪੧-੪੫) ਛਾਪੇਮਾਰ ਵਜੋ ਲੜਿਆ ਅਤੇ ਆਪਣੀ ਪਤਨੀ ਦੀਆਂ ਅਖਾਂ ਸਾਹਮਣੇ ਤਸੀਹੇ ਦਿਤੇ ਜਾਣ ਪਿਛੋਂ ਫ਼ਾਸ਼ਿਸਟਾਂ ਨੇ ਉਹਨੂੰ ਕਤਲ ਕਰ ਦਿਤਾ। ਵਿਤੀਆ ਦੀ ਮਾਂ ਦੁਖ ਨਾ ਸਹਾਰ ਸਕੀ ਅਤੇ ਪਾਗਲ ਹੋ ਗਈ। ਮੁੰਡਾ ਇਸ ਤ੍ਰਾਸਦਿਕ ਘਟਨਾ ਤੋਂ ਛੇ ਮਹੀਨੇ ਪਿਛੋਂ ਜੰਮਿਆ। ਮਾਂ ਬਚੇ ਦੇ ਜੰਮਣ ਪਿਛੋਂ ਮਰ ਗਈ ਅਤੇ ਬਾਲ ਨੂੰ ਬੜੇ ਔਖ ਨਾਲ ਬਚਾਇਆ ਗਿਆ। ਸਾਸ਼ਾ ਦਾ ਪਿਤਾ ਮੋਰਚੇ ਉਤੇ ਮਾਰਿਆ ਗਿਆ ਅਤੇ ਮਾਂ ਪਿੰਡ ਵਿਚ ਫ਼ਾਸ਼ਿਸਟ ਹਮਲਾਵਰਾਂ ਨੂੰ ਕਢਣ ਲਈ ਹੋਈ ਲੜਾਈ ਵਿਚ ਮਾਰੀ ਗਈ।

**ਖ਼ੁਸ਼ੀ ਦੇ ਸਕੂਲ** ਦੇ ਖੁਲ੍ਹਣ ਤੋਂ ਕੁਝ ਹਫ਼ਤੇ ਪਹਿਲਾਂ ਮੈਂ ਹਰ ਟਬਰ ਤੋਂ ਜਾਣੂ ਹੋ ਗਿਆ। ਮੈਂ ਇਸ ਗਲੋਂ ਪ੍ਰੇਸ਼ਾਨ ਸਾਂ ਕਿ ਕਈ ਟਬਰਾਂ ਵਿਚ ਮਾਤਾ-ਪਿਤਾ ਅਤੇ

ਬਚਿਆਂ, ਪਿਤਾ ਅਤੇ ਮਾਤਾ ਵਿਚਕਾਰ ਮਿਤਰ ਵਾਯੂ-ਮੰਡਲ ਨਹੀਂ ਸੀ, ਪ੍ਰਸਪਰ ਸਤਿਕਾਰ ਦੀ, ਜਿਸਤੋਂ ਬਿਨਾਂ ਬਚੇ ਦਾ ਖ਼ੁਸ਼ ਜੀਵਨ ਅਸੰਭਵ ਹੈ, ਇਹਨਾਂ ਹਾਲਤਾਂ ਵਿਚ ਇਹਦੀ ਹੋਂਦ ਨਹੀਂ ਸੀ।

ਮੇਰੇ ਸਾਹਮਣੇ ਕਾਲੀਆਂ ਅਖਾਂ, ਸਾਉਲੇ ਰੰਗ ਅਤੇ ਠਿਬੇ ਨਕ ਵਾਲਾ ਕੌਲੀਆ ਖੜਾ ਹੈ। ਉਹਦੀ ਦਿਖ ਬੜੀ ਚੌਕੰਨੀ ਹੈ। ਮੈਂ ਉਹਦੇ ਵਲ ਵੇਖ ਕੇ ਮੁਸਕ੍ਰਾਇਆ ਅਤੇ ਉਹਨੇ ਹੋਰ ਕਰੜੀ ਘੂਰੀ ਵਟ ਲਈ। ਇਹਨਾਂ ਛਿਣਾਂ ਵਿਚ ਮੈਂ ਉਹਦੇ ਟਬਰ ਦੀਆਂ ਅਸਾਧਾਰਨ ਪ੍ਰਸਥਿਤੀ ਸੰਬੰਧੀ ਸੋਚਿਆ। ਫ਼ਾਸ਼ਿਸਟਾਂ ਨਾਲ ਯੁਧ ਤੋਂ ਪਹਿਲਾਂ ਉਹਦਾ ਪਿਤਾ ਜੇਲ੍ਹ ਵਿਚ ਰਿਹਾ ਸੀ ਅਤੇ ਉਹਦਾ ਟਬਰ ਦੱਨਬਾਸ ਪ੍ਰਦੇਸ਼ ਵਿਚ ਰਹਿੰਦਾ ਸੀ। ਫ਼ਾਸ਼ਿਸਟ ਕਬਜ਼ੇ ਸਮੇਂ ਉਹਦਾ ਪਿਤਾ ਜੇਲ੍ਹ ਵਿਚੋਂ ਨਿਕਲ ਆਇਆ ਅਤੇ ਉਹ ਸਾਡੇ ਪਿੰਡ ਵਿਚ ਰਹਿਣ ਲਗ ਪਏ। ਉਹਦੀ ਮਾਂ ਅਤੇ ਪਿਉ ਨੇ ਲੋਕਾਂ ਦੇ ਦੁਖ ਨੂੰ ਪੈਸੇ ਬਣਾਉਣ ਲਈ ਵਰਤਿਆ, ਉਹਨਾਂ ਫ਼ਾਸ਼ਿਸਟਾਂ ਦੇ ਚਾਟੜਿਆਂ ਵਲੋਂ ਚੁਰਾਈਆਂ ਵਸਤਾਂ ਲੁਕਾ ਕੇ ਨਫ਼ਾ ਖੋਰੀ ਕੀਤੀ। ਉਹਨਾਂ ਅੰਖੇ ਵਹ੍ਰਿਆਂ ਵਿਚ ਉਹਦੀ ਮਾਂ ਪੰਚਾਇਤੀ ਫ਼ਾਰਮ ਦੇ ਮੁਰਗ਼ੀਖ਼ਾਨੇ ਤੋਂ ਮੁਰਗੇ ਚੁਰਾਉਂਦੀ ਅਤੇ ਉਹਨੇ ਕੌਲੀਆ ਅਤੇ ਉਹਦੇ ਵਡੇ ਭਰਾ ਨੂੰ ਖਾਣ ਲਈ ਕਾਂ ਫੜਨੇ ਸਿਖਾਏ। ਬਚੇ ਪੰਛੀਆਂ ਨੂੰ ਮਾਰ ਦੇਂਦੇ ਅਤੇ ਉਹਨਾਂ ਦੀ ਮਾਂ ਉਹਨਾਂ ਨੂੰ ਭੁੰਨਦੀ ਅਤੇ ਬਾਜ਼ਾਰ ਵਿਚ ਮੁਰਗੇ ਕਹਿ ਕੇ ਵੇਚਦੀ।... ਮੈਂ ਉਸ ਮੁੰਡੇ ਵਲ ਵੇਖਦਾ ਰਿਹਾ, ਮੇਰਾ ਜੀਅ ਚਾਹੁੰਦਾ ਸੀ ਉਹ ਮੁਸਕ੍ਰਾਏ ਪਰ ਮੈਂ ਉਹਦੀਆਂ ਅਖਾਂ ਵਿਚ ਸੰਕੋਚ ਅਤੇ ਡਰ ਵੇਖਿਆ। ਕੌਲੀਆ, ਤੂੰ ਖੋਰ ਅਤੇ ਲੋਕਾਂ ਲਈ ਘਿਰਣਾ ਦੇ ਜਿਸ ਵਾਯੂ-ਮੰਡਲ ਵਿਚ ਪਲਿਆ, ਉਹਦਾ ਧੜਾ ਕਰਨ ਲਈ ਮੈਂ ਤੇਰੇ ਮਨ ਵਿਚ ਦਿਆਲ, ਮਨੁਖੀ ਭਾਵਨਾਵਾਂ ਕਿਵੇਂ ਜਗਾ ਸਕਦਾ ਹਾਂ? ਮੈਂ ਉਹਦੀ ਮਾਂ ਦੀਆਂ ਸਖਣੀਆਂ, ਬੇਪਰਵਾਹ ਅਖਾਂ ਵੇਖੀਆਂ ਅਤੇ ਮੈਨੂੰ ਫ਼ਿਕਰ ਲਗ ਗਿਆ।

ਇਸ ਪੁਸਤਕ ਵਿਚ ਇਹ ਵਿਸਥਾਰ ਪੇਸ਼ ਕਰਨ ਦਾ ਨਿਰਣਾ ਕਰਨ ਤੋਂ ਪਹਿਲਾਂ ਮੈਂ ਲੰਮੇ ਸਮੇਂ ਤਕ ਸੋਚਿਆ, ਦਰਜਨਾਂ ਵਾਰ ਉਹਨਾਂ ਨੂੰ ਕਟਿਆ ਅਤੇ ਫਿਰ ਪੁਸਤਕ ਵਿਚ ਸ਼ਾਮਲ ਕਰ ਲਿਆ। ਨਿਰਸੰਦੇਹ ਮੈਂ ਆਮ ਲਛਣੀਕਰਣ ਤਕ ਸੀਮਤ ਰਹਿ ਸਕਦਾ ਸਾਂ: ਪਿਤਾ ਅਤੇ ਮਾਤਾ ਬਚੇ ਲਈ ਸਦਾਚਾਰਕ ਇਮਾਨਦਾਰੀ ਦੀਆਂ ਉਦਾਹਰਣਾਂ ਨਹੀਂ ਸਨ। ਪਰ ਇਹ ਤਾਂ ਪੋਚਾ ਪਾਉਣ ਵਾਲੀ ਗਲ ਹੁੰਦੀ। ਸਾਨੂੰ ਆਪਣੇ ਆਲੇ ਦੁਆਲੇ ਦੀਆਂ ਘਿਰਣਤ ਗਲਾਂ ਵਲੋਂ ਅਖਾਂ ਨਹੀਂ ਮੋੜਨੀਆਂ ਚਾਹੀਦੀਆਂ। ਪਥਰ ਦੀ ਕੋਈ ਕੰਧ ਉਹਨਾਂ ਵਿਰੁਧ ਸਕੂਲ ਦੀ ਰਖਿਆ ਨਹੀਂ ਕਰ ਸਕਦੀ। ਇਸ ਬੁਰਾਈ ਵਿਰੁਧ ਘੋਲ ਕਰਨ ਅਤੇ ਉਹਦੇ ਉਤੇ ਕਾਬੂ ਪਾਉਣ ਲਈ, ਜਵਾਨ ਰੂਹਾਂ ਉਤੋਂ ਪੁਰਾਣੇ ਸੰਸਾਰ ਵਲੋਂ ਵਿਰਸੇ ਵਿਚ ਮਿਲਿਆ ਗੰਦ ਧੋਣ ਲਈ, ਇਹ ਲਾਜ਼ਮੀ ਹੈ ਕਿ ਅਸੀਂ ਦਲੇਰੀ ਨਾਲ ਸਚ ਦਾ ਸਾਹਮਣਾ ਕਰੀਏ।

ਸਿਣੀ-ਰੰਗੇ ਵਾਲਾਂ ਵਾਲਾ ਤੋਲੀਆ, ਜਿਸਦੀਆਂ ਅਖਾਂ ਅਸਮਾਨ ਵਾਂਗ ਨੀਲੀਆਂ

ਹਨ। ਉਹ ਆਪਣੀ ਮਾਂ ਦੇ ਕੋਲ ਖੜਾ ਸੀ, ਉਹਦਾ ਹਥ ਫੜੀ, ਤਾੜੀ ਲਾਕੇ ਧਰਤੀ ਵਲ ਵੇਖਦਾ ਅਤੇ ਕਦੀ ਕਦੀ ਉਪਰ ਨਿਗਾਹ ਮਾਰ ਲੈਂਦਾ। ਉਹਦਾ ਪਿਤਾ ਕਾਰਪੇਥਿਆਈ ਪਹਾੜਾਂ ਵਿਚ ਸੂਰਮੇ ਦੀ ਮੌਤ ਮਰਿਆ ਸੀ; ਉਹਦੀ ਮਾਂ ਨੂੰ ਉਹਦੇ ਮਰਨ ਪਿਛੋਂ ਉਹਦੇ ਕਈ ਮੈਡਲ ਮਿਲੇ ਸਨ। ਤੋਲੀਆ ਨੂੰ ਆਪਣੇ ਪਿਤਾ ਉਤੇ ਮਾਣ ਹੈ, ਪਰ ਪਿੰਡ ਵਿਚ ਉਹਦੀ ਮਾਂ ਦੀ ਸ਼ੋਭਾ ਮਾੜੀ ਹੈ; ਉਹ ਬਚੇ ਨੂੰ ਆਪਣਾ ਧਿਆਨ ਆਪ ਰਖਣ ਲਈ ਛਡ ਕੇ ਵੈਲੀ ਜੀਵਨ ਬਿਤਾਉਂਦੀ ਹੈ।... ਇਸ ਛੇ ਵਰ੍ਹਿਆਂ ਦੇ ਮੁੰਡੇ ਦੇ ਦਿਲ ਨੂੰ ਲੂਲ੍ਹਾ ਹੋਣੋਂ ਬਚਾਉਣ ਲਈ ਕੀ ਕੀਤਾ ਜਾ ਸਕਦਾ ਹੈ? ਇਸ ਲਈ ਕੀ ਕਦਮ ਚੁਕੇ ਜਾਣ ਕਿ ਉਹਦੀ ਮਾਂ ਹੋਸ਼ ਸੰਭਾਲ ਲਵੇ ਅਤੇ ਉਹਨੂੰ ਇਸ ਤਥ ਦੀ ਸੋਝੀ ਹੋ ਜਾਵੇ ਕਿ ਉਹਨੂੰ ਆਪਣੇ ਪੁਤਰ ਦਾ ਧਿਆਨ ਰਖਣਾ ਚਾਹੀਦਾ ਹੈ।

ਯੁਧ ਨੇ ਡੂੰਘੇ ਫਟ ਲਾਏ, ਫਟ ਜਿਹੜੇ ਅਜੇ ਅਲੇ ਸਨ। ਮੇਰੇ ਸਾਹਮਣੇ ੧੯੪੫ ਵਿਚ ਜੰਮੇ ਬਚੇ ਸਨ ਅਤੇ ਕੁਝ ਜਿਹੜੇ ੧੯੪੪ ਵਿਚ ਜੰਮੇ ਸਨ। ਉਹਨਾਂ ਵਿਚੋਂ ਕਈਆਂ ਦੇ ਪਿਤਾ ਉਹਨਾਂ ਦੇ ਜੰਮਣ ਤੋਂ ਪਹਿਲਾਂ ਮਰ ਗਏ ਸਨ; ਉਦਾਹਰਣ ਵਜੋਂ ਯੂਰਾ, ਜਿਸਦਾ ਪਿਤਾ ਯੁਧ ਦੇ ਅੰਤ ਤੋਂ ਦੋ ਦਿਨ ਪਹਿਲਾਂ ਚੈਕੋਸਲੋਵਾਕੀਆ ਵਿਚ ਮਾਰਿਆ ਗਿਆ। ਉਹਦੀ ਮਾਂ ਉਹਨੂੰ ਝਲਿਆਂ ਵਾਂਗ ਪਿਆਰ ਕਰਦੀ ਹੈ, ਉਹਦੀ ਹਰ ਇਛਾ ਪੂਰੀ ਕਰਨ ਦਾ ਜਤਨ ਕਰਦੀ ਹੈ। ਉਹਦਾ ਨਾਨਾ ਵੀ ਉਹਨਾਂ ਦੇ ਨਾਲ ਰਹਿੰਦਾ ਹੈ ਅਤੇ ਮੁੰਡੇ ਲਈ ਕੁਝ ਵੀ ਕਰਨ ਨੂੰ ਤਿਆਰ ਹੈ। ਮੈਂ ਟਬਰ ਸੰਬੰਧੀ ਜੋ ਕੁਝ ਜਾਣ ਸਕਿਆ, ਉਸ ਤੋਂ ਮੈਂ ਇਸ ਸਿਟੇ ਉਤੇ ਅਪੜਿਆ ਕਿ ਛੇ ਸਾਲਾਂ ਦਾ ਇਹ ਮੁੰਡਾ ਜਾਬਰ ਬਣ ਸਕਦਾ ਹੈ। ਮਾਂ ਦਾ ਅੰਨ੍ਹਾ ਪਿਆਰ ਉੱਨਾਂ ਹੀ ਖ਼ਤਰਨਾਕ ਹੈ ਜਿੰਨੀ ਲਾਪਰਵਾਹੀ।

ਪੈਂਤ੍ਰਿਕ ਆਪਣੀ ਮਾਂ ਅਤੇ ਦਾਦੇ ਦੇ ਨਾਲ ਆਇਆ। ਮੈਂ ਇਸ ਨਿਕੇ ਮੁੰਡੇ ਦੀ ਮਾਂ ਦੇ ਔਖੇ ਜੀਵਨ ਸੰਬੰਧੀ ਬਹੁਤ ਕੁਝ ਸੁਣਿਆ ਸੀ। ਉਹਦਾ ਪਹਿਲਾ ਪਤੀ ਉਹਨੂੰ ਯੁਧ ਤੋਂ ਪਹਿਲਾਂ ਛਡ ਗਿਆ। ਇਸਤ੍ਰੀ ਨੇ ਦੂਜੀ ਵਾਰ ਵਿਆਹ ਕਰਵਾ ਲਿਆ, ਪਰ ਇਹ ਵਿਆਹ ਵੀ ਸੁਭਾਗਾ ਸਾਬਤ ਨਾ ਹੋਇਆ: ਪਤਾ ਲਗਾ ਕਿ ਪੈਂਤ੍ਰਿਕ ਦੇ ਪਿਤਾ ਦਾ ਸਾਇਬੇਰੀਆ ਵਿਚ ਕਿਧਰੇ ਇਕ ਹੋਰ ਟਬਰ ਸੀ ਅਤੇ ਉਹ ਯੁਧ ਤੋਂ ਪਿਛੋਂ ਚਲਾ ਗਿਆ। ਮਾਣ-ਮਤੀ ਮਾਂ ਨੇ ਪੁਤਰ ਨੂੰ ਇਹ ਦਸਣ ਦਾ ਨਿਰਣਾ ਕੀਤਾ ਕਿ ਉਹਦਾ ਪਿਤਾ ਮੋਰਚੇ ਉਤੇ ਮਾਰਿਆ ਗਿਆ ਹੈ। ਸੋ ਮੁੰਡੇ ਨੇ ਹੋਰ ਬਚਿਆਂ ਨੂੰ ਆਪਣੇ ਪਿਤਾ ਦੇ ਕਾਲਪਨਿਕ ਕਾਰਨਾਮਿਆਂ ਸੰਬੰਧੀ ਦਸਿਆ ਪਰ ਉਹਨਾਂ ਉਹਦੇ ਉਤੇ ਇਤਬਾਰ ਨਾ ਕੀਤਾ। ਉਹਨਾਂ ਕਿਹਾ ਉਹਦਾ ਪਿਤਾ ਝੂਠਾ ਸੀ। ਪੈਂਤ੍ਰਿਕ ਰੋਂਦਾ ਹੋਇਆ ਆਪਣੀ ਮਾਂ ਕੋਲ ਨਠ ਗਿਆ, ਪਰ ਇਹ ਗਲ ਸਪਸ਼ਟ ਸੀ ਕਿ ਨਿਰਦਈ ਲੋਕਾਂ ਨੇ ਬਚੇ ਦੀ ਆਤਮਾ ਵਿਚ ਕੁੜਿਤਣ ਅਤੇ ਬੇਇਤਬਾਰੀ ਭਰ ਦਿਤੀ ਸੀ। ਕੀ ਕੀਤਾ ਜਾਵੇ ਤਾਂ ਜੁ ਇਹ ਬਚਾ ਚੰਗਿਆਈ ਵਿਚ ਯਕੀਨ ਕਰਨਾ ਸਿਖ ਲਵੇ?

ਕੌਸਤੀਆ ਸਤਾਂ ਦਾ ਹੋ ਵੀ ਗਿਆ ਸੀ ਪਰ ਉਹਨੇ ਸਕੂਲ ਹੀ ਪੜ੍ਹਾਈ ਸ਼ੁਰੂ ਨਹੀਂ ਸੀ ਕੀਤੀ। ਪਿਤਾ, ਮਤਰੇਈ ਮਾਂ ਅਤੇ ਦਾਦਾ ਉਸਨੂੰ ਸਕੂਲ ਵਿਚ ਲਿਆਏ। ਇਸ ਬਚੇ ਉਤੇ ਵੀ ਯੁਧ ਦੀਆਂ ਤ੍ਰਾਸਦੀਆਂ ਦਾ ਪਰਛਾਵਾਂ ਪਿਆ ਸੀ। ਪਿੰਡ ਦੀ ਫ਼ਾਸ਼ਿਸਟ ਹਮਲਾਵਰਾਂ ਤੋਂ ਮੁਕਤੀ ਤੋਂ ਕੁਝ ਦਿਨ ਪਿਛੋਂ ਕੌਸਤੀਆ ਦੀ ਗਰਭਵਤੀ ਮਾਂ ਨੂੰ, ਜਿਸ ਦੇ ਘਰ ਕਿਸੇ ਵੀ ਦਿਨ ਬਚਾ ਹੋਣ ਵਾਲਾ ਸੀ, ਧਾਤ ਦੀਆਂ ਕੁਝ ਵਸਤਾਂ ਲਭੀਆਂ ਅਤੇ ਇਹ ਉਹਨੇ ਆਪਣੇ ਸਤਾਂ ਵਰ੍ਹਿਆਂ ਦੇ ਪੁਤਰ ਨੂੰ ਖੇਡਣ ਲਈ ਦੇ ਦਿਤੀਆਂ। ਇਹਨਾਂ ਵਸਤਾਂ ਵਿਚ ਇਕ ਸੁਰੰਗ ਦਾ ਫ਼ਿਊਜ਼ ਸੀ। ਫ਼ਿਊਜ਼ ਫਟ ਗਿਆ ਅਤੇ ਪੁਤਰ ਮਰ ਗਿਆ। ਮਾਂ ਨੇ ਫਾਹਾ ਲੈ ਲਿਆ। ਪਰ ਕੁਝ ਲੋਕ ਸਮੇ ਸਿਰ ਆ ਗਏ ਅਤੇ ਉਹਨੂੰ ਫਾਹੇ ਵਿਚੋਂ ਕਢ ਲਿਆ, ਉਹ ਮੌਤ ਦੇ ਵਲਿਅਸ ਖਾ ਰਹੀ ਸੀ ਕਿ ਕੌਸਤੀਆ ਦਾ ਜਨਮ ਹੋਇਆ। ਇਕ ਚਮਤਕਾਰ ਨੇ ਉਹਨੂੰ ਬਚਾ ਲਿਆ; ਇਕ ਗੁਆਂਢਣ ਨੇ ਆਪਣੇ ਬਚੇ ਦੇ ਨਾਲ ਉਹਨੂੰ ਵੀ ਦੁਧ ਚੁੰਘਾਇਆ। ਉਹਦਾ ਪਿਤਾ ਮੋਰਚੇ ਤੋ ਮੁੜ ਆਇਆ। ਉਹ ਮੁੰਡੇ ਦੀ ਰਖਿਆ ਕਰਦਾ ਅਤੇ ਉਹਨੂੰ ਪਿਆਰ ਕਰਦਾ, ਉਹਦੇ ਉਤੇ ਜਾਨ ਦੇਂਦਾ। ਉਹਦੀ ਮਤਰੇਈ ਮਾਂ, ਇਕ ਚੰਗੀ ਇਸਤ੍ਰੀ, ਅਤੇ ਉਹਦਾ ਦਾਦਾ ਵੀ ਉਹਨੂੰ ਪਿਆਰ ਕਰਦੇ ਪਰ ਜਦੋਂ ਕੌਸਤੀਆ ਪੰਜਾਂ ਵਰ੍ਹਿਆਂ ਦਾ ਸੀ ਤਾਂ ਇਕ ਨਵੀਂ ਬਦਕਿਸਮਤੀ ਆਣ ਪਈ: ਉਹਨੂੰ ਸਬਜ਼ੀਆਂ ਦੀ ਪੈਲੀ ਵਿਚ ਇਕ ਚਮਕੀਲੀ ਵਸਤ ਮਿਲੀ ਅਤੇ ਕੌਸਤੀਆ ਨੇ ਉਹਨੂੰ ਕਿਸੇ ਸ਼ੈ ਨਾਲ ਕੁਟਣਾ ਸ਼ੁਰੂ ਕਰ ਦਿਤਾ। ਉਹ ਫਟ ਗਈ ਅਤੇ ਲਹੂ-ਲੁਹਾਣ ਬਚੇ ਨੂੰ ਹਸਪਤਾਲ ਲਿਜਾਇਆ ਗਿਆ। ਕੌਸਤੀਆ ਅਪੰਗ ਹੋ ਗਿਆ: ਸਾਰੀ ਉਮਰ ਉਹ ਖਬੀ ਬਾਂਹ ਅਤੇ ਅਖ ਤੋਂ ਬਿਨਾਂ ਰਹੇਗਾ ਅਤੇ ਬਾਰੂਦ ਦੇ ਨੀਲੇ ਕਿਣਕੇ ਸਦਾ ਲਈ ਉਹਦੇ ਮੂੰਹ ਦੀ ਚਮੜੀ ਵਿਚ ਘੁਸ ਗਏ ਸਨ।...

ਕੌਸਤੀਆ, ਤੈਨੂੰ ਕਿੰਨਾ ਕੁਝ ਦਿਤਾ ਜਾਵੇ, ਕਿੰਨਾ ਹਾਰਦਿਕ ਨਿਘ ਅਤੇ ਦਿਆਲ ਲਾਡ ਪਿਆਰ ਦਿਤੇ ਜਾਣ ਤਾਂ ਜੁ ਤੂੰ ਇਕ ਖ਼ੁਸ਼ ਮਨੁਖ ਬਣ ਜਾਵੇ? ਤੇਰੇ ਪਿਤਾ, ਦਿਆਲ ਮਤਰੇਈ ਮਾਂ ਅਤੇ ਦਾਦੇ ਨਾਲ ਕਿਵੇਂ ਗਲ ਕੀਤੀ ਜਾਵੇ ਤਾਂ ਜੁ ਉਹਨਾਂ ਦਾ ਪਿਆਰ ਸਿਆਣਾ ਅਤੇ ਕਰੜਾ ਬਣ ਜਾਵੇ? ਤੂੰ ਪੜ੍ਹਣ ਯੋਗ ਕਿਵੇਂ ਬਣੇਂਗਾ? ਤੇਰਾ ਟਬਰ ਕਹਿੰਦਾ ਹੈ ਕਿ ਤੇਰੇ ਸਿਰ ਵਿਚ ਪੀੜਾਂ ਹੁੰਦੀਆਂ ਹਨ। ਤੇਰੀ ਪੜ੍ਹਾਈ ਕਿਵੇਂ ਸੌਖੇਰੀ ਬਣਾਈ ਜਾ ਸਕਦੀ ਹੈ, ਸਿਹਤ ਚੰਗੇਰੀ ਬਣਾਈ ਜਾ ਸਕਦੀ ਅਤੇ ਤੇਰੇ ਉਦਾਸ ਰੌਂ ਨੂੰ ਠੀਕ ਕੀਤਾ ਜਾ ਸਕਦਾ ਹੈ? ਤੇਰਾ ਪਿਤਾ ਕਹਿੰਦਾ ਹੈ ਕਿ ਕਈ ਵਾਰ ਤੂੰ ਇਕ ਪਾਸੇ ਚਲਾ ਜਾਂਦਾ ਹੈਂ ਅਤੇ ਰੋਣ ਲਗ ਪੈਂਦਾ ਹੈਂ। ਤੇਰੀ ਉਮਰ ਦੇ ਬਚਿਆਂ ਦੀਆਂ ਖੇਡਾਂ ਤੈਨੂੰ ਖਿਚ ਨਹੀਂ ਪਾਉਂਦੀਆਂ।...

ਭੂਰੀਆਂ ਅਖਾਂ ਵਾਲਾ, ਸੋਚਵਾਨ ਸਲਾਵਾ ਆਪਣੀ ਮਾਂ ਕੋਲ ਬੈਠਾ ਹੈ। ਉਹਦੀ ਮਾਂ ਦਾ ਜੀਵਨ ਇਕਲੀ ਇਸਤ੍ਰੀ ਦਾ ਔਖਾ ਜੀਵਨ ਰਿਹਾ ਹੈ। ਜਵਾਨੀ ਵਿਚ ਉਹਨੇ ਖ਼ੁਸ਼ੀ ਦੇ ਸੁਪਨੇ ਲਏ ਪਰ ਕਿਉਂਕਿ ਉਹ ਸੁਹਣੀ ਨਹੀਂ ਸੀ, ਇਸ ਲਈ ਕੋਈ ਉਹਦੇ

ਨਾਲ ਵਿਆਹ ਕਰਨ ਨੂੰ ਤਿਆਰ ਨਾ ਹੋਇਆ। ਉਹਦੀ ਜਵਾਨੀ ਲੰਘ ਗਈ ਅਤੇ ਉਹ ਨਿਜੀ ਖ਼ੁਸ਼ੀ ਤੋਂ ਵਿਰਵੀ ਰਹਿ ਗਈ। ਫਿਰ ਯੁਧ ਤੋਂ ਪਿਛੋਂ, ਇਕ ਉਹਦੇ ਜਿਹਾ ਹੀ ਇਕਲਾ ਬੰਦਾ, ਫਟਾਂ ਨਾਲ ਭਰਿਆ ਘਰ ਮੁੜਿਆ। ਉਸ ਬੰਦੇ ਨੂੰ ਉਹਦੇ ਨਾਲ ਪਿਆਰ ਹੋ ਗਿਆ ਅਤੇ ਉਹਨਾਂ ਵਿਆਹ ਕਰ ਲਿਆ। ਪਰ ਉਹਨਾਂ ਦੀ ਖ਼ੁਸ਼ੀ ਥੁੜ-ਚਿਰੀ ਸੀ, ਛੇਤੀ ਹੀ ਪਤੀ ਮਰ ਗਿਆ। ਇਸਤ੍ਰੀ ਨੇ ਆਪਣਾ ਸਾਰਾ ਪਿਆਰ ਆਪਣੇ ਪੁਤਰ ਵਲ ਮੋੜ ਦਿਤਾ ਪਰ ਉਹਨੇ ਉਹਨੂੰ ਚੰਗੀ ਤਰ੍ਹਾਂ ਨਾ ਪਾਲਿਆ। ਲੋਕ ਕਹਿੰਦੇ ਸਨ ਕਿ ਸਲਾਵਾ ਲੋਕਾਂ ਨੂੰ ਪਸੰਦ ਨਹੀਂ ਸੀ ਕਰਦਾ, ਕਿ ਉਹ ਕਈ ਕਈ ਦਿਨ ਘਰ ਬੈਠਾ ਰਹਿੰਦਾ ਅਤੇ ਜਿਉਂ ਹੀ ਉਹਨੂੰ ਕੁਝ ਕਰਨ ਲਈ ਕਿਹਾ ਜਾਂਦਾ ਉਹ ਘੂਰਨ ਲਗ ਪੈਂਦਾ। ਹੁਣ ਵੀ ਜਦੋਂ ਮੈਂ ਉਹਦੀਆਂ ਅਖਾਂ ਵਿਚ ਝਾਕਦਾ ਹਾਂ ਤਾਂ ਉਹਦੀਆਂ ਅਖਾਂ ਇਕ ਦਮ ਕਾਟਵੀਆਂ ਅਤੇ ਸੋਘੀ ਹੋ ਜਾਂਦੀਆਂ ਹਨ।

ਪਰ ਜਿੰਨੀ ਚੰਗੀ ਤਰ੍ਹਾਂ ਮੈਂ ਆਪਣੇ ਵਿਦਿਆਰਥੀਆਂ ਤੋ ਜਾਣੂ ਹੋਇਆ, ਮੈਨੂੰ ਨਿਸ਼ਚਾ ਹੋ ਗਿਆ ਕਿ ਮੇਰੇ ਸਾਹਮਣੇ ਮੁਖ ਕਾਰਜਾਂ ਵਿਚੋਂ ਇਕ ਉਹਨਾਂ ਨੂੰ ਬਚਪਨ ਮੋੜਨਾ ਸੀ, ਜਿਹੜੇ ਆਪਣੇ ਟਬਰਾਂ ਵਿਚ ਇਸ ਤੋਂ ਵਿਰਵੇ ਰਹੇ ਸਨ।

ਸਕੂਲ ਵਿਚ ਤਿੰਨ ਵਰ੍ਹੇ ਕੰਮ ਕਰਨ ਦੇ ਦੌਰਾਨ ਮੈਂ ਅਜਿਹੇ ਦਰਜਨਾਂ ਬਚੇ ਵੇਖੇ ਸਨ। ਜੀਵਨ ਸਿਖਾਉਂਦਾ ਹੈ ਕਿ ਜੇ ਤੁਸੀਂ ਇਨਸਾਫ਼ ਅਤੇ ਚੰਗਿਆਈ ਵਿਚ ਬਚੇ ਦਾ ਭਰੋਸਾ ਮੁੜ ਸਥਾਪਤ ਨਹੀਂ ਕਰ ਸਕਦੇ ਤਾਂ ਉਹ ਕਦੀ ਇਹ ਅਨੁਭਵ ਨਹੀਂ ਕਰੇਗਾ ਕਿ ਉਹ ਇਕ ਵਿਅਕਤੀ ਹੈ; ਉਹਨੂੰ ਨਿਜੀ ਯੋਗਤਾ ਦਾ ਕਦੀ ਅਨੁਭਵ ਨਹੀਂ ਹੋਵੇਗਾ। ਅਜਿਹਾ ਸ਼ਗਿਰਦ ਕੁੜਿਤਣ ਭਰਿਆ ਗਭਰੇਟ ਹੋਵੇਗਾ; ਉਹਦੇ ਲਈ ਜੀਵਨ ਵਿਚ ਕੁਝ ਵੀ ਪਵਿਤਰ ਨਹੀਂ ਹੋਵੇਗਾ। ਆਪਣੇ ਅਧਿਆਪਕ ਦੇ ਸ਼ਬਦ ਉਹਦੇ ਦਿਲ ਤਕ ਨਹੀਂ ਅਪੜਨਗੇ।

ਅਜਿਹੇ ਬਚੇ ਨੂੰ ਵਲ ਕਰਨਾ ਅਧਿਆਪਕ ਦੇ ਵਧੇਰੇ ਔਖੇ ਕਾਰਜਾਂ ਵਿਚੋ ਇਕ ਹੈ; ਇਹ ਸਭ ਤੋਂ ਵਧ ਨਾਜ਼ਕ, ਸਭ ਤੋਂ ਵਧ ਸਿਰੜ ਵਾਲਾ ਕਾਰਜ, ਬੁਨਿਆਦੀ ਤੌਰ ਉਤੇ ਆਪਣੇ ਵਿਦਿਆਰਥੀਆਂ ਨੂੰ ਮਨੁਖ ਬਣਨਾ ਸਿਖਾਉਣਾ ਹੈ। ਇਹ ਕਲਾ ਸਿਖਾਉਣ ਦਾ ਅਰਥ ਕੇਵਲ ਉਹ ਰਾਹ ਵੇਖਣਾ ਅਤੇ ਅਨੁਭਵ ਕਰਨਾ ਨਹੀਂ, ਜਿਸ ਰਾਹੀਂ ਬਚਾ ਚੰਗਿਆਈ ਅਤੇ ਬੁਰਾਈ ਨੂੰ ਪਛਾਣਨ ਲਗਦਾ ਹੈ ਸਗੋ ਬਚੇ ਦੇ ਸੂਖਮ ਦਿਲ ਨੂੰ ਬੁਰਾਈ ਤੋ ਬਚਾਉਣਾ ਹੈ।

ਬਚਿਆਂ ਦੀਆਂ ਗੂੜ੍ਹੀਆਂ, ਸ਼ਰਬਤੀ ਅਤੇ ਨੀਲੇ ਰੰਗ ਦੀਆਂ ਅਨੇਕ ਭਾਹਾਂ ਦੀਆਂ ਅਖਾਂ ਵਿਚ ਝਾਕਦੇ ਹੋਏ—ਮੈਂ ਸੋਚਦਾ ਕਿ ਮੇਰੇ ਵਿਚ ਉਹਨਾਂ ਦੇ ਦਿਲ ਨਿਘੇ ਬਣਾਉਣ ਲਈ ਚੋਖੀ ਚੰਗਿਆਈ ਅਤੇ ਦਿਆਲਤਾ ਹੈ ਜਾਂ ਨਹੀਂ। ਮੈਨੂੰ ਨਾਦੇਜ਼ੂਦਾ ਕਰੁਪਸਕਾਇਆ ਦੀ ਗਲ ਚੇਤੇ ਆਈ: "ਬਚੇ ਲਈ ਵਿਚਾਰ ਸ਼ਖਸੀਅਤ ਨਾਲੋਂ ਅਨਿਖੜਵਾਂ ਹੁੰਦਾ ਹੈ। ਉਹ ਆਪਣੇ ਪਿਆਰੇ ਅਧਿਆਪਕ ਦੀ ਗਲ ਕਿਸੇ

ਓਪਰੇ ਜਾਂ ਘਿਰਣਤ ਮਨੁਖ ਦੀ ਗਲ ਨਾਲੋਂ ਹੋਰ ਤਰ੍ਹਾਂ ਸੁਣੇਗਾ।" ਸਿਖਿਆ ਗਲ ਬਾਤ ਅਤੇ ਨਿਜੀ ਉਦਾਹਰਣ ਰਾਹੀਂ ਦੇਣੀ ਪਵੇਗੀ। ਇਹ ਲਾਜ਼ਮੀ ਹੈ ਕਿ ਬਚੇ ਮੇਰੀ ਗਲ ਅਤੇ ਅਮਲਾਂ ਵਿਚ ਚੰਗਿਆਈ, ਸੁਹਪਣ ਅਤੇ ਸਚ ਵੇਖਣ। ਨਿਘ, ਸੁਹਿਰਦਤਾ ਅਤੇ ਦਿਆਲਤਾ ਮੇਰੇ ਸ਼ਬਦਾਂ ਵਿਚੋਂ ਹਰ ਇਕ ਦੇ ਪਿਛੇ ਹੋਣੀ ਚਾਹੀਦੇ ਹਨ।

ਗਾਲੀਆ ਨੂੰ ਉਹਦਾ ਪਿਤਾ ਲਿਆਇਆ। ਉਹਨੇ ਅਤੇ ਉਹਦੀ ਨਿਕੀ ਭੈਣ ਨੇ ਬੜਾ ਦੁਖ ਭੋਗਿਆ ਸੀ: ਉਹਨਾਂ ਦੀ ਮਾਂ ਮਰ ਗਈ ਸੀ। ਇਕ ਵਰ੍ਹਾ ਪਿਛੋਂ ਉਹਨਾਂ ਦੇ ਪਿਤਾ ਨੇ ਫਿਰ ਵਿਆਹ ਕਰਵਾ ਲਿਆ, ਅਤੇ ਇਕ ਓਪਰੀ ਇਸਤ੍ਰੀ ਪਰ ਜਿਹੜੀ ਦਿਆਲ, ਇਮਾਨਦਾਰ ਅਤੇ ਹਮਦਰਦ ਸੀ, ਉਹਨਾਂ ਦੇ ਘਰ ਵਿਚ ਆ ਗਈ। ਉਹਨੇ ਕੁੜੀਆਂ ਦੇ ਦਿਲ ਜਿਤਣ ਦਾ ਜਤਨ ਕੀਤਾ, ਉਹ ਉਹਨਾਂ ਦੀਆਂ ਭਾਵਨਾਵਾਂ ਦਾ ਧਿਆਨ ਰਖਦੀ, ਉਹਨੂੰ ਆਸ ਸੀ ਕਿ ਉਹ ਉਹਨੂੰ ਪਸੰਦ ਕਰਨ ਲਗ ਪੈਣਗੀਆਂ। ਹਫਤੇ ਲੰਘਦੇ ਗਏ ਅਤੇ ਫਿਰ ਮਹੀਨੇ ਪਰ ਗਾਲੀਆ ਅਤੇ ਉਹਦੀ ਨਿਕੀ ਭੈਣ ਵਾਲੀਆ ਤਾਂ ਆਪਣੀ ਮਤਰੇਈ ਮਾਂ ਨਾਲ ਗਲ ਵੀ ਨਹੀਂ ਸਨ ਕਰਨਾ ਚਾਹੁੰਦੀਆਂ। ਇਉਂ ਜਾਪਦਾ ਸੀ ਜਿਵੇਂ ਉਹਨਾਂ ਉਹਨੂੰ ਵੇਖਿਆ ਹੀ ਨਹੀਂ। ਇਸਤ੍ਰੀ ਰੋਈ, ਉਹਨੇ ਆਪਣੇ ਪਤੀ ਅਤੇ ਰਿਸ਼ਤੇਦਾਰਾਂ ਨਾਲ ਸਲਾਹ ਕੀਤੀ—ਉਹ ਕੀ ਕਰੇ? ਉਹਨੇ ਤਾਂ ਉਥੋਂ ਚਲੇ ਜਾਣ ਸੰਬੰਧੀ ਵੀ ਸੋਚਿਆ, ਪਰ ਫਿਰ ਉਹਦੇ ਘਰ ਬਚਾ ਹੋ ਗਿਆ। ਉਹਨੂੰ ਆਸ ਸੀ ਕਿ ਬਚੇ ਦੇ ਆਉਣ ਨਾਲ ਕੁੜੀਆਂ ਦਾ ਦਿਲ ਨਿਘ ਨਾਲ ਭਰ ਜਾਵੇਗਾ ਪਰ ਉਹਦੀ ਆਸ ਪੂਰੀ ਨਾ ਹੋਈ। ਕੁੜੀਆਂ, ਵਿਸ਼ੇਸ਼ ਤੌਰ ਉਤੇ ਗਾਲੀਆ ਆਪਣੇ ਨਿਕੇ ਭਰਾ ਵਲ ਵੇਖਣਾ ਵੀ ਨਹੀਂ ਸਨ ਚਾਹੁੰਦੀਆਂ। ਉਹਦੇ ਮਾਣ-ਮਤੇ ਦਿਲ ਨੂੰ ਕਿਵੇਂ ਛੁਹਿਆ ਜਾਵੇ? ਮਾਤਾ ਅਤੇ ਪਿਤਾ ਨੂੰ ਕੀ ਸਲਾਹ ਦਿਤੀ ਜਾਵੇ ਜਦੋਂ ਅਸਲੀਅਤ ਇਹ ਸੀ ਕਿ ਪਿਤਾ ਪਹਿਲਾਂ ਹੀ ਮੇਰੇ ਕੋਲ ਆਇਆ ਸੀ ਅਤੇ ਆਪਣਾ ਦਿਲ ਖੋਹਲ ਵਿਖਾਇਆ ਸੀ? ਮੈਂ ਉਤਰ ਦਿਤਾ ਕਿ ਗਾਲੀਆ ਦਾ ਹੋਰ ਚੰਗੀ ਤਰ੍ਹਾਂ ਜਾਣੂ ਹੋਣ ਪਿਛੋਂ ਹੀ ਮੈਂ ਇਸ ਪ੍ਰਸ਼ਨ ਦਾ ਉਤਰ ਦੇ ਸਕਦਾ ਹਾਂ।

ਗੁਦਗੁਦੀ, ਭੂਰੀਆਂ ਅਖਾਂ ਵਾਲੀ, ਮੁਸਕ੍ਰਾਉਂਦੀ ਲਾਰੀਸਾ, ਹਥ ਵਿਚ ਗੁਲ-ਦਾਊਦੀ ਦਾ ਫੁਲ ਲਈ, ਆਪਣੀ ਮਾਂ ਦੇ ਕੋਲ ਬੈਠੀ ਸੀ। ਮੈਂ ਜਾਣਦਾ ਸਾਂ ਕਿ ਉਹਦੀ ਮਾਂ ਦਾ ਦਿਲ ਦੁਖ ਨਾਲ ਭਾਰਾ ਸੀ। ਉਹਦਾ ਪਤੀ ਉਹਨੂੰ ਛਡ ਗਿਆ ਸੀ ਅਤੇ ਨਿਕੀ ਕੁੜੀ ਨੂੰ ਆਪਣੇ ਪਿਤਾ ਦਾ ਕੁਝ ਚੇਤਾ ਨਹੀਂ ਸੀ। ਪਰ ਮਾਂ ਨੇ ਉਹਨੂੰ ਕਿਹਾ ਸੀ, "ਪਿਤਾ ਘਰ ਮੁੜ ਆਵੇਗਾ।" ਪਿਛੋਂ ਜਾਕੇ ਇਸਤ੍ਰੀ ਨੇ ਇਕ ਚੰਗੇ ਬੰਦੇ ਨਾਲ ਵਿਆਹ ਕਰ ਲਿਆ ਅਤੇ ਨਿਕੀ ਕੁੜੀ ਨੂੰ ਇਹ ਨਿਸ਼ਚਾ ਕਰਾਉਣ ਵਿਚ ਸਫਲ ਹੋ ਗਈ ਕਿ ਉਹ ਉਹਦਾ ਅਸਲੀ ਪਿਤਾ ਸੀ। ਲਾਰੀਸਾ ਉਸ ਬੰਦੇ ਨੂੰ ਪਿਆਰ ਕਰਦੀ ਪਰ ਮਾਂ ਨੂੰ ਸਦਾ ਤੌਖਲਾ ਲਗਾ ਰਹਿੰਦਾ ਕਿ ਬੇਧਿਆਨੇ ਕਹੀ

ਗਲ ਉਹਦੇ ਝੂਠ ਤੋਂ ਪਰਦਾ ਲਾਹ ਦੇਵੇਗੀ। ਨਿਕੀ ਕੁੜੀ ਖ਼ੁਸ਼ ਸੀ ਪਰ ਉਹਦੇ ਦਿਲ ਦੀ ਨਿਰਦਈ ਸ਼ਬਦਾਂ ਦੀ ਖਰ੍ਹਵੀ ਕਾਟ ਵਿਰੁਧ ਚੌਕਸੀ ਨਾਲ ਰਖਿਆ ਕਰਨੀ ਜ਼ਰੂਰੀ ਸੀ। ਕੀ ਉਹਦੇ ਚੰਗੇ ਮਾਤਾ ਪਿਤਾ ਰਾਹੀਂ ਅਜਿਹਾ ਕੀਤਾ ਜਾ ਸਕਦਾ ਸੀ? ਉਹ ਉਹਦਾ ਅਸਲੀ ਪਿਤਾ ਨਹੀਂ ਸੀ ਪਰ ਕਿੰਨਾਂ ਚੰਗਾ ਹੁੰਦਾ ਜੇ ਹਰ ਬਚੇ ਦਾ ਅਸਲੀ ਪਿਤਾ ਉਸ ਬਚੀ ਦੇ ਮਤਰੇਏ ਪਿਤਾ ਜਿਹਾ ਚੰਗਾ ਹੁੰਦਾ। ਜਿੰਨਾ ਵਧੇਰੇ ਮੈਂ ਉਸ ਬੰਦੇ ਦਾ ਜਾਣੂ ਹੁੰਦਾ ਗਿਆ, ਉਹਨਾਂ ਵਧੇਰੇ ਮੈਨੂੰ ਨਿਸ਼ਚਾ ਹੁੰਦਾ ਗਿਆ ਕਿ ਜਿਹੜਾ ਬੰਦਾ ਬਚੇ ਨੂੰ ਪਾਲਦਾ ਹੈ ਉਹੋ ਉਹਦਾ ਅਸਲੀ ਪਿਤਾ ਹੁੰਦਾ ਹੈ। ਮੈਂ ਅਕਸਰ ਉਸ ਟਬਰ ਦੇ ਘਰ ਜਾਂਦਾ ਅਤੇ ਇਕ ਗਲ ਵਿਸ਼ੇਸ਼ ਤੌਰ ਉਤੇ ਮੈਨੂੰ ਹੈਰਾਨ ਕਰਦੀ: ਨਿਕੀ ਕੁੜੀ ਦੀਆਂ ਅਖਾਂ ਵਿਚ ਐਨ ਉਹੋ ਦਿਆਲਤਾ, ਸੁਹਿਰਦਤਾ ਅਤੇ ਹਮਦਰਦੀ ਸੀ ਜਿਹੜੀ ਉਹਦੇ ਮਤਰੇਏ ਪਿਉ ਦੀਆਂ ਅਖਾਂ ਵਿਚ ਸੀ। ਸੁਹਪਣ ਦੇ ਸਨਮੁਖ ਬਚੇ ਦੀਆਂ ਅਖਾਂ ਵਿਚ ਉਹੋ ਉਤੇਜਨਾ ਅਤੇ ਅਚੰਭਾ ਆ ਜਾਂਦਾ ਜਿਹੜਾ ਪਿਤਾ ਦੀਆਂ ਅਖਾਂ ਵਿਚ ਸੀ। ਇਥੋਂ ਤਕ ਕਿ ਉਹਦੀਆਂ ਹੈਰਾਨੀ, ਚੇਤਨਤਾ, ਕਰੜਾਈ ਦੀਆਂ ਸੈਣਤਾਂ—ਉਹ ਸਾਰੀਆਂ ਵੀ ਲਾਰੀਸਾ ਨੇ ਉਹਦੇ ਤੋਂ ਲਈਆਂ ਸਨ।

ਫ਼ੈਦੀਆ... ਉਹਦਾ ਵੀ ਪਿਤਾ ਨਹੀਂ ਸੀ ਅਤੇ ਉਹਨੇ ਪਹਿਲਾਂ ਹੀ ਇਸ ਸੰਬੰਧੀ ਕਾਟਵੀਆਂ ਗਲਾਂ ਸੁਣੀਆਂ ਸਨ ਕਿ ਇਕ ਸਮੇਂ ਉਹਦੀ ਮਾਂ ਦਾ ਵਤੀਰਾ ਬੇਐਬ ਤਾਂ ਉਕਾ ਹੀ ਨਹੀਂ ਸੀ। ਉਹਦੀ ਬਚਗਾਨਾ ਆਤਮਾ ਪ੍ਰੇਸ਼ਾਨ ਸੀ: ਜੇ ਉਹ ਕਹਿੰਦੀ ਸੀ ਕਿ ਉਹਦਾ ਪਿਤਾ ਮੋਰਚੇ ਉਤੇ ਮਾਰਿਆ ਗਿਆ ਹੈ ਤਾਂ ਉਹਦੀ ਮਾਂ ਸੰਬੰਧੀ ਅਜਿਹੀਆਂ ਗਲਾਂ ਕਿਵੇਂ ਠੀਕ ਹੋ ਸਕਦੀਆਂ ਹਨ? ਮੈਂ ਫ਼ੈਦੀਆ ਦੀ ਮਾਂ ਨੂੰ ਯੁਧ ਤੋਂ ਬਹੁਤ ਪਹਿਲਾਂ ਤੋਂ ਜਾਣਦਾ ਸਾਂ। ਉਹਦੇ ਜੀਵਨ ਨੇ ਯੁਧ ਸਮੇਂ ਇਕ ਦੁਖਾਂਤ ਮੋੜ ਕਟਿਆ। ਬਚੇ ਨੂੰ ਮਨੁਖੀ ਰਿਸ਼ਤਿਆਂ ਦੇ ਗੁਝਲਦਾਰ ਸਮਾਜ ਵਿਚ ਕਿਵੇਂ ਲਿਜਾਇਆ ਜਾਵੇ ਤਾਂ ਜੁ ਇਹ ਤੰਗ ਕਰਨ ਵਾਲੇ ਪ੍ਰਸ਼ਨ ਉਹਨੂੰ ਅਕਾਉਣਾ ਬੰਦ ਕਰ ਦੇਣ?

ਅਸੀਂ ਸਿਖਿਅਕ ਇਹ ਭੁਲ ਜਾਂਦੇ ਹਾਂ ਕਿ ਨਿਕੇ ਬਚਿਆਂ ਲਈ ਸੰਸਾਰ ਦਾ ਗਿਆਨ ਵਿਅਕਤੀ ਦੇ ਗਿਆਨ ਨਾਲ ਸ਼ੁਰੂ ਹੁੰਦਾ ਹੈ। ਬਚੇ ਲਈ ਚੰਗਿਆਈ ਜਾਂ ਬੁਰਾਈ ਆਵਾਜ਼ ਦੀ ਉਸ ਰੌ ਤੋਂ ਪ੍ਰਗਟ ਹੁੰਦੀ ਜਿਸ ਵਿਚ ਉਹਦਾ ਪਿਤਾ ਉਹਦੀ ਮਾਤਾ ਨਾਲ ਗਲ ਕਰਦਾ ਹੈ, ਉਹਦੇ ਪਿਤਾ ਦੇ ਹਾਵ-ਭਾਵ ਅਤੇ ਹਰਕਤਾਂ ਤੋਂ ਪ੍ਰਗਟ ਹੁੰਦੀ ਹੈ। ਮੈਂ ਇਕ ਨਿਕੀ ਕੁੜੀ ਨੂੰ ਜਾਣਦਾ ਹਾਂ ਜਿਹੜੀ, ਜਦੋਂ ਉਹਦਾ ਪਿਤਾ ਕੰਮ ਤੋਂ ਉਦਾਸ ਅਤੇ ਚੁਪ-ਗੜੁਪ ਮੁੜਿਆ ਅਤੇ ਉਹਦੀ ਮਾਂ ਨੇ ਉਹਨੂੰ ਖ਼ੁਸ਼ ਕਰਨ ਲਈ ਹਰ ਸੰਭਵ ਜਤਨ ਕੀਤਾ ਤਾਂ ਉਹ ਬਾਗ਼ ਦੀ ਇਕ ਦੁਰਾਡੀ ਨੁਕਰੇ ਚਲੀ ਗਈ ਅਤੇ ਚੁਪ ਚਾਪ ਰੋਣ ਲਗ ਪਈ। ਉਹਦਾ ਬਚਗਾਨਾ ਦਿਲ ਆਪਣੇ ਪਿਤਾ ਲਈ ਗ਼ੁਸੇ ਅਤੇ ਆਪਣੀ ਮਾਂ ਲਈ ਤਰਸ ਨਾਲ ਪਾਟ ਰਿਹਾ ਸੀ।...

ਇਹ ਮਨੁਖੀ ਸੰਬੰਧਾਂ ਦੇ ਪਹਿਲੇ, ਉਪਰਲੇ ਉਪਰਲੇ ਲਛਣ ਹਨ, ਜਿਨ੍ਹਾਂ ਦਾ

ਬਚੇ ਨੂੰ ਬੋਧ ਹੁੰਦਾ ਹੈ। ਪਰ ਜਦੋਂ ਬੇਪ੍ਰਵਾਹੀ ਨਾਲ ਮਾਤਾ ਪਿਤਾ ਵਿਚੋਂ ਇਕ ਵਲੋਂ ਕਿਹਾ ਕੋਈ ਸ਼ਬਦ ਬਚੇ ਨੂੰ ਇਹ ਗਿਆਨ ਦੇਂਦਾ ਹੈ ਕਿ ਉਹ ਇਕ ਦੂਜੇ ਨੂੰ ਪਿਆਰ ਨਹੀਂ ਕਰਦੇ ਅਤੇ ਜੇ ਬਚਾ ਨਾ ਹੁੰਦਾ ਤਾਂ ਉਹ ਤਲਾਕ ਲੈ ਲੈਂਦੇ, ਤਾਂ ਬਚੇ ਦੇ ਦਿਲ ਉਤੇ ਕੀ ਗੁਜ਼ਰਦੀ ਹੈ?

ਨੀਨਾ ਅਤੇ ਸਾਸ਼ਾ ਜੌੜੀਆਂ ਭੈਣਾਂ ਸਨ। ਉਹਨਾਂ ਦਾ ਪਿਤਾ ਉਹਨਾਂ ਨੂੰ ਸਕੂਲੋਂ ਲਿਆਇਆ। ਇਸ ਬਹੁਤ ਬਚਿਆਂ ਵਾਲੇ ਟਬਰ ਦੀਆਂ (ਨੀਨਾ ਅਤੇ ਸਾਸ਼ਾ ਤੋਂ ਬਿਨਾਂ ਚਾਰ ਹੋਰ ਬਚੇ ਸਨ) ਆਪਣੀਆਂ ਹੀ ਮੁਸੀਬਤਾਂ ਸਨ: ਮਾਂ ਕਈ ਵਰ੍ਹਿਆਂ ਤੋਂ ਮੰਜੇ ਉਤੇ ਪਈ ਹੋਈ ਸੀ। ਵਡੇਰੀਆਂ ਭੈਣਾਂ ਘਰ ਸਾਂਭਦੀਆਂ; ਪਿਤਾ ਦਾ ਸਮਾਂ ਬੜਾ ਔਖਾ ਲੰਘ ਰਿਹਾ ਸੀ। ਨੀਨਾ ਅਤੇ ਸਾਸ਼ਾ ਜਾਣਦੀਆਂ ਸਨ ਕੰਮ ਕਰਨਾ ਕੀ ਹੁੰਦਾ ਹੈ। ਉਹਨਾਂ ਦਾ ਘਰ ਖ਼ੁਸ਼ੀ ਤੋਂ ਸਖਣਾ ਸੀ। ਜਦੋਂ ਕੁੜੀਆਂ ਨੇ ਮੁੰਡੇ ਦੇ ਹਥ ਵਿਚ ਰਬੜ ਦਾ ਹਰਾ ਗੋਂਦ ਵੇਖਿਆ ਤਾਂ ਉਹਨਾਂ ਦੀਆਂ ਅਖਾਂ ਖ਼ੁਸ਼ੀ ਨਾਲ ਚਮਕ ਉਠੀਆਂ, ਪਰ ਉਹ ਛੇਤੀ ਹੀ ਮੁਰਝਾ ਕੇ ਇੰਨੇ ਡੂੰਘੇ ਸੰਤਾਪ ਨਾਲ ਭਰੀਆਂ ਗਈਆਂ ਕਿ ਮੇਰਾ ਦਿਲ ਉਹਨਾਂ ਲਈ ਲਹੂ ਦੇ ਹੰਝੂ ਰੋਇਆ। ਇਹਨਾਂ ਬਚੀਆਂ ਨੂੰ ਬਚਪਨ ਦੀ ਸ਼ਾਂਤ ਖ਼ੁਸ਼ੀ ਕਿਵੇਂ ਦਿਤੀ ਜਾਵੇ? ਕੀ ਮੈਂ ਅਜਿਹਾ ਕਰ ਸਕਾਂਗਾ? ਉਹਨਾਂ ਦੇ ਪਿਤਾ ਨੇ ਪਹਿਲਾਂ ਹੀ ਮੈਨੂੰ ਦਸ ਦਿਤਾ ਸੀ ਕਿ ਕਿਉਂਕਿ ਉਹਨਾਂ ਘਰ ਦੇ ਕੰਮ ਵਿਚ ਹਥ ਵਟਾਉਣਾ ਹੁੰਦਾ ਸੀ ਉਹ ਇਕ ਘੰਟੇ ਤੋਂ ਵਧ ਲਈ ਸਕੂਲ ਨਹੀਂ ਸਨ ਆ ਸਕਦੀਆਂ।

ਅਸੀਂ ਨਾਖਾਂ ਦੇ ਇਕ ਘਣੇ ਉਚੇ ਰੁਖ ਦੀ ਛਾਵੇਂ ਘਾਹ ਉਤੇ ਬੈਠੇ ਸਾਂ। ਮੈਂ ਮਾਤਾ ਪਿਤਾਵਾਂ ਨੂੰ ਦਸਿਆ ਕਿ ਮੇਰੇ ਵਿਚਾਰ ਅਨੁਸਾਰ ਵਿਦਿਆ ਕੀ ਹੋਣੀ ਚਾਹੀਦੀ ਹੈ। ਇਹਨਾਂ ਗਲਾਂ ਸੰਬੰਧੀ ਬਰਿਆਂ ਸਾਹਮਣੇ ਜੋ ਕੁਝ ਕਿਹਾ ਜਾ ਸਕਦਾ ਸੀ ਮੈਂ ਕਿਹਾ ਪਰ ਮੈਂ ਹਰ ਟਬਰ ਦੇ ਦੁਖ ਅਤੇ ਔਕੜਾਂ ਆਪਣੇ ਦਿਲ ਵਿਚੋਂ ਨਾ ਕਢ ਸਕਿਆ। ਹਰ ਬੰਦੇ ਦੀਆਂ ਆਪਣੀਆਂ ਮੁਸੀਬਤਾਂ ਹੁੰਦੀਆਂ ਹਨ ਪਰ ਸਾਰੇ ਸੰਸਾਰ ਨੂੰ ਉਹ ਵਿਖਾਉਣਾ, ਹੋਰਨਾਂ ਦੇ ਸਾਹਮਣੇ ਸਲਾਹ ਦੇਣਾ, ਕਿਸੇ ਹੋਰ ਦੀ ਆਤਮਾ ਨੂੰ ਨੰਗਿਆਂ ਕਰਨਾ ਹੋਵੇਗਾ, ਜੋ ਕੁਝ ਅਤਿ-ਅੰਤ ਨਿਜੀ ਹੈ ਉਹਨੂੰ ਸਭ ਦੇ ਵੇਖਣ ਲਈ ਪੇਸ਼ ਕਰਨਾ ਹੋਵੇਗਾ। ਮੇਰੇ ਲਈ ਸਭ ਕੁਝ ਜਾਣਨਾ ਲਾਜ਼ਮੀ ਸੀ ਪਰ ਸਾਰੇ ਮਾਤਾ-ਪਿਤਾਵਾਂ ਦੀ ਮੌਜੂਦਗੀ ਵਿਚ ਇਸ ਸੰਬੰਧੀ ਗਲ ਕਰਨਾ ਗ਼ਲਤ ਹੋਵੇਗਾ। ਜੇ ਮਾਤਾ-ਪਿਤਾ ਦੇ ਦਿਲ ਦੀਆਂ ਦੁਰਾਡੀਆਂ ਨੁਕਰਾਂ ਵਿਚ ਝਾਤ ਮਾਰਨੀ ਲਾਜ਼ਮੀ ਹੋ ਜਾਵੇ ਤਾਂ ਅਜਿਹਾ ਹਰ ਸ਼ਬਦ ਨੂੰ ਹਜ਼ਾਰ ਵਾਰ ਤੋਲਣ ਪਿਛੋਂ, ਕੇਵਲ ਨਿਜੀ ਗਲ ਬਾਤ ਵਿਚ ਹੀ ਕੀਤਾ ਜਾ ਸਕਦਾ ਹੈ। ਜਿਨ੍ਹਾਂ ਪਿਤਾਵਾਂ ਅਤੇ ਮਾਤਾਵਾਂ ਦੇ ਫਟੜ ਦਿਲਾਂ, ਵਖਤਾਂ, ਠੇਸਾਂ, ਗ਼ਮਾਂ, ਚਿੰਤਾਵਾਂ ਅਤੇ ਦੁਖਾਂ ਦੀ ਮੈਂ ਗਲ ਕਰ ਰਿਹਾ ਹਾਂ (ਮੇਰੇ ਸ਼ਗਿਰਦਾਂ ਦੇ ਮਾਤਾ ਪਿਤਾ ਦੀ ਵਡੀ ਬਹੁ-ਗਿਣਤੀ ਸ਼ਾਨਦਾਰ ਲੋਕ ਸਨ) ਇਸ ਹਦ ਤਕ ਵਿਅਕਤੀਗਤ ਹਨ ਕਿ ਮੈਂ ਵਿਸ਼ੇ ਨੂੰ ਆਮਿਆ ਨਹੀਂ ਸਕਦਾ। ਜਦੋਂ

ਲੋਕਾਂ ਵਿਚ ਚੰਗੇ ਅਤੇ ਭੈੜੇ ਦਾ ਤਾਣਾ ਪੇਟਾ ਮੇਰੇ ਸਾਹਮਣੇ ਸਪਸ਼ਟ ਹੋ ਗਿਆ ਤਾਂ ਮੈਂ ਅਨੁਭਵ ਕੀਤਾ ਕਿ ਕੋਈ ਮਾਤਾ ਪਿਤਾ ਅਜਿਹੇ ਨਹੀਂ ਜਿਹੜੇ ਆਪਣੇ ਬਚਿਆਂ ਸਾਹਮਣੇ ਜਾਣ ਬੁਝ ਕੇ ਭੈੜੀ ਉਦਾਹਰਣ ਪੇਸ਼ ਕਰਨ।

ਸ਼ਾਇਦ ਮੈਂ ਪਾਠਕ ਸਾਹਮਣੇ ਉਕਾ ਹੀ ਬਹੁਤ ਜ਼ਿਆਦਾ ਗ਼ਮ ਅਤੇ ਬਿਪਤਾਵਾਂ ਪੇਸ਼ ਕੀਤੀਆਂ ਹਨ: ਅਖ਼ੀਰ ਮੈਂ ਬਚਿਆਂ ਦੇ ਇਕ ਸਮੂਹ ਸੰਬੰਧੀ ਗਲ ਕਰਦਾ ਰਿਹਾ ਹਾਂ। ਪਰ ਸਾਨੂੰ ਇਹ ਨਹੀਂ ਭੁਲਣਾ ਚਾਹੀਦਾ ਕਿ ਇਹ ਯੁਧ ਦੇ ਫਟ ਸਨ। ਯੁਧ ਤੋਂ ਪਿਛੋ ਦੇ ਪਹਿਲੇ ਵਰ੍ਹੇ ਬੜਾ ਚਿਰ ਹੋਇਆ ਬੀਤ ਗਏ ਹਨ। ਉਹਨਾਂ ਦਿਨਾਂ ਵਿਚ ਸਖ਼ਤ ਫਟੜ ਹੋਈਆਂ ਰੂਹਾਂ ਮੌਲ ਪਈਆਂ ਹਨ; ਜਿਨ੍ਹਾਂ ੧੯੪੪-੪੫ ਦੀਆਂ ਜਿਤ ਦੀਆਂ ਸਲਾਮੀਆਂ ਦੀ ਲੋਅ ਵਿਚ ਆਪਣੇ ਪਹਿਲੇ ਸ਼ਬਦ ਪੜ੍ਹੇ, ਉਹ ਵਡੇ ਹੋ ਗਏ ਅਤੇ ਆਪ ਪਿਤਾ ਅਤੇ ਮਾਤਾ ਬਣ ਗਏ ਹਨ। ਜਿਨ੍ਹਾਂ ਯੁਧ ਤੋਂ ਪਿਛੋ ਦੇ ਪਹਿਲੇ ਵਰ੍ਹਿਆਂ ਵਿਚ ਸਕੂਲ ਦੀ ਪੜ੍ਹਾਈ ਸ਼ੁਰੂ ਕੀਤੀ ਉਹਨਾਂ ਦੇ ਬਚੇ ਬੜੇ ਚਿਰ ਤੋਂ ਸਕੂਲਾਂ ਵਿਚ ਦਾਖ਼ਲ ਹੋ ਗਏ ਹਨ ਅਤੇ ਉਹਨਾਂ ਵਿਚੋਂ ਕਈ ਤਾਂ ਪਹਿਲਾਂ ਹੀ ਗਭਰੇਟ ਹਨ। ਜਾਪਦਾ ਹੈ ਕਿ ਅਜੋਕੇ ਜਵਾਨ ਟਬਰ ਖ਼ੁਸ਼ੀ ਨਾਲ ਟਹਿਕਦੇ ਹੋਣੇ ਚਾਹੀਦੇ ਹਨ, ਪਰ ਜੀਵਨ ਅਜਿਹਾ ਨਹੀਂ। ਅਜ ਵੀ ਗ਼ਮ, ਨਾਖ਼ੁਸ਼ੀ, ਤ੍ਰਾਸਦੀ ਹੁੰਦੀ ਹੈ।... ਉਹਨਾਂ ਪਹਿਲੀਆਂ ਦੇ ਵਰ੍ਹਿਆਂ ਸੰਬੰਧੀ ਕਹਿਣ ਨੂੰ ਹੋਰ ਕੁਝ ਨਹੀਂ। ਮੈਨੂੰ ਇਸ ਗਲ ਦੀ ਖ਼ੁਸ਼ੀ ਸੀ ਉਸ ਸਮੇ ਦੇ ਵਧੇਰੇ ਮਾਤਾ ਪਿਤਾ ਚੰਗਾ ਪਰਵਾਰਕ ਜੀਵਨ ਜੀ ਰਹੇ ਸਨ, ਜਿਹਾ ਕਿ ਅਖਾਣ ਹੈ, ਅਮਨ ਅਤੇ ਸਦ-ਭਾਵਨਾ ਨਾਲ ਰਹਿ ਰਹੇ ਸਨ, ਅਤੇ ਉਹਨਾਂ ਆਪਣੇ ਬੱਚਿਆਂ ਦੀ ਚੰਗੀ ਪਾਲਣਾ-ਪੋਸਣਾ ਕੀਤੀ ਹੈ।

ਉਦਾਹਰਣ ਵਜੋ ਸਤਾਂ ਵਰ੍ਹਿਆਂ ਦੇ ਤਕੜੇ ਵਾਨੀਆ ਦੇ ਪਿਤਾ ਨੂੰ ਲਓ। ਉਹ ਮਿਹਨਤੀ ਕਾਮਾ, ਖੇਤੀ ਮਾਹਰ ਸੀ, ਜਿਹੜਾ ਭੋ ਨੂੰ ਜੁਸ਼ੀਲਾ ਪਿਆਰ ਕਰਦਾ ਅਤੇ ਹੋਰ ਲੋਕਾਂ ਦੇ ਭਲੇ ਲਈ ਕੰਮ ਕਰਦਾ। ਹਰ ਵਰ੍ਹੇ ਉਹ ਆਪਣੇ ਫਲਾਂ ਦੇ ਬਾਗ਼ ਵਾਲੇ ਭੋ ਦੇ ਟੋਟੇ ਵਿਚ ਸਿਉਆਂ ਦੇ ਰੁਖਾਂ ਅਤੇ ਅੰਗੂਰ ਦੀਆਂ ਵੇਲਾਂ ਦੀ ਪਨੀਰੀ ਦਰਜਨਾਂ ਦੀ ਗਿਣਤੀ ਵਿਚ ਉਗਾਉਂਦਾ ਅਤੇ ਲੋਕਾਂ ਵਿਚ ਵੰਡ ਦੇਂਦਾ। ਉਹਦੀ ਪਤਨੀ ਰੇਸ਼ਮ ਦੇ ਕੀੜੇ ਪਾਲਣ ਵਾਲੇ ਉਦਮ ਵਿਚ ਇਕ ਵਿਭਾਗ ਦੇ ਮੁਖੀ ਵਜੋ ਕੰਮ ਕਰਦੀ। ਉਹ ਆਪਣੇ ਕਿਰਤ ਵਿਚ ਸੁਯੋਗ ਸੀ ਅਤੇ ਦਿਆਲ, ਜ਼ਿਮੇਵਾਰ ਅਤੇ ਨਿਘੇ ਦਿਲ ਵਾਲੀ ਮਨੁਖ, ਧਿਆਨ ਰਖਣ ਵਾਲੀ ਮਾਂ ਸੀ। ੧੯੩੩-੩੪ ਦੇ ਔਖੇ ਦਿਨਾਂ * ਵਿਚ ਉਹ ਚਾਰ ਯਤੀਮਾਂ ਨੂੰ ਸਾਂਭ ਲਿਆ, ਉਹਨਾਂ ਨੂੰ ਭੁਖੇ ਮਰਨੋ ਬਚਾਇਆ। ਉਹਨੇ ਉਹਨਾਂ ਨੂੰ ਆਪਣੇ ਬਚਿਆਂ ਵਾਂਗ ਪਾਲਿਆ ਅਤੇ ਉਹ ਉਹਨੂੰ "ਮਾਂ" ਕਹਿੰਦੇ।

---

* ੧੯੩੩-੩੪ ਵਿਚ ਸੋਵੀਅਤ ਯੂਨੀਅਨ ਵਿਚ ਸਖ਼ਤ ਕਾਲ ਪਿਆ ਸੀ, ਜਿਸ ਵਿਚ ਬਹੁਤ ਵਡੀ ਗਿਣਤੀ ਵਿਚ ਲੋਕ ਮਾਰੇ ਗਏ ਸਨ।—**ਅਨੁ:**

ਸ਼ਾਨਦਾਰ ਕਾਲੀਆਂ ਗੁਤਾਂ ਵਾਲੀ ਲੂਸੀਆ ਦਾ ਪਿਤਾ ਬੜਾ ਇਮਾਨਦਾਰ ਅਤੇ ਖਰਾ ਸੀ। ਅਜਿਹੇ ਲੋਕ ਹੁੰਦੇ ਹਨ ਜਿਨ੍ਹਾਂ ਨੂੰ ਤੁਸੀਂ ਧਰਤੀ ਦਾ ਨੂਰ ਆਖ ਸਕਦੇ ਹੋ। ਉਹਨਾਂ ਦੀ ਵਡੀ ਬਹੁ-ਗਿਣਤੀ ਕੋਈ ਕਾਰਨਾਮਾ ਨਹੀਂ ਕਰਦੀ। ਉਹਨਾਂ ਦਾ ਆਤਮਕ ਹੁਸਨ ਆਪਣੇ ਸਾਥੀ ਲੋਕਾਂ ਨਾਲ ਉਹਨਾਂ ਦੇ ਸੰਬੰਧਾਂ ਵਿਚ ਹੁੰਦਾ ਹੈ। ਲੂਸੀਆ ਦੇ ਪਿਤਾ ਨੇ ਉਹਨੂੰ ਕਦੀ ਨਾ ਸਿਖਾਇਆ ਕਿ ਜ਼ਿਮੇਦਾਰ ਅਤੇ ਹਮਦਰਦ ਹੋਣ ਦੇ ਅਰਥ ਕੀ ਹਨ। ਉਹਨੇ ਆਪਣੇ ਵਤੀਰੇ ਅਤੇ ਆਪਣੀ ਪਤਨੀ ਨਾਲ ਆਪਣੇ ਸੰਬੰਧਾਂ ਰਾਹੀਂ ਆਪਣੇ ਬਚਿਆਂ ਨੂੰ ਹਮਦਰਦੀ ਅਤੇ ਮਾਨਵਤਾ ਸਿਖਾਈ। ਲੂਸੀਆ ਦੀ ਮਾਂ ਦਾ ਦਿਲ ਰੋਗੀ ਸੀ। ਉਹ ਪੰਚਾਇਤੀ ਫ਼ਾਰਮ ਵਿਖੇ ਚਕੰਦਰ ਦੇ ਖੇਤ ਵਿਚ ਕੰਮ ਕਰਦੀ, ਸੋ ਪਿਤਾ ਨੇ ਘਰ ਦਾ ਸਾਰਾ ਕੰਮ ਆਪਣੇ ਸਿਰ ਲੈ ਲਿਆ।

ਕਾਤੀਆ ਦੇ ਮਾਤਾ ਅਤੇ ਪਿਤਾ ਨੇ ਆਪਣੇ ਫਲਾਂ ਦੇ ਬਾਗ਼ ਨੂੰ ਬਚਿਆਂ ਲਈ ਇਕ ਅਣੋਖੇ ਕਲਬ ਵਿਚ ਤਬਦੀਲ ਕਰ ਦਿਤਾ। ਬਸੰਤ ਦੇ ਸ਼ੁਰੂ ਤੋ ਪਤ-ਝੜ ਤਕ ਉਹਨਾਂ ਦੇ ਚਾਰ ਬਚੇ ਅਤੇ ਗੁਆਂਢੀਆਂ ਦੇ ਬਚੇ ਵੀ ਫਲ-ਬਾਗ਼ ਵਿਚ ਧਮਾਲ ਪਾਉਂਦੇ ਅਤੇ ਖੇਡਾਂ ਖੇਡਦੇ। ਕਾਤੀਆ ਦੇ ਪਿਤਾ ਨੇ ਤਾਂ ਬਚਿਆਂ ਦੇ ਖੇਡਣ ਲਈ ਇਕ ਥਾਂ ਵੀ ਬਣਾ ਦਿਤੀ ਸੀ। ਫਲ-ਬਾਗ਼ ਦਾ ਸਾਰਾ ਫਲ ਇਕ ਨਿਆਮਤ ਸੀ, ਜਿਹੜਾ ਬਚਿਆਂ ਨੂੰ ਇਕਠਾ ਕਰ ਲੈਣ ਦਿਤਾ ਜਾਂਦਾ।

ਗੂੜ੍ਹੀਆਂ ਨੀਲੀਆਂ, ਸੋਚਵਾਨ ਅਖਾਂ ਵਾਲੀ ਨਿਕੀ ਕੁੜੀ ਸਾਨੀਆ ਦੇ ਦਿਆਲ, ਨਿਘੇ ਦਿਲ ਵਾਲੇ ਮਾਤਾ ਪਿਤਾ ਸਨ। ਹਰ ਹੁਨਾਲ ਸ਼ਹਿਰੋਂ ਤਿੰਨ ਨਿਕੀਆਂ ਕੁੜੀਆਂ, ਉਹਦੇ ਪਿਤਾ ਦੀਆਂ ਭਣੇਵੀਆਂ, ਉਹਨਾਂ ਕੋਲ ਰਹਿਣ ਲਈ ਆਉਂਦੀਆਂ। ਸਾਨੀਆ ਉਹਨਾਂ ਦੀ ਉਡੀਕ ਵਿਚ ਅੰਸੀਆਂ ਪਾਉਂਦੀ। ਉਹਨਾਂ ਦੇ ਪਿਤਾ ਨੇ ਤਲਾਅ ਦੇ ਕੰਢੇ ਉਹਨਾਂ ਦੇ ਤੈਰਨ ਲਈ ਇਕ ਥਾਂ ਬਣਾ ਦਿਤੀ ਸੀ। ਫਿਰ ਉਹਨੇ ਇਕ ਮੋਟਰ ਨਾਲ ਚਲਣ ਵਾਲੀ ਬੇੜੀ ਬਣਾਈ ਤਾਂ ਜੁ ਉਹ ਬਚਿਆਂ ਨੂੰ ਜੀਵਨ ਵਿਚ ਇਕ ਹੋਰ ਖ਼ੁਸ਼ੀ ਦੇ ਸਕੇ।

ਲੀਦਾ ਇਕ ਸੁਹਣੇ ਪਰਵਾਰ ਦੀ ਸੀ। ਉਹਦਾ ਪਿਤਾ ਉਸ ਕਾਰਖ਼ਾਨੇ ਵਿਚ ਕੰਮ ਕਰਦਾ ਜਿਥੇ ਰੇਲ ਦੇ ਡਬੇ ਬਣਾਏ ਜਾਂਦੇ ਸਨ। ਉਹ ਇਕ ਵਜੰਤਰੀ ਅਤੇ ਗਾਇਕ ਸੀ। ਉਹ ਆਪਣੇ ਬਚਿਆਂ ਨੂੰ ਗਾਣਾ ਅਤੇ ਵਾਇਲਨ ਵਜਾਉਣਾ ਸਿਖਾ ਰਿਹਾ ਸੀ ਅਤੇ ਉਹ ਖੁਲ੍ਹੀ ਥਾਂ ਸ਼ੌਕੀਆ ਸੰਗੀਤ ਸਭਾਵਾਂ ਜੋੜਦਾ। ਵੀਹ ਤਕ ਬਚੇ ਸੰਗੀਤ ਸੁਣਨ ਅਤੇ ਲੋਕ-ਗੀਤ ਸਿਖਣ ਲਈ ਇਕਠੇ ਹੋ ਜਾਂਦੇ।

ਪਾਵੇਲ ਇਕ ਮਿਤਰ ਪਰਵਾਰ ਦਾ ਸੀ। ਉਹਦੀ ਮਾਂ ਚਾਰ ਵਰ੍ਹਿਆਂ ਤੋ ਵਧ ਸਮੇ ਤੋਂ ਮੰਜੇ ਉਤੇ ਪਈ ਸੀ। ਪਿਤਾ ਨੇ ਉਹਦੀ ਥਾਂ ਸਾਂਭ ਲਈ ਸੀ: ਉਹ ਕਾਰਖਾਨੇ ਵਿਚ ਕੰਮ ਕਰਦਾ ਅਤੇ ਘਰ ਦਾ ਸਾਰਾ ਕੰਮ ਵੀ ਕਰਦਾ।

ਸਾਂਵਲੇ, ਕਾਲੀਆਂ ਅਖਾਂ ਵਾਲੇ ਨਿਕੇ ਮੁੰਡੇ ਸੇਰਯੋਜ਼ਾ ਦੇ ਟਬਰ ਵਿਚ ਚਾਰ ਜੀਅ ਸਨ ਅਤੇ ਉਹ ਸਾਰੇ ਬੜੇ ਮਿਤਰ ਸਨ। ਹਰ ਛੁਟੀ ਵਾਲੇ ਦਿਨ ਸਾਰਾ ਟਬਰ

ਜੰਗਲ ਵਿਚ ਜਾਂਦਾ। ਉਥੇ, ਜੂਹ ਵਿਚ ਉਹ ਲਾਈਮ ਦੇ ਚਾਰ ਨਿਕੇ ਰੁਖ ਲਾਉਂਦੇ। ਘਰ ਬਚਿਆਂ ਨੇ ਸਿਉ ਦੇ ਰੁਖ ਲਾਏ, ਮਾਤਾ, ਪਿਤਾ, ਦਾਦੇ ਅਤੇ ਦਾਦੀ, ਹਰ ਇਕ ਲਈ ਇਕ ਇਕ। ਮੈਨੂੰ ਇਸ ਗਲ ਉਤੇ ਹੈਰਾਨੀ ਨਾ ਹੋਈ ਕਿ ਉਸ ਟਬਰ ਵਿਚ ਬਚੇ ਆਪਣੇ ਪਿਤਾ, ਮਾਤਾ, ਦਾਦੀ ਅਤੇ ਦਾਦੇ ਨੂੰ ਇੰਨਾ ਪਿਆਰ ਕਰਦੇ। ਸ਼ਹਿਦ ਜਿਹੀ ਮਿਠੀ ਉਹ ਸਾਰੀ ਦਿਆਲਤਾ ਜਿਹੜੀ ਮਾਤਾ ਅਤੇ ਪਿਤਾ ਆਪਣੇ ਬਚਿਆਂ ਦੇ ਦਿਲਾਂ ਵਿਚ ਪਾਉਂਦੇ, ਬਲਵਾਨ, ਖ਼ਾਲਸ ਪਿਆਰ ਵਿਚ ਉਹਨਾਂ ਨੂੰ ਸੌ ਗੁਣਾ ਹੋਕੇ ਮੁੜਦੀ।

ਲਿਊਬਾ ਦੀ ਮਾਂ, ਪਿਤਾ, ਦਾਦੀ, ਵਡੀ ਭੈਣ ਅਤੇ ਨਿਕਾ ਭਰਾ ਉਹਨੂੰ ਲਿਆਏ। ਲਿਊਬਾ ਦੇ ਪੰਜ ਭਰਾ ਅਤੇ ਭੈਣਾਂ, ਦਾਦੀ ਅਤੇ ਨਾਨੀ ਅਤੇ ਨਾਨਾ ਸਨ। ਪ੍ਰਸਪਰ ਭਰੋਸੇ ਅਤੇ ਸਤਿਕਾਰ ਸਹਿਤ ਆਪਣੇ ਵਡਿਆਂ ਦੀ ਪੂਰਨ ਤਾਬੇਦਾਰੀ ਦੀ ਭਾਵਨਾ ਨਾਲ ਇਹ ਪ੍ਰਵਾਰ ਗੜੁਚਿਆ ਹੋਇਆ ਸੀ। ਮੈ ਇਸ ਸੰਬੰਧੀ ਬਹੁਤ ਕੁਝ ਸੁਣਿਆ ਸੀ ਕਿ ਕਿਵੇ ਇਸ ਪਰਵਾਰ ਵਿਚ ਵਡੇਰੇ ਲੋਕ ਬਚਿਆਂ ਦੀ ਇਜ਼ਤ ਕਰਦੇ ਅਤੇ ਉਹਨਾਂ ਦੀਆਂ ਭਾਵਨਾਵਾਂ ਦਾ ਧਿਆਨ ਰਖਦੇ।

ਸਭ ਤੋ ਨਿਕੇ ਮੁੰਡੇ ਦਾਨਕੋ ਦੇ ਪਰਵਾਰ ਵਿਚ ਸ਼ਾਨਦਾਰ ਲੋਕ ਪ੍ਰੰਪਰਾਵਾਂ ਜਿਊਂਦੀਆਂ ਸਨ। ਜਦੋਂ ਮਾਤਾ ਪਿਤਾ ਕੰਮ ਉਤੇ ਗਏ ਹੁੰਦੇ ਤਾਂ ਤਿੰਨ ਬਚੇ, ਛੇ, ਅਠ, ਅਤੇ ਨੌ ਵਰ੍ਹਿਆਂ ਦੇ, ਘਰ ਦਾ ਸਾਰਾ ਕੰਮ ਕਰਦੇ। ਉਹ ਦੁਪਹਿਰ ਅਤੇ ਰਾਤ ਦਾ ਖਾਣਾ ਬਣਾਉਂਦੇ, ਗਾਂ ਦਾ ਦੁਧ ਚੋਂਦੇ, ਅਤੇ ਸਬਜ਼ੀਆਂ ਦੀ ਕਿਆਰੀ ਦਾ ਧਿਆਨ ਰਖਦੇ। ਹੁਨਾਲ ਦੀਆਂ ਸ਼ਾਮਾਂ ਨੂੰ ਜਦੋਂ ਮਾਤਾ ਅਤੇ ਪਿਤਾ ਕੰਮ ਤੋਂ ਮੁੜਦੇ ਤਾਂ ਉਹਨਾਂ ਦੇ ਨ੍ਹਾਉਣ ਲਈ ਪਾਣੀ ਤਿਆਰ ਹੁੰਦਾ, ਸਾਫ਼ ਤੌਲੀਏ ਰਖੇ ਹੁੰਦੇ ਅਤੇ ਮੇਜ਼ ਉਤੇ ਗਰਮ ਖਾਣਾ ਅਤੇ ਸਜਰੇ ਫੁਲ ਪਏ ਹੁੰਦੇ।

ਸਾਰੇ ਪ੍ਰਵਾਰ ਵਿਚ ਕੰਮ ਲਈ ਸਤਿਕਾਰ ਦਾ ਰਾਜ ਸੀ। ਬੰਦਾ ਤਾਂ ਇਹ ਵੀ ਕਹਿ ਸਕਦਾ ਹੈ ਕਿ ਉਥੇ ਕਾਹਲ ਜਾਂ ਉਤਾਵਲ ਤੋਂ ਬਿਨਾਂ ਕਿਰਤ ਦਾ ਮਤ ਸੀ।

ਵਾਲੀਆ ਦਾ ਪਿਤਾ ਕਰੇਮੇਨਚੁਗ ਦੇ ਮਸ਼ੀਨਾਂ ਬਣਾਉਣ ਦੇ ਕਾਰਖ਼ਾਨੇ ਵਿਚ ਕੰਮ ਕਰਦਾ ਸੀ ਅਤੇ ਉਹਦੀ ਮਾਂ ਪੰਚਾਇਤੀ ਫ਼ਾਰਮ ਵਿਚ। ਟਬਰ ਵਿਚ ਸਾਰੇ ਪੜ੍ਹਦੇ—ਮਾਤਾ ਪਿਤਾ ਅਤੇ ਤਿੰਨੇ ਬਚੇ। ਘਰ ਵਿਚ ਪੜ੍ਹਣ ਦੀ ਜਿਸ ਭਾਵਨਾ ਦਾ ਰਾਜ ਸੀ ਉਹ ਅਧਿਆਪਕਾਂ ਲਈ ਰੋਚਕ ਸੀ ਅਤੇ ਸਾਨੂੰ ਖ਼ੁਸ਼ ਕਰਦੀ। ਜਦੋਂ ਵਾਲੀਆ **ਖ਼ੁਸ਼ੀ ਦੇ ਸਕੂਲ ਵਿਚ** ਦਾਖ਼ਲ ਹੋਈ ਤਾਂ ਸਾਨੂੰ ਪਤਾ ਲਗਾ ਕਿ ਜਿਸ ਬੁਢੀ ਇਸਤ੍ਰੀ ਸੰਬੰਧੀ ਸਭਨਾਂ ਦਾ ਖ਼ਿਆਲ ਸੀ ਕਿ ਉਹ ਉਹਦੀ ਦਾਦੀ ਹੈ ਟਬਰ ਦੀ ਕੁਝ ਨਹੀਂ ਸੀ ਲਗਦੀ—ਬਸ ਉਹਦੇ ਤਾਂ ਕਿਧਰੇ ਕੋਈ ਰਿਸ਼ਤੇਦਾਰ ਨਹੀਂ ਸਨ। ਉਹਦੇ ਦੋ ਪੁਤਰ ਯੁਧ ਵਿਚ ਮਾਰੇ ਗਏ ਸਨ ਅਤੇ ਵਾਲੀਆ ਦੇ ਟਬਰ ਨੇ ਉਹਨੂੰ ਅਪਣਾ ਲਿਆ ਸੀ ਬਚਿਆਂ ਲਈ ਉਹ ਉਹਨਾਂ ਦੀ ਆਪਣੀ ਬਣ ਗਈ। ਵਾਲੀਆ ਨੂੰ ਤਾਂ ਇੰਨਾ ਵੀ ਨਹੀਂ ਸੀ ਪਤਾ ਕਿ ਉਹ ਉਹਨਾਂ ਦੀ ਸਕੀ ਨਹੀਂ ਸੀ।

ਨਿਕੀ ਭੂਰੀਆਂ ਅਖਾਂ ਵਾਲੀ ਲਿਊਦਾ ਦੇ ਮਾਤਾ ਪਿਤਾ ਪੰਚਾਇਤੀ ਫ਼ਾਰਮ ਵਿਚ ਕੰਮ ਕਰਦੇ ਸਨ। ਉਹਨਾਂ ਆਪਣੇ ਬਚਿਆਂ ਨੂੰ ਖੇਤੀ ਦੇ ਕੰਮ ਦੀ ਕਦਰ ਕਰਨਾ ਸਿਖਾਇਆ ਸੀ । ਪਰਵਾਰ ਵਿਚ ਸਤਿਕਾਰ ਦਾ ਵਾਯੂ-ਮੰਡਲ ਸੀ। "ਅਸੀਂ ਹੋਰ ਲੋਕਾਂ ਲਈ ਜੋ ਕੁਝ ਕਰਦੇ ਹਾਂ ਉਹ ਜ਼ਰੂਰ ਹੀ ਸੁਹਣਾ ਹੋਣਾ ਚਾਹੀਦਾ ਹੈ," ਪਿਤਾ ਨੇ ਆਪਣੇ ਬਚਿਆਂ ਨੂੰ ਕਿਹਾ। ਹੁਨਾਲ ਵਿਚ ਵਡੇਰੇ ਬਚੇ ਆਪਣੇ ਪਿਤਾ ਨਾਲ ਖੇਤਾਂ ਵਿਚ ਕੰਮ ਕਰਦੇ। ਮਹੀਨੇ ਵਿਚ ਕਈ ਵਾਰ ਲਿਊਦਾ ਅਤੇ ਉਹਦੀ ਮਾਂ ਉਹਨਾਂ ਨੂੰ ਮਿਲਣ ਜਾਂਦੇ। ਇਹ ਫੇਰੀਆਂ ਨਿਕੀ ਕੁੜੀ ਲਈ ਤਿਹਾਰਾਂ ਜਿਹੀਆਂ ਹੁੰਦੀਆਂ।

ਤਾਨੀਆ ਦੇ ਮਾਤਾ ਪਿਤਾ ਪੰਚਾਇਤੀ ਫ਼ਾਰਮ ਦੇ ਪਸ਼ੂ-ਪਾਲਣ ਫ਼ਾਰਮ ਉਤੇ ਕੰਮ ਕਰਦੇ। ਗਰਮੀਆਂ ਵਿਚ ਉਹ ਅਤੇ ਉਹਦੀ ਭੈਣ ਅਕਸਰ ਉਥੇ ਜਾਂਦੇ ਅਤੇ ਉਹਨਾਂ ਕੰਮ ਨੂੰ ਪਿਆਰ ਕਰਨਾ ਸਿਖ ਲਿਆ। ਸਾਡੇ ਅਧਿਆਪਕਾਂ ਨੇ ਇਕ ਤੋਂ ਵਧ ਵਾਰ ਵੇਖਿਆ ਕਿ ਉਹਨਾਂ ਦੇ ਪਿਤਾ ਨੇ ਫ਼ਾਰਮ ਦੀ ਇਕ ਨੁਕਰੇ ਇਕ ਨਿਕਾ ਜਿਹਾ ਜੰਗਲਾ ਲਾ ਦਿਤਾ ਅਤੇ ਇਕ ਲੇਲਾ ਜਾਂ ਵਛਾ ਉਹਦੇ ਪਿਛੇ ਰਖ ਦਿਤਾ। ਤਾਨੀਆ ਅਤੇ ਉਹਦੀ ਵਡੀ ਭੈਣ ਨਿਕੇ ਪਸ਼ੂਆਂ ਦਾ ਚੰਗਾ ਧਿਆਨ ਰਖਦੀਆਂ। ਇਹ ਉਹਨਾਂ ਦੀ ਮਨ-ਪਸੰਦ ਖੇਡ ਸੀ ਅਤੇ ਇਹ ਗਲ ਉਹਨਾਂ ਨੂੰ ਇਸ ਲਈ ਵਧੇਰੇ ਖਿਚ ਪਾਉਂਦੀ ਕਿ ਉਹਨਾਂ ਦੇ ਮਾਤਾ ਪਿਤਾ ਵੀ ਇਹ ਖੇਡ ਖੇਡਦੇ।

ਸ਼ੂਰਾ, ਨਰਮ, ਘੋਖਵੀਆਂ ਅਖਾਂ ਵਾਲਾ ਨਿਕਾ ਮੁੰਡਾ ਸੀ। ਉਹਦਾ ਪਿਤਾ ਰੇਲਵੇ ਵਿਚ ਕੰਮ ਕਰਦਾ ਸੀ ਅਤੇ ਹਫ਼ਤੇ ਵਿਚ ਕੇਵਲ ਇਕ ਦਿਨ ਘਰ ਆਉਂਦਾ। ਸ਼ੂਰਾ, ਉਹਦੇ ਭਰਾ ਅਤੇ ਭੈਣ ਲਈ ਉਹਦਾ ਆਉਣਾ ਬੜੀ ਵਡੀ ਗਲ ਹੁੰਦੀ। ਬਚੇ ਉਤਾਵਲ ਨਾਲ ਉਹਦੀ ਉਡੀਕ ਕਰਦੇ, ਕਿਉਂਕਿ ਉਹ ਸਦਾ ਉਹਨਾਂ ਲਈ ਅਸਾਧਾਰਨ ਸੁਗਾਤਾਂ ਲਿਆਉਂਦਾ: ਸੁਯੋਗਤਾ ਨਾਲ ਉਕਰੇ ਹੋਏ ਪਸ਼ੂਆਂ ਜਾਂ ਲੋਕਾਂ ਜਾਂ ਕਾਲਪਨਕ ਜੀਵਾਂ ਦੇ ਆਕਾਰ। ਉਹ ਹਰ ਬਚੇ ਲਈ ਇਕ ਲਿਆਉਂਦਾ। ਬਚਿਆਂ ਨੂੰ ਆਪਣੇ ਪਿਤਾ ਦੀਆਂ ਕਹਾਣੀਆਂ ਚੰਗੀਆਂ ਲਗਦੀਆਂ। ਉਹਨੂੰ ਚੰਗੇ ਲੋਕਾਂ ਨੂੰ ਲਭਣ ਦੀ ਚੰਗੀ ਜਾਚ ਸੀ। ਅਤੇ ਇਹਨਾਂ ਚੰਗੇ ਬੰਦਿਆਂ ਸੰਬੰਧੀ ਉਹਦੀਆਂ ਕਹਾਣੀਆਂ ਉਹਦੇ ਬਚਿਆਂ ਲਈ ਬਾਹਰਲੇ ਸੰਸਾਰ ਵਿਚ ਇਕ ਬਾਰੀ ਖੋਹਲਦੀਆਂ।

ਵੋਲੋਦੀਆ ਦਾ ਪਿਤਾ ਪੁਲਾਂ ਦਾ ਉਸਰਈਆ ਸੀ ਅਤੇ ਉਹਦੀ ਮਾਂ ਪੰਚਾਇਤੀ ਫ਼ਾਰਮ ਵਿਚ ਕੰਮ ਕਰਦੀ। ਜਵਾਨ ਮਾਤਾ ਪਿਤਾ ਆਪਣੇ ਪਲੋਠੀ ਦੇ ਪੁਤਰ ਨੂੰ ਬਹੁਤ ਪਿਆਰ ਕਰਦੇ ਪਰ ਉਹਨਾਂ ਦਾ ਪਿਆਰ ਸਿਆਣਪ ਤਾਂ ਉਕਾ ਹੀ ਪ੍ਰਗਟ ਨਾ ਕਰਦਾ। ਉਹਨਾਂ ਪਹਿਲਾਂ ਹੀ ਉਹਨੂੰ ਕਿੰਨਾਂ ਸਾਰਾ ਨਿਕ-ਸੁਕ ਦੇ ਦਿਤਾ ਸੀ ਅਤੇ ਉਹਦੀਆਂ ਲਲ੍ਹਾਂ ਸਦਾ ਛੇਤੀ ਤੋਂ ਛੇਤੀ ਪੂਰੀਆਂ ਕਰਨ ਦਾ ਜਤਨ ਕਰਦੇ। ਵੋਲੋਦੀਆ ਆਪਣੀ ਮਾਂ ਦੇ ਕੋਲ ਬੈਠਾ ਸੀ। ਉਹ ਆਪਣੀ ਮਾਂ ਨੂੰ ਕੁਝ ਕਹਿਣਾ ਚਾਹੁੰਦਾ ਸੀ ਪਰ ਮਾਂ ਨੇ ਧਿਆਨ ਨਾ ਦਿਤਾ ਅਤੇ ਉਹਨੇ ਛੇਤੀ ਹੀ ਬੁਲ੍ਹ ਅਟੇਰੇ ਅਤੇ ਉਹਦੀਆਂ ਅਖਾਂ ਵਿਚ ਹੰਝੂ ਆ ਗਏ।

ਵਾਰੀਆ ਸਾਂਵਲੇ ਰੰਗ ਦੀ, ਕਾਲੀਆਂ ਅਖਾਂ, ਘੁੰਗਰਾਲੇ ਵਾਲਾਂ ਵਾਲੀ ਨਿਕੀ ਕੁੜੀ ਸੀ, ਛਮਕ ਜਿਹੀ ਪਤਲੀ। ਉਹਦੀ ਮਾਂ ਕਰੀਮ ਕਢਣ ਵਾਲੇ ਖਾਤੇ ਵਿਚ ਸਫ਼ਾਈ ਦਾ ਕੰਮ ਕਰਦੀ ਸੀ। ਉਹਦੇ ਪਿਤਾ ਦਾ, ਜਿਹੜਾ ਯੁਧ ਵਿਚ ਸਖਤ ਫਟੜ ਹੋਇਆ ਸੀ, ਪਰਵਾਰ ਦਾ ਧਿਆਨ ਰਖਦਾ। ਉਹਦੀ ਸਿਹਤ ਬੁਰੀ ਤਰ੍ਹਾਂ ਖ਼ਰਾਬ ਹੋ ਗਈ ਸੀ। ਤਿੰਨੇ ਬਚੇ ਅਨੁਭਵ ਕਰਦੇ ਸਨ ਕਿ ਉਹਨਾਂ ਦੀ ਮਾਂ ਸਿਰ ਬਹੁਤ ਭਾਰ ਹੈ, ਅਤੇ ਉਹ ਉਹਦਾ ਜੀਵਨ ਸੌਖੇਰਾ ਬਣਾਉਣ ਦਾ ਜਤਨ ਕਰਦੇ। ਉਹਦੀ ਮਾਂ ਦੀ ਤਨਖ਼ਾਹ ਥੋੜ੍ਹੀ ਸੀ ਅਤੇ ਟਬਰ ਦੀ ਆਮਦਨ ਵਿਚ ਵਾਧਾ ਕਰਨ ਲਈ ਉਹ ਸ਼ਾਮੀਂ ਕਮੀਜ਼ਾਂ ਅਤੇ ਤੌਲੀਆਂ ਉਤੇ ਕਸ਼ੀਦਾ ਕਰਦੀ। ਵਾਰੀਆ ਦੀ ਵਡੀ ਭੈਣ ਨੇ ਆਪਣੀ ਮਾਂ ਦੀ ਸਹਾਇਤਾ ਕਰਨ ਲਈ ਕਸ਼ੀਦਾ ਕਰਨਾ ਸ਼ੁਰੂ ਵੀ ਕਰ ਦਿਤਾ ਸੀ ਅਤੇ ਵਾਰੀਆ ਵੀ ਸਿਖ ਰਹੀ ਸੀ।

ਬਚਾ ਆਪਣੇ ਮਾਤਾ ਪਿਤਾ ਦੇ ਸਦਾਚਾਰਕ ਜੀਵਨ ਦਾ ਪ੍ਰਤਿਬਿੰਬ ਹੁੰਦਾ ਹੈ। ਮੈਂ ਹਰ ਟਬਰ ਵਿਚ ਚੰਗੇ ਅਤੇ ਮਾੜੇ ਸੰਬੰਧੀ ਸੋਚਿਆ। ਚੰਗੇ ਮਾਤਾ ਪਿਤਾ ਦਾ ਸਭ ਤੋ ਵਡਮੁਲਾ ਸਦਾਚਾਰਕ ਲਛਣ, ਜਿਹੜਾ ਬਚੇ ਵਧੇਰੇ ਵਾਰ ਸਿਖ ਲੈਂਦੇ ਹਨ, ਦਿਆਲਤਾ ਅਤੇ ਹੋਰਨਾ ਲੋਕਾਂ ਨਾਲ ਨੇਕੀ ਕਰਨ ਦੀ ਇਛਾ ਹੈ। ਜਿਹੜੇ ਟਬਰਾਂ ਵਿਚ ਪਿਤਾ ਅਤੇ ਮਾਤਾ ਆਪਣੇ ਆਪ ਦਾ ਇਕ ਹਿਸਾ ਹੋਰਨਾਂ ਨੂੰ ਦੇਂਦੇ ਹਨ, ਹੋਰ ਲੋਕਾਂ ਦੇ ਦੁਖ ਅਤੇ ਖ਼ੁਸ਼ੀਆਂ ਆਪਣੇ ਦਿਲ ਦੇ ਨੇੜੇ ਕਰਦੇ ਹਨ, ਬਚੇ ਵਡੇ ਹੋਕੇ ਚੰਗੇ, ਹਮਦਰਦ ਅੜੇ ਨਿਘੇ ਦਿਲਾਂ ਵਾਲੇ ਬਣਦੇ ਹਨ। ਸਭ ਤੋਂ ਵਡੀ ਬੁਰਾਈ ਕੁਝ ਮਾਤਾ ਪਿਤਾ ਦੀ ਹਉਮੈ ਅਤੇ ਨਿਜਤਵ ਹੈ। ਕਈ ਵਾਰ ਇਹ ਆਪਣੇ ਬਚਿਆਂ ਲਈ ਅੰਨ੍ਹੇ, ਸਹਿਜ-ਭਾਵੀ ਪਿਆਰ ਦਾ ਰੂਪ ਧਾਰਨ ਕਰਦਾ ਹੈ, ਜਿਹਾ ਕਿ ਵੋਲੋਦੀਆ ਦੇ ਮਾਤਾ ਪਿਤਾ ਦੀ ਹਾਲਤ ਵਿਚ ਹੋਇਆ। ਜੇ ਪਿਤਾ ਅਤੇ ਮਾਤਾ ਆਪਣਾ ਸਾਰਾ ਆਪਾ ਆਪਣੇ ਬਚਿਆਂ ਨੂੰ ਦੇਣ, ਜੇ ਉਹ ਇਹ ਭੁਲ ਜਾਣ ਕਿ ਉਹਨਾਂ ਦੁਆਲੇ ਹੋਰ ਲੋਕ ਵੀ ਹਨ, ਤਾਂ ਇਹ ਲੋੜੋ ਵਧ ਪਿਆਰ ਕਈ ਵਾਰ ਦੁਖ ਵਿਚ ਤਬਦੀਲ ਹੋ ਜਾਂਦਾ ਹੈ।

ਮੈਂ ਮਾਤਾ ਪਿਤਾ ਨੂੰ **ਖ਼ੁਸ਼ੀ ਦੇ ਸਕੂਲ** ਸੰਬੰਧੀ ਆਪਣੇ ਵਿਚਾਰ ਦਸਦੇ ਹੋਏ ਇਸ ਸੰਬੰਧੀ ਸੋਚਿਆ। ਇਹ ਔਖੀ ਗਲ ਬਾਤ ਸੀ। ਮੈਂ ਉਸ ਸਾਰੇ ਚੰਗੇ ਅਤੇ ਮਾੜੇ ਨੂੰ ਮੁਖ ਰਖਣਾ ਸੀ ਜਿਸਦੀ ਪਰਵਾਰਾਂ ਵਿਚ ਹੋਂਦ ਸੀ। ਜਦੋਂ ਮੈਂ ਇਮਾਨਦਾਰੀ, ਸਚਾਈ ਅਤੇ ਪ੍ਰਸਪਰ ਭਰੋਸੇ ਦੇ ਉਸ ਵਾਯੂ-ਮੰਡਲ ਦੀ ਗਲ ਕੀਤੀ ਜਿਹੜਾ ਮੈਂ **ਖ਼ੁਸ਼ੀ ਦੇ ਸਕੂਲ** ਵਿਚ ਵੇਖਣਾ ਚਾਹੁੰਦਾ ਸਾਂ ਤਾਂ ਮੈਂ ਕੌਲੀਆ ਦੇ ਟਬਰ ਸੰਬੰਧੀ ਔਖਾ ਅਨੁਭਵ ਕਰ ਰਿਹਾ ਸਾਂ। ਪਰ ਮੈਂ ਬਾਕੀ ਦੇ ਮਾਤਾ ਪਿਤਾ ਨੂੰ ਉਹਨਾਂ ਗੰਭੀਰ ਮਸਲਿਆਂ ਸੰਬੰਧੀ ਨਹੀਂ ਸਾਂ ਦਸ ਸਕਦਾ, ਉਸ ਪਰਵਾਰ ਦੇ ਜਿਨ੍ਹਾਂ ਦੇ ਵਸ ਪਏ ਹੋਣ ਸੰਬੰਧੀ ਮੈਂ ਜਾਣਦਾ ਸਾਂ। ਇਸ ਨਾਲ ਮਾਂ ਨੇ ਸਕੂਲ ਵਿਰੁਧ ਹੋ ਜਾਣਾ ਸੀ ਅਤੇ ਉਹਨੇ

ਮੁੜਕੇ ਨਹੀਂ ਸੀ ਆਉਣਾ। ਕਿਸੇ ਹੋਰ ਗਲ ਦੀ ਲੋੜ ਸੀ, ਮੈਂ ਇਸ ਸੰਬੰਧੀ ਬਹੁਤ ਸੋਚਿਆ ਸੀ ਪਰ ਠੀਕ ਉਤਰ ਨਹੀਂ ਸਾਂ ਲਭ ਸਕਿਆ।

ਮੈਂ ਮਾਤਾ ਪਿਤਾ ਲਈ ਬਚੇ ਦੇ ਵਾਧੇ ਦਾ ਭਵਿਖ ਨਕਸ਼ਾ ਉਲੀਕਿਆ। ਅਜ ਉਹ ਆਪਣੇ ਛੇ ਵਰ੍ਹਿਆਂ ਦੇ ਬਚਿਆਂ ਨੂੰ ਸਕੂਲੇ ਲਿਆਏ ਹਨ, ਪਰ ੧੨ ਵਰ੍ਹਿਆਂ ਤਕ ਇਹੋ ਬਚੇ ਜਵਾਨ ਹੋ ਜਾਣਗੇ, ਭਵਿਖ ਦੇ ਮਾਤਾ ਅਤੇ ਪਿਤਾ। ਸਕੂਲ ਇਸ ਗਲ ਦਾ ਧਿਆਨ ਰਖੇਗਾ ਕਿ ਬਚੇ ਮਾਣ-ਮਤੇ ਦੇਸ-ਭਗਤ, ਆਪਣੀ ਮਾਤ ਭੂਮੀ ਅਤੇ ਕਿਰਤੀ ਲੋਕਾਂ ਨੂੰ ਪਿਆਰ ਕਰਨ ਵਾਲੇ, ਇਮਾਨਦਾਰ, ਸਚੇ, ਮਿਹਨਤੀ, ਦਿਆਲ, ਨਿਘੇ ਦਿਲ ਵਾਲੇ, ਹਮਦਰਦ, ਬੁਰਾਈ ਅਤੇ ਬੇਇਨਸਾਫ਼ੀ ਵਲ ਅਸਹਿਨਸ਼ੀਲ, ਦਲੇਰ, ਔਕੜਾਂ ਉਤੇ ਕਾਬੂ ਪਾਉਣ ਵਿਚ ਸਿਰੜੀ, ਨਿਰਮਾਣ, ਸਦਾਚਾਰਕ ਪਖ ਤੋ ਸੁਹਣੇ, ਸਿਹਤਮੰਦ ਅਤੇ ਸਰੀਰਕ ਤੌਰ ਉਤੇ ਸਿਖਿਅਤ ਲੋਕ ਬਣਨ। ਇਹ ਲਾਜ਼ਮੀ ਹੈ ਕਿ ਬਚੇ ਸਪਸ਼ਟ ਸੋਚ, ਉਚੇ ਦਿਲ, ਸੁਨਹਿਰੀ ਹਥਾਂ ਅਤੇ ਉਚ ਭਾਵਨਾਵਾਂ ਵਾਲੇ ਲੋਕ ਬਣਨ। ਬਚਾ ਪਰਵਾਰ ਦਾ ਪ੍ਰਤਿਬਿੰਬ ਹੈ ਅਤੇ ਜਿਵੇ ਸੂਰਜ ਪਾਣੀ ਦੇ ਤੁਪਕੇ ਵਿਚ ਪ੍ਰਤਿਬਿੰਬਤ ਹੁੰਦਾ ਹੈ, ਉਸੇ ਤਰ੍ਹਾਂ ਮਾਤਾ ਅਤੇ ਪਿਤਾ ਦੀ ਆਤਮਕ ਸਵਛਤਾ ਬਚੇ ਵਿਚ ਪ੍ਰਤਿਬਿੰਬਤ ਹੁੰਦੀ ਹੈ। ਇਹ ਸਕੂਲ ਅਤੇ ਮਾਤਾ ਪਿਤਾ ਦਾ ਕਾਰਜ ਹੈ ਕਿ ਉਹ ਹਰ ਬਚੇ ਨੂੰ ਖ਼ੁਸ਼ੀ ਦੇਣ — ਬਹੁ-ਪਖੀ ਖ਼ੁਸ਼ੀ — ਖ਼ੁਸ਼ੀ ਤਾਂ ਜੁ ਬਚਾ ਆਪਣੀਆਂ ਯੋਗਤਾਵਾਂ ਸਮਝ ਸਕੇ, ਕਿਰਤ ਨਾਲ ਪਿਆਰ ਕਰਨਾ ਸਿਖ ਸਕੇ, ਅਤੇ ਆਪਣੇ ਆਲੇ ਦੁਆਲੇ ਦੇ ਹੁਸਨ ਨੂੰ ਮਾਣਨ ਲਈ ਰਚਨਾਤਮਕ ਤੌਰ ਉਤੇ ਕੰਮ ਕਰਨਾ ਅਤੇ ਹੋਰ ਲੋਕਾਂ ਲਈ ਸੁਹਪਣ ਦੀ ਰਚਨਾ ਕਰਨਾ, ਹੋਰ ਲੋਕਾਂ ਨੂੰ ਪਿਆਰ ਕਰਨਾ, ਪਿਆਰਾ ਹੋਣਾ, ਸਚਾ ਮਨੁਖ ਹੋਣਾ ਸਿਖ ਸਕੇ। ਕੇਵਲ ਮਾਤਾ ਪਿਤਾ ਅਤੇ ਅਧਿਆਪਕਾਂ ਦੇ ਸਾਂਝੇ ਜਤਨ ਬਚਿਆਂ ਨੂੰ ਮਹਾਨ ਮਨੁਖੀ ਖ਼ੁਸ਼ੀ ਦੇ ਸਕਦੇ ਹਨ। ਬਚੇ ਅਤੇ ਮਾਤਾ ਪਿਤਾ ਘਰ ਚਲੇ ਗਏ ਅਤੇ ਮੈਂ ਸੋਚਿਆ, "ਕਲ, ਇਕਤੀ ਅਗਸਤ ਨੂੰ ਸਾਡਾ **ਖ਼ੁਸ਼ੀ ਦਾ ਸਕੂਲ** ਹੋਂਦ ਵਿਚ ਆ ਜਾਵੇਗਾ।" *

ਇਹ ਦਿਨ ਮੇਰੇ ਲਈ ਕੀ ਲਿਆਵੇਗਾ? ਮੈਂ ਬਚਿਆਂ ਨੂੰ ਆਪਣੀਆਂ ਮਾਵਾਂ ਦੇ ਹਥ ਫੜੀ ਵੇਖਿਆ ਪਰ ਅਗਲੇ ਦਿਨ ਉਹ ਇਕਲੇ ਆਉਣਗੇ। ਹਰ ਮਨੁਖ ਦੀਆਂ ਆਪਣੀਆਂ ਖ਼ੁਸ਼ੀਆਂ ਹੁੰਦੀਆਂ ਹਨ। ਹਰ ਵਿਅਕਤੀ ਦੀ ਉਜਲ ਸਵੇਰ ਹੁੰਦੀ ਹੈ ਅਤੇ ਉਹਦੇ ਸਾਹਮਣੇ ਅਨੰਤ ਜੀਵਨ ਹੁੰਦਾ ਹੈ। ਉਸ ਦਿਨ ਦੀ ਪੂਰਬਲੀ ਸੰਧਿਆ ਨੂੰ ਮੈਨੂੰ ਸਭ ਤੋ ਵਧ ਇਸ ਸੰਬੰਧੀ ਫ਼ਿਕਰ ਸੀ ਕਿ ਸਕੂਲ ਨਿਕੇ ਬਚਿਆਂ ਨੂੰ ਉਹਨਾਂ ਦੀਆਂ ਖ਼ੁਸ਼ੀਆਂ ਤੋ ਵਿਰਵਾ ਨਾ ਕਰ ਦੇਵੇ। ਇਹਦੇ ਉਕਾ ਉਲਟ ਇਹ ਲਾਜ਼ਮੀ ਹੈ ਕਿ ਮਨੁਖ ਸਕੂਲ ਦੇ ਸੰਸਾਰ ਵਿਚ ਉਹਨਾਂ ਦੀ ਅਗਵਾਈ ਦਿਉਂ ਕਰੇ ਕਿ ਸਦਾ

---

*ਸੋਵੀਅਤ ਯੂਨੀਅਨ ਵਿਚ ਸਕੂਲ ਦੀ ਪੜ੍ਹਾਈ ਪਹਿਲੀ ਸਤੰਬਰ ਨੂੰ ਸ਼ੁਰੂ ਹੁੰਦੀ ਹੈ। — **ਸੰਪਾ:**

ਨਵੀਆਂ ਖ਼ੁਸ਼ੀਆਂ ਉਹਨਾਂ ਦੇ ਸਾਹਮਣੇਂ ਖੁਲ੍ਹਣ, ਤਾਂ ਜੁ ਸਿਖਿਆ ਅਕਾਊ ਅਧਿਅਨ ਬਣਕੇ ਨਾ ਰਹਿ ਜਾਵੇ। ਤਾਂ ਜੁ, ਦੂਜੇ ਹਥ, ਸਕੂਲ ਇਕ ਅਨੰਤ ਖੇਡ ਨਾ ਬਣ ਜਾਵੇ, ਉਪਰੋਂ ਉਪਰੋਂ ਰੋਚਕ ਪਰ ਥੋਥੀ। ਇਹ ਲਾਜ਼ਮੀ ਹੈ ਕਿ ਹਰ ਦਿਨ ਬਚਿਆਂ ਦੀ ਸੋਚ, ਭਾਵਨਾਵਾਂ ਅਤੇ ਇਛਾ ਨੂੰ ਭਰਪੂਰ ਬਣਾਵੇ।

## ਖੁਲ੍ਹੀ ਹਵਾ ਵਿਚ ਸਕੂਲ

ਮੈਂ ਉਤੇਜਨਾ ਨਾਲ ਬਚਿਆਂ ਦੀ ਉਡੀਕ ਕਰਨ ਲਗਾ। ਸਵੇਰੇ ਅਠ ਵਜੇ ਉਹਨਾਂ ਵਿਚੋ ੨੬ ਆ ਗਏ। ਸਾਸ਼ਾ ਨਾ ਆਈ (ਸ਼ਾਇਦ ਉਹਦੀ ਮਾਂ ਠੀਕ ਨਹੀਂ ਸੀ), ਅਤੇ ਵੋਲੋਂਦੀਆ ਗ਼ੈਰ-ਹਾਜ਼ਰ ਸੀ, ਜਾਪਦਾ ਹੈ ਉਹ ਸੁਤਾ ਹੋਇਆ ਸੀ ਅਤੇ ਉਹਦੀ ਮਾਂ ਉਹਨੂੰ ਜਗਾਉਣਾ ਨਹੀਂ ਸੀ ਚਾਹੁੰਦੀ।

ਲਗ ਭਗ ਸਾਰੇ ਬਚਿਆਂ ਨੇ ਦਿਨ-ਤਿਹਾਰ ਨੂੰ ਪਾਉਣ ਵਾਲੇ ਕਪੜੇ ਪਹਿਨੇ ਹੋਏ ਸਨ ਅਤੇ ਨਵੇਂ ਬੂਟ ਪਹਿਨੇ ਹੋਏ ਸਨ। ਇਸ ਉਤੇ ਮੈਨੂੰ ਚਿੰਤਾ ਹੋਈ ਕਿਉਂਕਿ ਜੁਗਾਂ-ਜੁਗਾਂਤਰਾਂ ਤੋਂ ਪਿੰਡਾਂ ਦੇ ਬਚੇ ਨੰਗੇ ਪੈਰੀਂ ਘੁੰਮਦੇ ਰਹੇ ਹਨ ਅਤੇ ਇਹ ਬਹੁਤ ਸੁਹਣੀ ਕਸਰਤ ਹੈ ਅਤੇ ਜ਼ੁਕਾਮ ਵਿਰੁਧ ਸਭ ਤੋਂ ਚੰਗੀ ਰੋਕ। ਮਾਤਾ ਪਿਤਾ ਆਪਣੇ ਬਚਿਆਂ ਦੇ ਪੈਰਾਂ ਦੀ ਮੈਲ, ਸਵੇਰ ਦੀ ਤਰੇਲ ਅਤੇ ਸੂਰਜ ਕਾਰਨ ਗਰਮ ਹੋਈ ਧਰਤੀ ਤੋਂ ਰਖਿਆ ਕਿਉਂ ਕਰਨਾ ਚਾਹੁੰਦੇ ਹਨ? ਉਹਨਾਂ ਦੇ ਆਸ਼ੇ ਚੰਗੇ ਹਨ ਪਰ ਸਿਟੇ ਮਾੜੇ ਹੁੰਦੇ ਹਨ: ਹਰ ਵਰ੍ਹੇ ਪਿੰਡਾਂ ਤੇ ਵਧੇਰੇ ਬਚਿਆਂ ਨੂੰ ਇਨਫ਼ਲੂਐਂਜ਼ਾ, ਘੰਡੀ ਪੈਣ ਅਤੇ ਕਾਲੀ ਖਾਂਸੀ ਦੇ ਰੋਗ ਲਗਦੇ ਜਾ ਰਹੇ ਹਨ। ਬਚਿਆਂ ਦੀ ਪਾਲਣਾ ਇਉਂ ਹੋਣੀ ਚਾਹੀਦੀ ਹੈ ਕਿ ਉਹ ਨਾ ਗਰਮੀ ਤੋਂ ਡਰਨ, ਨਾ ਠੰਢ ਤੋਂ।

"ਆਓ ਬੱਚਿਓ ਸਕੂਲ ਚਲੀਏ," ਮੈਂ ਨਿਕਿਆਂ ਬਾਲਾਂ ਨੂੰ ਕਿਹਾ ਅਤੇ ਬਾਗ਼ ਵਲ ਚਲ ਪਿਆ। ਬਚਿਆਂ ਅਚਰਜ ਨਾਲ ਮੇਰੇ ਵੱਲ ਵੇਖਿਆ।

"ਹਾਂ, ਬਚਿਓ, ਅਸੀਂ ਸਕੂਲ ਜਾ ਰਹੇ ਹਾਂ। ਸਾਡਾ ਸਕੂਲ ਖੁਲ੍ਹੀ ਹਵਾ ਵਿਚ ਹੋਵੇਗਾ, ਹਰੇ ਘਾਹ ਉਤੇ ਨਾਖਾਂ ਦੇ ਰੁਖਾਂ ਹੇਠਾਂ, ਅੰਗੂਰਾਂ ਦੇ ਕੁੰਜ ਵਿਚ ਹਰੀਆਂ ਜੂਹਾਂ ਵਿਚ। ਇਥੇ ਆਪਣੇ ਬੂਟ ਲਾਹ ਦਿਓ ਅਤੇ ਉਸੇ ਤਰ੍ਹਾਂ ਨੰਗੇ ਪੈਰੀਂ ਚਲੋ ਜਿਵੇ ਤੁਸੀਂ ਪਹਿਲਾਂ ਚਲਦੇ ਸਾਓ।" ਬਚੇ ਖ਼ੁਸ਼ੀ ਨਾਲ ਚਹਿਕ ਪਏ, ਉਹਨਾਂ ਨੂੰ ਗਰਮੀਆਂ ਵਿਚ ਬੂਟ ਪਾਉਣ ਦੀ ਆਦਤ ਨਹੀਂ ਸੀ ਅਤੇ ਇਹ ਗਲ ਅਸੁਖਾਵੀਂ ਸੀ। "ਅਤੇ ਕਲ, ਬੂਟ ਪਾਕੇ ਨਾ ਆਉਣਾ। ਇਹ ਸਾਡੇ ਸਕੂਲ ਲਈ ਸਭ ਤੋਂ ਚੰਗੀ ਗਲ ਹੋਵੇਗੀ।"

ਅਸੀਂ ਅੰਗੂਰਾਂ ਦੇ ਕੁੰਜ ਵਾਲੀ ਰਉਂਸ ਉਤੇ ਪੈ ਗਏ। ਇਕ ਨੁਕਰੇ, ਰੁਖਾਂ ਦੇ ਉਹਲੇ ਅੰਗੂਰਾਂ ਦੀਆਂ ਘਣੀਆਂ ਵੇਲਾਂ ਉਗੀਆਂ ਹੋਈਆਂ ਸਨ। ਧਾਤ ਦੇ ਪਿੰਜ ਨਾਲ ਵਲੀਆਂ ਉਹ ਇਕ ਹਰੀ ਕੁਟੀਆ ਬਣਾਉਂਦੀਆਂ। ਉਹਨਾਂ ਦੇ ਹੇਠਾਂ ਧਰਤੀ ਨਰਮ

ਘਾਹ ਨਾਲ ਕਜੀ ਹੋਈ ਸੀ। ਉਥੇ ਸ਼ਾਂਤੀ ਦਾ ਰਾਜ ਸੀ ਅਤੇ ਹਰੇ ਧੁੰਦਲਕੇ ਵਿਚ ਇਉਂ ਜਾਪਦਾ ਸੀ ਸਾਰਾ ਸੰਸਾਰ ਹਰਾ ਹੈ। ਅਸੀਂ ਘਾਹ ਉਤੇ ਬਹਿ ਗਏ।

"ਅਤੇ ਇਥੋਂ ਸਾਡਾ ਸਕੂਲ ਸ਼ੁਰੂ ਹੁੰਦਾ ਹੈ। ਇਥੋਂ ਅਸੀਂ ਨੀਲੇ ਆਕਾਸ਼, ਬਾਗ਼, ਪਿੰਡ ਅਤੇ ਸੂਰਜ ਵਲ ਵੇਖਾਂਗੇ।"

ਕੁਦਰਤ ਦੇ ਸੁਹਪਣ ਦੇ ਕੀਲੇ ਬਚੇ ਚੁਪ ਹੋ ਗਏ। ਪਤਿਆਂ ਵਿਚਕਾਰ ਪਕੇ, ਅੰਬਰੀ ਰੰਗ ਦੇ ਅੰਗੂਰ ਲਟਕ ਰਹੇ ਸਨ। ਬਚੇ ਉਹਨਾਂ ਦਾ ਸੁਆਦ ਚਖਣਾ ਚਾਹੁੰਦੇ ਸਨ। ਬਚਿਓ, ਅਸੀਂ ਇਹ ਸਾਰਾ ਕੁਝ ਵੀ ਕਰਾਂਗੇ ਪਰ ਪਹਿਲਾਂ ਅਸੀਂ ਉਹਨਾਂ ਦੇ ਸੁਹਪਣ ਦੀ ਸ਼ਲਾਘਾ ਕਰ ਲਈਏ। ਬਚਿਆਂ ਆਪਣੇ ਆਲੇ ਦੁਆਲੇ ਵੇਖਿਆ। ਇਉਂ ਜਾਪਦਾ ਸੀ ਬਾਗ਼ ਕਿਸੇ ਹਰੀ ਧੁੰਦ ਵਿਚ ਹੈ, ਜਿਵੇਂ ਪਾਣੀ ਹੇਠਲਾ ਜਗਤ ਹੋਵੇ। ਧਰਤੀ ਦਾ ਤਲ—ਖੇਤ, ਜੂਹਾਂ, ਸੜਕਾਂ—ਕਿਸੇ ਹਰੀ ਕਚੂਰ ਧੁੰਦ ਵਿਚ ਝਿਲ ਮਿਲ ਕਰਦੇ ਜਾਪਦੇ ਸਨ ਅਤੇ ਝਿਲ ਮਿਲ ਕਰਦੇ ਰੁਖਾਂ ਉਤੇ ਧੁਪ ਦੀਆਂ ਚੰਗਿਆੜੀਆਂ ਡਿਗਦੀਆਂ।

"ਸੂਰਜ ਚੰਗਿਆੜੀਆਂ ਖਲੇਰ ਰਿਹਾ ਹੈ," ਕਾਤੀਆ ਨੇ ਪੋਲੇ ਜਿਹੇ ਕਿਹਾ।

ਬਚੇ ਆਪਣੇ ਆਪ ਨੂੰ ਕੀਲਣ ਵਾਲੇ ਸੰਸਾਰ ਤੋਂ ਵਖ ਨਹੀਂ ਸਨ ਕਰਨਾ ਚਾਹੁੰਦੇ, ਸੋ ਮੈਂ ਉਹਨਾਂ ਨੂੰ ਸੂਰਜ ਸੰਬੰਧੀ ਕਹਾਣੀ ਸੁਣਾਉਣੀ ਸ਼ੁਰੂ ਕਰ ਦਿਤੀ।

"ਹਾਂ, ਬਚਿਓ, ਕਾਤੀਆ ਨੇ ਬਹੁਤ ਸੁਹਣੀ ਗਲ ਕਹੀ ਹੈ: ਸੂਰਜ ਚੰਗਿਆੜੀਆਂ ਖਲੇਰ ਰਿਹਾ ਹੈ। ਉਹ ਅਸਮਾਨ ਵਿਚ ਬਹੁਤ ਉਚਾ ਰਹਿੰਦਾ ਹੈ। ਉਹਦੇ ਦੋ ਧੜਵੈਲ ਲੁਹਾਰ ਅਤੇ ਇਕ ਸੋਨੇ ਦੀ ਅਹਿਰਣ ਹੈ। ਪਹੁ-ਫੁਟਾਲੇ ਤੋਂ ਪਹਿਲਾਂ ਲਟ ਲਟ ਕਰਦੀਆਂ ਦਾੜ੍ਹੀਆਂ ਵਾਲੇ ਲੁਹਾਰ ਸੂਰਜ ਕੋਲ ਜਾਂਦੇ ਹਨ ਅਤੇ ਉਹ ਉਹਨਾਂ ਨੂੰ ਚਾਂਦੀ ਦੇ ਧਾਗੇ ਦੇ ਦੋ ਮੁਠੇ ਦੇਂਦਾ ਹੈ। ਲੁਹਾਰ ਲੋਹੇ ਦੇ ਹਥੌੜੇ ਲੈਂਦੇ ਹਨ, ਚਾਂਦੀ ਦੇ ਧਾਗਿਆਂ ਨੂੰ ਸੋਨੇ ਦੀ ਅਹਿਰਣ ਉਤੇ ਰਖਦੇ ਹਨ ਅਤੇ ਹਥੌੜੇ ਮਾਰਨੇ ਸ਼ੁਰੂ ਕਰ ਦੇਂਦੇ ਹਨ। ਉਹ ਸੂਰਜ ਲਈ ਚਾਂਦੀ ਦਾ ਹਾਰ ਤਿਆਰ ਕਰਦੇ ਹਨ ਅਤੇ ਹਥੌੜਿਆਂ ਹੇਠੋਂ ਚਾਂਦੀ ਦੀਆਂ ਚੰਗਿਆੜੀਆਂ ਉਡਦੀਆਂ ਹਨ ਅਤੇ ਟੁੱਟੇ ਹੋ ਜਾਂਦੀਆਂ ਹਨ, ਫਿਰ ਸਾਡੀ ਧਰਤੀ ਉਤੇ ਡਿਗਦੀਆਂ ਹਨ। ਚੰਗਿਆੜੀਆਂ ਧਰਤੀ ਉਤੇ ਡਿਗਦੀਆਂ ਹਨ ਅਤੇ ਤੁਸੀਂ ਉਹਨਾਂ ਨੂੰ ਇਥੇ ਵੇਖ ਸਕਦੇ ਹੋ। ਸ਼ਾਮ ਨੂੰ ਥਕੇ ਹੋਏ ਲੁਹਾਰ ਸੂਰਜ ਕੋਲ ਜਾਂਦੇ ਹਨ ਅਤੇ ਉਹਨੂੰ ਹਾਰ ਦੇਂਦੇ ਹਨ। ਸੂਰਜ ਹਾਰ ਆਪਣੇ ਸੁਨਹਿਰੀ ਛਤਿਆਂ ਦੁਆਲੇ ਵਲ ਲੈਂਦਾ ਹੈ ਅਤੇ ਆਰਾਮ ਕਰਨ ਲਈ ਆਪਣੇ ਜਾਦੂਈ ਬਾਗ਼ ਵਿਚ ਚਲਾ ਜਾਂਦਾ ਹੈ।"

ਮੈਂ ਕਹਾਣੀ ਸੁਣਾਉਂਦਾ ਹੋਇਆ ਨਾਲ ਹੀ ਨਾਲ ਚਿਤਰ ਬਣਾਈ ਗਿਆ। ਕਾਗ਼ਜ਼ ਦੇ ਚਿਟੇ ਤਾਅ ਉਤੇ ਅਣੋਖੇ ਬਿੰਬ ਉਭਰ ਆਏ—ਦੋ ਧੜਵੈਲ ਲੁਹਾਰ ਲੋਹੇ ਦੀ ਅਹਿਰਣ ਉਤੇ ਝੁਕੇ ਹੋਏ ਅਤੇ ਲੋਹੇ ਦੇ ਹਥੌੜਿਆਂ ਹੇਠੋਂ ਖਿਲਰਦੀਆਂ ਚੰਗਿਆੜੀਆਂ।

ਜਾਦੂਈ ਸੰਸਾਰ ਦੇ ਕੀਲੇ ਬਚੇ ਕਹਾਣੀ ਸੁਣੀ ਗਏ, ਅਤੇ ਇਉਂ ਜਾਪਦਾ

ਸੀ ਕਿ ਉਹ ਜਾਦੂ ਤੋੜਨੋਂ ਡਰਦੇ ਹੋਏ ਚੁਪ ਬੈਠੇ ਸਨ। ਫਿਰ ਉਹਨਾਂ ਪ੍ਰਸ਼ਨ ਪੁਛਣੇ ਸ਼ੁਰੂ ਕਰ ਦਿਤੇ—ਲੁਹਾਰ ਰਾਤ ਨੂੰ ਕੀ ਕਰਦੇ ਹਨ? ਉਹ ਰੋਜ਼ ਸੂਰਜ ਲਈ ਨਵਾਂ ਹਾਰ ਕਿਉਂ ਬਣਾਉਂਦੇ ਹਨ? ਚਾਂਦੀ ਦੀਆਂ ਚੰਗਿਆੜੀਆਂ ਕਿਥੇ ਲੋਪ ਹੋ ਜਾਂਦੀਆਂ ਹਨ—ਕੀ ਉਹ ਸਚ ਮੁਚ ਰੋਜ਼ ਧਰਤੀ ਉਤੇ ਡਿਗਦੀਆਂ ਹਨ?

ਇਸ ਸੰਬੰਧੀ ਮੈਂ ਤੁਹਾਨੂੰ ਫਿਰ ਕਿਸੇ ਦਿਨ ਦਸਾਂਗਾ। ਸਾਡੇ ਕੋਲ ਅਜੇ ਬੜਾ ਸਮਾਂ ਹੈ। ਆਓ ਅਸੀਂ ਹੁਣ ਅੰਗੂਰਾਂ ਦਾ ਸਵਾਦ ਮਾਣੀਏ। ਟੋਕਰੀਆਂ ਅੰਗੂਰਾਂ ਨਾਲ ਭਰੇ ਜਾਣ ਤਕ ਬਚਿਆਂ ਨੇ ਬੜੀ ਉਤਾਵਲ ਨਾਲ ਉਡੀਕ ਕੀਤੀ। ਮੈਂ ਹਰ ਬਚੇ ਨੂੰ ਦੋ ਗੁਛੇ ਦਿਤੇ, ਇਕ ਖਾਣ ਲਈ ਅਤੇ ਇਕ ਮਾਂ ਕੋਲ ਘਰ ਲਿਜਾਣ ਲਈ ਤਾਂ ਜੁ ਉਹ ਵੀ ਇਹਨਾਂ ਦਾ ਸਵਾਦ ਮਾਣ ਸਕੇ। ਬਚਿਆਂ ਨੇ ਅਚੰਭਾਜਨਕ ਹਦ ਤਕ ਸਬਰ ਕੀਤਾ: ਉਹਨਾਂ ਅੰਗੂਰ ਕਾਗ਼ਜ਼ ਵਿਚ ਲਪੇਟ ਲਏ। ਪਰ ਮੈਂ ਅਜੇ ਵੀ ਸੋਚ ਰਿਹਾ ਸਾਂ ਕਿ ਕੀ ਉਹ ਸਚ ਮੁਚ ਅੰਗੂਰ ਘਰ ਲੈ ਜਾਣਗੇ ਅਤੇ ਰਸਤੇ ਵਿੱਚ ਖਾ ਤਾਂ ਨਹੀਂ ਲੈਣਗੇ। ਕੀ ਤੋਲੀਆ ਅਤੇ ਕੋਲੀਆ ਅੰਗੂਰ ਆਪਣੀਆਂ ਮਾਵਾਂ ਕੋਲ ਲੈ ਜਾਣਗੇ? ਮੈਂ ਨੀਨਾ ਨੂੰ ਕਈ ਗੁਛੇ ਦਿਤੇ—ਇਕ ਉਹਦੀ ਬਿਮਾਰ ਮਾਂ ਲਈ ਅਤੇ ਹੋਰ ਉਹਦੀ ਭੈਣ ਅਤੇ ਦਾਦੀ ਲਈ। ਵਾਰੀਆ ਆਪਣੇ ਪਿਤਾ ਲਈ ਤਿੰਨ ਗੁਛੇ ਲੈ ਗਈ। ਮੈਨੂੰ ਵਿਚਾਰ ਅਹੁੜਿਆ ਕਿ ਜਿਉਂ ਹੀ ਬਚੇ ਮਜ਼ਬੂਤ ਹੋ ਜਾਣ, ਉਹਨਾਂ ਵਿਚੋਂ ਹਰ ਇਕ ਆਪਣਾ ਅੰਗੂਰਾਂ ਦਾ ਕੁੰਜ ਲਾਵੇਗਾ।... ਉਸ ਸਾਲ ਪਤਝੜ ਦੀ ਰੁਤੇ ਵਾਰੀਆ ਦੇ ਘਰ ਦਰਜਾਂ ਨਿਕੀਆਂ ਵੇਲਾਂ ਲਾਈਆਂ ਜਾਣ ਤਾਂ ਜੁ ਇਕ ਵਰ੍ਹਾ ਪਿਛੋਂ ਉਹ ਫਲ ਦੇਣ, ਅਤੇ ਇਹ ਉਹਦੇ ਪਿਤਾ ਲਈ ਸਚ ਮੁਚ ਸ਼ਾਨਦਾਰ ਦਵਾਈ ਹੋਵੇਗੀ।...

ਅਸੀਂ ਪਰੀ ਦੇਸ ਦੇ ਹਰੇ ਧੁੰਦਲਕੇ ਨੂੰ ਛਡ ਕੇ ਆ ਗਏ ਅਤੇ ਮੈਂ ਬਚਿਆਂ ਨੂੰ ਕਿਹਾ: "ਕਲ ਸ਼ਾਮੀਂ ਛੇ ਵਜੇ ਆਉਣਾ। ਭੁਲਣਾ ਨਹੀਂ"।

ਮੈਂ ਅਨੁਭਵ ਕਰ ਰਿਹਾ ਸਾਂ ਕਿ ਬਚੇ ਉਥੋਂ ਜਾਣਾ ਨਹੀਂ ਚਾਹੁੰਦੇ, ਪਰ ਅੰਗੂਰਾਂ ਦੇ ਚਿਟੇ ਪੁੜੇ ਛਾਤੀਆਂ ਨਾਲ ਲਾਈ ਉਹ ਚਲੇ ਗਏ। ਮੇਰਾ ਕਿੰਨਾ ਇਹ ਜਾਣਨ ਨੂੰ ਜੀਅ ਕਰਦਾ ਸੀ ਕਿ ਉਹਨਾਂ ਵਿਚੋਂ ਕਿਹੜਾ ਕਿਹੜਾ ਅੰਗੂਰ ਘਰ ਤਕ ਲਿਜਾਵੇਗਾ! ਪਰ, ਨਿਰਸੰਦੇਹ, ਮੈਂ ਉਹਨਾਂ ਤੋਂ ਪੁਛ ਨਹੀਂ ਸਾਂ ਸਕਦਾ। ਜੇ ਉਹ ਆਪ ਦਸਣ ਤਾਂ ਚੰਗੀ ਗਲ ਹੋਵੇਗੀ।

ਇਉਂ ਖੁਲ੍ਹੀ ਹਵਾ ਵਿਚ ਸਾਡੇ ਸਕੂਲ ਦਾ ਪਹਿਲਾ ਦਿਨ ਖ਼ਤਮ ਹੋਇਆ।... ਉਸ ਰਾਤ ਮੈਨੂੰ ਸੂਰਜ ਦੀਆਂ ਰੁਪਹਿਲੀ ਚੰਗਿਆੜੀਆਂ ਦੇ ਸੁਪਨੇ ਆਏ ਅਤੇ ਸਵੇਰੇ ਸਾਝਰੇ ਜਾਗ ਪਿਆ ਅਤੇ ਸੋਚਣ ਲਗ ਪਿਆ ਹੁਣ ਮੈਂ ਕੀ ਕਰਾਂ। ਮੈਂ ਇਸ ਸੰਬੰਧੀ ਵਿਸਥਾਰ-ਪੂਰਵਕ ਯੋਜਨਾ ਨਾ ਬਣਾਈ ਕਿ ਮੈਂ ਬਚਿਆਂ ਨੂੰ ਉਸ ਦਿਨ ਕੀ ਦਸਾਂਗਾ ਜਾਂ ਉਹਨਾਂ ਨੂੰ ਕਿਥੇ ਲਿਜਾਵਾਂਗਾ। ਸਾਡੇ ਸਕੂਲ ਦਾ ਜੀਵਨ ਉਸ ਵਿਚਾਰ ਤੋਂ ਵਿਕਸਤ ਹੋਇਆ ਜਿਸਨੇ ਮੈਨੂੰ ਉਤਸ਼ਾਹਤ ਕੀਤਾ ਸੀ: ਬਚਾ ਖ਼ੁਦ ਆਪਣੇ ਖ਼ਾਸੇ

ਅਨੁਸਾਰ — ਆਪਣੇ ਆਲੇ ਦੁਆਲੇ ਦੇ ਸੰਸਾਰ ਦਾ ਅਭਿਲਾਖੀ ਖੋਜੀ ਬਣੇ। ਸ਼ਾਲਾ ਜਿਊਂਦੇ ਰੰਗਾਂ, ਸਪਸ਼ਟ ਅਤੇ ਕੰਬਦੀਆਂ ਆਵਾਜ਼ਾਂ ਵਾਲਾ ਅਦਭੁਤ ਸੰਸਾਰ ਉਹਨਾਂ ਸਾਹਮਣੇ ਪਰੀ-ਕਹਾਣੀਆਂ ਅਤੇ ਖੇਡਾਂ ਵਿਚ, ਨਿਜੀ ਰਚਨਾਤਮਕਤਾ ਵਿਚ, ਸੁਹਪਣ ਵਿਚ ਖਿੜੇ, ਉਹਨਾਂ ਦੇ ਦਿਲਾਂ ਨੂੰ ਹੋਰਨਾਂ ਲਈ ਚੰਗਾ ਕਰਨ ਦੀ ਇਛਾ ਨਾਲ ਉਤਸ਼ਾਹਤ ਕਰੇ। ਪਰੀ-ਕਹਾਣੀਆਂ, ਖ਼ਿਆਲ-ਉਡਾਰੀਆਂ, ਦੁਹਰਾਈ ਨਾ ਜਾ ਸਕਣ ਵਾਲੀ ਬਚਿਆਂ ਦੀ ਰਚਨਾਤਮਕਤਾ ਰਾਹੀਂ ਮਨੁਖ ਬਚੇ ਦੇ ਦਿਲ ਤਕ ਰਾਹ ਲਭਦਾ ਹੈ। ਮੈਂ ਆਲੇ ਦੁਆਲੇ ਦੇ ਸੰਸਾਰ ਵਿਚ ਬਚਿਆਂ ਦੀ ਇਉਂ ਅਗਵਾਈ ਕਰਾਂਗਾ ਕਿ ਸਾਡਾ ਹਰ ਪੈਰ **ਸੋਚ ਅਤੇ ਬੋਲੀ ਦੇ ਸੋਮਿਆਂ ਵਲ**, ਪ੍ਰਕਿਰਤੀ ਦੇ ਜਾਦੂਈ ਹੁਸਨ ਵਲ **ਸਫ਼ਰ** ਦਾ ਹਿਸਾ ਹੋਵੇਗਾ। ਮੈਂ ਇਸ ਗਲ ਦਾ ਧਿਆਨ ਰਖਾਂਗਾ ਕਿ ਮੇਰਾ ਹਰ ਸ਼ਗਿਰਦ ਵਡਾ ਹੋਕੇ ਇਕ ਸੋਚਵਾਨ ਅਤੇ ਖੋਜੀ ਮਨੁਖ ਬਣੇ ਤਾਂ ਜੁ ਗਿਆਨ ਵਲ ਹਰ ਕਦਮ ਦਿਲ ਨੂੰ ਉਚਿਆਏ ਅਤੇ ਨਿਸ਼ਚੇ ਨੂੰ ਪਾਣ ਚਾੜ੍ਹੇ।

ਦੂਜੇ ਦਿਨ ਬਚੇ ਸ਼ਾਮ ਦੇ ਨੇੜੇ ਸਕੂਲੇ ਆਏ। ਸਤੰਬਰ ਦੇ ਸ਼ਾਂਤ ਦਿਨ ਦੀ ਠੰਢੀਰ ਫੈਲ ਗਈ ਸੀ। ਅਸੀਂ ਪਿੰਡ ਤੋਂ ਬਾਹਰ ਗਏ ਅਤੇ ਇਕ ਪੁਰਾਣੇ ਦਫ਼ਨਾਉਣ ਵਾਲੇ ਟਿਬੇ ਉਤੇ ਬਹਿ ਗਏ। ਸੂਰਜ ਦੀਆਂ ਕਿਰਨਾਂ ਨਾਲ ਲਟ ਲਟ ਕਰਦੀਆਂ ਜੂਹਾਂ, ਸਿਧੇ ਖੜੇ ਸਫ਼ੈਦੇ ਦੇ ਰੁਖਾਂ ਅਤੇ ਦਿਸ-ਹਦੇ ਉਤੇ ਦਫ਼ਨਾਉਣ ਵਾਲੇ ਟਿਬਿਆਂ ਦਾ ਇਕ ਅਦਭੁਤ ਦ੍ਰਿਸ਼ ਸਾਡੀਆਂ ਅਖਾਂ ਸਾਹਮਣੇ ਖੁਲ੍ਹ ਗਿਆ। ਅਸੀਂ ਸੋਚ ਅਤੇ ਸ਼ਬਦਾਂ ਦੇ ਸੋਮਿਆਂ ਤਕ ਅਪੜ ਗਏ ਸਾਂ। ਪਰੀ-ਕਹਾਣੀਆਂ ਅਤੇ ਕਲਪਨਾ — ਇਹ ਉਹ ਕੁੰਜੀ ਹੈ ਜਿਹੜੀ ਇਹਨਾਂ ਸੋਮਿਆਂ ਨੂੰ ਖੋਹਲਦੀ ਹੈ ਅਤੇ ਫਿਰ ਸ਼ਬਦਾਂ ਦਾ ਝਰਨਾ ਫੁਟ ਪੈਂਦਾ ਹੈ। ਯਾਦ ਜੋ ਕਾਤੀਆ ਨੇ ਪਿਛਲੇ ਦਿਨ ਕਿਵੇਂ ਕਿਹਾ ਸੀ, "ਸੂਰਜ ਚੰਗਿਆੜੀਆਂ ਖਲੇਰ ਰਿਹਾ ਹੈ..." ਘਟਨਾਵਾਂ ਨੂੰ ਅਗਾਊ ਦਸਦੇ ਹੋਏ ਮੈਂ ਤੁਹਾਨੂੰ ਦਸ ਦਿਆਂ ਕਿ ਬਾਰਾਂ ਵਰ੍ਹੇ ਪਿਛੋਂ, ਸਕੂਲ ਦੀ ਪੜ੍ਹਾਈ ਖ਼ਤਮ ਕਰਨ ਸਮੇਂ ਉਹਨੇ ਆਪਣੀ ਮਾਤ-ਭੂਮੀ ਲਈ ਪਿਆਰ ਸੰਬੰਧੀ ਇਕ ਲੇਖ ਲਿਖਿਆ ਅਤੇ ਜਦੋਂ ਉਹਨੇ ਪ੍ਰਕਿਰਤੀ ਲਈ ਆਪਣਾ ਪਿਆਰ ਪ੍ਰਗਟ ਕੀਤਾ ਤਾਂ ਉਹਨੇ ਇਹ ਬਿੰਬ ਦੁਹਰਾਇਆ। ਪਰੀ-ਕਹਾਣੀਆਂ ਦੇ ਬਿੰਬ ਇਉਂ ਬਚਿਆਂ ਦੇ ਮਨ ਉਤੇ ਡੂੰਘੀ ਛਾਪ ਛਡ ਜਾਂਦੇ ਹਨ। ਮੈਨੂੰ ਇਕ ਵਾਰ ਨਹੀਂ, ਹਜ਼ਾਰ ਵਾਰ ਨਿਸ਼ਚਾ ਹੋਇਆ ਹੈ ਕਿ ਆਲੇ ਦੁਆਲੇ ਦੇ ਸੰਸਾਰ ਨੂੰ ਕਲਪਨਾ ਨਾਲ ਭਰਦੇ ਹੋਏ, ਇਹ ਕਲਪਨਾਵਾਂ ਘੜਦੇ ਹੋਏ ਬਚੇ ਨਾ ਕੇਵਲ ਸੁਹਪਣ ਹੀ ਲਭ ਲੈਂਦੇ ਹਨ ਸਗੋ ਸਚ ਵੀ ਲਭ ਲੈਂਦੇ ਹਨ। ਪਰੀ-ਕਹਾਣੀਆਂ ਤੋਂ ਬਿਨਾਂ, ਖੇਡਾਂ ਤੋਂ ਬਿਨਾਂ, ਬਚੇ ਦੀ ਕਲਪਨਾ ਜਿਊਂਦੀ ਨਹੀਂ ਰਹਿ ਸਕਦੀ। ਪਰੀ-ਕਹਾਣੀਆਂ ਤੋਂ ਬਿਨਾਂ ਆਲੇ ਦੁਆਲੇ ਦਾ ਦ੍ਰਿਸ਼ ਚੋਖਾ ਸੁਹਣਾ ਚਿਤਰ ਹੁੰਦਾ ਹੈ ਪਰ ਕੇਵਲ ਕੈਨਵਸ ਉਤੇ ਚਿਤਰਿਆ ਦ੍ਰਿਸ਼; ਪਰੀ-ਕਹਾਣੀਆਂ ਇਹਨੂੰ ਸਜੀਵ ਕਰਦੀਆਂ ਹਨ।

ਅਲੰਕਾਰਕ ਭਾਸ਼ਾ ਵਿਚ ਗਲ ਕਰਦਿਆਂ ਪਰੀ-ਕਹਾਣੀ ਸਜਰੀ ਪੈਣ ਦਾ ਉਹ

ਬੁਲ੍ਹਾ ਹੈ ਜਿਹੜਾ ਬਚਿਆਂ ਦੇ ਵਿਚਾਰਾਂ ਅਤੇ ਬੋਲੀ ਹੀ ਲਾਟ ਨੂੰ ਪ੍ਰਚੰਡ ਕਰਦਾ ਹੈ। ਬਚੇ ਨਾ ਕੇਵਲ ਪਰੀ-ਕਹਾਣੀਆਂ ਸੁਣਨਾ ਹੀ ਪਸੰਦ ਕਰਦੇ ਹਨ, ਉਹ ਇਹਨਾਂ ਨੂੰ ਘੜਨਾ ਵੀ ਪਸੰਦ ਕਰਦੇ ਹਨ। ਅੰਗੂਰਾਂ ਦੇ ਕੁੰਜ ਦੀ ਹਰੀ ਕੰਧ ਵਿਚੋਂ ਬਚਿਆਂ ਨੂੰ ਸੰਸਾਰ ਵਿਖਾਉਂਦੇ ਹੋਏ ਮੈਨੂੰ ਪਤਾ ਸੀ ਕਿ ਮੈਂ ਬਚਿਆਂ ਨੂੰ ਪਰੀ-ਕਹਾਣੀ ਸੁਣਾਵਾਂਗਾ, ਪਰ ਮੈਂ ਇਹ ਨਹੀਂ ਸਾਂ ਜਾਣਦਾ ਕਿਹੋ ਜਿਹੀ। ਖ਼ਿਆਲਾਂ ਦੀ ਉਡਾਰੀ ਲਈ ਉਤੇਜਨਾ ਕਾਤੀਆ ਦੇ ਸ਼ਬਦਾਂ ਤੋਂ ਮਿਲੀ: "ਸੂਰਜ ਚੰਗਿਆੜੀਆਂ ਖਲੇਰ ਰਿਹਾ ਹੈ।..." ਬਚੇ ਕਿੰਨੇ ਸਚਿਆਰੇ, ਠੀਕ ਠੀਕ, ਕਲਾਤਮਕ, ਪ੍ਰਗਟਾਊ ਬਿੰਬ ਘੜਦੇ ਹਨ — ਉਹ ਕਿੰਨੇ ਸਪਸ਼ਟ ਹੁੰਦੇ ਹਨ, ਭਾਸ਼ਾ ਕਿੰਨੀ ਰਾਂਗਲੀ ਹੁੰਦੀ ਹੈ!

ਮੈਂ ਜਤਨ ਕੀਤਾ ਕਿ ਬਚੇ ਪੁਸਤਕ ਖੋਹਲਣ ਤੋਂ ਪਹਿਲਾਂ, ਆਪਣੇ ਪਹਿਲੇ ਸ਼ਬਦ ਅਖਰ ਅਖਰ ਜੋੜਕੇ ਪੜ੍ਹਨ, ਸਭ ਤੋਂ ਵਧ ਜਾਦੂਈ ਪੁਸਤਕ ਦੇ ਪੰਨੇ ਪੜ੍ਹਨ, ਪ੍ਰਕਿਰਤੀ ਦੀ ਪੁਸਤਕ ਦੇ ਪੰਨੇ।

ਇਥੇ ਪ੍ਰਕਿਰਤੀ ਦੇ ਵਿਚਕਾਰ ਇਹ ਵਿਚਾਰ ਕਿ ਸਾਡਾ, ਅਧਿਆਪਕਾਂ ਦਾ ਵਾਹ ਪ੍ਰਕਿਰਤੀ ਵਿਚ ਵਿਦਮਾਨ ਸ਼ੈਆਂ ਵਿਚੋਂ ਸਭ ਤੋਂ ਕੋਮਲ-ਭਾਵੀ, ਸਭ ਤੋਂ ਵਧ ਨਾਜ਼ਕ ਅਤੇ ਸਭ ਤੋਂ ਵਧ ਚਮਤਕਾਰੀ — ਬਚੇ ਦੇ ਮਨ — ਨਾਲ ਪੈ ਰਿਹਾ ਹੈ, ਵਿਸ਼ੇਸ਼ ਸਪਸ਼ਟਤਾ ਨਾਲ ਮੇਰੇ ਮਨ ਵਿਚ ਉਭਰਿਆ। ਜਦੋਂ ਬੰਦਾ ਬਚੇ ਦੇ ਮਨ ਸੰਬੰਧੀ ਸੋਚਦਾ ਹੈ ਤਾਂ ਉਹਨੂੰ ਗੁਲਾਬ ਗੁਲਾਬ ਦੇ ਇਕ ਨਾਜ਼ਕ ਫੁਲ ਸੰਬੰਧੀ ਸੋਚਣਾ ਚਾਹੀਦਾ ਹੈ, ਜਿਸਦੇ ਉਤੇ ਤਰੇਲ ਦੇ ਤੁਪਕੇ ਕੰਬ ਰਹੇ ਹੋਣ। ਤਰੇਲ ਦੇ ਤੁਪਕੇ ਝਾੜੇ ਬਿਨਾਂ ਫੁਲ ਤੋੜਨ ਲਈ ਕਿੰਨੇ ਧਿਆਨ ਅਤੇ ਸੂਖਮਤਾ ਦੀ ਲੋੜ ਹੁੰਦੀ ਹੈ। ਉਸੇ ਤਰ੍ਹਾਂ ਸਾਨੂੰ ਹਰ ਘੜੀ ਸਾਵਧਾਨ ਰਹਿਣਾ ਚਾਹੀਦਾ ਹੈ; ਕਿਉਂਕਿ ਅਸੀਂ ਪ੍ਰਕਿਰਤੀ ਵਿਚ ਸਭ ਤੋਂ ਸੂਖਮ ਅਤੇ ਕੋਮਲ ਵਸਤੂ — ਵਧ ਰਹੇ ਬਚੇ ਦੇ ਸੋਚਣ ਵਾਲੇ ਪਦਾਰਥ ਨੂੰ ਛੂਹ ਰਹੇ ਹਾਂ।

ਬਚਾ ਬਿੰਬਾਂ ਵਿਚ ਸੋਚਦਾ ਹੈ। ਇਹਦਾ ਅਰਥ ਇਹ ਹੈ ਕਿ, ਉਦਾਹਰਣ ਵਜੋ, ਪਾਣੀ ਦੇ ਤੁਪਕੇ ਦੇ ਸਫਰ ਸੰਬੰਧੀ ਅਧਿਆਪਕ ਦੀ ਕਹਾਣੀ ਸੁਣਦਾ ਹੋਇਆ ਉਹ ਆਪਣੀ ਕਲਪਨਾ ਵਿਚ ਸਵੇਰ ਦੀ ਧੁੰਦ ਦੀਆਂ ਰੁਪਹਿਲੀ ਲਹਿਰਾਂ ਨੂੰ, ਕਾਲੇ ਬਦਲਾਂ ਨੂੰ, ਬਿਜਲੀ ਦੀ ਕੜਕ ਨੂੰ ਅਤੇ ਬਸੰਤ ਦੀ ਵਾਛੜ ਨੂੰ ਚੇਤੇ ਕਰਦਾ ਹੈ। ਇਸ ਚਿਤਰ ਵਿਚ ਬਿੰਬ ਜਿੰਨੇ ਵਧੇਰੇ ਸਪਸ਼ਟ ਹੁੰਦੇ ਹਨ, ਬਚਾ ਪ੍ਰਕਿਰਤੀ ਦੇ ਨਿਯਮਾਂ ਨੂੰ ਜਿਹੜੇ ਅਰਥ ਦੇਂਦਾ ਹੈ ਉਹ ਉਨੇ ਹੀ ਡੂੰਘੇ ਹੁੰਦੇ ਹਨ। ਦਿਮਾਗ਼ ਵਿਚ ਸੂਖਮ, ਭਾਵੁਕ ਤੰਤੂ-ਅੰਕੁਰ-ਜੁਟ ਅਜੇ ਮਜ਼ਬੂਤ ਨਹੀਂ ਹੁੰਦੇ; ਉਹਨਾਂ ਨੂੰ ਵਿਕਸਤ ਕਰਨਾ, ਮਜ਼ਬੂਤ ਬਣਾਉਣਾ ਲਾਜ਼ਮੀ ਹੈ।

ਬਚਾ ਸੋਚਦਾ ਹੈ... ਇਹਦਾ ਅਰਥ ਇਹ ਹੈ ਕਿ ਦਿਮਾਗ ਦੇ ਉਪਰਲੇ ਹਿਸੇ ਵਿਚ ਤੰਤੂ-ਅੰਕੁਰ-ਜੁਟ ਦੀ ਇਕ ਵਿਸ਼ੇਸ਼ ਟੋਲੀ ਆਲੇ ਦੁਆਲੇ ਦੇ ਬਿੰਬ (ਚਿਤਰ, ਉਦਾਹਰਣਾਂ, ਘਟਨਾਵਾਂ, ਸ਼ਬਦ) ਕਬੂਲਦੀ ਹੈ ਅਤੇ ਇਹਨਾਂ ਹੀ ਤੰਤੂ ਖੋਲੀਆਂ

ਵਿਚੋਂ ਸੰਕੇਤ ਲੰਘਦੇ ਹਨ। ਤੰਤੂ-ਅੰਕੁਰ-ਜੁਟ ਇਹ ਸੂਚਨਾ ਉਤੇ ਅਮਲ ਕਰਦੇ ਹਨ — ਉਹਨੂੰ ਨੇਮ-ਬਧ ਕਰਦੇ, ਟੋਲੀਆਂ ਵਿਚ ਵੰਡਦੇ, ਤੁਲਣਾ ਕਰਦੇ ਅਤੇ ਛਾਂਟਦੇ ਹਨ। ਅਤੇ ਸਾਰੀ ਨਵੀਂ ਸੂਚਨਾ ਉਤੇ ਘੜੀ ਮੁੜੀ ਅਮਲ ਕੀਤਾ ਜਾਂਦਾ ਹੈ। ਸਾਰੇ ਨਵੇਂ ਬਿੰਬਾਂ ਅਤੇ ਸੂਚਨਾ ਉਤੇ ਅਮਲ ਨਾਲ ਨਿਬੜਨ ਲਈ ਤੰਤੂ-ਅੰਕੁਰ-ਜੁਟਾਂ ਦੀ ਤੰਤੂ ਸ਼ਕਤੀ ਬਿੰਬਾਂ ਨੂੰ ਸਮਝਣ ਤੋਂ ਅਸਾਧਾਰਨ ਤੌਰ ਉਤੇ ਥੋੜ੍ਹੇ ਸਮੇਂ ਵਿਚ ਉਹਨਾਂ ਉਤੇ ਅਮਲ ਕਰਨ ਵਲ ਚਲੀ ਜਾਂਦੀ ਹੈ।

ਤੰਤੂ-ਅੰਕੁਰ-ਜੁਟਾਂ ਦੀ ਤੰਤੂ ਸ਼ਕਤੀ ਦੀ ਇਸ ਅਚੰਭਾਜਨਕ ਤਬਦੀਲੀ ਨੂੰ ਅਸੀਂ ਸੋਚ ਕਹਿੰਦੇ ਹਾਂ — **ਬਚਾ ਸੋਚਦਾ ਹੈ**...। ਬਚੇ ਦੇ ਦਿਮਾਗ਼ ਦੇ ਅੰਕੁਰ ਇੰਨੇ ਸੂਖਮ ਹੁੰਦੇ ਹਨ, ਦ੍ਰਿਸ਼ਟਮਾਨ ਵਸਤਾਂ ਵਲ ਇੰਨੇ ਸੂਖਮ ਢੰਗ ਨਾਲ ਪ੍ਰਤਿਕਰਮ ਕਰਦੇ ਹਨ ਕਿ ਉਹ ਤਾਂ ਹੀ ਸਾਧਾਰਨ ਢੰਗ ਨਾਲ ਕੰਮ ਕਰ ਸਕਦੇ ਹਨ ਜੇ ਵੇਖੀ ਜਾਣ ਅਤੇ ਵਿਆਖਿਆ ਕੀਤੀ ਜਾਣ ਵਾਲੀ ਵਸਤ ਅਜਿਹਾ ਬਿੰਬ ਹੋਵੇ ਜਿਹੜਾ ਵੇਖਿਆ, ਸੁਣਿਆ ਅਤੇ ਛੂਹਿਆ ਜਾ ਸਕੇ। ਵਿਚਾਰਾਂ ਦਾ ਇਕ ਪਾਸਿਓਂ ਦੂਜੇ ਪਾਸੇ ਜਾਣਾ, ਜਿਹੜਾ ਸੋਚਣ ਦਾ ਤਤ ਹੈ, ਤਾਂ ਹੀ ਸੰਭਵ ਹੈ ਜੇ ਜਿਸ ਸੰਬੰਧੀ ਵਿਚਾਰ ਹੋ ਰਹੀ ਹੈ ਉਹਦੀ ਇਕ ਅਸਲੀ, ਪ੍ਰਤਖ ਉਦਾਹਰਣ ਜਾਂ ਅਤਿ-ਅੰਤ ਸਪਸ਼ਟ ਸ਼ਾਬਦਕ ਚਿਤਰ, ਜਿਸ ਰਾਹੀਂ ਬਚਾ ਵੇਖ, ਸੁਣ ਅਤੇ ਟੋਹ ਸਕਦਾ ਹੈ, ਉਹਦੇ ਸਾਹਮਣੇ ਹੋਵੇ (ਇਸੇ ਲਈ ਬਚੇ ਪਰੀ-ਕਹਾਣੀਆਂ ਨੂੰ ਇੰਨਾ ਪਸੰਦ ਕਰਦੇ ਹਨ)।

ਬਚੇ ਦੇ ਦਿਮਾਗ਼ ਦੇ ਖ਼ਾਸੇ ਕਾਰਨ ਇਹ ਲਾਜ਼ਮੀ ਹੈ ਕਿ ਉਹਨੂੰ ਐਨ ਸੋਚ ਦੇ ਸੋਮਿਆਂ ਦੀ ਸਿਖਿਆ ਦਿਤੀ ਜਾਵੇ, ਸਪਸ਼ਟ ਅਤੇ ਸਭ ਤੋਂ ਮਹਤਵ-ਪੂਰਨ ਬਿੰਬਾਂ ਦੀ, ਤਾਂ ਜੁ ਉਹਦੇ ਵਿਚਾਰ ਪ੍ਰਤਖ ਬਿੰਬ ਤੋਂ ਬਿੰਬ ਵਿਚ ਸ਼ਾਮਲ ਸੂਚਨਾ ਉਤੇ ਅਮਲ ਵਲ ਚਲੇ ਜਾਣਾ। ਜੇ ਬਚਿਆਂ ਨੂੰ ਪ੍ਰਕਿਰਤੀ ਤੋਂ ਨਖੇੜ ਦਿਤਾ ਜਾਵੇ, ਜੇ ਆਪਣੀ ਪੜ੍ਹਾਈ ਦੇ ਪਹਿਲੇ ਦਿਨਾਂ ਤੋਂ ਬਚੇ ਕੇਵਲ ਸ਼ਬਦ ਹੀ ਵੇਖਦੇ ਹਨ ਤਾਂ ਉਹਨਾਂ ਦੇ ਦਿਮਾਗ਼ ਦੇ ਅੰਕੁਰ ਛੇਤੀ ਥਕ ਜਾਣਗੇ ਅਤੇ ਉਹ ਉਹ ਕੰਮ ਕਰਨ ਦੇ ਨਿਰਯੋਗ ਹੋਣਗੇ ਜਿਹੜਾ ਅਧਿਆਪਕ ਉਹਨਾਂ ਨੂੰ ਕਰਨ ਲਈ ਕਹਿਣਗੇ। ਇਹ ਲਾਜ਼ਮੀ ਹੈ ਕਿ ਉਹਨਾਂ ਦੇ ਦਿਮਾਗ਼ਾਂ ਦੇ ਅੰਕੁਰਾਂ ਨੂੰ ਵਿਕਸਤ ਕੀਤਾ ਜਾਵੇ, ਮਜ਼ਬੂਤ ਬਣਾਇਆ ਜਾਵੇ ਅਤੇ ਉਹਨਾਂ ਦੀ ਸ਼ਕਤੀ ਨੂੰ ਜਮ੍ਹਾਂ ਕੀਤਾ ਜਾਵੇ। ਇਹੋ ਕਾਰਨ ਹੈ ਕਿ ਮੁਢਲੀਆਂ ਸ਼੍ਰੇਣੀਆਂ ਵਿਚ ਅਧਿਆਪਕ ਅਕਸਰ ਬਚੇ ਨੂੰ ਸ਼ਾਂਤ ਬੈਠਾ, ਅਧਿਆਪਕ ਦੀਆਂ ਅਖਾਂ ਵਿਚ ਇਉਂ ਝਾਕਦਾ ਜਿਵੇਂ ਉਹ ਧਿਆਨ ਨਾਲ ਸੁਣ ਰਿਹਾ ਹੋਵੇ, ਪਰ ਕੁਝ ਨਾ ਸਮਝਦਾ ਵੇਖਦੇ ਹਨ, ਕਿਉਂਕਿ ਅਧਿਆਪਕ ਬੋਲੀ ਹੀ ਜਾਂਦਾ ਹੈ। ਉਹ ਜੋ ਕੁਝ ਸੁਣਦਾ ਹੈ ਉਹ ਨਿਯਮਾਂ, ਮਸਲਿਆਂ ਅਤੇ ਉਦਾਹਰਣਾਂ ਸੰਬੰਧੀ ਹੁੰਦਾ ਹੈ, ਜੋ ਸਭ ਕੁਝ ਅਮੂਰਤ ਅਤੇ ਆਮ ਹੈ — ਇਹਦੇ ਵਿਚ ਕੋਈ ਜਿਊਂਦੇ ਬਿੰਬ ਨਹੀਂ ਅਤੇ ਬਚੇ ਦਾ ਦਿਮਾਗ਼ ਥਕ ਜਾਂਦਾ ਹੈ। ਔਕੜਾਂ ਇਥੋਂ ਸ਼ੁਰੂ ਹੁੰਦੀਆਂ ਹਨ। ਇਹ ਲਾਜ਼ਮੀ ਹੈ ਕਿ ਬਚੇ ਦੀ ਸੋਚ ਨੂੰ ਪ੍ਰਕਿਰਤੀ ਵਿਚ ਵਿਕਸਤ ਕੀਤਾ ਅਤੇ ਮਜ਼ਬੂਤ

ਬਣਾਇਆ ਜਾਵੇ —ਬਚੇ ਦੇ ਸਰੀਰ ਦੇ ਵਿਕਾਸ ਦੇ ਪ੍ਰਕਿਰਤਕ ਨਿਯਮ ਇਸ ਗਲ ਦੀ ਮੰਗ ਕਰਦੇ ਹਨ। ਇਸੇ ਕਾਰਨ ਹੀ ਪ੍ਰਕਿਰਤੀ ਵਿਚ ਹਰ ਫੇਰੀ ਸੋਚਣ ਸੰਬੰਧੀ ਇਕ ਸਬਕ ਹੈ, ਮਨ ਦੇ ਵਿਕਾਸ ਸੰਬੰਧੀ ਇਕ ਸਬਕ ਹੈ।

ਅਸੀਂ ਦਫ਼ਨਾਉਣ ਵਾਲੇ ਟਿਬੇ ਉਤੇ ਬੈਠੇ ਸਾਂ ਅਤੇ ਸਾਡੇ ਆਲੇ ਦੁਆਲੇ ਚਾਰੇ ਪਾਸੇ ਟਿਡਿਆਂ ਦੀ ਸੰਗੀਤ-ਮੰਡਲੀ ਗਾ ਰਹੀ ਸੀ ਅਤੇ ਹਵਾ ਵਿਚ ਸਤੈਪ ਦੇ ਘਾਹ ਦੀ ਖ਼ਸ਼ਬੋ ਸੀ। ਅਸੀਂ ਚੁਪ ਚਾਪ ਬੈਠੇ ਰਹੇ। ਤੁਹਾਡੇ ਲਈ ਬਚਿਆਂ ਨੂੰ ਬਹੁਤ ਕੁਝ ਕਹਿਣ ਦੀ, ਉਹਨਾਂ ਨੂੰ ਲੈਕਚਰਾਂ ਅਤੇ ਸ਼ਬਦਾਂ ਨਾਲ ਭਰਨ ਦੀ ਲੋੜ ਨਹੀਂ ਹੁੰਦੀ— ਬਹੁਤ ਸੁਆਦ ਨਹੀਂ ਸਗੋਂ ਸ਼ਾਬਦਕ ਰਜ, ਸਭ ਤੋਂ ਹਾਨੀਕਾਰਕ ਰਜਾਂ ਵਿਚੋਂ ਇਕ ਹੈ। ਬਚੇ ਨੂੰ ਨਾ ਕੇਵਲ ਅਧਿਆਪਕ ਦੀਆਂ ਗਲਾਂ ਸੁਣਨ ਦੀ ਲੋੜ ਹੁੰਦੀ ਹੈ ਸਗੋਂ ਚੁਪ ਰਹਿਣ ਦੀ ਵੀ ਲੋੜ ਹੁੰਦੀ ਹੈ। ਉਹਨੇ ਜੋ ਕੁਝ ਵੇਖਿਆ ਅਤੇ ਸੁਣਿਆ ਹੁੰਦਾ ਹੈ ਇਹਨਾਂ ਛਿਣਾਂ ਵਿਚ ਉਹਨੂੰ ਸਮਝਣ ਦਾ ਜਤਨ ਕਰਦਾ ਹੈ। ਇਹ ਮਹਤਵ-ਪੂਰਨ ਹੈ ਕਿ ਅਧਿਆਪਕ ਇਸ ਗਲ ਦੀ ਹਦ ਮੁਕਰਰ ਕਰੇ ਕਿ ਸ਼੍ਰੇਣੀ ਵਿਚ ਕਿੰਨਾ ਬੋਲਣਾ ਹੈ। ਇਹ ਲਾਜ਼ਮੀ ਹੈ ਕਿ ਬੰਦਾ ਬਚਿਆਂ ਨੂੰ ਬੇਹਰਕਤ ਸ਼ਬਦ ਕਬੂਲਣ ਵਾਲਿਆਂ ਵਿਚ ਤਬਦੀਲ ਨਾ ਕਰ ਦੇਵੇ। ਚਿਤਰਾਂ ਜਾਂ ਸ਼ਾਬਦਕ ਬਿੰਬ ਨੂੰ ਸਮਝਣ ਲਈ ਬਹੁਤ ਸਮੇ ਅਤੇ ਤੰਤੂ ਬਲ ਦੀ ਲੋੜ ਹੁੰਦੀ ਹੈ। ਬਚੇ ਨੂੰ ਸੋਚਣ ਦੇਣਾ ਅਧਿਆਪਕ ਦੀਆਂ ਸਭ ਤੋਂ ਸੂਖਮ ਸਿਫ਼ਤਾਂ ਵਿਚੋਂ ਇਕ ਹੈ। ਅਤੇ ਪ੍ਰਕਿਰਤੀ ਦੇ ਵਿਚਕਾਰ ਬਚੇ ਨੂੰ ਸੋਚਣ, ਆਲੇ ਦੁਆਲੇ ਵੇਖਣ ਅਤੇ ਅਨੁਭਵ ਕਰਨ ਦੀ ਸੰਭਾਵਨਾ ਦੇਣਾ ਲਾਜ਼ਮੀ ਹੈ।...

ਅਸੀਂ ਟਿਡਿਆਂ ਦੀ ਸੰਗੀਤ-ਮੰਡਲੀ ਨੂੰ ਸੁਣਦੇ ਰਹੇ। ਮੈਂ ਖ਼ੁਸ਼ ਸਾਂ ਕਿ ਬਚੇ ਇਸ ਸ਼ਾਨਦਾਰ ਸੰਗੀਤ ਵਿਚ ਵਹਿ ਗਏ ਸਨ। ਸ਼ਾਲਾ ਇਹ ਸ਼ਾਂਤ ਸ਼ਾਮ, ਖੇਤਾਂ ਦੀ ਖ਼ਸ਼ਬੋ ਅਤੇ ਅੰਦਭੁਤ ਆਵਾਜ਼ਾਂ ਨਾਲ ਗੜੁਚੀ ਸਦਾ ਲਈ ਉਹਨਾਂ ਦੇ ਮਨਾਂ ਉਤੇ ਉਕਰੀ ਜਾਵੇ। ਸਮਾਂ ਆਵੇਗਾ ਕਿ ਉਹ ਟਿਡਿਆਂ ਸੰਬੰਧੀ ਕਹਾਣੀਆਂ ਘੜਨਗੇ।

ਪਰ ਬਚਿਆਂ ਦੀਆਂ ਸੋਚਾਂ ਭਰੀਆਂ ਤਕਣੀਆਂ ਕਿਵੇਂ ਅਸਤ ਹੋ ਰਹੇ ਸੂਰਜ ਉਤੇ ਟਿਕੀਆਂ ਸਨ। ਸੂਰਜ ਦਿਸ-ਹਦੇ ਤੋਂ ਹੇਠਾਂ ਉਤਰ ਗਿਆ ਸੀ ਅਤੇ ਅਸਮਾਨ ਸੂਰਯ-ਅਸਤ ਦੀਆਂ ਭਾਹਾਂ ਅਤੇ ਝਲਕਾਂ ਨਾਲ ਭਰਿਆ ਹੋਇਆ ਸੀ।

"ਵੇਖੋ! ਸੂਰਜ ਆਰਾਮ ਕਰਨ ਚਲਾ ਗਿਆ ਹੈ," ਲਾਰੀਸਾ ਨੇ ਕਿਹਾ, ਉਹਦਾ ਮੂੰਹ ਉਦਾਸਿਅ ਗਿਆ।

"ਲੁਹਾਰ ਸੂਰਜ ਲਈ ਉਹਦਾ ਚਾਂਦੀ ਦਾ ਹਾਰ ਲਿਆਏ ਨੇ।... ਉਹਨੇ ਕਲ ਵਾਲਾ ਹਾਰ ਕਿਥੇ ਰਖ ਦਿਤੈ?" ਲੀਦਾ ਨੇ ਪੁਛਿਆ।

ਬਚੇ ਕਹਾਣੀ ਦੇ ਜਾਰੀ ਰਹਿਣ ਦੀ ਉਡੀਕ ਕਰਦੇ ਹੋਏ ਮੇਰੇ ਵਲ ਵੇਖ ਰਹੇ ਸਨ, ਪਰ ਮੈਂ ਅਜੇ ਇਹ ਨਿਰਣਾ ਨਹੀਂ ਸੀ ਕੀਤਾ ਕਿ ਕਿਸ ਕਿਸਮ ਦਾ ਬਿੰਬ ਵਰਤਾਂ। ਫ਼ੈਦੀਆ ਨੇ ਮੇਰੀ ਸਹਾਇਤਾ ਕੀਤੀ।

"ਹਾਰ ਅਸਮਾਨ ਉਤੇ ਖਿਲਰਿਆ ਪਿਐ," ਉਹਨੇ ਸ਼ਾਂਤ ਢੰਗ ਨਾਲ ਕਿਹਾ।

ਡੂੰਘੀ ਚੁਪ—ਅਸੀਂ ਸਾਰੇ ਇਹ ਸੁਣਨ ਲਈ ਉਡੀਕ ਰਹੇ ਸਾਂ ਕਿ ਫ਼ੈਦੀਆ ਅਗੋਂ ਕੀ ਕਹੇਗਾ। ਅਸਲ ਵਿਚ ਇਹ ਕਲ ਵਾਲੀ ਕਹਾਣੀ ਜਾਰੀ ਰਖਣਾ ਸੀ, ਜਿਸ ਨੂੰ ਉਹਨੇ ਸਪਸ਼ਟ ਤੌਰ ਉਤੇ ਅਗੇ ਵਧਾਇਆ ਸੀ। ਪਰ ਉਹ ਚੁਪ ਕਰ ਗਿਆ, ਸ਼ਾਇਦ ਸੰਗ ਕਰਕੇ। ਮੈਂ ਉਹਦੀ ਸਹਾਇਤਾ ਕੀਤੀ।

"ਹਾਂ, ਹਾਰ ਅਸਮਾਨ ਉਤੇ ਖਿਲਰਿਆ ਹੋਇਆ ਹੈ। ਪੂਰੇ ਦਿਨ ਪਿਛੋਂ ਇਹ ਸੂਰਜ ਦੇ ਛਤਿਆਂ ਉਤੇ ਪਿਆ ਗਰਮ ਹੋ ਜਾਂਦਾ ਹੈ ਅਤੇ ਮੋਮ ਵਾਂਗ ਨਰਮ ਹੋ ਜਾਂਦਾ ਹੈ। ਸੂਰਜ ਇਹਨੂੰ ਆਪਣੇ ਭਖਦੇ ਹਥਾਂ ਨਾਲ ਛੂੰਹਦਾ ਹੈ ਅਤੇ ਸੁਨਹਿਰੀ ਧਾਰ ਨੂੰ ਸ਼ਾਮ ਦੇ ਅਸਮਾਨ ਉਤੇ ਡੋਲ੍ਹ ਦੇਂਦਾ ਹੈ। ਆਰਾਮ ਕਰਨ ਜਾ ਰਹੇ ਸੂਰਜ ਦੀਆਂ ਅਖ਼ੀਰੀ ਕਿਰਨਾਂ ਇਸ ਧਾਰ ਦੀ ਲੋਅ ਹਨ—ਵੇਖੋ ਤੁਸੀਂ ਉਹਨਾਂ ਨੂੰ ਵੇਖ ਸਕਦੇ ਹੋ—ਅਤੇ ਉਹ ਗੁਲਾਬੀ ਰੰਗਾਂ ਨਾਲ ਖੇਡਦੀ ਹੈ, ਫਿਰ ਉਹ ਝਿਲਮਿਲਾਉਂਦੀ ਹੈ ਅਤੇ ਹਨੇਰੀ ਹੋ ਜਾਂਦੀ ਹੈ। ਸੂਰਜ ਦੂਰ, ਹੋਰ ਦੂਰ ਚਲਾ ਜਾਂਦਾ ਹੈ। ਵੇਖੋ! ਛੇਤੀ ਹੀ ਉਹ ਅਸਮਾਨ ਵਿਚ ਆਪਣੇ ਜਾਦੂਈ ਬਾਗ਼ ਵਿਚ ਚਲਾ ਜਾਵੇਗਾ ਅਤੇ ਤਾਰੇ ਟਿਮਟਿਮਾਉਣ ਲਗ ਪੈਣਗੇ।..."

"ਤਾਰੇ ਕੀ ਹੁੰਦੇ ਹਨ? ਇਹ ਟਿਮਟਿਮਾਉਂਦੇ ਕਿਉਂ ਹਨ? ਇਹ ਕਿਥੋਂ ਆਉਂਦੇ ਹਨ? ਅਸੀਂ ਉਹਨਾਂ ਨੂੰ ਦਿਨੇ ਕਿਉਂ ਨਹੀਂ ਵੇਖ ਸਕਦੇ?" ਬਚਿਆਂ ਨੇ ਪੁਛਿਆ। ਪਰ ਮਨੁਖ ਨੂੰ ਬਿੰਬਾਂ ਦੀ ਬਹੁਲਤਾ ਨਾਲ ਬਚਿਆਂ ਉਤੇ ਭਾਰ ਨਹੀਂ ਹੋ ਜਾਣਾ ਚਾਹੀਦਾ। ਇਹ ਇਕ ਦਿਨ ਲਈ ਕਾਫ਼ੀ ਸੀ ਅਤੇ ਮੈਂ ਬਚਿਆਂ ਦਾ ਧਿਆਨ ਹੋਰ ਪਾਸੇ ਲਾਇਆ।

"ਸਤੈਪ ਦੀ ਮੈਦਾਨ ਵਲ ਵੇਖੋ। ਵੇਖੋ ਘਾਟੀ ਵਿਚ, ਜੂਹ ਵਿਚ ਅਤੇ ਨੀਵੀਆਂ ਥਾਵਾਂ ਉਤੇ ਕਿਵੇਂ ਹਨੇਰਾ ਹੁੰਦਾ ਜਾ ਰਿਹਾ ਹੈ? ਟਿਬਿਆਂ ਵਲ ਵੇਖੋ, ਉਹ ਕਿੰਨੇ ਨਰਮ ਜਾਪਦੇ ਹਨ, ਕਿਵੇਂ ਉਹ ਸ਼ਾਮ ਦੇ ਧੁੰਦਲਕੇ ਵਿਚ ਵਹਿੰਦੇ ਜਾਪਦੇ ਹਨ। ਟਿਬੇ ਡੂਰੇ ਹੁੰਦੇ ਜਾ ਰਹੇ ਹਨ। ਉਹਨਾਂ ਦੇ ਤਲ ਵਲ ਵੇਖੋ—ਉਥੇ ਤੁਹਾਨੂੰ ਕੀ ਦਿਸਦਾ ਹੈ?"

"ਜੰਗਲ... ਝਾੜੀਆਂ... ਗਊਆਂ ਦਾ ਇਕ ਇਜੜ... ਭੇਡਾਂ ਸਮੇਤ ਆਜੜੀ। ਖੇਤਾਂ ਵਿਚ ਰਾਤ ਬਿਤਾਉਣ ਦੀ ਤਿਆਰੀ ਕਰ ਰਹੇ ਲੋਕ, ਧੂਣੀ ਬਾਲਦੇ ਹੋਏ, ਪਰ ਤੁਸੀਂ ਇਹਨੂੰ ਨਹੀਂ ਵੇਖ ਸਕਦੇ; ਤੁਸੀਂ ਕੇਵਲ ਧੂੰ ਹੀ ਵੇਖ ਸਕਦੇ ਹੋ।..." ਹਨੇਰੇ ਹੋ ਰਹੇ ਟਿਬਿਆਂ ਵਲ ਵੇਖਦੇ ਹੋਏ ਇਹ ਸ਼ੈਆਂ ਬਚਿਆਂ ਦੀ ਕਲਪਨਾ ਵਿਚ ਪੈਦਾ ਹੋਈਆਂ। ਮੈਂ ਬਚਿਆਂ ਨੂੰ ਕਿਹਾ ਕਿ ਘਰ ਜਾਣ ਦਾ ਸਮਾਂ ਹੋ ਗਿਆ ਹੈ ਪਰ ਉਹ ਜਾਣਾ ਨਹੀਂ ਸਨ ਚਾਹੁੰਦੇ। ਉਹਨਾਂ ਕਿਹਾ, ਕੀ ਅਸੀਂ ਹੋਰ ਕੁਝ ਮਿੰਟ ਬਹਿ ਸਕਦੇ ਹਾਂ। ਸ਼ਾਮ ਦੀਆਂ ਘੜੀਆਂ ਵਿਚ ਜਦੋਂ ਸੰਸਾਰ ਰਹਸ ਵਿਚ ਲਿਪਟਿਆ ਹੁੰਦਾ ਹੈ, ਬਚਿਆਂ ਦੀ ਕਲਪਨਾ ਉਚੀਆਂ ਉਡਾਰੀਆਂ ਲਾਉਂਦੀ ਹੈ।

ਮੈਂ ਕੇਵਲ ਇੰਨਾ ਕਿਹਾ ਕਿ ਸ਼ਾਮ ਦਾ ਧੁੰਦਲਕਾ ਅਤੇ ਹਨੇਰਾ ਦੁਰਾਡੀਆਂ ਘਾਟੀਆਂ ਅਤੇ ਜੰਗਲਾਂ ਤੋਂ ਦਰਿਆ ਵਾਂਗ ਵਹਿੰਦੇ ਆਉਂਦੇ ਹਨ ਅਤੇ ਬਚਿਆਂ ਦੀ ਕਲਪਨਾਵਾਂ ਵਿਚ ਦੋ ਅਣੱਖੇ ਜੀਵਾਂ—ਹਨੇਰੇ ਅਤੇ ਧੁੰਦਲਕੇ—ਦੇ ਬਿੰਬ ਪਹਿਲਾਂ ਹੀ ਉਭਰ ਪਏ ਸਨ। ਸਾਨੀਆ ਨੇ ਇਹਨਾਂ ਸੰਬੰਧੀ ਕਹਾਣੀ ਸੁਣਾਈ: ਉਹ ਸਭ ਤੋਂ ਦੁਰਾਡੇ ਜੰਗਲ ਤੋਂ ਪਰ੍ਹੇ ਇਕ ਦੁਰਾਡੀ ਖੋਹ ਵਿਚ ਰਹਿੰਦੇ ਹਨ। ਦਿਨੇ ਉਹ ਭਿਗ ਕੇ ਇਸ ਅਥਾਹ ਹਨੇਰੇ ਟੋਏ ਵਿਚ ਚਲੇ ਜਾਂਦੇ ਹਨ। ਉਹ ਸੌਂਦੇ ਹਨ ਅਤੇ ਸੁਪਨੇ ਲੈਂਦੇ ਹੋਏ ਉਹ ਹਉਕੇ ਭਰਦੇ ਹਨ (ਉਹ ਹਉਕੇ ਕਿਉਂ ਭਰਦੇ ਹਨ, ਇਹ ਗਲ ਕੇਵਲ ਕਹਾਣੀ ਸੁਣਾਉਣ ਵਾਲੇ ਲਈ ਹੀ ਸਪਸ਼ਟ ਸੀ...)। ਪਰ ਜਿਉਂ ਹੀ ਸੂਰਜ ਆਪਣੇ ਜਾਦੂਈ ਬਾਗ਼ ਵਿਚ ਦਾਖਲ ਹੁੰਦਾ ਹੈ, ਉਹ ਆਪਣੀ ਲੁਕਣ ਵਾਲੀ ਥਾਂ ਵਿਚੋਂ ਬਾਹਰ ਆਉਂਦੇ ਹਨ। ਉਹਨਾਂ ਦੇ ਬਹੁਤ ਵਡੇ ਪੰਜੇ ਨਰਮ ਉਨ ਨਾਲ ਕਜੇ ਹੋਏ ਹਨ, ਇਸ ਲਈ ਕੋਈ ਉਹਨਾਂ ਦੀ ਪੈੜ ਨਹੀਂ ਸੁਣ ਸਕਦਾ। ਧੁੰਦਲਕਾ ਅਤੇ ਹਨੇਰਾ ਦਿਆਲ, ਅਮਨ-ਭਰੇ, ਪਿਆਰ ਕਰਨ ਵਾਲੇ ਜੀਵ ਹਨ, ਜਿਹੜੇ ਕਿਸੇ ਨੂੰ ਜ਼ਿਆਂ ਨਹੀਂ ਪੁਚਾਉਂਦੇ।

ਬਚੇ ਇਸ ਸੰਬੰਧੀ ਕਹਾਣੀ ਬਣਾਉਣ ਲਈ ਤਿਆਰ ਸਨ ਕਿ ਧੁੰਦਲਕਾ ਅਤੇ ਹਨੇਰਾ ਕਿਵੇਂ ਉਹਨਾਂ ਨੂੰ ਲੋਰੀ ਦੇਕੇ ਸੰਵਾਉਂਦੇ ਹਨ, ਪਰ ਇਕ ਦਿਨ ਲਈ ਕਾਫ਼ੀ ਹੋ ਗਿਆ ਸੀ। ਅਸੀਂ ਘਰ ਵਲ ਚਲ ਪਏ, ਬਚਿਆਂ ਪੁਛਿਆ ਕਿ ਉਹ ਅਗਲੀ ਸ਼ਾਮ ਨੂੰ ਵੀ ਆ ਸਕਦੇ ਹਨ, ਜਦੋਂ, ਵਾਰੀਆ ਅਨੁਸਾਰ "ਕਹਾਣੀਆਂ ਘੜਨਾ ਸੌਖੇਰਾ ਹੁੰਦਾ ਹੈ"।

ਬਚੇ ਇੰਨੀ ਉਤਸੁਕਤਾ ਨਾਲ ਪਰੀ-ਕਹਾਣੀਆਂ ਕਿਉਂ ਸੁਣਦੇ ਹਨ? ਉਹ ਧੁੰਦਲਕੇ ਨੂੰ ਕਿਉਂ ਪਸੰਦ ਕਰਦੇ ਹਨ, ਜਦੋਂ ਆਪ ਵਾਯੂ-ਮੰਡਲ ਕਲਪਨਾ ਦੀ ਉਡਾਰੀਆਂ ਦੀ ਸਹਾਇਤਾ ਕਰਦਾ ਹੈ? ਕਿਉਂ ਪਰੀ-ਕਹਾਣੀਆਂ ਕਿਸੇ ਵੀ ਬਚੇ ਦੀ ਬੋਲਣ ਦੀ ਸ਼ਕਤੀ ਨੂੰ ਵਿਕਸਤ ਕਰਦੀਆਂ ਅਤੇ ਸੋਚਣ ਦੇ ਅਮਲ ਨੂੰ ਪਕੇਰਾ ਬਣਾਉਂਦੀਆਂ ਹਨ? ਕਿਉਂਕਿ ਪਰੀ-ਕਹਾਣੀਆਂ ਦੇ ਬਿੰਬਾਂ ਵਿਚ ਸਪਸ਼ਟ ਤੌਰ ਉਤੇ ਭਾਵੁਕ ਰੰਗਣ ਹੁੰਦੀ ਹੈ। ਪਰੀ-ਕਹਾਣੀ ਦੇ ਸ਼ਬਦ ਬਚੇ ਦੀ ਕਲਪਨਾ ਵਿਚ ਜਿਊਂਦੇ ਹਨ। ਜਦੋਂ ਉਹ ਕਲਪਨਾ ਵਲੋਂ ਚਿਤਰੇ ਸ਼ਬਦ ਸੁਣਦਾ ਜਾਂ ਕਹਿੰਦਾ ਹੈ ਤਾਂ ਉਹਦਾ ਦਿਲ ਰੁਕ ਜਾਂਦਾ ਹੈ। ਮੈਂ ਕੇਵਲ ਪਰੀ-ਕਹਾਣੀਆਂ ਸੁਣਨ ਤੋਂ ਹੀ ਨਹੀਂ, ਘੜਨ ਤੋਂ ਬਿਨਾਂ ਵੀ ਸਕੂਲ ਦੀ ਸਿਖਿਆ ਦੀ ਕਲਪਨਾ ਨਹੀਂ ਕਰ ਸਕਦਾ।

ਇਹ ਹਨ ਕੁਝ ਪਰੀ-ਕਹਾਣੀਆਂ ਜਿਹੜੀਆਂ ਬਚਿਆਂ ਨੇ **ਖ਼ੁਸ਼ੀ ਦੇ ਸਕੂਲ** ਦੇ ਪਹਿਲੇ ਦੋ ਮਹੀਨਿਆਂ ਵਿਚ ਘੜੀਆਂ। ਬਚਿਆਂ ਦੀਆਂ ਸੋਚਾਂ, ਭਾਵਨਾਵਾਂ, ਇਛਾਵਾਂ ਅਤੇ ਤਕਣੀਆਂ ਦਾ ਸੰਸਾਰ ਉਹਨਾਂ ਵਿਚ ਹੈ।

## ਨਿਕਾ ਸਹਿਆ (ਸ਼ੂਰਾ)

ਅੰਮੀਂ ਨੇ ਮੈਨੂੰ ਮਖੁਮਲ ਦਾ ਇਕ ਨਿਕਾ ਸਹਿਆ ਦਿਤਾ। ਇਹ ਨਵੇਂ ਸਾਲ ਤੋਂ ਪਹਿਲਾਂ ਦੀ ਗਲ ਹੈ। ਮੈਂ ਇਹਨੂੰ ਨਵੇਂ ਸਾਲ ਦੇ ਰੁਖ ਦੀ ਇਕ ਟਹਿਣੀ ਉਤੇ ਲਟਕਾ ਦਿਤਾ। ਸਾਰੇ ਸੌਂ ਗਏ। ਇਕ ਨਿਕੀ, ਨਿਕੀ ਲੋਅ ਰੁਖ ਉਤੇ ਚਮਕ ਰਹੀ ਸੀ। ਮੈਂ ਵੇਖਿਆ ਅਤੇ ਸਹਿਆ ਛਾਲ ਮਾਰ ਕੇ ਆਪਣੀ ਨਿਕੀ ਟਹਿਣੀ ਤੋਂ ਹੇਠਾਂ ਉਤਰਿਆ ਅਤੇ ਰੁਖ ਦੁਆਲੇ ਨਠਿਆ। ਉਹਨੇ ਚਕਰ ਕਟੇ ਅਤੇ ਚਕਰ ਕਟੇ ਅਤੇ ਫਿਰ ਛਾਲ ਮਾਰਕੇ ਵਾਪਸ ਆਪਣੀ ਟਹਿਣੀ ਉਤੇ ਚਲਾ ਗਿਆ।

## ਸੂਰਜਮੁਖੀ ਦਾ ਫੁਲ (ਕਾਤੀਆ)

ਸੂਰਜ ਉਗਿਆ। ਨਿਕੇ ਪੰਛੀ ਜਾਗੇ ਅਤੇ ਚੰਡੋਲ ਅਸਮਾਨੀ ਆ ਗਏ। ਅਤੇ ਅਖ਼ੀਰ ਸੂਰਜਮੁਖੀ ਦਾ ਫੁਲ ਵੀ ਜਾਗ ਪਿਆ। ਉਹਨੇ ਆਪਣੀਆਂ ਅਖਾਂ ਮਲੀਆਂ ਅਤੇ ਆਪਣੀਆਂ ਪੰਖੜੀਆਂ ਤੋਂ ਤਰੇਲ ਦੇ ਤੁਪਕੇ ਛੰਡੇ। ਉਹਨੇ ਸੂਰਜ ਵਲ ਰੁਖ ਕੀਤਾ ਅਤੇ ਬੋਲਿਆ: "ਸੁਣਾ, ਭਾਈ ਸੂਰਜ। ਮੈਂ ਤੈਨੂੰ ਉਡੀਕਦਾ ਰਿਹਾਂ। ਵੇਖ ਮੇਰੀਆਂ ਸੁਨਹਿਰੀ ਪੰਖੜੀਆਂ ਤੇਰੇ ਨਿਘ ਤੋਂ ਬਿਨਾਂ ਕਿਵੇਂ ਮੁਰਝਾ ਗਈਆਂ ਨੇ। ਪਰ ਹੁਣ ਉਹ ਸੁਰਜੀਤ ਹੋ ਗਈਆਂ ਨੇ ਤੇ ਖ਼ੁਸ਼ ਨੇ। ਭਾਈ ਸੂਰਜ, ਮੈਂ ਵੀ ਤੇਰੇ ਵਾਂਗ ਗੋਲ ਅਤੇ ਸੁਨਹਿਰੀ ਆਂ।"

## ਉਹਨਾਂ ਖੇਤ ਵਿਚ ਹਲ ਕਿਵੇਂ ਵਾਹਿਆ (ਯੂਰਾ)

ਜਦੋਂ ਕੰਬਾਈਨਾਂ ਨੇ ਕਣਕ ਕਢ ਲਈ ਤਾਂ ਝਾਊ ਆਪਣੀ ਖੁਡ ਵਿਚੋਂ ਬਾਹਰ ਨਿਕਲਿਆ ਅਤੇ ਵੇਖਿਆ ਕਿ ਉਥੇ ਕਣਕ ਨਹੀਂ ਸੀ ਅਤੇ ਕਣਕ ਦੀਆਂ ਡੰਡੀਆਂ ਖੜ ਖੜ ਨਹੀਂ ਸਨ ਕਰ ਰਹੀਆਂ। ਉਹ ਖਬਲ ਉਤੇ ਕਿਸੇ ਪਥਰ ਵਾਂਗ ਰਿੜ੍ਹਦਾ ਗਿਆ। ਇਕ ਬਹੁਤ ਵਡਾ ਦੈਂਤ ਉਹਦੇ ਵਲ ਵਧਦਾ ਆ ਰਿਹਾ ਸੀ—ਧਾਤ ਦਾ ਇਕ ਬੀਂਡਾ। ਉਹ ਖਪ ਪਾਉਂਦਾ ਅਤੇ ਗਰਜਦਾ। ਉਹਦੇ ਪਿਛੇ ਹਲ ਸਨ। ਕੇਵਲ ਕਾਲੀ ਵਾਹੀ ਹੋਈ ਭੋਂ ਹੀ ਪਿਛੇ ਰਹਿ ਗਈ। ਝਾਊ ਆਪਣੀ ਖੁਡ ਵਿਚ ਬੈਠਾ ਰਿਹਾ ਅਤੇ ਹੈਰਾਨੀ ਨਾਲ ਆਲੇ ਦੁਆਲੇ ਵੇਖਦਾ ਰਿਹਾ। "ਇੰਨਾਂ ਵਡਾ ਬੀਂਡਾ ਉਹਨਾਂ ਨੂੰ ਕਿਥੋਂ ਲਭ ਪਿਆ?" ਉਹਨੇ ਸੋਚਿਆ। ਪਰ ਅਸਲ ਵਿਚ ਉਹ ਟਰੈਕਟਰ ਸੀ।

## ਲੈਨਿਨ ਦੇ ਦੋ ਚਿਤਰ (ਵਾਨੀਆ)

ਮੇਰੀ ਵਡੀ ਭੈਣ ਓਲੀਆ ਅਕਤੂਬਰਵਾਦੀਆਂ* ਵਿਚ ਸ਼ਾਮਲ ਹੋ ਗਈ। ਉਹਦੇ ਕੋਲ ਇਕ ਨਿਕਾ ਲਾਲ ਤਾਰਾ ਹੈ। ਅਤੇ ਇਸ ਨਿਕੇ ਤਾਰੇ ਉਤੇ ਲੈਨਿਨ ਦਾ ਇਕ ਬਹੁਤ ਨਿਕਾ ਚਿਤਰ ਹੈ। ਹੁਣ ਸਾਡੇ ਕੋਲ ਉਹਦੇ ਦੋ ਚਿਤਰ ਹਨ। ਇਕ ਕੰਧ ਉਤੇ ਅਤੇ ਇਕ ਓਲੀਆ ਦੇ ਤਾਰੇ ਉਤੇ। ਲੈਨਿਨ ਨੇ ਕਿਰਤੀਆਂ ਦੀ ਖ਼ੁਸ਼ੀ ਲਈ ਘੋਲ ਕੀਤਾ। ਪਾਪਾ ਨੇ ਦਸਿਆ ਹੈ ਕਿ ਲੈਨਿਨ ਬਹੁਤ ਚੰਗਾ ਵਿਦਿਆਰਥੀ ਸੀ। ਮੈਂ ਵੀ ਸੁਹਣੀ ਤਰ੍ਹਾਂ ਪੜ੍ਹਾਂਗਾ। ਮੈਂ ਨਿਕਾ ਲੈਨਿਨਵਾਦੀ ਬਣਾਂਗਾ।

## ਬਲੂਤ ਦਾ ਫਲ (ਜ਼ੀਨਾ)

ਹਵਾ ਵਗ ਰਹੀ ਸੀ ਅਤੇ ਬਲੂਤ ਦੇ ਰੁਖ ਤੋਂ ਇਕ ਫਲ ਡਿਗਾ, ਪੀਲਾ ਅਤੇ ਨਿਕਾ, ਜਿਵੇਂ ਤਾਂਬੇ ਦਾ ਬਣਿਆ ਹੋਵੇ। ਉਹ ਡਿਗ ਪਿਆ ਅਤੇ ਸੋਚਣ ਲਗਾ: "ਟਹਿਣੀਆਂ ਵਿਚ ਕਿੰਨਾਂ ਸੁਆਦ ਆਉਂਦਾ ਸੀ ਪਰ ਹੁਣ ਮੈਂ ਧਰਤੀ ਉਤੇ ਪਿਆ ਹਾਂ। ਤੇ ਇਥੋਂ ਮੈਂ ਦਰਿਆ ਜਾਂ ਜੰਗਲ ਨਹੀਂ ਵੇਖ ਸਕਦਾ।" ਉਹ ਉਦਾਸ ਹੋ ਗਿਆ। ਉਹਨੇ ਬੇਨਤੀ ਕੀਤੀ: "ਬਲੂਤ ਦੇ ਰੁਖ, ਮੈਨੂੰ ਆਪਣੀ ਟਹਿਣੀਆਂ ਵਿਚ ਲੈ ਲੈ।" ਪਰ ਬਲੂਤ ਦੇ ਰੁਖ ਨੇ ਉਤਰ ਦਿਤਾ:· "ਮੂਰਖ ਫਲ। ਵੇਖ, ਮੈਂ ਵੀ ਧਰਤੀ ਵਿਚੋਂ ਉਗਿਆ ਸਾਂ। ਆਪਣੀ ਜੜ੍ਹਾਂ ਛੇਤੀ ਨਾਲ ਹੇਠਾਂ ਲਿਜਾ ਅਤੇ ਵਧ। ਫਿਰ ਤੂੰ ਇਕ ਵਡਾ ਬਲੂਤ ਬਣ ਜਾਵੇਂਗਾ।"

ਬਚੇ ਨਾ ਕੇਵਲ ਪ੍ਰਕਿਰਤੀ ਵਿਚ ਵਾਪਰ ਰਹੀਆਂ ਘਟਨਾਵਾਂ ਤੋ ਉਤੇਜਤ ਹੁੰਦੇ ਹਨ। ਉਹ ਧਰਤੀ ਉਤੇ ਅਮਨ ਚਾਹੁੰਦੇ ਹਨ। ਉਹ ਜਾਣਦੇ ਹਨ ਕਿ ਅਜਿਹੀਆਂ ਸ਼ਕਤੀਆਂ ਹਨ ਜਿਹੜੀਆਂ ਯੁਧ ਦੀ ਤਿਆਰੀ ਕਰ ਰਹੀਆਂ ਹਨ। ਇਹ ਇਕ ਪਰੀ-ਕਹਾਣੀ ਹੈ, ਜਿਸ ਵਿਚ ਉਹਨਾਂ ਹਨੇਰੀਆਂ ਸ਼ਕਤੀਆਂ ਨੂੰ ਇਕ ਅਸਰਾਲ ਦੇ ਅਣੋਖੇ ਰੂਪ ਵਿਚ ਚਿਤਰਿਆ ਗਿਆ ਹੈ।

## ਉਹਨਾਂ ਲੋਹੇ ਦੇ ਅਸਰਾਲ ਨੂੰ ਕਿਵੇਂ ਹਰਾਇਆ (ਸੇਰਯੋਜ਼ਾ)

ਉਹ ਦੂਰ, ਬਹੁਤ ਦੂਰ ਸਮੁੰਦਰੋਂ ਪਾਰ ਇਕ ਜਿਲ੍ਹਣ ਵਿਚ ਰਹਿੰਦਾ ਸੀ। ਉਹ ਸਾਡੇ ਲੋਕਾਂ ਨੂੰ ਘਿਰਣਾ ਕਰਦਾ। ਉਹਨੇ ਪ੍ਰਮਾਣੂ ਬੰਬ ਬਣਾਏ।

---

*੭ ਤੋ ੯ ਵਰ੍ਹਿਆਂ ਦੇ ਬਚਿਆਂ ਦੀ ਜਥੇਬੰਦੀ। — ਅਨੁ:

ਉਹਨੇ ਇਹ ਬਹੁਤ ਸਾਰੇ ਬਣਾਏ, ਉਹਨਾਂ ਨੂੰ ਆਪਣੇ ਖੰਭ ਹੇਠ ਲਿਆ ਅਤੇ ਉਡ ਗਿਆ। ਉਹ ਇਹਨਾਂ ਨੂੰ ਸੂਰਜ ਉਤੇ ਸੁਟਣਾ ਚਾਹੁੰਦਾ ਸੀ। ਉਹ ਸੂਰਜ ਨੂੰ ਬੁਝਾ ਦੇਣਾ ਚਾਹੁੰਦਾ ਸੀ ਤਾਂ ਜੁ ਅਸੀਂ ਹਨੇਰੇ ਕਾਰਨ ਮਰ ਜਾਈਏ। ਮੈਂ ਅਬਾਬੀਲਾਂ ਨੂੰ ਲੋਹੇ ਦੇ ਅਸਰਾਲ ਵਿਰੁਧ ਲੜਨ ਲਈ ਭੇਜਿਆ। ਅਬਾਬੀਲਾਂ ਵਿਚੋਂ ਹਰ ਇਕ ਨੇ ਧੂਪ ਦੀ ਇਕ ਚਿਣਗ ਆਪਣੀ ਚੁੰਞ ਵਿਚ ਲਈ ਅਤੇ ਅਸਰਾਲ ਤਕ ਅਪੜ ਗਈਆਂ। ਉਹਨਾਂ ਅਗ ਉਹਦੇ ਖੰਭਾਂ ਉਤੇ ਸੁਟੀ। ਲੋਹੇ ਦਾ ਅਸਰਾਲ ਜਿਲ੍ਹਣ ਵਿਚ ਡਿਗ ਪਿਆ ਅਤੇ ਆਪਣੇ ਬੰਬਾਂ ਸਮੇਤ ਸੜ ਗਿਆ। ਪਰ ਸੂਰਜ ਅਜੇ ਵੀ ਚਮਕ ਰਿਹਾ ਹੈ। ਅਤੇ ਅਬਾਬੀਲਾਂ ਖੁਸ਼ੀ ਨਾਲ ਚੂਕਦੀਆਂ ਹਨ।

ਇਹ ਕਹਾਣੀ ਬਚੇ ਦਾ ਅਭਰਿਠ ਸੰਸਾਰ ਦ੍ਰਿਸ਼ਟੀਕੋਣ ਦਰਸਾਉਂਦੀ ਹੈ। ਬਚਾ ਪੰਛੀਆਂ ਅਤੇ ਪਸ਼ੂਆਂ ਦੀ ਸ਼ਮੂਲੀ ਤੋਂ ਬਿਨਾਂ ਬੁਰਾਈ ਵਿਰੁਧ ਚੰਗੀਆਂ ਸ਼ਕਤੀਆਂ ਦੇ ਘੋਲ ਦੀ ਕਲਪਨਾ ਨਹੀਂ ਕਰ ਸਕਦਾ। ਨਿਕੇ ਸਹੇ ਅਤੇ ਅਬਾਬੀਲਾਂ ਕੇਵਲ ਬਚੇ ਦੀ ਕਲਪਨਾ ਦੀ ਘਾੜਤ ਹੀ ਨਹੀਂ—ਉਹ ਚੰਗਿਆਈ ਦਾ ਸਜੀਵ ਰੂਪ ਹਨ।

ਹਰ ਰੋਜ਼ ਬਚਿਆਂ ਦੁਆਲੇ ਸੰਸਾਰ ਵਿਚ ਕੋਈ ਨਵੀਂ ਲਭਤ ਲਿਆਉਂਦਾ। ਹਰ ਲਭਤ ਨੂੰ ਪਰੀ-ਕਹਾਣੀ ਵਿਚ ਤਬਦੀਲ ਕਰ ਦਿਤਾ ਜਾਂਦਾ, ਜਿਸਦੇ ਰਚਣਹਾਰੇ ਖੁਦ ਬਚੇ ਸਨ। ਪਰੀ-ਕਹਾਣੀ ਬਿੰਬਾਂ ਨੇ ਆਪਣੀ ਮਾਤ-ਭੂਮੀ ਦਾ ਸੁਹਪਣ ਅਨੁਭਵ ਕਰਨ ਵਿਚ ਬਚਿਆਂ ਦੀ ਸਹਾਇਤਾ ਕੀਤੀ। ਪਰੀ-ਕਹਾਣੀਆਂ, ਕਲਪਨਾ ਅਤੇ ਰਚਨਾਤਮਕਤਾ ਸਦਕਾ ਉਹਨਾਂ ਦੇ ਵਤਨ ਦਾ ਹੁਸਨ ਉਹਨਾਂ ਲਈ ਪ੍ਰਤਖ ਹੋ ਗਿਆ—ਇਹ ਆਪਣੀ ਮਾਤ-ਭੂਮੀ ਲਈ ਪਿਆਰ ਦਾ ਸੋਮਾ ਹੈ। ਆਪਣੀ ਮਾਤ-ਭੂਮੀ ਦੀ ਸ਼ਾਨ ਅਤੇ ਮਹਾਨਤਾ ਦੀ ਸੂਝ ਹੌਲੀ ਹੌਲੀ ਆਉਂਦੀ ਹੈ ਅਤੇ ਇਹਦੇ ਸੋਮੇ ਸੁਹਪਣ ਵਿਚ ਹਨ। ਮੈਂ ਨਿਕੇ ਬਚਿਆਂ ਨਾਲ ਕੰਮ ਕਰਨ ਵਾਲੇ ਜੁਆਨ ਅਧਿਆਪਕ ਨੂੰ ਸਲਾਹ ਦਿਆਂਗਾ: ਬਚੇ ਨੂੰ ਉਸ ਛਿਣ ਲਈ ਧਿਆਨ ਨਾਲ, ਸਾਵਧਾਨੀ ਨਾਲ ਤਿਆਰ ਕਰੋ ਜਦੋਂ ਇਸ ਮਹਾਨ, ਬਲਵਾਨ ਦੇਸ—ਸੋਵੀਅਤ ਯੂਨੀਅਨ—ਸੰਬੰਧੀ ਪਹਿਲੇ ਸ਼ਬਦ ਕਹੋਗੇ। ਇਹ ਸ਼ਬਦ ਪ੍ਰੇਰਨਾ ਦੇਣ ਵਾਲੇ, ਉਚ ਭਾਵਨਾਵਾਂ ਨਾਲ ਉਚਿਆਏ ਹੋਣੇ ਚਾਹੀਦੇ ਹਨ (ਜੇ ਉਹ ਚਾਹੁਣ ਤਾਂ ਉਹ ਬੇਸ਼ਕ ਇਹਨੂੰ ਬੜ ਬੋਲਾ ਕਹਿ ਲੈਣ—ਜੇ ਤੁਹਾਡੀ ਆਤਮਾ ਸਵਛ ਅਤੇ ਉਚ ਭਾਵਨਾ ਨਾਲ ਭਰਪੂਰ ਹੈ ਤਾਂ ਇਸ ਸੰਬੰਧੀ ਫ਼ਿਕਰ ਨਾ ਕਰੋ) ਤਾਂ ਜੁ ਇਹ ਸ਼ਬਦ ਬਚਿਆਂ ਦੇ ਦਿਲਾਂ ਦੀ ਧੜਕਣ ਤੇਜ਼ ਕਰ ਦੇਣ ਇਹ ਲਾਜ਼ਮੀ ਹੈ ਕਿ ਉਹ ਰਾਂਗਲੇ, ਧਿਆਨ ਨਾਲ ਬੀਜੇ ਅਤੇ ਪ੍ਰਕਿਰਤੀ ਸੰਬੰਧੀ ਬਚਿਆਂ ਦੇ ਗਿਆਨ ਦੇ ਖੇਤਰ ਵਿਚੋਂ ਸੁਹਪਣ ਦੇ ਬੀਆਂ ਨਾਲ ਬੀਜੇ ਹੋਣ।

ਬਚੇ ਨੂੰ ਸੁਹਪਣ ਅਨੁਭਵ ਕਰਨ ਅਤੇ ਉਹਦੇ ਨਾਲ ਕੀਲੇ ਜਾਣ ਦਿਓ। ਉਹਦੇ

ਦਿਲ ਅਤੇ ਚੇਤੇ ਨੂੰ ਸਦਾ ਲਈ ਉਸ ਬਿੰਬ ਦਾ ਸੁਆਦ ਮਾਣਨ ਦਿਓ ਜਿਸ ਵਿਚ ਉਹਦੀ ਮਾਤ-ਭੂਮੀ ਸਜੀਵ ਹੋਈ ਹੈ। ਸੁਹਪਣ ਮਨੁਖਤਾ ਦਾ, ਦਿਆਲ ਭਾਵਨਾਵਾਂ ਦਾ, ਨਿਘੇ ਸੰਬੰਧਾਂ ਦਾ ਹਡ ਮਾਸ ਹੈ। ਜਦੋਂ ਮੈਂ ਵੇਖਿਆ ਕਿ ਤੋਲੀਆ, ਸਲਾਵਾ, ਕੋਲੀਆ, ਵਿਤੀਆ ਅਤੇ ਸਾਸ਼ਾ ਦੇ ਪਥਰਾਏ ਦਿਲ ਪੰਘਰ ਰਹੇ ਸਨ ਤਾਂ ਮੈਨੂੰ ਖ਼ੁਸ਼ੀ ਹੋਈ। ਕੋਈ ਮੁਸਕਾਨ, ਪ੍ਰੇਰਨਾ, ਸੁਹਪਣ ਨੂੰ ਵੇਖਕੇ ਅਚੰਭਾ, ਮੇਰੇ ਸਾਹਮਣੇ ਉਹ ਰਾਹ ਬਣਕੇ ਪ੍ਰਗਟ ਹੋਏ ਜਿਨ੍ਹਾਂ ਉਤੇ ਬਚੇ ਦੇ ਦਿਲ ਦੀ ਅਗਵਾਈ ਕਰਨਾ ਮੇਰੇ ਲਈ ਲਾਜ਼ਮੀ ਸੀ।

ਕੋਈ ਕਰੜੇ ਨਿਯਮ **ਖ਼ੁਸ਼ੀ ਦੇ ਸਕੂਲ** ਦੇ ਰਾਹ ਵਿਚ ਰੋਕ ਨਹੀਂ ਸਨ। ਬਚੇ ਖੁਲ੍ਹੀ ਹਵਾ ਵਿਚ ਕਿੰਨਾਂ ਸਮਾਂ ਬਿਤਾਉਂਦੇ, ਇਹ ਵੀ ਮਿਥਿਆ ਹੋਇਆ ਨਹੀਂ ਸੀ। ਸਭ ਤੋਂ ਮਹਤਵ-ਪੂਰਨ ਗਲ ਇਹ ਸੀ ਕਿ ਬਚੇ ਸਕੂਲ ਤੋਂ ਅਕ ਨਾ ਜਾਣ, ਕਿ ਉਸ ਛਿਣ ਲਈ ਜਦੋਂ ਅਧਿਆਪਕ ਇਹ ਕਹੇ, "ਘਰ ਜਾਣ ਦਾ ਸਮਾਂ ਹੋ ਗਿਐ," ਅਕਾਊ ਉਡੀਕ ਉਹਨਾਂ ਦੇ ਦਿਲਾਂ ਵਿਚ ਨਾ ਘੁਸ ਜਾਵੇ। ਮੈਂ ਸਕੂਲ ਦਾ ਕੰਮ ਉਸ ਸਮੇਂ ਖਤਮ ਕਰਨ ਦਾ ਜਤਨ ਕਰਦਾ ਜਦੋਂ ਬਚੇ ਉਸ ਕੰਮ ਵਿਚ ਵਧ ਤੋਂ ਵਧ ਰੋਚਕਤਾ ਵਿਖਾ ਰਹੇ ਹੁੰਦੇ ਜਿਹੜਾ ਅਸੀਂ ਕਰ ਰਹੇ ਹੁੰਦੇ। ਉਹਨਾਂ ਨੂੰ ਉਤਸੁਕਤਾ ਨਾਲ ਭਲਕ ਦੀ ਉਡੀਕ ਕਰਨ ਦਿਓ; ਆਉਣ ਵਾਲੇ ਦਿਨ ਨੂੰ ਨਵੀਆਂ ਖ਼ੁਸ਼ੀਆਂ ਦੇ ਇਕਰਾਰਾਂ ਨਾਲ ਭਰਪੂਰ ਹੋਣ ਦਿਓ। ਸ਼ਾਲਾ ਰਾਤ ਉਹਨਾਂ ਲਈ ਉਹ ਰੁਪਹਿਲੀ ਚੰਗਿਆੜੀਆਂ ਲਿਆਵੇ ਜਿਹੜੀਆਂ ਸੂਰਜ ਧਰਤੀ ਉਤੇ ਖਿਲਾਰਦਾ ਹੈ। ਇਕ ਦਿਨ ਖੁਲ੍ਹੀ ਥਾਂ ਲਗਣ ਵਾਲਾ ਸਕੂਲ ਇਕ ਜਾਂ ਡੇਢ ਘੰਟਾ ਖੁਲ੍ਹਦਾ, ਅਗਲੇ ਦਿਨ ਚਾਰ ਘੰਟੇ। ਇਹ ਇਸ ਗਲ ਉਤੇ ਨਿਰਭਰ ਸੀ ਕਿ ਮੈਂ ਉਸ ਦਿਨ ਬਚਿਆਂ ਨੂੰ ਕਿੰਨੀ ਖ਼ੁਸ਼ੀ ਦੇ ਸਕਦਾ। ਇਸ ਗਲ ਦੀ ਵੀ ਮਹਤਤਾ ਸੀ ਕਿ ਹਰ ਬਚਾ ਨਾ ਕੇਵਲ ਖ਼ੁਸ਼ੀ ਅਨੁਭੱਵ ਕਰੇ ਸਗੋਂ ਇਹਦੀ ਸਿਰਜਣਾ ਵੀ ਕਰੇ, ਸਮੂਹ ਦੇ ਜੀਵਨ ਵਿਚ ਆਪਣੀ ਸਿਰਜਣਾਤਮਕਤਾ ਦਾ ਇਕ ਕਿਣਕਾ ਸ਼ਾਮਲ ਕਰੇ।

ਉਸ ਵਰ੍ਹੇ ਪਤ-ਝੜ ਦੀ ਰੁਤੇ ਮੌਸਮ ਦੇਰ ਤਕ ਨਿਘਾ ਰਿਹਾ; ਮੌਸਮ ਖ਼ੁਸ਼ਕ ਸੀ ਅਤੇ ਰੁਖਾਂ ਦੇ ਪਤੇ ਅਕਤੂਬਰ ਦੇ ਮਧ ਤਕ ਪੀਲੇ ਨਾ ਪਏ। ਕਈ ਵਾਰ ਬਿਜਲੀ ਕੜਕੀ ਜਿਵੇਂ ਹੁਨਾਲ ਮੁੜ ਰਿਹਾ ਹੋਵੇ ਅਤੇ ਸਵੇਰੇ ਘਾਹ ਉਤੇ ਤਰੇਲ ਹੁੰਦੀ। ਇਸ ਗਲ ਨੇ ਮੇਰੇ ਕੰਮ ਲਈ ਸੁਖਾਵੀਆਂ ਪ੍ਰਸਥਿਤੀਆਂ ਪੈਦਾ ਕਰ ਦਿਤੀਆਂ। ਅਸੀਂ ਕਈ ਵਾਰ ਸਾਡੇ ਦਫ਼ਨਾਉਣ ਵਾਲੇ ਟਿਬੇ ਉਤੇ ਗਏ ਅਤੇ ਬਦਲਾਂ ਸੰਬੰਧੀ "ਸਫ਼ਰ" ਕੀਤਾ। ਇਹਨਾਂ ਘੜੀਆਂ ਨੇ ਬਚਿਆਂ ਉਤੇ ਅਮਿਟ ਪ੍ਰਭਾਵ ਪਾਇਆ। ਚਿਟੇ, ਰਵਾਲ ਜਿਹੇ ਬਦਲ ਉਹਨਾਂ ਲਈ ਅਦਭੁਤ ਲਭਤਾਂ ਦਾ ਸੰਸਾਰ ਸਨ। ਉਹਨਾਂ ਦੀਆਂ ਤਰੰਗੀ ਢੰਗ ਨਾਲ, ਤੇਜ਼ੀ ਨਾਲ ਬਦਲਦੀਆਂ ਰੂਪ-ਰੇਖਾਵਾਂ ਵਿਚ ਬਚਿਆਂ ਨੇ ਜਾਨਵਰ ਅਤੇ ਪਰੀ-ਕਹਾਣੀਆਂ ਦੇ ਦੈਂਤ ਵੇਖੇ। ਬਚਿਆਂ ਦੀ ਕਲਪਨਾ ਦੀ ਤਿਖੀ ਉਡਾਰੀ ਬਦਲਾਂ ਤੋਂ ਪਾਰ ਸੰਸਾਰ ਤਕ ਗਈ, ਨੀਲੇ ਸਾਗਰ ਅਤੇ ਜੰਗਲ, ਦੂਰਾਡੇ ਅਣਜਾਣੇ

ਦੇਸਾਂ ਤਕ ਗਈ। ਅਤੇ ਇਸ ਉਡਾਰੀ ਵਿਚ ਬਚੇ ਦਾ ਨਿਜੀ ਸੰਸਾਰ ਚੌੜ-ਚੁਪਟ ਖੁਲ੍ਹ ਗਿਆ। ਵੇਖੋ, ਇਕ ਤਰੰਗੀ ਬਦਲ ਅਸਮਾਨ ਉਤੇ ਜਾ ਰਿਹਾ ਹੈ।

"ਬਚਿਓ, ਤੁਹਾਨੂੰ ਇਸ ਵਿਚ ਕੀ ਦਿਸਦਾ ਹੈ?"

"ਪਰਾਲੀ ਦਾ ਹੈਟ ਪਹਿਨੀ, ਇਕ ਬੈਂਤ ਉਤੇ ਝੁਕਿਆ ਇਕ ਆਜੜੀ," ਵਾਰੀਆ ਨੇ ਕਿਹਾ। "ਵੇਖੋ, ਉਹਦੇ ਕੋਲ ਭੇਡਾਂ ਦੇਬਚੇ ਦਾ ਇਕ ਇਜੜ ਖੜਾ ਹੈ। ਕੁੰਡਲਾਂ ਜਿਹੇ ਸਿੰਗਾਂ ਵਾਲਾ ਇਕ ਭੇਡੂ ਮੂਹਰੇ ਹੈ ਅਤੇ ਭੇਡਾਂ ਉਹਦੇ ਪਿਛੇ ਹਨ।... ਆਜੜੀ ਕੋਲ ਇਕ ਥੈਲਾ ਹੈ, ਜਿਸ ਵਿਚੋਂ ਕੁਝ ਬਾਹਰ ਝਾਕ ਰਿਹਾ ਹੈ।"

"ਨਹੀਂ, ਉਹ ਬੁਢਾ ਬੰਦਾ ਨਹੀਂ," ਪਾਵਲੋ ਨੇ ਮੁੜਦੀ ਗਲ ਕਹੀ। "ਇਹ ਤਾਂ ਉਹੋ ਜਿਹਾ ਹਿੰਮ-ਮਾਨਸ* ਹੈ ਜਿਹੋ ਜਿਹਾ ਅਸੀਂ ਸਿਆਲ ਵਿਚ ਬਣਾਉਂਦੇ ਹਾਂ। ਵੇਖ ਉਹਦੇ ਹਥ ਵਿਚ ਝਾੜੂ ਏ, 'ਤੇ ਉਹਦੇ ਸਿਰ ਉਤੇ ਪਰਾਲੀ ਦਾ ਹੈਟ ਨਹੀਂ ਸਗੋਂ ਬਾਲਟੀ ਏ।"

"ਨਹੀਂ, ਇਹ ਹਿੰਮ-ਮਾਨਸ ਵੀ ਨਹੀਂ, ਇਹ ਤਾਂ ਤੂੜੀ ਦਾ ਕੁਪ ਏ," ਯੂਰਾ ਕਹਿੰਦਾ ਹੈ, "ਤੇ ਇਹਦੇ ਨੇੜੇ ਸਲੰਘਾਂ ਲਈ ਦੋ ਆਜੜੀ ਖੜੇ ਨੇ। ਵੇਖ—ਉਹ ਤੂੜੀ ਹੇਠਾਂ ਖੜੇ ਗਡੇ ਉਤੇ ਸੁਟ ਰਹੇ ਨੇ। 'ਤੇ ਉਹ ਭੇਡੂ ਨਹੀਂ, ਇਹ ਤਾਂ ਗਡਾ ਏ। ਉਹ ਜੋਤਰਾ ਏ, ਨਿਕੇ ਸਿੰਗ ਨਹੀਂ।"

"ਇਹ ਤਾਂ ਬਹੁਤ ਵਡਾ, ਬਹੁਤ ਹੀ ਵਡਾ ਸਹਿਆ ਏ। ਮੈਂ ਸੁਪਨੇ ਵਿਚ ਅਜਿਹਾ ਵੇਖਿਆ ਸੀ ਮੈਨੂੰ ਤਾਂ ਗਡਾ ਕਿਧਰੇ ਨਹੀਂ ਦਿਸਦਾ। ਇਹ ਤਾਂ ਸਹੇ ਦੀ ਪੂਛ ਏ।"

ਮੈਂ ਚਾਹੁੰਦਾ ਸਾਂ ਸਾਰੇ ਖ਼ਿਆਲ-ਉਡਾਰੀ ਲਾਉਣ, ਪਰ ਕਿਸੇ ਕਾਰਨ ਕੋਲੀਆ, ਸਲਾਵਾ, ਤੋਲੀਆ ਅਤੇ ਮੀਸ਼ਾ ਚੁਪ ਸਨ। ਜਦੋਂ ਮੈਂ ਕੋਲੀਆ ਦੇ ਮੂੰਹ ਉਤੇ ਨਿਵਾਜਵੀਂ ਘਿਰਣਾ ਵੇਖੀ—ਜਿਹੋ ਜਿਹੀ ਦਿਖ ਵਡਿਆਂ ਦੇ ਮੂੰਹ ਉਤੇ ਵਿਖਾਈ ਦੇਂਦੀ ਹੈ ਜਿਹੜੇ ਬਚਿਆਂ ਦੀਆਂ ਖੇਡਾਂ ਨੂੰ ਆਪਣੇ ਕੁਰਬ ਤੋਂ ਨੀਵਾਂ ਸਮਝਦੇ ਹਨ—ਤਾਂ ਮੇਰਾ ਦਿਲ ਲਹੂ ਦੇ ਹੰਝੂ ਰੋਇਆ। ਪਰ ਇਹਦੇ ਨਾਲ ਹੀ ਨਾਲ ਮੈਂ ਮੁੰਡੇ ਦੀਆਂ ਅਖਾਂ ਵਿਚ ਸੁਹਪਣ ਵੇਖਣ ਪਿਛੋ ਖ਼ੁਸ਼ੀ ਦੀ ਚਮਕ ਵੇਖ ਚੁਕਾ ਸਾਂ।... ਮੈਂ ਇਸ ਸੰਬੰਧੀ ਬਹੁਤਾ ਨਹੀਂ ਸੀ ਸੋਚਿਆ ਪਰ ਅਨੁਭਵ ਮੈਨੂੰ ਇਸ ਸਿਟੇ ਵਲ ਲੈ ਗਿਆ ਕਿ ਜਿੰਨਾ ਚਿਰ ਕੋਈ ਬਚਾ ਖ਼ੁਸ਼ੀ ਨਾਲ ਵਹਿ ਨਹੀਂ ਜਾਂਦਾ, ਜਿੰਨਾ ਚਿਰ ਉਹਦੀਆਂ ਅਖਾਂ ਵਿਚ ਅਸਲੀ ਖ਼ੁਸ਼ੀ ਨਹੀਂ ਜਾਗ ਪੈਂਦੀ, ਜਿੰਨਾ ਚਿਰ ਬਚਗਾਨਾ ਕਲੋਲ ਉਹਨੂੰ ਭਰਮਾਉਂਦੇ ਨਹੀਂ, ਮੈਨੂੰ ਇਹ ਕਹਿਣ ਦਾ ਕੋਈ ਹਕ ਨਹੀਂ ਕਿ ਮੇਰਾ ਉਹਦੇ ਉਤੇ ਕੋਈ ਵਿਦਿਅਕ ਪ੍ਰਭਾਵ ਹੈ। ਇਹ ਲਾਜ਼ਮੀ ਹੈ ਕਿ ਬਚੇ ਬਚੇ ਰਹਿਣ...। ਜੇ ਪਰੀ-ਕਹਾਣੀ ਸੁਣਦੇ ਹੋਏ ਉਹ ਚੰਗੇ ਅਤੇ ਮਾੜੇ ਵਿਚਕਾਰ ਘੋਲ ਅਨੁਭਵ ਨਹੀਂ

---

* **ਹਿੰਮ-ਮਾਨਸ**, ਸਰਦੀਆਂ ਵਿਚ ਬਚਿਆਂ ਵਲੋਂ ਮਨੁਖ ਦੀ ਸ਼ਕਲ ਦਾ ਬਣਾਇਆ ਬਰਫ਼ ਦਾ ਪੁਤਲਾ।—**ਅਨੁ:**

ਕਰਦਾ, ਜੇ ਸ਼ਲਾਘਾ ਦੀਆਂ ਖ਼ੁਸ਼ੀ-ਭਰੀਆਂ ਚਿਣਗਾਂ ਦੀ ਥਾਂ ਉਹਦੀਆਂ ਅਖਾਂ ਵਿਚ ਅਲਗਰਜ਼ੀ ਹੈ, ਇਹਦਾ ਅਰਥ ਇਹ ਹੈ ਕਿ ਬਚੇ ਦੀ ਆਤਮਾ ਤੋੜ ਦਿਤੀ ਗਈ ਹੈ ਅਤੇ ਨੁਕਸਾਨ ਠੀਕ ਕਰਨ ਲਈ ਬਹੁਤ ਜਤਨ ਦੀ ਲੋੜ ਪਵੇਗੀ।

ਤਰੰਗੀ ਰੂਪ-ਰੇਖਾ ਵਾਲਾ ਇਕ ਬਦਲ ਦਿਸ-ਹਦੇ ਉਤੇ ਦਿਸਿਆ। ਇਹ ਉਚੀਆਂ ਕੰਧਾਂ ਅਤੇ ਚੌਕਸੀ ਬੁਰਜਾਂ ਨਾਲ ਘਿਰੇ ਕਿਸੇ ਅਦਭੁਤ ਮੱਹਲ ਜਿਹਾ ਸੀ। ਖ਼ਿਆਲ-ਉਡਾਰੀ ਨੇ ਮੱਹਲ ਦੀ ਰੂਪ-ਰੇਖਾ ਵਿਚ ਅਸਪਸ਼ਟ ਥਾਵਾਂ ਭਰਨੀਆਂ ਸ਼ੁਰੂ ਕਰ ਦਿਤੀਆਂ ਅਤੇ ਯੂਰਾ ਦੁਨੀਆਂ ਦੇ ਦੂਜੇ ਸਿਰੇ ਉਤੇ ਇਕ ਜਾਦੂਈ ਬਾਦਸ਼ਾਹੀ ਅਤੇ ਭੈੜੀ ਬਾਬਾ-ਯਾਗਾ * ਅਤੇ ਇਕ ਦਲੇਰ ਸੂਰਮੇ ਦੇ ਇਕ ਸੁਹਣੀ ਮੁਟਿਆਰ ਨੂੰ ਬਚਾਉਣ ਸੰਬੰਧੀ ਪਰੀ-ਕਹਾਣੀ ਸੁਣਾ ਵੀ ਰਿਹਾ ਸੀ। ਵਿਤੀਆ ਨੇ ਉਕਾ ਹੀ ਵਖਰੀ ਪਰੀ-ਕਹਾਣੀ ਦੀ ਕਲਪਨਾ ਕੀਤੀ। ਦੂਰ ਦੁਰਾਡੇ ਕਿਸੇ ਥਾਂ, ਸਾਡੇ ਦੇਸ ਦੀਆਂ ਹਦਾਂ ਤੋਂ ਪਾਰ ਪਹਾੜਾਂ ਵਿਚ ਇਕ ਭਿਆਨਕ ਜੀਵ ਰਹਿੰਦਾ ਸੀ, ਅਤੇ ਉਹ ਯੁਧ ਦੀ ਤਿਆਰੀ ਕਰ ਰਿਹਾ ਸੀ। ਖ਼ਿਆਲ-ਉਡਾਰੀ ਦੇ ਖੰਭ ਨਿਕੇ ਮੁੰਡੇ ਨੂੰ ਜਾਦੂ ਦੇ ਗ਼ਲੀਚੇ ਉਤੇ ਇਕ ਛਿਣ ਵਿਚ ਉਸ ਖੋਹ ਉਤੇ ਉਚਾਈਆਂ ਤਕ ਲੈ ਗਏ ਜਿਥੇ ਹਨੇਰੇ ਦੀਆਂ ਸ਼ਕਤੀਆਂ ਰਹਿੰਦੀਆਂ ਸਨ। ਸੋ ਉਹ ਬੁਰਾਈ ਨੂੰ ਤਬਾਹ ਕਰ ਸਕਦਾ ਸੀ ਅਤੇ ਧਰਤੀ ਉਤੇ ਸਦੀਵੀ ਅਮਨ ਨੂੰ ਮਜ਼ਬੂਤ ਬਣਾ ਸਕਦਾ ਸੀ।

ਫਿਰ ਮੈਂ ਦੁਰਾਡੇ ਤਪਤ-ਖੰਡੀ ਦੇਸਾਂ ਦੀ, ਅਨੰਤ ਹੁਨਾਲ ਦੀ ਅਤੇ ਅਣੱਖੇ ਤਾਰਾ-ਮੰਡਲਾਂ ਦੀ, ਨੀਲੇ ਸਾਗਰ ਅਤੇ ਤਾੜ ਦੇ ਉਚੇ ਰੁਖਾਂ ਦੀ ਗਲ ਕੀਤੀ। ਇਥੇ ਅਣੱਖੇ ਦਾ ਤਾਣਾ-ਪੇਟਾ ਯਥਾਰਥ ਨਾਲ ਰਲਿਆ ਹੋਇਆ ਸੀ, ਜਿਵੇਂ ਮੈਂ ਦੁਰਾਡੀ ਦੁਨੀਆਂ ਵਿਚ ਝਾਕਣ ਲਈ ਨਿਕਾ ਜਿਹਾ ਮਘੋਰਾ ਕਰ ਲਿਆ ਹੋਵੇ। ਮੈਂ ਧਰਤੀ ਅਤੇ ਲੋਕਾਂ ਸੰਬੰਧੀ, ਸਾਗਰਾਂ ਅਤੇ ਮਹਾ-ਸਾਗਰਾਂ ਸੰਬੰਧੀ, ਬਨਸਪਤ ਅਤੇ ਪਸ਼ੂ ਜਗਤ ਦੀ ਭਰਪੂਰਤਾ ਸੰਬੰਧੀ ਅਤੇ ਪ੍ਰਕਿਰਤਕ ਵਰਤਾਰਿਆਂ ਸੰਬੰਧੀ ਗਲ ਕੀਤੀ।

ਮੈਂ ਉਸ ਸੰਸਾਰ ਸੰਬੰਧੀ ਗਲ ਕਰਨ ਲਗ ਪਿਆ ਜਿਸ ਵਿਚ ਕੁਝ ਲੋਕ ਹੋਰਾਂ ਨੂੰ ਗ਼ੁਲਾਮ ਬਣਾਉਂਦੇ ਹਨ। ਮਜ਼ਦੂਰਾਂ, ਵਿਸ਼ੇਸ਼ ਤੌਰ ਉਤੇ ਬਚਿਆਂ ਦੇ ਦੁਖਾਂ ਦੇ ਸਪਸ਼ਟ ਚਿਤਰ ਨੇ ਬਚਿਆਂ ਵਿਚ ਇਹ ਤੌਖਲੇ-ਭਰਿਆ ਵਿਚਾਰ ਜਗਾਇਆ ਕਿ ਸੰਸਾਰ ਵਿਚ ਚੰਗਿਆਈ ਅਤੇ ਬੁਰਾਈ ਵਿਚਕਾਰ ਜ਼ਬਰਦਸਤ ਘੋਲ ਚਲ ਰਿਹਾ ਹੈ ਅਤੇ ਸਾਡੇ ਲੋਕ ਵਿਅਕਤੀ ਦੀ ਖ਼ੁਸ਼ੀ, ਮਾਣ ਅਤੇ ਆਜ਼ਾਦੀ ਲਈ ਜੂਝ ਰਹੇ ਹਨ। ਮੈਂ ਆਪਣੇ ਵਿਦਿਆਰਥੀਆਂ ਨੂੰ ਛੋਟੀ ਉਮਰ ਤੋਂ ਹੀ ਸਮਾਜੀ ਬੁਰਾਈ ਲਈ ਅਸਹਿਣਸ਼ੀਲਤਾ ਦੀ ਭਾਵਨਾ ਦੇਣ ਦਾ ਜਤਨ ਕੀਤਾ, ਤਾਂ ਜੁ ਉਹ ਮਨੁਖ ਹਥੋਂ ਮਨੁਖ ਦੀ ਲੁਟ-ਚੋਘ ਨੂੰ ਘਿਰਣਾ ਕਰਨ, ਤਾਂ ਜੁ ਸਾਡਾ ਦੇਸ, ਉਸ ਦੇਸ ਵਜੋਂ ਜਿਹੜਾ ਲੁਟ-ਚੋਘ ਤੋਂ ਮੁਕਤ ਸੰਸਾਰ ਵਿਚ ਪਹਿਲਾ ਦੇਸ ਸੀ, ਉਹਨਾਂ ਨੂੰ ਅਤਿ-

---

* ਬੁਢੀ ਜਾਦੂਗਰਨੀ। — **ਅਨੁ :**

ਅੰਤ ਪਿਆਰਾ ਹੋਵੇ। ਸਭ ਤੋਂ ਮਹਤਵ-ਪੂਰਨ ਵਿਦਿਅਕ ਕਾਰਜਾਂ ਵਿਚੋਂ ਇਕ ਬਚੇ ਦੇ ਮਨ ਵਿਚ ਇਹ ਵਿਚਾਰ ਪੈਦਾ ਕਰਨਾ ਹੈ ਕਿ ਬੁਰਾਈ ਇਕ ਯਥਾਰਥਕ ਸ਼ੈ ਹੈ, ਕੇਵਲ ਅਮੂਰਤ ਨਹੀਂ, ਇਮਾਨਦਾਰ ਲੋਕਾਂ ਦੀ ਦੇਖੀ ਕੋਈ ਸ਼ੈ ਹੈ। ਮੈਂ ਬਚਿਆਂ ਨੂੰ ਉਹਨਾਂ ਦੇਸਾਂ ਸੰਬੰਧੀ ਦਸਿਆ ਜਿਥੇ ਦੌਲਤ ਉਤੇ ਸਰਮਾਏਦਾਰਾਂ ਅਤੇ ਜਾਗੀਰਦਾਰਾਂ ਦੀ ਨਿਕੀ ਟੋਲੀ ਦਾ ਵਸੀਕਾਰ ਹੈ ਅਤੇ ਕਿਰਤੀਆਂ ਨੂੰ ਕੇਵਲ ਉਪਜੀਵਕਾ ਹੀ ਪ੍ਰਾਪਤ ਹੈ। ਪਰ ਮੈਂ ਬਚਿਆਂ ਨੂੰ "ਸਾਮਰਾਜ" ਦੇ ਡੂੰਘੇ ਅਰਥਾਂ ਦੀ ਅਮੂਰਤ ਸੂਝ ਦੇਣ ਦੀ ਕਾਹਲ ਨਾ ਕੀਤੀ। ਸਮਾਂ ਆਉਣ ਉਤੇ ਉਹ ਇਸ ਸੰਬੰਧੀ ਵਿਚਾਰ ਕਰਨਗੇ। ਉਸ ਉਮਰੇ ਉਹਨਾਂ ਦੀ ਭਾਵੁਕ ਬਣਤਰ ਵਿਚ ਉਹਨਾਂ ਨੂੰ ਨਿਰਣਾਇਕ ਅਰਥ ਦਾ ਸਪਸ਼ਟ ਵਿਚਾਰ ਪ੍ਰਾਪਤ ਹੁੰਦਾ ਹੈ।

ਬਚੇ ਦੀ ਪੂਰੀ ਬੌਧਕ ਪ੍ਰਫੁਲਤਾ ਲਈ, ਉਹਦੇ ਭਰਪੂਰ ਅੰਦਰਲੇ ਜੀਵਨ ਲਈ ਇਕ ਲੋੜੀਂਦੀ ਸ਼ਰਤ ਉਹ ਕਹਾਣੀਆਂ ਹੈ ਜਿਹੜਾ ਉਹਦੇ ਨਾਲ ਖ਼ੁਸ਼ੀਆਂ ਅਤੇ ਗ਼ਮੀਆਂ ਸਾਂਝੀਆਂ ਕਰਨ ਵਾਲਾ ਅਧਿਆਪਕ ਸੁਣਾਉਂਦਾ ਹੈ। ਇਹਨਾਂ ਕਹਾਣੀਆਂ ਦੀ ਵਿਦਿਅਕ ਮਹਤਤਾ ਇਹ ਹੈ ਕਿ ਬਚਿਆਂ ਨੇ ਇਹਨਾਂ ਨੂੰ ਉਸ ਪ੍ਰਸਥਿਤੀ ਵਿਚ ਸੁਣਿਆ ਜਦੋਂ ਖ਼ਿਆਲ-ਉਡਾਰੀ ਦੇ ਸਜੀਵ-ਰੂਪ ਜਨਮ ਲੈਂਦੇ ਹਨ: ਸ਼ਾਮ ਦੀ ਚੁਪ ਵਿਚ ਜਦੋਂ ਪਹਿਲਾ ਤਾਰਾ ਦਿਸਦਾ ਹੈ, ਜੰਗਲ ਵਿਚ ਧੂਣੀ ਦੁਆਲੇ, ਸੁਖਦਾਇਕ ਕੁਟੀਆ ਵਿਚ, ਭਖਦੇ ਕਚੇ ਕੋਲਿਆਂ ਦੀ ਲੋਅ ਵਿਚ, ਜਦੋਂ ਬਾਹਰ ਪਤ-ਝੜ ਦੀ ਵਾਛੜ ਪੈ ਰਹੀ ਹੋਵੇ, ਜਾਂ ਜਦੋਂ ਠੰਢੀ ਹਵਾ ਆਪਣਾ ਉਦਾਸ ਗੀਤ ਗਾ ਰਹੀ ਹੋਵੇ। ਕਹਾਣੀਆਂ ਸਪਸ਼ਟ, ਚਿਤਰਮਈ ਹੋਣੀਆਂ ਚਾਹੀਦੀਆਂ ਹਨ ਅਤੇ ਬਹੁਤ ਲੰਮੀਆਂ ਨਹੀਂ ਹੋਣੀਆਂ ਚਾਹੀਦੀਆਂ। ਬੰਦੇ ਨੂੰ ਤਥਾਂ ਦਾ ਢੇਰ ਨਹੀਂ ਲਾਉਣਾ ਚਾਹੀਦਾ ਅਤੇ ਬਚਿਆਂ ਨੂੰ ਬਹੁਤ ਸਾਰੇ ਪ੍ਰਭਾਵ ਨਹੀਂ ਦੇਣੇ ਚਾਹੀਦੇ, ਨਹੀਂ ਤਾਂ ਕਹਾਣੀਆਂ ਸੰਬੰਧੀ ਉਹਨਾਂ ਦੀ ਭਾਵੁਕਤਾ ਖੁੰਢੀ ਹੋ ਜਾਵੇਗੀ ਅਤੇ ਕਿਸੇ ਗਲ ਵਿਚ ਉਹਨਾਂ ਦੀ ਰੋਚਕਤਾ ਜਗਾਉਣਾ ਅਸੰਭਵ ਹੋ ਜਾਵੇਗਾ।

ਮੈਂ ਅਧਿਆਪਕਾਂ ਨੂੰ ਸਲਾਹ ਦੇਂਦਾ ਹਾਂ ਕਿ ਉਹ ਬਚਿਆਂ ਦੀਆਂ ਭਾਵਨਾਵਾਂ, ਕਲਪਨਾ ਅਤੇ ਖ਼ਿਆਲ-ਉਡਾਰੀਆਂ ਉਤੇ ਪ੍ਰਭਾਵ ਪਾਉਣ। ਅਸੀਮ ਸੰਸਾਰ ਵਲ ਬਾਰੀ **ਹੌਲੀ ਹੌਲੀ** ਖੋਹਲੋ; ਇਹਨੂੰ ਇਕ ਦਮ ਚੌੜ-ਚੁਪਟ ਨਾ ਖੋਹਲ ਦਿਓ — ਇਸ ਬਾਰੀ ਨੂੰ ਇਕ ਬਹੁਤ ਵਡਾ ਬੂਹਾ ਨਾ ਬਣਾ ਦਿਓ ਜਿਸ ਵਿਚ, ਤੁਹਾਡੀ ਪੂਰੀ ਨੇਕ ਨੀਅਤੀ ਦੇ ਬਾਵਜੂਦ, ਬਚੇ ਦਾ ਧਿਆਨ ਤੁਹਾਡੇ ਕੋਲੋਂ ਗੋਦ ਵਾਂਗ ਰਿੜ੍ਹ ਕੇ ਚਲਾ ਜਾਂਦਾ ਹੈ। ਜੇ ਬਹੁਤ ਸਾਰੀਆਂ ਸ਼ੈਆਂ ਇਕ ਦਮ ਬਚਿਆਂ ਦੇ ਸਾਹਮਣੇ ਰਖੀਆਂ ਜਾਣ ਤਾਂ ਉਹ ਕੁਚਲਾ ਜਾਂਦੇ ਹਨ, ਅਤੇ ਫਿਰ ਇਹੋ ਸ਼ੈਆਂ, ਜਿਹੜੀਆਂ ਆਪਣੇ ਤਤ ਵਿਚ ਓਪਰੀਆਂ ਹਨ, ਥੋਥੀਆਂ ਆਵਾਜ਼ਾਂ ਬਣ ਕੇ ਰਹਿ ਜਾਣਗੀਆਂ।

ਖੁਲ੍ਹੀ ਹਵਾ ਵਿਚ ਸਕੂਲ ਨੇ ਮੈਨੂੰ ਸਿਖਾਇਆ ਕਿ ਬਚਿਆਂ ਲਈ ਆਲੇ ਦੁਆਲੇ ਦੇ ਸੰਸਾਰ ਵਿਚ ਬਾਰੀ ਕਿਵੇਂ ਖੋਹਲਣੀ ਹੈ ਅਤੇ ਮੈਂ ਹੋਰ ਅਧਿਆਪਕਾਂ ਨੂੰ ਜੀਵਨ

ਅਤੇ ਬੋਧ ਦਾ ਇਹ ਵਿਗਿਆਨ ਪੁਚਾਉਣ ਦਾ ਜਤਨ ਕੀਤਾ। ਮੈਂ ਉਹਨਾਂ ਨੂੰ ਸਲਾਹ ਦਿਤੀ ਕਿ ਉਹ ਬਚੇ ਨੂੰ ਗਿਆਨ ਵਿਚ ਗ਼ਰਕ ਨਾ ਕਰ ਦੇਣ, ਉਹਨੂੰ ਉਹ ਸਾਰਾ ਕੁਝ ਦਸਣ ਦਾ ਜਤਨ ਨਾ ਕਰਨ ਜਿਹੜਾ ਉਹਨਾਂ ਨੂੰ ਆਉਂਦਾ ਹੈ—ਗਿਆਨ ਦੀ ਢਾਹ ਹੇਠ ਬਚੇ ਦੀ ਅਭਿਲਾਖਾ ਅਤੇ ਉਤਸੁਕਤਾ ਦਬੀ ਜਾਵੇਗੀ। ਆਲੇ ਦੁਆਲੇ ਦੇ ਸੰਸਾਰ ਵਿਚੋਂ ਇਕ ਜਾਂ ਦੋ ਸ਼ੈਆਂ ਪੇਸ਼ ਕਰਨ ਯੋਗ ਹੋਵੋ ਤਾਂ ਜੁ ਜੀਵਨ ਦਾ ਇਕ ਹਿਸਾ ਬਚਿਆਂ ਸਾਹਮਣੇ ਸਤ-ਰੰਗੀ ਪੀਂਘ ਦੇ ਸਾਰੇ ਰੰਗਾਂ ਵਿਚ ਚਮਕਣ ਲਗ ਪਵੈ। ਸਦਾ ਕੁਝ ਅਣ-ਕਿਹਾ ਰਹਿਣ ਦਿਓ ਤਾਂ ਜੁ ਬਚਾ ਘੜੀ ਮੁੜੀ ਉਸ ਵਲ ਮੁੜਨਾ ਚਾਹੇਗਾ ਜੋ ਉਹਨੇ ਲਭਿਆ ਹੈ।

ਮਨੁਖੀ ਸੋਚ ਦੀਆਂ ਪ੍ਰਾਪਤੀਆਂ ਅਸੀਮ ਹਨ। ਮਿਸਾਲ ਵਜੋ ਅਸਾਂ ਅਣ-ਗਿਣਤ ਪੁਸਤਕਾਂ ਲਿਖੀਆਂ ਹਨ। ਬਚਿਆਂ ਨੂੰ ਇਕ ਪੁਸਤਕ ਦਾ ਸੁਹਪਣ, ਸਿਆਣਪ ਅਤੇ ਡੂੰਘਿਆਈ ਵਿਖਾਓ, ਪਰ ਅਜਿਹਾ ਇਸ ਢੰਗ ਨਾਲ ਕਰੋ ਕਿ ਬਚੇ ਨੂੰ ਸਦਾ ਲਈ ਪੁਸਤਕਾਂ ਨਾਲ ਪਿਆਰ ਹੋ ਜਾਵੇ ਅਤੇ ਉਹ ਪੁਸਤਕਾਂ ਦੇ ਸਾਗਰ ਵਿਚ ਸੁਤੰਤਰ ਤੈਰਨ ਲਈ ਤਿਆਰ ਹੋ ਜਾਵੇ। ਮੈਂ **ਜਿਉਂਦੇ ਸ਼ਬਦ ਦੇ ਸੋਮਿਆਂ ਤਕ "ਸਫ਼ਰਾਂ"**, ਜਿਹਾ ਕਿ ਮੈਂ ਉਹਨਾਂ ਸਪਸ਼ਟ, ਸੰਖੇਪ ਅਤੇ ਭਾਵ-ਭਰਪੂਰ ਕਹਾਣੀਆਂ ਨੂੰ, ਕਹਿੰਦਾ ਜਿਹੜੀਆਂ ਬਚੇ ਉਹਨਾਂ ਘਟਨਾਵਾਂ ਅਤੇ ਵਰਤਾਰਿਆਂ ਸੰਬੰਧੀ ਘੜਦੇ ਜਿਹੜੇ ਉਹ ਆਪਣੀਆਂ ਅਖਾਂ ਨਾਲ ਵੇਖਦੇ, ਆਪਣੇ ਵਿਚਾਰ ਸਾਂਝੇ ਕੀਤੇ। ਮੁਢਲੀਆਂ ਸ਼੍ਰੇਣੀਆਂ ਦੇ ਅਧਿਆਪਕਾਂ ਨੇ ਮੇਰੀ ਉਦਾਹਰਣ ਉਤੇ ਅਮਲ ਕੀਤਾ ਅਤੇ ਆਪ ਉਹੋ ਜਿਹੇ **"ਸਫ਼ਰ"** ਕਰਨੇ ਸ਼ੁਰੂ ਕਰ ਦਿਤੇ। ਸ਼੍ਰੇਣੀਆਂ ਦੇ ਕਮਰਿਆਂ ਦੇ ਬੂਹੇ ਖੋਹਲ ਦਿਤੇ ਗਏ ਅਤੇ ਬਚਿਆਂ ਨੇ ਸਜਰੀ ਪੌਣ ਵਿਚ ਬਹਿਣ ਲਈ ਘਾਹ ਵਾਲੇ ਮੈਦਾਨ ਵਿਚ ਜਾਣਾ ਸ਼ੁਰੂ ਕਰ ਦਿਤਾ। ਪੜ੍ਹਨ ਅਤੇ ਹਿਸਾਬ ਦੇ ਸਬਕ, ਵਿਸ਼ੇਸ਼ ਤੌਰ ਉਤੇ ਪਹਿਲੀ ਅਤੇ ਦੂਜੀ ਜਮਾਤਾਂ ਵਿਚ, ਸਦਾ ਵਧੇਰੇ ਖੁਲ੍ਹੀ ਹਵਾ ਵਿਚ ਲਏ ਜਾਣ ਲਗ ਪਏ। ਇਹ ਖੁਲ੍ਹੀ ਹਵਾ ਵਿਚ ਸਬਕ ਨਾ ਤਾਂ ਸਬਕਾਂ ਦਾ ਨਖੇਧ ਸਨ ਅਤੇ ਨਾ ਹੀ ਪੁਸਤਕਾਂ ਜਾਂ ਵਿਗਿਆਨ ਤੋਂ ਇਨਕਾਰ, ਸਗੋਂ ਇਹਦੇ ਉਕਾ ਉਲਟ—ਉਹ ਸਬਕਾਂ ਨੂੰ ਭਰਪੂਰ ਬਣਾਉਂਦੇ ਅਤੇ ਪੁਸਤਕਾਂ ਅਤੇ ਵਿਗਿਆਨ ਨੂੰ ਸਜੀਵ ਕਰ ਦੇਂਦੇ।

ਸਬਕਾਂ ਤੋਂ ਪਿਛੋਂ ਮੁਢਲੀਆਂ ਸ਼੍ਰੇਣੀਆਂ ਦੇ ਸਾਰੇ ਅਧਿਆਪਕ ਸਟਾਫ਼ ਰੂਮ ਵਿਚ ਇਕਠੇ ਹੁੰਦੇ ਅਤੇ ਇਸ ਸੰਬੰਧੀ ਵਿਚਾਰ ਸਾਂਝੇ ਕਰਦੇ ਕਿ ਇਹ ਕਾਰਜ ਨਿਰਾਰਥਕਤਾ ਬਣ ਜਾਣ ਤੋਂ ਬਿਨ੍ਹਾਂ ਬਚੇ ਆਪਣੇ ਆਲੇ ਦੁਆਲੇ ਦੇ ਸੰਸਾਰ ਦਾ ਗਿਆਨ ਕਿਵੇ ਪ੍ਰਾਪਤ ਕਰਦੇ ਹਨ ਅਤੇ ਪ੍ਰਕਿਰਤੀ ਅਤੇ ਸਮਾਜ ਸੰਬੰਧੀ ਮੁਢਲੀ ਵਾਕਫ਼ੀ ਕਿਵੇ ਪ੍ਰਾਪਤ ਕਰਦੇ ਹਨ। ਇਸ ਸਮੂਹਕ ਸਰਗਰਮੀ ਦੇ ਦੌਰਾਨ ਇਕ ਨਵਾਂ ਵਿਚਾਰ ਅਹੁੜਿਆ : ਬਚਿਆਂ ਨੂੰ ਖੇਤੀ ਦੇ ਕੰਮ ਅਤੇ ਤਕਨੀਕੀ ਕਿਤਿਆਂ ਤੋਂ ਜਾਣੂ ਕਰਾਇਆ ਜਾਵੇ, ਹੌਲੀ ਹੌਲੀ ਉਹਨਾਂ ਨੂੰ ਸਰਵਉਤਮ ਕਿਰਤੀਆਂ ਨਾਲ ਮਿਲਾਇਆ ਜਾਵੇ। ਜਿਉਂਦੇ ਸ਼ਬਦ ਦੇ ਸੋਮਿਆਂ ਵਲ ਆਪਣੇ ਵਿਦਿਆਰਥੀਆਂ ਦੇ "ਸਫ਼ਰਾਂ" ਦੇ ਸੁਪਨੇ

ਲੈਂਦੇ ਹੋਏ ਮੁਢਲੀਆਂ ਸ੍ਰੇਣੀਆਂ ਦੇ ਅਧਿਆਪਕਾਂ ਨੇ, ਮੇਰੀ ਸਲਾਹ ਉਤੇ, ਪ੍ਰਕਿਰਤਕ ਘਟਨਾਵਾਂ ਅਤੇ ਸੰਬੰਧਾਂ ਦਾ ਇਕ ਗੇੜ ਮਿਥਿਆ, ਜਿਹੜਾ ਚਾਰ ਮੌਸਮਾਂ ਵਿਚੋਂ ਹਰ ਇਕ ਵਿਚ ਸੋਚ ਅਤੇ ਬੋਲੀ ਦੇ ਵਿਕਾਸ ਲਈ ਵਰਤਣ ਲਈ ਸਭ ਤੋਂ ਵਧ ਯੋਗ ਸੀ।

## ਸਾਡੀ ਸੁਪਨਿਆਂ ਦੀ ਨੁਕਰ

ਪਿੰਡ ਤੋਂ ਬਾਹਰ, ਸਕੂਲ ਦੇ ਨੇੜੇ ਹੀ ਇਕ ਦਰੁਗ ਸੀ ਜਿਸ ਵਿਚ ਝਾੜੀਆਂ ਅਤੇ ਰੁਖ ਉਗੜ-ਦੁਗੜ ਉਗੇ ਹੋਏ ਸਨ। ਬਚਿਆਂ ਲਈ ਇਹ ਭੇਤ ਅਤੇ ਅਨਿਸ਼ਚਿਤਤਾ ਨਾਲ ਭਰਿਆ ਇਕ ਘਣਾ ਜੰਗਲ ਸੀ। ਇਕ ਦਿਨ ਮੈਂ ਦਰੁਗ ਦੀ ਕੰਧ ਵਿਚ ਇਕ ਖੋਹ ਵਿਚ ਜਾਂਦਾ ਰਸਤਾ ਵੇਖਿਆ। ਖੋਹ ਦਾ ਅੰਦਰਲਾ ਹਿਸਾ ਚੋਖਾ ਖੁਲ੍ਹਾ ਜਾਪਦਾ ਸੀ ਅਤੇ ਉਹਦੀਆਂ ਤਕੜੀਆਂ, ਸੁਕੀਆਂ ਕੰਧਾਂ ਸਨ। ਇਹ ਤਾਂ ਖ਼ਾਸੀ ਲਭਤ ਸੀ! ਸਾਡੀ ਸੁਪਨਿਆਂ ਦੀ ਨੁਕਰ ਇਥੇ ਸਥਿਤ ਹੋਵੇਗੀ। ਜਦੋਂ ਮੈਂ ਉਹਨਾਂ ਨੂੰ ਪਹਿਲੀ ਵਾਰ ਉਥੇ ਲੈ ਗਿਆ ਤਾਂ ਬਚਿਆਂ ਦੀ ਖ਼ੁਸ਼ੀ ਬਿਆਨ ਕਰਨਾ ਔਖਾ ਹੈ। ਉਹ ਚਹਿਕੇ ਅਤੇ ਗਾਣੇ ਗਾਏ, ਇਕ ਦੂਜੇ ਨੂੰ ਉਚੀ ਉਚੀ ਆਵਾਜ਼ਾਂ ਦਿਤੀਆਂ ਅਤੇ ਲੁਕਣ ਮੀਟੀ ਖੇਡੀ। ਉਸੇ ਦਿਨ ਅਸਾਂ ਫ਼ਰਸ਼ ਉਤੇ ਸੁਕਾ ਘਾਹ ਵਿਛਾ ਦਿਤਾ।

ਪਹਿਲਾਂ ਪਹਿਲ ਅਸੀਂ ਆਪਣੀ ਗੁਪਤ ਨੁਕਰ ਦਾ ਸਵਾਦ ਮਾਣਦੇ, ਉਥੇ ਆਰਾਮ ਨਾਲ ਬਹਿੰਦੇ, ਅਸਾਂ ਸਭ ਕੁਝ ਸੁਹਣਾ ਅਤੇ ਸੁਖਦਾਈ ਬਣਾ ਦਿਤਾ। ਅਸਾਂ ਕੰਧਾਂ ਉਤੇ ਨਿਕੀਆਂ ਤਸਵੀਰਾਂ ਲਾਈਆਂ, ਅੰਦਰ ਆਉਣ ਵਾਲੇ ਰਾਹ ਨੂੰ ਚੌੜਾ ਕੀਤਾ, ਇਕ ਨਿਕਾ ਜਿਹਾ ਮੇਜ਼ ਬਣਾਇਆ। ਖੋਹ ਨੂੰ ਸਮੇਂ ਸਮੇਂ ਗਰਮ ਕਰਨ ਲਈ ਬਚੇ ਬੜੀ ਖ਼ੁਸ਼ੀ ਖ਼ੁਸ਼ੀ ਅੰਗੀਠੀ ਬਣਾਉਣਾ ਮੰਨ ਗਏ।

ਅਸਾਂ ਅੰਗੀਠੀ ਲਈ ਇਕ ਥਾਂ ਪੁਟੀ ਅਤੇ ਫਿਰ ਪਾਈਪ ਲਈ ਥਾਂ ਬਣਾਈ। ਅਸੀਂ ਵਾਧੂ ਮਿਟੀ ਬਾਹਰ ਲੈ ਗਏ ਅਤੇ ਚੀਕਣੀ ਮਿਟੀ ਅਤੇ ਇਟਾਂ ਲਿਆਏ। ਇਹ ਸੌਖਾ ਕੰਮ ਨਹੀਂ ਸੀ, ਪਰ ਸਾਡੇ ਸਾਹਮਣੇ ਸੁਪਨਾ ਸੀ—ਖੋਹ ਵਿਚ ਅੰਗੀਠੀ। ਅਸਾਂ ਅੰਗੀਠੀ ਦੋ ਹਫ਼ਤਿਆਂ ਵਿਚ ਬਣਾ ਲਈ। ਸਾਰੇ ਕੰਮ ਵਿਚ ਰੁਝ ਗਏ; ਇਥੋਂ ਤਕ ਕਿ ਕੋਲੀਆ, ਸਲਾਵਾ ਅਤੇ ਤੋਲੀਆ ਵੀ ਇਕ ਪਾਸੇ ਖੜੇ ਨਾ ਰਹਿ ਸਕੇ। ਮੈਂ ਉਹਨਾਂ ਬਚਿਆਂ ਸੰਬੰਧੀ ਬਹੁਤ ਫ਼ਿਕਰਮੰਦ ਸਾਂ ਜਿਹੜੇ ਹਰ ਉਸ ਕੰਮ ਵਲੋਂ ਲਾਪਰਵਾਹ ਰਹਿੰਦੇ ਜਿਹੜਾ ਸਾਡਾ ਸਮੂਹ ਕਰਦਾ। ਪਰ ਹੁਣ ਉਹਨਾਂ ਦੀਆਂ ਅਖਾਂ ਵਿਚ ਵਧੇਰੇ ਵਾਰ ਲਿਸ਼ਕ ਹੁੰਦੀ ਅਤੇ ਉਤਸ਼ਾਹ ਦੀ ਲਾਟ ਲੰਮੇ ਸਮੇਂ ਤਕ ਨਾ ਬੁਝਦੀ। ਇਸ ਰੋਚਕ ਘਟਨਾ ਨੇ ਸਾਸ਼ਾ, ਲਿਊਦਾ ਅਤੇ ਵਾਲੀਆ ਜਿਹੇ ਡਰਾਕਲ, ਸੰਗਾਊ ਅਤੇ ਦੁਚਿਤੇ ਬਚਿਆਂ ਨੂੰ ਵੀ ਪ੍ਰੇਰਨਾ ਦਿਤੀ। ਮੈਨੂੰ ਇਸ ਗਲ ਦਾ ਹੋਰ ਵੀ ਨਿਸ਼ਚਾ ਹੋ ਗਿਆ ਕਿ ਸਮੂਹ ਦੀ ਭਾਵੁਕ ਪ੍ਰਸਥਿਤੀ, ਖ਼ੁਸ਼ੀ ਅਤੇ ਪ੍ਰੇਰਨਾ ਦੀ

ਪ੍ਰਸਥਿਤੀ, ਬਚਿਆਂ ਨੂੰ ਇਕਮੁਠ ਕਰਨ ਵਾਲੀ, ਇਥੋਂ ਤਕ ਕਿ ਲਾਪਰਵਾਹ ਦਿਲਾਂ ਵਿਚ ਵੀ ਸਮੂਹ ਵਲੋਂ ਕੀਤੇ ਜਾਂਦੇ ਕੰਮ ਲਈ ਰੋਚਕਤਾ ਪੈਦਾ ਕਰਨ ਵਾਲੀ ਇਕ ਮਹਾਨ ਅੰਦਰਲੀ ਸ਼ਕਤੀ ਹੈ।

ਅਖ਼ੀਰ ਅਸਾਂ ਅੰਗੀਠੀ ਵਿਚ ਅਗ ਬਾਲੀ। ਸੁਕੀਆਂ ਟਹਿਣੀਆਂ ਲਟ ਲਟ ਬਲ ਰਹੀਆਂ ਸਨ। ਧਰਤੀ ਉਤੇ ਸ਼ਾਮ ਛਾ ਗਈ ਪਰ ਸਾਡਾ ਘੁਰਨਾ ਰੌਸ਼ਨ ਅਤੇ ਨਿਘਾ ਸੀ। ਅਸਾਂ ਢਾਲ ਉਤੇ ਛਾਏ ਹੋਏ ਰੁਖਾਂ ਅਤੇ ਝਾੜੀਆਂ ਵਲ ਵੇਖਿਆ, ਅਤੇ ਉਥੋਂ, ਭੇਤ-ਭਰੀਆਂ ਝੰਗੀਆਂ ਵਿਚੋਂ ਪਰੀ-ਕਹਾਣੀਆਂ ਦੇ ਬਿੰਬ ਸਾਡੇ ਵਲ ਆਏ। ਉਹ ਕਹਿੰਦੇ ਜਾਪਦੇ, "ਮਿਹਰਬਾਨੀ ਕਰਕੇ ਸਾਡੇ ਬਾਰੇ ਕਹਾਣੀ ਸੁਣਾਓ।" ਰੁਖਾਂ ਅਤੇ ਝਾੜੀਆਂ ਨੂੰ ਮੂੰਹ-ਝਾਖੜੇ ਦੀ ਅਰਧ-ਪਾਰਦਰਸ਼ੀ ਧੁੰਦ ਨੇ ਕਜਿਆ ਹੋਇਆ ਸੀ, ਪਹਿਲਾਂ ਇਹ ਨੀਲੀ ਭਾਹ ਮਾਰਦੀ ਸੀ ਅਤੇ ਫਿਰ ਡੇਕ-ਰੰਗੀ ਹੋ ਗਈ। ਇਸ ਧੁੰਦ ਵਿਚ ਰੁਖਾਂ ਅਣਕਿਆਸੇ ਰੂਪ ਧਾਰਨ ਕਰ ਲਏ।

ਅਜਿਹੇ ਸਮਿਆਂ ਉਤੇ ਕਹਾਣੀਆਂ ਘੜਦੇ ਹੋਏ ਬਚੇ ਬੜੇ ਉਤਸ਼ਾਹ ਨਾਲ ਖਿਆਲ-ਉਡਾਰੀਆਂ ਲਾਉਂਦੇ ਹਨ।

"ਔਹ ਦਰੁਗ ਦੀ ਢਾਲ ਉਤੇ ਇਕਠੇ ਹੋਏ ਰੁਖ ਕਿਹੋ ਜਿਹੇ ਜਾਪਦੇ ਹਨ?" ਮੈਂ ਪੁਛਿਆ, ਮੈਂ ਇੰਨਾ ਬਚਿਆਂ ਨੂੰ ਸੰਬੋਧਨ ਨਹੀਂ ਸਾਂ ਕਰ ਰਿਹਾ, ਜਿੰਨਾ ਆਪਣੇ ਨਿਜੀ ਵਿਚਾਰਾਂ ਨੂੰ। ਮੈਨੂੰ ਉਹ ਹਰੇ ਝਰਨਿਆਂ ਜਿਹੇ ਜਾਪਦੇ, ਜਿਹੜੇ ਦੰਦੀ ਤੋਂ ਤੇਜ਼ੀ ਨਾਲ ਡਿਗੇ ਸਨ ਅਤੇ ਹੁਣ ਬਾਸਾਲਟ ਜਾਂ ਮੈਲਾਕਾਈਟ* ਦੇ ਉਕਰੇ ਬਿੰਬ ਬਣ ਗਏ ਹਨ। ਮੈਂ ਸੋਚ ਰਿਹਾ ਸਾਂ ਕਿ ਕੀ ਕੋਈ ਬਚਾ ਉਹ ਕੁਝ ਵੇਖੇਗਾ ਜੋ ਮੈਂ ਵੇਖ ਰਿਹਾ ਹਾਂ, ਕਿਉਂਕਿ ਸ਼ਾਮ ਦੀਆਂ ਘੜੀਆਂ ਇਹ ਵੇਖਣ ਦਾ ਵੀ ਸਮਾਂ ਹਨ ਕਿ ਬਚੇ ਕਿਵੇਂ ਸੋਚਦੇ ਹਨ।

ਅਤੇ ਫਿਰ ਮੈਂ ਵੇਖਿਆ ਇਕ ਬਚੇ ਦੇ ਵਿਚਾਰ ਹੜਿਆਏ ਅਤੇ ਤੇਜ਼ੀ ਨਾਲ ਵਹਿ ਰਹੇ ਸਨ, ਨਵੇਂ ਬਿੰਬਾਂ ਨੂੰ ਜਨਮ ਦੇਂਦੇ, ਅਤੇ ਇਕ ਹੋਰ ਚੌੜੇ, ਡੂੰਘੇ, ਬਲਵਾਨ ਦਰਿਆ ਵਾਂਗ ਸੋਚ ਰਿਹਾ ਸੀ, ਜਿਹੜਾ ਧੀਮਾ ਹੋਣ ਦੇ ਬਾਵਜੂਦ ਆਪਣੀਆਂ ਡੂੰਘੀਆਂ ਥਾਵਾਂ ਵਿਚ ਭੇਤ-ਭਰਿਆ ਹੁੰਦਾ ਹੈ। ਦਰਿਆ ਵਿਚ ਵਹਿਣ ਹੈ ਸੀ ਜਾਂ ਨਹੀਂ ਇਹ ਸਪਸ਼ਟ ਨਹੀਂ ਸੀ ਪਰ ਇਹ ਬਲਵਾਨ ਅਤੇ ਅਮੋੜ ਸੀ। ਇਸ ਦਰਿਆ ਨੂੰ ਸੌਖੇ ਹੀ ਹੋਰ ਪਾਸੇ ਨਹੀਂ ਸੀ ਪਾਇਆ ਜਾ ਸਕਦਾ, ਜਿਵੇਂ ਹੋਰ ਬਚਿਆਂ ਦੀਆਂ ਸੋਚਾਂ ਦੇ ਤਿਖੇ, ਹੌਲੇ ਵਹਿਣ ਨੂੰ, ਨਾ ਹੀ ਇਹਨੂੰ ਡਕਿਆ ਜਾ ਸਕਦਾ ਸੀ, ਕਿਉਂਕਿ ਇਹ ਇਕ ਦਮ ਬਾਹਰ ਨਿਕਲਣ ਦਾ ਰਾਹ ਲਭਣਾ ਸ਼ੁਰੂ ਕਰ ਦੇਂਦਾ। ਸ਼ੁਰਾ ਨੂੰ ਦਰਖਤਾਂ ਦੀ ਸਿਖਰਾਂ ਵਿਚ ਗਊਆਂ ਦਾ ਇਜੜ ਦਿਸਿਆ, ਪਰ ਜਿਉਂ ਹੀ ਸੇਰਯੋਜ਼ਾ ਨੇ ਕਿਹਾ, "ਉਹ ਚਰਦੀਆਂ ਕਿਥੇ ਨੇ? ਘਾਹ ਤਾਂ

---

*ਸੰਗ-ਮਰਮਰ ਨਾਲ ਮਿਲਦੇ ਹਰੇ ਰੰਗ ਦੇ ਕਰੜੇ ਪਥਰ। — **ਅਨੁ:**

ਕਿਧਰੇ ਹੈ ਨਹੀਂ," ਸੂਰਾ ਨੇ ਆਪਣਾ ਮਨ ਤਬਦੀਲ ਕਰ ਲਿਆ। ਉਹ ਗਊਆਂ ਨਹੀਂ ਸਨ: ਉਹ ਰਾਤ ਸਮੇਂ ਆਰਾਮ ਕਰਨ ਲਈ ਧਰਤੀ ਉਤੇ ਉਤਰ ਆਏ ਬਦਲ ਸਨ। ਯੂਰਾ ਦੇ ਵਿਚਾਰ ਵੀ ਇੰਨੀ ਤੇਜ਼ੀ ਨਾਲ ਉਪਰ ਉਠਦੇ ਅਤੇ ਤਬਦੀਲ ਹੁੰਦੇ। ਪਰ ਮੀਸ਼ਾ ਅਤੇ ਨੀਨਾ ਚੁਪ ਚਾਪ, ਇਕਾਗਰਤਾ ਨਾਲ ਵੇਖ ਰਹੇ ਸਨ। ਉਹ ਕੀ ਵੇਖ ਰਹੇ ਸਨ? ਬਚਿਆਂ ਦੀ ਕਲਪਨਾ ਵਿਚ ਜੰਮੇ ਦਰਜਨਾਂ ਬਿੰਬ ਸਾਡੇ ਸਾਹਮਣਿਉਂ ਲੰਘੇ ਸਨ ਪਰ ਮੀਸ਼ਾ ਅਤੇ ਨੀਨਾ ਚੁਪ ਸਨ, ਅਤੇ ਸਲਾਵਾ ਵੀ। ਇਹ ਤਾਂ ਸੰਭਵ ਨਹੀਂ ਸੀ ਕਿ ਉਹਨਾਂ ਕੁਝ ਨਾ ਸੋਚਿਆ ਹੋਵੇ। ਘਰ ਜਾਣ ਦਾ ਸਮਾਂ ਹੋ ਵੀ ਚੁਕਾ ਸੀ ਕਿ ਸਭ ਤੋਂ ਚੁਪੀਤੇ ਮੁੰਡੇ ਮੀਸ਼ਾ ਨੇ ਕਿਹਾ, "ਇਹ ਤਾਂ ਬਿਫਰਿਆ ਸਾਹਨ ਆਪਣੇ ਸਿੰਗਾਂ ਨਾਲ ਚਟਾਨ ਦੇ ਮਥੇ ਉਤੇ ਟਕਰਾਂ ਮਾਰ ਰਿਹੈ। ਉਹ ਚਟਾਨ ਉਤੇ ਜਿਤ ਪ੍ਰਾਪਤ ਨਹੀਂ ਕਰ ਸਕਦਾ, ਸੋ ਉਹ ਰੁਕ ਜਾਂਦਾ ਹੈ। ਵੇਖੋ ਉਹ ਕਿਵੇਂ ਜ਼ੋਰ ਲਾ ਰਿਹੈ—ਵੇਖੋ, ਵੇਖੋ, ਉਹ ਚਟਾਨ ਨੂੰ ਉਲਟਾ ਰਿਹਾ ਹੈ।..."

ਅਤੇ ਅਚਾਨਕ ਸਾਰੇ ਬਿੰਬ, ਜਿਨ੍ਹਾਂ ਸਾਡੇ ਦੁਆਲੇ ਭੀੜ ਲਾਈ ਹੋਈ ਸੀ ਉਡ ਪੁਡ ਗਏ। ਅਸਾਂ ਵੇਖਿਆ ਕਿ ਰੁਖਾਂ ਦਾ ਉਹ ਝੁੰਡ ਸਚ ਮੁਚ ਸਾਹਨ ਦੇ ਕਰੜੇ ਗੁਸੈ ਜਿਹਾ ਹੈ। ਬਚੇ ਚਹਿਕਣ ਲਗ ਪਏ: ਵੇਖੋ ਉਹਨੇ ਆਪਣੇ ਖੁਰ ਕੇਵਲ ਦਰੁਗ ਦੀ ਤਹਿ ਨਾਲ ਜੜ ਲਏ ਹਨ। ਵੇਖੋ, ਉਹਦੀ ਗਰਦਨ ਕਿਵੇਂ ਮੁੜੀ ਹੋਈ ਹੈ—ਸ਼ਾਇਦ ਉਹਦੇ ਪਠੇ ਕੰਬ ਰਹੇ ਹਨ ਅਤੇ ਉਹਦੇ ਸਿੰਗ ਧਰਤੀ ਵਿਚ ਫਸੇ ਹੋਏ ਸਨ।

ਸੋਚੋ ਮੀਸ਼ਾ ਨੇ ਕੀ ਸੋਚ ਲਿਆ! ਉਸ ਛਿਣ ਜਦੋਂ ਸਾਡੇ ਸਿਰਾਂ ਉਤੋਂ ਸਪਸ਼ਟ ਜਿਉਂਦੇ ਬਿੰਬ ਲੰਘ ਰਹੇ ਸਨ, ਉਹਦੇ ਵਿਚਾਰਾਂ ਦਾ ਵਹਿਣ ਆਪਣੇ ਰਾਹ ਚਲ ਰਿਹਾ ਸੀ। ਉਹਨੇ ਆਪਣੇ ਸਾਥੀਆਂ ਦੀਆਂ ਗਲਾਂ ਧਿਆਨ ਨਾਲ ਸੁਣੀਆਂ ਸਨ ਪਰ ਇਕ ਵੀ ਬਿੰਬ ਨੇ ਉਹਨੂੰ ਕੀਲਿਆ ਨਹੀਂ ਸੀ। ਉਹਦੀ ਖ਼ਿਆਲ-ਉਡਾਰੀ ਸਭ ਤੋਂ ਸਪਸ਼ਟ, ਸਭ ਤੋਂ ਵਧ ਧਰਤੀ ਦੀ ਛੁਹ ਵਾਲੀ ਸੀ। ਬਚੇ ਨੇ ਸ਼ਾਇਦ ਕਿਸੇ ਅਜਿਹੀ ਸ਼ੈ ਦੀ ਝਲਕ ਦਸੀ ਸੀ ਜਿਹੜੀ ਉਹਨੇ ਵੇਖੀ ਸੀ, ਜਿਸਨੇ ਉਹਦੇ ਉਤੇ ਪ੍ਰਭਾਵ ਪਾਇਆ ਸੀ। ਅਤੇ ਇਹਦੇ ਬਾਵਜੂਦ ਅਜਿਹੇ ਚੁਪ-ਗੜੁਪ, ਹੌਲੀ ਸੋਚਣ ਵਾਲੇ ਬਚੇ ਸਬਕਾਂ ਸਮੇਂ ਭਿਆਨਕ ਘਾਟੇ ਵਿਚ ਰਹਿੰਦੇ ਹਨ। ਅਧਿਆਪਕ ਚਾਹੁੰਦਾ ਹੈ ਕਿ ਉਹ ਬਚਾ ਵਧੇਰੇ ਕਾਹਲ ਨਾਲ ਉਤਰ ਦੇਵੇ; ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਬਚਾ ਕਿਵੇਂ ਸੋਚਦਾ ਹੈ—ਇਹ ਲਾਜ਼ਮੀ ਹੈ ਕਿ ਉਹਨੂੰ ਉਤਰ ਮਿਲੇ ਤਾਂ ਜੁ ਉਹ ਬਚੇ ਨੂੰ ਨੰਬਰ ਦੇ ਸਕੇ। ਅਧਿਆਪਕ ਨੂੰ ਇਹ ਕਦੀ ਅਹੁੜਦਾ ਹੀ ਨਹੀਂ ਕਿ ਇਸ ਧੀਮੇ ਪਰ ਬਲਵਾਨ ਦਰਿਆ ਦਾ ਵਹਿਣ ਤਿਖਾ ਕਰਨਾ ਅਸੰਭਵ ਹੈ। ਇਸ ਦਰਿਆ ਨੂੰ ਇਹਦੀ ਖ਼ਸਲਤ ਅਨੁਸਾਰ ਵਹਿਣ ਦਿਓ; ਉਹਦਾ ਪਾਣੀ ਨਿਸ਼ਚੇ ਹੀ ਆਪਣੀ ਮੰਜ਼ਲ ਉਤੇ ਅਪੜ ਜਾਵੇਗਾ, ਪਰ ਕਾਹਲ ਨਾ ਕਰੋ। ਘਾਬਰੋ ਨਹੀਂ, ਭੈੜੇ ਨੰਬਰਾਂ ਦੀਆਂ ਛਮਕਾਂ ਨਾਲ ਇਸ ਦਰਿਆ ਨੂੰ ਨਾ ਕੁਟੋ—ਕਿਸੇ ਗਲ ਗਲ ਫ਼ਰਕ ਨਹੀਂ ਪੈਣ ਲਗਾ।

...ਹਰ ਅਧਿਆਪਕ ਨੂੰ ਇਹ ਗਲ ਵਿਚਾਰਨੀ ਚਾਹੀਦੀ ਹੈ ਕਿ ਜਨਮ ਤੋਂ ਲੈਕੇ ਪ੍ਰੌਢਤਾ ਤਕ ਮਨੁਖੀ ਸਰੀਰ ਦੇ ਵਿਕਾਸ ਦਾ ਸਮਾਂ ਪਸ਼ੂ ਜਗਤ ਦੇ ਵਖ ਵਖ ਜੀਵਾਂ ਵਿਚੋਂ ਸਭ ਤੋਂ ਲੰਮਾ ਹੈ। ਮਨੁਖੀ ਸਰੀਰ ਵੀਹ ਵਰ੍ਹੇ ਜਾਂ ਉਸਤੋਂ ਵਧ ਸਮੇ ਲਈ ਵਧਦਾ, ਵਿਕਸਤ ਹੁੰਦਾ ਅਤੇ ਮਜ਼ਬੂਤ ਹੁੰਦਾ ਹੈ। ਮਨੁਖੀ ਸਰੀਰ ਦੇ ਵਿਕਾਸ ਦਾ ਸਮਾਂ ਇੰਨਾ ਲੰਮਾ ਕਿਉਂ ਹੈ, ਇਹ ਪ੍ਰਕਿਰਤੀ ਦੇ ਮਹਾਨ ਭੇਤਾਂ ਵਿਚੋਂ ਇਕ ਹੈ। ਸ਼ਾਇਦ ਇਹ ਸਮਾਂ ਤੰਤੂ ਪ੍ਰਣਾਲੀ ਦੇ—ਦਿਮਾਗ਼ ਦੇ ਉਪਰਲੇ ਹਿਸੇ—ਦੇ ਵਿਕਾਸ, ਮਜ਼ਬੂਤ ਹੋਣ ਅਤੇ ਸਿਖਿਆ ਲਈ ਲੋੜੀਂਦਾ ਹੈ। ਵਿਅਕਤੀ, ਐਨ ਇਸ ਲਈ ਕਿ ਉਹ ਵਿਅਕਤੀ ਬਣਦਾ ਜਾਂ ਬਣਦੀ ਹੈ, **ਤੰਤੂ ਪ੍ਰਣਾਲੀ ਦੇ ਵਧਾਏ ਬਚਪਨ, ਦਿਮਾਗ਼ ਦੇ ਬਚਪਨ** ਵਿਚੋਂ ਲੰਘਦਾ ਹੈ।

ਜਦੋਂ ਬਚਾ ਜੰਮਦਾ ਹੈ ਤਾਂ ਉਹਦੇ ਅਰਬਾਂ ਅੰਕੁਰ ਹੁੰਦੇ ਹਨ, ਜਿਹੜੇ ਆਲੇ-ਦੁਆਲੇ ਦਾ ਹੁੰਗਾਰਾ ਭਰਦੇ ਹਨ ਅਤੇ, ਕੁਝ ਪ੍ਰਸਥਿਤੀਆਂ ਅਧੀਨ, ਕੁਝ ਮਾਨਸਕ ਕਾਰਜ ਕਰ ਸਕਦੇ ਹਨ। ਇਹ ਅੰਕੁਰ ਚੇਤਨਤਾ ਦਾ ਪਦਾਰਥਕ ਆਧਾਰ ਹਨ। ਜੰਮਣ ਤੋਂ ਪ੍ਰੌਢਤਾ ਤਕ ਅਤੇ ਪ੍ਰੌਢਤਾ ਤੋਂ ਬੁਢਾਪੇ ਤਕ ਦੇਹ ਵਿਚ ਇਕ ਵੀ ਨਵਾਂ ਦਿਮਾਗ਼ੀ ਅੰਕੁਰ ਵਿਕਸਤ ਨਹੀਂ ਹੋਵੇਗਾ। ਇਹ ਲਾਜ਼ਮੀ ਹੈ ਕਿ ਬਚਪਨ ਵਿਚ ਦਿਮਾਗ਼ ਦੇ ਭੂਰੇ ਪਦਾਰਥ ਨੂੰ ਰੋਜ਼ਾਨਾ ਸਰਗਰਮੀ ਨਾਲ ਅਮਲ ਕਰਨ ਦੀ ਸਿਖਿਆ ਦਿਤੀ ਜਾਵੇ ਅਤੇ ਇਹਨਾਂ ਮਸ਼ਕਾਂ ਦਾ ਆਧਾਰ ਜਿਉਂਦੀ ਸੂਝ, ਵੇਖਣਾ ਅਤੇ ਵਿਚਾਰਨਾ ਹੈ।

ਇਸ ਤੋਂ ਪਹਿਲਾਂ ਕਿ ਉਹ ਆਪਣੇ ਆਲੇ ਦੁਆਲੇ ਦੇ ਸੰਸਾਰ ਵਿਚ ਕਾਰਨ ਅਤੇ ਪ੍ਰਭਾਵ ਦੇ ਸੰਬੰਧਾਂ ਦੇ ਤਤ ਵਿਚ ਡੂੰਘੀ ਨਿਗਾਹ ਮਾਰਨ ਯੋਗ ਹੋਵੇ, ਇਹ ਲਾਜ਼ਮੀ ਹੈ ਕਿ ਮਨੁਖ ਬਚਪਨ ਵਿਚ ਮਾਨਸਕ ਮਸ਼ਕਾਂ ਦੇ ਸਮੇਂ ਵਿਚੋਂ ਲੰਘੇ। ਇਹ ਮਸ਼ਕਾਂ ਦ੍ਰਿਸ਼ਟੀਮਾਨ ਉਦਾਹਰਣਾਂ ਅਤੇ ਘਟਨਾਵਾਂ ਹਨ; ਬਚਾ ਪਹਿਲਾਂ ਜਿਉਂਦੇ ਬਿੰਬ ਨੂੰ ਵੇਖਦਾ ਹੈ ਅਤੇ ਫਿਰ ਬਿੰਬ ਨੂੰ ਆਪਣੇ ਸੰਕਲਪਾਂ ਦੀ ਲੜੀ ਵਿਚ ਸਮੋਂਦਾ ਹੋਇਆ ਇਹਦੀ ਕਲਪਨਾ ਕਰਦਾ ਹੈ। ਇਕ ਜਿਉਂਦੀ ਪ੍ਰਸਥਿਤੀ ਨੂੰ ਵੇਖਣਾ ਅਤੇ ਕਲਪਨਾ ਵਿਚ ਬਿੰਬ ਸਿਰਜਣਾ—ਮਾਨਸਕ ਸਰਗਰਮੀ ਦੇ ਇਹਨਾਂ ਦੋ ਪੜਾਆਂ ਵਿਚ ਕੋਈ ਵਿਰੋਧ ਨਹੀਂ। ਬਚਾ ਪਰੀ-ਕਹਾਣੀ ਦੇ ਜਿਹੜੇ ਅਣੋਖੇ ਬਿੰਬ ਵੇਖਦਾ ਅਤੇ ਸੋਚਦਾ ਹੈ, ਉਹ ਉਹਦੇ ਲਈ ਯਥਾਰਥ ਵਾਂਗ ਹੀ ਅਸਲੀ ਹਨ। ਅਣੋਖੇ ਬਿੰਬਾਂ ਦੀ ਸਿਰਜਣਾ ਉਹ ਅ੍ਰਤਿ-ਅੰਤ ਉਚ ਧਰਤੀ ਹੈ ਜਿਸ ਵਿਚ ਚਿੰਤਨ ਦਾ ਫੁਟ ਫੁਟ ਪੈਂਦਾ ਪੁੰਗਾਰ ਵਿਕਸਤ ਹੋ ਸਕਦਾ ਹੈ।

ਇਹ ਲਾਜ਼ਮੀ ਹੈ ਕਿ, ਜਿਥੋ ਤਕ ਸੰਭਵ ਹੋ ਸਕੇ, ਬਚਪਨ ਵਿਚ ਚਿੰਤਨ ਦੇ ਅਮਲ ਦਾ ਆਲੇ ਦੁਆਲੇ ਦੇ ਸੰਸਾਰ ਤੋ ਜਿਉਂਦੀਆਂ, ਸਪਸ਼ਟ, ਚਿਤਰਮਈ ਉਦਾਹਰਣਾਂ ਨਾਲ ਸੰਬੰਧ ਹੋਣਾ ਚਾਹੀਦਾ ਹੈ। ਮੁਢ ਵਿਚ ਬਚੇ ਨੂੰ ਕਾਰਨ ਅਤੇ ਪ੍ਰਭਾਵ ਦੇ ਸੰਬੰਧ ਨਾਲ ਤੰਗ ਨਾ ਕਰੋ। ਬਸ ਉਹਨੂੰ ਕਿਸੇ ਵਸਤ ਨੂੰ ਵੇਖਣ ਦਿਓ,

ਉਹਦੇ ਵਿਚ ਕੁਝ ਨਵਾਂ ਲਭਣ ਦਿਓ। ਨਿਕੇ ਮੀਸ਼ਾ ਨੇ ਸ਼ਾਮ ਦੇ ਧੁੰਦਲਕੇ ਵਿਚ ਲਪੇਟੇ ਰੁਖਾਂ ਦੀ ਝੰਗੀ ਵਿਚ ਇਕ ਬਿਫਰਿਆ ਸਾਹਨ ਵੇਖਿਆ। ਇਹ ਕੇਵਲ ਸੋਚ-ਉਡਾਰੀ ਦੀ ਖੇਡ ਹੀ ਨਹੀਂ ਸਗੋਂ ਚਿੰਤਨ ਦਾ ਇਕ ਕਲਾਤਮਕ ਅਤੇ ਕਾਵਿਆਈ ਅੰਸ਼ ਵੀ ਹੈ। ਇਕ ਹੋਰ ਬਚੇ ਨੇ ਉਹਨਾਂ ਹੀ ਰੁਖਾਂ ਵਿਚ ਕੁਝ ਹੋਰ ਵੇਖਿਆ — ਇਹ ਵੇਖੇ, ਕਲਪਨਾ ਕੀਤੇ ਅਤੇ ਸੋਚੇ ਗਏ ਬਿੰਬ ਵਿਚ ਕੁਝ ਨਿਜੀ ਸ਼ਾਮਲ ਕਰ ਦੇਂਦਾ ਹੈ। ਹਰ ਬਚਾ ਨਾ ਕੇਵਲ ਵੇਖਦਾ ਹੈ ਸਗੋਂ ਚਿਤਰਦਾ, ਸਿਰਜਦਾ ਅਤੇ ਘੜਦਾ ਵੀ ਹੈ। ਸੰਸਾਰ ਸੰਬੰਧੀ ਬਚੇ ਦੀ ਦ੍ਰਿਸ਼ਟੀ ਅਭਰਿਠ ਕਲਾਤਮਕ ਰਚਨਾ ਹੈ। ਬਚੇ ਵਲੋਂ ਇਕੋ ਸਮੇਂ ਵੇਖੇ ਅਤੇ ਰਚੇ ਬਿੰਬ ਵਿਚ ਭਾਵੁਕ ਭਾਹਾਂ ਵੀ ਹਨ। ਜਦੋਂ ਬਚੇ ਆਲੇ ਦੁਆਲੇ ਦੇ ਸੰਸਾਰ ਵਿਚ ਬਿੰਬ ਵੇਖਦੇ ਹਨ ਅਤੇ ਆਪਣੀ ਕਲਪਨਾ ਵਿਚੋਂ ਉਹਨਾਂ ਵਿਚ ਕੁਝ ਸ਼ਾਮਲ ਕਰਦੇ ਹਨ ਤਾਂ ਉਹ ਤੂਫਾਨੀ ਖ਼ੁਸ਼ੀ ਅਨੁਭਵ ਕਰਦੇ ਹਨ। ਦ੍ਰਿਸ਼ਟੀ ਦਾ ਭਾਵਾਂ ਨਾਲ ਗੜੁਚਿਆ ਜਾਣਾ ਬਚਿਆਂ ਦੀ ਰਚਨਾਤਮਕਤਾ ਦਾ ਅੰਤ੍ਰੀਵ ਪੂਰਕ ਹੈ। ਮੈਨੂੰ ਪਕਾ ਨਿਸ਼ਚਾ ਹੈ ਕਿ ਭਾਵੁਕ ਉਤਸ਼ਾਹ ਤੋਂ ਬਿਨਾਂ ਬਚੇ ਦੇ ਦਿਮਾਗ਼ ਦੇ ਅੰਕੁਰਾਂ ਦਾ ਸਾਧਾਰਨ ਵਿਕਾਸ ਅਸੰਭਵ ਹੈ। ਬਚੇ ਦੇ ਦਿਮਾਗ਼ ਵਿਚ ਜਿਹੜੇ ਸਰੀਰੀ ਬਣਤਰ ਦੇ ਅਮਲ ਹੁੰਦੇ ਹਨ ਉਹਨਾਂ ਦਾ ਵੀ ਭਾਵਾਂ ਨਾਲ ਸੰਬੰਧ ਹੈ: ਖਿਚਾਅ, ਉਤਸ਼ਾਹ ਅਤੇ ਰੋਚਕਤਾ ਦੇ ਛਿਣਾਂ ਵਿਚ ਦਿਮਾਗ਼ ਦੇ ਉਪਰਲੇ ਹਿਸੇ ਦੇ ਅੰਕੁਰਾਂ ਨੂੰ ਪੁਜਦੀ ਖ਼ੁਰਾਕ ਦੀ ਮਾਤਰਾ ਵਧ ਜਾਂਦੀ ਹੈ। ਇਹਨਾਂ ਛਿਣਾਂ ਵਿਚ ਅੰਕੁਰ ਬਹੁਤ ਜ਼ਿਆਦਾ ਸ਼ਕਤੀ ਵਰਤਦੇ ਹਨ, ਪਰ ਦੂਜੇ ਹਥ, ਉਹਨਾਂ ਨੂੰ ਸਰੀਰ ਤੋਂ ਬਹੁਤ ਕੁਝ ਮਿਲਦਾ ਹੈ। ਕਈ ਵਰ੍ਹਿਆਂ ਦੇ ਸਮੇਂ ਦੇ ਦੌਰਾਨ ਮੁਢਲੀਆਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਦੀ ਬੌਧਕ ਮਿਹਨਤ ਨੂੰ ਧਿਆਨ ਨਾਲ ਵੇਖਦੇ ਹੋਏ ਮੈਂ ਇਸ ਸਿਟੇ ਉਤੇ ਅਪੜਿਆ ਕਿ ਭਾਵੁਕ ਉਤਸ਼ਾਹ ਦੇ ਸਮਿਆਂ ਵਿਚ ਬਚਿਆਂ ਦੇ ਵਿਚਾਰ ਵਿਸ਼ੇਸ਼ ਤੌਰ ਉਤੇ ਸਪਸ਼ਟ ਹੋ ਜਾਂਦੇ ਹਨ ਅਤੇ ਯਾਦ ਹੋਣ ਦਾ ਅਮਲ ਵਧੇਰੇ ਤੀਖਣਤਾ ਨਾਲ ਚਲਦਾ ਹੈ।

ਇਹ ਧਾਰਨਾ ਬਚਿਆਂ ਨੂੰ ਪੜ੍ਹਾਉਣ ਦੇ ਅਮਲ ਉਤੇ ਨਵਾਂ ਚਾਨਣ ਪਾਉਂਦੀ ਹੈ। ਮੁਢਲੀਆਂ ਸ਼੍ਰੇਣੀਆਂ ਵਿਚ ਵਿਦਿਆਰਥੀਆਂ ਦੀਆਂ ਸੋਚਾਂ ਭਾਵਾਂ ਅਤੇ ਅਨੁਭਵ ਤੋਂ ਅਨਿਖੜਵੀਆਂ ਹੁੰਦੀਆਂ ਹਨ। ਵਿਦਿਆ ਦੇ ਅਮਲ, ਵਿਸ਼ੇਸ਼ ਤੌਰ ਉਤੇ ਆਲੇ ਦੁਆਲੇ ਦੇ ਸੰਸਾਰ ਦੇ ਬੋਧਾਂ, ਦੀ ਭਾਵੁਕ ਭਿਜਤਾ ਬਚੇ ਦੇ ਚਿੰਤਨ ਦੇ ਅਮਲਾਂ ਦੇ ਵਿਕਾਸ ਦੇ ਨਿਯਮਾਂ ਵਲੋਂ ਪੇਸ਼ ਕੀਤੀ ਮੰਗ ਹੈ।

...ਹੈਰਾਨੀ ਦੀ ਗਲ ਸੀ ਕਿ ਪਤਝੜ ਦੇ ਨਿਘੇ ਦਿਨ ਆ ਗਏ। ਅਸੀਂ ਇਕ ਥਾਂ ਨਾ ਬਹਿੰਦੇ ਸਗੋਂ ਖੇਤਾਂ ਅਤੇ ਝੰਗੀਆਂ ਵਿਚ ਸੈਰਾਂ ਕਰਦੇ, ਸੁਪਨਿਆਂ ਦੀ ਨੁਕਰ ਵਿਚ ਕਦੀ ਕਦਾਈਂ ਹੀ ਜਾਂਦੇ। ਪਿੰਡ ਤੋਂ ਦੋ ਕਿਲੋਮੀਟਰ ਦੂਰ ਬਚਿਆਂ ਨੇ ਇਕ ਪਹਾੜੀ ਲਭੀ ਜਿਥੋਂ ਪਿੰਡ ਦੇ ਖਿੜੇ ਬਾਗ਼ਾਂ, ਦੁਰਾਡੇ ਖੇਤਾਂ, ਗੂੜ੍ਹੇ ਨੀਲੇ ਰੰਗ ਦੇ ਦਫ਼ਨਾਉਣ ਵਾਲੇ ਟਿਬਿਆਂ ਅਤੇ ਜੰਗਲੀ-ਰਖਾਂ ਦਾ ਸੁਹਣਾ ਨਜ਼ਾਰਾ ਦਿਸਦਾ ਸੀ।

ਹਵਾ ਹੈਰਾਨ ਕਰਨ ਦੀ ਹਦ ਤਕ ਸਾਫ਼ ਅਤੇ ਪਾਰਦਰਸ਼ੀ ਸੀ ਅਤੇ ਮਕੜੀ ਦੇ ਜਾਲੇ ਦੇ ਰੁਪਹਿਲੀ ਤਾਰ ਧਰਤੀ ਦੇ ਉਤੇ ਉਡਦੇ। ਅਸਮਾਨ ਵਿਚ ਪੰਛੀਆਂ ਦੇ ਝੁੰਡ ਸਦਾ ਵਧੇਰੇ ਦਿਸਣ ਲਗ ਪਏ। ਇਕ ਝੰਗੀ, ਜਿਸਦੇ ਕੰਢੇ ਉਤੇ ਚਿਲਮ-ਝਾੜੀ ਦੇ ਕਈ ਬੂਟੇ ਸਨ, ਪਹਾੜੀ ਦੇ ਨੇੜੇ ਹੀ ਖਿਲਰੀ ਹੋਈ ਸੀ। ਸਾਨੂੰ ਬੇਰਾਂ ਦੇ ਲਿਸ਼ਕਦੇ ਲਾਲ ਮਣਕੇ ਅਤੇ ਟਹਿਣੀਆਂ ਤੋਂ ਲਟਕਦੇ ਰੁਪਹਿਲੀ ਜਾਲੇ ਬੜੇ ਚੰਗੇ ਲਗਦੇ; ਅਸਾਂ ਹਰ ਨਿਕੀ ਝਾੜੀ ਦੀ ਰੂਪ ਰੇਖਾ ਚੇਤੇ ਕਰ ਲਈ ਅਤੇ ਪਿੰਡ ਦੇ ਬਾਹਰਲੇ ਹਿਸੇ ਵਿਚ ਬਾਗ਼ਾਂ ਅਤੇ ਸਫ਼ੈਦੇ ਦੇ ਉਚੇ ਰੁਖਾਂ ਨੂੰ ਧਿਆਨ ਨਾਲ ਵੇਖਿਆ। ਬਚੇ ਹਰ ਰੋਜ਼ ਕੁਝ ਨਵਾਂ ਲਭਦੇ। ਹਰੀ ਝੰਗੀ ਉਹਨਾਂ ਦੀਆਂ ਅਖਾਂ ਸਾਹਮਣੇ ਕਿਰਮਚੀ ਹੋ ਗਈ; ਪਤਿਆਂ ਨੇ ਆਪਣੇ ਆਪ ਨੂੰ ਰੰਗਾਂ ਦੀ ਅਚੰਭਾਜਨਕ ਵੰਨ-ਸੁਵੰਨਤਾ ਵਿਚ ਪਰੋਬੰਦ ਕਰ ਲਿਆ। ਇਹਨਾਂ ਲਭਤਾਂ ਨਾਲ ਬਚਿਆਂ ਨੂੰ ਬਹੁਤ ਖ਼ੁਸ਼ੀ ਹੋਈ।

ਜਿਊਂਦੇ ਸ਼ਬਦ ਅਤੇ ਰਚਨਾਤਮਕ ਚਿੰਤਨ ਦੇ ਸੋਮੇ ਇੰਨੇ ਭਰਪੂਰ ਅਤੇ ਅਖੁਟ ਸਨ ਕਿ ਜੇ ਅਸੀਂ ਹਰ ਘੰਟੇ ਇਕ ਲਭਤ ਲਭਦੇ, ਇਹ ਲਭਤਾਂ ਕਈ ਵਰ੍ਹੇ ਜਾਰੀ ਰਹਿੰਦੀਆਂ। ਸਾਡੇ ਸਾਹਮਣੇ ਚਿਲਮ-ਝਾੜੀ ਦੇ ਬੇਰਾਂ ਦੇ ਲਿਸ਼ਕਦੇ ਲਾਲ ਗੁਛਿਆਂ ਵਿਚਕਾਰ ਫੈਲੇ ਮਕੜੀ ਦੇ ਰੁਪਹਿਲੀ ਜਾਲੇ ਸਨ, ਜਿਹੜੇ ਇਕ ਤੋਂ ਦੂਜੇ ਬੇਰ ਤਕ ਖਿਲਰੇ, ਸਵੇਰ ਦੀ ਤਰੇਲ ਦੇ ਤੁਪਕਿਆਂ ਨਾਲ ਕੰਬ ਰਹੇ ਸਨ। ਤੁਪਕੇ ਅੰਬਰੀ ਰੰਗ ਦੇ ਸਨ। ਅਸੀਂ ਕੀਲੇ ਹੋਏ ਝਾੜੀਆਂ ਕੋਲ ਖੜੇ ਰਹੇ ਅਤੇ ਅਸਾਂ ਹੈਰਾਨ ਕਰਨ ਵਾਲੀ ਗਲ ਵੇਖੀ: ਜਿਵੇਂ ਉਹ ਜਿਊਂਦੇ ਹੋਣ, ਤੁਪਕੇ ਜਾਲਿਆਂ ਦੇ ਸਿਰਿਆਂ ਤੋਂ ਕੇਂਦਰ ਵਲ ਤਿਲਕ ਪਏ ਅਤੇ ਉਹਨਾਂ ਨੂੰ ਢਿਲਕਾ ਦਿਤਾ। ਉਹ ਇਕ ਦੂਜੇ ਵਿਚ ਮਿਲ ਗਏ, ਪਰ ਵਡੇ ਨਾ ਹੋਏ ਅਤੇ ਧਰਤੀ ਉਤੇ ਨਾ ਡਿਗੇ। ਅਸੀਂ ਵੇਖਣ ਵਿਚ ਲੀਨ ਸਾਂ: ਇਉਂ ਜਾਪਦਾ ਸੀ ਕਿ ਤਰੇਲ ਦੇ ਤੁਪਕੇ ਬੜੀ ਛੇਤੀ ਉਡ ਜਾਂਦੇ। ਉਹ ਸਾਡੀਆਂ ਅੱਖਾਂ ਸਾਹਮਣੇ ਆਕਾਰ ਵਿਚ ਨਿਕੇ ਹੋ ਗਏ ਅਤੇ ਫਿਰ ਉਕਾ ਹੀ ਲੋਪ ਹੋ ਗਏ।

"ਸੂਰਜ ਹੀ ਤਰੇਲ ਦੇ ਤੁਪਕਿਆਂ ਨੂੰ ਪੀ ਰਿਹੈ," ਲਾਰੀਸਾ ਨੇ ਬੜੀ ਨਿੰਮ੍ਹੀ ਆਵਾਜ਼ ਵਿਚ ਕਿਹਾ। ਉਹਦੀ ਕਲਪਨਾ ਵਿਚ ਸਿਰਜੇ ਬਿੰਬ ਨੇ ਬਚਿਆਂ ਦਾ ਧਿਆਨ ਖਿਚ ਲਿਆ ਅਤੇ ਇਕ ਨਵੀਂ ਪਰੀ-ਕਹਾਣੀ ਦਾ ਜਨਮ ਹੋਇਆ। ਇਥੇ ਚਿਲਮ-ਝਾੜੀਆਂ ਦੇ ਬੂਟਿਆਂ ਕੋਲ, ਜਿਊਂਦੇ ਸ਼ਬਦ ਦੇ ਸੋਮੇ ਕੋਲ ਬਚਿਆਂ ਸਾਹਮਣੇ ਇਕ ਨਵਾਂ ਅਦਭੁਤ ਕਿਤਾਬੁਚਾ ਖੁਲ੍ਹਿਆ। ਸ਼ਾਇਦ ਇਹ ਸਬਬੀ ਗਲ ਸੀ ਪਰ ਅਵੇਰ ਜਾਂ ਸਵੇਰ ਅਜਿਹਾ ਹੋਣਾ ਹੀ ਸੀ: ਲਾਰੀਸਾ ਨੇ ਧਿਆਨ ਦਿਵਾਇਆ ਕਿ "ਰੋਸਿੰਕੀ" (ਤਰੇਲ ਤੁਪਕੇ), "ਪਾਉਤਿੰਕੀ" (ਮਕੜੀ ਦੇ ਜਾਲੇ) ਅਤੇ "ਬੁਸਿੰਕੀ" (ਮਣਕੇ) ਦੇ ਅੰਤ ਇਕੋ ਜਿਹੇ ਹਨ। ਇਸ ਅਣੋਖੇ ਮੌਕਾਮੇਲ ਉਤੇ ਬਚੇ ਖਿੜ ਗਏ ਜਾਪਦੇ ਸਨ। ਨਿਰਸੰਦੇਹ ਉਹਨਾਂ ਨੇ ਉਹਨਾਂ ਕਵਿਤਾਵਾਂ ਸੰਬੰਧੀ ਸੁਣਿਆ ਸੀ ਜਿਹੜੀਆਂ ਉਹਨਾਂ ਦੇ ਵਡੇਰੇ ਭਰਾਵਾਂ ਅਤੇ ਭੈਣਾਂ ਆਪਣੀਆਂ ਪੁਸਤਕਾਂ ਵਿਚੋਂ ਪੜ੍ਹਦੇ ਸਨ, ਪਰ

ਇਥੇ ਜਿਊਂਦੇ ਸ਼ਬਦ ਤੋਂ, ਉਹਨਾਂ ਦੇ ਆਲੇ ਦੁਆਲੇ ਵਿਚੋਂ ਕਵਿਤਾ ਦਾ ਜਨਮ ਹੋਇਆ :

ਚਾਂਦੀ ਦੇ "ਪਾਉਤਿੰਕੀ" ਉਤੇ,
ਸਾਰੀ ਰਾਤ ਵਰ੍ਹੇ "ਰੋਸਿੰਕੀ",

ਲਾਰੀਸਾ ਨੇ ਕਿਹਾ ਅਤੇ ਉਹਦੀਆਂ ਅਖਾਂ ਖ਼ੁਸ਼ੀ ਨਾਲ ਲਿਸ਼ਕ ਪਈਆਂ। ਸਾਰੇ ਚੁਪ ਸਨ ਪਰ ਮੈਂ ਵੇਖ ਸਕਦਾ ਸਾਂ ਕਿ ਸ਼ਬਦਾਂ ਦੇ ਬਲ ਉਤੇ ਹੈਰਾਨੀ ਦੀ ਭਾਵਨਾ ਕਾਰਨ ਹਰ ਬਚੇ ਦੇ ਵਿਚਾਰ ਪੰਛੀ ਵਾਂਗ ਉਪਰ ਉਠ ਗਏ ਸਨ।

"ਤੇ ਫਿਰ ਕੰਬਣ ਲਗ ਪਏ ਅੰਬਰੀ ਬੁਸਿੰਕੀ," ਯੂਰਾ ਨੇ ਵਾਧਾ ਕੀਤਾ।

ਅਜਿਹਾ ਉਦੋਂ ਹੁੰਦਾ ਹੈ ਜਦੋਂ ਤੁਸੀਂ ਹੋਂਦ ਦੇ ਸੋਮੇ ਦੇ ਨੇੜੇ ਅਪੜਦੇ ਹੋ, ਜਦੋਂ ਸ਼ਬਦ ਤੁਹਾਡੇ ਲਈ ਕੇਵਲ ਵਸਤਾਂ ਦੇ ਨਾਂ ਹੀ ਨਹੀਂ ਹੁੰਦੇ, ਸਗੋਂ ਫੁਲਾਂ ਦੀ ਵਾਸ਼ਨਾ, ਧਰਤੀ ਦੀ ਖ਼ੁਸ਼ਬੋ, ਤੁਹਾਡੀ ਮਾਤ-ਭੂਮੀ ਦੇ ਸਤੈਪ ਅਤੇ ਜੰਗਲਾਂ ਦਾ ਸੰਗੀਤ, ਨਿਜੀ ਭਾਵ ਅਤੇ ਅਨੁਭਵ ਹੁੰਦਾ ਹੈ।

ਵਿਦਿਆ ਦੇ ਨਿਯਮਾਂ ਅਨੁਸਾਰ ਸ਼ਾਇਦ ਮੈਨੂੰ ਤਜਵੀਜ਼ ਪੇਸ਼ ਕਰਨੀ ਚਾਹੀਦੀ ਸੀ ਕਿ ਬਚੇ ਕਵਿਤਾ ਜਾਰੀ ਰਖਣ, ਪਰ ਇਹ ਨਿਯਮ ਮੇਰੇ ਦਿਮਾਗ਼ ਵਿਚੋਂ ਉਡ ਪੁਡ ਗਏ ਅਤੇ ਮੈਂ ਬਚਿਆਂ ਦੀ ਰਚਨਾਤਮਕਤਾ ਦੇ ਵਹਿਣ ਵਿਚ ਵਹਿ ਗਿਆ ਅਤੇ ਆਪ-ਮੁਹਾਰੇ ਬੋਲ ਉਠਿਆ :

ਸੂਰਜ ਨੇ ਪੀ ਲਏ "ਰੋਸਿੰਕੀ",
ਧੋ ਦਿਤੇ ਚਿਟੇ "ਪਾਉਤਿੰਕੀ"
ਹਸ ਪਏ ਸੂਹੇ "ਬੁਸਿੰਕੀ"।

ਅਸੀਂ ਕੂਕ ਪਏ ਅਤੇ ਨਿਕੀ ਕਵਿਤਾ ਦੁਹਰਾਉਂਦੇ ਹੋਏ ਝਾੜੀ ਦੁਆਲੇ ਨਠੇ। ਮੈਂ ਜਿੰਨੀ ਛੇਤੀ ਹੋ ਸਕੇ ਹੋਰ ਅਧਿਆਪਕਾਂ ਨੂੰ ਪ੍ਰੇਰਨਾ ਦੇ ਇਸ ਉਬਾਲ ਸੰਬੰਧੀ, ਜਿਸ ਦਾ ਸੋਮਾ ਸਾਡੇ ਦੁਆਲੇ ਦੀ ਦੁਨੀਆਂ ਸੀ, ਦਸਣਾ ਚਾਹੁੰਦਾ ਸਾਂ। ਮੈਂ ਉਹਨਾਂ ਨੂੰ ਸਲਾਹ ਦੇਣਾ ਚਾਹੁੰਦਾ ਸਾਂ ਕਿ ਸੋਚਣ ਸੰਬੰਧੀ ਪਹਿਲਾ ਸਬਕ ਸ੍ਰੇਣੀ ਦੇ ਕਮਰੇ ਵਿਚ ਨਹੀਂ, ਬਲੈਕਬੋਰਡ ਦੇ ਸਾਹਮਣੇ ਨਹੀਂ ਸਗੋਂ ਪ੍ਰਕਿਰਤੀ ਵਿਚ ਦਿਤਾ ਜਾਣਾ ਚਾਹੀਦਾ ਹੈ। ਮੈਂ ਇਹ ਵੀ ਕਹਿਣਾ ਚਾਹੁੰਦਾ ਸਾਂ ਕਿ ਅਸਲੀ ਸੋਚ ਕੰਬਦੀ ਭਾਵਨਾ ਨਾਲ ਗੜੁਚੀ ਹੁੰਦੀ ਹੈ; ਜੇ ਬਚਾ ਕੇਵਲ ਸ਼ਬਦ ਦੀ ਵਾਸ਼ਨਾ ਨੂੰ ਹੀ ਅਨੁਭਵ ਕਰੇ, ਉਹਦਾ ਦਿਲ ਪ੍ਰੇਰਨਾ ਦੇ ਵਸ ਪੈ ਜਾਵੇਗਾ। ਖੇਤਾਂ ਵਿਚ ਜਾਓ, ਬਾਗ਼ ਵਿਚ ਜਾਓ, ਚਿੰਤਨ ਦੇ ਸੋਮੇ ਤੋਂ ਡੀਕ ਲਾਕੇ ਪੀਓ ਅਤੇ ਇਹ ਜਿਊਂਦਾ ਪਾਣੀ ਤੁਹਾਡੇ ਵਿਦਿਆਰਥੀਆਂ ਨੂੰ ਸਿਆਣੇ ਖੋਜੀ, ਘੋਖਣ ਵਾਲੇ, ਲਭਣ ਦੇ ਸ਼ੌਕੀਨ ਲੋਕ ਅਤੇ

ਕਵੀ ਬਣਾ ਦੇਵੇਗਾ। ਮੈਨੂੰ ਹਜ਼ਾਰ ਵਾਰ ਨਿਸ਼ਚਾ ਹੈ ਕਿ ਕਾਵਿਕ, ਭਾਵੁਕ-ਕਲਾਤਮਕ ਉਭਾਰਾਂ ਤੋਂ ਬਿਨਾਂ ਬਚੇ ਦੀਆਂ ਬੌਧਕ ਯੋਗਤਾਵਾਂ ਦਾ ਵਿਕਾਸ ਅਸੰਭਵ ਹੈ। ਬਚੇ ਦੇ ਵਿਚਾਰਾਂ ਦਾ ਖ਼ਾਸਾ ਹੀ ਕਾਵਿਕ ਰਚਨਾਤਮਕਤਾ ਦੀ ਮੰਗ ਕਰਦਾ ਹੈ। ਸੁਹਪਣ ਅਤੇ ਜਿਊਂਦਾ ਵਿਚਾਰ ਉਸੇ ਤਰ੍ਹਾਂ ਜੀਵੀ ਢੰਗ ਨਾਲ ਪ੍ਰਸਪਰ ਜੁੜੇ ਹੋਏ ਹਨ ਜਿਵੇਂ ਸੂਰਜ ਅਤੇ ਫੁਲ। ਕਾਵਿਕ ਰਚਨਾਤਮਕਤਾ ਸੁਹਪਣ ਦੇ ਦ੍ਰਿਸ਼ ਨਾਲ ਸ਼ੁਰੂ ਹੁੰਦੀ ਹੈ। ਪ੍ਰਕਿਰਤੀ ਦਾ ਸੁਹਪਣ ਸੂਝ ਨੂੰ ਤਿਖਾ ਕਰਦਾ ਹੈ, ਰਚਨਾਤਮਕ ਵਿਚਾਰਾਂ ਨੂੰ ਜਗਾਉਂਦਾ ਹੈ, ਸ਼ਬਦ ਵਿਚ ਵਿਅਕਤੀਗਤ ਅਨੁਭਵ ਦਾ ਵਾਧਾ ਕਰਦਾ ਹੈ। ਮਨੁਖ ਆਪਣੀ ਮਾਤ-ਭਾਸ਼ਾ ਦੇ ਇੰਨੇ ਸ਼ਬਦ ਵਰਤਣ ਵਿਚ ਬਚਪਨ ਵਿਚ ਨਿਪੁੰਨਤਾ ਕਿਉਂ ਪ੍ਰਾਪਤ ਕਰਦਾ ਹੈ ? ਕਿਉਂਕਿ ਇਸ ਸਮੇਂ ਵਿਚ ਆਲੇ ਦੁਆਲੇ ਦੇ ਸੰਸਾਰ ਦੇ ਸੁਹਪਣ ਦੀਆਂ ਪਹਿਲੀਆਂ ਲਭਤਾਂ ਲਭੀਆਂ ਜਾਂਦੀਆਂ ਹਨ। ਕਿਉਂਕਿ ਨਾ ਕੇਵਲ ਵਿਚਾਰ ਹਰ ਸ਼ਬਦ ਵਿਚ ਦਿਸਦਾ ਹੈ ਸਗੋਂ ਸੁਹਪਣ ਦੀਆਂ ਸੂਖਮ ਭਾਹਾਂ ਵੀ ਵੇਖੀਆਂ ਜਾਂਦੀਆਂ ਹਨ।

## ਪ੍ਰਕਿਰਤੀ — ਚੰਗੀ ਸਿਹਤ ਦਾ ਸੋਮਾ

ਅਨੁਭਵ ਸਾਨੂੰ ਦਸਦਾ ਹੈ ਕਿ ਜਿਹੜੇ ਵਿਦਿਆਰਥੀ ਫ਼ੇਲ੍ਹ ਹੁੰਦੇ ਜਾਂ ਪਛੜ ਜਾਂਦੇ ਹਨ, ਉਹਨਾਂ ਵਿਚੋਂ ੧੦੦ ਵਿਚੋਂ ੮੫ ਦੀ ਹਾਲਤ ਵਿਚ ਕਿਸੇ ਬਿਮਾਰੀ ਕਾਰਨ ਅਜਿਹਾ ਹੁੰਦਾ ਹੈ, ਕਿਸੇ ਤਰ੍ਹਾਂ ਦਾ ਵਿਗਾੜ ਜਾਂ ਰੋਗ, ਜਿਸ ਵਲ ਆਮ ਤੌਰ ਉਤੇ ਧਿਆਨ ਨਹੀਂ ਦਿਤਾ ਜਾਂਦਾ, ਪਰ ਜਿਹੜਾ ਮਾਤਾ ਪਿਤਾ, ਡਾਕਟਰ ਅਤੇ ਅਧਿਆਪਕ ਦੇ ਸਾਂਝੇ ਜਤਨਾਂ ਰਾਹੀਂ ਠੀਕ ਕੀਤਾ ਜਾ ਸਕਦਾ ਹੈ। ਦਿਲ ਅਤੇ ਨਾੜੀਆਂ ਦੀ ਪ੍ਰਣਾਲੀ, ਫੇਫੜਿਆਂ ਦੀ ਪ੍ਰਣਾਲੀ ਅਤੇ ਪਾਚਣ ਪ੍ਰਣਾਲੀ ਦੇ ਲੁਪਤ ਵਿਗਾੜ ਜਾਂ ਰੋਗਾਂ ਉਤੇ , ਜਿਹੜੇ ਅਕਸਰ ਬਿਮਾਰੀਆਂ ਵਜੋਂ ਨਹੀਂ ਸਗੋਂ ਸਾਧਾਰਨ ਪ੍ਰਸਥਿਤੀ ਤੋਂ ਕੁਰਾਹੇ ਵਜੋਂ ਪ੍ਰਗਟ ਹੁੰਦੇ ਹਨ, ਅਕਸਰ ਬਚਗਾਨਾ ਟਹਿਕ ਅਤੇ ਚੁਲਬੁਲਾਹਟ ਹੇਠ ਕੜੀਆਂ ਜਾਂਦੀਆਂ ਹਨ। ਅਨੇਕ ਵਰ੍ਹਿਆਂ ਦੇ ਨਰੀਖਣ ਨੇ ਦਰਸਾਇਆ ਹੈ ਅਖੰਤੀ ਹੌਲੀ ਸਿਖਣਾ ਆਮ ਤੌਰ ਉਤੇ ਕਿਸੇ ਆਮ ਵਿਗਾੜ ਦਾ ਸਿਟਾ ਹੁੰਦਾ ਹੈ ਅਤੇ ਦਿਮਾਗ਼ ਦੇ ਉਪਰਲੇ ਹਿਸੇ ਦੇ ਅੰਕੁਰਾਂ ਵਿਚ ਕਿਸੇ ਤਰ੍ਹਾਂ ਦੀਆਂ ਸਰੀਰਕ ਤਬਦੀਲੀਆਂ ਜਾਂ ਦਖ਼ਲ ਦਾ ਸਿਟਾ ਨਹੀਂ ਹੁੰਦਾ। ਬੰਦਾ ਕੁਝ ਬਚਿਆਂ ਵਿਚ ਰੋਗੀ, ਭੁਸਾ ਰੰਗ ਅਤੇ ਘਟ ਭੁਖ ਵੇਖਦਾ ਹੈ। ਖਾਣਾ ਚੰਗੇਰਾ ਬਣਾਉਣ ਦੇ ਨਿਕੇ ਜਤਨ ਵੀ ਪ੍ਰਤਿਕਰਮ ਪੈਦਾ ਕਰਦੇ ਹਨ: ਪਿੰਡੇ ਉਤੇ ਦਾਗ਼ ਪੈਦਾ ਹੋ ਜਾਂਦੇ ਹਨ। ਅਤਿ-ਅੰਤ ਧਿਆਨ ਨਾਲ ਕੀਤੇ ਵਿਸ਼ਲੇਸ਼ਣ ਤੋਂ ਕੁਝ ਪਤਾ ਨਹੀਂ ਲਗਦਾ: ਸਭ ਕੁਝ ਪੜਤਾਲ ਵਿਚ ਠੀਕ ਨਿਕਲਦਾ ਹੈ। ਅਕਸਰ ਹਾਲਤਾਂ ਵਿਚ ਜਾਪਦਾ ਹੈ ਕਿ ਸਾਡਾ ਵਾਹ ਆਹਾਰ-ਪਚਾਈ ਵਿਚ ਕਿਸੇ ਗੜ ਬੜ ਨਾਲ ਪੈ ਰਿਹਾ ਹੈ, ਜਿਸਦਾ ਕਾਰਨ ਲੰਮੇ ਸਮੇਂ ਤਕ ਕਮਰੇ ਵਿਚ ਬਹਿਣਾ ਹੈ। ਅਜਿਹੀ ਹਾਲਤ ਵਿਚ ਬਚਾ ਆਪਣੀ

ਧਿਆਨ ਕੇਂਦਰਤ ਕਰਨ ਦੀ ਸ਼ਕਤੀ ਅਤੇ ਬੌਧਕ ਕਿਰਤ ਕਰਨ ਦੀ ਯੋਗਤਾ ਗੁਆ ਬਹਿੰਦਾ ਹੈ। ਸਰੀਰ ਦੇ ਤਿਖੇ ਵਾਧੇ ਅਤੇ ਮੁਟਿਆਰ ਅਵਸਥਾ ਵਿਚ ਅਜਿਹੇ ਵਿਗਾੜਾਂ ਦੀ ਗਿਣਤੀ ਵਧ ਜਾਂਦੀ ਹੈ।

ਅਜਿਹੀ ਪ੍ਰਸਥਿਤੀ ਵਿਚ ਇਕੋ ਇਕ ਬੁਨਿਆਦੀ ਇਲਾਜ ਕੰਮ ਅਤੇ ਖੇਡ ਦੇ ਕ੍ਰਮ ਵਿਚ ਤਬਦੀਲੀ ਹੈ: ਵਧੇਰੇ ਸਮਾਂ ਖੁਲ੍ਹੀ ਹਵਾ ਵਿਚ ਕਟਿਆ ਜਾਵੇ, ਬਾਰੀ ਖੋਹਲ ਕੇ ਸੁਤਾ ਜਾਵੇ, ਛੇਤੀ ਸੁਤਾ ਜਾਵੇ ਅਤੇ ਛੇਤੀ ਜਾਗਿਆ ਜਾਵੇ ਅਤੇ ਚੰਗਾ ਖਾਣਾ ਖਾਧਾ ਜਾਵੇ।

ਕੁਝ ਬਚੇ ਸਿਹਤਮੰਦ ਜਾਪਦੇ ਹਨ ਪਰ ਵਧੇਰੇ ਨੇੜਵੀਂ ਪਰਖ ਉਤੇ ਉਹਨਾਂ ਦਾ ਕੰਮ ਕਿਸੇ ਲੁਪਤ ਬਿਮਾਰੀ ਦਾ ਸਬੂਤ ਦੇਂਦਾ ਹੈ। ਅਤੇ ਜਿਹੜੀ ਗਲ ਵਧੇਰੇ ਰੋਚਕ ਹੈ: ਲੁਪਤ ਬਿਮਾਰੀਆਂ ਅਤੇ ਵਿਗਾੜ ਉਸ ਸਮੇਂ ਹੋਰ ਵਧੇਰੇ ਪ੍ਰਗਟ ਹੁੰਦੇ ਹਨ ਜਦੋਂ ਅਧਿਆਪਕ ਸਬਕ ਦੇ ਹਰ ਛਿਣ ਨੂੰ ਤਿਖੀ ਬੌਧਕ ਮਿਹਨਤ ਨਾਲ ਭਰਨ ਦਾ ਜਤਨ ਕਰਦਾ ਹੈ। ਇਹ "ਇਕ ਮਿੰਟ ਵੀ ਨਾ ਗੁਆਉਣ ਦਾ ਜਤਨ" ਬਸ ਕੁਝ ਬਚਿਆਂ ਉਤੇ ਉਹਨਾਂ ਦੀ ਸ਼ਕਤੀ ਤੋਂ ਬਾਹਰਾ ਬੋਝ ਪਾਉਂਦਾ ਹੈ। ਮੈਨੂੰ ਨਿਸ਼ਚਾ ਹੈ ਕਿ ਇਹ "ਤਿਖੇਰੀ" ਚਾਲ ਉਕਾ ਹੀ ਸਿਹਤਮੰਦ ਬਚਿਆਂ ਲਈ ਵੀ ਹਾਨੀਕਾਰਕ ਹੈ। ਹਦੋਂ ਵਧ ਬੌਧਕ ਜਤਨ ਬਚਿਆਂ ਦੀਆਂ ਅਖਾਂ ਨੂੰ ਮਤਹੀਣ ਬਣਾ ਦੇਂਦਾ ਹੈ, ਉਹਨਾਂ ਦੀ ਦਿਖ ਧੁੰਦਲੀ ਬਣਾ ਦੇਂਦਾ ਹੈ ਅਤੇ ਉਹਨਾਂ ਦੀਆਂ ਹਰਕਤਾਂ ਨੂੰ ਸੁਸਤ ਬਣਾ ਦੇਂਦਾ ਹੈ। ਇਥੇ ਅਪੜ ਕੇ ਬਚਾ ਕਿਸੇ ਕੰਮ ਦਾ ਨਹੀਂ ਰਹਿ ਜਾਂਦਾ; ਉਹਨੂੰ ਕੇਵਲ ਖੁਲ੍ਹੀ ਹਵਾ ਦੀ ਲੋੜ ਹੁੰਦੀ ਹੈ, ਪਰ ਅਧਿਆਪਕ ਉਹਨੂੰ ਰੋਕ ਕੇ ਰਖਦਾ ਹੈ ਅਤੇ ਉਹਨੂੰ ਤਿਖੇਰਾ, ਹੋਰ ਤਿਖੇਰਾ ਹਕਦਾ ਹੈ।

**ਮੁਸ਼ੀ ਦੇ ਸਕੂਲ** ਦੇ ਕੰਮ ਦੇ ਪਹਿਲੇ ਹਫਤਿਆਂ ਵਿਚ ਮੈਂ ਬਚਿਆਂ ਦੀ ਸਿਹਤ ਦੀ ਹਾਲਤ ਵਲ ਵਿਸ਼ੇਸ਼ ਧਿਆਨ ਦਿਤਾ। ਇਸ ਗਲ ਦੇ ਬਾਵਜੂਦ ਕਿ ਸਾਰੇ ਬਚੇ ਪਿੰਡਾਂ ਵਿਚ, ਪ੍ਰਕਿਰਤੀ ਦੀ ਗੋਦ ਵਿਚ ਪਲੇ ਸਨ, ਉਹਨਾਂ ਵਿਚੋਂ ਕਈ ਭੁਸੇ ਜਾਂ ਕਮਜ਼ੋਰ ਛਾਤੀਆਂ ਵਾਲੇ ਸਨ। ਅਤੇ ਵੋਲੋਦੀਆ, ਕਾਤੀਆ ਅਤੇ ਸਾਨੀਆ, ਕਹਿਣ ਅਨੁਸਾਰ, ਨਿਰੇ ਹਡੀਆਂ ਦੇ ਪਿੰਜਰ ਸਨ। ਉਹ ਇੰਨੇ ਪਤਲੇ ਸਨ, ਉਹ ਕਮਜ਼ੋਰ ਸਨ। ਵਧੇਰੇ ਬਚੇ ਘਰ ਚੋਖਾ ਖਾਂਦੇ; ਉਹਨਾਂ ਵਿਚੋਂ ਕਈਆਂ ਦੀ ਕਮਜ਼ੋਰੀ ਦਾ ਕਾਰਨ ਇਹ ਸੀ ਕਿ ਉਹ ਗਰਮਖਾਨਿਆਂ ਦੇ ਬੂਟਿਆਂ ਜਿਹਾ ਜੀਵਨ ਜਿਊਂਦੇ — ਉਹਨਾਂ ਦੀਆਂ ਮਾਵਾਂ ਹਵਾ ਦੇ ਹਰ ਬੁਲ੍ਹੇ ਵਿਰੁਧ ਉਹਨਾਂ ਦੀ ਰਖਿਆ ਕਰਦੀਆਂ। **ਮੁਸ਼ੀ ਦੇ ਸਕੂਲ** ਦੇ ਪਹਿਲੇ ਕੁਝ ਦਿਨਾਂ ਵਿਚ ਬਚੇ ਛੇਤੀ ਥਕ ਜਾਂਦੇ: ਉਹਨਾਂ ਲਈ ਇਕ ਕਿਲੋਮੀਟਰ ਚਲਣਾ ਵੀ ਔਖਾ ਸੀ। ਮਾਵਾਂ ਉਹਨਾਂ ਨੂੰ ਭੁਖ ਨਾ ਲਗਣ ਦੇ ਰੋਣੇ ਰੋਂਦੀਆਂ।

ਮੈਂ ਮਾਤਾ ਪਿਤਾ ਨੂੰ ਇਹ ਨਿਸ਼ਚਾ ਕਰਾਉਣ ਦਾ ਜਤਨ ਕੀਤਾ ਕਿ ਉਹ ਬਚਿਆਂ ਦੀ ਠੰਢ ਤੋਂ ਜਿੰਨੀ ਰਖਿਆ ਕਰਨਗੇ ਬਚੇ ਉਨੇ ਹੀ ਕਮਜ਼ੋਰ ਹੋਣਗੇ। ਮੇਰੇ ਜ਼ੋਰ ਦੇਣ ਉਤੇ ਉਹਨਾਂ ਬਚਿਆਂ ਨੂੰ ਗਰਮ ਦਿਨਾਂ ਵਿਚ ਨੰਗੇ ਪੈਰੀਂ ਸਕੂਲ ਆਉਣ ਦਿਤਾ —

ਇਹ ਬਚਿਆਂ ਲਈ ਬੜੀ ਖ਼ੁਸ਼ੀ ਦੀ ਗਲ ਸੀ। ਇਕ ਦਿਨ ਅਸੀਂ ਖੇਤ ਵਿਚ ਇਕ ਨਿਘੀ ਵਾਛੜ ਵਿਚ ਫਸ ਗਏ। ਬਚੇ ਘਰ ਮੁੜਦੇ ਹੋਏ ਸਾਰਾ ਰਾਹ ਪਾਣੀ ਵਿਚ ਚਲਦੇ ਆਏ; ਉਹਨਾਂ ਦੇ ਮਾਤਾ ਪਿਤਾ ਦੇ ਤੌਖਲਿਆਂ ਦੇ ਬਾਵਜੂਦ ਉਹਨਾਂ ਵਿਚੋਂ ਇਕ ਵੀ ਬਿਮਾਰ ਨਾ ਹੋਇਆ। ਬੜੀ ਮੁਸ਼ਕਲ ਨਾਲ ਮੈਂ ਮਾਤਾ ਪਿਤਾ ਨੂੰ ਇਹ ਮਨਾ ਸਕਿਆ ਕਿ ਉਹ ਕਪੜਿਆਂ ਨਾਲ ਬਚਿਆਂ ਦਾ ਸਾਹ ਘੁਟਣਾ ਬੰਦ ਕਰ ਦੇਣ, "ਜੇ ਕੁਝ ਹੋ ਜਾਵੇ" ਲਈ ਵਾਧੂ ਸਵੈਟਰ ਅਤੇ ਕੋਟ ਪਾਉਣੇ ਛਡ ਦੇਣ। ਸਾਡਾ ਇਕ ਨਿਯਮ ਸੀ: ਪਤਝੜ, ਬਸੰਤ ਅਤੇ ਹੁਨਾਲ ਦੇ ਦਿਨੀਂ ਬਚੇ ਸਾਰਾ ਸਮਾਂ ਖੁਲ੍ਹੀ ਹਵਾ ਵਿਚ ਰਹਿਣਗੇ। **ਖ਼ੁਸ਼ੀ ਦੇ ਸਕੂਲ** ਦੇ ਪਹਿਲੇ ਤਿੰਨ ਚਾਰ ਹਫ਼ਤੇ ਬਚੇ ਰੋਜ਼ ਦੋ ਜਾਂ ਤਿੰਨ ਕਿਲੋਮੀਟਰ ਪੈਦਲ ਚਲਦੇ; ਦੂਜੇ ਮਹੀਨੇ ਚਾਰ ਜਾਂ ਪੰਜ; ਅਤੇ ਤੀਜੇ ਮਹੀਨੇ ਛੇ। ਅਤੇ ਇਹ ਸਾਰਾ ਚਲਣਾ ਖੇਤਾਂ ਅਤੇ ਜੂਹਾਂ, ਝੰਗੀਆਂ ਅਤੇ ਜੰਗਲ ਵਿਚ ਹੁੰਦਾ। ਦਿਨ ਵਿਚ ਕੀਤੇ ਪੈਂਡੇ ਵਲ ਕੋਈ ਧਿਆਨ ਨਾ ਦੇਂਦਾ ਕਿਉਂਕਿ ਉਹਨਾਂ ਸਾਹਮਣੇ ਇਕ ਦਿਨ ਵਿਚ ਇੰਨੇ ਕਿਲੋਮੀਟਰ ਚਲਣ ਦਾ ਨਿਸ਼ਾਨਾ ਨਹੀਂ ਸੀ ਹੁੰਦਾ; ਹਰਕਤ, ਚਲਣਾ ਹੋਰ ਆਸ਼ਿਆਂ ਦਾ ਸਾਧਨ ਸੀ। ਬਚਾ ਵਖ ਵਖ ਥਾਵਾਂ ਉਤੇ ਜਾਣਾ ਚਾਹੁੰਦਾ ਹੈ ਕਿਉਂਕਿ ਉਹ ਅਨੁਭਵ ਕਰਦਾ ਹੈ ਕਿ ਉਹ ਸੰਸਾਰ ਨੂੰ ਲਭ ਰਿਹਾ ਹੈ। ਬਚੇ ਥਕੇ ਹੋਏ ਪਰ ਖ਼ੁਸ਼ ਅਤੇ ਟਹਿਕਦੇ ਘਰਾਂ ਨੂੰ ਜਾਂਦੇ। ਥਕੇਵੇਂ ਤੋਂ ਬਿਨਾਂ ਸਿਹਤ ਨਹੀਂ ਹੋ ਸਕਦੀ। ਜੇ ਬਚਾ ਬਲ ਵਰਤਣ ਪਿਛੋਂ ਆਰਾਮ ਕਰ ਰਿਹਾ ਹੋਵੇ ਤਾਂ ਆਪਣੇ ਜੀਵਨ-ਦਾਤੇ ਸੋਮਿਆਂ ਸਮੇਤ ਚੰਗੀ ਸਿਹਤ ਬਚੇ ਦੇ ਸਰੀਰ ਵਿਚ ਵਹਿਣ ਲਗ ਪੈਂਦੀ ਹੈ।

ਖੁਲ੍ਹੀ ਹਵਾ ਵਿਚ ਕਈ ਕਿਲੋਮੀਟਰ ਚਲਣ ਪਿਛੋਂ, ਮਾਤਾ ਪਿਤਾ ਦੇ ਕਹਿਣ ਅਨੁਸਾਰ ਬਚੇ "ਬਘਿਆੜਾਂ ਵਾਂਗ ਭੁਖੇ" ਘਰ ਮੁੜਦੇ। ਜਦੋਂ ਅਸੀਂ ਜੰਗਲ ਵਿਚ ਜਾਂਦੇ ਤਾਂ ਮੈਂ ਬਚਿਆਂ ਨੂੰ ਸਲਾਹ ਦੇਂਦਾ ਕਿ ਉਹ ਡਬਲ-ਰੋਟੀ, ਪਿਆਜ਼, ਲੂਣ, ਪਾਣੀ ਅਤੇ ਕੁਝ ਕਚੇ ਆਲੂ ਆਪਣੇ ਨਾਲ ਲਿਆਉਣਾ। ਪਹਿਲਾਂ ਪਹਿਲ ਮਾਤਾ ਪਿਤਾ ਸ਼ੰਕਾ ਕਰਦੇ; ਉਹਨਾਂ ਨੂੰ ਸ਼ਕ ਸੀ ਕਿ ਬਚੇ ਅਜਿਹੀਆਂ ਵਸਤਾਂ ਖਾਣਗੇ, ਕਿਉਂਕਿ ਘਰ ਵਿਚ ਉਹ ਪੌਸ਼ਟਕ ਵਸਤਾਂ ਰਦ ਕਰ ਦੇਂਦੇ। ਪਰ ਜੰਗਲ ਵਿਚ ਇਹੋ ਡਬਲ-ਰੋਟੀ, ਪਿਆਜ਼ ਅਤੇ ਆਲੂ ਸਭ ਤੋਂ ਸੁਆਦਲਾ ਖਾਣਾ ਬਣ ਜਾਂਦੇ। ਬਚਿਆਂ ਦੀ ਭੁਖ ਇਸ ਹਦ ਤਕ ਵਿਕਸਤ ਹੋ ਜਾਂਦੀ ਕਿ ਉਹ ਘਰੇ ਸ਼ੋਰਬੇ ਜਾਂ ਬੋਰਸ਼ * ਦੀ ਪਲੇਟ ਬੜੇ ਮਜ਼ੇ ਨਾਲ ਖਾ ਜਾਂਦੇ। ਇਕ ਮਹੀਨੇ ਪਿਛੋਂ ਸਭ ਤੋਂ ਭੁਸੇ ਬਚਿਆਂ ਦੀਆਂ ਗਲ੍ਹਾਂ ਉਤੇ ਲਾਲੀ ਆ ਗਈ, ਅਤੇ ਮਾਵਾਂ ਇਸ ਸੰਬੰਧੀ ਗਲਾਂ ਕਰਦੀਆਂ ਨਾ ਥਕਦੀਆਂ ਕਿ ਬਚੇ ਕਿੰਨੀ ਸੁਹਣੀ ਤਰ੍ਹਾਂ ਖਾਣਾ ਖਾਂਦੇ ਹਨ। ਹੁਣ ਉਹ ਖਾਣ ਵਿਚ

---

*ਰੂਸੀ ਸ਼ੋਰਬਾ, ਜਿਸ ਵਿਚ ਸਬਜ਼ੀਆਂ, ਖੁੰਬਾਂ, ਮਾਸ ਆਦਿ ਪਿਆ ਹੁੰਦਾ ਹੈ। — ਅਨੁ:

ਚੋਗੇ ਨਹੀਂ ਸਨ ਰਹੇ: ਜੋ ਕੁਝ ਉਹਨਾਂ ਦੀ ਪਲੇਟ ਵਿਚ ਰਖਿਆ ਜਾਂਦਾ ਬਚੇ ਉਹ ਖਾ ਲੈਂਦੇ।

ਹਰਕਤ ਵਿਚ ਰਹਿਣਾ ਕਸਰਤ ਦੀ ਮਹਤਵ-ਪੂਰਨ ਸ਼ਰਤ ਹੈ। ਬਚੇ ਨਠਣਾ ਅਤੇ ਖੇਡਣਾ ਪਸੰਦ ਕਰਦੇ ਹਨ। ਅਸਾਂ ਉਹਨਾਂ ਲਈ ਇਕ ਖੇਡ ਦਾ ਮੈਦਾਨ ਬਣਾਇਆ। ਖੇਡਾਂ ਅਤੇ ਖੁਲ੍ਹੀ ਹਵਾ ਵਿਚ ਮਨ-ਪ੍ਰਚਾਵੇ ਲਈ ਉਥੇ ਸਭ ਕੁਝ ਸੀ, ਪਰ ਮੈਂ ਵਧੇਰੇ ਚਾਹੁੰਦਾ ਸਾਂ। ਮੈਂ ਇਕ ਚਕਰ-ਚੂੰਢਾ, ਪੀਂਘ ਬਣਾਉਣਾ ਚਾਹੁੰਦਾ ਸਾਂ; ਮੈਂ ਚਾਹੁੰਦਾ ਸਾਂ ਕਿ ਉਹਨਾਂ ਦੀਆਂ ਸਰਗਰਮ ਖੇਡਾਂ ਪਰੀ-ਕਹਾਣੀਆਂ ਨਾਲ ਸੰਬੰਧਤ ਹੋਣ, ਖ਼ਿਆਲ-ਉਡਾਰੀ ਉਹਨਾਂ ਦੀ ਪਰਵਈ ਕਰੇ। ਮੈਂ ਆਪਣੀ ਕਲਪਨਾ ਵਿਚ ਪਹਿਲਾਂ ਹੀ ਸਾਡੇ ਚਕਰ-ਚੂੰਢੇ ਦੇ ਚਕਰ ਉਤੇ ਨਿਕੇ ਕੁਬੇ ਘੋੜੇ, ਹਾਥੀ, ਭੂਰੇ ਬਘਿਆੜ, ਮਕਰੀ ਲੂੰਮੜੀ ਦੇ ਆਕਾਰ ਵੇਖ ਸਕਦਾ ਸਾਂ। ਬਚੇ ਕੇਵਲ ਇਸ ਨਿਕੇ ਕੁਬੇ ਘੋੜੇ ਜਾਂ ਭੂਰੇ ਬਘਿਆੜ ਉਤੇ ਬਹਿਣ ਹੀ ਨਹੀਂ ਲਗੇ ਉਹ ਇਸ ਤਥ ਤੋਂ ਉਤੇਜਨਾ ਵੀ ਪ੍ਰਾਪਤ ਕਰਨਗੇ। ਇਹ ਸਾਰਾ ਸੁਪਨਾ ਜਾਪਦਾ ਸੀ ਪਰ ਮੈਨੂੰ ਨਿਸ਼ਚਾ ਸੀ ਕਿ ਛੇ ਮਹੀਨਿਆਂ ਜਾਂ ਇਕ ਵਰ੍ਹੇ ਵਿਚ ਇਹ ਕੰਮ ਹੋ ਜਾਵੇਗਾ। ਮੈਂ ਚਕਰ-ਚੂੰਢੇ ਲਈ ਸਾਮਾਨ, ਆਦਿ ਇਕਠਾ ਕੀਤਾ। ਅਤੇ ਮੈਂ ਇਸ ਸੰਬੰਧੀ ਸੋਚਣ ਲਗ ਪਿਆ ਕਿ ਬਚਿਆਂ ਨੂੰ ਸਿਆਲ ਲਈ ਕਿਵੇਂ ਤਿਆਰ ਕੀਤਾ ਜਾਵੇ ਤਾਂ ਜੁ ਉਹ ਵਧੇਰੇ ਸਮਾਂ ਬਾਹਰ ਰਹਿ ਸਕਣ ਅਤੇ ਵਧੇਰੇ ਸਜਰੀ ਪੌਣ ਭਖ ਸਕਣ।

ਨਿਕੇਰੇ ਸਕੂਲੀ ਬਚਿਆਂ ਦੇ ਸਰੀਰਕ ਵਿਕਾਸ ਨੂੰ ਵੇਖਣ ਦੇ ਅਨੇਕ ਵਰ੍ਹਿਆਂ ਨੇ ਮੈਨੂੰ ਨਿਸ਼ਚਾ ਕਰਵਾ ਦਿਤਾ ਹੈ ਕਿ ਪੌਸਟਕ, ਨਰੋਈ ਖ਼ੁਰਾਕ ਮਹਤਵ-ਪੂਰਨ ਹੈ। ਅਨੇਕ ਬਚਿਆਂ ਨੂੰ ਉਹ ਪਦਾਰਥ ਚੋਖੀ ਮਾਤਰਾ ਵਿਚ ਨਹੀਂ ਸਨ ਮਿਲ ਰਹੇ ਜਿਹੜੇ ਵਧ ਰਹੀਆਂ ਦੇਹਾਂ, ਬਿਮਾਰੀਆਂ ਰੋਕਣ ਅਤੇ ਸਾਧਾਰਨ ਆਹਾਰ-ਪਚਾਈ ਲਈ ਲਾਜ਼ਮੀ ਹਨ। ਕੇਵਲ ਅਠ ਟਬਰਾਂ ਕੋਲ ਸ਼ਹਿਦ ਸੀ, ਅਤੇ ਸ਼ਹਿਦ, ਅਲੰਕਾਰਕ ਭਾਸ਼ਾ ਵਿਚ, ਤਸ਼ਤਰੀ ਉਤੇ ਰਖੀ ਧੁਪ ਹੈ। ਮੈਨੂੰ ਇਸ ਸੰਬੰਧੀ ਇੰਨਾ ਨਿਸ਼ਚਾ ਸੀ ਕਿ ਸ਼ਹਿਦ ਵਧ ਰਹੇ ਬਚਿਆਂ ਲਈ ਲੋੜੀਂਦਾ ਹੈ ਕਿ ਮੈਂ ਮਾਤਾ ਪਿਤਾ ਨਾਲ ਇਸ ਸੰਬੰਧੀ ਗਲ ਕੀਤੀ। ਸਤੰਬਰ ਦੇ ਅੰਤ ਤਕ ੧੩ ਮਾਤਾ ਪਿਤਾ ਨੇ ਸ਼ਹਿਦ ਦੇ ਛਤੇ ਖ਼ਰੀਦ ਲਈ। ਬਸੰਤ ਤਕ ੨੩ ਟਬਰਾਂ ਨੇ ਹੀ ਮਖਿਆਰੀਆਂ ਪਾਲ ਲਈਆਂ ਹੋਈਆਂ ਸਨ।

ਪਤਝੜ ਦੀ ਰੁਤੇ ਮੈਂ ਮਾਵਾਂ ਨੂੰ ਸਲਾਹ ਦਿਤੀ ਕਿ ਉਹ ਚਿਲਮਝਾੜੀ ਦੇ ਬੇਰਾਂ, ਸਲੋ ਦੇ ਬੇਰਾਂ ਅਤੇ ਵਿਟਾਮਨਾਂ ਨਾਲ ਭਰਪੂਰ ਹੋਰ ਫਲਾਂ ਦਾ ਬਹੁਤ ਸਾਰਾ ਮੁਰਬਾ ਬਣਾ ਲੈਣ। ਮੈਂ ਮਾਤਾ ਪਿਤਾ ਨਾਲ ਚੋਖੀ ਗਿਣਤੀ ਵਿਚ ਫਲਾਂ ਦੇ ਰੁਖ, ਵਿਸ਼ੇਸ਼ ਤੌਰ ਉਤੇ ਸਿਉਆਂ ਦੇ ਰੁਖ ਲਾਉਣ ਸੰਬੰਧੀ ਗਲ ਬਾਤ ਕੀਤੀ। ਸਾਰਾ ਸਾਲ ਤਾਜ਼ੇ ਫਲ ਖਾਣ ਲਈ ਚੋਖੇ ਰੁਖਾਂ ਦੀ ਲੋੜ ਸੀ ਅਤੇ ਪੇਂਡੂ ਇਲਾਕੇ ਵਿਚ ਇਹਦਾ ਪ੍ਰਬੰਧ ਕਰਨਾ ਸੌਖਾ ਹੁੰਦਾ ਹੈ—ਲੋੜ ਬਸ ਥੋੜ੍ਹੇ ਜਿਹੇ ਕੰਮ ਦੀ ਹੈ।

ਕਿਰਮ ਮਾਰਨ ਵਾਲੀਆਂ ਫ਼ਸਲਾਂ—ਕਣਕ, ਰਾਈ, ਜੌ, ਦੜਊ ਅਤੇ ਜੂਹਾਂ ਦੇ ਘਾਹਾਂ—ਨਾਲ ਗੜੂਚੀ ਸਜਰੀ ਪੌਣ ਚੰਗੀ ਸਿਹਤ ਹੈ। ਮੈਂ ਅਕਸਰ ਬਚਿਆਂ ਨੂੰ ਉਸ ਅਨਾਜ ਦੀ ਖ਼ੁਸ਼ਬੋ ਨਾਲ ਭਰੀ ਪੌਣ ਭਖਣ ਲਈ ਲੈ ਜਾਂਦਾ ਜਿਸਤੋਂ ਰੋਟੀ ਬਣਦੀ ਹੈ। ਮੈਂ ਮਾਤਾ ਪਿਤਾ ਨੂੰ ਸਲਾਹ ਦੇਂਦਾ ਕਿ ਉਹ ਆਪਣੇ ਬਚਿਆਂ ਦੇ ਸੌਣ ਵਾਲੇ ਕਮਰੇ ਦੀ ਬਾਰੀ ਕੋਲ ਗਰੀਦਾਰ ਮੇਵਿਆਂ ਦੇ ਕਈ ਰੁਖ ਲਾਉਣ। ਉਹ ਹਵਾ ਵਿਚ ਕਿਰਮ ਮਾਰਨ ਵਾਲੇ ਅੰਸ਼ ਫੈਲਾ ਦੇਂਦੇ ਹਨ ਅਤੇ ਅਨੇਕ ਬਿਮਾਰੀਆਂ ਪੈਦਾ ਕਰਨ ਵਾਲੇ ਕਿਰਮਾਂ ਨੂੰ ਮਾਰਦੇ ਹਨ। ਹਾਨੀਕਾਰਕ ਕੀੜੇ ਗਰੀਦਾਰ ਮੇਵਿਆਂ ਦੀ ਖ਼ੁਸ਼ਬੋ ਨਹੀਂ ਸਹਾਰ ਸਕਦੇ। ਜਿਥੇ ਗਰੀਦਾਰ ਮੇਵੇ ਹੋਣ ਉਥੇ ਮਖੀਆਂ ਜਾਂ ਪਛਰ ਨਹੀਂ ਹੁੰਦੇ। ਮੈਂ ਹਰ ਟਬਰ ਨੂੰ ਸਲਾਹ ਦਿਤੀ ਕਿ ਉਹ ਵਿਹੜੇ ਵਿਚ ਗਰਮੀਆਂ ਵਿਚ ਨਹਾਉਣ ਲਈ ਫੁਹਾਰਾ ਲਾਉਣ ।

ਕਈ ਵਰ੍ਹਿਆਂ ਤੋ ਮੈਂ ਇਸ ਸੰਬੰਧੀ ਹੈਰਾਨ ਹੁੰਦਾ ਕਿ ਅਨੇਕ ਬਚਿਆਂ ਦੀਆਂ ਅਖਾਂ ਕਿਉਂ ਕਮਜ਼ੋਰ ਹੁੰਦੀਆਂ ਹਨ। ਤੀਜੀ ਸ਼੍ਰੇਣੀ ਦੇ ਇੰਨੇ ਬਚੇ ਐਨਕਾਂ ਕਿਉਂ ਲਾਉਂਦੇ ਹਨ ? ਅਨੇਕ ਨਿਕੇ ਬਚਿਆਂ ਦੇ ਨਰੀਖਣ ਤੋ ਮੈਂ ਇਸ ਸਿਟੇ ਉਤੇ ਅਪੜਿਆ ਕਿ ਇਹਦਾ ਕਾਰਨ ਬਹੁਤਾ ਪੜ੍ਹਨ ਕਾਰਨ ਅਖਾਂ ਉਤੇ ਭਾਰ ਪੈਣਾ ਨਹੀਂ ਸਗੋ ਵਿਟਾਮਿਨਾਂ ਦੀ ਥੁੜ ਵਾਲੀ ਖ਼ੁਰਾਕ ਅਤੇ ਨਾਕਾਫ਼ੀ ਕਸਰਤ ਹੈ, ਜਿਸ ਨਾਲ ਬਚਿਆਂ ਨੂੰ ਘੜੀ ਮੁੜੀ ਜ਼ੁਕਾਮ ਹੋ ਜਾਂਦਾ ਹੈ। ਬਚਪਨ ਦੀਆਂ ਕਈ ਬਿਮਾਰੀਆਂ ਦਾ ਅਖਾਂ ਉਤੇ ਬੁਰਾ ਪ੍ਰਭਾਵ ਪੈਂਦਾ ਹੈ। ਨਰੋਈ ਖ਼ੁਰਾਕ, ਨੀਂਦ ਅਤੇ ਕਸਰਤ ਬਚੇ ਨੂੰ ਬਿਮਾਰੀ ਤੋ ਬਚਾਉਂਦੇ ਹਨ ਅਤੇ ਉਹਨੂੰ ਆਲੇ ਦੁਆਲੇ ਦੇ ਸੰਸਾਰ ਵਿਚ ਖ਼ੁਸ਼ੀ ਅਤੇ ਖੇੜਾ ਦੇਂਦੇ ਹਨ।

ਵਰ੍ਹਿਆਂ ਬਧੀ ਬਚਿਆਂ ਦਾ ਨਰੀਖਣ ਕਰਨ ਤੋਂ ਮੈਂ ਇਸ ਤੌਖਲੇ-ਭਰੇ ਸਿਟੇ ਉਤੇ ਅੱਪੜਿਆ ਕਿ ਬਸੰਤ ਰੁਤ ਵਿਚ, ਮਾਰਚ ਤੋ ਲੈਕੇ ਸਾਰੇ ਬਚਿਆਂ ਦੀ ਸਿਹਤ ਕਮਜ਼ੋਰ ਹੋ ਜਾਂਦੀ ਹੈ। ਬਚਾ ਹਫਿਆ ਜਾਪਦਾ ਹੈ; ਉਹਦੀ ਜ਼ੁਕਾਮ ਦਾ ਮੁਕਾਬਲਾ ਕਰਨ ਦੀ ਸ਼ਕਤੀ ਘਟ ਜਾਂਦੀ ਹੈ ਅਤੇ ਉਹਦੀ ਕੰਮ ਕਰਨ ਦੀ ਸਮਰਥਾ ਘਟ ਜਾਂਦੀ ਹੈ। ਅਖਾਂ ਕਮਜ਼ੋਰ ਹੋਣਾ ਬਸੰਤ ਦੇ ਮਹੀਨਿਆਂ ਵਿਚ ਵਿਸ਼ੇਸ਼ ਤੌਰ ਉਤੇ ਸਪਸ਼ਟ ਹੁੰਦਾ ਹੈ।

ਡਾਕਟਰ ਅਤੇ ਮਨੋ-ਵਿਗਿਆਨੀ ਕਹਿੰਦੇ ਹਨ ਕਿ ਇਹਦਾ ਕਾਰਨ ਦੇਹ ਦੀਆਂ ਪ੍ਰਣਾਲੀਆਂ ਦੇ ਪ੍ਰਸਪਰ ਅਮਲ ਵਿਚ ਆਉਂਦੀਆਂ ਅਤਿ ਦੀਆਂ ਤਬਦੀਲੀਆਂ ਹਨ। ਇਹਦਾ ਕਾਰਨ ਇਹ ਹੈ ਕਿ ਸਿਆਲ ਦੇ ਅੰਤ ਉਤੇ ਸੂਰਜ ਦੀਆਂ ਕਿਰਨਾਂ ਵਿਚ ਤਿਖੀ ਘਾਟ ਕਾਰਨ ਅਤੇ ਤੰਤੂ ਪ੍ਰਣਾਲੀ ਨੂੰ ਥਕਾ ਦੇਣ ਵਾਲੀ ਲੰਮੀ ਬੈਂਧਕ ਸਰਗਰਮੀ ਕਾਰਨ ਦੇਹ ਦੀ ਵਿਟਾਮਿਨਾਂ ਦੀ ਪ੍ਰਯਾਪਤੀ ਘਟ ਜਾਂਦੀ ਹੈ।

ਮੈਂ ਇਸ ਸੰਬੰਧੀ ਸੋਚਿਆ ਕਿ ਇਹਨਾਂ ਅੰਸ਼ਾਂ ਦਾ ਪ੍ਰਭਾਵ ਕਿਵੇ ਘਟ ਕੀਤਾ ਜਾਵੇ। ਮਾਤਾ ਪਿਤਾ ਨੇ ਵਿਟਾਮਿਨਾਂ ਨਾਲ ਭਰਪੂਰ ਫਲ ਅਤੇ ਸਬਜ਼ੀਆਂ ਪ੍ਰਯਾਪਤ

ਕਰਨ ਵਲ ਵਧੇਰੇ ਧਿਆਨ ਦੇਣਾ ਸ਼ੁਰੂ ਕਰ ਦਿਤਾ, ਵਿਸ਼ੇਸ਼ ਤੌਰ ਉਤੇ ਬਸੰਤ ਦੀ ਰੁਤੇ। ਸਿਆਲ ਅਤੇ ਬਸੰਤ ਵਿਚ ਅਸਾਂ ਹਰ ਧੁਪਿਆਲੇ ਦਿਨ ਨੂੰ ਖੁਲ੍ਹੀ ਹਵਾ ਵਿਚ ਸੈਰਾਂ ਲਈ ਵਰਤਣ ਦਾ ਜਤਨ ਕੀਤਾ। ਮੈਨੂੰ ਇਸ ਸੰਬੰਧੀ ਫ਼ਿਕਰ ਸੀ ਕਿ ਬਸੰਤ ਦੇ ਮਹੀਨਿਆਂ ਵਿਚ ਬਚਿਆਂ ਦੀ ਬੁਧੀ ਉਤੇ ਘਟ ਬੋਝ ਪਵੇ। ਸ੍ਰੇਣੀ ਦੇ ਕਮਰੇ ਦੀ ਥਾਂ ਸੋਚਣ ਦਾ ਅਮਲ ਜਿਥੋਂ ਤਕ ਹੋ ਸਕੇ ਖੁਲ੍ਹੀ ਹਵਾ ਵਿਚ ਹੋਵੇ ਅਤੇ ਸਰੀਰਕ ਸਰਗਰਮੀ ਨਾਲ ਸੰਬੰਧਤ ਹੋਵੇ। ਹੌਲੀ ਹੌਲੀ ਇਹ ਬਸੰਤ ਦੇ ਮਹੀਨਿਆਂ ਲਈ ਇਕ ਨਿਯਮ ਬਣ ਗਿਆ।

ਯੁਧ ਤੋਂ ਪਿਛੋਂ ਦੇ ਮੁਢਲੇ ਵਰ੍ਹਿਆਂ ਵਿਚ ਬਹੁਤ ਸਾਰੇ ਬਚਿਆਂ ਵਿਚ ਤੰਤੂ-ਵਿਗਾੜਾਂ ਦੀ ਪ੍ਰਵਿਰਤੀ ਸੀ। ਤੋਲੀਆ, ਕੋਲੀਆ, ਸਲਾਵਾ ਅਤੇ ਫ਼ੈਦੀਆ ਨੂੰ ਦਿਲਗੀਰੀ ਅਤੇ ਜੀਵਨ ਤੋਂ ਕਿਸੇ ਤਰ੍ਹਾਂ ਦੀ ਉਪਰਾਮਤਾ ਦੇ ਦੌਰੇ ਪੈਂਦੇ। ਮੈਂ ਉਹਨਾਂ ਦੇ ਡਰੂਪੁਣੇ, ਦੁਚਿਤੀ ਅਤੇ ਔਖੇ ਸੰਗਾਊਪੁਣੇ ਨੂੰ ਵਧ ਕੇ ਤੰਤੂ-ਵਿਗਾੜ ਬਣਨੋਂ ਰੋਕਣ ਦਾ ਜਤਨ ਕੀਤਾ। ਮੈਂ ਅਕਸਰ ਇਸ ਸੰਬੰਧੀ ਸਲਾਹ ਲੈਂਦਾ ਕਿ ਸਮੂਹ ਦੇ ਜੀਵਨ ਨੂੰ ਬਚਿਆਂ ਨੂੰ ਖ਼ੁਸ਼ੀ ਦੇਣ ਵਾਲਾ ਕਿਵੇਂ ਬਣਾਇਆ ਜਾਵੇ ਅਤੇ ਅਸੀਂ, ਛੋਟੀਆਂ ਸ੍ਰੇਣੀਆਂ ਦੇ ਅਧਿਆਪਕ, ਇਸ ਸਿਟੇ ਉਤੇ ਅਪੜੇ ਕਿ ਉਹਨਾਂ ਦੁਰਭਾਗਾਂ, ਗ਼ਮਾਂ ਅਤੇ ਟਕਰਾਂ ਨੂੰ ਸਵਾਹਰਾ ਕਰਨਾ ਲਾਜ਼ਮੀ ਹੈ ਜਿਹੜੇ ਬਚਾ ਆਪਣੇ ਟਬਰ ਵਿਚ ਵੇਖਦਾ ਹੈ। ਅਧਿਆਪਕਾਂ ਨੇ ਇਹ **ਜਾਣਨ** ਦਾ ਜਤਨ ਕੀਤਾ ਕਿ ਹਰ ਬਚੇ ਦੀ ਆਤਮਾ ਵਿਚ ਕੀ ਵਾਪਰ ਰਿਹਾ ਹੈ, ਉਹ ਆਪਣੇ ਨਾਲ ਕਿਹੜੇ ਅੰਦਰਲੇ ਮਸਲੇ ਸਕੂਲੇ ਲਿਆਉਂਦਾ ਹੈ ਤਾਂ ਜੁ ਅਚੇਤ ਤੌਰ ਉਤੇ ਉਹ ਉਹਦੇ ਸੂਖਮ ਦਿਲ ਵਿਚ ਹੋਰ ਦਰਦ ਦਾ ਵਾਧਾ ਨਾ ਕਰ ਦੇਣ। ਇਕ ਜਾਂ ਦੂਜੇ ਬਚੇ ਦੀ ਅੰਦਰਲੇ ਜੀਵਨ ਵਿਚ ਵਿਸ਼ੇਸ਼ ਧਿਆਨ ਮੰਗਦੀ ਹਰ ਗਲ ਉਤੇ ਅਸਾਂ ਆਪਣੀਆਂ ਇਕਤ੍ਰਤਾਵਾਂ ਵਿਚ ਵਿਚਾਰ ਕੀਤੀ, ਜਿਨ੍ਹਾਂ ਨੂੰ ਅਸੀਂ "ਮਨੋ-ਵਿਗਿਆਨਕ ਗੋਸ਼ਟੀਆਂ" ਕਹਿੰਦੇ ਸਾਂ। ਸਕੂਲ ਦੇ ਸਮੂਹ ਲਈ ਇਹ ਲਾਜ਼ਮੀ ਸੀ ਕਿ ਉਹ ਬਚੇ ਦੇ ਗ਼ਮ ਦੂਰ ਕਰੇ।

ਜਿਨ੍ਹਾਂ ਬਚਿਆਂ ਉਤੇ ਗ਼ਮ ਦੇ ਅਨੁਭਵ ਦਾ ਭਾਰ ਪਹਿਲਾਂ ਹੀ ਬਹੁਤ ਸੀ ਉਹਨਾਂ ਵਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਸੀ। ਕੋਲੀਆ, ਸਾਸ਼ਾ, ਤੋਲੀਆ, ਪੈਂਤ੍ਰਿਕ ਅਤੇ ਸਲਾਵਾ ਦੇ ਤੰਤੂ ਟੁਟਣ ਦੀ ਹਦ ਤਕ ਖਿਚੇ ਗਏ ਸਨ। ਉਹਨਾਂ ਦੇ ਦਿਲਾਂ ਨੂੰ ਛੂਹਣ ਤੋਂ ਪਹਿਲਾਂ ਸਾਨੂੰ ਖ਼ਾਸ ਤੌਰ ਉਤੇ ਧਿਆਨ ਰਖਣਾ ਪੈਂਦਾ ਸੀ ਕਿਉਂਕਿ ਉਹ "ਕਿਸੇ ਮਿੰਟ ਫਟ" ਸਕਦੇ ਸਨ। ਕਈ ਦਿਨ ਅਸੀਂ ਬਚਿਆਂ ਤੋਂ ਕੁਝ ਨਾ ਪੁਛ ਸਕਦੇ। ਜਿਹੜੇ ਢੰਗਾਂ ਨਾਲ ਬੰਦਾ ਹੋਰਨਾਂ ਉਤੇ ਪ੍ਰਭਾਵ ਪਾਉਂਦਾ ਅਤੇ ਉਹਨਾਂ ਨੂੰ ਵਿਦਿਆ ਦੇਂਦਾ ਹੈ ਇਹਨਾਂ ਉਤੇ ਉਕਾ ਹੀ ਲਾਗੂ ਨਹੀਂ ਸਨ ਹੁੰਦੇ। ਮੈਨੂੰ "**ਡਾਕਟਰੀ ਅਧਿਆਪਕੀ-ਵਿਗਿਆਨ**" ਦਾ ਪਤਾ ਲਗਾ, ਜਿਹੜਾ ਘਟ ਜਾਂ ਵਧ ਉਹਨਾਂ ਬਚਿਆਂ ਨੂੰ ਵਿਦਿਆ ਦੇਣ ਦਾ ਸ਼ੁਧਤਾ ਨਾਲ ਤੱਤ ਬਿਆਨ ਕਰਦਾ ਹੈ ਜਿਨ੍ਹਾਂ ਦੀ ਮਾਨਸਕ ਗ਼ੈਰ-ਸਿਹਤਮੰਦੀ ਨੇ ਉਹਨਾਂ ਦੇ ਵਤੀਰੇ ਉਤੇ ਛਾਪ ਛਡੀ ਸੀ। ਡਾਕਟਰੀ ਅਧਿਆਪਕੀ-

ਵਿਗਿਆਨ ਦੇ ਮੁਖ ਨਿਯਮ ਇਹ ਹਨ: ੧) ਬਚੇ ਦੀ ਕਮਜ਼ੋਰ, ਬਿਮਾਰ ਮਾਨਸਕ ਅਵਸਥਾ ਦਾ ਲਿਹਾਜ਼ ਕਰੋ; ੨) ਸਕੂਲ ਹਰ ਸੰਭਵ ਢੰਗ ਨਾਲ ਬਚੇ ਦਾ ਧਿਆਨ ਸੋਗੀ ਵਿਚਾਰਾਂ ਅਤੇ ਅਨੁਭਵਾਂ ਵਲੋਂ ਹਟਾਉਣ ਦਾ ਜਤਨ ਕਰੇ, ਉਹਦੇ ਵਿਚ ਖ਼ੁਸ਼ੀ-ਭਰੀ ਭਾਵਨਾ ਜਗਾਏ; ੩) ਬਚੇ ਨੂੰ ਕਿਸੇ ਹਾਲਤ ਵਿਚ ਇਹ ਨਾ ਜਾਣਨ ਦਿਓ ਕਿ ਤੁਸੀਂ ਉਹਨੂੰ ਬਿਮਾਰ ਸਮਝਦੇ ਹੋ।

ਸਾਡੇ ਸਕੂਲ ਵਿਚ ਇਕ ਬਚਾ ਵੋਲੋਦੀਆ ਸੀ, ਜਿਸ ਵਿਚ ਹਿਸਟੀਰੀਆ ਦੇ ਮਾਨਸਕ ਵਿਗਾੜ ਦੀ ਪ੍ਰਵਿਰਤੀ ਸੀ। ਮੈਨੂੰ ਇਸ ਤਥ ਨੇ ਪ੍ਰੇਸ਼ਾਨ ਕੀਤਾ ਕਿ ਉਹਦੇ ਮਾਤਾ ਪਿਤਾ ਦਾ ਵਿਚਾਰ ਸੀ ਕਿ ਉਹਨਾਂ ਦਾ ਪੁਤਰ ਅਸਾਧਾਰਨ ਬਚਾ ਹੈ। ਮੈਂ ਤੌਖਲਾ ਸੀ ਕਿ ਉਹਨਾਂ ਦੀ ਅਟਲ ਨਿਰਾਸ਼ਾ ਦੀ ਆਉਂਦ ਨਾਲ ਬਚਾ ਆਪਣੇ ਮਾਤਾ ਪਿਤਾ ਨੂੰ ਅਤੇ ਆਮ ਤੌਰ ਉਤੇ ਵਡਿਆਂ ਨੂੰ ਘਿਰਣਾ ਕਰਨ ਲਗ ਪਵੇਗਾ। ਮੇਰੀ ਰਾਏ ਵਿਚ ਅਜਿਹੇ ਬਚਿਆਂ ਨੂੰ ਠੀਕ ਕਰਨ ਦਾ ਮੁਖ ਸਾਧਨ ਉਹਨਾਂ ਨੂੰ ਨਿਰਮਾਣ ਬਣਨ ਅਤੇ ਹੋਰ ਲੋਕਾਂ ਦਾ ਸਤਿਕਾਰ ਕਰਨ ਦੀ ਸਿਖਿਆ ਦੇਣਾ ਹੈ। ਮੈਂ ਵੋਲੋਦੀਆ ਨੂੰ ਇਹ ਅਨੁਭਵ ਕਰਾਉਣ ਦਾ ਜਤਨ ਕੀਤਾ ਕਿ ਉਹਦੇ ਨੇੜੇ ਦਾ ਹਰ ਬੰਦਾ ਇਕ ਵਿਅਕਤੀ ਹੈ।

ਸੁਸਤ, ਨਿਢਾਲ ਸੋਚ ਵਾਲੇ ਬਚਿਆਂ ਨੂੰ ਡਾਕਟਰੀ ਅਧਿਆਪਕੀ-ਵਿਗਿਆਨ ਵਿਚ ਵਿਸ਼ੇਸ਼ ਸਥਾਨ ਪ੍ਰਾਪਤ ਹੈ। ਸੁਸਤੀ ਅਤੇ ਦਿਮਾਗ਼ ਦੇ ਉਪਰਲੇ ਹਿਸੇ ਦੀ ਸਿਥਲਤਾ ਦਾ ਉਸੇ ਤੁਰ੍ਹਾਂ ਧਿਆਨ ਅਤੇ ਸਬਰ ਨਾਲ ਇਲਾਜ ਕੀਤਾ ਜਾਣਾ ਚਾਹੀਦਾ ਹੈ ਜਿਵੇਂ ਦਿਲ ਜਾਂ ਆਂਦਰਾਂ ਦੇ ਰੋਗਾਂ ਦਾ। ਪਰ ਉਹਨਾਂ ਦੇ ਇਲਾਜ ਲਈ ਹਜ਼ਾਰ ਗੁਣਾ ਵਧੇਰੇ ਧਿਆਨ ਅਤੇ ਵਿਦਿਅਕ ਯੋਗਤਾ ਦੀ, ਹਰ ਬਚੇ ਦੇ ਵਿਅਕਤੀਗਤ ਲਛਣਾਂ ਦੇ ਡੂੰਘੇ ਗਿਆਨ ਦੀ ਲੋੜ ਹੈ।

## ਹਰ ਬਚੇ ਵਿਚਲਾ ਕਲਾਕਾਰ

**ਖ਼ੁਸ਼ੀ ਦੇ ਸਕੂਲ** ਵਿਚ ਸਿਖਿਆ ਸ਼ੁਰੂ ਕਰਨ ਤੋਂ ਇਕ ਹਫ਼ਤਾ ਪਿਛੋਂ ਮੈਂ ਬਚਿਆਂ ਨੂੰ ਕਿਹਾ: "ਭਲਕੇ ਕਾਪੀ ਅਤੇ ਪੈਨਸਲ ਲੈਕੇ ਆਉਣਾ। ਅਸੀਂ ਮੂਰਤਾਂ ਵਾਹਵਾਂਗੇ।" ਅਗਲੇ ਦਿਨ ਅਸੀਂ ਸਕੂਲ ਦੇ ਖੇਤ ਵਿਚ ਨਿਸ਼ੰਗ ਹੋਕੇ ਬਹਿ ਗਏ। ਮੈਂ ਬਚਿਆਂ ਨੂੰ ਕਿਹਾ: "ਆਲੇ-ਦੁਆਲੇ ਵੇਖੋ। ਫਿਰ ਜਿਹੜੀ ਸ਼ੈ ਤੁਹਾਨੂੰ ਸਭ ਤੋਂ ਸੁਹਣੀ ਲਗੇ, ਜੋ ਕੁਝ ਤੁਹਾਨੂੰ ਸਭ ਤੋਂ ਵਧ ਪਸੰਦ ਆਵੇ, ਉਹਦੀ ਮੂਰਤ ਬਣਾਓ।"

ਸਾਡੇ ਸਾਹਮਣੇ ਪਤਝੜ ਦੇ ਸੂਰਜ ਦਾ ਰੁਸ਼ਨਾਇਆ ਸਕੂਲ ਦਾ ਬਾਗ਼ ਅਤੇ ਪ੍ਰਯੋਗਕ ਫ਼ਾਰਮ ਖਿਲਰੇ ਹੋਏ ਸਨ। ਬਚੇ ਚਹਿਕਣ ਲਗ ਪਏ: ਇਕ ਨੂੰ ਲਾਲ ਅਤੇ ਪੀਲੇ ਹਲਵਾ-ਕਦੂ ਚੰਗੇ ਲਗੇ; ਇਕ ਹੋਰ ਨੂੰ ਧਰਤੀ ਤਕ ਝੁਕੇ ਹੋਏ ਸੂਰਜਮੁਖੀ ਦੇ ਫੁਲ; ਤੀਜੇ ਨੂੰ ਕਬੂਤਰਾਂ ਦੀ ਕਾਬਕ; ਚੌਥੇ ਨੂੰ ਅੰਗੂਰਾਂ ਦਾ ਗੁਛਾ। ਸ਼ੂਰਾ ਨੂੰ

ਅਸਮਾਨ ਵਿਚ ਤੈਰਦੇ ਹਲਕੇ, ਰਵਾਲ ਜਿਹੇ ਬਦਲ ਚੰਗੇ ਲਗਦੇ। ਸੇਰਯੋਜ਼ਾ ਨੂੰ ਛਪੜ ਦੇ ਸ਼ੀਸ਼ੇ ਜਿਹੇ ਤਲ ਉਤੇ ਤੈਰਦੇ ਹੰਸ ਚੰਗੇ ਲਗਦੇ। ਦਾਨਕੋ ਮਛੀਆਂ ਦਾ ਚਿਤਰ ਵਾਹੁਣਾ ਚਾਹੁੰਦਾ ਸੀ—ਉਹਨੇ ਸਾਨੂੰ ਉਤਸ਼ਾਹ ਨਾਲ ਦਸਿਆ ਸੀ ਕਿ ਕਿਵੇਂ ਉਹਦਾ ਚਾਚਾ ਅਤੇ ਉਹ ਇਕ ਦਿਨ ਮਛੀਆਂ ਫੜਨ ਗਏ ਸਨ। ਉਹਨਾਂ ਫੜਿਆ ਤਾਂ ਕੁਝ ਨਹੀਂ ਸੀ ਪਰ ਇਹ ਜ਼ਰੂਰ ਵੇਖਿਆ ਸੀ ਕਿ ਮਛੀਆਂ ਕਿਵੇ "ਖੇਡਦੀਆਂ" ਹਨ।

"'ਤੇ ਮੈਂ ਸਾਡੇ ਮਿਤਰ ਸੂਰਜ ਦੀ ਮੂਰਤ ਵਾਹੁਣੀ ਚਾਹੁੰਦੀ ਹਾਂ," ਨਿਕੀ ਤੀਨਾ ਨੇ ਕਿਹਾ।

ਬਚਿਆਂ ਨੂੰ ਧਿਆਨ ਨਾਲ ਚਿਤਰ ਵਾਹੇ। ਮੈਂ ਇਸ ਸੰਬੰਧੀ ਬਹੁਤ ਕੁਝ ਪੜ੍ਹਿਆ ਸੀ ਕਿ ਡਰਾਇੰਗ ਕਿਵੇਂ ਸਿਖਾਈ ਜਾਵੇ ਪਰ ਹੁਣ ਮੇਰੇ ਸਾਹਮਣੇ ਜਿਊਂਦੇ ਬਚੇ ਸਨ। ਮੈਂ ਵੇਖਿਆ ਕਿ ਬਚਿਆਂ ਦੇ ਬਣਾਏ ਚਿਤਰ, ਚਿਤਰ ਬਣਾਉਣ ਦਾ ਅਮਲ ਬਚੇ ਦੇ ਅੰਤ੍ਰੀਵ ਜੀਵਨ ਦਾ ਇਕ ਹਿਸਾ ਹੁੰਦਾ ਹੈ। ਬਚੇ ਸੁਹਪਣ ਦੇ ਰਚਣਹਾਰਿਆਂ ਦੀ ਪਹੁੰਚ ਅਪਣਾਕੇ ਆਲੇ ਦੁਆਲੇ ਦੇ ਸੰਸਾਰ ਵਿਚੋਂ ਕਿਸੇ ਸ਼ੈ ਨੂੰ ਕਾਗ਼ਜ਼ ਉਤੇ ਵਾਹੁੰਦੇ ਹੀ ਨਹੀਂ; ਉਹ ਇਸ ਸੁਹਪਣ ਦਾ ਸਵਾਦ ਮਾਣਦੇ ਹਨ। ਵਾਨੀਆ ਆਪਣੇ ਕੰਮ ਵਿਚ ਮਸਤ ਸੀ, ਉਹ ਮਖਿਆਰੀਆਂ ਦੀ ਇਕ ਖਖਰ ਵਾਹ ਰਿਹਾ ਸੀ, ਜਿਸਦੇ ਨਾਲ ਇਕ ਰੁਖ ਸੀ। ਰੁਖ ਉਤੇ ਬੜੇ ਵਡੇ ਫੁਲ ਸਨ ਅਤੇ ਫੁਲਾਂ ਵਿਚੋਂ ਇਕ ਉਤੇ ਲਗ ਭਗ ਖਖਰ ਜਿੰਨੀ ਵਡੀ ਹੀ ਇਕ ਮਖਿਆਰੀ ਸੀ। ਬਚੇ ਦੀਆਂ ਗਲ੍ਹਾਂ ਜਤਨ ਕਾਰਨ ਭਖ ਰਹੀਆਂ ਸਨ ਅਤੇ ਉਹਦੀਆਂ ਅਖਾਂ ਪ੍ਰੇਰਨਾ ਦੀ ਚਮਕ ਨਾਲ ਲਟ ਲਟ ਕਰ ਰਹੀਆਂ ਸਨ, ਜਿਸ ਉਤੇ ਅਧਿਆਪਕ ਨੂੰ ਬਹੁਤ ਖ਼ੁਸ਼ੀ ਦੇਂਦੀ ਹੈ।

ਬਚਿਆਂ ਦੀ ਰਚਨਾਤਮਕਤਾ ਉਹਨਾਂ ਦੇ ਅੰਤ੍ਰੀਵ ਜੀਵਨ, ਸਵੈ-ਪ੍ਰਗਟਾਅ ਅਤੇ ਸਵੈ-ਦ੍ਰਿੜ੍ਹਾਉਣ ਦਾ ਡੂੰਘਾ, ਅਭਰਿਠ ਪ੍ਰਗਟਾਅ ਹੈ, ਜਿਸ ਵਿਚ ਹਰ ਬਚੇ ਦੀ ਮੌਲਕਤਾ ਸਾਫ਼ ਤੌਰ ਉਤੇ ਸਾਹਮਣੇ ਆਉਂਦੀ ਹੈ। ਇਸ ਮੌਲਕਤਾ ਦਾ ਕਿਸੇ ਤਰ੍ਹਾਂ ਦੀ ਸਰਬ-ਵਿਆਪਕ ਤੌਰ ਉਤੇ ਲਾਗੂ ਹੋਣ ਵਾਲੀ ਕਸੌਟੀ ਰਾਹੀਂ ਵਰਗੀਕਰਨ ਨਹੀਂ ਕੀਤਾ ਜਾ ਸਕਦਾ।

ਕੋਲੀਆ ਨੇ ਇਹ ਨਾ ਦਸਿਆ ਕਿ ਉਹਨੂੰ ਕੀ ਪਸੰਦ ਹੈ ਪਰ ਜੋ ਕੁਝ ਉਹਨੇ ਵਾਹਿਆ ਮੈਂ ਉਸ ਤੋਂ ਬਹੁਤ ਉਤੇਜਤ ਹੋਇਆ। ਨਿਕੇ ਬਚੇ ਵਲੋਂ ਬਣਾਏ ਚਿਤਰ ਵਿਚ ਮੈਂ ਇਕ ਰੁਖ ਵੇਖਿਆ, ਜਿਸਦੀਆਂ ਅਨੇਕ ਟਹਿਣੀਆਂ ਗੋਲ ਫਲਾਂ ਨਾਲ ਜੜੀਆਂ ਹੋਈਆਂ ਸਨ। ਇਹਦਾ ਅਰਥ ਇਹ ਸੀ ਕਿ ਉਹ ਸਿਉ ਦਾ ਰੁਖ ਹੈ। ਰੁਖ ਤੋਂ ਬਹੁਤ ਉਪਰ ਚੰਨ ਦੇ ਦੁਆਲੇ ਪਰਵਾਰ ਦੇ ਰੂਪ ਵਿਚ ਤਾਰਿਆਂ ਦਾ ਝੁਰਮਟ ਸੀ। ਮੇਰਾ ਕਿੰਨਾ ਜੀਅ ਕਰਦਾ ਇਹ ਰੋਚਕ ਚਿਤਰ ਤੋ ਬਚੇ ਦੇ ਅਤਿ-ਅੰਤ ਅੰਤ੍ਰੀਵ ਵਿਚਾਰ ਪੜ੍ਹਾਂ, ਕਿਉਂਕਿ ਜਦੋਂ ਅਸੀ ਸੰਸਾਰ ਨੂੰ ਵੇਖ ਰਹੇ ਸਾਂ ਤਾਂ ਮੈਂ ਉਹਦੀਆਂ ਅਖਾਂ ਵਿਚ ਪ੍ਰੇਰਨਾ ਦੀ ਅਜਿਹੀ ਹੀ ਚਿਣਗ ਵੇਖੀ।

"ਸਿਉਆਂ ਦੇ ਰੁਖ ਦੇ ਉਤੇ ਇਹ ਨਿਕੇ ਤਾਰੇ ਕੀ ਹਨ?" ਮੈਂ ਕੋਲੀਆ ਤੋਂ ਪੁਛਿਆ।

"ਇਹ ਤਾਰੇ ਨਹੀਂ," ਮੁੰਡੇ ਨੇ ਕਿਹਾ। "ਇਹ ਉਹ ਰੁਪਹਿਲੀ ਚੰਗਿਆੜੀਆਂ ਨੇ ਜਿਹੜੀਆਂ ਚੰਨ ਦੇ ਬਾਗ਼ ਵਿਚ ਡਿਗਦੀਆਂ ਨੇ। ਚੰਨ ਉਤੇ ਵੀ ਧੜਵੈਲ ਲੁਹਾਰ ਹੁੰਦੇ ਨੇ, ਕਿ ਨਹੀਂ ਹੁੰਦੇ?"

ਬਚੇ ਨੂੰ ਸ਼ਾਮ ਦੀਆਂ ਸ਼ਾਂਤ ਘੜੀਆਂ ਵਿਚ ਜਿਹੜਾ ਵਿਚਾਰ ਅਹੁੜਿਆ ਸੀ, ਉਹਦੇ ਉਤੇ ਹੈਰਾਨ ਹੁੰਦੇ ਹੋਏ ਮੈਂ ਕਿਹਾ, "ਜ਼ਰੂਰ ਹੁੰਦੇ ਹਨ।" ਇਹਦਾ ਅਰਥ ਇਹ ਸੀ ਕਿ ਉਹਨੇ ਰਾਤ ਸਮੇਂ ਅਸਮਾਨ ਵਲ ਵੇਖਿਆ ਸੀ, ਚੰਨ ਦੀ ਚਮਕ ਨੂੰ ਸਲਾਹਿਆ ਸੀ ਅਤੇ ਸਿਉ ਦੇ ਰੁਖਾਂ ਦੇ ਉਤੇ ਥਰਥਰਾਉਂਦੇ ਪੀਲੇ ਪਰਵਾਰ ਨੂੰ ਵੇਖਿਆ ਸੀ।

"ਪਰ ਧੜਵੈਲ ਲੁਹਾਰ ਰਾਤ ਸਮੇਂ ਕਿਹੋ ਜਿਹੇ ਧਾਗੇ ਘੜਦੇ ਨੇ?" ਬਚੇ ਨੇ ਸੋਚੀਂ ਡੁਬੇ ਹੋਏ ਪੁਛਿਆ, ਮੈਨੂੰ ਜਾਪਿਆ ਜਿਵੇਂ ਉਹ ਇੰਨਾ ਅਧਿਆਪਕ ਨੂੰ ਸੰਬੋਧਨ ਨਹੀਂ ਸੀ ਕਰ ਰਿਹਾ ਜਿੰਨਾਂ ਆਪਣੀ ਰਾਤ ਦੀਆਂ ਯਾਦਾਂ, ਚੰਨ ਦੀ ਪੀਲੀ ਚਮਕ, ਤਾਰਿਆਂ ਦੇ ਗੋਲ ਚਕਰ ਵਿਚ ਨਾਚ ਨੂੰ ਪ੍ਰਗਟ ਕਰ ਰਿਹਾ ਸੀ। ਮੈਂ ਉਹਦੀ ਰਚਨਾਤਮਕ ਪ੍ਰੇਰਨਾ ਨੂੰ ਵਿਗਾੜਨੋਂ ਡਰਦਾ ਸਾਂ। ਮੇਰਾ ਦਿਲ ਲਭਤ ਦੀ ਖ਼ੁਸ਼ੀ ਨਾਲ ਧਕ ਧਕ ਕਰ ਰਿਹਾ ਸੀ: ਰਚਨਾਤਮਕਤਾ ਬਚੇ ਦੀ ਆਤਮਾ ਦੀਆਂ ਧੁਰ ਅੰਦਰਲੀਆਂ ਨੁਕਰਾਂ ਖੋਹਲ ਦੇਂਦੀ ਹੈ, ਉਹ ਨੁਕਰਾਂ ਜਿਨ੍ਹਾਂ ਵਿਚ ਦਿਆਲ ਭਾਵਨਾਵਾਂ ਸੌਂਦੀਆਂ ਹਨ। ਬਚੇ ਨੂੰ ਆਪਣੇ ਦੁਆਲੇ ਸੁਹਪਣ ਅਨੁਭਵ ਕਰਨ ਵਿਚ ਸਹਾਇਤਾ ਦੇਕੇ ਅਧਿਆਪਕ ਅਚੇਤ ਤੌਰ ਉਤੇ ਇਹਨਾਂ ਨੁਕਰਾਂ ਨੂੰ ਛੂੰਹਦਾ ਹੈ।

ਲਾਰੀਸਾ ਦੀ ਉਦਾਹਰਣ ਉਤੇ ਚਲਦੇ ਹੋਏ ਮੈਂ ਧੜਵੈਲ ਲੁਹਾਰਾਂ ਦਾ ਚਿਤਰ ਵਾਹੁਣਾ ਸ਼ੁਰੂ ਕਰ ਦਿਤਾ। ਮੇਰਾ ਵਿਚਾਰ ਸੀ ਮੈਂ ਚਿਤਰ ਕੁਝ ਚੰਗਾ ਹੀ ਬਣਾਇਆ ਹੈ। ਲੁਹਾਰ ਅਸਲੀ ਲੁਹਾਰਾਂ ਜਿਹੇ ਲਗਦੇ ਸਨ; ਅਹਿਰਣ ਐਨ ਉਹੋ ਜਿਹੀ ਸੀ ਜਿਹੋ ਜਿਹੀਆਂ ਪੰਚਾਇਤੀ ਫ਼ਾਰਮ ਦੇ ਲੁਹਾਰਖ਼ਾਨੇ ਵਿਚ ਸਨ। ਇਹ ਭੁਲਦੇ ਹੋਏ ਕਿ ਮੈਂ ਪ੍ਰੰਦ ਉਮਰ ਦਾ ਬੰਦਾ ਹਾਂ ਮੈਂ ਖ਼ੁਸ਼ੀ ਅਨੁਭਵ ਕੀਤੀ; ਸੁਭਾਵਕ ਹੀ ਮੇਰੇ ਲੁਹਾਰ ਲਾਰੀਸਾ ਨਾਲੋਂ ਚੰਗੇਰੇ ਹੋਣਗੇ। ਪਰ ਬਚਿਆਂ ਨੇ ਮੇਰੇ ਚਿਤਰ ਵਲ ਲਗ ਭਗ ਉਕਾ ਹੀ ਧਿਆਨ ਨਾ ਦਿਤਾ ਪਰ ਉਹ ਸਚੀ ਰੋਚਕਤਾ ਨਾਲ ਲਾਰੀਸਾ ਦੁਆਲੇ ਇਕਠੇ ਹੋ ਗਏ। "ਉਹਨੇ ਕੀ ਅਚਰਜ ਚਿਤਰ ਵਾਹਿਆ ਹੈ?" ਮੈਂ ਮਨ ਹੀ ਮਨ ਵਿਚ ਸੋਚਿਆ। ਮੈਂ ਬਚਿਆਂ ਦੇ ਸਿਰਾਂ ਦੇ ਉਤੋਂ ਝਾਕਿਆ—ਬਚੀ ਦੇ ਚਿਤਰ ਵਿਚ ਕੋਈ ਵਿਸ਼ੇਸ਼ ਗਲ ਨਹੀਂ ਸੀ ਜਾਪਦੀ, ਸੋ ਉਹ ਇਹਦੀ ਇੰਨੀ ਸ਼ਲਾਘਾ ਕਿਉਂ ਕਰ ਰਹੇ ਸਨ ਅਤੇ ਮੇਰੇ ਚਿਤਰ ਨੂੰ ਉਕਾ ਹੀ ਅਖੋ ਉਹਲਾ ਕਿਉਂ ਕਰ ਰਹੇ ਸਨ? ਜਿੰਨਾਂ ਨੇੜਿਉਂ ਮੈਂ ਉਹਦੇ ਚਿਤਰ ਨੂੰ ਵੇਖਦਾ, ਉਨੀ ਵਧੇਰੇ ਇਹ ਗਲ ਮੇਰੇ ਲਈ ਸਪਸ਼ਟ ਹੁੰਦੀ ਜਾਂਦੀ ਕਿ ਬਚਿਆਂ ਦੀ ਸੰਸਾਰ ਸੰਬੰਧੀ ਆਪਣੀ ਹੀ ਦ੍ਰਿਸ਼ਟੀ ਹੁੰਦੀ ਹੈ,

ਕਲਾਤਮਕ ਪ੍ਰਗਟਾਅ ਦੀ ਆਪਣੀ ਭਾਸ਼ਾ ਹੁੰਦੀ ਹੈ, ਅਤੇ ਭਾਵੇਂ ਤੁਸੀਂ ਕਿੰਨਾ ਜਤਨ ਕਿਉਂ ਨਾ ਕਰੋ, ਤੁਸੀਂ ਉਹਨਾਂ ਦੀ ਭਾਸ਼ਾ ਦੀ ਨਕਲ ਨਹੀਂ ਕਰ ਸਕਦੇ। ਮੇਰੇ ਧੜਵੈਲ ਲੁਹਾਰਾਂ ਨੇ ਸਾਧਾਰਨ ਟੋਪੀਆਂ ਅਤੇ ਉਤੇਰਨ ਪਹਿਨੇ ਹੋਏ ਸਨ, ਉਹਨਾਂ ਲੰਮੇ ਬੂਟ ਪਹਿਨੇ ਹੋਏ ਸਨ ਅਤੇ ਉਹਨਾਂ ਦੀਆਂ ਲੰਮੀਆਂ ਦਾੜ੍ਹੀਆਂ ਸਨ। ਪਰ ਉਹਦਿਆਂ ਦੇ ਝੰਡਲ ਸਿਰਾਂ ਦੁਆਲੇ ਚੰਗਿਆੜੀਆਂ ਦਾ ਪਰਵਾਰ ਸੀ, ਅਤੇ ਬਲਵਾਨ ਲੁਹਾਰਾਂ ਦੀਆਂ ਦਾੜ੍ਹੀਆਂ ਬਸ ਦਾੜ੍ਹੀਆਂ ਹੀ ਨਹੀਂ ਸਨ ਉਹ ਅਗ ਦੇ ਘੁੰਗਰ ਸਨ। ਉਹਨਾਂ ਦੇ ਬਹੁਤ ਵਡੇ ਹਥੌੜੇ ਉਹਨਾਂ ਦੇ ਸਿਰਾਂ ਨਾਲੋਂ ਲਗ ਭਗ ਦੂਣੇ ਸਨ।... ਬਚੇ ਲਈ ਇਹ ਸਚ ਦੀ ਉਲੰਘਣਾ ਨਹੀਂ ਸੀ ਸਗੋਂ ਆਪਣੇ ਆਪ ਵਿਚ ਅਤੇ ਆਪਣੇ ਆਪ ਸੰਬੰਧੀ ਸਚ ਸੀ—ਅਣੋਖੇ ਬਲ ਅਤੇ ਕਾਰੀਗਰੀ ਦਾ, ਇਕ ਬਲਵਾਨ ਮਨੁਖ ਅਤੇ ਅਗ ਦੇ ਅੰਸ਼ ਦੀ ਪਰੀ-ਕਹਾਣੀਆਂ ਜਿਹੀ ਸਾਂਝ ਦਾ ਸਚ ਸੀ। ਇਹ ਲਾਜ਼ਮੀ ਹੈ ਕਿ ਅਸੀਂ ਬਚਿਆਂ ਦੀ ਖ਼ਿਆਲ-ਉਡਾਰੀ ਦੀ ਭਾਸ਼ਾ ਨੂੰ ਬਾਲਗਾਂ ਦੀ ਭਾਸ਼ਾ ਨਾਲ ਸੁਮੇਲਣ ਦਾ ਜਤਨ ਨਾ ਕਰੀਏ। ਬਚਿਆਂ ਨੂੰ ਇਕ ਦੂਜੇ ਨਾਲ ਆਪਣੀ ਭਾਸ਼ਾ ਵਿਚ ਗਲ ਬਾਤ ਕਰਨ ਦਿਓ। ਮੈਂ ਮੁਢਲੀਆਂ ਸ਼੍ਰੇਣੀਆਂ ਦੇ ਅਧਿਆਪਕਾਂ ਨੂੰ ਸਲਾਹ ਦੇਂਦਾ ਕਿ ਉਹ ਬਚਿਆਂ ਨੂੰ ਸਾਪੇਖਤਾ, ਵਿਥ-ਸੂਝ ਅਤੇ ਤੋਲ ਦੇ ਨਿਯਮ ਸਿਖਾਉਣ—ਇਹ ਸਭ ਕੁਝ ਬਹੁਤ ਚੰਗਾ ਹੈ, ਪਰ ਇਹਦੇ ਨਾਲ ਹੀ ਨਾਲ ਬਚਿਆਂ ਦੀ ਕਲਪਨਾ ਲਈ ਥਾਂ ਰਹਿਣ ਦੇਣ, ਬਚੇ ਦੀ ਸੰਸਾਰ ਨੂੰ ਪਰੀ-ਕਹਾਣੀਆਂ ਰਾਹੀਂ ਚਿਤਰਨ ਦੀ ਯੋਗਤਾ ਨੂੰ ਖ਼ਤਮ ਨਾ ਕਰਨ।...

ਹਰ ਬਚਾ ਮੈਨੂੰ ਦਸਣਾ ਚਾਹੁੰਦਾ ਸੀ ਕਿ ਉਹਨੇ ਕਾਹਦਾ ਚਿਤਰ ਵਾਹਿਆ ਹੈ। ਇਹਨਾਂ ਵਿਚ ਕਹਾਣੀਆਂ, ਸਪਸ਼ਟ ਬਿੰਬਾਂ ਅਤੇ ਤੁਲਨਾਵਾਂ ਅਰਧ-ਮਣੀਆਂ ਵਾਂਗ ਲਿਸ਼ਕਦੀਆਂ ਸਨ। ਚਿਤਰ ਵਾਹੁਣ ਨਾਲ ਬਚਿਆਂ ਦੀ ਬੋਲਣ ਕਤੀ ਨੂੰ ਵਿਕਸਤ ਕਰਨ ਵਿਚ ਸਹਾਇਤਾ ਮਿਲੀ।

ਅਸੀਂ ਖੇਤਾਂ ਅਤੇ ਜੂਹਾਂ ਵਿਚ ਆਪਣੀਆਂ ਲਗ ਭਗ ਸਾਰੀਆਂ ਸੈਰਾਂ ਸਮੇਂ ਕਾਗ਼ਜ਼ ਅਤੇ ਪੈਂਸਲਾਂ ਆਪਣੇ ਨਾਲ ਲਿਜਾਣ ਲਗ ਪਏ। ਵਡੇਰੇ ਵਿਦਿਆਰਥੀਆਂ ਨੇ ਛੁਟੇਰਿਆਂ ਲਈ ਨਿਕੀਆਂ ਕਾਪੀਆਂ ਬਣਾਈਆਂ ਜਿਹੜੀਆਂ ਉਹ ਆਪਣੀਆਂ ਜੇਬਾਂ ਵਿਚ ਰਖ ਸਕਦੇ ਸਨ। ਬਸੰਤ ਰੁਤੇ, ਸਾਡਾ ਸਕੂਲ ਸ਼ੁਰੂ ਹੋਣ ਤੋ ਕਈ ਮਹੀਨੇ ਪਿਛੋ ਮੈਂ ਇਕ ਵਡੀ ਐਲਬਮ ਬਣਾਈ, ਜਿਸ ਵਿਚ ਹਰ ਬਚੇ ਨੇ ਆਲੇ ਦੁਆਲੇ ਦੇ ਸੰਸਾਰ ਵਿਚੋਂ ਜੋ ਉਹਦਾ ਜੀਅ ਕੀਤਾ ਉਹਦਾ ਚਿਤਰ ਬਣਾਇਆ। ਮੈਂ ਉਹਦੇ ਵਿਚ ਨਿਕੀਆਂ ਕਹਾਣੀਆਂ ਵੀ ਲਿਖੀਆਂ। ਇਹ ਐਲਬਮ ਸਾਡੇ ਸਮੂਹ ਦੇ ਜੀਵਨ ਅਤੇ ਆਤਮਕ ਵਿਕਾਸ ਵਿਚ ਇਕ ਸਮੁਚਾ ਕਾਂਡ ਸੀ।

## ਜਿਊਂਦੀਆਂ ਵਸਤਾਂ ਅਤੇ ਸੁਹਣੀਆਂ ਦਾ ਧਿਆਨ ਰਖਣਾ

ਜਿਊਂਦੀਆਂ ਵਸਤਾਂ ਅਤੇ ਉਹਨਾਂ ਦੁਆਲੇ ਦੇ ਸੰਸਾਰ ਵਿਚ ਸੁਹਪਣ ਵਲ ਕੁਝ ਬਚਿਆਂ ਦੀ ਲਾਪ੍ਰਵਾਹੀ ਉਤੇ ਮੈਨੂੰ ਚਿੰਤਾ ਹੁੰਦੀ। ਮੈਨੂੰ ਅਜਿਹੀਆਂ ਹਰਕਤਾਂ ਤੰਗ ਕਰਦੀਆਂ, ਜਿਹੜੀਆਂ ਪਹਿਲੀ ਨਜ਼ਰੇ ਸਮਝਣੋਂ ਬਾਹਰਲਾ ਬਚਗਾਨਾ ਜ਼ੁਲਮ ਜਾਪਦੀਆਂ। ਅਸੀਂ ਜੂਹ ਵਿਚ ਚਲ ਰਹੇ ਸਾਂ ਅਤੇ ਤਿਤਲੀਆਂ, ਭੌਰੇ ਅਤੇ ਕਈ ਤਰ੍ਹਾਂ ਦੇ ਕੀੜੇ ਘਾਹ ਉਤੇ ਉਡ ਰਹੇ ਸਨ। ਯੂਰਾ ਨੇ ਇਕ ਟਿਡਾ ਫੜਿਆ, ਆਪਣੀ ਜੇਬ ਵਿਚੋਂ ਸ਼ੀਸ਼ੇ ਦਾ ਇਕ ਟੋਟਾ ਕਢਿਆ ਅਤੇ ਇਹ ਵੇਖਣ ਲਈ ਕਿ "ਉਹ ਅੰਦਰੋਂ ਕਿਹੋ ਜਿਹਾ ਹੈ" ਟਿਡੇ ਦੇ ਦੋ ਟੋਟੇ ਕਰ ਦਿਤੇ। ਅਬਾਬੀਲਾਂ ਦੇ ਕਈ ਝੁਡ ਸਕੂਲ ਦੇ ਖੇਤ ਦੀ ਘਣੀ ਨੁਕਰੇ ਕਈ ਵਰ੍ਹਿਆਂ ਤੋਂ ਰਹਿੰਦੇ ਆ ਰਹੇ ਸਨ। ਅਸੀਂ ਅਜੇ ਉਥੇ ਅਪੜੇ ਹੀ ਸਾਂ ਅਤੇ ਮੈਂ ਅਜੇ ਅਬਾਬੀਲਾਂ ਸੰਬੰਧੀ ਗਲ ਸ਼ੁਰੂ ਹੀ ਕੀਤੀ ਸੀ ਕਿ ਸ਼ੂਰਾ ਨੇ ਪੰਛੀਆਂ ਦੇ ਆਲ੍ਹਣੇ ਉਤੇ ਪਥਰ ਸੁਟ ਮਾਰਿਆ। ਸਾਰੇ ਬਚੇ ਵਿਹੜੇ ਵਿਚ ਉਗੇ ਨੀਲੋਫਰ ਦੇ ਸੁਹਣੇ ਫੁਲਾਂ ਦਾ ਧਿਆਨ ਰਖਦੇ, ਪਰ ਲੂਸੀਆ ਕਿਆਰੀ ਕੋਲ ਗਈ ਅਤੇ ਫੁਲ ਤੋੜ ਦਿਤੇ। ਇਹ ਸਭ ਕੁਝ **ਖ਼ੁਸ਼ੀ ਦੇ ਸਕੂਲ** ਦੇ ਮੁਢਲੇ ਦਿਨਾਂ ਵਿਚ ਹੋਇਆ। ਮੈਨੂੰ ਅਹੁੜਿਆ ਕਿ ਸੁਹਣੇ ਲਈ ਬਚਿਆਂ ਦੀ ਸ਼ਲਾਘਾ ਸੁਹਣੇ ਦੀ ਹੋਣੀ ਲਈ ਬਚਿਆਂ ਦੀ ਲਾਪ੍ਰਵਾਹੀ ਨਾਲ ਰਲ ਜਾਂਦੀ ਹੈ: ਆਪਣੇ ਸ਼ਾਗਿਰਦਾਂ ਨੂੰ ਮਿਲਣ ਤੋਂ ਬਹੁਤ ਸਮਾਂ ਪਹਿਲਾਂ ਮੈਨੂੰ ਇਹ ਨਿਸ਼ਚਾ ਹੋ ਗਿਆ ਸੀ ਕਿ ਸੁਹਪਣ ਲਈ ਸ਼ਲਾਘਾ ਸਦਭਾਵਾ ਦੀਆਂ ਪਹਿਲੀਆਂ ਲਗਰਾਂ ਤੋਂ ਬਿਨਾਂ ਕੁਝ ਨਹੀਂ, ਜਿਸਦੀ ਪਰਵਈ ਕਰਨਾ ਲਾਜ਼ਮੀ ਹੈ। ਮੈਂ ਕੋਲੀਆ ਅਤੇ ਤੋਲੀਆ ਦੀਆਂ ਹਰਕਤਾਂ ਉਤੇ ਵਿਸ਼ੇਸ਼ ਤੌਰ ਉਤੇ ਪ੍ਰੇਸ਼ਾਨ ਸਾਂ। ਕੋਲੀਆ ਨੂੰ ਚਿੜੀਆਂ ਦੇ ਆਲ੍ਹਣੇ ਤੋੜਨ ਦਾ ਸ਼ੁਦਾ ਸੀ। ਲੋਕ ਕਹਿੰਦੇ ਕਿ ਉਹ ਟੁਟੇ ਆਲ੍ਹਣੇ ਵਿਚੋਂ ਡਿਗੇ ਬੋਟਾਂ ਨੂੰ ਫੜ ਲੈਂਦਾ ਅਤੇ ਉਹਨਾਂ ਨੂੰ ਕਰੀਮ ਕਢਣ ਵਾਲੇ ਖਾਤੇ ਦੇ ਗੰਦਾ ਪਾਣੀ ਲਿਜਾਣ ਵਾਲੇ ਪਾਈਪ ਵਿਚ ਸੁਟ ਦੇਂਦਾ। ਬੋਟ ਬੜੀ ਦੇਰ ਚੀਂ ਚੀਂ ਕਰਦੇ ਰਹਿੰਦੇ ਅਤੇ ਕੋਲੀਆ ਪਾਈਪ ਨਾਲ ਕੰਨ ਲਾਕੇ ਉਹਨਾਂ ਦਾ ਚੀਕਣਾ ਸੁਣਦਾ ਰਹਿੰਦਾ। ਜ਼ੁਲਮ ਕੋਲੀਆ ਵਿਚ ਹੀ ਸਪਸ਼ਟ ਨਹੀਂ ਸੀ ਜਿਹੜਾ ਇਕ ਬਿਖੜੇ ਟਬਰ ਵਿਚੋਂ ਸੀ ਸਗੋਂ ਉਹਨਾਂ ਬਚਿਆਂ ਵਿਚ ਵੀ ਸੀ ਜਿਹੜੇ ਸਾਧਾਰਨ ਆਲੇ-ਦੁਆਲੇ ਵਿਚੋਂ ਆਏ ਸਨ। ਅਤੇ ਸਭ ਤੋਂ ਵਧ ਤੌਖਲੇ ਵਾਲੀ ਗਲ ਇਹ ਸੀ ਕਿ ਬਚੇ ਇਹ ਨਹੀਂ ਸਨ ਸਮਝਦੇ ਕਿ ਬੁਰਾਈ ਅਤੇ ਸੁਹਪਣ ਅਤੇ ਜਿਊਂਦੀਆਂ ਵਸਤਾਂ ਵਲ ਲਾਪ੍ਰਵਾਹੀ ਦੇ ਇਹ ਨਿਕੇ ਨਿਕੇ ਪ੍ਰਗਟਾਅ, ਜਿਨ੍ਹਾਂ ਦਾ ਅੰਤਮ ਸਿਟਾ ਬੇਦਰਦੀ ਹੁੰਦਾ ਹੈ, ਘਿਰਣਾ ਯੋਗ ਸਨ।

ਬਚਿਆਂ ਵਿਚ ਸੁਹਣੀਆਂ ਅਤੇ ਦਿਆਲ ਭਾਵਨਾਵਾਂ ਕਿਵੇਂ ਜਗਾਈਆਂ ਜਾਣ? ਉਹਨਾਂ ਦੇ ਦਿਲਾਂ ਵਿਚ ਜਿਊਂਦੀਆਂ ਵਸਤਾਂ ਅਤੇ ਸੁਹਪਣ ਲਈ ਦਿਆਲਤਾ ਅਤੇ

ਵਿਚਾਰ-ਭਰਪੂਰ ਧਿਆਨ ਕਿਵੇਂ ਕਾਇਮ ਰਖਿਆ ਜਾਵੇ? ਖੇਤਾਂ ਵਿਚ ਚਲਦੇ ਹੋਏ ਇਕ ਵਾਰ ਸਾਨੂੰ ਇਕ ਚੰਡੋਲ ਮਿਲਿਆ, ਜਿਸਦਾ ਖੰਭ ਟੁਟਾ ਹੋਇਆ ਸੀ। ਪੰਛੀ ਇਧਰ ਉਧਰ ਫੁਦਕ ਰਿਹਾ ਸੀ ਪਰ ਉਡ ਨਹੀਂ ਸੀ ਸਕਦਾ। ਬਚਿਆਂ ਨੇ ਚੰਡੋਲ ਨੂੰ ਫੜ ਲਿਆ। ਜੀਵਨ ਦਾ ਇਹ ਨਿਕਾ ਟੋਟਾ ਉਹਨਾਂ ਦੇ ਹਥਾਂ ਵਿਚ ਕੰਬਣ ਲਗ ਪਿਆ, ਉਹਦੀਆਂ ਅਖਾਂ ਅਸਮਾਨ ਵਲ ਵੇਖਦੇ ਨਿਕੇ ਮਣਕਿਆਂ ਜਿਹੀਆਂ ਸਨ। ਕੋਲੀਆ ਨੇ ਉਹਨੂੰ ਘੁਟਿਆ ਅਤੇ ਉਹ ਤਰਸਯੋਗ ਢੰਗ ਨਾਲ ਚੂਕਣ ਲਗ ਪਿਆ। ਬਚੇ ਹਸਣ ਲਗ ਪਏ। "ਇਹ ਕਿਵੇਂ ਹੋ ਸਕਦਾ ਹੈ ਕਿ ਉਹਨਾਂ ਵਿਚੋਂ ਕਿਸੇ ਨੂੰ ਇਸ ਪੰਛੀ ਉਤੇ ਤਰਸ ਨਹੀਂ ਆਉਂਦਾ ਜਿਸਨੂੰ ਉਹਦੇ ਸਾਥੀ ਪਿਛੇ ਛਡ ਗਏ ਹਨ?" ਮੈਂ ਸੋਚਿਆ ਅਤੇ ਬਚਿਆਂ ਵਲ ਵੇਖਿਆ। ਲੀਦਾ, ਤਾਨੀਆ, ਦਾਨਕੋ, ਸੇਰਯੋਜ਼ਾ ਅਤੇ ਨੀਨਾ ਦੀਆਂ ਅਖਾਂ ਸਜਲ ਹੋਈਆਂ ਹੋਈਆਂ ਸਨ।

"ਤੁਸੀਂ ਇਸ ਵਿਚਾਰੇ ਪੰਛੀ ਨੂੰ ਦੁਖ ਕਿਉਂ ਦੇ ਰਹੇ ਹੋ?" ਲੀਦਾ ਨੇ ਦੁਖੀ ਆਵਾਜ਼ ਵਿਚ ਕੋਲੀਆ ਨੂੰ ਕਿਹਾ।

"ਤੈਨੂੰ ਕੀ?" ਮੁੰਡੇ ਨੇ ਕਿਹਾ। "ਇਹ ਲੈ ਜਾ ਅਤੇ ਇਹਨੂੰ ਪਾਲ ਲੈ," ਉਹਨੇ ਕਿਹਾ ਅਤੇ ਪੰਛੀ ਲੀਦਾ ਵਲ ਵਗਾਹ ਮਾਰਿਆ।

"ਮੈਨੂੰ ਇਹਦੇ ਉਤੇ ਤਰਸ ਆਉਂਦੈ ਤੇ ਮੈਂ ਇਹਦਾ ਧਿਆਨ ਰਖਾਂਗੀ," ਕੁੜੀ ਨੇ ਚੰਡੋਲ ਨੂੰ ਪਲੋਸਦੇ ਹੋਏ ਕਿਹਾ।

ਅਸੀਂ ਜੰਗਲ ਦੇ ਕੰਢੇ ਖੜੇ ਸਾਂ। ਮੈਂ ਬਚਿਆਂ ਨੂੰ ਦਸਿਆ ਕਿ ਪਤ-ਝੜ ਦੀ ਰੁਤੇ ਮੌਸਮੀ ਪੰਛੀਆਂ ਦੇ ਝੁੰਡ ਉਡ ਕੇ ਬਹੁਤ ਦੂਰ ਜਾਂਦੇ ਹਨ। ਕੁਝ ਇਕਲੇ ਦੁਕਲੇ ਪੰਛੀ ਖੇਤਾਂ ਵਿਚ ਪਿਛੇ ਰਹਿ ਜਾਂਦੇ ਹਨ—ਉਹ ਜਿਨ੍ਹਾਂ ਦੇ ਖੰਭ ਟੁਟ ਜਾਂਦੇ ਹਨ ਜਾਂ ਜਿਨ੍ਹਾਂ ਆਪਣੇ ਆਪ ਨੂੰ ਕਿਸੇ ਸ਼ਿਕਾਰੀ ਪੰਛੀ ਦੇ ਪੰਜੇ ਤੋਂ ਛੁਡਾ ਲਿਆ ਹੁੰਦਾ ਹੈ।... ਅਤੇ ਬਰਛੀਲੇ ਝਖੜਾਂ ਅਤੇ ਕਰੜੇ ਕਕਰ ਵਾਲਾ ਸਿਆਲ ਉਹਨਾਂ ਦੇ ਸਿਰ ਉਤੇ ਸੀ। ਇਸ ਚੰਡੋਲ ਦਾ ਕੀ ਬਣੇਗਾ? ਵਿਚਾਰਾ ਯਖ ਬਣਕੇ ਮਰ ਜਾਵੇਗਾ। ਪਰ ਬਸੰਤ ਅਤੇ ਹੁਨਾਲ ਵਿਚ ਸਤੈਪ ਦੇ ਮੈਦਾਨ ਨੂੰ ਕੀਲਣ ਵਾਲੀਆਂ ਤਾਨਾਂ ਨਾਲ ਭਰਪੂਰ ਕਰਦਾ ਉਹ ਕਿੰਨੀ ਸੁਹਣੀ ਤਰ੍ਹਾਂ ਗਾ ਸਕਦਾ ਸੀ। ਚੰਡੋਲ ਸੂਰਜ ਦਾ ਜੀਵ ਹੈ। ਪਰੀ-ਕਹਾਣੀਆਂ ਵਿਚ ਕਿਹਾ ਗਿਆ ਹੈ ਕਿ "ਇਹ ਪੰਛੀ ਸੂਰਜ ਦੀ ਅਗ ਵਿਚੋਂ ਜੰਮਿਆ ਹੈ।" ਇਸੇ ਲਈ ਸਾਡੇ ਲੋਕਾਂ ਨੇ ਇਹਨੂੰ "ਅਗਨ ਪੰਛੀ" ਦਾ ਨਾਂ ਦਿਤਾ ਹੈ।... ਅਤੇ ਤੁਸੀਂ ਸਾਰੇ ਜਾਣਦੇ ਹੋ ਕਿ ਜਦੋਂ ਤੁਹਾਡੀਆਂ ਉਂਗਲਾਂ ਠੰਢ ਨਾਲ ਯਖ ਹੋ ਜਾਂਦੀਆਂ ਹਨ ਅਤੇ ਕਕਰੀਲੀ ਹਵਾ ਸਾਹ ਲੈਣਾ ਔਖਾ ਬਣਾ ਦੇਂਦੀ ਹੈ ਤਾਂ ਕਿੰਨੀ ਪੀੜ ਹੁੰਦੀ ਹੈ। ਤੁਸੀਂ ਕਾਹਲੀ ਕਾਹਲੀ ਗਰਮ ਅੰਗੀਠੀ ਕੋਲ ਅਪੜਨ ਲਈ ਘਰ ਜਾਂਦੇ ਹੋ।... ਪਰ ਇਹ ਵਿਚਾਰਾ ਪੰਛੀ ਕਿਥੇ ਜਾਵੇਗਾ? ਇਹਨੂੰ ਕੌਣ ਸ਼ਰਨ ਦੇਵੇਗਾ? ਇਹ ਤਾਂ ਬਰਫ਼ ਦਾ ਟੋਟਾ ਬਣ ਜਾਵੇਗਾ।

"ਪਰ ਅਸੀਂ ਵਿਚਾਰੇ ਚੰਡੋਲ ਨੂੰ ਮਰਨ ਨਹੀਂ ਦੇਣਾ," ਵਾਰੀਆ ਨੇ ਕਿਹਾ। "ਅਸੀਂ ਇਹਨੂੰ ਨਿਘੀ ਨੁਕਰੇ ਰਖਾਂਗੇ, ਇਹਦੇ ਲਈ ਆਲ੍ਹਣਾ ਬਣਾਵਾਂਗੇ ਅਤੇ ਇਹ ਬਸੰਤ ਆਉਣ ਦੀ ਉਡੀਕ ਕਰੇ।..."

ਬਚਿਆਂ ਆਪੋ ਵਿਚ ਇਸ ਸੰਬੰਧੀ ਬਹਿਸ ਸ਼ੁਰੂ ਕਰ ਦਿਤੀ ਕਿ ਚੰਡੋਲ ਲਈ ਨਿਕਾ ਜਿਹਾ ਘਰ ਕਿਵੇਂ ਬਣਾਇਆ ਜਾਵੇ। ਉਹਨਾਂ ਵਿਚੋਂ ਹਰ ਇਕ ਪੰਛੀ ਨੂੰ ਸਿਆਲ ਲਈ ਘਰ ਲਿਜਾਣਾ ਚਾਹੁੰਦਾ ਸੀ। ਬਸ ਕੋਲੀਆ, ਤੋਲੀਆ ਅਤੇ ਕੁਝ ਹੋਰ ਮੁੰਡੇ ਹੀ ਚੁਪ ਸਨ।

"ਬਚਿਓ, ਚੰਡੋਲ ਨੂੰ ਘਰ ਕਿਉਂ ਲਿਜਾਓ? ਅਸੀਂ ਸਕੂਲ ਵਿਚ ਇਹਦੇ ਲਈ ਨਿਘਾ ਆਲ੍ਹਣਾ ਬਣਾ ਸਕਦੇ ਹਾਂ। ਅਸੀਂ ਇਹਨੂੰ ਖਾਣ ਨੂੰ ਦਿਆਂਗੇ, ਅਤੇ ਵਲ ਹੋਣ ਵਿਚ ਇਹਦੀ ਸਹਾਇਤਾ ਕਰਾਂਗੇ ਜਦੋਂ ਬਸੰਤ ਆਵੇਗੀ ਤਾਂ ਇਹਨੂੰ ਖੁਲ੍ਹਾ ਛਡ ਦਿਆਂਗੇ।"

ਅਸੀਂ ਉਹਨੂੰ ਸਕੂਲੇ ਲੈ ਗਏ ਅਤੇ ਇਕ ਪਿੰਜਰੇ ਵਿਚ ਰਖ ਦਿਤਾ ਜਿਹੜਾ ਬਚਿਆਂ ਦੇ ਕਮਰੇ ਵਿਚ ਸੀ। ਹਰ ਰੋਜ਼ ਬਚਿਆਂ ਵਿਚੋਂ ਇਕ ਆਕੇ ਚੰਡੋਲ ਦਾ ਧਿਆਨ ਰਖਦਾ। ਉਹ ਉਹਦੇ ਲਈ ਖਾਣ ਨੂੰ ਕੁਝ ਲਿਆਉਂਦੇ।

ਕੁਝ ਦਿਨ ਪਿਛੋਂ ਕਾਤੀਆ ਇਕ ਚਕੀ-ਰਾਹ ਲੈ ਆਇਆ, ਜਿਹੜਾ ਉਹਦੇ ਪਿਤਾ ਨੂੰ ਜੰਗਲ ਵਿਚੋਂ ਲਭਾ ਸੀ। ਸ਼ਾਇਦ ਉਹਨੂੰ ਕਿਸੇ ਜੰਗਲੀ ਜਾਨਵਰ ਨੇ ਫੜ ਲਿਆ ਸੀ ਅਤੇ ਉਹ ਚਮਤਕਾਰ ਕਾਰਨ ਬਚ ਨਿਕਲਿਆ ਸੀ। ਚਕੀ-ਰਾਹ ਦੇ ਖੰਭ ਬੇਜਾਨ ਜਿਹੇ ਲਟਕ ਰਹੇ ਸਨ ਅਤੇ ਉਹਦੀ ਚੁੰਜ ਉਤੇ ਲਹੂ ਜੰਮਿਆ ਹੋਇਆ ਸੀ। ਅਸਾਂ ਉਹਨੂੰ ਚੰਡੋਲ ਨਾਲ ਰਖ ਦਿਤਾ। ਕਿਸੇ ਨੂੰ ਪਤਾ ਨਹੀਂ ਸੀ ਚਕੀ-ਰਾਹ ਨੂੰ ਕੀ ਖਵਾਇਆ ਜਾਵੇ—ਸ਼ਾਇਦ ਕੀੜੇ? ਅਤੇ ਉਥੋਂ ਕਿਥੋਂ ਲਭੇ ਜਾਣ—ਰੁਖਾਂ ਦੀ ਛਾਲ ਹੇਠਾਂ?

"ਮੈਨੂੰ ਪਤੈ," ਕੋਲੀਆ ਨੇ ਬੜ ਮਾਰੀ। "ਉਹ ਸਿਰਫ਼ ਕੀੜੇ ਤੇ ਮਖੀਆਂ ਹੀ ਨਹੀਂ ਖਾਂਦਾ। ਉਹਨੂੰ ਕਹੂ ਦੀਆਂ ਕਰੂੰਬਲਾਂ 'ਤੇ ਘਾਹ ਦਾ ਬੀ ਵੀ ਚੰਗੇ ਲਗਦੇ ਨੇ। ਮੈਂ ਵੇਖਿਐ।..." ਉਹ ਕੁਝ ਹੋਰ ਕਹਿਣਾ ਚਾਹੁੰਦਾ ਸੀ ਪਰ ਉਹਨੂੰ ਸੰਗ ਆ ਗਈ। ਸ਼ਾਇਦ ਉਹਨੇ ਚਕੀ-ਰਾਹ ਫੜੇ ਸਨ।

"ਚੰਗਾ, ਕਿਉਂਕਿ ਤੈਨੂੰ ਪਤੈ ਚਕੀ-ਰਾਹਾਂ ਨੂੰ ਕੀ ਖਵਾਣਾ ਹੈ, ਤੂੰ ਉਹਦੇ ਲਈ ਖਾਣ ਲਈ ਲਿਆਇਆ ਕਰ। ਵੇਖ ਉਹ ਕਿਨਾਂ ਲਚਾਰ ਜਾਪਦੈ।"

ਸੋ ਕੋਲੀਆ ਚਕੀ-ਰਾਹ ਲਈ ਚੋਗਾ ਲਿਆਉਣ ਲਗ ਪਿਆ। ਉਹਨੂੰ ਅਜੇ ਵੀ ਜਿਊਂਦੀਆਂ ਵਸਤਾਂ ਉਤੇ ਤਰਸ ਨਹੀਂ ਸੀ ਆਉਂਦਾ ਪਰ ਉਹ ਕੇਵਲ ਇਸ ਲਈ ਅਜਿਹਾ ਕਰਦਾ ਕਿ ਉਹਨੂੰ ਆਪਣੇ ਸਾਥੀਆਂ ਦੀ ਸ਼ਲਾਘਾ ਵਿਚ ਸਵਾਦ ਆਉਂਦਾ ਸੀ। ਵੇਖੋ ਸਾਡਾ ਕੋਲੀਆ ਕਿਹੋ ਜਿਹਾ ਮੁੰਡਾ ਹੈ—ਉਹਨੂੰ ਪਤਾ ਹੈ ਪੰਛੀਆਂ ਨੂੰ ਕੀ ਖਵਾਉਣਾ ਚਾਹੀਦਾ ਹੈ। ਪਰ ਉਹਦੇ ਵਿਚ ਦਿਆਲ ਭਾਵਨਾਵਾਂ ਨੂੰ ਸਵੈ-

ਸਤਿਕਾਰ ਨਾਲ ਜਾਗਣ ਦਿਓ; ਇਹ ਵੀ ਮਾੜੀ ਗਲ ਨਹੀਂ। ਚੰਗੇ ਕੰਮਾਂ ਨੂੰ ਆਦਤ ਬਣ ਜਾਣ ਦਿਓ; ਉਹ ਚੰਗੇ ਵਿਚਾਰਾਂ ਨੂੰ ਜਨਮ ਦੇਣਗੇ।

ਮੈਨੂੰ ਉਹ ਸੈਕੜੇ ਉਤਰ ਚੇਤੇ ਹਨ ਜਿਹੜੇ ਬਚਿਆਂ ਨੇ ਇਸ ਪ੍ਰਸ਼ਨ ਦੇ ਦਿਤੇ ਹਨ, ਤੁਸੀਂ ਕਿਹੋ ਜਿਹਾ ਬੰਦਾ ਬਣਨਾ ਚਾਹੁੰਦੇ ਹੋ?—ਬਲਵਾਨ, ਬਹਾਦਰ, ਦਲੇਰ, ਸਿਆਣਾ, ਜੁਗਤੀ, ਨਿਡਰ। ਪਰ ਕਦੀ ਕਿਸੇ ਨੇ ਇਹ ਉਤਰ ਨਹੀਂ ਦਿਤਾ "ਦਿਆਲ"। ਦਿਆਲਤਾ, ਬਹਾਦਰੀ ਅਤੇ ਦਲੇਰੀ ਜਿਹੇ ਗੁਣਾਂ ਨਾਲ ਇਕ ਪਧਰ ਉਤੇ ਕਿਉਂ ਨਹੀਂ? ਕਈ ਵਾਰ ਮੁੰਡਿਆਂ ਨੂੰ ਆਪਣੀ ਦਿਆਲਤਾ ਉਤੇ ਸ਼ਰਮ ਕਿਉਂ ਆਉਂਦੀ ਹੈ? ਪਰ ਦਿਆਲਤਾ ਤੋਂ ਬਿਨਾਂ, ਉਸ ਸਚੇ ਨਿਘੇ ਸਨੇਹ ਤੋਂ ਬਿਨਾਂ ਜਿਹੜਾ ਇਕ ਬੰਦਾ ਦੂਜੇ ਲਈ ਵਿਖਾਉਂਦਾ ਹੈ, ਆਤਮਕ ਸੁਹਪਣ ਅਸੰਭਵ ਹੈ। ਮੈਂ ਇਸ ਸੰਬੰਧੀ ਵੀ ਸੋਚਿਆ ਕਿ ਮੁੰਡੇ ਕੁੜੀਆਂ ਨਾਲੋਂ ਘਟ ਦਿਆਲ ਕਿਉਂ ਹੁੰਦੇ ਹਨ? ਸ਼ਾਇਦ ਅਜਿਹਾ ਕੇਵਲ ਜਾਪਦਾ ਹੀ ਹੈ? ਨਹੀਂ, ਸਚ ਮੁਚ ਅਜਿਹਾ ਹੁੰਦਾ ਹੈ। ਕੁੜੀਆਂ ਵਧੇਰੇ ਦਿਆਲ, ਵਧੇਰੇ ਹਮਦਰਦ, ਵਧੇਰੇ ਸੂਖਮ ਹੁੰਦੀਆਂ ਹਨ, ਸ਼ਾਇਦ ਇਸ ਲਈ ਕਿ ਬਚਪਨ ਤੋਂ ਹੀ ਉਹਨਾਂ ਵਿਚ ਇਕ ਤਰ੍ਹਾਂ ਦੀ ਅਚੇਤ ਮਾਤਰੀ ਭਾਵਨਾ ਹੁੰਦੀ ਹੈ। ਨਵੇਂ ਜੀਵਨ ਦੀ ਸਿਰਜਣਾ ਕਰਨ ਵਾਲੀ ਬਣਨ ਤੋਂ ਬਹੁਤ ਪਹਿਲਾਂ ਕੁੜੀ ਦੇ ਮਨ ਵਿਚ ਜਿਉਂਦੀਆਂ ਵਸਤਾਂ ਲਈ ਫ਼ਿਕਰਮੰਦੀ ਦੀ ਭਾਵਨਾ ਮਜ਼ਬੂਤ ਹੋ ਜਾਂਦੀ ਹੈ। ਦਿਆਲਤਾ ਦੀ ਜੜ੍ਹ, ਇਹਦਾ ਸੋਮਾ ਰਚਨਾਤਮਕਤਾ ਵਿਚ ਹੈ, ਜੀਵਨ ਅਤੇ ਸੁਹਪਣ ਦੇ ਦ੍ਰਿੜ੍ਹਾਉਣ ਵਿਚ ਹੈ। ਦਿਆਲਤਾ ਦਾ ਸੁਹਪਣ ਨਾਲ ਅਨਿਖੜਵਾਂ ਸੰਬੰਧ ਹੈ।

ਜਦੋਂ ਫ਼ੈਦੀਆ ਇਕ ਪੀਲਕ ਨੂੰ ਸਕੂਲੇ ਲਿਆਇਆ ਉਹ ਦਿਨ ਬਚਿਆਂ ਲਈ ਜਸ਼ਨ ਦੀ ਦਿਨ ਸੀ। ਕਿਸੇ ਕਾਰਨ ਇਹ ਪੰਛੀ ਵੀ ਨਹੀਂ ਸੀ ਉਡ ਸਕਦਾ ਅਤੇ ਮੁੰਡੇ ਨੂੰ ਇਹ ਪਸ਼ੂ-ਪਾਲ ਫ਼ਾਰਮ ਦੇ ਨੇੜੇ ਇਕ ਝਾੜੀ ਵਿਚੋਂ ਲਭਾ ਸੀ। ਬਚੇ ਪੀਲਕ ਦੇ ਸੁਹਣੇ, ਬਹੁ-ਰੰਗੇ ਖੰਭਾਂ ਨੂੰ ਵੇਖ ਵੇਖ ਨਾ ਥਕਦੇ। ਅਸੀਂ "ਪੰਛੀਆਂ ਦੇ ਹਸਪਤਾਲ" ਵਿਚ ਇਕਠੇ ਹੁੰਦੇ (ਬਚਿਆਂ ਨੇ ਸਾਡੇ ਕਮਰੇ ਦੀ ਇਸ ਨੁਕਰ ਨੂੰ ਇਹ ਨਾਂ ਦਿਤਾ ਸੀ) ਅਤੇ ਫਿਰ ਅਗਲੇ ਦਿਨ ਤਕ ਵਖ ਹੋ ਜਾਂਦੇ। ਕੋਸਤੀਆ ਇਕ ਨਿਕੀ ਜਿਹੀ, ਮਾੜਚੂ ਚਿੜੀ ਨੂੰ ਲਿਆਇਆ, ਇਹ ਉਹਨੂੰ ਸੜਕ ਦੇ ਕੰਢੇ ਲਭੀ ਸੀ। ਚਿੜੀ ਅਨਾਜ ਜਾਂ ਡਬਲ-ਰੋਟੀ ਦੇ ਟੋਟਿਆਂ ਨੂੰ ਚੁੰਜ ਤਕ ਨਾ ਮਾਰਦੀ। ਨਿਕਾ ਬਚਾ ਪੰਛੀ ਦੀ ਬਿਮਾਰੀ ਕਾਰਨ ਬਹੁਤ ਦੁਖੀ ਸੀ। ਜਦੋਂ ਚਿੜੀ ਮਰ ਗਈ ਤਾਂ ਅਸਾਂ ਸਾਰਿਆਂ ਦੁਖ ਮਨਾਇਆ। ਕੋਸਤੀਆ ਰੋ ਪਿਆ। ਕੁੜੀਆਂ ਵੀ ਰੋਈਆਂ। ਕੋਲੀਆ ਉਦਾਸ ਅਤੇ ਚੁਪ-ਗੜੁਪ ਸੀ।

ਮੈਨੂੰ ਜਾਨੂਸਜ਼ ਕੋਰਸਜ਼ਾਕ ਦੇ ਸ਼ਬਦ ਚੇਤੇ ਆਏ: "ਬਚਿਆਂ ਦੇ ਸ਼ਾਨਦਾਰ ਗਣ-ਰਾਜ ਵਿਚ ਕੋਈ ਦਰਜੇਬੰਦੀ ਨਹੀਂ। ਖੇਤ ਮਜ਼ਦੂਰ ਦੇ ਪਸੀਨੇ ਜਾਂ ਆਪਣੀ ਉਮਰ ਦੇ ਬਚਿਆਂ ਦੀ ਭੁਖ ਉਤੇ ਦੁਖ ਮਨਾਉਣ ਤੋਂ ਬਹੁਤ ਪਹਿਲਾਂ ਬਚਾ ਵਿਚਾਰੇ

ਘੋੜੇ ਜਾਂ ਮੁਰਗੇ ਦੀ, ਜਿਸਦਾ ਸਿਰ ਵਢਿਆ ਗਿਆ, ਮਾੜੀ ਹੋਣੀ ਕਾਰਨ ਦੁਖੀ ਹੋਵੇਗਾ। ਕੁਤੇ ਅਤੇ ਪੰਛੀ ਉਹਦੇ ਨੇੜੇ ਹੁੰਦੇ ਹਨ; ਤਿਤਲੀਆਂ ਅਤੇ ਫੁਲ ਉਹਦੇ ਹਾਣੀ ਹੁੰਦੇ ਹਨ। ਪਥਰਾਂ ਅਤੇ ਕੰਡੀਆਂ ਵਿਚ ਉਹਨੂੰ ਭਰਾ ਦਿਸਦੇ ਹਨ। ਕਿਸੇ ਨੰਦੌਲਤੀਏ ਦੀ ਹੈਕੜ ਉਹਦੇ ਲਈ ਓਪਰੀ ਹੁੰਦੀ ਹੈ, ਕਿਉਂਕਿ ਬਚੇ ਨੂੰ ਪਤਾ ਨਹੀਂ ਹੁੰਦਾ ਕਿ ਕੇਵਲ ਮਨੁਖਾਂ ਦੀਆਂ ਆਤਮਾਵਾਂ ਹੁੰਦੀਆਂ ਹਨ।"* ਇਹ ਸਭ ਠੀਕ ਹੈ ਪਰ **ਦਿਆਲ ਬਚਾ** ਅਸਮਾਨੋਂ ਨਹੀਂ ਡਿਗਦਾ। ਇਹ ਲਾਜ਼ਮੀ ਹੈ ਕਿ ਉਹਨੂੰ ਵਿਦਿਆ ਦਿਤੀ ਜਾਵੇ।

ਦਰੁਗ ਵਿਚ ਸੈਰ ਕਰਦੇ ਹੋਏ ਬਚਿਆਂ ਨੂੰ ਇਕ ਸਹਿਆ ਲਭਿਆ ਜਿਸਦੀ ਇਕ ਲਤ ਖ਼ਰਾਬ ਸੀ। ਉਹ ਉਹਨੂੰ ਆਪਣੇ ਕਮਰੇ ਵਿਚ ਲੈ ਗਏ ਅਤੇ ਉਹਨੂੰ ਇਕ ਨਵੇਂ **ਪਿੰਜਰੇ** ਵਿਚ ਰਖ ਦਿਤਾ। ਅਤੇ ਇਉਂ ਇਕ ਹੋਰ ਹਸਪਤਾਲ ਬਣ ਗਿਆ — ਪਸ਼ੂਆਂ ਲਈ। ਇਕ ਹਫਤਾ ਪਿਛੋਂ ਲਾਰੀਸਾ ਇਕ ਸੁਕੜੂ ਜਿਹਾ ਬਿਲੂੰਗੜਾ ਲਿਆਈ, ਜਿਹੜਾ ਠੰਢ ਕਾਰਨ ਕੰਬ ਰਿਹਾ ਸੀ। ਬਚਿਆਂ ਨੇ ਉਹਨੂੰ ਸਹੇ ਦੇ ਨਾਲ ਇਕੋ ਪਿੰਜਰੇ ਵਿਚ ਰਖ ਦਿਤਾ। ਬਚਿਆਂ ਨੂੰ ਬਹੁਤ ਕੰਮ ਕਰਨਾ ਪੈਦਾ: ਉਹ ਸਹੇ ਲਈ ਗਾਰਜਾਂ ਅਤੇ ਬਿਲੂੰਗੜੇ ਲਈ ਦੁਧ ਲਿਆਉਂਦੇ। ਜਦੋਂ ਅਸਾਂ ਇਕ ਸਵੇਰ ਸਹੇ ਅਤੇ ਬਿਲੂੰਗੜੇ ਨੂੰ ਇਕਠੇ ਗੁਛਾ-ਪੁਛਾ ਹੋਏ ਸੁਤੇ ਹੋਏ ਵੇਖਿਆ ਤਾਂ ਬਚਿਆਂ ਦੀ ਖ਼ੁਸ਼ੀ ਦਾ ਕੋਈ ਅੰਤ ਨਾ ਰਿਹਾ। ਬਚੇ ਦਬੀ ਆਵਾਜ਼ ਵਿਚ ਗਲਾਂ ਕਰਦੇ ਕਿਉਂਕਿ ਉਹਨਾਂ ਨੂੰ ਡਰ ਸੀ ਕਿ ਜਾਨਵਰ ਜਾਗ ਪੈਣਗੇ।...

ਸਿਆਲ ਦੇ ਦੌਰਾਨ ਕਈ ਨੀਲੇ ਚੂਹੀ ਪੰਛੀ "ਪੰਛੀਆਂ ਦੇ ਹਸਪਤਾਲ" ਵਿਚ ਆ ਗਏ। ਬਚਿਆਂ ਨੇ ਉਹਨਾਂ ਨੂੰ ਉਹਨਾਂ ਪੰਛੀਆਂ ਨੂੰ ਚੋਗਾ ਪਾਉਣ ਵਾਲੀ ਥਾਂ ਤੋਂ ਫੜਿਆ ਜਿਹੜੇ ਸਿਆਲ ਲਈ ਉਥੇ ਰਹਿ ਗਏ ਸਨ।... ਇਕ ਹੋਰ ਗਲ ਨੇ ਮੈਨੂੰ ਖ਼ੁਸ਼ੀ ਕੀਤਾ; ਕਈ ਬਚਿਆਂ ਨੇ ਆਪਣੇ ਘਰਾਂ ਵਿਚ "ਪੰਛੀਆਂ ਦੇ ਹਸਪਤਾਲ" ਜਾਂ ਜਾਨਵਰਾਂ ਲਈ ਨੁਕਰਾਂ ਬਣਾਈਆਂ। ਅਤੇ ਜਦੋਂ ਅਸਾਂ ਆਪਣੇ ਕਮਰੇ ਲਈ ਨਿਕੀਆਂ ਮਛੀਆਂ ਸਮੇਤ ਸ਼ੀਸ਼ੇ ਦਾ ਡਬਾ ਪ੍ਰਾਪਤ ਕਰ ਲਿਆ ਤਾਂ ਬਚਿਆਂ ਨੇ ਘਰ ਵਿਚ ਅਜਿਹੇ ਡਬੇ ਬਣਾਉਣ ਲਈ ਆਪਣੇ ਮਾਤਾ ਪਿਤਾ ਦੀਆਂ ਮਿੰਨਤਾਂ ਕਰਨੀਆਂ ਸ਼ੁਰੂ ਕਰ ਦਿਤੀਆਂ। ਬਹੁਤ ਸਾਰੇ ਮਾਤਾ ਪਿਤਾ ਇਹ ਜਾਣਨ ਲਈ ਸਕੂਲ ਆਏ ਕਿ ਇਹ ਕਿਵੇਂ ਬਣਾਈ ਦਾ ਹੈ। ਸ਼ੀਸ਼ੇ ਦੇ ਇਹਨਾਂ ਡਬਿਆਂ ਲਈ ਮਛੀਆਂ ਅਤੇ ਬੂਟੇ ਪ੍ਰਾਪਤ ਕਰਨਾ ਔਖਾ ਸੀ, ਅਤੇ ਮਛੀਆਂ ਲਈ ਚਾਰਾ ਪ੍ਰਾਪਤ ਕਰਨਾ ਹੋਰ ਵੀ ਔਖਾ ਸੀ ਪਰ ਬਚਿਆਂ ਦੇ ਸਿਰੜ ਸਦਕਾ, ਜਿਨ੍ਹਾਂ ਕੰਮ ਪੂਰਾ ਹੋਣ ਤਕ ਆਪਣੇ ਮਾਤਾ ਪਿਤਾ ਨੂੰ ਜਾਂ ਮੈਨੂੰ ਚੈਨ ਨਾ ਲੈਣ ਦਿਤਾ, ਸਭ ਔਕੜਾਂ ਉਤੇ ਕਾਬੂ

---

* **ਜਾਨੁਸਜ਼ ਕੋਰਸਜ਼ਾਕ**, ਵਿਦਿਆ ਸੰਬੰਧੀ ਚੋਣਵੀਆਂ ਕਿਰਤਾਂ, ਮਾਸਕੋ, ਪ੍ਰੋਸਵੇਸ਼ਚੇਨੀਏ ਪ੍ਰਕਾਸ਼ਕ, ੧੯੬੬, ਪੰਨਾ ੨੭੧ (ਰੂਸੀ ਵਿਚ)।

ਪਾ ਲਿਆ ਗਿਆ। ਸਲਾਵਾ ਅਤੇ ਤੀਨਾ ਦੀਆਂ ਮਾਵਾਂ ਇਹ ਸ਼ਿਕਾਇਤ ਕਰਨ ਸਕੂਲ ਆਈਆਂ ਕਿ ਕਿਉਂਕਿ ਕੁਝ ਬਚਿਆਂ ਕੋਲ ਸੁਨਹਿਰੀ ਮਛੀਆਂ ਸਨ ਅਤੇ ਉਹਨਾਂ ਕੋਲ ਨਹੀਂ ਸਨ, ਬਚੇ ਉਹਨਾਂ ਨੂੰ ਚੈਨ ਨਾ ਲੈਣ ਦੇਂਦੇ। ਸਾਨੂੰ ਵਡੇਰੀ ਉਮਰ ਦੇ ਵਿਦਿਆਰਥੀਆਂ ਤੋਂ ਸਹਾਇਤਾ ਮੰਗਣੀ ਪਈ। ਉਹਨੀਂ ਦਿਨੀਂ ਸਕੂਲ ਵਿਚ ਕੋਈ ਵਰਕਸ਼ਾਪ ਨਹੀਂ ਸੀ ਪਰ ਮਛੀਆਂ ਲਈ ਸ਼ੀਸ਼ੇ ਦੇ ਡਬੇ ਬਣਾਉਣ ਨੇ ਸਾਨੂੰ ਆਪਣੇ ਵਿਦਿਆਰਥੀਆਂ ਲਈ ਪਹਿਲੀ ਵਰਕਸ਼ਾਪ ਬਣਾਉਣ ਉਤੇ ਮਜਬੂਰ ਕੀਤਾ।

ਮੈਂ ਉਹ ਸ਼ਾਮਾਂ ਕਦੀ ਨਹੀਂ ਭੁਲ ਸਕਦਾ ਜਦੋਂ ਅਸੀਂ ਕੇਵਲ ਮਛੀਆਂ ਵਾਲੇ ਡਬੇ ਦੀ ਨਿਕੀ ਜਿਹੀ ਬਤੀ ਬਾਲ ਕੇ ਬਹਿੰਦੇ ਅਤੇ ਮਛੀਆਂ ਨੂੰ ਵੇਖ ਕੇ ਖ਼ੁਸ਼ ਹੁੰਦੇ। ਮੈਂ ਬਚਿਆਂ ਨੂੰ ਸਮੁੰਦਰ ਦੀ ਡੂੰਘਾਈ ਸੰਬੰਧੀ, ਸਮੁੰਦਰ ਦੇ ਵਾਸੀਆਂ ਦੇ ਜੀਵਨ ਸੰਬੰਧੀ ਦਸਿਆ। ਮੇਰੇ ਸ਼ਾਗਿਰਦਾਂ ਨੇ, ਜਿਨ੍ਹਾਂ ਬੜਾ ਚਿਰ ਪਹਿਲਾਂ ਸਕੂਲ ਦੀ ਪੜ੍ਹਾਈ ਮੁਕਾ ਲਈ ਸੀ ਅਤੇ ਹੁਣ ਜਵਾਨ ਹੋ ਗਏ ਹਨ, ਇਹਨਾਂ ਸ਼ਾਮਾਂ ਨੂੰ ਸਾਰੀ ਉਮਰ ਚੇਤੇ ਰਖਿਆ। ਥੋੜ੍ਹਾ ਸਮਾਂ ਹੋਇਆ ਕੋਲੀਆ ਨੇ ਮੈਨੂੰ ਕਿਹਾ:

"ਉਹ ਨਿਕੀ ਬਤੀ ਅਕਸਰ ਮੇਰੇ ਸੁਪਨਿਆਂ ਵਿਚ ਆਉਂਦੀ ਹੈ। ਉਹਦੀ ਲੋਅ ਗਿਆਨ ਦਾ ਪਹਿਲਾ ਸੋਮਾ ਸੀ। ਮੈਂ ਸਾਗਰ ਦੀਆਂ ਗੁਪਤ ਡੂੰਘਾਈਆਂ ਸੰਬੰਧੀ, ਅਦਭੁਤ ਮਛੀਆਂ ਸੰਬੰਧੀ ਹੋਰ ਗਿਆਨ ਪ੍ਰਾਪਤ ਕਰਨਾ ਚਾਹੁੰਦਾ ਸਾਂ।..."

ਜੇ ੨੪ ਵਰ੍ਹਿਆਂ ਦੇ ਬੰਦੇ ਨੂੰ ਮਛੀਆਂ ਦਾ ਇੰਨਾ ਨਿਘਾ ਚੇਤਾ ਹੈ ਤਾਂ ਇਹਦਾ ਅਰਥ ਹੈ ਇਹ ਕੋਈ ਸੁਟ ਪਾਉਣ ਵਾਲੀ ਗਲ ਨਹੀਂ ਸੀ, ਕਿਉਂਕਿ ਇਹ ਦਿਆਲਤਾ ਵਲ ਰਾਹਾਂ ਵਿਚੋਂ ਇਕ ਸੀ। ਮੈਂ ਸਾਹ ਰੋਕ ਕੇ ਆਲੇ ਦੁਆਲੇ ਦੇ ਸੰਸਾਰ ਵਲੋਂ ਸਭ ਤੋਂ ਵਧ ਲਾਪ੍ਰਵਾਹਾਂ ਦੇ ਦਿਲਾਂ ਵਿਚ ਵੀ ਦਿਆਲ ਭਾਵਨਾਵਾਂ, ਕੋਮਲਤਾ ਅਤੇ ਤਰਸ ਦੀ ਭਾਵਨਾ ਪੈਦਾ ਕਰਨ ਦੀ ਉਡੀਕ ਕਰਦਾ ਰਿਹਾ। ਮੈਨੂੰ ਉਸ ਵਰ੍ਹੇ ਦਾ ਪਤ-ਝੜ ਦਾ ਪਹਿਲਾ ਕਕਰ ਚੇਤੇ ਹੈ। ਅਸੀਂ ਬਾਗ਼ ਵਿਚ ਗਏ ਅਤੇ ਗੁਲਾਬ ਦੇ ਇਕ ਬੂਟੇ ਤਕ ਗਏ। ਅਸਾਂ ਇਕ ਸ਼ੋਖ਼ ਰੰਗ ਦਾ ਫੁਲ ਖਿੜਿਆ ਵੇਖਿਆ, ਜਿਸਦੀਆਂ ਪੰਖੜੀਆਂ ਉਤੇ ਤਰੇਲ ਦੇ ਤੁਪਕੇ ਸਨ: ਕਰਾਮਾਤੀ ਕਾਰਨਾਂ ਕਾਰਨ ਫੁਲ ਠੰਢੀ ਰਾਤ ਵਿਚੋਂ ਬਚ ਨਿਕਲਿਆ ਸੀ। ਅਸਾਂ ਉਸ ਵਲ ਵੇਖਿਆ ਉਤੇ ਉਦਾਸ ਹੋ ਗਏ: ਛੇਤੀ ਹੀ ਠੰਢ ਉਹਦੇ ਸੁਹਪਣ ਖ਼ਤਮ ਕਰ ਦੇਵੇਗੀ। ਮੈਂ ਚੋਰ ਅਖਾਂ ਨਾਲ ਕੋਲੀਆ ਵਲ ਵੇਖਿਆ ਅਤੇ ਪਹਿਲੀ ਵਾਰ ਉਹਦੀ ਨਜ਼ਰ ਵਿਚ ਅਫ਼ਸੋਸ ਅਤੇ ਤੌਖਲਾ ਵੇਖਿਆ — ਖ਼ਾਲਸ ਬਚਗਾਨਾ ਭਾਵਨਾ। ਫਿਰ ਅਸੀਂ ਗਰਮਖ਼ਾਨਿਆਂ ਵਿਚ ਗਏ, ਜਿਥੇ ਕਈ ਗਮਲਿਆਂ ਵਿਚ ਅਜਿਹੇ ਫੁਲ ਜਿਹੜੇ ਸਾਡੇ ਇਲਾਕੇ ਵਿਚ ਘਟ ਵਧ ਹੀ ਮਿਲਦੇ — ਮਰੂਆ ਅਤੇ ਬੋਹਰ — ਉਗੇ ਹੋਏ ਸਨ। ਸੂਹੇ ਨਿਕੇ ਫੁਲਾਂ ਵਿਚੋਂ ਇਕ ਖਿੜ ਪਿਆ ਸੀ — ਬੋਹਰ ਦੇ ਇਕ ਬੂਟੇ ਨੂੰ ਫੁਲ ਲਗੇ ਸਨ। ਅਸੀਂ ਬੜੀ ਦੇਰ ਤਕ ਫੁਲਾਂ ਨੂੰ ਮਾਣਦੇ ਰਹੇ।

ਜਿਊਂਦੀਆਂ ਵਸਤਾਂ ਅਤੇ ਸੁਹਪਣ ਲਈ ਫ਼ਿਕਰਮੰਦੀ ਹੌਲੀ ਹੌਲੀ ਬਚਿਆਂ ਦੇ

ਜੀਵਨ ਵਿਚ ਆ ਗਏ। ੧੯੫੧ ਦੀ ਪਤ-ਝੜ ਦਾ ਕਾਫ਼ੀ ਸਮਾਂ ਲੰਘ ਜਾਣ ਪਿਛੋਂ, ਜਦੋਂ ਰੁਖਾਂ ਦੇ ਪਤੇ ਝੜ ਗਏ ਸਨ, ਅਸੀਂ ਜੰਗਲ ਵਿਚ ਗਏ ਅਤੇ ਲਿੰਡਨ ਦੇ ਇਕ ਨਿਕੇ ਰੁਖ ਦਾ ਗਚ ਕਢ ਲਿਆਏ। ਅਸੀਂ ਇਹ ਸਕੂਲ ਦੇ ਫ਼ਾਰਮ ਵਿਖੇ ਲਿਆਏ ਅਤੇ ਉਥੇ ਲਗਾ ਦਿਤਾ। ਨਿਕਾ ਰੁਖ ਸਾਡਾ ਮਿਤਰ ਬਣ ਗਿਆ। ਅਸੀਂ ਇਸ ਸੰਬੰਧੀ ਸੁਪਨੇ ਲਏ ਅਤੇ ਕਹਾਣੀਆਂ ਘੜੀਆਂ ਜਿਵੇਂ ਕਿਸੇ ਜਿਊਂਦੇ ਜੀਅ ਸੰਬੰਧੀ ਘੜਦੇ, ਜਿਹੜਾ ਸਾਡੀ ਫ਼ਿਕਰਮੰਦੀ ਅਤੇ ਤੌਖਲਾ ਸਮਝ ਅਤੇ ਅਨੁਭਵ ਕਰ ਸਕਦਾ। ਜਦੋਂ ਨਿਘੀ ਵਾਛੜ ਪਈ ਤਾਂ ਬਚੇ ਖ਼ੁਸ਼ ਹੋਏ ਕਿਉਂਕਿ ਸਾਡੇ ਨਿਕੇ ਮਿਤਰ ਨੂੰ ਗਿਲ ਦੀ ਲੋੜ ਸੀ। ਜਦੋਂ ਧਰਤੀ ਉਤੇ ਕਕਰ ਫੈਲ ਗਿਆ ਅਤੇ ਖੇਤਾਂ ਉਤੇ ਚੀਰਵੀਂ ਪੌਣ ਵਗਣ ਲਗ ਪਈ ਤਾਂ ਸਾਨੂੰ ਤੌਖਲਾ ਲਗ ਗਿਆ, ਕਿਉਂਕਿ ਸਾਡੇ ਮਿਤਰ ਨੂੰ ਠੰਢ ਲਗ ਸਕਦੀ ਸੀ। ਥਚਿਆਂ ਬਰਫ਼ ਇਕਠੀ ਕੀਤੀ ਅਤੇ ਰੁਖ ਦੇ ਤਣੇ ਨੂੰ ਕਜ ਦਿਤਾ। ਕੁੜੀਆਂ ਕੁਝ ਸਰਕੰਡੇ ਦੇ ਨੜੇ ਲਿਆਈਆਂ ਅਤੇ ਉਹ ਲਿੰਡਨ ਦੇ ਨਿਕੇ ਰੁਖ ਦੇ ਤਣੇ ਦੁਆਲੇ ਵਲ ਦਿਤੇ। ਬਸੰਤ ਆਉਣ ਪਿਛੋਂ ਅਸੀਂ ਅਕਸਰ ਆਪਣੇ ਮਿਤਰ ਨੂੰ ਵੇਖਣ ਜਾਂਦੇ ਅਤੇ ਉਤੇਜਨਾ ਨਾਲ ਪਹਿਲੀਆਂ ਕਰੂੰਬਲਾਂ ਫੁਟਣ ਦੀ ਉਡੀਕ ਕਰਨ ਲਗ ਪਏ। ਪਹਿਲੇ ਹਰੇ ਪਤੇ ਨਿਕਲਣ ਨਾਲ ਬਚੇ ਖ਼ੁਸ਼ੀ ਨਾਲ ਖੀਵੇ ਹੋ ਗਏ। ਹੁਨਾਲ ਵਿਚ ਅਸੀਂ ਲਿੰਡਨ ਦੇ ਨਿਕੇ ਰੁਖ ਨੂੰ ਪਾਣੀ ਦੇਂਦੇ।

ਫ਼ਿਕਰਮੰਦੀ ਅਤੇ ਦਿਆਲਤਾ ਦੇ ਸਮੂਹਕ ਅਨੁਭਵ ਵਿਚ, ਸਮੂਹਕ ਸਦਭਾਵਨਾ ਵਿਚ ਕਿੰਨੀ ਸ਼ਕਤੀ ਹੈ। ਇਹ ਤਾਂ ਹੜਿਆਈ ਨਦੀ ਵਾਂਗ ਹੈ ਜਿਹੜੀ ਬੇਪ੍ਰਵਾਹਾਂ ਨੂੰ ਵੀ ਵਹਾ ਕੇ ਲੈ ਜਾਂਦੀ ਹੈ। ਮੈਨੂੰ ਇਹ ਵੇਖ ਕੇ ਬਹੁਤ ਖ਼ੁਸ਼ੀ ਹੋਈ ਕਿਵੇਂ ਕੋਲੀਆ, ਤੋਲੀਆ, ਸਲਾਵਾ ਅਤੇ ਪੈਤਰਿਕ ਉਤੇਜਨਾ ਨਾਲ ਆਪਣੇ ਮਿਤਰ, ਲਿੰਡਨ ਦੇ ਨਿਕੇ ਰੁਖ ਨੂੰ ਵੇਖਣ ਜਾਂਦੇ, ਜਦੋਂ ਉਹ ਸ਼ੀਸ਼ੇ ਦੇ ਡਬਿਆਂ ਵਿਚ ਰਖੀਆਂ ਮਛੀਆਂ ਨੂੰ ਚਾਰਾ ਪਾਉਂਦੇ ਤਾਂ ਉਹਨਾਂ ਦੀਆਂ ਅਖਾਂ ਕਿਵੇਂ ਚਮਕਦੀਆਂ।

ਉਹ ਜਿਨ੍ਹਾਂ ਦੇ ਦਿਲ ਇਹ ਸੋਚ ਕੇ ਕੰਬਦੇ ਸੰਨ ਕਿ ਲਿੰਡਨ ਦੇ ਨਿਕੇ ਰੁਖ ਨੂੰ ਸਿਆਲ ਦੇ ਕਕਰ ਵਿਚ ਠੰਢ ਲਗ ਜਾਵੇਗੀ ਵਡੇ ਹੋ ਗਏ ਹਨ। ਸਾਡਾ ਮਿਤਰ ਇਕ ਵਡਾ ਰੁਖ ਬਣ ਗਿਆ ਹੈ ਜਿਸਦੀਆਂ ਬਹੁਤ ਸਾਰੀਆਂ ਸ਼ਾਖ਼ਾਂ ਹਨ, ਅਤੇ ਹੁਣ ਵੀ ਕੁੜੀਆਂ ਅਤੇ ਮੁੰਡੇ, ਜਵਾਨ ਲੋਕ, ਜਵਾਨ ਪਿਤਾ ਅਤੇ ਮਾਤਾਵਾਂ ਇਹਨੂੰ ਵੇਖਣ ਆਉਂਦੇ ਹਨ ਅਤੇ ਜਦੋਂ ਉਹ ਆਪਣੇ ਬਚਪਨ ਦੀ ਉਹ ਸੁਨਹਿਰੀ ਪਤ-ਝੜ ਚੇਤੇ ਕਰਦੇ ਹਨ ਤਾਂ ਉਹਨਾਂ ਦੇ ਦਿਲ ਨਿਘੀਆਂ ਭਾਵਨਾਵਾਂ ਨਾਲ ਭਰ ਜਾਂਦੇ ਹਨ।

ਅਨੁਭਵ ਦਰਸਾਉਂਦਾ ਹੈ ਕਿ ਦਿਆਲ ਭਾਵਨਾਵਾਂ ਦੀਆਂ ਜੜ੍ਹਾਂ ਬਚਪਨ ਵਿਚ ਹੁੰਦੀਆਂ ਹਨ, ਜਿਥੇ ਕਿ ਮਾਨਵਤਾ, ਚੰਗਿਆਈ, ਫ਼ਿਕਰਮੰਦੀ ਅਤੇ ਮਿਹਰਵਾਨਗੀ ਦਾ ਜਨਮ ਕਿਰਤ ਅਤੇ ਆਲੇ ਦੁਆਲੇ ਦੇ ਸੰਸਾਰ ਸੰਬੰਧੀ ਫ਼ਿਕਰਮੰਦੀ ਅਤੇ ਉਤੇਜਨਾ ਵਿਚੋਂ ਹੁੰਦਾ ਹੈ। ਦਿਆਲ ਭਾਵਨਾਵਾਂ ਅਤੇ ਭਾਵੁਕ ਪਾਲਣ ਪੋਸਣ ਮਾਨਵਤਾ ਦਾ ਕੇਂਦਰ ਬਿੰਦੂ ਹਨ। ਜੇ ਦਿਆਲ ਭਾਵਨਾਵਾਂ ਬਚਪਨ ਵਿਚ ਨਾ ਬੀਜੀਆਂ

ਜਾਣ ਤਾਂ ਉਹ ਕਦੀ ਪੈਦਾ ਨਹੀਂ ਹੋਣ ਲਗੀਆਂ, ਕਿਉਂਕਿ ਸਚੀ ਮਾਨਵਤਾ ਪਹਿਲੇ ਅਤੇ ਸਭ ਤੋਂ ਮਹਤਵ-ਪੂਰਨ ਸਚਾਈਆਂ ਦੇ ਬੋਧ ਦੇ ਨਾਲ ਨਾਲ ਆਪਣੀ ਮਾਤ-ਭਾਸ਼ਾ ਦੇ ਸਭ ਤੋਂ ਸੂਖਮ ਅਰਥ-ਭੇਦਾਂ ਦੇ ਅਨੁਭਵ ਅਤੇ ਸੂਝ ਦੇ ਨਾਲ ਨਾਲ ਰੂਹ ਵਿਚ ਦ੍ਰਿੜ੍ਹਾਈ ਜਾਂਦੀ ਹੈ। ਇਹ ਲਾਜ਼ਮੀ ਹੈ ਕਿ ਮਨੁਖ ਬਚਪਨ ਵਿਚ ਭਾਵੁਕ ਸਕੂਲ ਵਿਚ ਜਾਵੇ—ਉਹ ਸਕੂਲ ਜਿਥੇ ਮਨੁਖ ਨੂੰ ਦਿਆਲਤਾ ਦੀ ਭਾਵਨਾ ਦੀ ਸਿਖਿਆ ਦਿਤੀ ਜਾਂਦੀ ਹੈ।

## ਕਿਰਤ ਦੇ ਸੰਸਾਰ ਵਿਚ ਸਾਡਾ ਸਫ਼ਰ

ਇਹ ਪ੍ਰਸ਼ਨ ਕਿ ਕਿਰਤ ਨੂੰ ਕਿਵੇਂ ਬਚਿਆਂ ਦੀ ਅੰਤ੍ਰੀਵ ਲੋੜ ਬਣਾਇਆ ਜਾਵੇ, ਸਾਡੇ ਸਕੂਲ ਦੇ ਸਾਰੇ ਅਮਲੇ ਦੀ ਫ਼ਿਕਰਮੰਦੀ ਸੀ। ਪੜ੍ਹਾਈ ਦੇ ਪਹਿਲੇ ਦਿਨ ਤੋਂ ਹੀ ਮੁਢਲੀਆਂ ਸ਼੍ਰੇਣੀਆਂ ਦੇ ਅਧਿਆਪਕ ਬਚਿਆਂ ਨੂੰ ਸਕੂਲ ਦੇ ਬਾਗ਼ ਵਿਚ ਕੰਮ ਉਤੇ ਲਾਉਂਦੇ, ਉਹ ਜੋ ਕੁਝ ਕਰ ਸਕਦੇ ਕੰਮ ਸੰਬੰਧੀ ਆਪਣੇ ਸਬਕਾਂ ਦੇ ਹਿਸੇ ਵਜੋਂ ਕਰਦੇ। ਅਸਾਂ ਇਕ ਗਰਮਖ਼ਾਨਾ ਬਣਾਇਆ ਤਾਂ ਜੁ ਬਚਿਆਂ ਕੋਲ ਸਿਆਲ ਦੇ ਦਿਨੀਂ ਕੰਮ ਕਰਨ ਲਈ ਥਾਂ ਹੋਵੇ। ਬਚਿਆਂ ਦੀ ਕਿਰਤ ਨੂੰ ਉਚ ਵਿਚਾਰਧਾਰਕ ਪਧਰ ਤਕ ਉਠਾਉਣ ਦਾ ਜਤਨ ਕਰਦੇ ਹੋਏ ਅਧਿਆਪਕਾਂ ਨੇ ਨਿਰਣਾ ਕੀਤਾ ਕਿ ਉਹ ਬਚਿਆਂ ਨੂੰ ਹਰ ਵਰ੍ਹੇ ਵਿਜੇ ਦਿਵਸ * ਦੇ ਦਿਨ ਬਲੂਤ ਦਾ ਇਕ ਰੁਖ ਲਾਉਣਾ ਸਿਖਾਉਣਗੇ। ਇਹ ਸਾਡੀ ਖ਼ੁਸ਼ੀ ਦੀ ਜਿਊਂਦੀ ਸ਼ਾਹਦੀ ਹੋਵੇਗੀ। ਅਜ ਤਕ ਅਸਾਂ ਆਪਣੀ ਵਿਜੇ ਦਿਵਸ ਝੰਗੀ ਵਿਚ "ਸ਼ਤਾਬਦੀ ਰੁਖ", ਬਚੇ ਬਲੂਤ ਦੇ ਸਾਰੇ ਰੁਖਾਂ ਨੂੰ ਇਹ ਨਾਂ ਦੇਂਦੇ ਹਨ, ਲਾਉਣੇ ਜਾਰੀ ਰਖੇ ਹਨ।

ਅਸੀਂ ਇਸ ਗਲ ਨੂੰ ਮਹਤਵ-ਪੂਰਨ ਸਮਝਦੇ ਸਾਂ ਕਿ ਬਚਿਆਂ ਦੁਆਲੇ ਨਾ ਕੇਵਲ ਪ੍ਰਕਿਰਤੀ ਹੋਵੇ ਸਗੋਂ ਕਿਰਤ, ਰਚਨਾਤਮਕਤਾ ਅਤੇ ਉਸਾਰੀ ਦਾ ਸੰਸਾਰ ਵੀ ਹੋਵੇ। ਮਨੁਖ ਦਾ ਸੁਹਪਣ ਸਭ ਤੋਂ ਵਧ ਸਪਸ਼ਟ ਢੰਗ ਨਾਲ ਕਿਰਤ ਵਿਚ ਪ੍ਰਗਟ ਹੁੰਦਾ ਹੈ।

ਇਉਂ ਸਾਡੇ **ਖ਼ੁਸ਼ੀ ਦੇ ਸਕੂਲ** ਨੇ ਕਿਰਤ ਦੇ ਸੰਸਾਰ ਵਿਚ "ਸਫ਼ਰ" ਕਰਨੇ ਸ਼ੁਰੂ ਕਰ ਦਿਤੇ। ਬਚੇ ਪੰਚਾਇਤੀ ਫ਼ਾਰਮ ਦੇ ਖਤਿਆਂ ਵਿਚ "ਸਫ਼ਰਾਂ" ਵਿਚੋਂ ਪਹਿਲੇ ਨੂੰ ਕਦੀ ਨਹੀਂ ਭੁਲਣ ਲਗੇ। ਬਚਿਆਂ ਨੇ ਕਣਕ ਦੇ ਢੇਰ ਵੇਖੇ—ਡਬੰਲ-ਰੋਟੀ ਦੇ ਹਜ਼ਾਰਾਂ ਸੈਂਟਨਰ **। ਵਾਨੀਆ ਦੇ ਪਿਤਾ ਨੇ ਸਾਨੂੰ ਉਹਨਾਂ ਲੋਕਾਂ ਸੰਬਧੀ ਦਸਿਆ ਜਿਹੜੇ ਪੰਚਾਇਤੀ ਫ਼ਾਰਮ ਉਤੇ ਆਪਣਾ ਕੰਮ ਸੁਹਣੀ ਤਰ੍ਹਾਂ ਕਰਦੇ ਸਨ।

---

*ਵਿਜੇ ਦਿਵਸ, ਫ਼ਾਸ਼ਿਸਟ ਜਰਮਨੀ ਉਤੇ ਸੋਵੀਅਤ ਲੋਕਾਂ ਦੀ ਜਿਤ ਦਾ ਦਿਨ, ੯ ਮਈ ੧੯੪੫, ਹਰ ਵਰ੍ਹੇ ਮਨਾਇਆ ਜਾਂਦਾ ਹੈ।

**ਵਜ਼ਨ ਦਾ ਪੁਰਾਣਾ ਨਾਪ, ਲਗ ਭਗ ੧੦੦ ਕਿਲੋਗਰਾਮ।—**ਅਨੁ:**

ਕੰਬਾਈਨ ਡਰਾਈਵਰ ਗ੍ਰਿਗੋਰੀ ਆਂਦਰੇਯੇਵਿਚ ਬਚਿਆਂ ਨੂੰ ਖੇਤ ਵਿਚ ਲੈ ਗਿਆ, ਜਿਹੜਾ ਪਿੰਡ ਦੇ ਐਨ ਨਾਲ ਅਤੇ ਖਤਿਆਂ ਦੇ ਇਕ ਦਮ ਪਿਛੇ ਹੈ। "ਇਹਨਾਂ ਸੌ ਹੈਕਟੇਅਰਾਂ ਵਿਚੋਂ," ਉਹਨੇ ਕਿਹਾ, " ਮੈਂ ਇਸ ਵਰ੍ਹੇ ਚਾਰ ਹਜ਼ਾਰ ਸੈਂਟਨਰ ਅਨਾਜ ਇਕਠਾ ਕੀਤਾ। ਅਤੇ ਮੈਂ ਦਸ ਵਰ੍ਹਿਆਂ ਤੋਂ ਆਪਣੇ ਕੰਬਾਈਨ ਨਾਲ ਅਨਾਜ ਇਕਠਾ ਕਰਦਾ ਰਿਹਾ ਹਾਂ। ਮੈਂ ਇੰਨਾ ਅਨਾਜ ਇਕਠਾ ਕੀਤਾ ਹੈ ਕਿ ਉਸ ਨਾਲ ਸਿਕੰਦਰੀਆ ਦੇ ਸ਼ਹਿਰ ਜਿੰਨੀ ਵਡੀ ਡਬਲ-ਰੋਟੀ ਬਣ ਸਕਦੀ ਹੈ।"

ਸੰਸਾਰ ਦੀ ਇਹ ਪਛਾਣ ਨਾ ਕੇਵਲ ਬੌਧਕ ਸੀ ਸਗੋਂ ਭਾਵੁਕ ਵੀ ਸੀ। ਬਚੇ ਕਿਰਤੀ ਵਜੋਂ ਮਨੁਖ ਦੇ ਸੁਹਪਣ ਉਤੇ ਹੈਰਾਨ ਰਹਿ ਗਏ। ਉਹਨਾਂ ਮਨੁਖ ਵਿਚ ਮਾਣ ਦੀ ਭਾਵਨਾ ਅਨੁਭਵ ਕੀਤੀ। ਇਹ ਭਾਵਨਾ ਉਸ ਸਮੇਂ ਹੋਰ ਡੂੰਘੇਰੀ ਸੀ ਜਦੋਂ ਉਹ "ਸਫ਼ਰਾਂ" ਦੇ ਦੌਰਾਨ ਆਪਣੇ ਮਾਤਾ ਪਿਤਾ ਨੂੰ ਮਿਲੇ। ਡੇਅਰੀ ਵਿਚ ਉਹਨਾਂ ਨੂੰ ਪਤਾ ਲਗਾ ਕਿ ਤਾਨੀਆ ਦੀ ਮਾਂ ਇੰਨਾਂ ਦੁਧ ਚੋਂਦੀ ਹੈ ਜਿੰਨਾਂ ੧,੫੦੦ ਲੋਕਾਂ ਲਈ ਕਾਫ਼ੀ ਹੈ। ਪਤ-ਝੜ ਦੇ ਇਕ ਨਿਘੇ ਦਿਨ ਅਸੀਂ ਲੋਹੇ ਦੇ ਕਾਰਖਾਨੇ ਵਿਖੇ ਗਏ। ਉਥੇ ਅਸੀਂ ਵਾਲੀਆ ਦੇ ਪਿਤਾ ਨੂੰ ਮਿਲੇ। ਉਹ ਬਚਿਆਂ ਨੂੰ ਫਾਊਂਡਰੀ ਦੇ ਖਾਤੇ ਵਿਚ ਲੈ ਗਿਆ। ਬਚਿਆਂ ਨੇ ਜਿਹੜੀਆਂ ਕਹਾਣੀਆਂ ਸੁਣੀਆਂ ਜਾਂ ਆਪ ਘੜੀਆਂ ਸਨ ਉਹਨਾਂ ਵਿਚੋਂ ਸਭ ਤੋਂ ਵਧ ਰੋਚਕ ਸੀ ਕਿ ਕਿਵੇਂ ਅਸੀਂ ਕਿਸੇ ਨਿਗਰ ਸ਼ੈ ਨੂੰ ਭਖਦੇ ਲਾਲ ਦਰਿਆ ਵਿਚ, ਇਕ ਅਜਿਹੇ ਦਰਿਆ ਵਿਚ ਤਬਦੀਲ ਕਰ ਦੇਂਦੇ ਹਾਂ ਜਿਸਦੀ ਸਾਡੀ ਕਿਰਤ ਅਤੇ ਇਛਾ ਰਾਹੀਂ ਧਾਤ ਦੇ ਡਲਿਆਂ ਵਿਚ ਕਾਇਆ-ਪਲਟ ਹੋ ਜਾਂਦੀ ਹੈ। ਮੈਂ ਵੇਖਿਆ ਕਿਵੇਂ ਬਚੇ ਨਵੀਂ ਵਾਕਫ਼ੀ ਨੂੰ ਬੜੀ ਖ਼ੁਸ਼ੀ ਨਾਲ ਸਮੋ ਰਹੇ ਸਨ: ਉਹਨਾਂ ਯੋਧਿਆਂ ਵਲੋਂ ਭਖਦੀ ਧਾਤ ਦਾ ਦਰਿਆ ਸਿਰਜਣ ਸੰਬੰਧੀ ਕਹਾਣੀਆਂ ਬਣਾਈਆਂ ਅਤੇ ਧਾਤ ਦਾ ਕੰਮ ਕਰਨ ਵਾਲਿਆਂ ਦੇ ਚਿਤਰ ਵਾਹੇ। ਫ਼ਾਊਂਡਰੀ ਖਾਤੇ ਦੀ ਪੰਹਿਲੀ ਫੇਰੀ ਨੇ ਉਹਨਾਂ ਉਤੇ ਅਭੁਲ ਪ੍ਰਭਾਵ ਪਾਇਆ। ਬਚਿਆਂ ਨੇ ਸਾਰੇ ਮਾਮਲਿਆਂ ਨੂੰ ਨਵੀਆਂ ਅਖਾਂ ਨਾਲ ਵੇਖਣਾ ਸ਼ੁਰੂ ਕੀਤਾ: ਜੇ ਧਾਤਾਂ ਨਾ ਹੋਣ ਤਾਂ ਮਨੁਖ ਇਕ ਦਿਨ ਵੀ ਜਿਊਂਦਾ ਨਹੀਂ ਰਹਿ ਸਕਦਾ ਜਾਂ ਕੰਮ ਨਹੀਂ ਕਰ ਸਕਦਾ। ਕਿਰਤੀ, ਧਾਤਾਂ ਦਾ ਕੰਮ ਕਰਨ ਵਾਲੇ, ਮਸ਼ੀਨਾਂ ਬਣਾਉਣ ਵਾਲੇ—ਉਹ ਜੀਵਨ ਦੇ ਅਸਲ ਰਚਣਹਾਰੇ ਹਨ। ਇਹਨਾਂ ਲੋਕਾਂ ਲਈ ਡੂੰਘਾ ਸਤਿਕਾਰ ਮੇਰੇ ਵਿਦਿਆਰਥੀਆਂ ਦੇ ਦਿਲਾਂ ਵਿਚ ਘਰ ਕਰ ਗਿਆ।

ਵਖ ਵਖ ਭਰ੍ਹਾਂ ਦੇ ਸੁਯੋਗ ਕਿਰਤੀਆਂ, ਮਸ਼ੀਨ ਅਤੇ ਟਰੈਕਟਰ ਸਟੇਸ਼ਨ ਦੇ ਫ਼ਿਟਰਾਂ ਅਤੇ ਖ਼ਰਾਦੀਆਂ ਦੀਆਂ ਵਰਕਸ਼ਾਪਾਂ ਦੇ ਸਾਡੇ "ਸਫ਼ਰ" ਵੀ ਬਹੁਤ ਰੋਚਕ ਸਨ। ਉਥੇ ਬਚਿਆਂ ਵੇਖਿਆ ਕਿ ਕਿਵੇਂ ਧਾਤ ਦੇ ਟੋਟਿਆਂ ਤੋ ਟਰੈਕਟਰਾਂ ਅਤੇ ਕੰਬਾਈਨਾਂ ਦੇ ਪੁਰਜ਼ੇ ਜਨਮ ਲੈਂਦੇ ਹਨ। ਉਹਨਾਂ ਲਾਰੀਸਾ ਦੇ ਪਿਤਾ ਦੇ ਚੁਸਤ ਹਥਾਂ ਨੂੰ ਖ਼ਰਾਦ ਉਤੇ ਪੇਚ ਬਣਾਉਂਦੇ ਵੇਖਿਆ ਜਿਸ ਤੋਂ ਬਿਨਾਂ ਇੰਜਣ ਕੰਮ ਨਹੀਂ ਕਰ ਸਕਦੇ।

ਨਿਜੀ ਸੰਬੰਧ, ਸਮਾਜੀ ਜੀਵਨ ਪਹਿਲਾਂ ਪਹਿਲ ਮਨੁਖਜਾਤੀ ਦੇ ਭਲੇ ਲਈ

ਕੀਤੇ ਕੰਮ ਵਿਚ ਲਭਦਾ ਹੈ। ਉਹ ਜੋ ਕੁਝ ਕਰਦਾ ਜਾਂ ਕਰਦੀ ਹੈ ਮਨੁਖ ਦੀ ਮਾਨਵਤਾ ਉਸ ਵਿਚ ਵਿਕਾਸ ਕਰਦੀ ਹੈ। ਮੇਰੀਆਂ ਪਹਿਲੀਆਂ ਫ਼ਿਕਰਾਂ ਵਿਚੋਂ ਇਕ ਬਚਿਆਂ ਨੂੰ ਅਜਿਹੇ ਆਲੇ ਦੁਆਲੇ ਵਿਚ ਲਪੇਟਣਾ ਸੀ ਜਿਹੜਾ ਉਹਨਾਂ ਅਗੇ ਸਾਡੇ ਸੋਸ਼ਲਿਸਟ ਯਥਾਰਥ ਦਾ ਐਨ ਇਹੋ ਪਖ ਖੋਹਲੇ। ਮੈਂ ਇਹ ਜਤਨ ਕੀਤਾ ਕਿ ਬਚੇ ਨਾ ਕੇਵਲ ਉਸ ਵਿਚ ਰੋਚਕਤਾ ਵਿਖਾਉਣ ਜਿਸਦਾ ਸੰਬੰਧ ਪ੍ਰਕਿਰਤੀ ਦੇ ਸੁਹਪਣ ਨਾਲ ਹੈ ਸਗੋਂ ਸਾਡੇ ਦੇਸ ਵਿਚ ਰਚੇ ਜਾ ਰਹੇ ਨਵੇਂ ਮਨੁਖ ਦੇ ਐਨ ਤਤ ਵਿਚ ਅਤੇ ਆਪਣੀ ਮਾਤ-ਭੂਮੀ, ਸਮਾਜ ਅਤੇ ਹੋਰਨਾਂ ਲੋਕਾਂ ਲਈ ਇਸ ਮਨੁਖ ਦੀਆਂ ਸੇਵਾਵਾਂ ਵਿਚ ਰੋਚਕਤਾ ਵਿਖਾਉਣ । ਕਿਰਤੀ ਲੋਕਾਂ ਲਈ ਬਚਿਆਂ ਦਾ ਪਿਆਰ ਮਨੁਖੀ ਸਦਾਚਾਰ ਦਾ ਸੋਮਾ ਸੀ।

## ਅਸਾਂ ਪ੍ਰਕਿਰਤੀ ਦਾ ਸੰਗੀਤ ਸੁਣਿਆ

ਸੰਗੀਤਕ ਲੈ, ਸੰਗੀਤਕ ਧੁਨੀਆਂ ਦਾ ਸੁਹਪਣ, ਸਦਾਚਾਰਕ ਅਤੇ ਬੌਧਕ ਵਿਕਾਸ ਦਾ ਇਕ ਮਹਤਵ-ਪੂਰਨ ਸਾਧਨ ਹਨ। ਸੰਗੀਤ ਪ੍ਰਕਿਰਤੀ ਦੇ ਸੁਹਪਣ, ਸਦਾਚਾਰਕ ਸੰਬੰਧਾਂ ਅਤੇ ਕਿਰਤ ਵਲ ਲੋਕਾਂ ਦੀਆਂ ਅਖਾਂ ਖੋਹਲਦਾ ਹੈ। ਸੰਗੀਤ ਉਹ ਵਿਚਾਰ ਜਗਾਉਂਦਾ ਹੈ ਜਿਹੜੇ ਉਚ, ਸ਼ਾਨਦਾਰ ਅਤੇ ਸੁਹਣੇ ਹੁੰਦੇ ਹਨ, ਨਾ ਕੇਵਲ ਆਲੇ ਦੁਆਲੇ ਦੇ ਸੰਸਾਰ ਵਿਚ ਸਗੋਂ ਸਾਡੇ ਆਪਣੇ ਆਪ ਵਿਚ ਵੀ। ਸੰਗੀਤ ਸਵੈ-ਵਿਦਿਆ ਦਾ ਇਕ ਬਲਵਾਨ ਸਾਧਨ ਹੈ।

ਵਿਦਿਆਰਥੀਆਂ ਦੀ ਇਕੋ ਟੋਲੀ ਦੇ ਆਤਮਕ ਵਿਕਾਸ ਨੂੰ ਕਈ ਵਰ੍ਹਿਆਂ ਤਕ, ਬਚਪਨ ਤੋਂ ਗਭਰੇਟ ਦਿਨਾਂ ਤਕ ਵੇਖਣ ਪਿਛੋਂ ਮੈਨੂੰ ਨਿਸ਼ਚਾ ਹੋ ਗਿਆ ਹੈ ਕਿ ਫ਼ਿਲਮਾਂ, ਰੇਡੀਉ ਅਤੇ ਟੈਲੀਵਿਯਨ ਦੇ ਬੰਧੇਜ-ਰਹਿਤ, ਗ਼ੈਰ-ਜਥੇਬੰਦ ਪ੍ਰਭਾਵ ਦਾ ਸਿਟਾ ਯੋਗ ਸੁਹਜ-ਸੁਆਦੀ ਸਿਖਿਆ ਨਹੀਂ ਹੁੰਦਾ ਅਤੇ ਅਕਸਰ ਹਾਨੀਕਾਰਕ ਹੁੰਦਾ ਹੈ। ਬੰਧੇਜ-ਰਹਿਤ ਸੰਗੀਤਕ ਪ੍ਰਭਾਵਾਂ ਦੀ ਬਹੁਲਤਾ ਵਿਸ਼ੇਸ਼ ਤੌਰ ਉਤੇ ਹਾਨੀਕਾਰਕ ਹੈ। ਬਚਿਆਂ ਨੂੰ ਪ੍ਰਕਿਰਤੀ ਦੀ ਪਿਛੋਕੜ ਸਾਹਮਣੇ ਸੰਗੀਤ ਮਾਣਨਾ ਸਿਖਾਉਣਾ ਚਾਹੀਦਾ ਹੈ, ਜਿਹੜਾ ਉਹਨਾਂ ਨੂੰ ਸ਼ਾਂਤ ਖੇਤਾਂ ਅਤੇ ਜੂਹਾਂ ਵਿਚ, ਬਲੂਤ ਦੀਆਂ ਝੰਗੀਆਂ ਦੀ ਸਰ ਸਰ ਵਿਚ, ਨੀਲੇ ਆਕਾਸ਼ ਵਿਚ ਉਡਦੇ ਚੰਡੋਲ ਦੀਆਂ ਤਾਨਾਂ ਵਿਚ, ਕਣਕ ਦੇ ਪਕੇ ਪੂਲਿਆਂ ਦੀ ਘੁਸਰ-ਮੁਸਰ ਵਿਚ, ਸ਼ਹਿਦ ਦੀਆਂ ਮਖੀਆਂ ਅਤੇ ਭੰਵਰੇ ਦੀ ਗੁੰਜਨ ਵਿਚ ਸੰਗੀਤ ਮਾਣਨਾ ਸਿਖਾਵੇ। ਇਹ ਸਾਰਾ ਪ੍ਰਕਿਰਤੀ ਦਾ ਸੰਗੀਤ ਹੈ, ਉਹ ਸੋਮਾ ਜਿਸ ਤੋਂ ਮਨੁਖ ਸੁਰੀਲਾ ਗੀਤ ਰਚਣ ਲਈ ਪ੍ਰੇਰਨਾ ਲੈਂਦਾ ਹੈ।

ਆਮ ਤੌਰ ਉਤੇ ਸੁਹਜ-ਸੁਆਦੀ ਵਿਦਿਆ ਵਿਚ ਅਤੇ ਵਿਸ਼ੇਸ਼ ਤੌਰ ਉਤੇ ਸੰਗੀਤ ਦੇ ਖੇਤਰ ਵਿਚ ਬਚਿਆਂ ਨੂੰ ਸੁਹਪਣ ਦੇ ਸੰਸਾਰ ਦਾ ਆਦੀ ਬਣਾਉਂਦੇ ਹੋਏ ਸਿਖਿਅਕ

ਜਿਹੜੇ ਮਨੋਵਿਗਿਆਨਕ ਆਸ਼ੇ ਮੁਖ ਰਖਦਾ ਹੈ, ਉਹਨਾਂ ਦੀ ਬਹੁਤ ਮਹਤਤਾ ਹੈ। ਮੇਰੇ ਲਈ ਮੁਖ ਆਸ਼ਾ ਸੀ ਉਹਨਾਂ ਵਿਚ ਸੁਹਣੇ ਨਾਲ ਭਾਵੁਕ ਸਾਂਝ ਪਾਉਣ ਦੀ **ਯੋਗਤਾ** ਪੈਦਾ ਕਰਨਾ ਅਤੇ ਉਹਨਾਂ ਵਿਚ ਸੁਹਜ-ਸੁਆਦੀ ਪ੍ਰਕਾਰ ਦੇ ਪ੍ਰਭਾਵਾਂ ਦੀ **ਲੋੜ** ਪੈਦਾ ਕਰਨਾ। ਇਹ ਲਾਜ਼ਮੀ ਹੈ ਕਿ ਹੁਸਨ ਲੋਕਾਂ ਦੇ ਜੀਵਨ ਦਾ ਲਾਜ਼ਮੀ ਅੰਗ ਬਣ ਜਾਵੇ ਅਤੇ ਇਹ ਕਾਰਜ ਵਿਦਿਆ ਰਾਹੀਂ ਪ੍ਰਾਪਤ ਹੁੰਦਾ ਹੈ।

**ਖ਼ੁਸ਼ੀ ਦੇ ਸਕੂਲ** ਵਿਚ ਅਸਾਂ ਸੰਗੀਤ ਸੁਣਨ ਵਲ ਵਿਸ਼ੇਸ਼ ਧਿਆਨ ਦਿਤਾ—ਸੰਗੀਤ ਦੀਆਂ ਕਿਰਤਾਂ ਅਤੇ ਪ੍ਰਕਿਰਤੀ ਦੇ ਸੰਗੀਤ ਨੂੰ ਸੁਣਨ ਵਲ। ਸਾਡੇ ਸਾਹਮਣੇ ਪਹਿਲਾ ਕਾਰਜ ਲੈ ਵਲ ਭਾਵੁਕ ਪ੍ਰਤਿਕਰਮ ਪੈਦਾ ਕਰਨਾ ਸੀ ਅਤੇ ਫਿਰ ਹੌਲੀ ਹੌਲੀ ਬਚਿਆਂ ਨੂੰ ਇਹ ਨਿਸ਼ਚਾ ਦਿਵਾਉਣਾ ਸੀ ਕਿ ਸੰਗੀਤ ਦੇ ਸੁਹਪਣ ਦਾ ਸੋਮਾ ਆਲੇ ਦੁਆਲੇ ਦੇ ਸੰਸਾਰ ਦੇ ਸੁਹਪਣ ਵਿਚ ਹੈ; ਲੈ ਬੰਦੇ ਨੂੰ ਰੁਕ ਜਾਣ ਅਤੇ ਪ੍ਰਕਿਰਤੀ ਦਾ ਸੰਗੀਤ ਸੁਣਨ, ਸੰਸਾਰ ਦਾ ਸੁਹਪਣ ਮਾਣਨ, ਸੁਹਪਣ ਨੂੰ ਅਨੁਭਵ ਕਰਨ ਅਤੇ ਇਹਨੂੰ ਵਧਾਉਣ ਦਾ ਸਦਾ ਦੇਂਦੀ ਹੈ। ਕਈ ਵਰ੍ਹਿਆਂ ਦਾ ਅਨੁਭਵ ਇਹ ਦਰਸਾਉਂਦਾ ਹੈ ਕਿ ਬੰਦਾ ਆਪਣੀ ਮਾਤ ਭਾਸ਼ਾ ਅਤੇ ਸੰਗੀਤ ਦੀ ਸ਼ਲਾਘਾ ਕਰਨ ਦੇ ਮੁਢਲੇ ਨਿਯਮ—ਲੈ ਦੇ ਸੁਹਪਣ ਨੂੰ ਜਾਣਨ, ਸਮਝਣ, ਭਾਸਣ ਅਤੇ ਅਨੁਭਵ ਕਰਨ ਦੀ ਯੋਗਤਾ—ਕੇਵਲ ਬਚਪਨ ਵਿਚ ਹੀ ਸਿਖਦਾ ਹੈ। ਜੋ ਕੁਝ ਬਚਪਨ ਵਿਚ ਛਡ ਦਿਤਾ ਜਾਂਦਾ ਹੈ ਉਹ ਬਾਲਗ ਵਰ੍ਹਿਆਂ ਵਿਚ ਪ੍ਰਾਪਤ ਕਰਨਾ ਬਹੁਤ ਔਖਾ ਜਾਂ ਇਥੋਂ ਤਕ ਕਿ ਅਸੰਭਵ ਹੈ। ਬਚੇ ਦੀ ਆਤਮਾ ਮਾਤ ਭਾਸ਼ਾ, ਪ੍ਰਕਿਰਤੀ ਦਾ ਸੁਹਪਣ ਅਤੇ ਲੈ ਇਕੋ ਜਿਹੀ ਮਾਤਰਾ ਨਾਲ ਸਮਝਦੀ ਹੈ। ਜੇ ਸੰਗੀਤ ਦਾ ਸੁਹਪਣ ਬਚਪਨ ਵਿਚ ਉਹਦੇ ਦਿਲ ਤਕ ਅਪੜਦਾ ਹੈ, ਜੇ ਬਚਾ ਆਵਾਜ਼ ਵਿਚ ਮਨੁਖੀ ਭਾਵੁਨਾਵਾਂ ਦੀ ਸੂਖਮਤਾਈਆਂ ਅਨੁਭਵ ਕਰਦਾ ਹੈ, ਉਹ ਸਭਿਆਚਾਰ ਦੀ ਅਜਿਹੀ ਪਧਰ ਉਤੇ ਅਪੜ ਜਾਵੇਗਾ ਜਿਹੜੀ ਹੋਰ ਢੰਗਾਂ ਨਾਲ ਪ੍ਰਾਪਤ ਨਹੀਂ ਕੀਤੀ ਜਾ ਸਕਦੀ। ਲੈ ਦੇ ਸੁਹਪਣ ਦਾ ਅਨੁਭਵ ਬਚੇ ਲਈ ਉਹਦਾ ਆਪਣਾ ਸੁਹਪਣ ਖੋਹਲਦਾ ਹੈ—ਨਿਕਾ ਮਨੁਖ ਆਪਣਾ ਕੁਰਬ ਅਨੁਭਵ ਕਰਨ ਲਗ ਪੈਂਦਾ ਹੈ। ਸੰਗੀਤਕ ਵਿਦਿਆ ਕਿਸੇ ਨੂੰ ਸੰਗੀਤਕਾਰ ਬਣਨ ਲਈ ਸਿਖਿਆ ਨਹੀਂ ਸਗੋਂ ਸਭ ਤੋਂ ਪਹਿਲਾਂ ਇਹ ਉਹਨੂੰ ਮਨੁਖ ਬਣਨਾ ਸਿਖਾਉਣਾ ਹੈ।

...ਪਤ-ਝੜ ਦੇ ਆਰੰਭ ਵਿਚ ਜਦੋਂ ਹਰ ਆਵਾਜ਼ ਪਾਰਦਰਸ਼ੀ ਹਵਾ ਵਿਚੋਂ ਸਪਸ਼ਟ ਸੁਣਾਈ ਦੇਂਦੀ ਹੈ, ਬਚੇ ਅਤੇ ਮ ਇਕ ਤਿਪਹਿਰ ਹਰੇ ਮੈਦਾਨ ਵਿਚ ਬੈਠੇ ਸਾਂ। ਮੈ ਤਜਵੀਜ਼ ਪੇਸ਼ ਕੀਤੀ ਕਿ ਅਸੀਂ ਰਿਮਸਕੀ-ਕੋਰਸਾਕੋਵ ਦੇ ਸੰਗੀਤ-ਨਾਟ "ਜ਼ਾਰ ਸੁਲਤਾਨ ਦਾ ਕਿਸਾ" ਵਿਚੋਂ "ਭੰਵਰੇ ਦੀ ਉਡਾਰੀ" ਨਾਂ ਦੀ ਲੈ ਸੁਣੀਏ। ਸੰਗੀਤ ਦਾ ਬਚਿਆਂ ਵਲੋਂ ਭਾਵੁਕ ਪ੍ਰਤਿਕਰਮ ਹੋਇਆ। ਉਹਨਾਂ ਕਿਹਾ: "ਭੰਵਰਾ ਨੇੜੇ ਆਉਂਦਾ ਹੈ ਅਤੇ ਫਿਰ ਬਹੁਤ ਦੂਰ ਚਲਾ ਜਾਂਦਾ ਹੈ। ਤੁਸੀਂ ਨਿਕੇ ਪੰਛੀਆਂ ਨੂੰ ਚੂਕਦੇ ਸੁਣ ਸਕਦੇ ਹੋ।" ਅਸਾਂ ਲੈ ਫਿਰ ਸੁਣੀ ਅਤੇ ਫਿਰ ਮਧੁ-ਭਰੇ ਫੁਲਾਂ ਨਾਲ

ਭਰੇ ਘਾਹ ਵਲ ਗਏ। ਬਚਿਆਂ ਨੇ ਮਖਿਆਰੀਆਂ ਦੀ ਭਿਣ-ਭਿਣ ਅਤੇ ਭੰਵਰਿਆਂ ਦੀ ਭੌਂ-ਭੌਂ ਸੁਣੀ। ਉਹਨਾਂ ਵੇਖਿਆ ਕਿ ਕਿਵੇਂ ਇਕ ਵਡਾ, ਬੁਰਦਾਰ ਭੰਵਰਾ ਇਕ ਫੁਲ ਉਤੇ ਮੰਡਲਾਉਂਦਾ ਰਿਹਾ ਅਤੇ ਫਿਰ ਉਹਦੇ ਵਿਚ ਡਿਗ ਪਿਆ। ਬਚੇ ਖਿੜ ਗਏ: ਇਹ ਐਨ ਰੀਕਾਰਡ ਦੇ ਸੰਗੀਤ ਜਿਹਾ ਸੀ ਪਰ ਸੰਗੀਤਕ ਰਚਨਾ ਵਿਚ ਇਕ ਤਰ੍ਹਾਂ ਦਾ ਅਭਰਿਠ ਸੁਹਪਣ ਸੀ ਜਿਹੜਾ ਸਵਰਕਾਰ ਨੇ ਪ੍ਰਕਿਰਤੀ ਵਿਚ ਸੁਣਿਆ ਸੀ ਅਤੇ ਸਾਡੇ ਤਕ ਪੁਚਾਇਆ ਸੀ। ਬਚੇ ਸੰਗੀਤ ਫਿਰ ਸੁਣਨਾ ਚਾਹੁੰਦੇ ਸਨ।

ਇਕ ਦਿਨ ਪਿਛੋਂ ਅਸੀਂ ਸਵੇਰੇ ਇਕ ਅਜਿਹੀ ਥਾਂ ਗਏ ਜਿਥੇ ਬਹੁਤ ਸਾਰੇ ਫੁਲ ਸਨ। ਬਚਿਆਂ ਨੇ ਧਿਆਨ ਨਾਲ ਮਖਿਆਰੀਆਂ ਦੀ ਭਿਣ-ਭਿਣ ਸੁਣੀ ਅਤੇ ਝੰਡਲ ਭੰਵਰਿਆਂ ਦੀ ਭੌਂ-ਭੌਂ ਸੁਣਨ ਦਾ ਜਤਨ ਕੀਤਾ। ਉਹਨਾਂ ਉਸ ਵਿਚ ਸੁਹਪਣ ਲਭਿਆ ਜਿਹੜਾ ਪਹਿਲਾਂ ਸਾਧਾਰਨ ਜਾਪਦਾ ਸੀ—ਅਜਿਹੀ ਹੈ ਸੰਗੀਤ ਦੀ ਸ਼ਕਤੀ।

ਮੈਂ ਅਜਿਹੀਆਂ ਸੰਗੀਤ ਰਚਨਾਵਾਂ ਚੁਣਨ ਦਾ ਜਤਨ ਕੀਤਾ ਜਿਨ੍ਹਾਂ ਵਿਚ ਸਪਸ਼ਟ ਬਿੰਬ ਹੋਣ ਜਿਹੜੇ ਬਚੇ ਸਮਝ ਸਕਣ ਅਤੇ ਜਿਨ੍ਹਾਂ ਵਿਚ ਉਹ ਕੁਝ ਦੁਹਰਾਇਆ ਗਿਆ ਹੋਵੇ ਜਿਹੜਾ ਉਹਨਾਂ ਆਪਣੇ ਆਲੇ ਦੁਆਲੇ ਸੁਣਿਆ ਹੋਵੇ: ਪੰਛੀਆਂ ਦਾ ਚਹਿਕਣਾ, ਪਤਿਆਂ ਦੀ ਸਰ ਸਰ, ਬਿਜਲੀ ਦੀ ਕੜਕ, ਨਦੀ ਦੀ ਕੁਲ ਕੁਲ, ਹਵਾ ਦੀਆਂ ਚਾਂਗਰਾਂ।... ਇਹਦੇ ਨਾਲ ਹੀ ਨਾਲ ਮੈਂ ਪ੍ਰਭਾਵਾਂ ਦੀ ਬਹੁਲਤਾ ਤੋਂ ਬਚਿਆਂ ਦੀ ਰਖਿਆ ਕੀਤੀ। ਮੈਂ ਇਹ ਗਲ ਦੁਹਰਾਉਂਦਾ ਹਾਂ ਕਿ ਸੰਗੀਤਕ ਬਿੰਬਾਂ ਦੀ ਬਹੁਲਤਾ ਬਚਿਆਂ ਲਈ ਚੰਗੀ ਨਹੀਂ। ਇਹ ਭੁਚਲਾਉਣ ਵਾਲੀ ਹੋ ਸਕਦੀ ਹੈ ਅਤੇ ਸੰਗੀਤਕ ਹੁੰਗਾਰੇ ਨੂੰ ਖੁੰਢਾ ਕਰ ਸਕਦੀ ਹੈ। ਮੈਂ ਮਹੀਨੇ ਵਿਚ ਦੋ ਤੋਂ ਵਧ ਲੈਆਂ ਨਾ ਵਰਤਦਾ ਪਰ ਇਹਨਾਂ ਲੈਆਂ ਨਾਲ ਬਹੁਤ ਸਾਰਾ ਵਿਦਿਅਕ ਕੰਮ ਕਰਦਾ, ਜਿਸਦਾ ਮੰਤਵ ਬਚਿਆਂ ਵਿਚ ਸੰਗੀਤ ਘੜੀ ਮੁੜੀ ਸੁਣਨ ਦੀ ਇਛਾ ਜਗਾਉਣਾ ਸੀ, ਇਥੋਂ ਤਕ ਕਿ ਅਸੀਂ ਅਜਿਹੇ ਨੁਕਤੇ ਉਤੇ ਅਪੜ ਗਏ ਜਿਥੇ ਬਚੇ ਕਿਸੇ ਕਿਰਤ ਨੂੰ ਸੁਣਨ ਸਮੇਂ ਹਰ ਵਾਰ ਉਹਦੇ ਵਿਚ ਸੁਹਪਣ ਵੇਖਦੇ। ਇਹ ਗਲ ਮਹਤਵ-ਪੂਰਨ ਹੈ ਸੰਗੀਤ ਦੀ ਸ਼ਲਾਘਾ ਕਰਨ ਦੇ ਬੁਨਿਆਦੀ ਨਿਯਮਾਂ ਵਿਚ ਨਿਪੁੰਨਤਾ ਪ੍ਰਾਪਤੀ ਦੇਣ ਵਾਲੀਆਂ ਲੈਆਂ ਸੁਣਨ ਦੇ ਵਿਚਕਾਰ ਕੋਈ ਆਪ-ਮੁਹਾਰੇ ਉਗੜ-ਦੁਗੜ ਪ੍ਰਭਾਵ ਨਾ ਹੋਣ। ਲੈ ਸੁਣਨ ਤੋਂ ਪਿਛੋਂ ਬਚਿਆਂ ਨੂੰ ਖੇਤਾਂ ਦੀ ਸ਼ਾਂਤੀ ਵਿਚ ਸੁਣਨਾ ਚਾਹੀਦਾ ਹੈ ਅਤੇ ਦੁਹਾਂ ਲੈਆਂ ਦੀ ਸੂਝ ਵਿਚ ਉਹ ਪ੍ਰਕਿਰਤੀ ਦੇ ਸੁਹਪਣ ਨੂੰ ਜਾਣਨ।

ਅਸੀਂ ਬਲੂਤ ਦੀ ਝੰਗੀ ਵਿਚ ਗਏ। ਪਤ-ਝੜ ਦੇ ਅਖ਼ੀਰ ਉਤੇ ਨਿਘਾ, ਖਰਾ ਦਿਨ ਸੀ; ਰੁਖਾਂ ਦੀ ਬਹੁ-ਰੰਗੀ ਪੁਸ਼ਾਕ ਸੂਰਜ ਦੀਆਂ ਕਿਰਨਾਂ ਹੇਠ ਲਿਸ਼ਕ ਰਹੀ ਸੀ। ਟਰੈਕਟਰ ਦੇ ਸ਼ੋਰ ਦੇ ਨਾਲ ਨਾਲ ਪਤ-ਝੜ ਦੇ ਪੰਛੀਆਂ ਦੀ ਚਹਿਕ ਸੁਣੀ ਜਾ ਰਹੀ ਸੀ। ਨੀਲੇ ਆਕਾਸ ਵਿਚ ਹੰਸਾਂ ਦੀ ਇਕ ਡਾਰ ਉਡਦੀ ਜਾ ਰਹੀ ਸੀ। ਅਸਾਂ ਚਾਏਕੋਵਸਕੀ ਦਾ "ਪਤ-ਝੜ ਦਾ ਗੀਤ (ਅਕਤੂਬਰ)" ਸੁਣਿਆ। ਲੈ ਨੇ ਸਾਨੂੰ ਉਹਨਾਂ ਸ਼ੈਆਂ ਦਾ ਦੁਹਰਾਇਆ ਨਾ ਜਾ ਸਕਣ ਵਾਲਾ ਸੁਹਪਣ ਅਨੁਭਵ ਕਰਨ

ਵਿਚ ਸਹਾਇਤਾ ਦਿਤੀ ਜਿਨ੍ਹਾਂ ਵਲ ਬਚਿਆਂ ਨੇ ਉਹਨਾਂ ਦੀ ਪ੍ਰਕਿਰਤਕ ਹਾਲਤ ਵਿਚ ਧਿਆਨ ਨਹੀਂ ਸੀ ਦਿਤਾ—ਬਲੂਤ ਦੇ ਰੁਖਾਂ ਉਤੇ ਪੀਲੇ ਪੈ ਗਏ ਪਤਿਆਂ ਦੀ ਸ਼ਾਂਤ ਸਰ ਸਰ, ਪਾਰਦਰਸ਼ੀ ਪੌਣ ਦੀ ਖ਼ੁਸ਼ਬੋ, ਸੜਕ ਦੇ ਕੰਢੇ ਮੁਰਝਾਏ ਗੁਲ-ਬਹਾਰ ਦੇ ਫੁਲ।

ਬਚੇ ਖ਼ੁਸ਼ ਸਨ ਪਰ ਮੁਖ ਲੈ ਨੇ ਉਹਨਾਂ ਉਤੇ ਥੋੜ੍ਹਾ ਜਿਹਾ ਉਦਾਸ ਰੰ ਛਾ ਦਿਤਾ। ਬਚਿਆਂ ਨੇ ਅਨੁਭਵ ਕੀਤਾ ਕਿ ਬਦਲਵਾਈ ਵਾਲੇ ਦਿਨ, ਠੰਢੇ ਬਰਫ਼ੀਲੇ ਝਖੜ ਅਤੇ ਛੇਤੀ ਪੈਣ ਵਾਲੀਆਂ ਰਾਤਾਂ ਨੇੜੇ ਹੀ ਸਨ। ਸੰਗੀਤ ਦੇ ਪ੍ਰੇਰੇ ਹੋਏ ਉਹਨਾਂ ਹੁਨਾਲ ਦੇ ਸੁਹਪਣ ਅਤੇ ਪਤ-ਝੜ ਦੇ ਪਹਿਲੇ ਸੁਨਹਿਰੀ ਦਿਨਾਂ ਦੀ ਗਲ ਕੀਤੀ। ਹਰ ਬਚੇ ਨੇ ਕਿਸੇ ਨਾ ਕਿਸੇ ਸਪਸ਼ਟ ਅਤੇ ਪ੍ਰਗਟਾਊ ਗਲ ਨੂੰ ਚੇਤੇ ਕੀਤਾ ਅਤੇ ਉਹਨਾਂ ਦੀ ਕਲਪਨਾ ਵਿਚ ਹੁਨਾਲ ਅਤੇ ਪਤ-ਝੜ ਦੇ ਬਿੰਬ ਆਪਣੇ ਸਾਰੇ ਸੁਹਪਣ ਸਹਿਤ ਪ੍ਰਗਟ ਹੋਏ। ਉਦਾਹਰਣ ਵਜੋਂ ਲਾਰੀਸਾ ਨੇ ਕਿਹਾ, "ਮੇਰਾ ਪਿਤਾ ਅਤੇ ਮੈਂ ਦਰੁਗ ਵਿਚ ਗਏ। ਉਹਦੀਆਂ ਢਕੀਆਂ ਉਤੇ ਹਰੀ ਕੰਧ ਸੀ—ਜੰਗਲ, ਜੰਗਲ ਅਤੇ ਹੋਰ ਜੰਗਲ ਧੁਪ ਦੇ ਹੜ੍ਹ ਵਿਚ ਗੜੁਚਿਆ ਹੋਰ ਜੰਗਲ। ਕਿਧਰੇ ਇਕ ਕੁਮਰੀ ਗੁਟਕ ਰਹੀ ਸੀ। ਜੰਗਲ ਇੰਨਾ ਸੁਹਣਾ ਲਗਦਾ ਸੀ, ਇੰਨਾ ਸੁਹਣਾ।... ਜੀਅ ਕਰਦਾ ਕਿ ਟੁਰਦੇ ਹੀ ਜਾਈਏ, ਟੁਰਦੇ ਹੀ ਜਾਈਏ ਅਤੇ ਸਾਰਾ ਸਮਾਂ ਸੂਰਜ ਲਿਸ਼ਕਦਾ ਰਹੇ। ਜਦੋਂ ਕੁਮਰੀਆਂ ਨੇੜੇ ਹੋਣ ਤਾਂ ਇਉਂ ਜਾਪਦਾ ਹੈ ਰੁਖਾਂ ਦੇ ਪਤੇ ਪੂਰਾ ਤਰਾਣ ਲਾਕੇ ਸੁਣਨ ਲਈ ਅਹਿਲ ਖੜੇ ਹੋ ਜਾਂਦੇ ਹਨ।"

ਸ਼ੂਰਾ ਨੇ ਚੇਤੇ ਕੀਤਾ: "ਅੰਮਾਂ ਮੈਨੂੰ ਖੇਤ ਵਿਚ ਲੈ ਗਈ। ਉਹ ਕੰਬਾਈਨ ਦੇ ਨੇੜੇ ਕੰਮ ਕਰ ਰਹੀ ਸੀ। ਮੈਂ ਆਪਣੇ ਕੰਬਾਈਨ ਡਰਾਈਵਰ ਚਾਚੇ ਨਾਲ ਕੰਬਾਈਨ ਵਿਚ ਬੈਠਾ। ਫਿਰ ਮੇਰਾ ਜੀਅ ਸੌਣ ਨੂੰ ਕੀਤਾ। ਅੰਮਾਂ ਨੇ ਮੈਨੂੰ ਸਜਰੀ ਤੂੜੀ ਦੇ ਢੇਰ ਉਤੇ ਲਿਟਾ ਦਿਤਾ। ਮੈਂ ਉਪਰ ਅਸਮਾਨ ਵਲ ਵੇਖਿਆ ਅਤੇ ਤੂੜੀ ਦਾ ਢੇਰ ਧਰਤੀ ਦੇ ਉਪਰ ਉਚਾ, ਹੋਰ ਉਚਾ ਉਡਣ ਲੱਗ ਪਿਆ। ਮੈਂ ਇਕ ਨਿਕੇ ਪੰਛੀ ਦੇ ਨੇੜੇ ਅਪੜਿਆ ਜਿਹੜਾ ਅਸਮਾਨ ਵਿਚ ਕੰਬ ਰਿਹਾ ਸੀ, ਫਿਰ ਉਹ ਮੈਥੋਂ ਦੂਰ ਉਡ ਗਿਆ। ਬੀਂਡੇ ਮੇਰੇ ਨਾਲ ਉਡ ਰਹੇ ਸਨ, ਉਹਨਾਂ ਦੀ ਪੂਰੀ ਸੰਗੀਤ ਮੰਡਲੀ ਪੰਛੀ ਦਾ ਸੁਆਗਤ ਕਰਨ ਲਈ ਗਾਉਂਦੀ ਹੋਈ ਜਾ ਰਹੀ ਸੀ। ਇਉਂ ਮੈਂ ਸੌਂ ਗਿਆ। ਫਿਰ ਮੈਂ ਜਾਗ ਪਿਆ, ਅਤੇ ਪੰਛੀ ਅਜੇ ਵੀ ਅਸਮਾਨ ਵਿਚ ਕੰਬ ਰਿਹਾ ਸੀ, ਅਤੇ ਬੀਂਡੇ ਪਹਿਲਾਂ ਨਾਲੋਂ ਵੀ ਉਚਾ ਗਾ ਰਹੇ ਸਨ।"

ਅਸਾਂ ਫਿਰ ਚਾਏਕੋਵਸਕੀ ਦਾ ਸੰਗੀਤ ਸੁਣਿਆ, ਅਤੇ ਮੈਂ ਅਨੁਭਵ ਕੀਤਾ ਕਿ ਬਚਿਆਂ ਨੇ ਸੰਗੀਤ ਵਿਚ ਹੁਨਾਲ ਅਤੇ ਪਤ-ਝੜ ਦੇ ਦਿਨਾਂ ਦੇ ਅਭੁਲ ਸੁਹਪਣ ਦੀਆਂ ਯਾਦਾਂ ਲਭ ਲਈਆਂ ਹਨ, ਜਿਹੜੀਆਂ ਉਹਨਾਂ ਦੇ ਦਿਲਾਂ ਦੇ ਨੇੜੇ ਹਨ। ਬਚੇ ਨਵੀਆਂ ਯਾਦਾਂ ਸੁਣ ਰਹੇ ਸਨ।

"ਮੈਂ ਅਤੇ ਮੇਰਾ ਅਬਾ ਤੂੜੀ ਦੇ ਗਡੇ ਉਤੇ ਜਾ ਰਹੇ ਸਾਂ। ਮੈਂ ਤੂੜੀ ਉਤੇ ਲੇਟੀ

ਹੋਈ ਸਾਂ ਅਤੇ ਅਸਮਾਨ ਵਿਚ ਤਾਰੇ ਟਿਮਟਿਮਾ ਰਹੇ ਸਨ। ਖੇਤ ਵਿਚ ਬਟੇਰੇ ਗੁਟਕ ਰਹੇ ਸਨ ਅਤੇ ਤਾਰੇ ਇੰਨੇ ਨੇੜੇ ਆ ਗਏ ਕਿ ਮੈਂ ਹਥ ਵਧਾਕੇ ਇਕ ਤਾਰਾ ਲਾਲਟੈਨ ਵਾਂਗ ਫੜ ਸਕਦੀ ਸਾਂ।"

ਇਹ ਜ਼ੀਨਾ ਦੀ ਯਾਦ ਸੀ। ਮੈਂ ਹੈਰਾਨ ਹੋਕੇ ਨਿਕੀ ਕੁੜੀ ਦੀ ਗਲ ਸੁਣਦਾ ਰਿਹਾ। ਉਹ ਸਦਾ ਇੰਨੀ ਚੁਪ ਰਹਿੰਦੀ ਸੀ; ਉਹਨੇ ਤਾਂ ਕਦੀ ਇਕ ਸ਼ਬਦ ਵੀ ਨਹੀਂ ਸੀ ਕਿਹਾ। ਪਰ ਸੰਗੀਤ ਨੇ ਉਹਨੂੰ ਬੁਲਾ ਦਿਤਾ ਸੀ।

ਇਹ ਬੜੀ ਖ਼ੁਸ਼ੀ ਦੀ ਗਲ ਹੈ ਕਿ ਸੰਗੀਤ ਭਾਵੁਕ ਹੁੰਗਾਰੇ ਨੂੰ ਤਿਖੇਰਾ ਕਰਦਾ ਹੈ, ਸੰਗੀਤਕ ਬਿੰਬ ਰਾਹੀਂ ਲਿਆਂਦੇ ਵਿਚਾਰਾਂ ਦੇ ਸੁਹਪਣ ਨੂੰ ਜਗਾਉਂਦਾ ਹੈ। ਮੈਂ ਚਾਹੁੰਦਾ ਸਾਂ ਕਿ ਹਰ ਬਚਾ ਸੁਪਨੇ ਲਏ ਅਤੇ ਸੰਗੀਤ ਦੇ ਪ੍ਰਭਾਵ ਹੇਠ ਖ਼ਿਆਲ-ਉਡਾਰੀਆਂ ਘੜੇ। ਸੰਗੀਤ ਬਚਿਆਂ ਦੇ ਖ਼ਾਸੇ ਵਿਚ ਕਾਵਮਈ, ਸੁਪਨਹਾਰ ਨੂੰ ਡੂੰਘੇਰਾ ਕਰਦਾ ਹੈ ਅਤੇ ਇਹ ਚੰਗੀ ਗਲ ਹੈ। ਮੈਨੂੰ ਖ਼ੁਸ਼ੀ ਸੀ ਕਿ ਕੋਲੀਆ ਅਤੇ ਤੋਲੀਆ ਦੋਵੇਂ ਸੋਚਾਂ ਵਿਚ ਡੁਬੇ ਤਾਨੀਆ ਅਤੇ ਲਾਰੀਸਾ ਦੀਆਂ ਭਾਵ-ਭਿੰਨੀਆਂ ਯਾਦਾਂ ਨੂੰ ਧਿਆਨ ਨਾਲ ਸੁਣ ਰਹੇ ਸਨ—ਉਹ ਵੀ ਕੁਝ ਯਾਦ ਕਰ ਰਹੇ ਸਨ।

ਸੰਗੀਤ ਚਿੰਤਨ ਦਾ ਬਲਵਾਨ ਸੋਮਾ ਹੈ। ਸੰਗੀਤ ਦੀ ਸ਼ਲਾਘਾ ਕਰਨ ਦੀ ਵਿਦਿਆ ਤੋਂ ਬਿਨਾਂ ਬਚੇ ਦਾ ਸਚਾ ਬੌਧਕ ਵਿਕਾਸ ਅਸੰਭਵ ਹੈ। ਸੰਗੀਤ 'ਦਾ ਆਦਿ ਕੇਵਲ ਆਲੇ ਦੁਆਲੇ ਦੇ ਸੰਸਾਰ ਵਿਚ ਹੀ ਨਹੀਂ ਸਗੋਂ ਮਨੁਖ ਵਿਚ, ਸੋਚ ਅਤੇ ਬੋਲਣ ਦੇ ਆਤਮਕ ਸੰਸਾਰ ਵਿਚ ਹੁੰਦਾ ਹੈ। ਸੰਗੀਤਕ ਬਿੰਬ ਯਥਾਰਥ ਦੀਆਂ ਵਸਤਾਂ ਅਤੇ ਵਰਤਾਰਿਆਂ ਦੀਆਂ ਵਿਸ਼ੇਸ਼ਤਾਈਆਂ ਨੂੰ ਨਵੇਂ ਸਿਰਿਓਂ ਉਘਾੜਦਾ ਹੈ। ਬਚੇ ਦਾ ਧਿਆਨ ਉਹਨਾਂ ਵਸਤਾਂ ਅਤੇ ਵਰਤਾਰਿਆਂ ਉਤੇ ਜੁੜ ਜਾਂਦਾ ਹੈ ਜਿਨ੍ਹਾਂ ਨੂੰ ਸੰਗੀਤ ਨਵੀਂ ਲੋਅ ਵਿਚ ਪ੍ਰਗਟ ਕਰਦਾ ਹੈ ਅਤੇ ਉਹਦੇ ਵਿਚਾਰ ਇਕ ਸਪਸ਼ਟ ਚਿਤਰ ਪੇਸ਼ ਕਰਦੇ ਹਨ; ਇਹ ਚਿਤਰ ਬੋਲੀ ਵਿਚ ਪ੍ਰਗਟਾਅ ਦੀ ਮੰਗ ਕਰਦਾ ਹੈ। ਨਵੇਂ ਸੰਕਲਪਾਂ ਅਤੇ ਵਿਚਾਰਾਂ ਲਈ ਆਪਣੇ ਆਲੇ ਦੁਆਲੇ ਦੇ ਸੰਸਾਰ ਤੋਂ ਸਮਿਗਰੀ ਲੈਂਦਾ ਹੋਇਆ, ਬਚਾ ਸ਼ਬਦਾਂ ਨਾਲ ਰਚਨਾ ਕਰਦਾ ਹੈ।

ਸੰਗੀਤ, ਕਲਪਨਾ, ਖ਼ਿਆਲ-ਉਡਾਰੀ, ਪਰੀ-ਕਹਾਣੀਆਂ ਰਚਨਾਤਮਕਤਾ—ਇਹ ਹੈ ਉਹ ਰਾਹ ਜਿਸ ਉਤੇ ਬਚਾ ਆਪਣੀਆਂ ਅੰਤ੍ਰੀਵ ਸ਼ਕਤੀਆਂ ਨੂੰ ਵਿਕਸਤ ਕਰ ਸਕਦਾ ਹੈ। ਸੰਗੀਤ ਬਚੇ ਵਿਚ ਲਿਸ਼ਕਦੇ ਬਿੰਬ ਜਗਾਉਂਦਾ ਹੈ। ਇਹ ਤਰਕ ਦੀਆਂ ਰਚਨਾਤਮਕ ਸ਼ਕਤੀਆਂ ਨੂੰ ਸਿਖਿਅਤ ਕਰਨ ਦਾ ਸਰਵਉਤਮ ਢੰਗ ਹੈ। ਐਡਵਾਰਡ ਗਰੀਗ ਦੀ ਇਕ ਲੈ ਸੁਣਦੇ ਹੋਏ ਬਚਿਆਂ ਨੇ ਜਾਦੂਈ ਖੋਹਾਂ, ਅਲੰਘ ਜੰਗਲਾਂ ਅਤੇ ਚੰਗੇ ਅਤੇ ਭੈੜੇ ਜੀਵਾਂ ਦੀ ਕਲਪਨਾ ਕੀਤੀ। ਸਭ ਤੋਂ ਚੁਪੀਤੇ ਵੀ ਬੋਲਣਾ ਚਾਹੁੰਦੇ ਸਨ; ਪਰੀ-ਕਹਾਣੀ ਬਿੰਬਾਂ ਨੂੰ ਕਾਗ਼ਜ਼ ਉਤੇ ਪਕੜ ਲੈਣ ਦੀ ਇਛਾ ਨਾਲ ਬਚਿਆਂ ਦੇ ਹਥ ਆਪਣੀਆਂ ਪੈਨਸਲਾਂ ਅਤੇ ਕਾਪੀਆਂ ਵਲ ਵਧੇ। ਸੰਗੀਤ ਸਭ ਤੋਂ ਸਿਥਲ ਬਚਿਆਂ ਵਿਚ ਵੀ ਸੋਚਣ ਲਈ ਸ਼ਕਤੀ ਜਗਾ ਦਿਤੀ। ਜਾਪਦਾ

ਸੀ ਸੰਗੀਤ ਨੇ ਦਿਮਾਗ ਦੇ ਭੂਰੇ ਪਦਾਰਥ ਦੇ ਅੰਕੁਰਾਂ ਵਿਚ ਜਾਦੂਈ ਸ਼ਕਤੀ ਭਰ ਦਿਤੀ ਸੀ। ਮੈਂ ਸੰਗੀਤ ਦੇ ਪ੍ਰਭਾਵ ਅਧੀਨ ਬੌਧਕ ਸ਼ਕਤੀ ਦੇ ਇਸ ਵਿਕਾਸ ਵਿਚ ਚਿੰਤਨ ਦੇ ਭਾਵੁਕ ਸੋਮੇ ਵੇਖੇ।

ਸਿਆਲ ਦੇ ਦਿਨੀਂ ਜਦੋਂ ਸਾਡੇ ਸਾਰੇ ਰਾਹ ਬਰਫ਼ ਨਾਲ ਕਜੇ ਹੁੰਦੇ, ਅਸੀਂ ਸ੍ਰੇਣੀ ਦੇ ਕਮਰੇ ਵਿਚ ਬੈਠੇ, ਚਾਏਕੋਵਸਕੀ, ਗਰੀਗ, ਸ਼ੂਬਰਟ ਅਤੇ ਸ਼ੂਮਾਨ ਦਾ ਸੰਗੀਤ ਸੁਣਦੇ। ਬਚੇ ਸ਼ਾਮ ਦੇ ਧੁੰਦਲਕੇ ਵਿਚ ਪਰੀ-ਕਹਾਣੀ ਦੀਆਂ ਲੈਆਂ ਸੁਣਨ ਵਿਚ ਵਿਸ਼ੇਸ਼ ਖ਼ੁਸ਼ੀ ਅਨੁਭਵ ਕਰਦੇ। ਮੈਂ ਉਹਨਾਂ ਨੂੰ ਦੁਸ਼ਟ ਜਾਦੂਗਰਨੀ ਬਾਬਾ-ਯਾਗਾ ਸੰਬੰਧੀ ਯੂਕਰੇਨੀ ਪਰੀ-ਕਹਾਣੀ ਸੁਣਾਈ ਅਤੇ ਫਿਰ ਅਸਾਂ ਚਾਏਕੋਵਸਕੀ ਦਾ ਸੰਗੀਤ "ਬਾਬਾ-ਯਾਗਾ" ਸੁਣਿਆ। ਉਸ ਸੰਗੀਤ ਦੇ ਪ੍ਰਭਾਵ ਅਧੀਨ ਜਿਨ੍ਹਾਂ ਅਣੋਖੇ ਬਿੰਬਾਂ ਅਤੇ ਵਿਚਾਰਾਂ ਨੇ ਜਨਮ ਲਿਆ ਉਹਨਾਂ ਨੂੰ ਸ਼ਬਦਾਂ ਵਿਚ ਬਿਆਨ ਕਰਦਾ ਔਖਾ ਹੈ। ਬਚੇ ਆਪਣੇ ਸੁਪਨਿਆਂ ਵਿਚ ਦੂਰਾਡੇ ਪਹਾੜ ਤਕ ਗਏ, ਜੰਗਲ ਤੋਂ ਬਹੁਤ ਦੂਰ, ਨੀਲੇ ਸਾਗਰ ਤੋਂ ਪਾਰ, ਗੁਪਤ ਮੋਹਾਂ ਅਤੇ ਦਰੁਗਾਂ ਵਿਖੇ। ਬਚਿਆਂ ਨੇ ਜਿਹੜੀਆਂ ਉਕਾ ਹੀ ਕਿਆਸੋਂ ਬਾਹਰਲੀਆਂ ਕਹਾਣੀਆਂ ਘੜੀਆਂ, ਮੈਂ ਅਚੰਭੇ ਨਾਲ ਉਹਨਾਂ ਨੂੰ ਸੁਣਿਆ। ਯੂਰਾ ਦੀ ਕਲਪਨਾ ਵਿਚ ਦੁਸ਼ਟ ਬਾਬਾ-ਯਾਗਾ ਮਨੁਖਤਾ ਦੀ ਖ਼ੁਸ਼ੀ ਵਿਚ — ਗੀਤਾਂ ਵਿਚ — ਅਯੋਗ ਦਖ਼ਲ ਦੇਣ ਵਾਲੀ ਮਨੁਖ ਦੋਖੀ ਬਣ ਗਈ। "ਉਹਨੇ ਇਕ ਵਡਾ ਭਾਂਡਾ ਲਿਆ ਅਤੇ ਖਰਲ ਵਿਚ (ਪ੍ਰੰਪਰਾਗਤ ਝਾੜੂ ਦੀ ਥਾਂ ਬਾਬਾ-ਯਾਗਾ ਖਰਲ ਵਿਚ ਸਵਾਰੀ ਕਰਦੀ ਹੈ*) ਸਾਰੇ ਸੰਸਾਰ ਵਿਚ ਉਡਦੀ ਫਿਰੀ। ਜਿੰਉਂ ਹੀ ਉਹ ਗੀਤ ਸੁਣਦੀ ਉਹ ਉਡ ਕੇ ਉਸ ਥਾਂ ਜਾਂਦੀ ਜਿਥੋਂ ਗੀਤ ਆ ਰਿਹਾ ਹੁੰਦਾ, ਭਾਂਡੇ ਨੂੰ ਖਰਲ ਦੀ ਬਾਹੀ ਨਾਲ ਖੜਕਾਉਂਦੀ ਅਤੇ ਲੋਕ ਚੁਪ ਹੋ ਜਾਂਦੇ, ਉਹਨਾਂ ਨੂੰ ਗਾਣਾ ਭੁਲ ਜਾਂਦਾ ਕਿਉਂਕਿ ਉਹਨੇ ਗਾਣਾ ਆਪਣੇ ਭਾਂਡੇ ਵਿੱਚ ਲੁਕਾ ਲਿਆ ਹੁੰਦਾ। ਇਉਂ ਬਾਬਾ-ਯਾਗਾ ਨੇ ਸਾਰੇ ਗੀਤ ਲੁਕਾ ਲਏ। ਸਾਰੇ ਸੰਸਾਰ ਵਿਚ ਇਕ ਨਿਕਾ ਆਜੜੀ ਮੁੰਡਾ ਗਾਉਂਦਾ ਰਹਿ ਗਿਆ। ਉਹ ਆਪਣੇ ਅਲਗੋਜ਼ੇ ਵਜਾਉਂਦਾ ਅਤੇ ਗੀਤ ਗਾਉਂਦਾ। ਦੁਸ਼ਟ ਜਾਦੂਗਰਨੀ ਭਾਵੇਂ ਆਪਣੇ ਭਾਂਡੇ ਨੂੰ ਖਰਲ ਹੀ ਬਾਹੀ ਨਾਲ ਕਿੰਨਾਂ ਕਿਉਂ ਨਾ ਵਜਾਉਂਦੀ ਉਹ ਕੁਝ ਨਾ ਕਰ ਸਕਦੀ: ਨਿਕੇ ਮੁੰਡੇ ਦੇ ਅਲਗੋਜ਼ੇ ਮੰਦਰੇ ਹੋਏ ਸਨ। ਸੋ ਦੁਸ਼ਟ, ਦੁਸ਼ਟ ਬਾਬਾ-ਯਾਗਾ ਸਾਰੇ ਗੀਤ ਆਪਣੇ ਭਾਂਡੇ ਵਿਚ ਲੈਕੇ ਸੋਗੀ ਹੋਈ ਬੈਠੀ ਰਹੀ। ਸਾਰਾ ਸੰਸਾਰ ਚੁਪ ਸੀ; ਕੋਈ ਵੀ ਗਾ ਨਹੀਂ ਸੀ ਰਿਹਾ, ਅਤੇ ਕਿਧਰੇ ਵੀ ਖੁਸ਼ੀ ਨਹੀਂ ਸੀ। ਬਸ ਇਹ ਆਜੜੀ ਮੁੰਡਾ ਹੀ ਅਲਗੋਜ਼ਾ ਵਜਾ ਰਿਹਾ ਸੀ। ਉਹ ਸੌਂ ਗਿਆ। ਬਾਬਾ-ਯਾਗਾ ਨੇ ਉਹਦੇ ਅਲਗੋਜ਼ੇ ਚੁਰਾ ਲਏ। ਮੁੰਡਾ ਜਾਗਿਆ ਅਤੇ ਉਹਨੇ ਬਾਬਾ-ਯਾਗਾ ਦਾ

---

*ਯੂਰਪੀ ਪਰੀ-ਕਹਾਣੀਆਂ ਵਿਚ ਜਦੂਗਰਨੀਆਂ ਝਾੜੂ ਉਤੇ ਸਵਾਰੀ ਕਰਦੀਆਂ ਹਨ। — **ਅਨੁ:**

ਮੁਕਾਬਲਾ ਕਰਨ ਲਈ ਆਪਣੇ ਸਾਰੇ ਦਲੇਰ ਸਾਥੀਆਂ ਨੂੰ ਇਕਠਾ ਕੀਤਾ...'' ਫਿਰ ਯੂਰਾ ਨੇ ਇਸ ਸੰਬੰਧੀ ਕਹਾਣੀ ਘੜੀ ਕਿ ਕਿਵੇਂ ਆਜੜੀ ਮੁੰਡੇ ਨੇ ਗੀਤਾਂ ਨੂੰ ਆਜ਼ਾਦ ਕਰਵਾਇਆ, ਕਿਵੇਂ ਖ਼ੁਸ਼ੀ ਲੋਕਾਂ ਕੋਲ ਮੁੜ ਆਈ। ਇਹ ਹੈਰਾਨ ਕਰਨ ਵਾਲੀ ਗਲ ਹੈ ਕਿ ਸੰਗੀਤ ਦੇ ਪ੍ਰਭਾਵ ਅਧੀਨ ਬਚਾ ਜਿਹੜੇ ਪਰੀ-ਕਹਾਣੀ ਜੀਵ ਸਿਰਜਦਾ ਹੈ ਉਹ ਕਿੰਨੇ ਵਧੇਰੇ ਸਪਸ਼ਟ ਹੁੰਦੇ ਹਨ, ਕਿਵੇਂ ਚੰਗਿਆਈ ਅਤੇ ਬੁਰਾਈ ਦੇ ਸਜੀਵ ਰੂਪ ਉਭਰ ਕੇ ਸਾਹਮਣੇ ਆਉਂਦੇ ਹਨ ਅਤੇ ਬਚਾ ਇਨਸਾਫ਼ ਲਈ ਘੋਲ ਵਿਚ ਹਿਸਾ ਲੈਣ ਵਾਲਾ ਬਣ ਜਾਂਦਾ ਹੈ। ਸੰਗੀਤ ਪਰੀ-ਕਹਾਣੀ ਬਿੰਬਾਂ ਨੂੰ ਜਿਊਂਦੇ, ਧੜਕਦੇ ਦਿਲ ਅਤੇ ਥਰਥਰਾਉਂਦੇ ਵਿਚਾਰ ਦੇਂਦਾ ਹੈ। ਸੰਗੀਤ ਬਚੇ ਨੂੰ ਚੰਗਿਆਈ ਦੇ ਸੰਸਾਰ ਵਿਚ ਲਿਆਉਂਦਾ ਹੈ।

ਜਦੋਂ ਕਦੀ ਮੈਂ ਬਚਿਆਂ ਦੀ ਸੋਚ ਵਿਚ ਸਿਥਲਤਾ ਵੇਖਦਾ, ਮੈਂ ਉਹਨਾਂ ਨੂੰ ਬਲੂਤ ਦੀ ਝੰਗੀ ਜਾਂ ਬਾਗ਼ ਵਿਚ ਲੈ ਜਾਂਦਾ ਅਤੇ ਅਸੀਂ ਸੰਗੀਤ ਸੁਣਦੇ ਜਿਹੜਾ ਚੰਗੇ ਅਤੇ ਮਾੜੇ ਸੰਬੰਧੀ ਲਿਸ਼ਕਦੇ ਬਿੰਬਾਂ ਨੂੰ ਜਨਮ ਦੇਂਦਾ। ਸੰਗੀਤ ਦਿਲ ਦੇ ਸੋਮੇ ਖੋਹਲ ਦੇਂਦਾ ਜਾਪਦਾ।

ਸਾਡੇ ਸਕੂਲ ਵਿਚ ਸਿਆਲ ਦੇ ਦਿਨੀਂ ਸਦਾ ਵਧੇਰੇ ਸੁਪਨੇਸਾਜ਼ ਪ੍ਰਗਟ ਹੋਏ। ਨਿਕਾ ਦਾਨਕੋ ਇੰਨਾ ਸ਼ਰਮਾਕਲ ਸੀ ਕਿ ਉਹ ਮੂੰਹ ਤਕ ਨਾ ਖੋਹਲਦਾ। ਪਰ ਫਿਰ ਉਹਨੇ ਬਾਬਾ-ਯਾਗਾ ਸੰਬੰਧੀ ਆਪਣੀ ਕਹਾਣੀ ਸੁਣਾਈ। ਇਹ ਠੀਕ ਹੈ ਉਹ ਯੂਰਾ ਦੀ ਕਹਾਣੀ ਨਾਲ ਬਹੁਤ ਮਿਲਦੀ ਸੀ। ਦਾਨਕੋ ਦੀ ਕਹਾਣੀ ਵਿਚ ਬਾਬਾ-ਯਾਗਾ ਆਪਣੇ ਖਰਲ ਵਿਚ ਸਾਰੇ ਸੰਸਾਰ ਵਿਚ ਉਡੀ ਅਤੇ ਸਾਰੇ ਫੁਲ ਚੁਣ ਲਏ। ਉਹ ਆਪਣੀ ਨਾਰਕੀ ਰਸੋਈ ਵਿਚ ਗਈ ਅਤੇ ਸਾਰਾ ਭਾਂਡਾ ਚੁਲ੍ਹੇ ਉਤੇ ਰਖ ਦਿਤਾ। ਉਹ ਸਾਰੇ ਫੁਲ ਕਾੜ੍ਹ ਕੇ ਮਾਰ ਦਿਤੇ। ''ਪਰ ਮੈਂ,''—ਬਚਾ ਅਕਸਰ ਆਪਣੇ ਆਪ ਨੂੰ ਕਹਾਣੀ ਦਾ ਹਾਂ-ਪਖੀ ਨਾਇਕ ਬਣਾ ਲੈਂਦਾ ਹੈ—''ਸਾਰੇ ਫੁਲਾਂ ਦੀ ਬੀ ਇਕਠੇ ਕਰ ਲਏ ਅਤੇ ਉਹਨਾਂ ਨੂੰ ਧਰਤੀ ਵਿਚ ਬੀਜਿਆ। ਫੁਲ ਇਕ ਵਾਰ ਫਿਰ ਖਿੜ ਪਏ। ਜਦੋਂ ਬਾਬਾ-ਯਾਗਾ ਨੂੰ ਇਸ ਬਾਰੇ ਪਤਾ ਲਗਾ ਤਾਂ ਉਹਨੇ ਖੋਰ ਕਾਰਨ ਆਪਣਾ ਖਰਲ ਅਤੇ ਆਪਣੀ ਕੁਕੜ ਦੀ ਹਡੀ* ਤੋੜ ਦਿਤੇ ਅਤੇ ਉਹ ਕਿਸੇ ਨੂੰ ਨੁਕਸਾਨ ਨਹੀਂ ਪੁਚਾ ਸਕਦੀ।''

ਇਹਨਾਂ ਕਹਾਣੀਆਂ ਤੋਂ ਪਿਛੋਂ ਮੈਂ ਅਧਿਆਪਕਾਂ ਨਾਲ ਵਿਦਿਆ ਦੀਆਂ ਔਕੜਾਂ ਅਤੇ ਊਣਤਾਈਆਂ ਸੰਬੰਧੀ ਗਲ ਕੀਤੀ। ਅਸੀਂ ਸਾਰੇ ਇਕੋ ਸਿਟੇ ਉਤੇ ਅਪੜੇ ਕਿ ਸਾਡੀ ਵਿਦਿਅਕ ਪ੍ਰਣਾਲੀ ਬਚੇ ਜਿੰਨੇ ਵਰ੍ਹੇ ਸਕੂਲ ਵਿਚ ਬਿਤਾਉਂਦੇ ਹਨ, ਉਹਨਾਂ ਵਿਚੋਂ ਅਧੇ ਤੋਂ ਵਧ ਵਰ੍ਹੇ, ਮੁੰਡਾ ਜਾਂ ਕੁੜੀ ਬਚੇ ਰਹਿੰਦੇ ਹਨ। ਕਈ ਵਾਰ ਸਚ,

---

*ਰੂਸੀ ਪਰੀ-ਕਹਾਣੀਆਂ ਦੀ ਖੋਰੀ ਜਾਦੂਗਰਨੀ ਬਾਬਾ-ਯਾਗਾ ਦੀ ਇਕ ਲਤ ਕੁਕੜ ਦੀ ਹਡੀ ਦੀ ਬਣੀ ਹੁੰਦੀ ਹੈ।—**ਅਨੁ:**

ਅਨੁਭਵ ਅਤੇ ਸਿਟੇ ਬਚੇ ਦੇ ਦਿਮਾਗ਼ ਵਿਚ ਠੱਸਦੇ ਹੋਏ ਅਧਿਆਪਕ ਬਚੇ ਨੂੰ ਚਿੰਤਨ ਦੇ, ਜਿਊਂਦੇ ਸ਼ਬਦ ਦੇ ਸੋਮਿਆਂ ਦੇ ਨੇੜੇ ਜਾਣ ਦਾ ਅਵਸਰ ਨਹੀਂ ਦੇਂਦਾ, ਸੁਪਨਿਆਂ, ਖ਼ਿਆਲ ਉਡਾਰੀ ਅਤੇ ਰਚਨਾਤਮਕਤਾ ਦੇ ਖੰਭਾਂ ਨੂੰ ਬੰਨ੍ਹ ਦੇਂਦਾ ਹੈ। ਬਚਾ ਅਕਸਰ ਜਿਊਂਦੇ, ਸਰਗਰਮ ਅਤੇ ਯਥਾਰਥਕ ਜੀਵ ਤੋਂ ਇਕ ਅਜਿਹੀ ਸ਼ੈ ਵਿਚ ਤਬਦੀਲ ਹੋ ਜਾਂਦਾ ਹੈ ਜਿਹੜੀ ਯਾਦ ਲਈ ਸਹਾਇਕ ਹੀ ਜਾਪਦੀ ਹੈ।... ਅਜਿਹਾ ਉਕਾ ਨਹੀਂ ਹੋਣਾ ਚਾਹੀਦਾ। ਬੰਦੇ ਨੂੰ ਪਥਰ ਦੀਆਂ ਕੰਧਾਂ ਨਾਲ ਵਿਦਿਆਰਥੀ ਨੂੰ ਆਲੇ ਦੁਆਲੇ ਦੇ ਸੰਸਾਰ ਤੋਂ ਕਟ ਨਹੀਂ ਦੇਣਾ ਚਾਹੀਦਾ। ਬਚੇ ਦਾ ਆਤਮਕ ਜੀਵਨ ਉਦੋਂ ਹੀ ਅਸਲੀ ਹੈ ਜਦੋਂ ਉਹ ਖੇਡਾਂ, ਪਰੀ-ਕਹਾਣੀਆਂ, ਸੰਗੀਤ, ਖ਼ਿਆਲ-ਉਡਾਰੀ ਅਤੇ ਰਚਨਾਤਮਕਤਾ ਦੇ ਸੰਸਾਰ ਵਿਚ ਜਿਊਂਦਾ ਹੈ। ਇਸਤੋਂ ਬਿਨਾਂ ਬਚਾ ਬਸ ਇਕ ਮੁਰਝਾਇਆ ਫੁਲ ਹੈ।

ਇਹ ਕਹਿਣ ਦੀ ਤਾਂ ਲੋੜ ਹੀ ਨਹੀਂ ਕਿ ਪੜ੍ਹਾਈ ਕੇਵਲ ਸੁਆਦਾਂ ਤੋਂ ਬਣੀ ਸਾਦਾ ਖੇਡ ਨਹੀਂ ਹੋ ਸਕਦੀ। ਪੜ੍ਹਾਈ ਸਭ ਤੋਂ ਪਹਿਲਾਂ ਮਿਹਨਤ ਹੈ। ਪਰ ਉਸ ਕਿਰਤ ਨੂੰ ਜਥੇਬੰਦ ਕਰਦੇ ਹੋਏ ਇਹ ਲਾਜ਼ਮੀ ਹੈ ਕਿ ਉਹਦੇ ਬੌਧਕ, ਸਦਾਚਾਰਕ, ਭਾਵੁਕ ਅਤੇ ਸੁਹਜ-ਸੁਆਦੀ ਵਿਕਾਸ ਦੇ ਹਰ ਪੜਾਅ ਉਤੇ ਮਨੁਖ ਬਚੇ ਦੇ ਅੰਤ੍ਰੀਵ ਸੰਸਾਰ ਨੂੰ ਮੁਖ ਰਖੇ। ਬਚਿਆਂ ਦੀ ਬੌਧਕ ਕਿਰਤ ਬਾਲਗ਼ਾਂ ਦੀ ਬੌਧਕ ਕਿਰਤ ਨਾਲੋਂ ਵਖ ਤਰ੍ਹਾਂ ਦੀ ਹੁੰਦੀ ਹੈ। ਬਾਲਗ਼ ਦੇ ਉਲਟ ਬਚੇ ਲਈ ਗਿਆਨ ਨੂੰ ਸਮੋਣ ਦਾ ਅੰਤਮ ਨਿਸ਼ਾਨਾ ਉਹਦੇ ਬੌਧਕ ਜ਼ਤਨਾਂ ਲਈ ਮੁਖ ਉਤੇਜਕ ਨਹੀਂ ਹੋ ਸਕਦਾ। ਸਿਖਣ ਦੀ ਇਛਾ ਦਾ ਸੋਮਾ ਬੱਚੇ ਦੀ ਮਾਨਸਕ ਕਿਰਤ ਦੇ ਐਨ ਖ਼ਾਸੇ ਵਿਚ, ਉਹਦੇ ਵਿਚਾਰਾਂ ਦੀ ਭਾਵੁਕ ਰੰਗਣ ਵਿਚ, ਉਹਦੇ ਬੌਧਕ ਅਨੁਭਵਾਂ ਵਿਚ ਸਥਿਤ ਹੈ। ਜੇ ਇਹ ਸੋਮਾ ਸੁਕ ਜਾਵੇ ਤਾਂ ਬਚੇ ਨੂੰ ਕਿਤਾਬਾਂ ਲੈਕੇ ਬਹਿਣ ਲਈ ਮਜਬੂਰ ਕਰਨ ਦਾ ਕੋਈ ਰਾਹ ਨਹੀਂ।

ਮੈਂ **ਖ਼ੁਸ਼ੀ ਦੇ ਸਕੂਲ** ਦਾ ਪਹਿਲਾ ਸਿਆਲ ਕੰਦੀ ਨਹੀਂ ਭੁਲ ਸਕਦਾ। ਜੇ ਸੰਗੀਤ, ਖ਼ਿਆਲ-ਉਡਾਰੀ ਜਾਂ ਰਚਨਾਤਮਕਤਾ ਨਾ ਹੁੰਦੀ ਤਾਂ ਸ਼੍ਰੇਣੀ ਦਾ ਨਿਘਾ, ਸੁਖਦਾਇਕ ਕਮਰਾ ਮੁਸੀਬਤ ਬਣ ਜਾਂਦਾ। ਸੰਗੀਤ ਨੇ ਸਾਡੇ ਦੁਆਲੇ ਦੇ ਜੀਵਨ ਨੂੰ ਇਕ ਅਣੋਖੀ ਛਬ ਨਾਲ ਭਰ ਦਿਤਾ। ਜਨਵਰੀ ਦੀਆਂ ਸ਼ਾਮਾਂ ਦੀ ਉਦਾਸੀ, ਬਰਫ਼ ਦੇ ਚਮਕਦੇ ਝਖੜਾਂ ਵਿਚ, ਬਰਫ਼ ਬਣੇ ਛਪੜ ਦੀ ਕਿੜ ਕਿੜ ਵਿਚ—ਹਰ ਥਾਂ ਅਸਾਂ ਆਪਣੀ ਕਲਪਨਾ ਵਿਚ ਪਰੀ-ਕਹਾਣੀਆਂ ਦੇ ਪਾਤਰ ਉਭਰਦੇ ਵੇਖੇ।

**ਖ਼ੁਸ਼ੀ ਦੇ ਸਕੂਲ** ਦੀ ਪਹਿਲੀ ਬਸੰਤ ਆ ਗਈ। ਨਿਕੀਆਂ ਕੂਹਲ੍ਹਾਂ ਕੁਲ ਕੁਲ ਕਰਨ ਲਗ ਪਈਆਂ; ਕਰਾਕਸ ਦੇ ਫੁਲ ਖਿੜਨ ਲਗ ਪਏ ਅਤੇ ਸਿਉਆਂ ਅਤੇ ਨਾਖਾਂ ਦੇ ਚਿਟੇ ਫੁਲਾਂ ਵਿਚ ਮਖਿਆਰੀਆਂ ਦੀ ਭਿਣ-ਭਿਣ ਫਿਰ ਸੁਣਾਈ ਦੇਣ ਲਗ ਪਈ। ਅਸਾਂ ਬਸੰਤ ਦੇ ਸਮੇਂ ਦੇ ਜੰਗਲ ਦਾ, ਨੀਲੇ ਆਕਾਸ਼ ਦਾ, ਜੂਹਾਂ ਅਤੇ ਸਤੈਪ ਦੇ ਮੈਦਾਨਾਂ ਦਾ ਸੰਗੀਤ ਸੁਣਿਆ।

ਸ਼ਾਮ ਦੇ ਝੁਟਪਟੇ ਦੀ ਚੁਪ ਵਿਚ ਅਸੀਂ ਜੂਹਾਂ ਵਿਚ ਗਏ। ਇਕ ਉਦਾਸ ਕਹੂ ਦਾ ਰੁਖ, ਜਿਸ ਦੇ ਪਤੇ ਬੜੇ ਕੂਲੇ ਸਨ, ਸਾਡੇ ਸਾਹਮਣੇ ਖੜਾ ਸੀ ਅਤੇ ਛਪੜ ਵਿਚ ਅਸੀਮ ਅਸਮਾਨ ਦਾ ਪ੍ਰਤਿਬਿੰਬ ਸੀ। ਹੰਸਾਂ ਦੀ ਇਕ ਡਾਰ ਨਿਰਮਲ ਨੀਲੇ ਅਸਮਾਨ ਵਿਚ ਉਡਦੀ ਗਈ। ਅਸਾਂ ਚੁਪ ਚਾਪ ਸੁਹਣੀ ਸ਼ਾਮ ਦਾ ਸੰਗੀਤ ਸੁਣਿਆ। ਅਸਾਂ ਛਪੜ ਵਿਚੋਂ ਕਿਸੇ ਥਾਂ ਤੋਂ ਆਉਂਦੀ ਹੈਰਾਨ ਕਰਨ ਵਾਲੀ ਆਵਾਜ਼ ਸੁਣੀ, ਜਿਵੇ ਕੋਈ ਪੋਲੇ ਜਿਹੇ ਕਲੈਵੀਕਾਰਡ ਦੇ ਪਰਦੇ ਛੂਹ ਰਿਹਾ ਹੋਵੇ। ਇਉਂ ਜਾਪਦਾ ਸੀ ਕਿ ਖੁਦ ਛਪੜ, ਉਹਦਾ ਕੰਢਾ ਅਤੇ ਅਸਮਾਨ ਆਵਾਜ਼ ਨਾਲ ਗੂੰਜ ਰਹੇ ਸਨ। "ਰਬ ਦੀ ਸਹੁੰ, ਇਹ ਕੀ ਏ?" ਵਾਨੀਆ ਨੇ ਨਿੰਮ੍ਹੀ ਆਵਾਜ਼ ਵਿਚ ਪੁਛਿਆ। "ਇਹ ਬਸੰਤ ਦੀਆਂ ਜੂਹਾਂ ਦਾ ਸੰਗੀਤ ਹੈ," ਮੈਂ ਬਚਿਆਂ ਨੂੰ ਦਸਿਆ। "ਤੁਹਾਨੂੰ ਛਪੜ ਵਿਚ ਨੀਲੇ ਅਸਮਾਨ ਦਾ ਪ੍ਰਤਿਬਿੰਬ ਦਿਸਦਾ ਹੈ। ਛਪੜ ਦੇ ਡੂੰਘਾਈ ਵਿਚ ਬਿਲੌਰ ਦੀ ਇਕ ਘੰਟੀ ਹੈ। ਉਥੇ, ਇਕ ਸ਼ਾਨਦਾਰ ਮੱਹਲ ਵਿਚ ਇਕ ਸੁਹਣੀ ਮੁਟਿਆਰ, ਬਸੰਤ ਰਹਿੰਦੀ ਹੈ। ਉਹ ਸੋਨੇ ਦੇ ਹਥੌੜੇ ਨਾਲ ਬਿਲੌਰ ਦੀ ਘੰਟੀ ਨੂੰ ਵਜਾਉਂਦੀ ਹੈ ਅਤੇ ਆਵਾਜ਼ ਸਾਰੀਆਂ ਜੂਹਾਂ ਵਿਚ ਫੈਲ ਜਾਂਦੀ ਹੈ।"

ਆਵਾਜ਼ ਫਿਰ ਸੁਣਾਈ ਦਿਤੀ। ਕੋਲੀਆ ਮੁਸਕਰਾਇਆ: "ਹਾਂ, ਡਡੂ ਗੜੈ-ਗੜੈ ਕਰ ਰਿਹੈ।" ਮੈਨੂੰ ਤੌਖਲਾ ਸੀ ਕਿ ਬਚੇ ਹਸਣ ਲਗ ਪੈਣਗੇ ਅਤੇ ਉਹ ਮੋਹ-ਜਾਲ ਜਿਸਨੇ ਹਰ ਇਕ ਨੂੰ ਕੀਲ ਲਿਆ ਸੀ, ਲੋਪ ਹੋ ਜਾਵੇਗਾ। ਪਰ ਕਿਸੇ ਨੇ ਕੁਝ ਨਾ ਕਿਹਾ। "ਹੋ ਸਕਦੈ ਇਹ ਡਡੂ ਏ, ਅਤੇ ਹੋ ਸਕਦੈ ਇਹ ਡਡੂ ਉਕਾ ਹੀ ਨਹੀਂ," ਸਾਸ਼ਾ ਨੇ ਕਿਹਾ। "ਤੇ ਜੇ ਇਹ ਡਡੂ ਏ ਤਾਂ ਹੋਵੇ ਪਿਆ। ਜੂਹ ਅਜੇ ਵੀ ਗਾ ਰਹੀ ਏ"।

ਜਿਵੇ ਉਹਦਾ ਉਤਰ ਦੇ ਰਹੀ ਹੋਵੇ, ਆਵਾਜ਼ ਕਿਧਰੇ ਗੁਆਂਢਲੇ ਛਪੜ ਉਤੇ ਗੂੰਜੀ ਅਤੇ ਕੁਝ ਸਕਿੰਟਾਂ ਪਿਛੋਂ ਦੂਰਾਡੀ ਜੂਹ ਨੇ ਉਤਰ ਦਿਤਾ। ਅਸੀਂ ਬਸੰਤ ਦੀ ਜੂਹ ਦੇ ਅਦਭੁਤ ਸੰਗੀਤ ਦੇ ਕੀਲੇ ਖੜੇ ਰਹੇ। ਇਹ ਸੰਗੀਤ ਸਾਡੇ ਆਸ਼ਾਵਾਦੀ ਸੰਸਾਰ ਦ੍ਰਿਸ਼ਟੀਕੋਣ ਦਾ ਜੀਵਨਦਾਤਾ ਸੋਮਾ ਹੈ। ਇਹ ਬਚਿਆਂ ਨੂੰ ਸੁਹਪਣ ਸਮਝਣ, ਲਭਣ ਅਤੇ ਇਹਦੀ ਹੋਂਦ ਉਤੇ ਖੁਸ਼ੀ ਅਨੁਭਵ ਕਰਨ ਵਿਚ ਸਹਾਇਤਾ ਦੇਂਦਾ। ਮੇਰੇ ਲਈ ਸੁਹਪਣ ਦਾ ਸੁਰਮੇਲ ਬਚਪਨ ਦੇ ਅਭੁਲ ਦਿਨਾਂ ਦੀਆਂ ਯਾਦਾਂ ਦੁਆਲੇ ਲਿਸ਼ਕਦਾ ਪਰਵਾਰ ਹੈ।

ਅਪ੍ਰੈਲ ਦੇ ਪਹਿਲੇ ਧੁਪਿਆਲੇ ਦਿਨੀਂ ਜਦੋਂ ਪ੍ਰਾਚੀਨ ਦਫਨਾਉਣ ਵਾਲੇ ਟਿਬੇ ਧੁੰਦਲਕੇ ਵਿਚ ਕੰਬ ਰਹੇ ਸਨ, ਅਸੀਂ ਚੰਡੋਲ ਦਾ ਗੀਤ ਸੁਣਨ ਸਤੈਪ ਦੇ ਮੈਦਾਨ ਵਿਚ ਗਏ। ਅਤੇ ਉਥੇ, ਨੀਲੇ ਆਕਾਸ਼ ਵਿਚ ਲਰਜ਼ਦਾ ਜੀਵਨ ਦਾ ਉਹ ਨਿਕਾ ਭੂਰਾ ਗੋਂਹੜਾ ਸੀ। ਰੁਪਹਿਲੀ ਘੰਟੀ ਦੀ ਨਰਮ ਆਵਾਜ਼ ਸਾਡੇ ਤਕ ਅਪੜੀ ਅਤੇ ਫਿਰ ਅਚਾਨਕ ਘੰਟੀ ਉਕਾ ਹੀ ਅਹਿਲ ਹੋ ਗਈ। ਭੂਰਾ ਗੋਂਹੜਾ ਧਰਤੀ ਉਤੇ ਡਿਗਾ। ਸਿਆਲੀ ਕਣਕ ਦੇ ਕੂਲੇ ਨੜਿਆਂ ਉਤੇ ਨਿਕੇ ਪੰਛੀ ਨੇ ਖੰਭ ਫੈਲਾਏ ਅਤੇ ਹੌਲੀ

ਹੌਲੀ, ਜਿਵੇਂ ਉਹ ਅਦਿਖ ਤਾਰ ਖਿਚ ਰਿਹਾ ਹੋਵੇ, ਉਹ ਉਚਾ ਹੋਰ ਉਚਾ ਹੁੰਦਾ ਗਿਆ। ਫਿਰ ਅਸਾਂ ਰੁਪਹਿਲੀ ਘੰਟੀ ਦਾ ਵਜਣਾ ਨਹੀਂ ਸਗੋ ਰੁਪਹਿਲੀ ਤਾਰ ਦੀ ਟੁਣਕਾਰ ਸੁਣੀ।... ਮੈਂ ਚਾਹੁੰਦਾ ਸਾਂ ਕਿ ਇਹ ਸ਼ਾਨਦਾਰ ਸੰਗੀਤ ਬਚਿਆਂ ਦੇ ਦਿਲਾਂ ਨੂੰ ਛੂਹੇ ਅਤੇ ਉਹਨਾਂ ਦੀਆਂ ਅਖਾਂ ਆਪਣੇ ਆਲੇ ਦੁਆਲੇ ਦੇ ਸੰਸਾਰ ਦਾ ਹੁਸਨ ਵੇਖਣ ਲਈ ਖੋਹਲ ਦੇਵੇ। ਫਿਰ ਮੈਂ ਚੰਡੋਲ ਸੰਬੰਧੀ ਇਕ ਕਹਾਣੀ ਸੁਣਾਈ।

"ਚੰਡੋਲ ਸੂਰਜ ਦਾ ਬਚਾ ਹੈ। ਸਿਆਲ ਵਿਚ ਸੂਰਜ ਸਾਥੋਂ ਦੂਰ, ਬਹੁਤ ਦੂਰ ਚਲਾ ਜਾਂਦਾ ਹੈ। ਧਰਤੀ ਉਤੇ ਬਰਫ਼ ਅਤੇ ਕਕਰ ਜੰਮ ਜਾਂਦਾ ਹੈ। ਹੌਲੀ, ਹੌਲੀ ਸੂਰਜ ਸਾਡੇ ਵਲ ਮੁੜਦਾ ਹੈ; ਉਹਦੇ ਲਈ ਬਰਫ਼ ਪਿਘਲਾਉਣਾ ਔਖਾ ਹੁੰਦਾ ਹੈ। ਉਹ ਬਰਫ਼ ਉਤੇ ਗਰਮ ਚੰਗਿਆੜੀਆਂ ਸੁਟਦਾ ਹੈ। ਉਹ ਪਿਘਲੇ ਟੋਟੇ, ਜਿਨ੍ਹਾਂ ਉਤੇ ਚੰਗਿਆੜੀਆਂ ਪੈਂਦੀਆਂ ਹਨ, ਜਿਊਣ ਲਗ ਪੈਂਦੇ ਹਨ ਅਤੇ ਇਕ ਅਦਭੁਤ ਪੰਛੀ ਪੈਦਾ ਹੁੰਦਾ ਹੈ—ਚੰਡੋਲ। ਉਹ ਨੀਲੇ ਆਕਾਸ਼ ਵਿਚ ਉਪਰ ਉਠਦਾ ਹੈ ਅਤੇ ਸੂਰਜ ਨੂੰ ਮਿਲਣ ਜਾਂਦਾ ਹੈ। ਸੂਰਜ ਚੰਗਿਆੜੀਆਂ ਖਿਲਾਰ ਰਿਹਾ ਹੁੰਦਾ ਹੈ ਅਤੇ ਉਹ ਉਡਦਾ ਅਤੇ ਗਾਉਂਦਾ ਹੈ। ਚੰਡੋਲ ਧਰਤੀ ਵਲ ਵੇਖਦਾ, ਸਭ ਤੋਂ ਵਧ ਲਿਸ਼ਕਦੀ ਚੰਗਿਆੜੀ ਨੂੰ ਢੂੰਡਦਾ ਹੋਇਆ ਨੀਲੇ ਆਕਾਸ਼ ਵਿਚ ਉਡਦਾ ਹੈ। ਜਦੋਂ ਚੰਡੋਲ ਅਜਿਹੀ ਚੰਗਿਆੜੀ ਲਭ ਲੈਂਦਾ ਹੈ ਤਾਂ ਉਹ ਪਥਰ ਵਾਂਗ ਧਰਤੀ ਉਤੇ ਡਿਗਦਾ ਹੈ ਅਤੇ ਉਹਨੂੰ ਚੁਕ ਲੈਂਦਾ ਹੈ ਅਤੇ ਉਹ ਚਾਂਦੀ ਦੀ ਪਤਲੀ ਜਿਹੀ ਤਾਰ ਬਣ ਜਾਂਦੀ ਹੈ। ਚੰਡੋਲ ਤਾਰ ਦਾ ਇਕ ਸਿਰਾ ਧਰਤੀ ਉਤੇ ਰਖਦਾ ਹੈ, ਇਹਨੂੰ ਕਣਕ ਦੇ ਨੜੇ ਨਾਲ ਜੜ ਦੇਂਦਾ ਹੈ ਅਤੇ ਦੂਜੇ ਨੂੰ ਸੂਰਜ ਵਲ ਉਚੇਰਾ, ਹੋਰ ਉਚੇਰਾ, ਨੀਲੇ ਆਕਾਸ਼ ਤਕ ਖਿਚਦਾ ਹੈ। ਵੇਖੋ ਪੰਛੀ ਲਈ ਉਪਰ ਉਠਣਾ ਕਿੰਨਾ ਔਖਾ ਹੈ, ਕਿਵੇਂ ਉਹ ਆਪਣੇ ਭੂਰੇ ਖੰਭ ਫੜਫੜਾਉਂਦਾ ਹੈ। ਉਹ ਚਾਂਦੀ ਦੀ ਤਾਰ ਨੂੰ ਕਿਸੇ ਤੰਰਬ ਵਾਂਗ ਵਜਾਉਂਦਾ ਹੈ ਅਤੇ ਚੰਡੋਲ ਜਿੰਨਾ ਉਚਾ ਜਾਂਦਾ ਹੈ, ਉਨੀ ਉਚੀ ਆਵਾਜ਼ ਤਰਬ ਵਿਚੋਂ ਆਉਂਦੀ ਹੈ। ਚੰਡੋਲ ਧੁਰ ਸੂਰਜ ਤਕ ਤਾਰ ਨੂੰ ਖਿਚਦਾ ਹੈ ਅਤੇ ਫਿਰ ਇਕ ਹੋਰ ਚੰਗਿਆੜੀ ਲਭਣ ਲਈ ਧਰਤੀ ਉਤੇ ਮੁੜ ਆਉਂਦਾ ਹੈ।"

ਕੀ ਪ੍ਰਕਿਰਤੀ ਦੇ ਸਚੇ ਨਿਯਮਾਂ ਦਾ ਗਿਆਨ ਪਰੀ-ਕਹਾਣੀ ਵਿਚ ਰੋਕ ਨਹੀਂ ਪਾਉਂਦਾ? ਨਹੀਂ, ਇਹਦੇ ਉਲਟ ਇਹ ਬਾਤ ਪਾਉਣੀ ਸੌਖੀ ਬਣਾਉਂਦਾ ਹੈ। ਬਚੇ ਚੰਗੀ ਤਰ੍ਹਾਂ ਜਾਣਦੇ ਹਨ ਕਿ ਮਿਟੀ ਦਾ ਇਕ ਢੇਲਾ ਜਿਊਂਦਾ ਜੀਵ ਨਹੀਂ ਬਣ ਸਕਦਾ, ਐਨ ਉਸੇ ਤਰ੍ਹਾਂ ਜਿਵੇਂ ਉਹ ਸਮਝਦੇ ਹਨ ਕਿ ਕੋਈ ਬਹੁਤ ਵਡੇ ਲੁਹਾਰ, ਬਾਬਾ-ਯਾਗਾ ਜਾਂ ਅਮਰ ਅਜਗਰ ਨਹੀਂ ਹੋ ਸਕਦੇ। ਪਰ ਜੇ ਬਚਿਆਂ ਕੋਲ ਇਹ ਸਾਰੀਆਂ ਸ਼ੈਆਂ ਨਾ ਹੁੰਦੀਆਂ, ਜੇ ਉਹ ਚੰਗੇ ਅਤੇ ਮਾੜੇ ਵਿਚਕਾਰ ਘੋਲ ਨੂੰ ਅਨੁਭਵ ਨਾ ਕਰਦੇ, ਜੇ ਉਹ ਇਹ ਅਨੁਭਵ ਨਾ ਕਰਦੇ ਕਿ ਸਚ, ਪੈਜ, ਅਤੇ ਸੁਹਪਣ

ਪਰੀ-ਕਹਾਣੀਆਂ ਵਿਚ ਪ੍ਰਤਿਬਿੰਬਤ ਹੁੰਦੇ ਹਨ ਤਾਂ ਉਹਨਾਂ ਦਾ ਸੰਸਾਰ ਭੀੜ ਭਰਿਆ ਅਤੇ ਅਸੁਖਾਵਾ ਹੁੰਦਾ।

ਚੰਡੋਲ ਸੰਬੰਧੀ ਕਹਾਣੀ ਨੇ ਬਚਿਆਂ ਨੂੰ ਪ੍ਰਕਿਰਤੀ ਦਾ ਸੰਗੀਤ ਸਮਝਣ ਵਿਚ ਸਹਾਇਤਾ ਦਿਤੀ, ਉਹਨਾਂ ਨੂੰ ਤਾਨਾਂ ਸੁਣਨ ਲਈ ਤਿਆਰ ਕੀਤਾ। ਅਸੀਂ ਸਕੂਲ ਮੁੜ ਆਏ ਅਤੇ ਚਾਏਕੋਵਸਕੀ ਦਾ "ਚੰਡੋਲ ਦਾ ਗੀਤ" ਵਜਾਇਆ। ਬਚਿਆਂ ਸੰਗੀਤ ਦੀਆਂ ਸੁਰਾਂ ਵਿਚ ਪਕੜੀ ਚਾਂਦੀ ਦੀ ਘੰਟੀ ਦੀ ਆਵਾਜ਼ ਨੂੰ ਅਤੇ ਅਨਾਜ ਦੇ ਹਰੇ ਖੇਤ ਅਤੇ ਸੂਰਜ ਨੂੰ ਜੋੜਨ ਵਾਲੀ ਚਾਂਦੀ ਦੀ ਤਾਰ ਦੇ ਉਤਾਰ-ਚੜ੍ਹਾ ਨੂੰ ਅਨੁਭਵ ਕੀਤਾ। ਅਸਾਂ ਇਹ ਗੀਤ ਇਕ ਤੋਂ ਵਧ ਵਾਰ ਸੁਣਿਆ, ਨਿਰਮਲ ਸਵੇਰਾਂ ਨੂੰ ਵੀ ਅਤੇ ਭੂਰੇ, ਮੀਂਹ ਵਾਲੇ ਦਿਨਾਂ ਨੂੰ ਵੀ, ਪਰ ਬਚਿਆਂ ਨੂੰ ਅਦਭੁਤ, ਧੁਪ-ਰੁਸ਼ਨਾਇਆ ਸੰਸਾਰ, ਨੀਲਾ ਆਕਾਸ਼, ਜੀਵਨ ਦਾ ਇਕ ਭੂਰਾ ਗੋਹੜਾ ਅਤੇ ਖੁਲ੍ਹੇ ਵਿਸ਼ਾਲ ਖੇਤ ਸਦਾ ਚੇਤੇ ਰਹੇ। ਉਹਨਾਂ ਚੰਡੋਲ, ਚਾਂਦੀ ਦੀਆਂ ਚੰਗਿਆੜੀਆਂ ਅਤੇ ਧਰਤੀ ਤੋਂ ਸੂਰਜ ਵਲ ਜਾਂਦੀ ਤਾਰ ਦੇ ਪਰੀ-ਕਹਾਣੀ ਚਿਤਰ ਬਣਾਏ।

ਹੌਲੀ ਹੌਲੀ ਅਸਾਂ ਅਜਿਹੀਆਂ ਸੰਗੀਤਕ ਕਿਰਤਾਂ ਦਾ ਇਕ ਸੰਗ੍ਰਹਿ ਇਕਠਾ ਕਰ ਲਿਆ ਜਿਨ੍ਹਾਂ ਨੂੰ ਬਚੇ ਪਸੰਦ ਕਰਦੇ ਸਨ। ਸਮੇਂ ਸਮੇਂ ਅਸੀਂ ਆਪਣੇ ਕਮਰੇ ਵਿਚ ਜਾਂਦੇ ਅਤੇ ਸੰਗੀਤ ਸੁਣਦੇ। ਮੈਂ ਸੰਗ੍ਰਹਿ ਨੂੰ "ਸਾਡਾ ਸੰਗੀਤਕ ਮਣੀਆਂ ਦਾ ਡਬਾ" ਦਾ ਨਾਂ ਦਿਤਾ; ਬਚਿਆਂ ਨੂੰ ਇਹ ਚੰਗਾ ਲਗਾ ਅਤੇ ਉਹ ਮਾਣ ਨਾਲ ਕਹਿੰਦੇ, "ਸਾਡੇ ਕੋਲ ਸੰਗੀਤਕ ਮਣੀਆਂ ਦਾ ਡਬਾ ਹੈ"। ਮੈਨੂੰ ਵਿਚਾਰ ਅਹੁੜਿਆ ਕਿ ਵਰ੍ਹੇ ਦੇ ਵਰ੍ਹੇ ਅਸੀਂ ਸੰਗੀਤ ਦੇ ਖ਼ਜ਼ਾਨੇ ਵਿਚ ਸਰਵਉਤਮ ਲੈ ਸਕਦੇ ਹਾਂ ਅਤੇ "ਸੰਗੀਤ ਦਾ ਕਮਰਾ" ਬਣਾ ਸਕਦੇ ਹਾਂ, ਜਿਸ ਵਿਚ ਅਸੀਂ ਮਨੁਖ ਅਤੇ ਪ੍ਰਕਿਰਤੀ ਵਲੋਂ ਸਿਰਜੇ ਸੁਹਪਣ ਨੂੰ ਮਾਣ ਸਕਦੇ ਹਾਂ। ਅਸੀਂ ਗੀਤ ਗਾਵਾਂਗੇ ਅਤੇ ਵਾਇਲਨ ਅਤੇ ਪਿਆਨੋ ਵਜਾਉਣਾ ਸਿਖਾਂਗੇ। ਪਰ ਇਹ ਸਾਰੀ ਭਵਿਖ ਦੀ ਗਲ ਸੀ; ਹਾਲ ਦੀ ਘੜੀ ਅਸੀਂ ਆਪਣੀਆਂ ਬੰਸਰੀਆਂ ਵਜਾਉਣ ਦਾ ਜਤਨ ਕਰਾਂਗੇ।

ਇਕ ਦਿਨ ਅਸੀਂ ਝੰਗੀ ਵਿਚ ਗਏ ਅਤੇ ਐਲਡਰਬੇਰੀ ਦੇ ਰੁਖ ਤੋਂ ਇਕ ਟਹਿਣੀ ਕਟ ਕੇ ਬੰਸਰੀ ਬਣਾਈ। ਅਸਾਂ ਉਹਨੂੰ ਲਿਸ਼ਕਾਇਆ ਅਤੇ ਉਹਦੇ ਵਿਚ ਮੋਰੀਆਂ ਕੀਤੀਆਂ। ਮੈਂ ਇਕ ਖੁਸ਼-ਰਹਿਣੇ ਨਿਕੇ ਆਜੜੀ ਸੰਬੰਧੀ ਇਕ ਯੂਕਰੇਨੀ ਲੋਕ-ਗੀਤ ਦੀ ਧੁਨ ਵਜਾਈ। ਇਹ ਸੁਣ ਕੇ ਬਚੇ ਜਿੰਨੇ ਖ਼ੁਸ਼ ਹੋਏ ਉਹਨੂੰ ਬਿਆਨ ਕਰਨਾ ਔਖਾ ਹੈ। ਸਾਰੇ ਬਚੇ ਬੰਸਰੀ ਉਤੇ ਆਪਣਾ ਹਥ ਅਜ਼ਮਾਉਣਾ ਚਾਹੁੰਦੇ ਸਨ ਅਤੇ ਸਾਰਿਆਂ ਨੇ ਸੁਪਨੇ ਲਏ ਕਿ ਉਹਨਾਂ ਦੇ ਆਪਣੇ ਸਾਜ਼ ਹੋਣਗੇ। ਉਹਨਾਂ ਸਾਰਿਆਂ ਆਪਣੀਆਂ ਬੰਸਰੀਆਂ ਬਣਾਈਆਂ। ਲੀਦਾ, ਲਾਰੀਸਾ, ਯੂਰਾ, ਤੀਨਾ, ਸੇਰਯੋਜ਼ਾ ਅਤੇ ਕੋਸਤੀਆ ਨੂੰ ਸੰਗੀਤ ਦੀ ਸਮਝ ਸੀ। ਕੁਝ ਦਿਨਾਂ ਵਿਚ ਬਚੇ ਲੋਕ ਗੀਤਾਂ ਅਤੇ ਨਾਚਾਂ ਦੀਆਂ ਧੁਨਾਂ ਵਜਾਉਣ ਲਗ ਪਏ। ਮੈਨੂੰ ਉਹ ਸ਼ਾਮ ਕਦੀ ਨਹੀਂ ਭੁਲਣ ਲਗੀ ਜਦੋਂ ਤੀਨਾ ਨੇ ਇਕ ਪੁਰਾਣੇ ਯੂਕਰੇਨੀ ਲੋਕ ਗੀਤ ਦੀ ਧੁਨ

ਵਜਾਈ। ਕੁੜੀ ਦੀਆਂ ਅਖਾਂ ਲਿਸ਼ਕ ਰਹੀਆਂ ਸਨ ਅਤੇ ਉਹਦੀਆਂ ਗਲ੍ਹਾਂ ਭਖ ਰਹੀਆਂ ਸਨ। ਉਹਦੀ ਮਾਂ ਨੇ ਮੈਨੂੰ ਦਸਿਆ ਕਿ ਤੀਨਾ ਘਰ ਵਿਚ ਦੇਰ ਤਕ ਬਾਗ਼ ਵਿਚ ਬੈਠੀ ਰਹਿੰਦੀ ਅਤੇ ਆਪਣੀਆਂ ਬੰਸਰੀਆਂ ਉਤੇ ਧੁਨਾਂ "ਘੜਦੀ", ਲੈਆਂ ਵਜਾਉਂਦੀ, ਕਈ ਵਾਰ ਸੁਪਨਿਆਲੇ ਢੰਗ ਨਾਲ ਆਕਾਸ਼ ਅਤੇ ਰੁਖਾਂ ਵਲ ਵੇਖਦੀ।

ਇਕ ਦਿਨ ਮੈਂ ਸਵੇਰੇ ਸਾਝਰੇ ਸਕੂਲੇ ਆਇਆ। ਸਾਰੇ ਪਾਸੇ ਚੁਪ ਛਾਈ ਹੋਈ ਸੀ। ਅਚਣਚੇਤੀ ਮਧੁਰ ਸੰਗੀਤ ਦੀ ਲੈ ਕਿਧਰੋਂ ਬਾਗ਼ ਦੇ ਪਿਛਲੇ ਪਾਸਿਓਂ ਆਈ। ਮੈਂ ਸੰਗੀਤ ਵਲ ਚਲ ਪਿਆ। ਕੋਈ ਲੈ ਵਜਾ ਰਿਹਾ ਸੀ, ਜਿਹੜੀ ਸਪਸ਼ਟ ਤੌਰ ਉਤੇ ਨਾਲੋਂ ਨਾਲ ਘੜੀ ਜਾ ਰਹੀ ਸੀ। ਸਾਰੀ ਸੁਰ ਵਿਚ ਉਦਾਸੀ ਦੀ ਇਕ ਤੰਦ ਉਣੀ ਹੋਈ ਸੀ, ਲਿਸ਼ਕਦੀ ਅਤੇ ਪਵਿਤਰ। ਬੜੇ ਧਿਆਨ ਨਾਲ ਤਾਂ ਜੁ ਮੈਂ ਵਜੰਤਰੀ ਦੀ ਇਕਾਗਰਤਾ ਵਿਚ ਵਿਘਨ ਨਾ ਪਾਵਾਂ ਮੈਂ ਗੁਲਾਬ ਦੇ ਬੂਟਿਆਂ ਕੋਲ ਗਿਆ। ਤੀਨਾ ਘਾਹ ਉਤੇ ਬੈਠੀ ਸੀ। ਇਉਂ ਜਾਪਦਾ ਸੀ ਬੰਸਰੀਆਂ ਉਹਦੀ ਹੋਂਦ ਦਾ ਹਿਸਾ ਬਣ ਗਈਆਂ ਹਨ। ਕੁੜੀ ਨਰਮ, ਪਲੋਸਦੀਆਂ ਅਖਾਂ ਨਾਲ ਗੁਲਾਬ ਦੇ ਫੁਲ ਵਲ ਵੇਖ ਰਹੀ ਸੀ। ਫਿਰ ਮੈਨੂੰ ਲੈ ਦੀ ਸਮਝ ਆਉਣ ਲਗ ਪਈ: ਉਹ ਸੁਹਣੇ ਫੁਲ ਸੰਬੰਧੀ ਧੁਨ ਵਜਾ ਰਹੀ ਸੀ। ਜੋ ਕੁਝ ਉਦਾਸ ਜਾਪਿਆ ਸੀ ਉਹ ਅਸਲ ਵਿਚ ਬੇਚੈਨੀ ਜਾਪਦੀ ਸੀ: ਤੀਨਾ ਭਵਿਖ ਸਬੰਧੀ ਆਪਣੇ ਵਿਚਾਰਾਂ ਨੂੰ ਸੰਗੀਤ ਦਾ ਰੂਪ ਦੇ ਰਹੀ ਸੀ।

ਕੌਸਤੀਆ ਨੂੰ ਵੀ ਬੰਸਰੀਆਂ ਨਾਲ ਪਿਆਰ ਹੋ ਗਿਆ। ਉਹਦੇ ਲਈ ਇਕੋ ਹਥ ਨਾਲ ਬੰਸਰੀ ਵਜਾਉਣੀ ਔਖੀ ਸੀ ਪਰ ਉਹਨੇ ਛੇਤੀ ਹੀ ਕਈ ਲੋਕ ਗੀਤਾਂ ਦੀ ਧੁਨਾਂ ਵਜਾਉਣੀਆਂ ਅਤੇ ਆਪ ਧੁਨਾਂ ਘੜਨੀਆਂ ਸ਼ੁਰੂ ਕਰ ਦਿਤੀਆਂ: ਖ਼ਿਆਲ ਉਡਾਰੀ ਲਾਉਣਾ, ਆਪਣੇ ਵਿਚਾਰਾਂ, ਭਾਵਾਂ ਅਤੇ ਅਨੁਭਵਾਂ ਨੂੰ ਸੰਗੀਤ ਦਾ ਰੂਪ ਦੇਣਾ। ਇਕ ਦਿਨ ਝਖੜ ਅਤੇ ਮੀਂਹ ਵਾਲੇ ਦਿਨ ਅਸੀਂ ਆਪਣੇ "ਸੁਪਨਿਆਂ ਦੇ ਕੁੰਜ" ਵਿਚ ਬੈਠੇ ਸਾਂ। ਬਿਜਲੀ ਦੀ ਕੜਕ ਖ਼ਤਮ ਹੋ ਗਈ ਸੀ ਅਤੇ ਅਸਮਾਨ ਵਿਚ ਸਤ-ਰੰਗੀ ਪੀਂਘ ਪੈ ਗਈ ਸੀ। ਸਾਰੇ ਇਸ ਚਿਤਰ ਦੇ ਸੁਹਪਣ ਦੀ ਸ਼ਲਾਘਾ ਕਰਦੇ ਚੁਪ ਸਨ। ਅਸਾਂ ਇਕ ਸ਼ਾਂਤ ਲੈ ਸੁਣੀ: ਕੌਸਤੀਆ ਬੰਸਰੀ ਵਜਾ ਰਿਹਾ ਸੀ। ਸੰਗੀਤ ਵਿਚ ਬੇਚੈਨ ਗਰਜ ਨਾਲ ਭਰੀ ਸ਼ੂਕਦੀ ਨਦੀ ਦੀ ਗਰਜ ਸੀ। ਕਾਲੇ ਬਦਲ ਨੇੜੇ ਆਉਣ ਲਗ ਪਏ ਅਤੇ ਦੂਰੋਂ ਬਿਜਲੀ ਦੀ ਕੜਕ ਸੁਣਾਈ ਦੇ ਰਹੀ ਸੀ। ਨਿਕਾ ਮੁੰਡਾ ਇਹ ਭੁਲ ਗਿਆ ਕਿ ਅਸੀਂ ਸੁਣ ਰਹੇ ਸਾਂ; ਉਹਨੇ ਆਪਣਾ ਸਾਰਾ ਆਪਾ ਆਪਣੀ ਰਚਨਾ ਵਿਚ ਪਾ ਦਿਤਾ। ਉਹਨੂੰ ਅਚਾਨਕ ਆਪਣੇ ਸਾਥੀਆਂ ਦੇ ਸੋਚਾਂ ਡੁਬੇ ਮੂੰਹਾਂ ਦੀ ਸੋਝੀ ਹੋਈ ਅਤੇ ਉਹ ਸੰਗ ਗਿਆ।... ਉਹ ਸਾਰੇ ਤਾਂ ਸੰਗੀਤਕਾਰ ਉਕਾ ਹੀ ਨਹੀਂ ਬਣਨ ਲਗੇ ਪਰ ਮੇਰਾ ਡੂੰਘਾ ਨਿਸ਼ਚਾ ਹੈ ਕਿ ਸੰਗੀਤ ਦਾ ਰਸ ਮਾਣਨ ਦੀ ਭਾਵਨਾ ਹਰ ਇਕ ਵਿਚ ਪੈਦਾ ਕੀਤੀ ਜਾ ਸਕਦੀ ਹੈ।

ਇਸ ਸਾਦੇ ਲੋਕ ਸੰਗੀਤ ਵਿਚ ਵਹਿ ਜਾਣਾ ਸਾਡੇ ਵਿਚੋਂ ਹਰ ਇਕ ਲਈ ਇਕ

ਡੂੰਘਾ ਨਿਜੀ ਮਾਮਲਾ ਸੀ। ਕਦੀ ਕਦੀ ਇਕ ਅਭਰਿਠ "ਸੰਗੀਤਕ ਰੈਂ" ਸਾਡੇ ਉਤੇ ਛਾ ਜਾਂਦਾ: ਬਚੇ ਬਹਿਣਾ ਅਤੇ ਸਾਜ਼ ਵਜਾਉਣਾ ਚਾਹੁੰਦੇ ਸਨ। ਵਧੇਰੇ ਇਹ ਸ਼ਾਮ ਦੀ ਸ਼ਾਂਤੀ ਵਿਚ ਹੁੰਦਾ, ਉਹ ਕੁਝ ਛਿਣਾਂ ਵਿਚ ਜਦੋਂ ਪਹਿਲਾਂ ਹੀ ਦੁਮੇਲ ਤੋਂ ਹੇਠਾਂ ਲਹਿ ਗਏ ਸੂਰਜ ਦਾ ਪ੍ਰਤਿਬਿੰਬ ਅਜੇ ਵੀ ਧਰਤੀ ਨੂੰ ਰੁਸ਼ਨਾ ਰਿਹਾ ਹੁੰਦਾ। ਸਾਡੇ ਲਈ ਇਹ ਗਲ ਬੜੀ ਖ਼ੁਸ਼ੀ ਵਾਲੀ ਸੀ ਕਿ ਸੰਗੀਤ ਸਾਨੂੰ ਪਹਿਲਾਂ ਹੀ ਖ਼ੁਸ਼ੀ ਅਤੇ ਤਸਲੀ ਦੇਂਦਾ ਸੀ।

ਕੋਲੀਆ ਸੰਗੀਤ ਦਾ ਬਹੁਤ ਰਸੀਆ ਸੀ ਅਤੇ ਉਹਨੇ ਛੇਤੀ ਹੀ ਲੋਕ ਗੀਤਾਂ ਦੀਆਂ ਸੁਰਾਂ ਵਜਾਉਣੀਆਂ ਸਿਖ ਲਈਆਂ। ਇਕ ਦਿਨ ਜਦੋਂ ਅਸੀਂ ਜੰਗਲ ਤੋਂ ਮੁੜ ਰਹੇ ਸਾਂ ਮੈਂ ਕੋਲੀਆ ਨੂੰ ਕਿਹਾ, "ਯਾਦ ਈ, ਤੂੰ ਕਿਵੇਂ ਚਾਂਦੀ ਦੇ ਹਾਰ ਬਣਾਉਣ ਵਾਲੇ ਲੁਹਾਰਾਂ ਨੂੰ ਚਿਤਰਿਆ ਸੀ? ਤੂੰ ਲੁਹਾਰਾਂ ਨੂੰ ਆਪਣੀਆਂ ਬੰਸਰੀਆਂ ਰਾਹੀਂ ਬਿਆਨ ਕਿਉਂ ਨਹੀਂ ਕਰਦਾ—ਜਿਵੇਂ ਉਹ ਹਥੌੜੇ ਚਲਾਉਂਦੇ ਨੇ, ਜਿਵੇਂ ਠੰਢੀਆਂ ਚੰਗਿਆੜੀਆਂ ਧਰਤੀ ਉਤੇ ਡਿਗਦੀਆਂ ਨੇ।..."

"ਪਰ ਚੰਗਿਆੜੀਆਂ ਠੰਢੀਆਂ ਨਹੀਂ," ਬਚੇ ਨੇ ਬੜੀ ਸਖ਼ਤੀ ਨਾਲ ਇਤਰਾਜ਼ ਕੀਤਾ। "ਉਹ ਗਰਮ ਨੇ, ਕਿਆਸੋ ਬਾਹਰੀਆਂ ਗਰਮ।..."

"ਹਾਂ, ਨਿਰਸੰਦੇਹ, ਉਹ ਗਰਮ ਹਨ... ਹਥੌੜੇ ਦੇ ਅਹਿਰਣ ਉਤੇ ਵਜਣ ਪਿਛੋਂ ਉਹਦੇ ਹੇਠੋਂ ਕੋਈ ਠੰਢੀ ਸ਼ੈ ਨਹੀਂ ਕਿਰ ਸਕਦੀ। ਮੈਂ ਵੀ ਆਪਣੀਆਂ ਬੰਸਰੀਆਂ ਰਾਹੀਂ ਲੁਹਾਰਾਂ ਸੰਬੰਧੀ ਦਸਣ ਦਾ ਜਤਨ ਕਰਾਂਗਾ—ਸੂਰਜ ਦੇ ਲੁਹਾਰਾਂ ਸੰਬੰਧੀ।"

ਇਕ ਦਿਨ ਪਿਛੋਂ ਅਸੀਂ ਸਵੇਰੇ ਸਕੂਲ ਦੇ ਬਾਗ਼ ਵਿਚ ਗਏ। ਅਸਾਂ ਆਪਣੀਆਂ ਬੰਸਰੀਆਂ ਦੀਆਂ ਮਸੂਮ ਸੁਰਾਂ ਨਾਲ ਸ਼ਾਨਦਾਰ ਲੁਹਾਰਾਂ ਸੰਬੰਧੀ ਗਲਾਂ ਕੀਤੀਆਂ। ਅਸਾਂ ਨਾ ਕੇਵਲ ਇਕ ਦੂਜੇ ਨੂੰ ਸਮਝ ਲਿਆ ਸਗੋਂ ਉਹ ਰਉਂ ਵੀ ਅਨੁਭਵ ਕੀਤੇ ਜਿਨ੍ਹਾਂ ਦੇ ਪ੍ਰਭਾਵ ਅਧੀਨ ਸਾਡੀਆਂ ਸੁਰਾਂ ਨੇ ਜਨਮ ਲਿਆ ਸੀ। ਮੈਂ ਧਿਆਨ ਨਾਲ ਕੋਲੀਆ ਦੇ "ਲੁਹਾਰਾਂ" ਸੰਬੰਧੀ ਸੰਗੀਤ ਨੂੰ ਸੁਣਿਆ। ਉਹਨੇ ਨਾ ਕੇਵਲ ਸੂਖਮਤਾ ਨਾਲ ਉਹਨਾਂ ਦੇ ਹਥੌੜਿਆਂ ਦੀ ਗੂੰਜ ਨੂੰ ਹੀ ਪੇਸ਼ ਕੀਤਾ ਸਗੋਂ ਉਹਨੇ ਉਹਨਾਂ ਦੀ ਸ਼ਕਤੀ ਦੀ ਵੀ ਸ਼ਲਾਘਾ ਕੀਤੀ। ਉਹ ਖੇਤਾਂ ਅਤੇ ਬਾਗ਼ਾਂ ਉਤੇ ਡਿਗਦੀਆਂ ਰੁਪਹਿਲੀ ਚੰਗਿਆੜੀਆਂ ਦੇ ਸੁਹਪਣ ਨੂੰ ਵੇਖ ਕੇ ਹੈਰਾਨ ਸੀ, ਉਹ ਇਸ ਗਲ ਉਤੇ ਉਦਾਸ ਸੀ ਕਿ ਉਹ ਸਾਰੇ ਸੰਸਾਰ ਉਤੇ ਝਾਤ ਨਹੀਂ ਸੀ ਮਾਰ ਸਕਦਾ। ਉਹ ਉਸ ਸੁਹਪਣ ਨੂੰ ਵੇਖਣਾ ਚਾਹੁੰਦਾ ਸੀ ਜਿਹੜਾ ਉਹ ਹਰ ਸ਼ੈ ਵਿਚ ਧੁੰਦਲੇ ਤੌਰ ਉਤੇ ਵੇਖਦਾ।

ਹੁਣ ਮੈਂ ਨਿਸ਼ਚਿਤ ਤੌਰ ਉਤੇ ਇਸ ਬਚੇ ਦੇ ਦਿਲ ਵਲ ਰਾਹ ਲਭ ਲਿਆ ਸੀ। ਸੰਗੀਤ ਆਤਮਾ ਨੂੰ ਸਿਖਿਅਤ ਕਰਦਾ ਹੈ, ਭਾਵਨਾਵਾਂ ਨੂੰ ਮਨੁਖੀ ਬਣਾਉਂਦਾ ਹੈ। ਸ਼ਬਦਾਂ ਵਾਂਗ ਹੀ ਸੰਗੀਤ ਵਿਚ ਸਚੀ ਮਨੁਖਤਾ ਦਾ ਪ੍ਰਗਟਾ ਹੁੰਦਾ ਹੈ। ਸੰਗੀਤ ਲਈ ਬਚੇ ਦੀ ਭਾਵੁਕਤਾ ਵਿਕਸਤ ਕਰਦੇ ਹੋਏ ਅਸੀਂ ਉਹਦੇ ਵਿਚਾਰਾਂ ਅਤੇ ਆਸ਼ਾਵਾਂ ਨੂੰ ਉਚਿਆਉਂਦੇ ਹਾਂ। ਇਹ ਲਾਜ਼ਮੀ ਹੈ ਕਿ ਸੰਗੀਤ ਹਰ ਦਿਲ ਵਿਚ

ਮਨੁਖੀ ਭਾਵਨਾਵਾਂ ਦੇ ਚਸ਼ਮੇ ਉਬਾਲੇ। ਮਨੁਖ ਦੀ ਮਾਤਰੀ ਭਾਸ਼ਾ ਦੇ ਜਿਊਂਦੇ, ਥਰਥਰਾਉਂਦੇ ਸ਼ਬਦਾਂ ਵਾਂਗ ਸੰਗੀਤ ਬਚੇ ਲਈ ਆਲੇ ਦੁਆਲੇ ਦੇ ਸੰਸਾਰ ਦਾ ਸੁਹਪਣ ਪ੍ਰਗਟ ਕਰਦਾ ਹੈ। ਪਰ ਸੰਗੀਤ ਮਨੁਖੀ ਭਾਵਨਾਵਾਂ ਦੀ ਭਾਸ਼ਾ ਹੈ ਅਤੇ ਇਹ ਬਚੇ ਦੀ ਆਤਮਾ ਵਿਚ ਕੇਵਲ ਸੰਸਾਰ ਦਾ ਸੁਹਪਣ ਹੀ ਨਹੀਂ ਸਗੋਂ ਕੁਝ ਵਧ ਲਿਆਉਂਦਾ ਹੈ। ਇਹ ਲੋਕਾਂ ਸਾਹਮਣੇ ਮਨੁਖ ਦੀ ਮਹਾਨਤਾ ਅਤੇ ਕੁਰਬ ਨੂੰ ਪ੍ਰਗਟ ਕਰਦਾ ਹੈ। ਜਦੋਂ ਉਹ ਸਚ ਮੁਚ ਸੰਗੀਤ ਦਾ ਰਸ ਮਾਣ ਰਿਹਾ ਹੁੰਦਾ ਹੈ ਤਾਂ ਬਚਾ ਅਨੁਭਵ ਕਰਦਾ ਹੈ ਕਿ ਉਹ ਸਚ ਮੁਚ ਮਨੁਖ ਹੈ। ਬਚੇ ਦੀ ਆਤਮਾ ਸੂਖਮ ਸੰਗੀਤਕਾਰ ਦੀ ਆਤਮਾ ਹੈ। ਇਹਦੇ ਵਿਚ ਜ਼ੋਰ ਨਾਲ ਕਸੀਆਂ ਤਰਬਾਂ ਹਨ ਅਤੇ ਜੇ ਤੁਸੀਂ ਉਹਨਾਂ ਨੂੰ ਛੂਹੋ ਤਾਂ ਕੇਵਲ ਅਲੰਕਾਰਕ ਭਾਸ਼ਾ ਵਿਚ ਹੀ ਨਹੀਂ ਸਗੋਂ ਸਚ ਮੁਚ ਕੀਲਣ ਵਾਲਾ ਸੰਗੀਤ ਗੂੰਜ ਉਠੇਗਾ। ਸੰਗੀਤ ਤੋਂ ਬਿਨਾਂ ਬਚਪਨ ਉਸੇ ਤਰ੍ਹਾਂ ਅਸੰਭਵ ਹੈ ਜਿਵੇਂ ਇਹ ਖੇਡਾਂ ਅਤੇ ਪਰੀ-ਕਹਾਣੀਆਂ ਤੋਂ ਬਿਨਾਂ ਅਸੰਭਵ ਹੈ।

ਅਨੁਭਵ ਤੋਂ ਸਿਧ ਹੁੰਦਾ ਹੈ ਕਿ ਸੰਗੀਤ ਉਹ ਸਰਵਉਤਮ ਪਿਛੋਕੜ ਹੈ ਜਿਸ ਦੇ ਸਾਹਮਣੇ ਅਧਿਆਪਕ ਅਤੇ ਸ਼ਾਗਿਰਦਾਂ ਵਿਚਕਾਰ ਆਤਮਕ ਸਾਂਝ ਪੈਦਾ ਹੋ ਸਕਦੀ ਹੈ। ਸੰਗੀਤ ਲੋਕਾਂ ਦੇ ਦਿਲ ਖੋਹਲਦਾ ਹੈ। ਲੈ ਨੂੰ ਸੁਣਦੇ ਹੋਏ, ਉਹਦੇ ਸੁਹਪਣ ਨੂੰ ਅਨੁਭਵ ਕਰਦੇ ਅਤੇ ਉਹਦੀ ਸ਼ਲਾਘਾ ਕਰਦੇ ਹੋਏ, ਅਧਿਆਪਕ ਅਤੇ ਵਿਦਿਆਰਥੀ ਨੇੜੇ ਆ ਜਾਂਦੇ ਹਨ, ਉਹਨਾਂ ਦਾ ਓਪਰੇ ਹੋਣਾ ਖ਼ਤਮ ਹੋ ਜਾਂਦਾ ਹੈ।

ਸਾਂਝੇ ਅਨੁਭਵ ਦੇ ਉਹਨਾਂ ਛਿਣਾਂ ਵਿਚ, ਜਿਹੜਾ ਕੇਵਲ ਸੰਗੀਤ ਹੀ ਦੇ ਸਕਦਾ ਹੈ, ਅਧਿਆਪਕ ਬਚੇ ਵਿਚ ਉਹ ਕੁਝ ਵੇਖਦਾ ਹੈ ਜਿਹੜਾ ਉਹ ਸੰਗੀਤ ਤੋਂ ਬਿਨਾਂ ਕਦੀ ਨਾ ਵੇਖ ਸਕਦਾ। ਸੰਗੀਤ ਦੇ ਪ੍ਰਭਾਵ ਅਧੀਨ, ਜਦੋਂ ਉਚ ਅਨੁਭਵਾਂ ਕਾਰਨ ਆਤਮਾ ਉਚੀ ਉਠੀ ਹੁੰਦੀ ਹੈ, ਬਚਾ ਆਪਣੇ ਡਰ ਅਤੇ ਝੌਖਲੇ ਅਧਿਆਪਕ ਨੂੰ ਦਸ ਦੇਂਦਾ ਹੈ। ਅਜਿਹੇ ਹੀ ਇਕ ਛਿਣ ਕੋਲੀਆ ਨੇ ਮੈਨੂੰ ਦਸਿਆ ਕਿ ਘਰ ਵਿਚ ਉਹਦੀ ਇਕ ਕਾਪੀ ਹੈ, ਜਿਸ ਵਿਚ ਉਹ ਹਰ ਉਸ ਸ਼ੈ ਦਾ ਚਿਤਰ ਵਾਹੁੰਦਾ ਹੈ ਜਿਹੜੀ ਉਹਨੂੰ ਉਤੇਜਤ ਜਾਂ ਖ਼ੁਸ਼ ਕਰਦੀ। ਫਿਰ ਨਿਕੇ ਮੁੰਡੇ ਨੇ ਮੈਨੂੰ ਆਪਣੇ ਚਿਤਰ ਵਿਖਾਏ। ਮੇਰੇ ਸਾਹਮਣੇ ਸੁਪਨਿਆਂ ਦਾ ਸੰਸਾਰ ਖੁਲ੍ਹ ਗਿਆ। ਕੋਲੀਆ ਇਕ ਟਰੈਕਟਰ ਡਰਾਈਵਰ ਅਤੇ ਫਿਰ ਸਰਹਦਾਂ ਦੀ ਰਖਿਆ ਕਰਨ ਵਾਲਾ ਫ਼ੌਜੀ ਬਣਨਾ ਚਾਹੁੰਦਾ ਸੀ।

## ਸਿਆਲ ਦੀਆਂ ਖ਼ੁਸ਼ੀਆਂ ਅਤੇ ਚਿੰਤਾਵਾਂ

ਸਿਆਲ।... ਇਹ ਸੁਖਦਾਇਕ ਸਮੇ ਵਿਚ ਕਿੰਨੀਆਂ ਸ਼ਾਨਦਾਰ ਵਿਦਿਅਕ ਅਤੇ ਵਿਕਾਸੀ ਸੰਭਾਵਨਾਵਾਂ ਭਰੀਆਂ ਪਈਆਂ ਹਨ। ਜਿਹੜੇ ਲੋਕ ਕਹਿੰਦੇ ਹਨ ਕਿ ਕੇਵਲ ਹੁਨਾਲ ਵਿਚ ਹੀ ਬਚਿਆਂ ਨੂੰ ਸਿਹਤਮੰਦ ਰਖਿਆ ਜਾ ਸਕਦਾ ਹੈ, ਉਹ ਸਖਤ ਗ਼ਲਤੀ ਕਰਦੇ ਹਨ। ਜੇ ਤੁਸੀਂ ਥੋੜ੍ਹੇ ਠੰਢੇ ਤਾਪਮਾਨ ਅਤੇ ਨਰਮ, ਬਹੁਤ

ਸਾਰੀ ਬਰਫ਼ ਵਾਲੇ ਸਿਆਲ ਨੂੰ ਬਚਿਆਂ ਦੀ ਸਿਹਤ ਮਜ਼ਬੂਤ ਬਣਾਉਣ ਲਈ ਨਹੀਂ ਵਰਤਦੇ, ਤਾਂ ਹੁਨਾਲ ਸਹਾਈ ਨਹੀਂ ਹੋਣ ਲਗਾ। ਮੈਂ ਬਚਿਆਂ ਨੂੰ ਠੰਢ ਸਹਾਰਨ, ਸਾਫ਼, ਠੰਢੀ ਹਵਾ ਵਿਚ ਸਾਹ ਲੈਣ ਦੀ ਆਦਤ ਪਾਈ।

ਸਵੇਰੇ ਅਸੀਂ ਸਕੂਲ ਦੇ ਗਰਮ-ਖ਼ਾਨੇ ਵਿਚ ਸੂਰਜ ਉਗਣ ਦਾ ਸੁਆਗਤ ਕਰਨ ਗਏ, ਜਿਸਦੀ ਧੁਪ ਵਰ੍ਹਦੀ ਹੋਈ ਅੰਦਰ ਆਈ ਅਤੇ ਉਹਨੇ ਗਰਮ-ਖ਼ਾਨੇ ਦੇ ਲਾਂਘੇ ਵਿਚ ਸ਼ੀਸ਼ੇ ਦੇ ਯਖ਼ ਹੋਏ ਤਖ਼ਤਿਆਂ ਨੂੰ ਅਣੋਖੇ ਫੁਲ-ਬੂਟਿਆਂ ਨਾਲ ਸਜਾ ਦਿਤਾ ਸੀ। ਸਾਡੀਆਂ ਕਲਪਨਾਵਾਂ ਨੇ ਸ਼ੀਸ਼ੇ ਦੇ ਹਰ ਤਖਤੇ ਉਤੇ ਇਕ ਅਦਭੁਤ ਸੰਸਾਰ ਚਿਤਰਿਆ: ਅਸਾਂ ਅਣੋਖੇ ਜਾਨਵਰ, ਗੁਪਤ ਪਹਾੜੀ ਦੁਰਗ ਬਦਲ ਅਤੇ ਫੁਲ ਵੇਖੇ। ਇਥੇ ਯਖ਼ ਹੋਏ ਸ਼ੀਸ਼ੇ ਕੋਲ ਬਚਿਆਂ ਨੇ ਬਹੁਤ ਕਹਾਣੀਆਂ ਘੜੀਆਂ। ਇਥੇ ਉਹਨਾਂ ਪੜ੍ਹਨਾ ਸਿਖਿਆ, ਜਿਸ ਸੰਬੰਧੀ ਗਲ ਮੈਂ ਅਗੇ ਚਲਕੇ ਕਰਾਂਗਾ।

ਸੂਰਜ ਦਾ ਸੁਆਗਤ ਕਰਨ ਪਿਛੋ ਬਚਿਆਂ ਨੇ ਲਾਂਘੇ ਤੋਂ ਗਰਮ-ਖ਼ਾਨੇ ਦਾ ਬੂਹਾ ਖੋਹਲਿਆ ਅਤੇ ਫੁਲਾਂ ਦੇ ਸੰਸਾਰ ਵਿਚ ਚਲੇ ਗਏ। ਉਸ ਸਿਆਲ ਸਾਡੇ ਗਰਮ-ਖ਼ਾਨਿਆਂ ਵਿਚ ਗੁਲ-ਦਾਊਦੀ ਖਿੜੇ ਹੋਏ ਸਨ। ਉਥੇ ਹਰ ਬਚੇ ਦਾ ਆਪਣਾ ਫੁਲ ਸੀ — ਉਹਦਾ ਆਪਣਾ ਵਿਸ਼ੇਸ਼ ਮਿਤਰ। ਬਚਿਆਂ ਨੇ ਫੁਲਾਂ ਨੂੰ ਪਾਣੀ ਦਿਤਾ। ਇਹ ਖ਼ੁਸ਼ੀ ਦੀਆਂ ਘੜੀਆਂ ਸਨ: ਪਾਣੀ ਦੇ ਨਿਕੇ ਤੁਪਕਿਆਂ ਵਿਚ ਸਤ-ਰੰਗੀ ਪੀਂਘ ਦੀਆਂ ਲਾਟਾਂ ਮਚ ਪਈਆਂ।... ਬਚਿਆਂ ਉਹਨਾਂ ਦੀ ਸ਼ਲਾਘਾ ਕੀਤੀ ਅਤੇ ਹੁਨਾਲ ਦੇ ਸੁਪਨੇ ਲਏ। ਇਥੇ ਧੁਪ ਦੇ ਪੁਲ — ਸੁਨਹਿਰੀ ਸਤ-ਰੰਗੀ ਪੀਂਘ — ਦੀ ਕਹਾਣੀ ਦਾ ਜਨਮ ਹੋਇਆ।

ਬਰਫ਼ ਦੇ ਹਰ ਤੂਫ਼ਾਨ ਤੋਂ ਪਿਛੋ ਜਦੋਂ ਧਰਤੀ ਨੇ ਇਕ ਵਾਰ ਫਿਰ ਚਿਟਾ ਬਾਣਾ ਪਹਿਨ ਲਿਆ ਹੁੰਦਾ ਸੀ, ਅਸੀਂ ਸਕੂਲ ਦੇ ਬਾਗ਼ ਵਿਚ ਬਰਫ਼ ਦੇ ਢੇਰ ਵੇਖਣ ਜਾਂਦੇ। ਬਰਫ਼ ਦੇ ਢੇਰਾਂ ਦੀ ਦੁਨੀਆਂ ਹੈਰਾਨ ਕਰਨ ਵਾਲੀ ਸੀ: ਉਹ ਬਦਲਾਂ ਦੇ ਸੰਸਾਰ ਵਾਂਗ ਹੀ ਭੇਤ-ਭਰੀ ਅਤੇ ਅਨੋਖੀ ਸੀ। ਬਚਿਆਂ ਨੇ ਬਰਫ਼ ਦੇ ਅਣੋਖੇ ਢੇਰਾਂ ਵਿਚ ਪਹਾੜਾਂ ਦੀਆਂ ਉਚੀਆਂ ਅਤੇ ਅਪਹੁੰਚ ਚੋਟੀਆਂ ਉਤੇ ਪਰੀ-ਕਹਾਣੀਆਂ ਦੇ ਕਿਲੇ ਵੇਖੇ, ਅਤੇ ਸਾਗਰ ਦੀਆਂ ਜੰਮੀਆਂ ਛਲਾਂ, ਅਤੇ ਇਕ ਚਿਟਾ ਹੰਸ ਅਤੇ ਭੂਰਾ ਬਘਿਆੜ ਅਤੇ ਖਚਰਾ ਲੂੰਮੜ। ਇਕ ਦਿਨ ਜਾਪਿਆ ਕਿ ਕੁਦਰਤ ਨੇ ਖ਼ਾਸ ਤੌਰ ਉਤੇ ਸਾਡੇ ਲਈ ਇਕ ਪਰੀ-ਕਹਾਣੀ ਜਹਾਜ਼ ਸਿਰਜਿਆ ਹੈ, ਜਿਸ ਦੇ ਪਾਲ ਹਨ ਅਤੇ ਕਪਤਾਨ ਦੇ ਖੜੇ ਹੋਣ ਦੀ ਵਿਸ਼ੇਸ਼ ਥਾਂ ਹੈ, ਲੰਗਰ ਹੈ ਅਤੇ ਸਮੁੰਦਰੀ ਡਾਕੂ ਦੁਰਾਡੇ ਵਲ ਝਾਕ ਰਹੇ ਹਨ। ਧੁਪ ਅਤੇ ਹਵਾ ਦੇ ਜਹਾਜ਼ ਨੂੰ ਖ਼ਤਮ ਕਰਨ ਤੋ ਪਹਿਲਾਂ ਅਸੀਂ ਕਈ ਵਾਰ ਇਹਨੂੰ ਵੇਖਣ ਗਏ। ਸ਼ਾਮੀਂ ਬਚੇ ਸਮੁੰਦਰੀ ਡਾਕੂਆਂ ਅਤੇ ਦਿਆਲ ਲੋਕਾਂ, ਮਾੜਿਆਂ ਅਤੇ ਅਣਮੁਨਸਫ਼ੀ ਤੌਰ ਉਤੇ ਦੋਸ਼ੇ ਲੋਕਾਂ, ਚੰਗਿਆਈ ਅਤੇ ਬੁਰਾਈ ਵਿਚਕਾਰ ਘੋਲ ਬੇਇਨਸਾਫ਼ੀ ਉਤੇ ਸਚ ਦੀ ਜਿਤ ਸੰਬੰਧੀ ਕਹਾਣੀਆਂ ਸੁਣਨ ਲਈ ਸਕੂਲ ਆਉਂਦੇ।

ਜਦੋਂ ਬਹੁਤ ਜ਼ਿਆਦਾ ਠੰਢ ਹੁੰਦੀ ਤਾਂ ਅਸੀਂ ਸੈਰ ਕਰਨ ਨਾ ਜਾਂਦੇ। ਬਚੇ ਸੁਖਾਵੇਂ ਮੌਸਮ ਵਿਚ ਹੀ ਬਾਹਰ ਜਾਂਦੇ ਅਤੇ ਜਦੋਂ ਬਰਫ ਪਿਘਲਦੀ ਤਾਂ ਅਸਲੀ ਜਸ਼ਨ ਮਨਾਇਆ ਜਾਂਦਾ। ਨਨ੍ਹੇ ਪਾਉਨੀਅਰਾਂ ਨੇ ਇਕ ਕਿਲਾ ਬਣਾਉਣ ਵਿਚ ਸਾਡੀ ਸਹਾਇਤਾ ਕੀਤੀ। ਬਰਫ ਦੀਆਂ ਸਿਲਾਂ ਦੀ ਇਕ ਖੋਹ ਜਿਹੀ ਬਣਾ ਦਿਤੀ ਗਈ। ਅਤੇ ਇਥੇ ਵੀ ਕੰਮ ਅਤੇ ਸ਼ੁਗਲ ਦੇ ਨਾਲ ਨਾਲ ਕਹਾਣੀਆਂ ਅਤੇ ਖੇਡਾਂ ਚਲਦੀਆਂ ਰਹੀਆਂ। ਅਸੀਂ ਇਉਂ ਵਿਚਰੇ ਜਿਵੇਂ ਅਸੀਂ ਧਰੁਵਾਂ ਦੇ ਖੋਜੀ ਹੋਈਏ। ਮੈਂ ਬਚਿਆਂ ਨੂੰ ਅਨੰਤ ਬਰਫ਼ਾਂ ਦੀਆਂ ਚੁਪਾਂ ਸੰਬੰਧੀ ਕਹਾਣੀਆਂ ਸੁਣਾਈਆਂ। ਅਚਰਜ ਦਾ ਤਾਣਾ ਪੇਟਾ ਯਥਾਰਥਕ ਨਾਲ, ਮਨੁਖਜਾਤੀ ਦੀਆਂ ਸੂਰਮਾ ਕਿਰਤਾਂ ਨਾਲ ਮਿਲਿਆ ਹੋਇਆ ਹੈ। ਬਚਿਆਂ ਨੇ ਬੜੇ ਅਫ਼ਸੋਸ ਨਾਲ ਆਪਣੇ ਕਿਲੇ ਨੂੰ ਵਿਦਿਆ ਕਹੀ, ਜਿਸਨੂੰ ਧੁਪ ਨੇ ਪਿਘਲਾ ਦਿਤਾ ਸੀ।

ਅਸੀਂ ਉਸ ਸਿਆਲ ਦੋ ਵਾਰ ਜੰਗਲ ਵਿਚ ਗਏ, ਇਕ ਵਾਰ ਕਾਰ ਉਤੇ ਅਤੇ ਇਕ ਵਾਰ ਤਰੋਇਕਾ * ਗਡੀਆਂ ਉਤੇ। ਹਲਕੇ ਕਕਰ ਕਾਰਨ ਸਾਡੀਆਂ ਗਲ੍ਹਾਂ ਲਾਲ ਸੂਹੀਆਂ ਹੋ ਗਈਆਂ, ਪਰ ਕਿਸੇ ਨੇ ਠੰਢ ਦਾ ਗਿਲਾ ਨਾ ਕੀਤਾ। ਅਸਾਂ ਉਥੇ ਜਿਹੜੇ ਦਿਨ ਗੁਜ਼ਾਰੇ ਬਚਿਆਂ ਨੇ ਉਹ ਕਦੀ ਨਹੀਂ ਭੁਲੇ। ਅਸਾਂ ਸਿਆਲ ਦੇ ਜੰਗਲ ਦਾ ਸੰਗੀਤ ਸੁਣਿਆ ਅਤੇ ਪੰਛੀਆਂ ਦੇ ਜੀਵਨ ਨੂੰ ਧਿਆਨ ਨਾਲ ਵੇਖਿਆ। ਅਸਾਂ ਜੰਗਲ ਦੇ ਦਰੁਗ ਵਿਚ ਇਕ ਚਸ਼ਮਾ ਵੇਖਿਆ, ਜਿਹੜਾ ਯਖ ਨਹੀਂ ਸੀ ਹੋਇਆ। ਅਸਾਂ ਅਗ ਸੇਕੀ ਅਤੇ ਕਾਸ਼ਾ ** ਬਣਾਇਆ। ਅਸਾਂ ਸੂਰਜ ਅਸਤ ਹੋਣ ਦੇ ਸੁਹਪਣ ਦੀ ਸ਼ਲਾਘਾ ਕੀਤੀ ਜਿਸ ਨਾਲ ਬਰਫ਼-ਕਜੀਆਂ ਟਹਿਣੀਆਂ ਦੇ ਰੰਗ ਸਾਡੇ ਵੇਖਦੇ ਵੇਖਦੇਂ ਤਬਦੀਲ ਹੋ ਜਾਂਦੇ। ਉਹ ਹਲਕੇ ਸੰਧੂਰੀ ਸਨ, ਫਿਰ ਸੰਤਰੀ, ਫਿਰ ਕਿਰਮਚੀ, ਫਿਰ ਕਾਸ਼ਨੀ। ਜਿਉਂ ਹੀ ਬਚੇ ਇਸ ਅਣੋਖੇ, ਅਸਾਧਾਰਨ ਸੁਹਪਣ ਵਿਚ ਵਹਿ ਗਏ, ਸੂਰਜ ਸੰਬੰਧੀ ਪਰੀ-ਕਹਾਣੀ ਨਵੇਂ ਬਿੰਬਾਂ ਨਾਲ ਭਰਪੂਰ ਹੋ ਗਈ। ਉਥੇ ਅਸਾਂ ਕਵਿਤਾਵਾਂ ਰਚੀਆਂ, ਜਿਨ੍ਹਾਂ ਵਿਚ ਬਚਿਆਂ ਨੇ ਸਿਆਲ ਸਮੇਂ ਦੇ ਜੰਗਲ ਸੰਬੰਧੀ ਆਪਣੇ ਪ੍ਰਭਾਵ ਦਸੇ। ਬਰੰਫ਼ ਨਾਲ ਪੂਰੀ ਤਰ੍ਹਾਂ ਕਜੇ ਚੀੜ੍ਹ ਦੇ ਰੁਖਾਂ ਦੇ ਸੁਹਪਣ ਦੀ ਸ਼ਲਾਘਾ ਕਰਦੀ ਹੋਈ ਕਾਤੀਆ ਨੇ ਕਿਹਾ: "ਚੀੜ੍ਹ ਦਾ ਰੁਖ ਸੁਤਾ ਹੈ ਹੋਇਆ।"

ਜ਼ੀਨਾ ਨੇ ਇਸ ਤੋਂ ਵੀ ਸਪਸ਼ਟ ਬਿੰਬ ਘੜੀਆ: "ਹੁਨਾਲ ਤਕ ਹੈ ਚੀੜ੍ਹ ਦਾ ਰੁਖ ਸੌਂ ਗਿਆ।..."

"ਬਸੰਤ ਤਕ ਹੈ ਚੀੜ੍ਹ ਦਾ ਰੁਖ ਸੌਂ ਗਿਆ," ਸੇਰਯੋਜ਼ਾ ਨੇ ਕਿਹਾ ਅਤੇ

---

*ਬਰਫ਼ ਉਤੇ ਚਲਣ ਵਾਲੀ, ਤਿੰਨ-ਘੋੜਿਆਂ ਵਾਲੀ, ਬੇ-ਪਹੀਆ ਗਡੀ। — ਅਨੁ:

**ਦਲੀਆ। — ਅਨੁ:

ਸਾਰਿਆਂ ਨੇ ਇਹਨਾਂ ਸ਼ਬਦਾਂ ਦੀ ਮਧੁਰਤਾ ਅਨੁਭਵ ਕੀਤੀ। ਬਚੇ ਆਪਣੇ ਸਾਥੀ ਦੇ ਵਿਚਾਰਾਂ ਨੂੰ ਅਗੇ ਜਾਰੀ ਰਖਣਾ ਚਾਹੁੰਦੇ ਸਨ।

"ਉਹ ਸੌਂਦਾ ਹੈ, ਸੌਂਦਾ ਹੈ, ਅਤੇ ਸੁਪਨੇ ਹੈ ਲੈਂਦਾ," ਹੋਰਾਂ ਵਿਚੋਂ ਇਕ ਨੇ ਕਿਹਾ।

ਬਸੰਤ ਤਕ ਹੈ ਚੀੜ੍ਹ ਦਾ ਰੁਖ ਸੌਂ ਗਿਆ,
ਉਹ ਸੌਂਦਾ ਹੈ, ਸੌਂਦਾ ਹੈ, ਅਤੇ ਸੁਪਨੇ ਹੈ ਲੈਂਦਾ,

ਬਚਿਆਂ ਨੇ ਗਾਇਆ, ਉਹਨਾਂ ਮਾਣ ਦੀ ਭਾਵਨਾ ਅਨੁਭਵ ਕੀਤੀ ਕਿਉਂਕਿ ਗੀਤ ਉਹਨਾਂ ਆਪ ਰਚਿਆ ਸੀ। ਸਿਆਲ ਦੀ ਉਸ ਸ਼ਾਮ ਨੇ ਬਚੇ ਦੀ ਆਤਮਕ ਭਰਪੂਰਤਾ ਦਾ ਸਾਰਾ ਸੰਸਾਰ ਮੇਰੇ ਸਾਹਮਣੇ ਖੋਹਲ ਦਿਤਾ। ਮੈਨੂੰ ਅੰਤਮ ਤੌਰ ਉਤੇ ਨਿਸ਼ਚਾ ਹੋ ਗਿਆ ਕਿ ਬਚਿਆਂ ਨੂੰ ਪੜ੍ਹਨਾ ਅਤੇ ਸੋਚਣਾ ਸਿਖਾਉਣ ਲਈ, ਉਹਨਾਂ ਦੀਆਂ ਬੌਧਕ ਸ਼ਕਤੀਆਂ ਅਤੇ ਯੋਗਤਾਵਾਂ ਨੂੰ ਵਿਕਸਤ ਕਰਨ ਲਈ ਇਹ ਲਾਜ਼ਮੀ ਹੈ ਕਿ ਬੰਦਾ ਉਹਨਾਂ ਦੀ ਸੋਚ ਅਤੇ ਭਾਸ਼ਾ ਦੇ ਸੋਮਿਆਂ ਨਾਲ ਛੁਹ ਪੈਦਾ ਕਰੇ।

ਕਿਹੜਾ ਬਚਾ ਬਰਫ਼ ਦਾ ਪੁਤਲਾ ਬਣਾਉਣਾ ਜਾਂ ਸਲੈਜ ਉਤੇ ਤਿਲਕਣਾ ਪਸੰਦ ਨਹੀਂ ਕਰਦਾ! ਘਟ ਠੰਢੇ, ਸ਼ਾਂਤ ਮੌਸਮ ਵਿਚ, ਵਿਸ਼ੇਸ਼ ਤੌਰ ਉਤੇ ਜਦੋਂ ਸੂਰਜ ਚਮਕ ਰਿਹਾ ਹੁੰਦਾ ਅਸੀਂ ਪੂਰਾ ਪੂਰਾ ਦਿਨ ਖੁਲ੍ਹੀ ਥਾਂ ਉਤੇ ਬਿਤਾਉਂਦੇ। ਪਿੰਡ ਦੀ ਫਿਰਨੀ ਕੋਲ ਅਸਾਂ ਬਰਫ਼ ਦਾ ਇਕ ਪਹਾੜ ਬਣਾਇਆ। ਸਾਨੂੰ ਲਕੜੀ ਜਾਂ ਧਾਤ ਦੀਆਂ ਸਲੈਜਾਂ ਪਸੰਦ ਨਹੀਂ ਸਨ, ਕਿਉਂਕਿ ਉਹ ਕਾਫ਼ੀ ਤੇਜ਼ ਨਹੀਂ ਸਨ ਚਲਦੀਆਂ। ਸੋ ਅਸਾਂ ਬਰਫ਼ ਦੀਆਂ ਲਗ ਭਗ ਵੀਹ ਸਲੈਜਾਂ ਬਣਾਈਆਂ: ਅਸਾਂ ਤੂੜੀ ਲਈ ਅਤੇ ਉਹਨੂੰ ਗੋਹੇ ਵਿਚ ਗੁੰਨ੍ਹ ਦਿਤਾ, ਫਿਰ ਉਹਦੇ ਉਤੇ ਗਿਲਾ ਪਾਣੀ ਸੁਟਿਆ ਅਤੇ ਉਹਨੂੰ ਇਕ ਨਿਕੇ ਆਲ੍ਹਣੇ ਦਾ ਰੂਪ ਦਿਤਾ। ਇਹ ਸਲੈਜਾਂ ਉਕਾ ਹੀ ਬੇਖਟਕਾ ਸਨ।

ਮੈਂ ਆਪਣਾ ਬਚਪਨ ਚੇਤੇ ਕੀਤਾ।... ਅਸਾਂ ਇਕ ਗਡੇ ਦਾ ਪਹੀਆ ਲਿਆ ਅਤੇ ਧੁਰੇ ਨੂੰ ਛਪੜ ਉਤੇ ਜੰਮੀ ਬਰਫ਼ ਵਿਚ ਇਕ ਮੋਰੀ ਵਿਚ ਪਾ ਦਿਤਾ। ਮੋਰੀ ਉਤੇ ਬਰਫ਼ ਜੰਮ ਗਈ, ਪੂਰਾ ਖੜੇ-ਦਾਅ ਜੰਮ ਗਿਆ ਅਤੇ ਪਹੀਆ ਸਾਡੇ ਲਈ ਬਰਫ਼ ਉਤੇ ਚਕਰ-ਚੂੰਢਾ ਬਣ ਗਿਆ। ਬਚੇ ਪਹੀਏ ਨਾਲ ਬੰਨ੍ਹੀਆਂ ਸੋਟੀਆਂ ਫੜ ਲੈਂਦੇ ਅਤੇ ਛਪੜ ਦੇ ਸ਼ੀਸ਼ੇ-ਹਾਰ ਤਲ ਉਤੇ ਰਿੜ੍ਹਦੇ। ਅਸੀਂ ਸਾਰਾ ਸਾਰਾ ਦਿਨ ਇਸ ਸ਼ੁਗਲ ਵਿਚ ਰੁਝੇ ਰਹਿੰਦੇ। ਕਮਜ਼ੋਰ ਬਚੇ—ਸਾਨੀਆ, ਵੋਲੋਦੀਆ, ਕਾਤੀਆ ਅਤੇ ਕੋਸਤੀਆ ਦੀਆਂ ਗਲ੍ਹਾਂ ਭਖਣ ਲਗ ਪਈਆਂ ਅਤੇ ਗੁਲਾਬੀ ਹੋ ਗਈਆਂ।

ਸਿਆਲ ਵਿਚ ਪ੍ਰਕਿਰਤੀ ਦਾ ਅਭਰਿਠ ਸੁਹਪਣ ਸ਼ਾਂਤ, ਨਿਰਮਲ, ਕਕਰਿਆਲੀਆਂ ਸ਼ਾਮਾਂ ਵਿਚ ਬਚਿਆਂ ਲਈ ਵਿਸ਼ੇਸ਼ ਤੌਰ ਉਤੇ ਸਪਸ਼ਟ ਹੋਇਆ। ਅਸੀਂ ਗੁਲਾਨਾਰੀ ਸੂਰਜ ਅਸਤ ਨੂੰ ਵੇਖਦੇ ਹੋਏ ਅਤੇ ਪਹਿਲੇ ਤਾਰੇ ਦੇ ਉਗਣ ਦੀ

ਉਡੀਕ ਕਰਦੇ ਹੋਏ ਬਾਗ਼ ਵਿਚ ਖੜੇ ਸਾਂ। ਸ਼ਾਮ ਦੀ ਲੋਅ ਵਿਚ ਬਰਫ਼ ਗੁਲਾਬੀ ਭਾਹ ਮਾਰਦੀ ਅਤੇ ਫਿਰ ਕਿਰਮਚੀ ਹੋ ਗਈ। ਇਹਨਾਂ ਘੜੀਆਂ ਵਿਚ ਬਚਿਆਂ ਉਤੇ ਜਿਹੜੇ ਭਾਵ ਛਾ ਜਾਂਦੇ ਉਹ ਆਪਣੇ ਆਪ ਨੂੰ ਸ਼ਬਦਾਂ ਅਤੇ ਸੰਗੀਤ ਵਿਚ ਪ੍ਰਗਟ ਕਰਦੇ। ਉਹ ਲੋਕ ਗੀਤਾਂ ਦੀਆਂ ਧੁਨਾਂ ਚੇਤੇ ਕਰਦੇ ਜਿਹੜੀਆਂ ਦੁਹਰਾਏ ਨਾ ਜਾ ਸਕਣ ਵਾਲੇ ਸੁਹਪਣ ਨਾਲ ਗੂੰਜਦੀਆਂ। ਕੀਲੇ ਹੋਏ, ਅਸੀਂ ਸਕੂਲ ਦੀ ਇਮਾਰਤ ਵਿਚ ਗਏ, ਅੰਗੀਠੀ ਵਿਚ ਅਗ ਬਾਲੀ ਅਤੇ ਗਾਉਣ ਲਗ ਪਏ।

ਸਿਆਲ ਦੀਆਂ ਸ਼ਾਂਤ ਸਵੇਰਾਂ ਨੂੰ ਬਚੇ ਸੂਰਜ ਉਗਣ ਦਾ ਸੁਆਦ ਮਾਣਦੇ। ਸੁਹਪਣ ਨੂੰ ਵੇਖਦੇ, ਉਹ ਚੁਪ ਖੜੇ ਰਹਿੰਦੇ। ਉਹ ਆਪਣੀ ਸ਼ਲਾਘਾ ਬਿਆਨ ਕਰਨ ਲਈ ਸ਼ਬਦ ਲਭਣਾ ਚਾਹੁੰਦੇ ਸਨ। ਅਤੇ ਇਸ ਖੋਜ ਵਿਚ ਮੈਂ ਉਹਨਾਂ ਦੀ ਸਹਾਇਤਾ ਕੀਤੀ। ਹਰ ਲਭਤ ਨਾ ਕੇਵਲ ਖ਼ੁਸ਼ੀ ਪੈਦਾ ਕਰਦੀ ਸਗੋਂ ਸੋਚਣ ਲਈ ਬਲ ਦਾ ਨਵਾਂ ਸੋਮਾ ਸੀ।

## ਚੰਡੋਲ ਦਾ ਪਹਿਲਾ ਜਸ਼ਨੀ ਦਿਹਾੜਾ

ਸਾਰਾ ਸਿਆਲ, ਪੰਛੀਆਂ ਅਤੇ ਪਸ਼ੂਆਂ ਤੇ "ਹਸਪਤਾਲਾਂ" ਕੋਲ ਬੈਠੇ ਅਸੀਂ ਨਿਘੀ ਬਸੰਤ ਦੇ ਸੁਪਨੇ ਲੈਂਦੇ ਜਦੋਂ ਸਾਡੇ ਨਿਕੇ ਮਿਤਰ ਆਕਾਸ਼ ਵਿਚ ਉਡਣਗੇ, ਝੰਗੀ ਵਿਚ ਟਪੋਸੀਆਂ ਲਾਉਣਗੇ। ਅਤੇ ਚਿਰ-ਉਡੀਕਿਆ ਜਸ਼ਨੀ ਅਵਸਰ ਆ ਹੀ ਗਿਆ। ਜਿਸ ਦਿਨ ਪਹਿਲਾ ਚੰਡੋਲ ਆਕਾਸ਼ ਵਿਚ ਦਿਸਿਆ, ਅਸੀਂ ਪੰਛੀਆਂ ਅਤੇ ਪਸ਼ੂਆਂ ਵਾਲੇ ਪਿੰਜਰੇ ਟਿਬਿਆਂ ਦੀਆਂ ਚੋਟੀਆਂ ਉਤੇ ਲੈ ਗਏ। ਸਤੈਪ-ਭੂਮੀ ਪੰਛੀਆਂ ਦੀ ਚਹਿਕ ਨਾਲ ਗੂੰਜ ਰਹੀ ਸੀ। ਬਚਿਆਂ ਨੇ ਚੰਡੋਲ, ਚਕੀ-ਰਾਹ ਅਤੇ ਓਰੀਓਲ ਦੇ ਪਿੰਜਰੇ ਖੋਹਲ ਦਿਤੇ ਅਤੇ ਸਹੇ ਨੂੰ ਖੁਲ੍ਹਾ ਛਡ ਦਿਤਾ ਗਿਆ। ਅਸਾਂ ਆਪਣੇ ਚੰਡੋਲ ਨੂੰ ਤਾਨਾਂ ਉਡਾਉਂਦੇ ਹੋਏ ਅਸਮਾਨ ਵਲ ਜਾਂਦੇ ਅਤੇ ਫਿਰ ਧਰਤੀ ਵਲ ਆਉਂਦੇ ਵੇਖਿਆ।... ਅਸੀਂ ਸੁੰਦਰਤਾ ਦੇ ਕੀਲੇ ਖੜੇ ਰਹੇ ਅਤੇ ਸਾਨੂੰ ਖ਼ੁਸ਼ੀ ਸੀ ਕਿ ਅਸਾਂ ਇੰਨੇ ਜਿਉਂਦੇ ਜੀਵਾਂ ਨੂੰ ਬਚਾਇਆ।

ਮੈਂ ਉਹਨਾਂ ਛਿਣਾਂ ਵਿਚ ਭਵਿਖ ਨੂੰ ਚਿਤਵਿਆ: ਹਰ ਸਾਲ ਅਸੀਂ ਚੰਡੋਲ ਦਾ ਜਸ਼ਨੀ ਦਿਹਾੜਾ ਮਨਾਉਣ ਲਈ ਟਿਬੇ ਦੀ ਚੋਟੀ ਉਤੇ ਆਇਆ ਕਰਾਂਗੇ।

ਚੰਡੋਲ ਦਾ ਜਸ਼ਨੀ ਦਿਹਾੜਾ ਹੁਨਾਲ ਅਤੇ ਬਸੰਤ ਵਿਚਕਾਰ ਹਦ ਬਣ ਗਿਆ। ਬਚੇ ਪੰਛੀਆਂ ਦੀਆਂ ਜਾਨਾਂ ਬਚਾਉਣ ਨੂੰ ਮਾਣ ਦੀ ਗਲ ਸਮਝਦੇ ਸਨ। ਹਰ ਬਚੇ ਦੇ ਘਰ ਵਿਚ "ਜੀਵਨ ਅਤੇ ਸੁਹਪਣ ਦੀ ਨੁਕਰ" ਹੋਂਦ ਵਿਚ ਆ ਗਈ। ਧੁਪ-ਰੁਸ਼ਨਾਈਆਂ ਜੂਹਾਂ ਉਤੇ ਗੂੰਜਦੀਆਂ ਦੁਹਰਾਈਆਂ ਨਾ ਜਾ ਸਕਣ ਵਾਲੀਆਂ ਤਾਨਾਂ ਉਡਾਉਂਦੇ ਚੰਡੋਲ ਦਾ ਬਿੰਬ ਬਚਿਆਂ ਦੇ ਅੰਦਰਲੇ ਜੀਵਨ ਦਾ ਅੰਸ਼ ਬਣ ਗਿਆ। ਬਚੇ ਇਕ ਹੋਰ ਕਾਰਨ ਕਰਕੇ ਵੀ ਇਸ ਜਸ਼ਨ ਦੀ ਉਡੀਕ ਕਰਦੇ, ਕਿਉਂਕਿ ਇਹ ਦਿਨ ਕਲਾਤਮਕ ਰਚਨਾਤਮਕਤਾ ਦੀ ਉਤੇਜਨਾ ਨਾਲ ਭਰਪੂਰ ਸਨ: ਉਹਨਾਂ ਦੀਆਂ

ਮਾਵਾਂ ਚਿਟੇ ਆਟੇ * ਦੇ ਚੰਡੋਲਾਂ, ਅਬਾਬੀਲਾਂ, ਤਿਲੀਅਰਾਂ, ਬੁਲਫ਼ਿੰਚਾਂ ਗ਼ੁਟਾਰਾਂ, ਬੁਲਬੁਲਾਂ ਅਤੇ ਟਿਟਮਾਊਸਾਂ ਦੀਆਂ ਸ਼ਕਲਾਂ ਦੇ ਬਿਸਕੁਟ ਬਣਾਉਣ ਵਿਚ ਉਹਨਾਂ ਦੀ ਸਹਾਇਤਾ ਕਰਦੀਆਂ। ਉਹ ਆਪਣੀਆਂ ਉਪਜਾਂ ਆਪਣੇ ਨਾਲ ਸਕੂਲੇ ਲਿਆਉਂਦੇ। ਬਚੇ ਪ੍ਰਕਿਰਤੀ ਲਈ ਆਪਣਾ ਪਿਆਰ ਆਪਣੀਆਂ ਕਿਰਤਾਂ ਵਿਚ ਪਾਉਂਦੇ। ਹਰ ਬਚਾ ਆਪਣੇ ਸੁਹਪਣ ਦੇ ਵਿਚਾਰ ਨੂੰ ਆਪਣੇ ਢੰਗ ਨਾਲ ਪੇਸ਼ ਕਰਦਾ।

ਪਤ-ਝੜ ਦੀ ਰੁਤੇ ਬਚਿਆਂ ਨੇ ਅਫ਼ਸੋਸ ਨਾਲ ਮੌਸਮੀ ਪੰਛੀਆਂ ਨੂੰ ਵਿਦਿਆ ਕੀਤਾ। ਇਹ ਅਫ਼ਸੋਸ ਮਨੁਖੀ ਦਿਲਾਂ ਨੂੰ ਉਚਿਆਉਂਦਾ ਹੈ: ਇਸ ਤੋ ਬਿਨਾਂ ਕੋਈ ਸਦਭਾਵਨਾ ਨਹੀਂ ਹੋ ਸਕਦੀ।

## ਅਸਾਂ ਪੜ੍ਹਨਾ ਅਤੇ ਲਿਖਣਾ ਕਿਵੇਂ ਸਿਖਿਆ

ਮੈਂ ਇਥੇ ਦਸਾਂਗਾ ਕਿ ਬਚਿਆਂ ਨੇ ਪੜ੍ਹਨਾ ਅਤੇ ਲਿਖਣਾ ਕਿਵੇਂ ਸਿਖਿਆ। ਕਿਰਪਾ ਕਰਕੇ ਇਹ ਨਾ ਸਮਝਣਾ ਕਿ ਮੈਂ ਜੋ ਕੁਝ ਦਸਣ ਲਗਾ ਹਾਂ ਉਹ ਪੜ੍ਹਨਾ ਅਤੇ ਲਿਖਣਾ ਸਿਖਾਉਣ ਦਾ ਕੋਈ ਨਵਾਂ ਢੰਗ ਹੈ। ਮੈਂ ਆਪਣੀ ਰਚਨਾਤਮਕਤਾ ਦੇ ਵਿਗਿਆਨਕ ਆਧਾਰ ਸੰਬੰਧੀ ਉਕਾ ਹੀ ਨਾ ਸੋਚਿਆ, ਪਰ ਇਹ ਐਨ ਬਚਿਆਂ ਦੀ ਰਚਨਾਤਮਕਤਾ ਹੀ ਹੈ ਜਿਹੜੀ ਵਿਦਿਅਕ ਕੰਮ ਅਤੇ ਪੜ੍ਹਾਈ ਨੂੰ ਸੌਖਾ ਬਣਾਉਂਦੀ ਹੈ, ਜਿਹੜਾ ਉਸ ਤੋ ਬਹੁਤ ਦੂਰ ਦੀ ਗਲ ਹੈ, ਜਿਹੜਾ ਪੜ੍ਹਨਾ ਅਤੇ ਲਿਖਣਾ ਸਿਖਾਉਣ ਦੇ ਪਰਖੇ ਅਤੇ ਸਚੇ ਢੰਗਾਂ ਦੀ ਥਾਂ ਲੈ ਸਕਦੇ ਹਨ। ਇਹ ਰਚਨਾਤਮਕਤਾ ਖੇਤਾਂ ਅਤੇ ਜੂਹਾਂ ਵਿਚ ਪੈਦਾ ਹੋਈ ਸੀ, ਬਲੂਤ ਦੀ ਝੰਗੀ ਦੀ ਛਾਵੇਂ, ਹੁਨਾਲ ਸਮੇਂ ਸੂਰਜ ਉਗਣ ਵਿਚ ਅਤੇ ਸਿਆਲ ਦੇ ਧੁੰਦਲਕਿਆਂ ਵਿਚ।

ਮੈਂ ਕਈ ਵਰ੍ਹਿਆਂ ਤੋ ਇਸ ਸੰਬੰਧੀ ਸੋਚ ਰਿਹਾ ਸਾਂ ਕਿ ਸਕੂਲ ਵਿਚ ਉਹਦੇ ਜੀਵਨ ਦੇ ਮੁਢਲੇ ਵਰ੍ਹਿਆਂ ਵਿਚ ਪੜ੍ਹਨਾ ਅਤੇ ਲਿਖਣਾ ਬਚੇ ਲਈ ਕਿੰਨਾ ਔਖਾ, ਥਕਾਉਣਾ ਅਤੇ ਬੇਸੁਆਦਾ ਬਣ ਜਾਂਦਾ ਹੈ। ਪੜ੍ਹਾਈ ਦੇ ਕੇਵਲ ਕਿਤਾਬੀ ਮਾਮਲਾ ਬਣੇ ਬਿਨਾਂ ਬਚਿਆਂ ਨੂੰ ਗਿਆਨ ਦੇ ਕੰਡਿਆਲੇ ਰਾਹ ਉਤੇ ਕਿਵੇਂ ਪਾਇਆ ਜਾ ਸਕਦਾ ਹੈ? ਮੈਂ ਵੇਖਿਆ ਹੈ ਕਿਵੇਂ ਬਚੇ ਵਖ ਵਖ ਅਖਰਾਂ ਵਿਚਕਾਰ ਫ਼ਰਕ ਕਰਨ ਦਾ ਜਤਨ ਕਰਦੇ, ਕਿਵੇਂ ਇਹ ਅਖਰ ਉਹਨਾਂ ਦੀਆਂ ਅਖਾਂ ਸਾਹਮਣੇ ਨਚਦੇ, ਇਕ ਅਜਿਹੀ ਬਣਤਰ ਵਿਚ ਜੁੜ ਜਾਂਦੇ, ਜਿਸਨੂੰ ਉਹ ਸਮਝ ਨਾ ਸਕਦੇ। ਇਹਦੇ ਨਾਲ ਹੀ ਨਾਲ ਮੈਂ ਇਹ ਵੇਖਿਆ ਕਿ ਜਦੋਂ ਇਹ ਕੰਮ ਕਿਸੇ ਰੋਚਕ ਢੰਗ ਗਲ, ਵਿਸ਼ੇਸ਼

---

* ਸੋਵੀਅਤ ਯੂਨੀਅਨ ਵਿਚ ਆਟਾ ਆਮ ਤੌਰ ਉਤੇ ਕਣਕ ਅਤੇ ਰਾਈ ਤੋ ਬਣਾਇਆ ਜਾਂਦਾ ਹੈ। ਕਣਕ ਦਾ ਆਟਾ ਚਿਟਾ ਅਤੇ ਰਾਈ ਦਾ ਕਾਲਾ ਹੁੰਦਾ ਹੈ। — **ਅਨੁ:**

ਤੌਰ ਉਤੇ ਖੇਡਾਂ ਨਾਲ ਸੰਬੰਧਤ ਨਾਲ ਰੁਸ਼ਨਾਇਆ ਹੁੰਦਾ ਅਤੇ ਵਿਸ਼ੇਸ਼ ਤੌਰ ਉਤੇ ਮਹਤਵ-ਪੂਰਨ, ਜਦੋਂ ਕੋਈ ਬਚੇ ਤੋਂ ਕੁਝ ਮੰਗ ਨਾ ਕਰਦਾ—"ਇਹ ਜਾਂ ਉਹ ਗਲ ਚੇਤੇ ਰਖ! ਜੇ ਤੂੰ ਇਹ ਭੁਲ ਗਿਆ ਤਾਂ ਤੇਰੇ ਲਈ ਚੰਗਾ ਉਕਾ ਹੀ ਨਹੀਂ ਹੋਣ ਲਗਾ," ਤਾਂ ਬਚੇ ਅਖਰ ਕਿੰਨੇ ਸੌਖ ਨਾਲ ਚੇਤੇ ਕਰ ਲੈਂਦੇ ਹਨ ਅਤੇ ਉਹਨਾਂ ਤੋਂ ਸ਼ਬਦ ਬਣਾ ਲੈਂਦੇ ਹਨ।

ਸਕੂਲ ਦੇ ਜੀਵਨ ਦੇ ਪਹਿਲੇ ਦਿਨਾਂ ਤੋਂ ਹੀ ਨੰਬਰ ਪੜ੍ਹਾਈ ਦੇ ਉਸ ਕੰਡਿਆਲੇ ਰਾਹ ਉਤੇ ਪ੍ਰਗਟ ਹੁੰਦੇ ਹਨ ਜਿਸ ਉਤੇ ਬਚਾ ਚਲ ਰਿਹਾ ਹੁੰਦਾ ਹੈ*। ਇਕ ਬਚੇ ਲਈ ਇਹ ਆਦਰਸ਼ ਦਿਆਲ ਅਤੇ ਮਿਹਰਬਾਨ ਹੁੰਦਾ ਹੈ, ਜਿਥੇ ਕਿ ਦੂਜੇ ਲਈ ਇਹ ਨਿਰਦਈ, ਬੇਤਰਸ ਅਤੇ ਅਤਿ-ਅੰਤ ਕਰੜਾ ਹੁੰਦਾ ਹੈ। ਅਜਿਹਾ ਕਿਉਂ ਹੁੰਦਾ ਹੈ? ਇਹ ਆਦਰਸ਼ ਇਕ ਲਈ ਮਿਹਰਬਾਨ ਅਤੇ ਦੂਜੇ ਲਈ ਬੇਤਰਸ ਕਿਉਂ ਹੁੰਦਾ ਹੈ, ਇਕ ਅਜਿਹੀ ਗਲ ਹੈ ਜਿਸਨੂੰ ਬਚੇ ਸਮਝ ਨਹੀਂ ਸਕਦੇ। ਸਤਾਂ ਵਰ੍ਹਿਆਂ ਦਾ ਬਚਾ ਇਹ ਨਹੀਂ ਸਮਝ ਸਕਦਾ ਕਿ ਨੰਬਰ ਮਿਹਨਤ ਉਤੇ, ਸਰਵਉਤਮ ਜਤਨ ਕਰਨ ਉਤੇ ਨਿਰਭਰ ਹਨ; ਇਹ ਸਭ ਕੁਝ ਹਾਲ ਦੀ ਘੜੀ ਉਹਨੂੰ ਸਮਝ ਨਹੀਂ ਆਉਂਦਾ। ਉਹ ਇਸ ਆਦਰਸ਼ ਨੂੰ ਖ਼ੁਸ਼ ਕਰਨ ਜਾਂ, ਵਧ ਤੋਂ ਵਧ ਮਾੜੀ ਗਲ, ਇਹਦੇ ਅਗੇ ਝੂਠ ਬੋਲਣ ਦਾ ਜਤਨ ਕਰਦਾ ਹੈ, ਹੌਲੀ ਹੌਲੀ ਉਹ ਨਿਜੀ ਸੰਤੋਖ ਲਈ ਨਹੀਂ ਸਗੋਂ ਨੰਬਰਾਂ ਲਈ ਪੜ੍ਹਣ ਦਾ ਆਦੀ ਹੋ ਜਾਂਦਾ ਹੈ। ਮੇਰਾ ਇਹ ਵਿਚਾਰ ਉਕਾ ਹੀ ਨਹੀਂ ਕਿ ਨੰਬਰਾਂ ਨੂੰ ਸਕੂਲ ਦੇ ਜੀਵਨ ਵਿਚੋਂ ਕਢ ਦਿਤਾ ਜਾਵੇ। ਨਹੀਂ, ਨੰਬਰਾਂ ਤੋਂ ਛੁਟਕਾਰਾ ਨਹੀਂ ਪਾਇਆ ਜਾ ਸਕਦਾ। ਪਰ ਬਚਿਆਂ ਨੂੰ ਨੰਬਰ ਉਹਨਾਂ ਦੇ ਇਹ ਸਮਝ ਲੈਣ ਪਿਛੋਂ ਹੀ ਦੇਣੇ ਚਾਹੀਦੇ ਹਨ ਕਿ ਉਹਨਾਂ ਦੀ ਬੌਧਕ ਕਿਰਤ ਦੀ ਪਧਰ ਸ਼ਕਤੀ ਦੀ ਉਸ ਮਾਤਰਾ ਉਤੇ ਨਿਰਭਰ ਹੈ ਜਿਹੜੀ ਉਹ ਆਪਣੀ ਪੜ੍ਹਾਈ ਉਤੇ ਲਾਉਂਦੇ ਹਨ।

ਮੇਰੇ ਖ਼ਿਆਲ ਅਨੁਸਾਰ ਮੁਢਲੇ ਸਕੂਲ ਵਿਚ ਨੰਬਰਾਂ ਤੋਂ ਜਿਹੜੀ ਪਹਿਲੀ ਗਲ ਦੀ ਮੰਗ ਕੀਤੀ ਜਾਂਦੀ ਹੈ ਉਹ ਉਹਨਾਂ ਦਾ ਆਸ਼ਾਵਾਦੀ, ਖ਼ੁਸ਼ ਮੁਢ ਹੈ। ਨੰਬਰ ਮਿਹਨਤ ਲਈ ਇਨਾਮ ਹੋਣਾ ਚਾਹੀਦਾ ਹੈ ਅਤੇ ਆਲਸ ਜਾਂ ਅਣਗਹਿਲੀ ਲਈ ਸਜ਼ਾ ਨਹੀਂ ਹੋਣੀ ਚਾਹੀਦੀ। ਜੇ ਅਧਿਆਪਕ ਘਟ ਨੰਬਰਾਂ ਨੂੰ ਇਕ ਚਾਬਕ ਵਜੋਂ ਵੇਖਦਾ ਹੈ ਜਿਹੜਾ ਆਲਸੀ ਘੋੜੇ ਲਈ ਵਰਤੀ ਜਾ ਸਕਦੀ ਹੈ ਅਤੇ ਉਚੇ ਨੰਬਰਾਂ ਨੂੰ ਇਕ ਚੀਜੋ, ਤਾਂ ਬਚੇ ਛੇਤੀ ਹੀ ਚਾਬਕ ਅਤੇ ਚੀਜੋ ਦੁਹਾਂ ਨੂੰ ਘਿਰਣਾ ਕਰਨ ਲਗ ਪੈਣਗੇ। ਨੀਵੇਂ ਨੰਬਰ ਇਕ ਬੜਾ ਤਿਖਾ, ਚੰਗਾ ਸੰਦ ਹੈ, ਜਿਸਨੂੰ ਮੁਢਲੀਆਂ

---

*ਸੋਵੀਅਤ ਸਕੂਲਾਂ ਵਿਚ ਕੇਵਲ ਅਠਵੀਂ ਅਤੇ ਦਸਵੀਂ ਦੇ ਇਮਤਿਹਾਨ ਹੁੰਦੇ ਹਨ। ਬਾਕੀ ਸ਼੍ਰੇਣੀਆਂ ਵਿਚ ਸ਼੍ਰੇਣੀ ਵਿਚ ਕੀਤੇ ਕੰਮ ਲਈ ਸਮੇਂ ਸਮੇਂ ਮਿਲੇ ਨੰਬਰਾਂ ਅਨੁਸਾਰ ਬਚੇ ਅਗਲੀ ਸ਼੍ਰੇਣੀ ਵਿਚ ਭੇਜ ਦਿਤੇ ਜਾਂਦੇ ਹਨ।—**ਅਨੁ:**

ਸ਼੍ਰੇਣੀਆਂ ਦਾ ਸਿਆਣਾ, ਅਨੁਭਵੀ ਅਧਿਆਪਕ ਰਾਖਵਾਂ ਰਖਦਾ ਹੈ ਅਤੇ ਕਦੀ ਨਹੀਂ ਵਰਤਦਾ। ਜੇ ਤੁਸੀਂ ਜਾਣਨਾ ਚਾਹੁੰਦੇ ਹੋ, ਮੁਢਲੀਆਂ ਸ਼੍ਰੇਣੀਆਂ ਵਿਚ ਇਸ ਹਥਿਆਰ ਦੀ ਹੋਂਦ ਹੋਣੀ ਚਾਹੀਦੀ ਹੈ, ਐਨ ਇਸ ਲਈ ਕਿ ਇਹਦੀ ਵਰਤੋਂ ਕਦੀ ਨਹੀਂ ਕੀਤੀ ਜਾਂਦੀ। ਵਿਦਿਅਕ ਸਿਆਣਪ ਇਹ ਨਿਸ਼ਚਿਤ ਬਣਾਉਣ ਵਿਚ ਹੈ ਕਿ ਬਚਾ ਆਪਣੇ ਬਲ ਵਿਚ ਨਿਸ਼ਚਾ ਕਦੀ ਨਾ ਗੁਆਏ, ਕਦੀ ਇਹ ਅਨੁਭਵ ਨਾ ਕਰੇ ਕਿ ਉਹ ਉਨਤੀ ਨਹੀਂ ਕਰ ਰਿਹਾ। ਕਰਨ ਲਈ ਦਿਤਾ ਹਰ ਕੰਮ ਵਿਦਿਆਰਥੀ ਲਈ ਅਗੇ ਵਲ ਕਦਮ ਹੋਣਾ ਚਾਹੀਦਾ ਹੈ, ਭਾਵੇਂ ਇਹ ਕਦਮ ਨਿਕਾ ਜਿਹਾ ਕਿਉਂ ਨਾ ਹੋਵੇ। ਸਤਾਂ ਵਰ੍ਹਿਆਂ ਦੇ ਬਚੇ ਨੂੰ, ਜਿਹੜਾ ਅਜੇ ਸਕੂਲ ਵਿਚ ਦਾਖਲ ਹੋਇਆ ਹੀ ਹੈ ਅਤੇ ਜਿਸਨੇ ਅਜੇ "ੳ" ਅਤੇ "ਅ" ਵਿਚ ਫ਼ਰਕ ਕਰਨਾ ਮਸਾਂ ਹੀ ਸਿਖਿਆ ਹੈ, ਫ਼ੇਲ੍ਹ ਹੋਣ ਵਾਲੇ ਨੰਬਰ ਮਿਲ ਜਾਂਦੇ ਹਨ। ਉਹਨੂੰ ਇਸ ਗਲ ਦੀ ਸਮਝ ਨਹੀਂ ਕਿ ਇਸ ਸਭ ਕੁਝ ਦਾ ਅਰਥ ਕੀ ਹੈ ਅਤੇ ਪਹਿਲਾਂ ਪਹਿਲ ਉਹ ਦੁਖ ਜਾਂ ਚਿੰਤਾ ਅਨੁਭਵ ਵੀ ਨਹੀਂ ਕਰਦਾ। ਉਹ ਬਸ ਸ਼ਸ਼ਿਦਰ ਰਹਿ ਜਾਂਦਾ ਹੈ। "ਬਚੇ ਦੇ ਅਗਿਆਨ ਦਾ ਸਤਿਕਾਰ ਕਰੋ।" ਮੈਂ ਇਸ ਪੋਲਿਸਤਾਨੀ ਸਿਖਿਅਕ ਕੋਰਸਜ਼ਾਕ ਦੇ ਇਹ ਸ਼ਬਦ ਸਾਰੀ ਉਮਰ ਚੇਤੇ ਰਖੇ ਹਨ। ਕੇਵਲ ਉਸ ਸਮੇਂ ਜਦੋਂ ਅਧਿਆਪਕ ਨੇ ਵਿਅਕਤੀ ਨੂੰ ਸਮਝਣ ਦੀਆਂ ਸੂਖਮਤਾਵਾਂ ਅਤੇ ਬਚੇ ਦੇ ਅਗਿਆਨ ਦਾ ਸਤਿਕਾਰ ਕਰਨ ਦੀ ਯੋਗਤਾ ਵਿਚ ਨਿਪੁੰਨਤਾ ਪ੍ਰਾਪਤ ਕਰ ਲਈ ਹੋਵੇ, ਫ਼ੇਲ੍ਹ ਕਰਨ ਵਾਲੇ ਨੰਬਰ ਸਭ ਤੋਂ ਤਿਖਾ, ਸ਼ਾਨਦਾਰ ਸੰਦ ਬਣ ਜਾਂਦਾ ਹੈ, ਪਰ ਇਕ ਅਜਿਹਾ ਸੰਦ ਜਿਹੜਾ ਮੁਢਲੇ ਸਕੂਲ ਵਿਚ ਕਦੀ ਨਹੀਂ ਵਰਤਿਆ ਜਾਂਦਾ।

**ਮੁਸ਼ੀ ਦੇ ਸਕੂਲ** ਦੇ ਸ਼ੁਰੂ ਹੋਣ ਤੋਂ ਕਈ ਵਰ੍ਹੇ ਪਹਿਲਾਂ ਇਕ ਰੋਚਕ ਘਟਨਾ ਹੋਈ। ਮੈਂ ੬ ਵਰ੍ਹਿਆਂ ਦੇ, ਸਕੂਲ ਨਾ ਪੜ੍ਹਦੇ ਬਚਿਆਂ ਦੀ ਇਕ ਟੋਲੀ ਨਾਲ ਜੰਗਲ ਦੇ ਕੰਢੇ ਗਿਆ। ਮੈਂ ਉਹਨਾਂ ਨੂੰ ਤਿਤਲੀਆਂ ਅਤੇ ਬੀਂਡਿਆਂ ਸੰਬੰਧੀ ਦਸਣਾ ਸ਼ੁਰੂ ਕੀਤਾ। ਅਸਾਂ ਇਕ ਸਿੰਡੀਆਂ ਵਾਲੇ ਬੀਂਡੇ ਨੂੰ ਘਾਹ ਵਿਚ ਰੀਂਗਦੇ ਵੇਖਿਆ। ਉਹਨੇ ਕਈ ਵਾਰ ਉਡਣ ਦਾ ਜਤਨ ਕੀਤਾ ਪਰ ਧਰਤੀ ਤੋਂ ਉਪਰ ਨਾ ਉਠ ਸਕਿਆ। ਬਚਿਆਂ ਨੇ ਬੜੇ ਧਿਆਨ ਨਾਲ ਬੀਂਡੇ ਦਾ ਅਧਿਅਨ ਕੀਤਾ। ਮੇਰੇ ਕੋਲ ਡਰਾਇੰਗ ਵਾਲੀ ਨਿਕੀ ਕਾਪੀ ਸੀ ਅਤੇ ਮੈਂ ਬੀਂਡੇ ਦੀ ਮੂਰਤ ਵਾਹੀ। ਇਕ ਬਚੇ ਨੇ ਮੈਨੂੰ ਕਿਹਾ ਕਿ ਮੈਂ ਬੀਂਡਾ ਸ਼ਬਦ ਲਿਖਾਂ। ਮੈਂ ਵਡੇ ਵਡੇ ਅਖਰਾਂ ਵਿਚ ਬੀਂਡਾ (ਰੂਸੀ ਵਿਚ жук — ਜ਼ੂਕ) ਲਿਖਿਆ। ਖੋਜੀ ਬਚਿਆਂ ਨੇ ਸ਼ਬਦ ਦੁਹਰਾਉਣਾ ਸ਼ੁਰੂ ਕਰ ਦਿਤਾ ਅਤੇ ਅਖਰਾਂ ਨੂੰ ਵੇਖਣ ਲਗ ਪਏ, ਜਿਹੜੇ ਉਹਨਾਂ ਨੂੰ ਚਿਤਰ ਜਾਪਦੇ ਸਨ। ਕਿਸੇ ਅਖਰ ਰੇਤ ਵਿਚ ਵਾਹੇ ਅਤੇ ਕਿਸੇ ਨੇ ਘਾਹ ਦੀਆਂ ਤਿੜਾਂ ਨਾਲ ਉਹ ਅਖਰ ਬਣਾਏ। ਹਰ ਅਖਰ ਬਚਿਆਂ ਨੂੰ ਕਿਸੇ ਗਲ ਦਾ ਚੇਤਾ ਕਰਾਉਂਦਾ। ਉਦਾਹਰਣ ਵਜੋਂ ਅਖਰ ж (ਜ਼ੂ) ਵਿਚ ਉਹਨਾਂ ਨੂੰ ਉਸ ਪਰ ਫੜਫੜਾਉਂਦੇ ਟਿਡੇ ਦੇ ਉਡਣ ਦੇ ਅਸਫਲ ਜਤਨ ਦਿਸੇ।... ਕੁਝ ਮਹੀਨੇ ਪਿਛੋ ਜਦੋਂ ਉਹਨਾਂ ਸਕੂਲ ਦੀ ਪੜ੍ਹਾਈ ਸ਼ੁਰੂ ਕਰ

ਵੀ ਲਈ ਸੀ, ਮੈਂ ਬਚਿਆਂ ਲਈ ਇਕ ਸਬਕ ਵਿਚ ਗਿਆ। ਅਧਿਆਪਕ ਨੇ ਗਿਲਾ ਕੀਤਾ ਕਿ ਪੜ੍ਹਨਾ ਸਿਖਣ ਵਿਚ ਉਹਨਾਂ ਨੂੰ ਔਖ ਹੋ ਰਹੀ ਹੈ। ਸਬਬ ਨਾਲ ਉਸ ਦਿਨ ਉਹ ਅਖਰ ж ਦਾ ਅਧਿਅਨ ਕਰ ਰਹੇ ਸਨ। ਬਚਿਆਂ ਦੇ ਮੂੰਹ ਮੁਸਕਾਨਾਂ ਨਾਲ ਚਮਕ ਪਏ ਅਤੇ ਸ਼੍ਰੇਣੀ ਦਾ ਕਮਰਾ ਉਤੇਜਨਾ ਨਾਲ ਭਿਣ ਭਿਣ ਕਰਨ ਲਗ ਪਿਆ। ਬਚਿਆਂ ਦੇ ਸ਼ਬਦ "ਬੀਂਡਾ" (жук) ਦੁਹਰਾਇਆ ਅਤੇ ਅਖਰ ж ਪਛਾਣ ਲਿਆ। ਉਹਨਾਂ ਆਪਣੇ ਹਥ ਹਿਲਾਏ ਅਤੇ ਅਧਿਆਪਕ ਇਸ ਗਲ ਉਤੇ ਹੈਰਾਨ ਸੀ ਕਿ ਉਹ "ਬੀਂਡਾ" ਸ਼ਬਦ ਜਾਣਦੇ ਹਨ। ਸਬਕ ਖ਼ੁਸ਼ੀ-ਭਰਿਆ ਅਤੇ ਟਹਿਕਦਾ ਸੀ।... ਅਤੇ ਸਿਖਿਅਕ ਵਜੋਂ ਮੇਰੇ ਲਈ ਇਹ ਇਕ ਸਬਕ ਸੀ ਜਿਹੜਾ ਜੀਵਨ ਨੇ ਅਧਿਆਪਕ ਨੂੰ ਸਿਖਾਇਆ ਸੀ।

ਅਤੇ ਹੁਣ **ਖ਼ੁਸ਼ੀ ਦੇ ਸਕੂਲ** ਵਿਚ ਮੈਂ ਇਹ ਗਲ ਚੇਤੇ ਰਖੀ। ਇਹ ਲਾਜ਼ਮੀ ਹੈ ਕਿ ਬਚੇ ਸੁਹਪਣ, ਖੇਡਾਂ, ਪਰੀ-ਕਹਾਣੀਆਂ, ਚਿਤਰ ਵਾਹੁਣ, ਖ਼ਿਆਲ-ਉਡਾਰੀ ਅਤੇ ਰਚਨਾਤਮਕਤਾ ਦੇ ਵਾਯੂ-ਮੰਡਲ ਵਿਚ ਜੀਵਨ ਬਿਤਾਉਣ। ਜਦੋਂ ਅਸੀਂ ਉਹਨੂੰ ਪੜ੍ਹਨਾ ਅਤੇ ਲਿਖਣਾ ਸਿਖਾਉਣਾ ਚਾਹੁੰਦੇ ਹਾਂ ਤਾਂ ਵੀ ਇਹ ਲਾਜ਼ਮੀ ਹੈ ਕਿ ਇਹ ਸੰਸਾਰ ਉਹਨੂੰ ਆਪਣੇ ਘੇਰੇ ਵਿਚ ਲਈ ਰਖੇ। ਗਿਆਨ ਅਤੇ ਸਿਖਣ ਵਲ ਉਹਦਾ ਕੁਲ ਵਤੀਰਾ ਉਹਨਾਂ ਪਹਿਲੇ ਕੁਝ ਪੌੜਾਂ ਉਤੇ ਨਿਰਭਰ ਹੋਵੇਗਾ ਜਿਹੜੇ ਉਹ ਇਸ ਪੌੜੀ ਉਤੇ ਚੜ੍ਹਦਾ ਹੈ। ਇਹ ਸੋਚਣਾ ਭਿਆਨਕ ਹੈ ਕਿ ਇਹ ਪੌੜ ਕਦੀ ਬਚਿਆਂ ਲਈ ਠੋਕਰ ਲਗਣ ਵਾਲੇ ਪਥਰ ਬਣ ਜਾਂਦੇ ਹਨ। ਜੇ ਤੁਸੀਂ ਸਕੂਲ ਦੇ ਜੀਵਨ ਨੂੰ ਲਓ ਤਾਂ ਤੁਸੀਂ ਵੇਖੋਗੇ ਕਿ ਐਨ ਜਦੋਂ ਉਹ ਪੜ੍ਹਨਾ ਅਤੇ ਲਿਖਣਾ ਸਿਖ ਰਹੇ ਹੁੰਦੇ ਹਨ, ਅਨੇਕ ਬਚਿਆਂ ਦਾ ਆਪਣੀਆਂ ਯੋਗਤਾਵਾਂ ਵਿਚ ਭਰੋਸਾ ਜਾਂਦਾ ਰਹਿੰਦਾ ਹੈ। ਸਾਨੂੰ ਇਹ ਪੌੜ ਅਜਿਹੇ ਬਣਾਉਣੇ ਚਾਹੀਦੇ ਹਨ ਕਿ ਬਚੇ ਥਕੇਵਾਂ ਅਨੁਭਵ ਨਾ ਕਰਨ, ਭਾ"ਜੁ ਗਿਆਨ ਵਲ ਹਰ ਪੌੜ ਪੰਛੀ ਦੀ ਮਾਣ-ਮਤੀ ਉਡਾਰੀ ਹੋਵੇ ਅਤੇ ਉਸ ਬਹੁਤ ਵਡੇ ਭਾਰ ਕਾਰਨ ਜਿਹੜਾ ਉਹਨੇ ਚੁੱਕਿਆ ਹੋਇਆ ਕਿਸੇ ਥਕੇ ਮੁਸਾਫ਼ਰ ਦਾ ਨਿਸਤਾ ਪੈਰ ਘਸੀਟਣਾ ਨਹੀਂ।

ਮੈਂ ਬਚਿਆਂ ਨੂੰ ਸ਼ਬਦਾਂ ਦੇ ਸੋਮਿਆਂ ਤਕ ਸਫ਼ਰਾਂ ਉਤੇ ਲਿਜਾਣ ਲਗ ਪਿਆ: ਮੈਂ ਸੰਸਾਰ ਦੇ ਸੁਹਪਣ ਵਲ ਬਚਿਆਂ ਦੀਆਂ ਅਖਾਂ ਖੋਹਲੀਆਂ ਅਤੇ ਇਹਦੇ ਨਾਲ ਹੀ ਨਾਲ ਉਹਨਾਂ ਦੇ ਦਿਲਾਂ ਨੂੰ ਸ਼ਬਦਾਂ ਦਾ ਸੰਗੀਤ ਵਿਖਾਉਣ ਦਾ ਜਤਨ ਕੀਤਾ। ਮੈਂ ਅਜਿਹਾ ਕਰਨ ਦਾ ਜਤਨ ਕੀਤਾ ਕਿ ਬਚਿਆਂ ਲਈ ਸ਼ਬਦ ਕੇਵਲ, ਥਾਵਾਂ, ਸ਼ੈਆਂ ਜਾਂ ਵਰਤਾਰਿਆਂ ਦੇ ਨਾਂ ਹੀ ਨਾ ਰਹਿਣ ਸਗੋਂ ਉਹਨਾਂ ਨਾਲ ਆਪਣੀ ਭਾਵੁਕ ਰੰਗਣ ਹੋਵੇ—ਉਹਨਾਂ ਦੇ ਆਪਣੀ ਖ਼ਸ਼ਬੋ, ਆਪਣੇ ਗੁਝੇ ਅਰਥਾਂਤਰ ਹੋਣ। ਇਹ ਗਲ ਮਹਤਵ-ਪੂਰਨ ਸੀ ਕਿ ਬਚੇ ਸ਼ਬਦ ਨੂੰ ਉਸੇ ਤਰ੍ਹਾਂ ਸੁਣਨ ਜਿਵੇਂ ਕਿਸੇ ਅਦਭੁਤ ਲੈ ਨੂੰ ਤਾਂ ਜੁ ਸ਼ਬਦ ਦਾ ਸੁਹਪਣ ਅਤੇ ਸੰਸਾਰ ਦੇ ਉਸ ਭਾਗ ਦਾ ਸੁਹਪਣ ਜਿਸ ਵਲ ਸ਼ਬਦ ਸੰਕੇਤ ਕਰਦਾ ਸੀ, ਉਹਨਾਂ ਚਿਤਰਾਂ—ਵਰਣਮਾਲਾ ਦੇ ਅਖਰਾਂ—ਵਿਚ,

ਜਿਹੜੇ ਮਨੁਖੀ ਬੋਲੀ ਦੇ ਸੰਗੀਤ ਨੂੰ ਪੇਸ਼ ਕਰਦੇ ਹਨ, ਰੋਚਕਤਾ ਜਗਾਵੇ। ਜਿੰਨਾ ਚਿਰ ਬਚਾ ਸ਼ਬਦਾਂ ਦੀ ਖ਼ਸ਼ਬੋ ਅਨੁਭਵ ਨਹੀਂ ਕਰਦਾ, ਉਹਨਾਂ ਦੇ ਗੁਝੇ ਅਰਥਾਂਤਰ ਨਹੀਂ ਵੇਖਦਾ, ਉਹ ਪੜ੍ਹਨਾ ਅਤੇ ਲਿਖਣਾ ਸਿਖਣ ਲਈ ਤਿਆਰ ਨਹੀਂ। ਅਤੇ ਜੇ ਅਧਿਆਪਕ ਜਾਂ ਅਧਿਆਪਕਾ ਇਹ ਗਲ ਬਹੁਤ ਪਹਿਲਾਂ ਸ਼ੁਰੂ ਕਰ ਦੇਂਦੇ ਹਨ ਤਾਂ ਉਹ ਬਚਿਆਂ ਨੂੰ ਬਹੁਤ ਔਖੇ ਕਾਰਜ ਦੇ ਵਸ ਪਾ ਦੇਂਦੇ ਹਨ (ਅਖ਼ੀਰ ਬਚਾ ਇਸ ਔਖ ਉਤੇ ਕਾਬੂ ਪਾ ਲਵੇਗਾ ਪਰ ਕਿੰਨਾ ਵਡਾ ਮੁਲ ਤਾਰਕੇ!)।

ਜੇ ਇਹ ਬਚਿਆਂ ਲਈ ਜੀਵਨ ਦਾ ਨਿਰਮਲ, ਉਤੇਜਕ ਹਿਸਾ ਹੋਵੇ, ਜਿਉਂਦੇ ਬਿੰਬਾਂ, ਆਵਾਜ਼ਾਂ ਅਤੇ ਧੁਨਾਂ ਨੂੰ ਭਰਨਾ ਹੋਵੇ, ਪੜ੍ਹਨਾ ਅਤੇ ਲਿਖਣਾ ਸਿਖਣ ਦਾ ਅਮਲ ਸੌਖਾ ਹੋਵੇਗਾ। ਜਿਹੜੀ ਗਲ ਬਚੇ ਲਈ ਯਾਦ ਰਖਣੀ ਲਾਜ਼ਮੀ ਹੈ ਉਹ ਜ਼ਰੂਰ ਹੀ ਰੋਚਕ ਹੋਣੀ ਚਾਹੀਦੀ ਹੈ। ਪੜ੍ਹਨਾ ਅਤੇ ਲਿਖਣਾ ਸਿਖਣ ਦੇ ਕੰਮ ਦਾ ਮੂਰਤਾਂ ਵਾਹੁਣ ਦੇ ਕੰਮ ਨਾਲ ਜੁੜਿਆ ਹੋਣਾ ਲਾਜ਼ਮੀ ਹੈ।

ਸ਼ਬਦ ਦੇ ਸੋਮਿਆਂ ਵਲ ਇਕ "ਸਫ਼ਰ" ਵਿਚ ਅਸੀਂ ਕਾਗ਼ਜ਼ ਅਤੇ ਪੈਨਸਲ ਲੈਕੇ ਚਲੇ। ਇਹ ਸਾਡੇ ਪਹਿਲੇ ਸਫ਼ਰਾਂ ਵਿਚੋਂ ਇਕ ਹੈ। ਮੈਂ ਬਚਿਆਂ ਨੂੰ ਸ਼ਬਦ "**ਜੂਹ**" ਦਾ ਸੁਹਪਣ ਅਤੇ ਗੁਝੇ ਅਰਥਾਂਤਰ ਵਿਖਾਉਣਾ ਚਾਹੁੰਦਾ ਸਾਂ। ਅਸੀਂ ਇਕ ਛਪੜ ਉਤੇ ਝੁਕੇ ਕਹੂ ਦੇ ਇਕ ਰੁਖ ਹੇਠਾਂ ਬੈਠੇ ਸਾਂ। ਦੂਰ ਧੁਪ-ਗੁਸ਼ਾਈ ਇਕ ਜੂਹ ਸੀ। ਮੈਂ ਬਚਿਆਂ ਨੂੰ ਕਿਹਾ: "ਆਪਣੇ ਸਾਹਮਣੇ ਸੁਹਪਣ ਨੂੰ ਵੇਖੋ। ਘਾਹ ਦੇ ਉਤੇ ਤਿਤਲੀਆਂ ਅਤੇ ਮਖਿਆਰੀਆਂ ਹਨ। ਗਊਆਂ ਦਾ ਇਕ ਵਗ ਇੰਨੀ ਦੂਰ ਹੈ ਕਿ ਉਹ ਖਿਡੌਣਿਆਂ ਜਿਹਾ ਜਾਪਦਾ ਹੈ। ਜੂਹ ਕਿਸੇ ਲਿਸ਼ਕਦੇ ਹਰੇ ਦਰਿਆ ਜਿਹੀ ਜਾਪਦੀ ਹੈ ਅਤੇ ਰੁਖ ਗੂੜ੍ਹੇ ਹਰੇ ਕੰਢੇ ਜਿਹੇ ਜਾਪਦੇ ਹਨ। ਗਊਆਂ ਦਰਿਆ ਵਿਚ ਖੜੀਆਂ ਹਨ। ਵੇਖੋ ਪਤ-ਝੜ ਦੇ ਪਹਿਲੇ ਦਿਨੀਂ ਕਿੰਨੇ ਸੁਹਣੇ ਫੁਲ ਖਿਲਰੇ ਹੋਏ ਹਨ। ਜੂਹ ਦੇ ਸੰਗੀਤ ਨੂੰ ਸੁਣੋ: ਕੀ ਤੁਹਾਨੂੰ ਮਖਿਆਰੀਆਂ ਦੀ ਸੂਖਮ ਭਿਣਭਿਣਾਹਟ, ਟਿਡਿਆਂ ਦਾ ਗੀਤ ਸੁਣਾਈ ਦੇਂਦਾ ਹੈ?"

ਮੈਂ ਆਪਣੀ ਡਰਾਇੰਗ ਵਾਲੀ ਕਾਪੀ ਉਤੇ ਜੂਹ ਦਾ ਚਿਤਰ ਬਣਾਇਆ— ਗਊਆਂ ਅਤੇ ਬਤਖਾਂ ਚਿਟੀ ਰਵਾਲ ਦੇ ਗੋੜ੍ਹਿਆਂ ਜਿਹੀਆਂ, ਮਸਾਂ ਦੀ ਦਿਸਦਾ ਧੂੰ ਅਤੇ ਦੁਮੇਲ ਉਤੇ ਚਿਟੇ ਬਦਲ। ਬਚੇ ਕੂਲੀ ਅਵੇਰ ਦੇ ਹੁਸਨ ਕਾਰਨ ਕੀਲੇ ਗਏ ਅਤੇ ਉਹਨਾਂ ਵੀ ਚਿਤਰ ਵਾਹੁਣੇ ਸ਼ੁਰੂ ਕਰ ਦਿਤੇ। ਮੈਂ ਆਪਣੇ ਚਿਤਰ ਹੇਠਾਂ ਸ਼ਬਦ ਜ਼ਯr ("ਜੂਹ") ਲਿਖਿਆ। ਵਧੇਰੇ ਬਚਿਆਂ ਲਈ ਅਖਰ ਚਿਤਰ ਦਾ ਭਾਗ ਸਨ। ਹਰ ਚਿਤਰ ਉਹਨਾਂ ਨੂੰ ਕਿਸੇ ਗਲ ਦੀ ਯਾਦ ਦਿਵਾਉਂਦਾ ਹੈ। ਪਰ ਕਿਸ ਗਲ ਦੀ? ਘਾਹ ਦੀਆਂ ਤਿੜਾਂ? ਮੈਂ ਤਿੜਾਂ ਨੂੰ ਅਖਰ ਜ਼ ਦੇ ਰੂਪ ਵਿਚ ਮੋੜਿਆ। ਮੈਂ ਦੋ ਤਿੜਾਂ ਲਈਆਂ ਅਖਰ y ਬਣਾਇਆ। ਬਚਿਆਂ ਨੇ ਵੀ ਆਪਣੇ ਚਿਤਰਾਂ ਹੇਠ ਸ਼ਬਦ "ਜੂਹ" ਲਿਖਿਆ। ਫਿਰ ਅਸਾਂ ਇਹ ਸ਼ਬਦ ਪੜ੍ਹਿਆ। ਪ੍ਰਕਿਰਤੀ ਦੇ ਸੰਗੀਤ ਵਲ ਬਚਿਆਂ ਨੂੰ ਸ਼ਬਦ ਦੀ ਧੁਨ ਸੁਣਨ ਵਿਚ ਸਹਾਇਤਾ ਦਿਤੀ। ਮੈਂ ਉਹਨਾਂ ਨੂੰ

ਚੇਤੇ ਕਰਵਾਇਆ ਕਿ ਹਰ ਅਖਰ ਦਾ ਰੂਪ ਕੀ ਹੈ ਅਤੇ ਉਹਨਾਂ ਹਰ ਚਿਤਰ ਵਿਚ ਜਿਉਂਦੀਆਂ ਧੁਨਾਂ ਭਰੀਆਂ, ਇਉਂ ਸ਼ਬਦ ਚੇਤੇ ਰਖਣੇ ਸੌਖੇ ਹੋ ਗਏ। ਜਿਸ ਸ਼ਬਦ ਦਾ ਚਿਤਰ ਵਾਹਿਆ ਜਾਵੇ ਉਹ ਸਮੁਚੇ ਤੌਰ ਉਤੇ ਵੇਖਿਆ ਜਾਂਦਾ ਹੈ; ਸ਼ਬਦ ਪੜ੍ਹਿਆ ਜਾ ਸਕਦਾ ਹੈ ਅਤੇ ਇਹ ਪੜ੍ਹਨਾ ਸ਼ਬਦ ਦੀ ਆਵਾਜ਼ ਦੇ ਵਿਸਥਾਰਪੂਰਵਕ ਵਿਸ਼ਲੇਸ਼ਣ ਅਤੇ ਸੰਸਲੇਸ਼ਣ ਉਤੇ ਆਧਾਰਤ ਨਹੀਂ, ਸਗੋਂ ਉਸ ਗੂੰਜਦੇ ਸੰਗੀਤਕ ਬਿੰਬ ਦਾ ਸਿਟਾ ਹੈ ਜਿਹੜਾ ਜਿਉਂਦੇ ਬਿੰਬ ਦਾ ਅਨੁਸਾਰੀ ਹੈ, ਜਿਹੜਾ ਬਚਿਆਂ ਲਈ ਚਿਤਰ ਤੋਂ ਵਧ ਕੁਝ ਨਹੀਂ। ਨੀਝੀ ਅਤੇ ਸਰੋਤਕ ਸੂਝਾਂ ਦੀ ਅਜਿਹੀ ਏਕਤਾ ਵਿਚ, ਜਿਹੜਾ ਨੀਝੀ ਬਿੰਬ ਅਤੇ ਸ਼ਬਦ ਦੀ ਸੰਗੀਤਕ ਧੁਨੀ ਦੁਹਾਂ ਵਿਚ ਮੌਜੂਦ ਭਰਪੂਰ ਭਾਵੁਕ ਰੰਗਣ ਨਾਲ ਗੜੁਚਿਆ ਹੋਇਆ ਹੈ, ਬਚੇ ਅਖਰਾਂ ਅਤੇ ਨਿਕੇ ਸ਼ਬਦ ਨੂੰ ਇਕੋ ਸਮੇਂ ਚੇਤੇ ਕਰ ਲੈਂਦੇ ਹਨ। ਇਹ ਪੜ੍ਹਨਾ ਸਿਖਾਉਣ ਦੇ ਨਵੇਂ ਢੰਗ ਦੀ ਲਭਤ ਨਹੀਂ। ਇਹ ਉਸ ਗਲ ਦਾ ਅਮਲ ਵਿਚ ਅਨੁਭਵ ਹੈ ਜੋ ਕੁਝ ਵਿਗਿਆਨ ਨੇ ਸਾਬਤ ਕੀਤਾ ਹੈ: ਜਿਹੜੀ ਗਲ ਚੇਤੇ ਰਖਣੀ ਤੁਹਾਡੇ ਲਈ ਲਾਜ਼ਮੀ ਨਹੀਂ, ਉਹ ਚੇਤੇ ਰਖਣੀ ਸੌਖੀ ਹੁੰਦੀ ਹੈ। ਵੇਖੇ ਗਏ ਬਿੰਬਾਂ ਦੀ ਭਾਵੁਕ ਰੰਗਣ ਯਾਦ ਵਿਚ ਇਕ ਅਸਾਧਾਰਨ ਤੌਰ ਉਤੇ ਮਹਤਵ-ਪੂਰਨ ਰੋਲ ਅਦਾ ਕਰਦੀ ਹੈ।

ਸ਼ਬਦ ਦੇ ਨੀਝੀ ਬਿੰਬ, ਧੁਨ ਅਤੇ ਭਾਵੁਕ ਰੰਗਣ ਦੀ ਏਕਤਾ ਕਿਸੇ ਵੀ ਤਰ੍ਹਾਂ ਧੁਨੀਆਂ ਦੇ ਸੁਤੰਤਰ, ਵਖਰੇ ਵਿਸ਼ਲੇਸ਼ਣ ਨੂੰ ਰਦ ਨਹੀਂ ਕਰਦੀ। ਗਲ ਇਹਦੇ ਬਿਲਕੁਲ ਉਲਟ ਹੈ। ਬਚਿਆਂ ਨੇ ਸ਼ਬਦ "**ਜੂਹ**" ਦੀ ਆਵਾਜ਼ ਨੂੰ ਬੜੇ ਧਿਆਨ ਨਾਲ ਸੁਣਿਆ, ਇਹ ਸਮਝਦੇ ਹੋਏ ਕਿ ਸ਼ਬਦ ਵਖ ਵਖ ਧੁਨੀਆਂ ਦਾ ਬਣਿਆ ਹੋਇਆ ਹੈ ਅਤੇ ਹਰ ਧੁਨ ਦਾ ਅਨੁਸਾਰੀ ਇਕ ਅਖਰ ਹੈ, ਉਹਨਾਂ ਹਰ ਧੁਨ ਨੂੰ ਸਮਝ ਲਿਆ।

ਕਈ ਦਿਨ ਪਿਛੋਂ ਅਸੀਂ ਇਕ ਨਵੇਂ "ਸਫ਼ਰ" ਉਤੇ ਗਏ। ਅਸੀਂ ਸੂਰਜ ਦਾ ਸੁਆਗਤ ਕਰਨ ਲਈ ਸਵੇਰੇ ਸਵੇਰੇ ਸਕੂਲ ਦੇ ਬਾਗ਼ ਵਿਚ ਗਏ। ਘਾਹ, ਰੁਖਾਂ ਦੇ ਪਤੇ, ਅੰਗੂਰਾਂ ਦੇ ਗੁਛੇ, ਪੀਲੀਆਂ ਨਾਖਾਂ ਅਤੇ ਕਿਰਮਚੀ ਆਲੂ-ਬੁਖਾਰੇ ਤਰੇਲ ਦੇ ਤੁਪਕਿਆਂ ਨਾਲ ਕਜੇ ਹੋਏ ਸਨ। ਹਰ ਤੁਪਕੇ ਵਿਚ ਧੁਪ ਦੀ ਇਕ ਚਿਣਗ ਚਮਕ ਰਹੀ ਸੀ। ਚਿਣਗਾਂ ਗੁਆਚ ਜਾਂਦੀਆਂ ਅਤੇ ਹੋਰ ਥਾਵਾਂ ਉਤੇ ਪ੍ਰਗਟ ਹੁੰਦੀਆਂ। ਜਿਵੇਂ ਸੂਰਜ ਹਰ ਤੁਪਕਾ ਪੀ ਜਾਂਦਾ ਹੋਵੇ ਅਤੇ ਉਹਨੂੰ ਹੋਰ ਥਾਂ ਰਖ ਦੇਂਦਾ ਹੋਵੇ। ਪਰ ਗਲ ਇਸੇ ਤਰ੍ਹਾਂ ਜਾਪਦੀ ਸੀ। ਤੁਪਕਿਆਂ ਵਿਚ ਚਿਣਗਾਂ ਉਦੋਂ ਪ੍ਰਗਟ ਹੁੰਦੀਆਂ ਜਦੋਂ ਉਹਨਾਂ ਉਤੇ ਧੁਪ ਚਮਕਦੀ। ਪਰ ਤਰੇਲ ਕਿਥੇ ਲੋਪ ਹੋ ਜਾਂਦੀ? ਕੁਝ ਤੁਪਕੇ ਭਾਫ ਬਣ ਜਾਂਦੇ ਅਤੇ ਹੋਰ ਹੌਲੀ ਹੌਲੀ ਘਾਹ ਦੀਆਂ ਤਿੜਾਂ ਤੋਂ ਤਿਲਕ ਜਾਂਦੇ ਹਨ ਅਤੇ ਧਰਤੀ ਉਹਨਾਂ ਨੂੰ ਨਿਗਲ ਲੈਂਦੀ ਹੈ। ਜੇ ਤਰੇਲ ਨਾ ਹੁੰਦੀ ਤਾਂ ਘਾਹ ਅਤੇ ਫੁਲ ਮੁਰਝਾ ਜਾਂਦੇ। ਫਿਰ ਅਸਾਂ ਤਾਰਾ ਫੁਲਾਂ, ਨੈਸਤੁਰਤੀਅਮ, ਸੋਸਨ ਅਤੇ ਗੁਲਾਬ ਦੇ ਫੁਲਾਂ ਉਤੇ ਤਰੇਲ ਦੇ ਲਿਸ਼ਕਦੇ ਤੁਪਕਿਆਂ ਵਲ ਵੇਖਿਆ। ਮੈਂ ਘਾਹ ਦੀ ਇਕ

ਤਿੜ, ਨੈਸਤੁਰਤੀਅਮ ਦਾ ਫੁਲ, ਸੂਰਜ ਅਤੇ ਲਿਸ਼ਕਦੀਆਂ ਚੰਗਿਆੜੀਆਂ ਵਾਲਾ ਤਰੇਲ ਦਾ ਇਕ ਤੁਪਕਾ ਵਾਹਿਆ। ਬਚਿਆਂ ਨੇ ਵੀ ਚਿਤਰ ਬਣਾਏ। ਚਿਤਰਾਂ ਹੇਠਾਂ ਅਸਾਂ "ਤਰੇਲ" ਲਿਖਿਆ। ਅਖਰਾਂ ਨੇ ਬਚਿਆਂ ਨੂੰ ਸੂਰਜ ਅਤੇ ਤਰੇਲ ਦੇ ਤੁਪਕਿਆਂ ਦੀ ਯਾਦ ਦਿਵਾਈ। ਅਸਾਂ ਅਖਰ-ਚਿਤਰ ਪੜ੍ਹੇ। ਹਰ ਬਚੇ ਨੇ ਅਖਰਾਂ ਵਿਚ ਆਪਣੇ ਆਲੇ-ਦੁਆਲੇ ਦੇ ਪ੍ਰਭਾਵ ਦੇਂਦੇ ਹੋਏ ਅਖਰ ਆਪਣੇ ਢੰਗ ਨਾਲ ਵਾਹੇ। ਸੇਰਯੋਜ਼ਾ ਨੇ ਆਪਣੇ ਸਾਥੀਆਂ ਨੂੰ ਕਿਹਾ:

"ਇਹ ਘਾਹ ਦੀ ਤਿੜ ਉਤੇ ਲਟਕਿਆ ਤਰੇਲ ਦਾ ਤੁਪਕਾ ਹੈ।" ਇਉਂ ਉਹਨੇ ਅਖਰ p ਦੀ ਕਲਪਨਾ ਕੀਤੀ। "ਛੇਤੀ ਹੀ ਇਹ ਰਿੜ੍ਹ ਕੇ ਧਰਤੀ ਉਤੇ ਜਾਵੇਗਾ। ਇਹ ਤੁਪਕਾ ਉਡੀਕ ਰਿਹਾ ਹੈ ਪਰ ਇਹ ਸੂਰਜ ਦੀ ਉਡੀਕ ਨਹੀਂ ਕਰੇਗਾ।" ਇਉਂ ਨਿਕੇ ਮੁੰਡੇ ਨੇ ਅਖਰ o ਚਿਤਵਿਆ। "ਅਤੇ ਸੂਰਜ ਦੀ ਚਮਕ ਸਦਾ ਨਿਕੇ ਤੁਪਕੇ ਵਿਚ ਹੁੰਦੀ ਏ"। ਸੇਰਯੋਜ਼ਾ ਨੇ ਆਪਣੀ ਪੈਂਸਲ ਇਕ ਵਾਰ ਫਿਰ ਅਖਰ c ਉਤੇ ਫੇਰੀ।

ਮੈਂ ਕਿਹਾ ਕਿ ਸਾਰੇ ਬਚੇ ਤਰੇਲ ਦੇ ਤੁਪਕਿਆਂ ਵਾਲੀਆਂ ਘਾਹ ਦੀਆਂ ਤਿੜਾਂ ਵਾਹੁਣ। ਬਚਿਆਂ ਸ਼ਬਦ "**ਤਰੇਲ**" ਦੇ ਆਪਣੇ ਚਿਤਰ ਬਣਾਏ। ਇਹ ਕਹਿਣਾ ਸੌਖਾ ਹੈ: "ਬਚਿਆਂ ਨੇ ਚਿਤਰ ਵਾਹੇ ਅਤੇ ਲਿਖਿਆ"। ਉਹਨਾਂ ਲਈ ਚਿਤਰ ਵਾਹੁਣਾ ਅਤੇ ਲਿਖਣਾ ਦੋਵੇਂ ਬਿੰਬਾਂ, ਆਵਾਜ਼ਾਂ, ਰੰਗਾਂ ਅਤੇ ਭਾਵਨਾਵਾਂ ਦੇ ਪੂਰੇ ਸੰਸਾਰ ਸਨ। ਬਚੇ ਦੀ ਚੇਤਨਤਾ ਵਿਚ ਹਰ ਅਖਰ ਦਾ ਸੰਬੰਧ ਤਸਵੀਰੀ ਬਿੰਬਾਂ ਨਾਲ ਹੈ, ਇਸ ਲਈ ਸਮੁਚਾ ਸ਼ਬਦ ਅਤੇ ਵਖ ਵਖ ਅਖਰ ਦੋਵੇਂ ਚੇਤੇ ਰਖਣੇ ਸੌਖੇ ਹਨ।

ਕਈ ਦਿਨਾਂ ਦੇ ਸਮੇਂ ਵਿਚ ਅਸਾਂ ਘੜੀ-ਮੁੜੀ ਤਰੇਲ ਦੇ ਤੁਪਕਿਆਂ ਦੀ ਸ਼ਲਾਘਾ ਕੀਤੀ ਅਤੇ ਚਿਤਰ ਬਣਾਉਣੇ ਅਤੇ ਲਿਖਣਾ ਜਾਰੀ ਰਖਿਆ। ਅਤੇ ਹਰ ਚਿਤਰ ਕੇਵਲ ਅਗਲੀ ਮਸ਼ਕ ਹੀ ਨਹੀਂ ਸੀ ਸਗੋਂ ਰਚਨਾਤਮਕਤਾ ਸੀ। ਸ਼ਬਦ "**ਤਰੇਲ**" ਨਾਲ ਸਾਡੀ ਰਚਨਾਤਮਕਤਾ ਦੋ ਜਾਂ ਤਿੰਨ ਹਫ਼ਤਿਆਂ ਦੇ ਸਮੇਂ ਉਤੇ ਫੈਲੀ ਹੋਈ ਸੀ। ਹਰ ਬਚੇ ਨੂੰ ਉਹ ਟਹਿਣੀਆਂ ਜਾਂ ਤਿੜਾਂ ਮੁੜ ਮੁੜ ਵਾਹੀਆਂ ਜਿਹੜੀਆਂ ਉਹਨੂੰ ਪਸੰਦ ਸਨ, ਫਿਰ ਵਖ ਵਖ ਆਵਾਜ਼ਾਂ ਅਤੇ ਉਹਨਾਂ ਦੇ ਅਨੁਸਾਰੀ ਅਖਰਾਂ ਨੂੰ ਵਖ ਵਖ ਪਛਾਣਦੇ ਹੋਏ ਸੁਣਿਆ ਕਿ ਸ਼ਬਦ ਦੀ ਧੁਨ ਕਿਹੋ ਜਿਹੀ ਹੈ। ਅਖਰਾਂ ਦੀ ਦੁਆਲੇ ਦੇ ਸੰਸਾਰ ਵਿਚੋਂ ਵਸਤਾਂ ਨਾਲ ਸਾਰੂਪਤਾ ਬੁਨਿਆਦੀ ਤੌਰ ਉਤੇ ਖ਼ਿਆਲ-ਉਡਾਰੀ, ਪਰੀ-ਕਹਾਣੀ ਅਤੇ ਬਚਿਆਂ ਦੀ ਰਚਨਾਤਮਕਤਾ ਸੀ।

ਮੈਂ ਆਪਣੀ ਡਰਾਇੰਗ ਵਾਲੀ ਕਾਪੀ ਦੇ ਪਹਿਲੇ ਪੰਨੇ ਉਤੇ ਸਿਰਲੇਖ ਲਿਖਿਆ "ਸਾਡੀ ਮਾਤ-ਭਾਸ਼ਾ"। ਮੈਂ ਬਚਿਆਂ ਨੂੰ ਕਿਹਾ, "ਅਸੀਂ ਇਹ ਬੜਾ ਚਿਰ ਸਾਂਭ ਕੇ ਰਖਾਂਗੇ, ਇਥੋਂ ਤਕ ਕਿ ਤੁਸੀਂ ਵਡੇ ਹੋ ਜਾਓ ਅਤੇ ਸਕੂਲ ਦੀ ਪੜ੍ਹਾਈ ਮੁਕਾ ਲਓ। ਤੁਹਾਡੇ ਸਾਰਿਆਂ ਦੀਆਂ ਆਪਣੀਆਂ ਚਿਤਰਾਂ ਅਤੇ ਸ਼ਬਦਾਂ ਵਾਲੀਆਂ ਕਾਪੀਆਂ ਹੋਣਗੀਆਂ ਪਰ ਇਹ ਸਾਡੀ ਸ਼੍ਰੇਣੀ ਦੀ ਚਿਤਰਾਂ ਵਾਲੀ ਕਾਪੀ ਹੋਵੇਗੀ।"

ਦਿਨ ਅਤੇ ਹਫ਼ਤੇ ਲੰਘਦੇ ਗਏ ਅਤੇ ਅਸਾਂ ਜਿਊਂਦੇ ਸ਼ਬਦ ਦੇ ਸੋਮਿਆਂ ਤਕ ਸਦਾ ਨਵੇਂ "ਸਫ਼ਰ" ਕੀਤੇ। ਬਚਿਆਂ ਨੂੰ ਹੇਠ ਲਿਖੇ ਸ਼ਬਦਾਂ ਨਾਲ ਆਪਣੀ ਵਾਕਫ਼ੀ ਅਤਿ-ਅੰਤ ਰੋਚਕ ਲਗੀ: **ਪਿੰਡ, ਦਿਆਰ ਦੀ ਝੰਗੀ, ਬਲੂਤ ਦਾ ਰੁਖ, ਕਹੂ, ਜੰਗਲ, ਧੂੰ, ਬਰਫ਼, ਪਹਾੜ, ਰਾਈ, ਅਸਮਾਨ, ਤੂੜੀ, ਝੰਗੀ, ਲਿੰਡਨ ਦਾ ਰੁਖ, ਖੇਰ ਦਾ ਰੁਖ, ਸਿਉ ਦਾ ਰੁਖ, ਬਦਲ, ਪਹਾੜੀ, ਬਲੂਤ ਦਾ ਫਲ, ਡਿਗਦੇ ਪਤੇ।** ਬਸੰਤ ਦੀ ਰੁਤੇ ਅਸਾਂ ਆਪਣੇ ਸਫ਼ਰ ਹੇਠ ਲਿਖੇ ਸ਼ਬਦਾਂ ਨੂੰ ਅਰਪਨ ਕੀਤੇ: **ਫੁਲ, ਡੇਕ, ਸੋਸਨ, ਪਲਾਹ, ਅੰਗੂਰ, ਛਪੜ, ਦਰਿਆ, ਝੀਲ, ਜੰਗਲ ਦਾ ਸਿਰਾ, ਧੁੰਦ, ਮੀਂਹ, ਝਖੜ, ਸੂਰਜ ਉਗਣਾ, ਕੁਮਰੀਆਂ, ਸਫ਼ੈਦਾ ਅਤੇ ਸ਼ਾਹਦਾਨਾ।** ਹਰ ਵਾਰ ਉਹ ਬਚਾ ਜਿਸ ਵਿਚ ਸ਼ਬਦ ਸਭ ਤੋਂ ਵਧ ਸਪਸ਼ਟ ਪ੍ਰਭਾਵ, ਭਾਵਨਾਵਾਂ ਅਤੇ ਯਾਦਾਂ ਜਗਾਉਂਦਾ ਆਪਣੀ "ਸਾਡੀ ਮਾਤ-ਭਾਸ਼ਾ" ਨਾਂ ਦੀ ਚਿਤਰ ਬਣਾਉਣ ਵਾਲੀ ਕਾਪੀ ਵਿਚ ਚਿਤਰ ਵਾਹੁੰਦਾ। ਕੋਈ ਵੀ ਮਾਤ-ਭਾਸ਼ਾ ਦੇ ਸੁਹਪਣ ਵਲੋਂ ਲਾਪ੍ਰਵਾਹ ਨਾ ਰਿਹਾ। ੧੯੫੨ ਦੀ ਬਸੰਤ ਤਕ, ਸਾਡੇ ਕੰਮ ਸ਼ੁਰੂ ਕਰਨ ਤੋਂ ਅਠ ਮਹੀਨੇ ਪਿਛੋਂ, ਬਚਿਆਂ ਨੂੰ ਵਰਣ-ਮਾਲਾ ਦੇ ਸਾਰੇ ਅਖਰਾਂ ਦਾ ਗਿਆਨ ਸੀ ਅਤੇ ਉਹ ਪੜ੍ਹ ਅਤੇ ਲਿਖ ਸਕਦੇ ਸਨ।

ਇਥੇ ਮੈਂ ਇਸ ਅਨੁਭਵ ਨੂੰ ਮਸ਼ੀਨੀ ਢੰਗ ਨਾਲ ਅਪਣਾ ਲੈਣ ਵਿਰੁਧ ਚਿਤਾਉਨੀ ਦੇਣਾ ਚਾਹੁੰਦਾ ਹਾਂ। ਇਸ ਢੰਗ ਨਾਲ ਪੜ੍ਹਨਾ ਅਤੇ ਲਿਖਣਾ ਸਿਖਣਾ ਰਚਨਾਤਮਕਤਾ ਹੈ ਅਤੇ ਰਚਨਾਤਮਕਤਾ ਸਚੇ ਨੂੰ ਨਹੀਂ ਸਹਾਰੇਗੀ। ਹਰ ਨਵੀਂ ਸ਼ੈ ਨੂੰ ਰਚਨਾਤਮਕ ਢੰਗ ਨਾਲ ਅਪਣਾਉਣਾ ਚਾਹੀਦਾ ਹੈ।

ਬਹੁਤ ਮਹਤਵ-ਪੂਰਨ ਗਲ ਇਹ ਸੀ ਕਿ ਬਚਿਆਂ ਨੂੰ ਇਹ ਨਾ ਦਸਿਆ ਜਾਵੇ ਕਿ ਉਹਨਾਂ ਲਈ ਸਾਰੇ ਅਖਰ ਯਾਦ ਕਰਨੇ ਅਤੇ ਪੜ੍ਹਨਾ ਸਿਖਣਾ ਲਾਜ਼ਮੀ ਹੈ। ਬਚੇ ਗਿਆਨ ਵਲ ਪਹਿਲੇ ਪੌੜਾਂ ਉਤੇ ਖੇਡ ਖੇਡਦੇ ਹੋਏ ਚੜ੍ਹਦੇ ਹਨ। ਬੌਧਕ ਜੀਵਨ ਸੁਹਪਣ, ਪਰੀ-ਕਹਾਣੀਆਂ, ਸੰਗੀਤ, ਖ਼ਿਆਲ-ਉਡਾਰੀ, ਰਚਨਾਤਮਕਤਾ ਅਤੇ ਕਲਪਨਾ ਦੀਆਂ ਖੇਡਾਂ ਨੂੰ ਆਤਮਿਆਉਂਦਾ ਹੈ। ਜੋ ਕੁਝ ਉਹਨਾਂ ਦੀਆਂ ਭਾਵਨਾਵਾਂ ਨੂੰ ਉਤੇਜਤ ਕਰਦਾ ਹੈ, ਜੋ ਕੁਝ ਆਪਣੇ ਸੁਹਪਣ ਨਾਲ ਉਹਨਾਂ ਨੂੰ ਕੀਲਦਾ ਹੈ, ਬਚੇ ਉਹਨੂੰ ਚੰਗੀ ਤਰ੍ਹਾਂ ਯਾਦ ਰਖਦੇ ਹਨ। ਮੈਂ ਕਈ ਬਚਿਆਂ ਦੀ ਨਾ ਕੇਵਲ ਆਪਣੇ ਅਨੁਭਵ ਸ਼ਬਦਾਂ ਵਿਚ ਪੇਸ਼ ਕਰਨ ਸਗੋਂ ਲਿਖਣ ਦੀ ਜੁਸ਼ੀਲੀ ਇਛਾ ਨੂੰ ਵੇਖ ਕੇ ਚਕਰਾ ਗਿਆ।

ਇਕ ਦਿਨ ਅਸੀਂ ਮੀਂਹ ਤੋਂ ਬਚਣ ਲਈ ਜੰਗਲ ਵਿਚ ਬਣੇ ਇਕ ਕੋਠੇ ਵਿਚ ਚਲੇ ਗਏ। ਬਿਜਲੀ ਕੜਕ ਅਤੇ ਚਮਕ ਰਹੀ ਸੀ। ਨਿਕੇ ਨਿਕੇ ਗੜੇ ਪੈਣ ਲਗ ਪਏ। ਮੀਂਹ ਬੰਦ ਹੋ ਜਾਣ ਪਿਛੋਂ ਵੀ ਉਹ ਕੁਝ ਦੇਰ ਹਰੇ ਘਾਹ ਉਤੇ ਪਏ ਰਹੇ। ਸੂਰਜ ਬਦਲਾਂ ਪਿਛੋਂ ਨਿਕਲ ਆਇਆ ਅਤੇ ਨਿਕੇ ਗੜੇ ਹਰੇ ਜਾਪਣ ਲਗ ਪਏ। ਬਚੇ ਕੂਕ ਉਠੇ ਕਿ ਇਹ ਕਿੰਨਾਂ ਸੁਹਣਾ ਸੀ। ਅਗਲੇ ਦਿਨ ਬਚੇ ਉਹ ਕੁਝ

ਵਾਹੁਣਾ ਚਾਹੁੰਦੇ ਸਨ ਜੋ ਉਹਨਾਂ ਕਲ ਵੇਖਿਆ ਸੀ। ਅਤੇ ਯੂਰਾ, ਸੇਰਯੋਜ਼ਾ, ਸ਼ੂਰਾ ਅਤੇ ਗਾਲੀਆ ਨੇ ਤਾਂ ਆਪਣੇ ਚਿਤਰਾਂ ਦੇ ਸਿਰਲੇਖ ਵੀ ਲਿਖੇ। ਉਹ ਪਹਿਲਾਂ ਹੀ ਚੰਗੀ ਤਰ੍ਹਾਂ ਪੜ੍ਹ ਸਕਦੇ ਸਨ ਅਤੇ ਉਹਨਾਂ ਨੇ ਪਹਿਲੇ ਲੇਖ ਲਿਖੇ। ਉਹਨਾਂ ਇਹ ਲਿਖਿਆ: "ਤੂਫ਼ਾਨੀ ਬਦਲ ਘਾਹ ਉਤੇ ਗੜੇ ਖਲੇਰ ਰਹੇ ਹਨ," "ਹਰੇ ਘਾਹ ਉਤੇ ਚਿਟੇ ਗੜੇ," "ਚਿਟੇ ਗੜਿਆਂ ਨੂੰ ਪਿਘਲਾ ਰਿਹਾ ਸੂਰਜ," "ਤੂਫ਼ਾਨ ਚਿਟੇ ਗੜੇ ਪੋਰ ਰਿਹਾ ਹੈ।"

ਇਸ ਨਾਲ ਮੈਨੂੰ ਮੁੜ ਨਿਸ਼ਚਾ ਹੋ ਗਿਆ ਕਿ ਬਚੇ ਚਿੰਤਨ ਅਤੇ ਭਾਸ਼ਾ ਦੇ ਮੁਢਲੇ ਸੋਮਿਆਂ ਦੇ ਆਪਣੇ ਆਲੇ ਦੁਆਲੇ ਦੇ ਸੰਸਾਰ ਦੇ ਜਿੰਨੇ ਨੇੜੇ ਹੁੰਦੇ ਹਨ, ਉਹਨਾਂ ਦੀ ਬੋਲੀ ਉਨੀ ਹੀ ਵਧੇਰੇ ਭਰਪੂਰ ਅਤੇ ਪ੍ਰਗਟਾਊ ਹੋਵੇਗੀ। ਮੈਨੂੰ ਨਿਸ਼ਚਾ ਸੀ ਕਿ ਬਚੇ ਛੇਤੀ ਹੀ ਨਿਕੇ ਲੇਖ ਲਿਖਣੇ ਸ਼ੁਰੂ ਕਰ ਦੇਣਗੇ। ੧੯੫੨ ਦੇ ਹੁਨਾਲ ਵਿਚ ਮੇਰੇ ਨਿਸ਼ਚੇ ਦੀ ਪੁਸ਼ਟੀ ਹੋ ਗਈ। ਸਕੂਲ ਦੇ ਖੇਤ ਦੀ ਇਕ ਨੁਕਰੇ ਪੋਸਤ ਦੇ ਬੀ ਬੀਜੇ ਗਏ ਸਨ। ਮੈਂ ਬਚਿਆਂ ਨੂੰ ਉਦੋਂ ਉਥੇ ਲੈ ਗਿਆ ਜਦੋਂ ਪੋਸਤ ਦੇ ਫੁਲਾਂ ਨੇ ਵਖ ਵਖ ਰੰਗਾਂ ਦੇ ਸੈਂਕੜੇ ਫੁਲਾਂ ਦੇ ਦੀਪ ਬਾਲੇ ਹੋਏ ਸਨ। ਸੁਹਪਣ ਨੇ ਬਚਿਆਂ ਦੇ ਦਿਲਾਂ ਵਿਚ ਖ਼ੁਸ਼ੀ-ਭਰੇ ਅਨੁਭਵਾਂ ਦੀਆਂ ਲਹਿਰਾਂ ਛਲਕਾ ਦਿਤੀਆਂ। ਲੰਮਾ ਸਮਾਂ ਅਸੀਂ ਫੁਲਾਂ ਵਲ ਵੇਖਦੇ ਰਹੇ ਅਤੇ ਮਖਿਆਰੀਆਂ ਦੀ ਭਿਣ-ਭਿਣ ਸੁਣਦੇ ਰਹੇ। ਅਗਲੇ ਦਿਨ ਅਸੀਂ ਡਰਾਇੰਗ ਦੀਆਂ ਕਾਪੀਆਂ ਅਤੇ ਰੰਗਦਾਰ ਪੈਂਸਲਾਂ ਲੈਕੇ ਉਥੇ ਗਏ। ਬਚਿਆਂ ਨੇ ਚਿਤਰ ਵਾਹੇ ਅਤੇ ਮੈਂ ਉਹਨਾਂ ਨੂੰ ਖ਼ਸਖ਼ਾਸ (ਪੋਸਤ ਦੇ ਬੀ) ਸੰਬੰਧੀ ਇਕ ਕਹਾਣੀ ਸੁਣਾਈ, ਕਿਵੇਂ ਸਤ-ਰੰਗੀ ਪੀਂਘ ਨੇ ਉਹਨੂੰ ਸਤਾਂ ਰੰਗਾਂ ਦਾ ਸਾਰਾ ਹੁਸਨ ਦਿਤਾ ਸੀ। ਬਹੁਤ ਸਾਰੇ ਬਚੇ ਇਹ ਸ਼ਲਾਘਾ ਸ਼ਬਦਾਂ ਵਿਚ ਪੇਸ਼ ਕਰਨਾ ਚਾਹੁੰਦੇ ਸਨ ਅਤੇ ਉਹਨਾਂ ਸਪਸ਼ਟ, ਪ੍ਰਗਟਾਊ ਲੇਖ ਲਿਖੇ: "ਪੋਸਤ ਦੇ ਫੁਲਾਂ ਦਾ ਗ਼ਲੀਚਾ ਖਿੜਿਆ ਹੋਇਆ ਹੈ।" (ਤਾਨੀਆ), "ਪੋਸਤ ਦੇ ਫੁਲਾਂ ਦੇ ਗ਼ਲੀਚੇ ਨੇ ਧਰਤੀ ਨੂੰ ਕਜ ਲਿਆ" (ਨੀਨਾ), "ਪੋਸਤ ਦੇ ਫੁਲ ਖਿੜ ਪਏ ਅਤੇ ਸੂਰਜ ਖ਼ੁਸ਼ ਹੋ ਗਿਆ" (ਜ਼ੀਨਾ), "ਪੋਸਤ ਦੇ ਫੁਲਾਂ ਦੇ ਗ਼ਲੀਚੇ ਉਤੇ ਭਿਣਭਿਣਾ ਰਹੀਆਂ ਮਖਿਆਰੀਆਂ" (ਗਾਲੀਆ), "ਸੂਰਜ ਨੇ ਧਰਤੀ ਉਤੇ ਫੁਲ ਖਿਲਾਰੇ: ਨੀਲੇ, ਗੁਲਾਬੀ, ਲਾਲ ਅਤੇ ਅਸਮਾਨੀ" (ਲਾਰੀਸਾ), "ਨੀਲੀਆਂ ਪੰਖੜੀਆਂ ਉਤੇ ਇਕ ਜਤਲ ਭੰਵਰਾ" (ਸੇਰਯੋਜ਼ਾ), "ਨਾਜ਼ਕ ਡੰਡੀਆਂ ਉਤੇ ਝੂਮਦੇ ਫੁਲ" (ਸ਼ੂਰਾ), "ਸੂਰਜ ਪੋਸਤ ਦੇ ਫੁਲਾਂ ਵਿਚ ਖੇਡ ਰਿਹਾ ਹੈ" (ਕੋਲੀਆ), "ਨੀਲੀਆਂ ਪੰਖੜੀਆਂ ਅਸਮਾਨ ਤੋਂ ਡਿਗੀਆਂ ਅਤੇ ਧਰਤੀ ਉਤੇ ਗਲੀਚਾ ਬਣ ਗਈਆਂ" (ਕਾਤੀਆ)। ਬਚਿਆਂ ਨੇ ਇਹ ਚਿਤਰ ਅਤੇ ਲੇਖ ਆਪਣੀਆਂ ਕਾਪੀਆਂ ਵਿਚੋਂ ਕਢੇ ਅਤੇ "ਸਾਡੀ ਮਾਤ-ਭਾਸ਼ਾ" ਵਿਚ ਲਾ ਦਿਤੇ।

ਬਚਿਆਂ ਦੀਆਂ ਕਲਪਨਾਵਾਂ ਸੂਰਜਮੁਖੀ ਦੇ ਫੁਲਾਂ, ਦੜਊ ਦੇ ਖਿੜੇ ਖੇਤਾਂ ਵਲ ਸਾਡੇ "ਸਫ਼ਰਾਂ" ਸਮੇ ਜਿਊਂਦੇ ਝਰਨੇ ਨਾਲ, ਸਪਸ਼ਟ ਬਿੰਬਾਂ ਨਾਲ ਖੇਡੀਆਂ।

ਆਲੇ ਦੁਆਲੇ ਦੇ ਸੰਸਾਰ ਦਾ ਸੁਹਪਣ ਉਹਨਾਂ ਨੂੰ ਜਿੰਨਾਂ ਉਤੇਜਤ ਕਰਦਾ, ਉਨੀ ਚੰਗੀ ਤਰ੍ਹਾਂ ਅਖਰ ਉਹਨਾਂ ਨੂੰ ਯਾਦ ਹੋ ਜਾਂਦੇ, ਭਾਵੇਂ ਇਹ ਸਭ ਤੋਂ ਪਹਿਲਾ ਮੰਤਵ ਤਾਂ ਉਕਾ ਹੀ ਨਹੀਂ ਸੀ। ਮੈਨੂੰ ਇਸ ਗਲ ਦਾ ਵਧੇਰੇ ਨਿਸ਼ਚਾ ਹੋ ਗਿਆ ਕਿ ਦ੍ਰਿਸ਼ਟਮਾਨ ਸੰਸਾਰ ਦੇ ਬਿੰਬ ਅਤੇ ਸੁਹਪਣ ਦੀ ਭਾਵਨਾ ਨੂੰ ਸ਼ਬਦਾਂ ਵਿਚ ਬਿਆਨ ਕਰਨ ਦੇ ਜਤਨ ਬਚੇ ਦੇ ਚਿੰਤਨ ਦਾ ਦਿਲ ਹਨ। ਬਚੇ ਰਚਨਾਤਮਕ ਢੰਗ ਨਾਲ, ਸਪਸ਼ਟਤਾ ਨਾਲ, ਭਾਵਨਾ ਨਾਲ ਭਰਪੂਰ ਬਿੰਬਾਂ ਵਿਚ ਸੋਚਦੇ ਹਨ। ਬਚੇ ਦੇ ਸਿਆਣਾ ਅਤੇ ਲਾਇਕ ਬਣਨ ਲਈ ਇਹ ਲਾਜ਼ਮੀ ਹੈ ਕਿ ਉਹਦੇ ਬਚਪਨ ਦੇ ਸ਼ੁਰੂ ਵਿਚ ਉਹਨੂੰ ਸੰਸਾਰ ਦੀ ਰਚਨਾਤਮਕ ਦ੍ਰਿਸ਼ਟੀ ਦੀ ਖ਼ੁਸ਼ੀ ਦਿਤੀ ਜਾਵੇ।

ਜਦੋਂ ਬਚਾ ਸੁਹਣੇ ਨੂੰ ਵੇਖਦਾ ਅਤੇ ਅਨੁਭਵ ਕਰਦਾ ਹੈ ਤਾਂ ਖ਼ਿਆਲ-ਉਡਾਰੀ ਅਤੇ ਰਚਨਾਤਮਕਤਾ ਦੇ ਕਿੰਨੇ ਅਖੁਟ ਝਰਨੇ ਜਿਉਂਦੇ ਵਿਚਾਰ ਮਨੁਖ ਦੇ ਮਨ ਵਿਚ ਪੈਦਾ ਕਰਦੇ ਹਨ! ਮੈ ਜਿਉਂਦੇ ਸ਼ਬਦ ਦੇ ਸੋਮਿਆਂ ਵਿਚੋਂ ਇਕ ਤਕ ਆਪਣਾ "ਸਫ਼ਰ" ਕਦੀ ਨਹੀਂ ਭੁਲਣ ਲਗਾ। ਹੁਨਾਲ ਦੇ ਇਕ ਦਿਨ ਅਸੀਂ ਫ਼ਾਰਮ ਦੇ ਮਖਿਆਰੀਆਂ ਪਾਲਣ ਵਾਲੇ ਵਿਭਾਗ ਵਿਚ ਗਏ। ਮਖਿਆਰੀਆਂ ਪਾਲਣ ਵਾਲੇ ਨੇ ਬਚਿਆਂ ਨੂੰ ਸਜਰੀ ਮਾਖਿਉਂ ਅਤੇ ਝਰਨੇ ਦਾ ਠੰਢਾ ਪਾਣੀ ਦਿਤਾ। ਬਚੇ ਸਿਉਆਂ ਦੇ ਰੁਖਾਂ ਹੇਠ ਬੈਠੇ ਦੜਊ ਦੇ ਖਿੜੇ ਖੇਤਾਂ ਦਾ ਸੁਹਪਣ ਮਾਣ ਰਹੇ ਸਨ। ਸਤੈਪੀ ਵਲ ਆਪਣੀਆਂ ਉਡਾਰੀਆਂ ਤੋਂ ਖਖਰਾਂ ਵਲ ਮੁੜਦੀਆਂ ਮਖਿਆਰੀਆਂ ਠੰਢੇ ਪਾਣੀ ਵਾਲੇ ਨਿਕੇ ਨਾਲ਼ੇ ਉਤੇ ਘੁੰਮਦੀਆਂ ਅਤੇ ਸ਼ਾਂਤੀ ਨਾਲ ਭਿਣਭਿਣਾਉਂਦੀਆਂ। "ਉਹ ਇਕ ਦੂਜੇ ਨੂੰ ਫੁਲਾਂ ਤੇ ਝੰਗੀਆਂ, ਦੜਊ ਅਤੇ ਸੂਰਜਮੁਖੀ, ਪੋਸਤ ਦੇ ਸੁਹਣੇ ਫੁਲਾਂ ਤੇ ਸੂਹੇ ਲੂਸਣ ਸੰਬੰਧੀ ਦਸ ਰਹੀਆਂ ਨੇ।" ਬਚਿਆਂ ਨੇ ਕਿਹਾ।

ਪੰਜ ਵਰ੍ਹੇ ਪਿਛੋ ਮੇਰੇ ਨੰਨ੍ਹੇ-ਮੁੰਨੇ ਪਹਿਲਾਂ ਹੀ ਚੌਥੀ ਸ਼੍ਰੇਣੀ ਵਿਚ ਪੜ੍ਹ ਰਹੇ ਸਨ, ਅਤੇ ਮੈਂ ਉਹਨਾਂ ਨੂੰ ਕਿਹਾ ਕਿ ਉਹ ਇਸ ਸੰਬੰਧੀ ਇਕ ਕਹਾਣੀ ਲਿਖਣ, "ਮਖਿਆਰੀਆਂ ਕਿਸ ਗਲ ਸੰਬੰਧੀ ਭਿਣਭਿਣਾਉਂਦੀਆਂ ਹਨ?" ਜੂਨ ਦੇ ਉਸ ਦਿਨ ਦੇ ਅਭੁਲ ਪ੍ਰਭਾਵਾਂ ਨੇ ਚਿੰਤਨ ਦੇ ਜਿਉਂਦੇ ਵਹਿਣ ਵਿਚ ਸਪਸ਼ਟ ਬਿੰਬਾਂ ਦਾ ਰੂਪ ਧਾਰ ਲਿਆ। ਮਨੁਖ ਬਚਪਨ ਦੇ ਮੁਢ ਵਿਚ ਜਿਨ੍ਹਾਂ ਗਲਾਂ ਦੀ ਸ਼ਲਾਘਾ ਕਰਦਾ ਹੈ ਉਹ ਕਦੀ ਨਹੀਂ ਭੁਲਦਾ। ਬਚਪਨ ਦੇ ਵਰ੍ਹਿਆਂ ਨੂੰ ਬਚਿਆਂ ਦੇ ਮਨਾਂ ਉਤੇ ਉਹਨਾਂ ਦੀ ਮਾਤ-ਭਾਸ਼ਾ ਅਤੇ ਆਲੇ ਦੁਆਲੇ ਦੇ ਸੰਸਾਰ ਦੇ ਸੁਹਪਣ ਦੀ ਛਾਪ ਲਾਉਣ ਦਿਓ।"ਸ਼ਾਲਾ, ਗਿਆਨ ਦੀ ਸੁਖੜ, ਔਖੀ ਪੌੜੀ ਉਤੇ ਉਹਨਾਂ ਦੇ ਪਹਿਲੇ ਕਦਮ ਸੁਹਪਣ ਨਾਲ ਭਰੇ ਹੋਣ।

ਬਚੇ ਪੜ੍ਹਨਾ ਜਿੰਨੀ ਚੰਗੀ ਤਰ੍ਹਾਂ ਸਿਖਦੇ ਗਏ ਪੁਸਤਕਾਂ ਨੇ ਉਹਨਾਂ ਦੇ ਜੀਵਨ ਵਿਚ ਉਨਾ ਹੀ ਵਡਾ ਰੋਲ ਅਦਾ ਕਰਨਾ ਸ਼ੁਰੂ ਕਰ ਦਿਤਾ। ਅਸਾਂ ਚਿਤਰਾਂ ਵਾਲੀਆਂ ਪੁਸਤਕਾਂ ਦੀ ਨਿਕੀ ਜਿਹੀ ਲਾਇਬ੍ਰੇਰੀ ਬਣਾ ਲਈ। ਮੰਦੇ ਭਾਗੀਂ ਪੁਸਤਕਾਂ ਵੇਚਣ ਵਾਲੀਆਂ ਦੁਕਾਨਾਂ ਵਿਚ ਕੋਈ ਚੰਗੀਆਂ ਪੁਸਤਕਾਂ ਨਹੀਂ ਸਨ ਅਤੇ ਮੈਨੂੰ ਆਪ

ਪੁਸਤਕਾਂ ਲਿਖਣੀਆਂ ਅਤੇ ਉਹਨਾਂ ਲਈ ਚਿਤਰ ਬਣਾਉਣੇ ਪਏ। ਮੈਂ ਚਿਤਰਾਂ ਵਾਲੀ ਜਿਹੜੀ ਪਹਿਲੀ ਪੁਸਤਕ ਬਣਾਈ ਉਹ ਕਕਰ ਦਾਦੇ, ਭੈਡ਼ੀ ਮਤਰੇਈ ਮਾਂ, ਦਿਆਲ ਮਤਰੇਈ ਧੀ ਅਤੇ ਆਲਸੀ ਧੀ ਸੰਬੰਧੀ ਸੀ। ਪੁਸਤਕ ਕੁਝ ਲੰਮੀ ਸੀ—ਤੀਹ ਤੋਂ ਵਧ ਪੰਨੇ, ਹਰ ਪੰਨੇ ਉਤੇ ਇਕ ਚਿਤਰ ਅਤੇ ਕੁਝ ਵਾਕ ਹੁੰਦੇ, ਭਾਵੇਂ ਕਈ ਵਾਰ ਕੇਵਲ ਇਕ ਵਾਕੰਸ਼ ਹੀ ਹੁੰਦਾ। ੧੯੫੨ ਦੀ ਬਸੰਤ ਤਕ ਵਧੇਰੇ ਬਚੇ ਬਡ਼ੇ ਸੌਖ ਨਾਲ ਪਡ਼੍ਹਣ ਲਗ ਪਏ ਸਨ। ਵਾਰੀਆ, ਕੋਲੀਆ, ਗਾਲੀਆ, ਲਾਰੀਸਾ, ਸੇਰਯੋਜ਼ਾ, ਅਤੇ ਲੀਦਾ ਵਿਸ਼ੇਸ਼ ਤੌਰ ਉਤੇ ਚੰਗੀ ਤਰ੍ਹਾਂ ਪਡ਼੍ਹਦੇ। ਅਸੀਂ ਘਾਹ ਉਤੇ ਬਹਿ ਜਾਂਦੇ ਅਤੇ ਬਚਿਆਂ ਵਿਚੋਂ ਇਕ ਤਸਵੀਰਾਂ ਵਾਲੀ ਪੁਸਤਕ ਖੋਹਲਦਾ ਅਤੇ ਪਡ਼੍ਹਣ ਲਗ ਪੈਂਦਾ।... ਇਹ ਕੇਵਲ ਸ਼ਬਦ ਪਡ਼੍ਹਣਾ ਅਤੇ ਉਹਨਾਂ ਦੇ ਵਾਕ ਬਣਾਉਣਾ ਹੀ ਨਹੀਂ ਸੀ। ਇਹ ਰਚਨਾਤਮਕਤਾ ਸੀ। ਪਰੀ-ਕਹਾਣੀ ਪਡ਼੍ਹਦੇ ਹੋਏ ਬਚੇ ਉਸ ਸੰਸਾਰ ਵਿਚ ਜਾਪਦੇ ਜਿਹਡ਼ਾ ਚਿਤਰਾਂ ਵਿਚ ਚਿਤਰਿਆ ਗਿਆ ਸੀ। ਇਹਦੇ ਪਡ਼੍ਹਣ ਦਾ ਅਲਾਪ ਦਿਆਲ ਕਕਰ ਦਾਦੇ, ਭੈਡ਼ੀ ਮਤਰੇਈ ਮਾਂ; ਮਿਹਨਤੀ ਅਤੇ ਨਿਘੇ ਦਿਲ ਵਾਲੀ ਮਤਰੇਈ ਧੀ ਅਤੇ ਸੁਸਤ ਅਤੇ ਨਿਰਦਈ ਧੀ ਦੀਆਂ ਭਾਵਨਾਵਾਂ ਅਤੇ ਆਸ਼ਿਆਂ ਦੇ ਗੁਝੇ ਅਰਥਾਂਤਰਾਂ ਨੂੰ ਸਾਹਮਣੇ ਲੈ ਆਉਂਦਾ। ਬਚੇ ਜੋ ਕੁਝ ਪਡ਼੍ਹਦੇ ਹਨ ਉਹਨੂੰ ਡੂੰਘੀ ਤਰ੍ਹਾਂ ਅਨੁਭਵ ਕਰਦੇ ਹਨ: ਉਹ ਹਾਨੀਕਾਰਕ ਨੂੰ ਘਿਰਣਾ ਕਰਦੇ ਅਤੇ ਇਹਦੇ ਉਤੇ ਚੰਗੇ ਦੀ ਜਿਤ ਉਤੇ ਖ਼ੁਸ਼ ਹੁੰਦੇ ਹਨ।

ਅਤੇ ਜਿਹਡ਼ੀ ਗਲ ਵਧੇਰੇ ਰੋਚਕ ਹੈ: ਬਚਿਆਂ ਨੇ ਕਹਾਣੀ ਦਰਜਨਾਂ ਵਾਰ ਪਡ਼੍ਹੀ ਸੀ ਪਰ ਹਰ ਵਾਰ ਉਹ ਇਹਨੂੰ ਬਡ਼ੀ ਰੋਚਕਤਾ ਨਾਲ ਸੁਣਦੇ। ਮੈਨੂੰ ਸਿਖਿਅਕਾਂ ਦੀ ਚਿੰਤਾ ਦਾ ਪਤਾ ਸੀ: ਬਚੇ ਇੰਨੇ ਅਕਾਊ ਢੰਗ ਨਾਲ ਕਿਉਂ ਪਡ਼੍ਹਦੇ ਹਨ? ਬੰਦਾ ਬਚਿਆਂ ਦੇ ਪਡ਼੍ਹਣ ਵਿਚ ਭਾਵੁਕ ਰੰਗਣ ਇੰਨੀ ਘਟ ਵਾਰ ਕਿਉਂ ਸੁਣਦਾ ਹੈ? ਕਿਉਂਕਿ ਅਕਸਰ ਹਾਲਤਾਂ ਵਿਚ ਪਡ਼੍ਹਨਾ ਬਚਿਆਂ ਦੇ ਜੀਵਨ, ਸੋਚਾਂ, ਭਾਵਨਾਵਾਂ ਅਤੇ ਵਿਚਾਰਾਂ ਨਾਲੋਂ ਉਕਾ ਹੀ ਕਟਿਆ ਹੋਇਆ ਹੁੰਦਾ ਹੈ। ਬਚਾ ਇਕ ਗਲ ਸੰਬੰਧੀ ਉਤੇਜਤ ਹੈ ਪਰ ਉਹ ਕਿਸੇ ਹੋਰ ਸੰਬੰਧੀ ਪਡ਼੍ਹਦਾ ਹੈ। ਪਡ਼੍ਹਨਾ ਤਾਂ ਹੀ ਬਚਿਆਂ ਦੇ ਜੀਵਨਾਂ ਨੂੰ ਭਰਪੂਰ ਬਣਾਉਂਦਾ ਹੈ ਜੇ ਸ਼ਬਦ ਉਹਨਾਂ ਦੇ ਦਿਲਾਂ ਵਿਚ ਗੁਝੀਆਂ ਥਾਵਾਂ ਨੂੰ ਪ੍ਰਭਾਵਤ ਕਰਨ।

ਅਸਾਂ ਚਿਤਰਾਂ ਵਾਲੀਆਂ ਨਵੀਆਂ ਪੁਸਤਕਾਂ ਤਿਆਰ ਕਰਨੀਆਂ ਸ਼ੁਰੂ ਕਰ ਦਿਤੀਆਂ। ਯੂਰਾ, ਸੇਰਯੋਜ਼ਾ, ਕਾਤੀਆ, ਲੀਦਾ, ਲਿਊਬਾ ਅਤੇ ਲਾਰੀਸਾ ਨੇ ਚਿਤਰ ਵਾਹੇ। ਇਕ ਵੀ ਬਚਾ ਅਜਿਹਾ ਨਹੀਂ ਸੀ ਜਿਹਡ਼ਾ ਚਿਤਰ ਬਣਾਉਣ ਵਿਚ ਸਹਾਇਤਾ ਨਾ ਕਰਨਾ ਚਾਹੁੰਦਾ ਹੋਵੇ। ਪਡ਼੍ਹਣ ਅਤੇ ਲਿਖਣ ਵਿਚ ਨਿਪੁੰਨਤਾ ਪ੍ਰਾਪਤ ਕਰਨ ਦੇ ਰਾਹ ਵਿਚ ਔਖਿਆਈਆਂ ਉਤੇ ਚਿਤਰ ਬਣਾਉਣ ਵਿਚ ਰੋਚਕਤਾ ਕਾਰਨ ਕਾਬੂ ਪਾ ਲਿਆ ਗਿਆ।

੧੯੫੨ ਦੇ ਹੁਨਾਲ ਵਿਚ ਬਚਿਆਂ ਨੇ ਨਿਕੀਆਂ ਨਿਕੀਆਂ ਛਪੀਆਂ ਹੋਈਆਂ

ਪੁਸਤਕਾਂ ਪੜ੍ਹਣੀਆਂ ਸ਼ੁਰੂ ਕਰ ਦਿਤੀਆਂ: ਵਖ ਵਖ ਕੌਮਾਂ ਦੀਆਂ ਪਰੀ-ਕਹਾਣੀਆਂ ਦੇ ਟਾਲਸਟਾਈ ਵਲੋਂ ਪੇਸ਼ ਕੀਤੇ ਰੂਪ ਅਤੇ ਉਸ਼ਿੰਸਕੀ ਦੀ "ਮਾਤ-ਭਾਸ਼ਾ" ਵਿਚੋਂ ਕਹਾਣੀਆਂ। ਉਹਨਾਂ ਰੂਸੀ ਕਵੀਆਂ ਪੂਸ਼ਕਿਨ, ਲੇਰਮਨਤੋਵ ਅਤੇ ਨੇਕਰਾਸੋਵ ਅਤੇ ਯੂਕਰੇਨੀ ਕਵੀਆਂ ਸ਼ੇਵਚੈਨਕੋ, ਲੈਸੀਆ ਯੂਕਰਾਏਨਕਾ ਅਤੇ ਫਰੈਂਕੋ ਦੀਆਂ ਕਵਿਤਾਵਾਂ ਵੀ ਪੜ੍ਹੀਆਂ। ਮੇਰੇ ਉਸ਼ਿੰਸਕੀ ਦੀ ਕਵਿਤਾ "ਬਚਿਓ ਸਕੂਲ ਲਈ ਤਿਆਰ ਹੋ ਜਾਓ" ਪੜ੍ਹਣ ਦੀ ਦੇਰ ਸੀ ਅਤੇ ਬਚਿਆਂ ਨੇ ਇਹਨੂੰ ਲਗ ਭਗ ਯਾਦ ਕਰ ਲਿਆ। ਮੈਂ ਵਿਸ਼ੇਸ਼ ਤੌਰ ਉਤੇ ਪੜ੍ਹਨ ਲਈ ਪੁਸਤਕਾਂ, ਮੁਢ ਵਿਚ ਅਖਰ-ਬੋਧ, ਲਈ ਚਿਤਰ ਬਣਾਉਣ ਲਈ ਕੁਦਬੀਆਂ ਕਵਿਤਾਵਾਂ ਲਿਖਣੀਆਂ ਸ਼ੁਰੂ ਕਰ ਦਿਤੀਆਂ। ਪਾਦਰੀਆਂ ਵਾਲੀ ਭਾਸ਼ਾ ਵਿਚ ਲਿਖੀਆਂ ਖ਼ੁਸ਼ਕ ਕਵਿਤਾਵਾਂ ਰਾਹੀਂ ਬਚਿਆਂ ਨੂੰ ਲਿਖਤੀ ਸ਼ਬਦ ਨਾਲ ਪਿਆਰ ਸਿਖਾਉਣ ਦੀ ਥਾਂ ਕਾਵਿਕ ਭਾਵਨਾ ਨੂੰ ਕਤਲ ਕਰਨਾ ਵਧੇਰੇ ਸੰਭਵ ਹੈ।

ਮੈਂ ਹਰ ਸਫਲਤਾ ਅਤੇ ਹਰ ਔਕੜ ਹੋਰ ਅਧਿਆਪਕਾਂ ਨਾਲ ਸਾਂਝੀ ਕਰਦਾ। ਸਕੂਲ ਜਾਣ ਦੀ ਉਮਰ ਤੋਂ ਛੋਟੇ ਬਚਿਆਂ ਨੂੰ ਪਹਿਲੀ ਸ਼੍ਰੇਣੀ ਲਈ ਤਿਆਰ ਕਰਨਾ ਸਾਡੇ ਸਕੂਲ ਵਿਚ ਮੁਢਲੀਆਂ ਸ਼੍ਰੇਣੀਆਂ ਦੇ ਸਾਰੇ ਅਧਿਆਪਕਾਂ ਦੀ ਸਮੂਹਕ ਫ਼ਿਕਰਮੰਦੀ ਬਣ ਗਈ। ਹਰ ਲੰਘਦੇ ਵਰ੍ਹੇ ਅਧਿਆਪਕਾਂ ਦਾ ਰਚਨਾਤਮਕ ਅਨੁਭਵ ਚੰਗੇਰਾ ਹੋ ਗਿਆ, ਵਿਦਿਅਕ ਢੰਗ, ਵਿਸ਼ੇਸ਼ ਤੌਰ ਉਤੇ ਸ਼੍ਰੇਣੀ ਤੋਂ ਬਾਹਰਲੇ ਅਤੇ ਸਕੂਲ ਤੋਂ ਬਾਹਰਲੇ ਕੰਮ ਦੇ ਢੰਗ ਡੂੰਘੇਰੇ ਹੋ ਗਏ। ਇਹਦੇ ਨਾਲ ਬਚਿਆਂ ਦਾ ਸਮੂਲਿਆ ਬੌਧਕ ਵਿਕਾਸ ਸੌਖਾ ਹੋ ਗਿਆ, ਉਹਨਾਂ ਮੁਢਲੀਆਂ ਅਮਲੀ ਯੋਗਤਾਵਾਂ ਪ੍ਰਾਪਤ ਕਰ ਲਈਆਂ, ਜਿਹੜੀਆਂ ਸਫਲ ਪੜ੍ਹਾਈ ਲਈ ਲੋੜੀਂਦੀਆਂ ਹਨ। ਪੜ੍ਹਨਾ ਇਹਨਾਂ ਯੋਗਤਾਵਾਂ ਵਿਚੋਂ ਪਹਿਲੀ ਹੈ।

ਦੋ ਕੁ ਵਰ੍ਹਿਆਂ ਵਿਚ ਅਧਿਆਪਕਾਂ ਨੇ ਸਕੂਲ ਜਾਣ ਤੋਂ ਛੋਟੀ ਉਮਰ ਦੇ ਬਚਿਆਂ ਨੂੰ ਇਉਂ ਸਿਖਾਇਆ ਕਿ ਉਹ ਪਹਿਲੀ ਸ਼੍ਰੇਣੀ ਵਿਚ ਦਾਖ਼ਲ ਹੋਣ ਤੋਂ ਪਹਿਲਾਂ ਪੜ੍ਹਣ ਲਗ ਪਏ ਸਨ। ਇਸ ਗਲ ਨੇ ਵਿਦਿਆ ਦੇ ਸਾਰੇ ਕੰਮ ਨੂੰ ਲਖਾਇਕ ਹਦ ਤਕ ਹੌਲਾ ਕਰ ਦਿਤਾ, ਨਾ ਕੇਵਲ ਮੁਢਲੀਆਂ ਸ਼੍ਰੇਣੀਆਂ ਵਿਚ ਸਗੋਂ ਉਚੇਰੀਆਂ ਸ਼੍ਰੇਣੀਆਂ ਵਿਚ ਵੀ। ਸਾਡੇ ਬਹੁਤ ਵਰ੍ਹਿਆਂ ਦੇ ਸਾਂਝੇ ਅਨੁਭਵ ਨੇ ਸਾਨੂੰ ਇਸ ਯੋਗ ਬਣਾਇਆ ਕਿ ਅਸੀਂ ਪੜ੍ਹਣ ਦੇ ਅਮਲ ਦੇ ਦੌਰਾਨ ਸੂਝ ਅਤੇ ਬਚੇ ਦੀ ਰਚਨਾਤਮਕ ਬੌਧਕ ਕਿਰਤ ਨਾਲ ਰਵਾਂ, ਪ੍ਰਗਟਾਊ ਪੜ੍ਹਣ ਦੇ ਰੋਲ ਸੰਬੰਧੀ ਮਹਤਵ-ਪੂਰਨ ਸਿਟੇ ਉਤੇ ਅਪੜਣ ਯੋਗ ਬਣੀਏ। ਇਹ ਸਿਟਾ ਹੇਠ ਲਿਖੇ ਅਨੁਸਾਰ ਹੈ: ਬਚਾ ਜਿੰਨੀ ਛੇਤੀ ਪੜ੍ਹਨਾ ਸ਼ੁਰੂ ਕਰਦਾ ਹੈ, ਉਨਾ ਹੀ ਵਧੇਰੇ ਸੁਭਾਵਕ ਤੌਰ ਉਤੇ ਪੜ੍ਹਣ ਦਾ ਉਹਦੇ ਸਾਰੇ ਅੰਦਰਲੇ ਜੀਵਨ ਨਾਲ ਸੰਬੰਧ ਹੁੰਦਾ ਹੈ, ਉਨੇ ਵਧੇਰੇ ਪੇਚਦਾਰ ਉਹ ਅਮਲ ਹੁੰਦੇ ਹਨ ਜਿਹੜੇ ਪੜ੍ਹਣ ਦੇ ਦੌਰਾਨ ਚਲਦੇ ਹਨ ਅਤੇ ਪੜ੍ਹਨਾ ਉਨਾ ਵਧੇਰੇ ਬੌਧਕ ਵਿਕਾਸ ਨੂੰ ਦੇਂਦਾ ਹੈ। ਜਿਹੜਾ ਬਚਾ ਸਤਾਂ ਵਰ੍ਹਿਆਂ ਦੀ ਉਮਰ

ਤੋਂ ਪਹਿਲਾਂ ਪੜ੍ਹਣਾ ਸਿਖ ਲੈਂਦਾ ਹੈ ਉਹਨੇ ਇਕ ਬਹੁਤ ਵਡਮੁਲੀ ਯੋਗਤਾ ਪ੍ਰਾਪਤ ਕਰ ਲਈ ਹੈ: ਇਹ ਗਲ ਬੁਨਿਆਦੀ ਮਹਤਤਾ ਵਾਲੀ ਹੈ ਕਿ ਸ਼ਬਦਾਂ ਅਤੇ ਵਾਕਾਂ ਦੇ ਟੋਟਿਆਂ ਦੀ ਸਮਝ ਕੇਵਲ ਆਵਾਜ਼ਾਂ ਦੇ ਉਚਾਰਣ ਤੋਂ ਅਗੇ ਜਾਵੇ। ਪੜ੍ਹਦੇ ਹੋਏ ਬਚਾ ਸ਼ਬਦ ਨਾਲ ਬੰਿ੍ਹਆ ਨਹੀਂ ਹੁੰਦਾ। ਉਹ ਆਪਣੀ ਨਿਗਾਹ ਕਿਤਾਬ ਤੋਂ ਇਕ ਪਾਸੇ ਲਿਜਾ ਸਕਦਾ ਹੈ ਅਤੇ ਆਵਾਜ਼ਾਂ ਦੇ ਅਰਥਾਂ ਵਿਚੋਂ ਸੋਚ ਸਕਦਾ ਹੈ। ਅਜਿਹੇ ਢੰਗ ਨਾਲ ਬਚਾ ਇਕੋ ਸਮੇਂ ਪੜ੍ਹਦਾ, ਸੋਚਦਾ ਅਤੇ ਕਲਪਨਾ ਕਰਦਾ ਹੈ।

ਸਾਡੇ ਸਮੂਹਕ ਅਨੁਭਵ ਨੇ ਸਾਨੂੰ ਨਿਸ਼ਚਾ ਕਰਵਾ ਦਿਤਾ ਕਿ ਐਨ ਇਹੋ ਜਿਹਾ ਰਵਾਂ ਪੜ੍ਹਨਾ ਹੀ ਸਮਝ ਨਾਲ ਪੜ੍ਹਣ ਦੇ ਸਭ ਤੋਂ ਮਹਤਵ-ਪੂਰਨ ਅੰਸ਼ਾਂ ਵਿਚੋਂ ਇਕ ਹੈ।

## ਤੂੰ ਹੋਰ ਲੋਕਾਂ ਵਿਚਕਾਰ ਰਹਿੰਦਾ ਹੈਂ, ਮੇਰੇ ਬਚੇ

ਨਨ੍ਹੇ ਪਾਉਨੀਅਰਾਂ ਨੇ ਸਕੂਲ ਦੇ ਫ਼ਾਰਮ ਦੀ ਇਕ ਨੁਕਰੇ ਗੁਲ-ਦਾਊਦੀ ਲਾ ਦਿਤੇ। ਪਤ-ਝੜ ਦੇ ਆਉਂਦੇ ਆਉਂਦੇ ਚਿਟੇ, ਨੀਲੇ ਅਤੇ ਗੁਲਾਬੀ ਫੁਲ ਉਥੇ ਖਿੜਨ ਲਗ ਪਏ। ਇਕ ਨਿਰਮਲ, ਨਿਘੀ ਸਵੇਰ ਮੈਂ ਆਪਣੇ ਬਚਿਆਂ ਨੂੰ ਉਥੇ ਲੈ ਗਿਆ। ਉਹ ਫੁਲਾਂ ਦੀ ਬਹੁਲਤਾ ਵੇਖ ਕੇ ਖ਼ੁਸ਼ ਹੋ ਗਏ। ਪਰ ਕੰਡੇ ਅਨੁਭਵ ਨੇ ਦਰਸਾਇਆ ਹੈ ਕਿ ਸੁਹਪਣ ਲਈ ਬਚਿਆਂ ਦੀ ਸ਼ਲਾਘਾ ਅਕਸਰ ਹੰਗਤਾਵਾਦੀ ਹੁੰਦੀ ਹੈ। ਬਚਾ ਫੁਲ ਤੋੜ ਲੈਂਦਾ ਹੈ ਅਤੇ ਉਹਨੂੰ ਇਸ ਵਿਚ ਕੁਝ ਮਾੜਾ ਨਹੀਂ ਜਾਪਦਾ। ਉਸ ਦਿਨ ਵੀ ਅਜਿਹਾ ਹੀ ਹੋਇਆ। ਮੈਂ ਬਚਿਆਂ ਦੇ ਹਥਾਂ ਵਿਚ ਪਹਿਲਾਂ ਇਕ, ਫਿਰ ਦੋ, ਫਿਰ ਤਿੰਨ ਫੁਲ ਵੇਖੇ। ਜਦੋਂ ਕੇਵਲ ਅਧੇ ਫੁਲ ਰਹਿ ਗਏ ਤਾਂ ਕਾਤੀਆ ਨੇ ਕੂਕ ਮਾਰੀ:

"ਕੀ ਫੁਲ ਤੋੜਨਾ ਸਚ ਮੁਚ ਠੀਕ ਹੈ?"

ਉਹਦੇ ਬੋਲਾਂ ਵਿਚ ਕੋਈ ਹੈਰਾਨੀ ਜਾਂ ਗ਼ੁਸਾ ਨਹੀਂ ਸੀ। ਨਿਕੀ ਕੁੜੀ ਬਸ ਪੁਛ ਰਹੀ ਸੀ। ਮੈਂ ਉਤਰ ਨਾ ਦਿਤਾ। ਇਹ ਦਿਨ ਬਚਿਆਂ ਲਈ ਇਕ ਸਬਕ ਹੋਣ ਦਿਓ। ਉਹਨਾਂ ਕੁਝ ਹੋਰ ਫੁਲ ਤੋੜੇ; ਨੁਕਰ ਦਾ ਸੁਹਪਣ ਜਾਂਦਾ ਰਿਹਾ ਸੀ, ਅਤੇ ਕਿਆਰੀ ਸੁੰਜੀ ਜਾਪਦੀ ਸੀ। ਬਚਿਆਂ ਦੇ ਦਿਲਾਂ ਵਿਚ ਸੁਹਪਣ ਦੀ ਸ਼ਲਾਘਾ ਦਾ ਜਿਹੜਾ ਬੁਲ੍ਹਾ ਆਇਆ ਸੀ ਉਹ ਖ਼ਤਮ ਹੋ ਗਿਆ। ਉਹਨਾਂ ਨੂੰ ਸਮਝ ਨਹੀਂ ਸੀ ਆ ਰਹੀ ਉਹ ਫੁਲਾਂ ਦਾ ਕੀ ਕਰਨ।

"ਸੋ ਬਚਿਓ, ਕੀ ਇਹ ਨੁਕਰ ਹੁਣ ਸੁਹਣੀ ਹੈ?" ਮੈਂ ਪੁਛਿਆ। "ਕੀ ਉਹ ਡੰਡੀਆਂ ਜਿਨ੍ਹਾਂ ਤੋਂ ਤੁਸਾਂ ਫੁਲ ਤੋੜ ਲਏ ਹਨ ਸੁਹਣੀਆਂ ਹਨ?"

ਬਚੇ ਚੁਪ ਸਨ। ਫਿਰ ਉਹਨਾਂ ਵਿਚੋਂ ਕਈਆਂ ਨੇ ਉਤਰ ਦੇਣਾ ਸ਼ੁਰੂ ਕੀਤਾ: "ਨਹੀਂ ਉਹ ਸੁਹਣੀਆਂ ਨਹੀਂ।..."

"ਅਤੇ ਅਸੀਂ ਹੁਣ ਸੁਹਣੇ ਫੁਲ ਕਿਥੇ ਵੇਖਾਂਗੇ?"

"ਨਨ੍ਹੇ ਪਾਉਨੀਅਰਾਂ ਨੇ ਇਹ ਫੁਲ ਲਾਏ ਸਨ," ਮੈਂ ਬਚਿਆਂ ਨੂੰ ਕਿਹਾ। "ਉਹ ਸੁਹਣੇ ਫੁਲ ਵੇਖਣ ਇਥੇ ਆਉਣਗੇ ਅਤੇ ਉਹਨਾਂ ਨੂੰ ਕੀ ਦਿਸੇਗਾ? ਇਹ ਨਾ ਭੁਲੋ ਕਿ ਤੁਸੀਂ ਲੋਕਾਂ ਵਿਚਕਾਰ ਰਹਿੰਦੇ ਹੋ। ਹਰ ਇਕ ਸੁਹਣੀਆਂ ਸ਼ੈਆਂ ਨੂੰ ਮਾਣਨਾ ਚਾਹੁੰਦਾ ਹੈ। ਸਾਡੇ ਇਥੇ ਸਕੂਲ ਵਿਚ ਬਹੁਤ ਸਾਰੇ ਫੁਲ ਹਨ ਪਰ ਜੇ ਹਰ ਵਿਦਿਆਰਥੀ ਬਸ ਇਕ ਫੁਲ ਤੋੜਨਾ ਸ਼ੁਰੂ ਕਰ ਦੇਵੇ ਤਾਂ ਕੀ ਹੋਵੇਗਾ? ਕੁਝ ਵੀ ਨਹੀਂ ਰਹਿ ਜਾਵੇਗਾ। ਲੋਕਾਂ ਦੇ ਵੇਖਣ ਲਈ ਕੁਝ ਸੁਹਣਾ ਨਹੀਂ ਰਹੇਗਾ। ਇਹ ਲਾਜ਼ਮੀ ਹੈ ਕਿ ਅਸੀਂ ਸੁਹਪਣ ਨੂੰ ਕਾਇਮ ਰਖੀਏ ਨਾ ਕਿ ਤਬਾਹ ਕਰੀਏ। ਜਦੋਂ ਪਤ-ਝੜ ਆਵੇਗੀ ਅਤੇ ਦਿਨ ਠੰਢੇ ਹੋ ਜਾਣਗੇ ਅਸੀਂ ਗੁਲ-ਦਾਊਦੀ ਲਾਵਾਂਗੇ ਅਤੇ ਉਹਨਾਂ ਨੂੰ ਗਰਮਖਾਨੇ ਵਿਚ ਰਖਾਂਗੇ। ਉਥੇ ਅਸੀਂ ਉਹਨਾਂ ਦਾ ਸੁਹਪਣ ਮਾਣਾਂਗੇ। ਇਕ ਫੁਲ ਤੋੜਣ ਲਈ ਤੁਹਾਨੂੰ ਦਸ ਬੀਜਣੇ ਚਾਹੀਦੇ ਹਨ।"

ਕੁਝ ਦਿਨ ਪਿਛੋਂ ਅਸੀਂ ਕਿਆਰੀ ਦੇ ਇਕ ਹੋਰ ਹਿਸੇ ਵਿਚ ਸਾਂ, ਜਿਥੇ ਹੋਰ ਜ਼ਿਆਦਾ ਗੁਲ-ਦਾਊਦੀ ਸਨ। ਬਚਿਆਂ ਨੇ ਫੁਲ ਨਾ ਤੋੜੇ; ਉਹਨਾਂ ਦਾ ਸੁਹਪਣ ਮਾਣਿਆ।

ਬਚਿਆਂ ਦਾ ਦਿਲ ਹੋਰ ਲੋਕਾਂ ਲਈ ਸੁਹਪਣ ਅਤੇ ਖ਼ੁਸ਼ੀ ਸਿਰਜਣ ਦੇ ਸਦੇ ਵਲ ਭਾਵੁਕ ਹੁੰਦਾ ਹੈ। ਇਹ ਗਲ ਮਹਤਵ-ਪੂਰਨ ਹੈ ਕਿ ਇਹਨਾਂ ਸਦਿਆਂ ਤੋਂ ਪਿਛੋਂ ਕੰਮ ਆਵੇ। ਜੇ ਬਚਾ ਇਹ ਅਨੁਭਵ ਕਰੇ ਕਿ ਉਹਦੇ ਨੇੜੇ ਲੋਕ ਹਨ, ਕਿ ਉਹਦੇ ਅਮਲ ਉਹਨਾਂ ਨੂੰ ਖ਼ੁਸ਼ੀ ਦੇ ਸਕਦੇ ਹਨ, ਉਹ ਆਪਣੀਆਂ ਇਛਾਵਾਂ ਨੂੰ ਛੋਟੀ ਉਮਰ ਤੋਂ ਹੀ ਹੋਰਾਂ ਦੇ ਹਿਤਾਂ ਨਾਲ ਸੁਮੇਲਣਾ ਸਿਖ ਲਵੇਗਾ। ਅਤੇ ਇਹ ਗਲ ਦਿਆਲਤਾ ਅਤੇ ਮਾਨਵਤਾ ਦੇ ਵਿਕਾਸ ਲਈ ਅਸਾਧਾਰਨ ਮਹਤਤਾ ਵਾਲੀ ਹੈ। ਜਿਹੜੇ ਲੋਕ ਆਪਣੀਆਂ ਨਿਜੀ ਇਛਾਵਾਂ ਦੀਆਂ ਸੀਮਾਵਾਂ ਨੂੰ ਨਹੀਂ ਜਾਣਦੇ ਉਹ ਕਦੀ ਚੰਗੇ ਨਾਗਰਿਕ ਨਹੀਂ ਬਣ ਸਕਦੇ। ਹਉਮੈਵਾਦੀ, ਸੁਆਰਥੀ ਲੋਕ, ਜਿਹੜੇ ਹੋਰਾਂ ਦੇ ਅੰਖਾਂ ਅਤੇ ਬਿਪਤਾਵਾਂ ਵਲੋਂ ਲਾਪਰਵਾਹ ਹੁੰਦੇ ਹਨ, ਉਹਨਾਂ ਕਦੀ ਬਚਪਨ ਵਿਚ ਆਪਣੀਆਂ ਇਛਾਵਾਂ ਨੂੰ ਕਾਬੂ ਵਿਚ ਰਖਣਾ ਨਹੀਂ ਸਿਖਿਆ ਅਤੇ ਸਮੂਹ ਦੀ ਭਲਾਈ ਵਲ ਧਿਆਨ ਨਹੀਂ ਦਿਤਾ। ਆਪਣੀਆਂ ਇਛਾਵਾਂ ਉਤੇ ਕਾਬੂ ਪਾਉਣਾ ਸਭ ਤੋਂ ਸਾਦੀ ਅਤੇ ਇਹਦੇ ਨਾਲ ਹੀ ਨਾਲ ਸਭ ਤੋਂ ਗੁੰਝਲਦਾਰ ਆਦਤ ਹੈ—ਇਹ ਮਾਨਵਤਾ, ਭਾਵੁਕਤਾ, ਦਿਲ ਦੇ ਨਿਘ ਅਤੇ ਸਵੈ-ਸੰਜਮ ਦਾ ਸੋਮਾ ਹੈ, ਜਿਸਤੋਂ ਬਿਨਾਂ ਵਿਅਕਤੀ ਦਾ ਕੋਈ ਅੰਤਹਕਰਣ ਨਹੀਂ ਹੁੰਦਾ ਅਤੇ ਉਹ ਸਚਾ ਮਨੁਖ ਨਹੀਂ ਹੁੰਦਾ।

ਅਤੇ ਇਥੇ ਇਕ ਵਾਰ ਫਿਰ ਬਚੇ ਨੂੰ ਅਸਲੀ ਮਨੁਖ ਬਣਨਾ ਸਿਖਾਉਣ ਵਿਚ ਮੁਢਲੇ ਵਰ੍ਹਿਆਂ ਦੀ ਮਹਤਤਾ ਉਤੇ ਜ਼ੋਰ ਦੇਣਾ ਲਾਜ਼ਮੀ ਹੈ। ਸਦਾਚਾਰਕ ਨਿਸ਼ਚੇ, ਵਤੀਰੇ ਅਤੇ ਆਦਤਾਂ ਦਾ ਭਾਵਨਾਵਾਂ ਨਾਲ ਨੇੜਵਾਂ ਸੰਬੰਧ ਹੈ। ਅਲੰਕਾਰਕ ਭਾਸ਼ਾ

ਵਿਚ ਭਾਵਨਾਵਾਂ ਸਦਾਚਾਰਕ ਪਧਰਾਂ ਦੇ ਅਮਲਾਂ ਲਈ ਉਪਜਾਊ ਭੋ ਹਨ। ਜਿਥੇ ਕੋਈ ਭਾਵੁਕਤਾ ਨਹੀਂ ਹੁੰਦੀ ਉਥੇ ਆਲੇ ਦੁਆਲੇ ਦੇ ਸੰਸਾਰ ਦੀ ਕੋਈ ਸੋਝੀ ਨਹੀਂ ਹੋ ਸਕਦੀ, ਲੋਕ ਆਤਮਹੀਣ ਅਤੇ ਹਿਰਦੇਹੀਣ ਬਣਕੇ ਵਡੇ ਹੁੰਦੇ ਹਨ। ਜੇ ਇਹ ਭਾਵਨਾਵਾਂ ਬਚਪਨ ਵਿਚ ਪੈਦਾ ਨਾ ਕੀਤੀਆਂ ਜਾਣ ਤਾਂ ਇਹਨਾਂ ਦੀ ਕਸਰ ਕਦੀ ਪੂਰੀ ਨਹੀਂ ਹੋ ਸਕਦੀ।

ਬਚੇ ਨੂੰ ਮਨੁਖੀ ਸੰਬੰਧਾਂ ਦੇ ਗੁਝਲਦਾਰ ਸੰਸਾਰ ਵਿਚੋਂ ਲੰਘਾਉਣਾ ਸਿਖਿਅਕ ਦੇ ਸਭ ਤੋਂ ਮਹਤਵ-ਪੂਰਨ ਕਾਰਜਾਂ ਵਿਚੋਂ ਇਕ ਹੈ। ਬਚੇ ਖ਼ੁਸ਼ੀ ਤੋਂ ਬਿਨਾਂ ਜਿਊਂਦੇ ਨਹੀਂ ਰਹਿ ਸਕਦੇ। ਸਾਡਾ ਸਮਾਜ ਇਹ ਗਲ ਨਿਸ਼ਚਿਤ ਬਣਾਉਣ ਲਈ ਕਿ ਬਚਪਨ ਖ਼ੁਸ਼ੀ ਦਾ ਸਮਾਂ ਹੋਵੇ ਸਭ ਕੁਝ ਕਰਦਾ ਹੈ। ਪਰ ਖ਼ੁਸ਼ੀ ਬੇਪਰਵਾਹ ਨਹੀਂ ਹੋਣੀ ਚਾਹੀਦੀ। ਜਦੋਂ ਬਚਾ ਆਪਣੇ ਵਡਿਆਂ ਵਲੋਂ ਧਿਆਨ ਨਾਲ ਪਾਲੇ ਖ਼ੁਸ਼ੀ ਦੇ ਰੁਖ ਤੋਂ ਫੁਲ ਤੋੜਦੇ ਹੋਏ ਇਸ ਗਲ ਦਾ ਧਿਆਨ ਨਹੀਂ ਰਖਦਾ ਕਿ ਹੋਰਨਾਂ ਲਈ ਕੀ ਰਹਿ ਗਿਆ ਹੈ ਤਾਂ ਉਹ ਮਨੁਖ ਦੇ ਸਭ ਤੋਂ ਮਹਤਵ-ਪੂਰਨ ਲਛਣਾਂ ਵਿਚੋਂ ਇਕ—ਅੰਤਹਕਰਣ—ਤੋਂ ਵਿਰਵਾ ਹੋ ਜਾਂਦਾ ਹੈ। ਇਸ ਤੋਂ ਪਹਿਲਾਂ ਕਿ ਬਚਾ ਸੋਸ਼ਲਿਸਟ ਸਮਾਜ ਦਾ ਭਾਵੀ ਨਾਗਰਿਕ ਹੋਣਾ ਅਨੁਭਵ ਕਰੇ, ਇਹ ਲਾਜ਼ਮੀ ਹੈ ਕਿ ਉਹ ਭਲੇ ਦੇ ਬਦਲੇ ਭਲਾ ਦੇਣਾ, ਆਪਣੇ ਹਥਾਂ ਨਾਲ ਹੋਰਨਾਂ ਲਈ ਖ਼ੁਸ਼ੀ ਅਤੇ ਹੁਲਾਸ ਸਿਰਜਣਾ ਸਿਖੇ।

**ਖ਼ੁਸ਼ੀ ਦੇ ਸਕੂਲ** ਦੀ ਸਿਰਜਣਾ ਤੋਂ ਪਹਿਲਾਂ ਮੈਂ ਇਸ ਸੰਬੰਧੀ ਫ਼ਿਕਰਮੰਦ ਸਾਂ ਕਿ ਕਈ ਮਾਤਾ ਪਿਤਾ ਆਪਣੇ ਬਚਿਆਂ ਲਈ ਅਨੁਭਵੀ ਪਿਆਰ ਦੇ ਅੰਨ੍ਹੇ ਹੋਏ, ਉਹਨਾਂ ਵਿਚ ਚੰਗਿਆਈ ਵੇਖਦੇ ਹਨ ਅਤੇ ਬੁਰਾਈ ਨੂੰ ਭੁਲ ਜਾਂਦੇ ਹਨ। ਮੈਨੂੰ ਚੇਤੇ ਹੈ ਕਿਵੇਂ ਇਕ ਚਾਰ ਵਰ੍ਹਿਆਂ ਦਾ ਬਚਾ ਟਟੀ ਜਾਣ ਦੀ ਥਾਂ ਆਪਣੀ ਮਾਂ ਅਤੇ ਉਹਦੀ ਗੁਆਂਢਣ ਸਾਹਮਣੇ ਹੀ ਗੰਦ ਕਰ ਦੇਂਦਾ। ਮਾਂ ਗ਼ੁਸੇ ਨਾ ਹੁੰਦੀ ਸਗੋਂ ਪ੍ਰਭਾਵਤ ਹੁੰਦੀ: "ਵੇਖੋ ਸਾਡਾ ਪੁਤਰ ਕਿੰਨਾ ਚੁਸਤ ਹੈ—ਉਹ ਕਿਸੇ ਗਲੋਂ ਨਹੀਂ ਡਰਦਾ।" ਮੁੰਡਾ ਗੁਸਤਾਖ਼ ਢੰਗ ਨਾਲ ਉਹਦੇ ਵਲ ਵੇਖਦਾ, ਪਹਿਲਾਂ ਬੁਲ੍ਹ ਅਟੇਰਦਾ ਫਿਰ ਘਿਰਣਾ ਨਾਲ ਦੰਦੀਆਂ ਕਢਦਾ; ਉਹ ਪਹਿਲਾਂ ਹੀ ਕੋਈ ਘਿਰਣਾਯੋਗ ਸ਼ੈ ਬਣ ਚੁਕਾ ਸੀ, ਜਿਸਨੂੰ ਰੋਕਿਆ ਨਾ ਗਿਆ, ਜੇ ਕੋਈ ਉਹਨੂੰ ਆਪਣੇ ਆਪ ਨੂੰ ਹੋਰਾਂ ਦੀਆਂ ਅਖਾਂ ਨਾਲ ਵੇਖਣ ਉਤੇ ਮਜਬੂਰ ਨਾ ਕਰੇ ਤਾਂ ਉਹਦਾ ਬਦਮਾਸ਼ ਬਣ ਜਾਣਾ ਸੰਭਵ ਸੀ।

ਮੈਨੂੰ ਵੋਲੋਦੀਆ ਦੀ ਮਾਂ ਨਾਲ ਇਕ ਤੋਂ ਵਧ ਵਾਰ ਗਲ ਕਰਨੀ ਪਈ। ਜਿਉਂ ਹੀ ਉਹ ਕੁਝ ਕਹਿਣ ਲਗਦੀ, ਉਹਦਾ ਪੁਤਰ ਉਹਦੇ ਕਪੜੇ ਖਿਚਣ ਲਗ ਪੈਂਦਾ ਅਤੇ ਉਹ ਹਥ ਧਰੂਹ ਲੈਂਦਾ। ਉਹਨੇ ਸਦਾ ਹੀ ਉਹਨੂੰ ਕੋਈ ਜ਼ਰੂਰੀ ਗਲ ਦਸਣੀ ਹੁੰਦੀ। ਦਖ਼ਲ ਦੇਣਾ ਅਤੇ ਧਿਆਨ ਮੰਗਣਾ ਬਚੇ ਦੀ ਖ਼ੁਦਗਰਜ਼ੀ ਦੀਆਂ ਵੰਨਗੀਆਂ ਹਨ, ਜਿਨ੍ਹਾਂ ਦੇ ਸੋਮੇ ਉਹਨੂੰ ਹਰ ਗਲ ਮਾਫ਼ ਕਰਨਾ, ਤੋਤਲੀ ਬੋਲੀ ਅਤੇ

ਗੁਸਤਾਖੀ। ਕੁਝ ਮਾਤਾ ਪਿਤਾ (ਅਤੇ ਮੰਦੇ ਭਾਗੀਂ ਕੁਝ ਅਧਿਆਪਕ ਵੀ) ਇਹ ਸਮਝਦੇ ਹਨ ਕਿ ਬਚੇ ਨਾਲ ਗਲ ਕਰਦੇ ਹੋਏ ਬੰਦੇ ਨੂੰ ਹਮੇਸ਼ਾ ਆਵਾਜ਼ ਦਾ ਬਚਗਾਨਾ ਢੰਗ ਵਰਤਣਾ ਚਾਹੀਦਾ ਹੈ। ਬਚਾ ਇਸ ਢੰਗ ਨੂੰ ਤੋਤਲਾਪੁਣਾ ਸਮਝਦਾ ਹੈ। ਬਚੇ ਦਾ ਅਣ-ਅਨੁਭਵੀ ਦਿਲ ਵਡੇ ਵਲੋਂ ਇਸ ਬਚਗਾਨਾ ਲੁਤਰ ਲੁਤਰ ਦਾ ਉਤਰ ਭੈੜੇ ਵਤੀਰੇ ਨਾਲ ਦੇਂਦਾ ਹੈ। ਮੈਂ ਬੋਲਣ ਦੇ ਉਸ ਢੰਗ ਵਿਚ ਛੁਪੇ ਖ਼ਤਰਿਆਂ ਤੋਂ ਹਮੇਸ਼ਾ ਸੁਚੇਤ ਰਹਿੰਦਾ ਹਾਂ ਅਤੇ ਇਕ ਛਿਣ ਲਈ ਵੀ ਇਹ ਨਹੀਂ ਭੁਲਦਾ ਕਿ ਹਰ ਨਿਕੇ ਵਿਅਕਤੀ ਵਿਚ ਭਵਿਖ ਦਾ ਇਕ ਨਾਗਰਿਕ ਹੈ। ਜਦੋਂ ਹੋਰ ਲੋਕਾਂ ਲਈ ਕੰਮ ਕਰਨਾ ਵਿਚਾਰ ਅਧੀਨ ਸੀ ਤਾਂ ਅਜਿਹਾ ਵਤੀਰਾ ਮੈਨੂੰ ਅਸਾਧਾਰਨ ਤੌਰ ਉਤੇ ਮਹਤਵ-ਪੂਰਨ ਜਾਪਿਆ। ਬਚਿਆਂ ਦੇ ਕੰਮ ਵਿਚ ਅਕਸਰ ਜਿਹੜੀ ਸਭ ਤੋਂ ਭੈੜੀ ਗਲ ਵਾਪਰਦੀ ਹੈ ਉਹ ਇਹ ਵਿਚਾਰ ਹੈ ਕਿ ਉਹ ਵਡਿਆਂ ਉਤੇ ਕੋਈ ਕਿਰਪਾ ਕਰ ਰਹੇ ਹਨ ਅਤੇ ਇਸ ਲਈ ਉਹਨਾਂ ਨੂੰ ਬਹੁਤ ਸ਼ਲਾਘਾ ਜਾਂ ਇਥੋਂ ਤਕ ਕਿ ਕੋਈ ਇਨਾਮ ਮਿਲਣਾ ਚਾਹੀਦਾ ਹੈ।

...ਪਤ-ਝੜ ਦੀ ਰੁਤੇ ਅਸਾਂ ਗੁਲ-ਦਾਊਦੀ ਦੇ ਬੂਟਿਆਂ ਦੇ ਗਚ ਕਢ ਲਏ ਅਤੇ ਉਹਨਾਂ ਨੂੰ ਗਰਮਖਾਨੇ ਵਿਚ ਲਾਇਆ। ਇਹ ਪਿੰਡ ਦੇ ਬਚਿਆਂ ਲਈ ਯੋਗ ਕੰਮ ਸੀ। ਬਚੇ ਲਾਈ ਪਨੀਰੀ ਨੂੰ ਰੋਜ਼ ਪਾਣੀ ਦੇਂਦੇ ਅਤੇ ਪਹਿਲੇ ਫੁਲਾਂ ਦੇ ਪ੍ਰਗਟ ਹੋਣ ਦੀ ਬੇਸਬਰੀ ਨਾਲ ਉਡੀਕ ਕਰਦੇ। ਗਰਮਖਾਨਾ ਇਕ ਅਦਭੁਤ ਨੁਕਰ ਬਣ ਗਿਆ। "ਤੇ ਆਓ· ਹੁਣ ਅਸੀਂ ਪ੍ਰਾਹੁਣਿਆਂ ਨੂੰ ਬੁਲਾਈਏ", ਮੈਂ ਬਚਿਆਂ ਨੂੰ ਕਿਹਾ। "ਅਸੀਂ ਕਿਨ੍ਹਾਂ ਨੂੰ ਬੁਲਾਵਾਂਗੇ?" ਉਹਨਾਂ ਵਿਚੋਂ ਕਈਆਂ ਦੇ ਨਿਕੇ ਭੈਣ ਭਰਾ ਸਨ। ਉਹ ਉਹਨਾਂ ਦੇ ਹਥ ਫੜਕੇ ਉਹਨਾਂ ਨਿਕਿਆਂ ਨੂੰ ਗਰਮਖਾਨਿਆਂ ਵਿਖੇ ਲਿਆਏ। ਨਿਕਿਆਂ ਨੇ ਗੁਲ-ਦਾਊਦੀਆਂ ਵਲ ਹਥ ਵਧਾਏ ਪਰ ਮੇਰੇ ਬਚਿਆਂ ਨੇ ਉਹਨਾਂ ਨੂੰ ਪੁਟਣ ਨਾ ਦਿਤਾ।

"ਜੇ ਅਸਾਂ ਚੋਖੇ ਗੁਲ ਦਾਊਦੀ ਉਗਾ ਲਏ ਤਾਂ ਅਸੀਂ ਇਸਤ੍ਰੀਆਂ ਦੇ ਕੌਮਾਂਤਰੀ ਦਿਵਸ, ੮ ਮਾਰਚ ਨੂੰ ਸਾਰੀਆਂ ਮਾਵਾਂ ਨੂੰ ਇਕ ਇਕ ਗੁਲ-ਦਾਊਦੀ ਦਿਆਂਗੇ", ਮੈਂ ਬਚਿਆਂ ਨੂੰ ਕਿਹਾ। ਇਸ ਆਸ਼ੇ ਨੇ ਬਚਿਆਂ ਨੂੰ ਪ੍ਰੇਰਨਾ ਦਿਤੀ ਅਤੇ ਮਾਰਚ ਦੇ ਸ਼ੁਰੂ ਵਿਚ ਸਾਡੇ ਕੋਲ ਚੋਖੇ ਫੁਲ ਸਨ। ਅਸਾਂ ਮਾਵਾਂ ਨੂੰ ਤਿਹਾਰ ਲਈ ਸਦਾ ਦਿਤਾ, ਉਹਨਾਂ ਨੂੰ ਗਰਮਖਾਨਾ ਵਿਖਾਇਆ ਅਤੇ ਉਹਨਾਂ ਸਾਰੀਆਂ ਨੂੰ ਸੁਹਣੇ ਫੁਲ ਦਿਤੇ। ਗਾਲੀਆ ਦੀ ਮਤਰੇਈ ਮਾਂ ਉਹਦੇ ਨਾਲ ਆਈ ਅਤੇ ਨਿਕੀ ਕੁੜੀ ਨੇ ਉਹਨੂੰ ਗੁਲ-ਦਾਊਦੀ ਦਿਤਾ। ਮੈਂ ਕਈ ਵਾਰ ਗਾਲੀਆ ਨਾਲ ਮਤਰੇਈ ਮਾਂ ਨਾਲ ਉਹਦੇ ਸੰਬੰਧਾਂ ਸੰਬੰਧੀ ਗਲ ਕੀਤੀ ਸੀ, ਮੈਨੂੰ ਨਿਸ਼ਚਾ ਸੀ ਕਿ ਉਹ ਚੰਗਾ ਜੀਵ ਹੈ ਅਤੇ ਮੇਰੀ ਗਲ ਉਹਦੇ ਦਿਲ ਲਗੀ। ਮੈਨੂੰ ਖੁਸ਼ੀ ਸੀ ਕਿ ਕੋਲੀਆ ਅਤੇ ਤੋਲੀਆ ਦੀਆਂ ਮਾਵਾਂ, ਸਾਸ਼ਾ ਦੀ ਦਾਦੀ ਅਤੇ ਕੋਸਤੀਆ ਦੀ ਮਤਰੇਈ ਮਾਂ ਸਾਡੀ ਦਾਹਵਤ ਵਿਚ ਆਈਆਂ।

ਬਹੁਤ ਕੁਝ ਅਜਿਹਾ ਹੈ ਜਿਹੜਾ ਨਿਕੇ ਬਚੇ ਨੂੰ ਨਹੀਂ ਸਮਝਾਇਆ ਜਾ ਸਕਦਾ। ਸਾਊਪੁਣੇ ਸੰਬੰਧੀ ਸੁਹਣੇ ਸ਼ਬਦ ਉਹਦੇ ਦਿਲ ਉਤੇ ਪ੍ਰਭਾਵ ਨਹੀਂ ਪਾਉਂਦੇ ਪਰ ਬਚਾ ਵੀ ਆਪਣੇ ਦਿਲ ਵਿਚ ਮਾਨਵਤਾ ਦਾ ਸੁਹਪਣ ਅਨੁਭਵ ਕਰ ਸਕਦਾ ਹੈ। **ਖ਼ੁਸ਼ੀ ਦੇ ਸਕੂਲ** ਦੇ ਪਹਿਲੇ ਦਿਨਾਂ ਤੋਂ ਹੀ ਮੈਂ ਹਰ ਸ਼ਾਗਿਰਦ ਨੂੰ ਹੋਰ ਲੋਕਾਂ ਦੀ ਖ਼ੁਸ਼ੀ, ਗ਼ਮ, ਦੁਖ ਅਤੇ ਬਿਪਤਾਵਾਂ ਅਨੁਭਵ ਕਰਨਾ ਸਿਖਾਇਆ। ਪਤ-ਝੜ ਅਤੇ ਬਸੰਤ ਵਿਚ ਅਸੀਂ ਅਕਸਰ ਮਖਿਆਰੀਆਂ ਪਾਲਣ ਵਾਲੇ ਦਾਦਾ ਆਂਦਰੇਈ ਨੂੰ ਮਿਲਣ ਜਾਂਦੇ। ਬੁਢੇ ਦਾ ਆਪਣਾ ਟਬਰ ਹੈ ਨਹੀਂ ਸੀ ਅਤੇ ਇਕਲੇ ਰਹਿਣਾ ਉਹਦੇ ਲਈ ਬੜੇ ਦੁਖ ਦਾ ਕਾਰਨ ਸੀ। ਬਚਿਆਂ ਅਨੁਭਵ ਕੀਤਾ ਕਿ ਸਾਡੇ ਜਾਣ ਨਾਲ ਦਾਦਾ ਆਂਦਰੇਈ ਖ਼ੁਸ਼ ਹੁੰਦਾ। ਉਹਨੂੰ ਮਿਲਣ ਜਾਣ ਤੋਂ ਪਹਿਲਾਂ ਮੈਂ ਬਚਿਆਂ ਨੂੰ ਕਿਹਾ ਕਿ ਉਹ ਸਿਉ, ਅੰਗੂਰ, ਆਲੂ-ਬੁਖ਼ਾਰੇ ਅਤੇ ਜੰਗਲੀ ਫੁਲ ਦਾਦੇ ਲਈ ਇਕਠੇ ਕਰਨ: ਉਹ ਲੈਕੇ ਉਹ ਖ਼ੁਸ਼ ਹੋਵੇਗਾ। ਬਚਿਆਂ ਦੇ ਦਿਲ ਹੋਰ ਰੰਆਂ, ਅਨੁਭਵਾਂ, ਅਤੇ ਭਾਵਨਾਵਾਂ ਵਲ ਵਧੇਰੇ ਸੂਖਮ ਹੋ ਗਏ। ਬਚਿਆਂ ਆਪ ਇਸ ਗਲ ਦੀ ਭਾਲ ਸ਼ੁਰੂ ਕਰ ਦਿਤੀ ਕਿ ਉਹ ਬੁਢੇ ਨੂੰ ਕਿਸ ਕਿਸਮ ਦੀ ਖ਼ੁਸ਼ੀ ਦੇ ਸਕਦੇ ਹਨ। ਇਕ ਦਿਨ ਅਸਾਂ ਜੰਗਲ ਵਿਚ ਦਲੀਆ ਬਣਾਇਆ। ਜਦੋਂ ਅਗ ਮਘ ਪਈ ਤਾਂ ਬਚਿਆਂ ਨੂੰ ਕਿੰਨੇ ਖ਼ੁਸ਼ੀ ਭਰੇ ਅਨੁਭਵ ਹੋਏ।... ਅਤੇ ਖ਼ੁਸ਼ੀ ਦੀ ਐਨ ਉਸ ਘੜੀ ਵਾਰੀਆ ਨੇ ਸੋਚੀਂ ਪਏ ਹੋਏ ਕਿਹਾ:

"ਪਰ ਦਾਦਾ ਆਂਦਰੇਈ ਇਸ ਸਮੇਂ ਇਕਲਾ ਹੈ।"

ਬਚੇ ਸੋਚੀਂ ਪੈ ਗਏ। ਹੋ ਸਕਦਾ ਹੈ ਇਹ ਕੁਝ ਬਾਲਗ਼ਾਂ ਨੂੰ ਭਾਵੁਕ ਜਾਪੇ; ਸ਼ਾਇਦ ਕੋਈ ਸੋਚਦਾ ਹੋਵੇ: ਕੀ ਸਤ ਸਾਲਾਂ ਦੇ ਬਚੇ ਸੂਖਮ ਮਨੋ-ਵੇਗ ਦੇ ਯੋਗ ਹਨ? ਹਾਂ, ਮੇਰੇ ਪਿਆਰੇ ਸਾਥੀ ਅਧਿਆਪਕੋ, ਜੇ ਐਨ ਉਸ ਉਮਰੇ ਬਚੇ ਦੀ ਆਤਮਕ ਭਾਵੁਕਤਾ ਨੂੰ ਤਿਖਾ ਕੀਤਾ ਜਾਵੇ, ਜੇ ਇਹ ਮਹਾਨ ਸਚਾਈ ਕਿ ਉਹ ਹੋਰ ਲੋਕਾਂ ਵਿਚਕਾਰ ਰਹਿੰਦਾ ਹੈ ਬਚੇ ਨੂੰ ਚੰਗੀ ਤਰ੍ਹਾਂ ਸਮਝਾ ਦਿਤੀ ਜਾਵੇ, ਬਚਾ ਆਪਣੀਆਂ ਖ਼ੁਸ਼ੀਆਂ ਹੋਰਾਂ ਨਾਲ ਸਾਂਝੀਆਂ ਕਰਨਾ ਚਾਹੇਗਾ। ਇਹ ਵਿਚਾਰ ਕਿ ਉਹ ਉਸ ਸਮੇਂ ਮੌਜਾਂ ਮਾਣ ਰਿਹਾ ਹੈ ਜਦੋਂ ਉਹਦਾ ਮਿਤਰ ਇਕਲਾ ਹੈ ਉਹਨੂੰ ਉਦਾਸ ਕਰੇਗਾ।

ਬਚਿਆਂ ਨੇ ਆਪਣੀ ਖ਼ੁਸ਼ੀ ਦਾਦਾ ਆਂਦਰੇਈ ਨਾਲ ਸਾਂਝੀ ਕਰਨੀ ਚਾਹੀ। "ਆਓ ਅਸੀਂ ਕੁਝ ਕਾਸ਼ਾ ਅਤੇ ਚਰਬੀ ਵਾਲਾ ਪੁਠ ਦਾ ਮਾਸ ਲਿਜਾਈਏ..." ਕੋਸਤੀਆ ਨੇ ਕਿਹਾ। ਇਸ ਗਲ ਦਾ ਉਤੇਜਨਾ ਨਾਲ ਸੁਆਗਤ ਕੀਤਾ ਗਿਆ। ਬਚੇ ਉਹਦੇ ਲਈ ਇੰਨਾ ਦਲੀਆ ਲਿਆਏ ਕਿ ਕੋਈ ਭੁਖਾ ਰਿਛ ਵੀ ਉਹ ਸਾਰਾ ਨਾ ਖਾ ਸਕਦਾ। ਅਸਾਂ ਮਖਿਆਰੀਆਂ ਪਾਲਣ ਵਾਲੀ ਥਾਂ ਇਕ ਵਾਰ ਫਿਰ ਖਾਣਾ ਖਾਧਾ, ਇਸ ਵਾਰ ਦਾਦਾ ਆਂਦਰੇਈ ਨਾਲ।

ਖ਼ੁਸ਼ੀ ਅਤੇ ਗ਼ਮ ਲਈ ਭਾਵੁਕਤਾ ਕੇਵਲ ਬਚਪਨ ਵਿਚ ਹੀ ਪੈਦਾ ਕੀਤੀ ਜਾ ਸਕਦੀ ਹੈ। ਇਸ ਉਮਰੇ ਦਿਲ ਮਨੁਖੀ ਦੁਖਾਂ, ਬਦਕਿਸਮਤੀ, ਉਪਰਾਮਤਾ ਅਤੇ

ਇਕਲ ਨੂੰ ਵਿਸ਼ੇਸ਼ ਤੌਰ ਉਤੇ ਅਨੁਭਵ ਕਰਦਾ ਹੈ। ਬਚਾ ਹੌਰ ਦਾ ਹੌਰ ਹੋ ਗਿਆ ਜਾਪਦਾ ਹੈ, ਉਹ ਦੂਜੇ ਬੰਦੇ ਦੀ ਥਾਂ ਆਪਣੇ ਆਪ ਨੂੰ ਵੇਖਦਾ ਹੈ। ਮੈਨੂੰ ਯਾਦ ਹੈ ਇਕ ਵਾਰ ਜਦੋਂ ਅਸੀਂ ਜੰਗਲ ਤੋਂ ਮੁੜ ਰਹੇ ਸਾਂ ਤਾਂ ਅਸਾਂ ਇਕ ਕਲੀ-ਕਾਰੀ ਝੁਗੀ ਵੇਖੀ, ਜਿਸ ਉਤੇ ਹਰ ਪਾਸਿਓਂ ਹਵਾ ਪੈਂਦੀ। ਮੈਂ ਬਚਿਆਂ ਨੂੰ ਦਸਿਆ ਕਿ ਮਹਾਨ ਦੇਸਭਗਤਕ ਯੁਧ ਵਿਚ ਨਾਕਾਰਾ ਹੋਇਆ ਇਕ ਬੰਦਾ ਉਹਦੇ ਵਿਚ ਰਹਿੰਦਾ ਹੈ। ਉਹ ਬਿਮਾਰ ਸੀ ਅਤੇ ਸਿਉ ਦੇ ਰੁਖ ਜਾਂ ਅੰਗੂਰ ਦੀਆਂ ਵੇਲਾਂ ਨਹੀਂ ਸੀ ਬੀਜ ਸਕਦਾ। ਬਚਿਆਂ ਦੀਆਂ ਅਖਾਂ ਵਿਚ ਹੰਝੂ ਆ ਗਏ। ਹਰ ਬਚੇ ਨੇ ਬਿਮਾਰ ਬੰਦੇ ਦੇ ਇਕਲ ਨੂੰ ਅਨੁਭਵ ਕੀਤਾ। ਅਸਾਂ ਉਹਦੇ ਲਈ ਸੁਗ਼ਾਤ ਵਜੋ ਸਿਉ ਦੇ ਦੋ ਰੁਖ ਅਤੇ ਅੰਗੂਰ ਦੀਆਂ ਦੋ ਵੇਲਾਂ ਲਾਈਆਂ। ਅਤੇ ਇਹਦੇ ਇਵਜ਼ ਅਸਾਂ ਅਤਿ-ਅੰਤ ਵਡਮੁਲੀ ਖ਼ੁਸ਼ੀ ਅਨੁਭਵ ਕੀਤੀ—ਕਿਸੇ ਹੌਰ ਮਨੁਖ ਲਈ ਖ਼ੁਸ਼ੀ ਸਿਰਜਣ ਦੀ ਖ਼ੁਸ਼ੀ।

ਗ਼ਮ ਅਤੇ ਦੁਖ ਲਈ ਭਾਵੁਕਤਾ ਅਤੇ ਹਮਦਰਦੀ ਪੈਦਾ ਕਰਨਾ ਸੌਵੀਅਤ ਸਕੂਲ ਦੇ ਕਾਰਜਾਂ ਵਿਚੋਂ ਇਕ ਹੈ। ਬੰਦਾ ਕਿਸੇ ਹੌਰ ਮਨੁਖ ਦਾ ਮਿਤਰ, ਸਾਥੀ ਅਤੇ ਭਰਾ ਤਾਂ ਹੀ ਬਣ ਸਕਦਾ ਹੈ ਜੇ ਉਹਦਾ ਗ਼ਮ ਉਸ ਮਨੁਖ ਦਾ ਆਪਣਾ ਬਣ ਜਾਵੇ। **ਇਹ ਲਾਜ਼ਮੀ ਹੈ ਕਿ ਬਚਾ ਉਹ ਕੁਝ ਅਨੁਭਵ ਕਰੇ ਜੋ ਕਿਸੇ ਹੌਰ ਮਨੁਖ ਦੇ ਦਿਲ ਵਿਚ ਹੈ।** ਇਉਂ ਉਹ ਮਹਤਵ-ਪੂਰਨ ਕਾਰਜ ਸੂਤਰਬਧ ਕੀਤਾ ਜਾ ਸਕਦਾ ਹੈ ਜਿਹੜਾ ਮੈਂ ਆਪਣੇ ਸਾਹਮਣੇ ਰਖਿਆ ਸੀ।

ਜੇ ਜੋ ਕੁਝ ਉਹਦਾ ਸਾਥੀ, ਮਿਤਰ, ਮਾਂ, ਪਿਤਾ ਜਾਂ ਵਤਨੀ ਅਨੁਭਵ ਕਰਦਾ ਹੈ ਬਚੇ ਲਈ ਲਾਪਰਵਾਹੀ ਦਾ ਮਾਮਲਾ ਹੈ, ਜੇ ਬਚਾ ਕਿਸੇ ਹੌਰ ਮਨੁਖ ਦੀਆਂ ਅਖਾਂ ਵਿਚ ਉਹ ਕੁਝ ਨਹੀਂ ਵੇਖਦਾ ਜੋ ਕੁਝ ਉਹਦੇ ਦਿਲ ਵਿਚ ਹੈ ਤਾਂ ਉਹ ਕਦੀ ਅਸਲੀ ਮਨੁਖ ਨਹੀਂ ਬਣ ਸਕਦਾ। ਮੈਂ ਆਪਣੇ ਵਿਦਿਆਰਥੀਆਂ ਦੇ ਦਿਲਾਂ ਦੀ ਅਨੁਭਵਤਾ ਤਿਖੀ ਕਰਨ ਦਾ ਜਤਨ ਕੀਤਾ ਤਾਂ ਜੁ ਉਹ ਕੇਵਲ ਉਹਨਾਂ ਦੀਆਂ ਅਖਾਂ ਵਿਚ ਹੀ ਨਹੀਂ ਜਿਨ੍ਹਾਂ ਨੂੰ ਉਹ ਨਿਤ ਮਿਲਦੇ ਸਨ, ਸਗੋਂ "ਸਬਬੀ ਤੌਰ ਉਤੇ" ਮਿਲਣ ਵਾਲਿਆਂ ਦੀਆਂ ਅਖਾਂ ਵਿਚ ਵੀ ਭਾਵਨਾਵਾਂ, ਅਨੁਭਵ, ਖ਼ੁਸ਼ੀਆਂ ਅਤੇ ਗ਼ਮ ਵੇਖ ਸਕਣ।

ਅਸੀਂ ਜੰਗਲ ਤੋਂ ਵਾਪਸ ਆ ਰਹੇ ਸਾਂ ਅਤੇ ਬੁਢੇ ਨੂੰ ਸੜਕ ਦੇ ਕੰਢੇ ਘਾਹ ਉਤੇ ਬੈਠੇ ਹੋਏ ਵੇਖਿਆ। ਉਹ ਕਿਸੇ ਕਾਰਨ ਪ੍ਰੇਸ਼ਾਨ ਜਾਪਦਾ ਸੀ। "ਉਹਨੂੰ ਕੁਝ ਹੋ ਗਿਆ ਹੈ," ਮੈਂ ਬਚਿਆਂ ਨੂੰ ਕਿਹਾ। "ਸ਼ਾਇਦ ਉਹ ਸਫ਼ਰ ਸਮੇਂ ਬਿਮਾਰ ਹੋ ਗਿਆ ਹੈ ਜਾਂ ਉਹਦਾ ਕੁਝ ਗੁਆਚ ਗਿਆ ਹੈ।" ਅਸੀਂ ਬੁਢੇ ਕੌਲ ਗਏ ਅਤੇ ਪੁਛਿਆ: "ਦਾਦਾ, ਅਸੀਂ ਤੇਰੀ ਕਿਵੇਂ ਸਹਾਇਤਾ ਕਰ ਸਕਦੇ ਹਾਂ?" ਬੁਢੇ ਨੇ ਲੰਮਾ ਸਾਹ ਭਰਿਆ। "ਬਚਿਓ, ਤੁਹਾਡੀ ਮਿਹਰਬਾਨੀ," ਉਹਨੇ ਕਿਹਾ। "ਤੁਸੀਂ ਭਾਵੇਂ ਮੇਰੀ ਸਹਾਇਤਾ ਕਰਨਾ ਕਿੰਨਾ ਚਾਹੋ, ਤੁਸੀਂ ਨਹੀਂ ਕਰ ਸਕਣ ਲਗੇ। ਮੇਰੀ

ਘਰਵਾਲੀ ਹਸਪਤਾਲ ਵਿਚ ਮਰ ਰਹੀ ਏ। ਮੈਂ ਉਥੇ ਜਾ ਰਿਹਾਂ। ਮੈਂ ਤਾਂ ਬਸ ਦੇ ਆਉਣ ਦੀ ਉਡੀਕ ਹੀ ਕਰ ਰਿਹਾਂ। ਤੁਸੀਂ ਸਹਾਇਤਾ ਕਰਨ ਲਈ ਕੁਝ ਨਹੀਂ ਕਰ ਸਕਦੇ ਪਰ ਤੁਸਾਂ ਮੇਰਾ ਮਨ ਹੌਲਾ ਕਰ ਦਿਤੈ। ਹੁਣ ਮੈਂ ਇਹ ਜਾਣ ਗਿਆਂ ਕਿ ਅਜੇ ਦੁਨੀਆਂ ਵਿਚ ਚੰਗੇ ਮਨੁਖ ਹੈ ਨੇ"। ਬਚੇ ਚੁਪ ਹੋ ਗਏ; ਉਹਨਾਂ ਦੀਆਂ ਲਾਪਰਵਾਹ ਗਲਾਂ ਬੰਦ ਹੋ ਗਈਆਂ। ਉਹ ਬੁਢੇ ਦੀ ਉਦਾਸ ਗਲ ਦਾ ਪ੍ਰਭਾਵ ਲੈਕੇ ਆਪਣੇ ਰਾਹ ਘਰ ਵਲ ਚਲ ਪਏ। ਉਹ ਥੋੜ੍ਹੀ ਦੇਰ ਹੋਰ ਖੇਡਣਾ ਚਾਹੁੰਦੇ ਸਨ, ਪਰ ਉਹ ਖੇਡ ਭੁਲ ਗਏ ਅਤੇ ਘਰ ਚਲੇ ਗਏ।

ਵਿਦਿਆ ਦਾ ਸਭ ਤੋਂ ਔਖਾ ਕਾਰਜ **ਭਾਵਨਾਵਾਂ ਸਿਖਾਉਣਾ** ਹੈ। ਨਿਘੇ ਦਿਲ, ਭਾਵੁਕਤਾ, ਸੁਹਿਰਦਤਾ ਅਤੇ ਦਇਆ ਦਾ ਸਕੂਲ ਮਿਤਰਤਾ, ਸਾਥੀਪੁਣਾ ਅਤੇ ਭਰਾਤ੍ਰੀਅਤਾ ਹੈ। ਜਦੋਂ ਉਹ ਹੋਰਨਾਂ ਦੀ ਖ਼ੁਸ਼ੀ, ਖੇੜੇ ਅਤੇ ਅੰਦਰਲੇ ਅਮਨ ਲਈ ਕੁਝ ਕਰਦਾ ਹੈ ਤਾਂ ਹੋਰਨਾਂ ਦੇ ਅਤਿ-ਅੰਤ ਸੂਖਮ ਅਨੁਭਵਾਂ ਨੂੰ ਅਨੁਭਵ ਕਰਦਾ ਹੈ। ਜੇ ਮਾਤਾ, ਪਿਤਾ, ਦਾਦੀ, ਨਾਨੀ, ਦਾਦੇ ਅਤੇ ਨਾਨੇ ਲਈ ਨਿਕੇ ਬਚੇ ਦੇ ਪਿਆਰ ਨੂੰ ਚੰਗਿਆਈ ਦੀ ਸਿਰਜਣਾ ਨਾਲ ਨਾ ਪ੍ਰੇਰਿਆ ਜਾਵੇ ਤਾਂ ਇਹ ਹਉਮੈਵਾਦੀ ਭਾਵਨਾ ਵਿਚ ਤਬਦੀਲ ਹੋ ਜਾਂਦੀ ਹੈ। ਬਚਾ ਆਪਣੀ ਮਾਂ ਨੂੰ ਕੇਵਲ ਇਸ ਲਈ ਪਿਆਰ ਕਰਦਾ ਹੈ ਕਿ ਉਹ ਉਹਦੇ ਲਈ ਖ਼ੁਸ਼ੀ ਦਾ ਸੋਮਾ ਹੈ ਅਤੇ ਬਚੇ ਨੂੰ ਖ਼ੁਸ਼ੀ ਦੀ ਲੋੜ ਹੁੰਦੀ ਹੈ। ਪਰ ਇਹ ਲਾਜ਼ਮੀ ਹੈ ਕਿ ਬੰਦਾ ਬਚੇ ਦੇ ਦਿਲ ਵਿਚ ਹੋਰ ਸਚਾ ਪਿਆਰ ਬਿਠਾਏ—ਹੋਰ ਲੋਕਾਂ ਦੀ ਹੋਣੀ ਸੰਬੰਧੀ ਚਿੰਤਾ, ਉਤੇਜਨਾ, ਫ਼ਿਕਰ ਅਤੇ ਚਿੰਤਾ। ਸਚਾ ਪਿਆਰ ਕੇਵਲ ਉਸ ਮਨੁਖ ਦੇ ਦਿਲ ਵਿਚ ਪੈਦਾ ਹੁੰਦਾ ਹੈ ਜਿਸਨੂੰ ਹੋਰਨਾਂ ਦੀਆਂ ਹੋਣੀਆਂ ਸੰਬੰਧੀ ਚਿੰਤਾ ਹੈ। ਇਹ ਲਾਜ਼ਮੀ ਹੈ ਕਿ ਬਚੇ ਦਾ ਕੋਈ ਅਜਿਹਾ ਮਿਤਰ ਹੋਵੇ ਜਿਸਦਾ ਉਹ ਧਿਆਨ ਰਖ ਸਕਦਾ ਹੋਵੇ। ਮਖਿਆਰੀਆਂ ਪਾਲਣ ਵਾਲਾ ਦਾਦਾ ਆਂਦਰੇਈ ਮੇਰੇ ਵਿਦਿਆਰਥੀਆਂ ਲਈ ਅਜਿਹਾ ਹੀ ਮਿਤਰ ਬਣ ਗਿਆ। ਮੈਨੂੰ ਨਿਸ਼ਚਾ ਸੀ ਕਿ ਬਚਾ ਹੋਰਾਂ ਸੰਬੰਧੀ ਜਿੰਨੀ ਚਿੰਤਾ ਕਰਦਾ ਹੈ, ਉਹਦਾ ਦਿਲ ਆਪਣੇ ਸਾਥੀਆਂ ਅਤੇ ਪਰਵਾਰ ਲਈ ਉਨਾ ਹੀ ਵਧ ਭਾਵੁਕ ਹੋ ਜਾਂਦਾ ਹੈ। ਮੈਂ ਬਚਿਆਂ ਨੂੰ ਦਾਦਾ ਆਂਦਰੇਈ ਦੇ ਔਖੇ ਜੀਵਨ ਸੰਬੰਧੀ ਦਸਿਆ: ਉਹਦੇ ਦੋ ਪੁਤਰ ਯੁਧ ਵਿਚ ਮਾਰੇ ਗਏ ਸਨ ਅਤੇ ਉਹਦੀ ਪਤਨੀ ਵੀ ਮਰ ਗਈ ਸੀ। ਉਹਨੂੰ ਇਉਂ ਜਾਪਦਾ ਜਿਵੇਂ ਉਹ ਸੰਸਾਰ ਵਿਚ ਇਕਲਾ ਹੋਵੇ।

"ਬਚਿਉ ਅਸੀਂ ਵਧੇਰੇ ਵਾਰ ਦਾਚੇ ਨੂੰ ਮਿਲਣ ਜਾਵਾਂਗੇ। ਇਹ ਲਾਜ਼ਮੀ ਹੈ ਕਿ ਹਰ ਵਾਰ ਉਹਨੂੰ ਕਿਸੇ ਤਰ੍ਹਾਂ ਦੀ ਖ਼ੁਸ਼ੀ ਲਿਆਈਏ।"

ਜਦੋਂ ਅਸੀਂ ਮਿਲਣ ਜਾਂਦੇ ਤਾਂ ਹਰ ਇਕ ਇਸ ਸੰਬੰਧੀ ਸੋਚਦਾ ਕਿ ਉਹ ਦਾਦੇ ਨੂੰ ਖ਼ੁਸ਼ ਕਰਨ ਲਈ ਕੀ ਕਰ ਸਕਦਾ ਹੈ? ਬਚੇ ਉਹਦੇ ਲਈ ਡਰਾਇੰਗ ਵਾਲੀ ਕਾਪੀ ਲਿਆਏ, ਜਿਸ ਵਿਚ ਹਰ ਇਕ ਨੇ ਚਿਤਰ ਬਣਾਇਆ ਸੀ। ਉਹਨਾਂ ਦਰਿਆ ਦੇ ਕੰਢਿਓਂ ਰੰਗ-ਬਰੰਗੇ ਪਥਰ ਇਕਠੇ ਕੀਤੇ ਅਤੇ ਦਾਦਾ ਆਂਦਰੇਈ ਨੂੰ ਦਿਤੇ।

ਦਾਦੇ ਨੇ ਲਕੜ ਦਾ ਇਕ ਨਿਕਾ ਬਕਸਾ ਬਣਾਇਆ, ਪਥਰ ਉਹਦੇ ਵਿਚ ਪਾਏ ਅਤੇ ਇਹ ਸਾਨੂੰ ਦੇ ਦਿਤਾ।... ਬਚਿਆਂ ਨੇ ਆਪਣੇ ਮਿਤਰ ਲਈ ਪਰਾਲੀ ਦਾ ਇਕ ਹੈਟ ਬਣਾਇਆ। ਦਾਦੇ ਨੇ ਚਾਕੂ ਨਾਲ ਸਾਡੇ ਲਈ ਜਾਨਵਰਾਂ ਦੀਆਂ ਲਕੜੀ ਦੀਆਂ ਨਵੀਆਂ ਸੂਰਤਾਂ ਬਣਾਈਆਂ—ਇਕ ਨਿਕਾ ਸਹਿਆ, ਲੂੰਮੜ, ਭੇਡ।...

ਜਿੰਨਾ ਵਧੇਰੇ ਆਤਮਕ ਧਿਆਨ ਬਚੇ ਆਪਣੇ ਮਿਤਰ ਵਲ ਦੇਂਦੇ, ਉਨਾ ਵਧੇਰੇ ਉਹ ਆਪਣੇ ਦੁਆਲੇ ਬਿਪਤਾ, ਉਦਾਸੀ ਅਤੇ ਚਿੰਤਾ ਵੇਖਦੇ। ਉਹਨਾਂ ਵੇਖਿਆ ਕਿ ਨੀਨਾ ਅਤੇ ਸਾਸ਼ਾ ਕਦੀ ਕਦੀ ਭੈੜੇ ਰੋ ਵਿਚ ਸਕੂਲ ਆਉਂਦੇ, ਉਹਨਾਂ ਦੀਆਂ ਅਖਾਂ ਵਿਚੋਂ ਉਦਾਸੀ ਅਤੇ ਚਿੰਤਾ ਝਲਕਦੀ। ਉਹਨਾਂ ਕੁੜੀਆਂ ਤੋਂ ਪੁਛਿਆ: ਉਹਨਾਂ ਦੀ ਮਾਂ ਦਾ ਕੀ ਹਾਲ ਸੀ? ਉਹਨਾਂ ਦੀ ਮਾਂ ਦਾ ਹਾਲ ਭੈੜਾ ਸੀ ਇਸੇ ਲਈ ਕੁੜੀਆਂ ਉਦਾਸ ਸਨ।... ਜਦੋਂ ਆਪਣੇ ਸਾਥੀਆਂ ਦਾ ਦੁਖ ਹੌਲਾ ਕਰਨ ਲਈ ਕੁਝ ਕੀਤਾ ਤਾਂ ਬਚਿਆਂ ਦੇ ਦਿਲਾਂ ਵਿਚ ਦਿਆਲ ਭਾਵਨਾਵਾਂ ਮਜ਼ਬੂਤ ਹੋ ਗਈਆਂ। ਕਈ ਵਾਰ ਅਸੀਂ ਬਾਗ਼ ਵਿਚ ਗੋਡੀ ਕਰਨ ਅਤੇ ਆਲੂ ਇਕਠੇ ਕਰਨ ਲਈ ਨੀਨਾ ਅਤੇ ਸਾਸ਼ਾ ਦੇ ਘਰ ਗਏ। ਜਦੋਂ ਕਦੀ ਅਸੀਂ ਜੰਗਲ ਵਿਚ ਜਾਂਦੇ, ਬਚੇ ਕਿਆਸ ਲੜਾਉਂਦੇ ਕਿ ਨੀਨਾ ਅਤੇ ਸਾਸ਼ਾ ਜਾ ਸਕਣਗੀਆਂ ਜਾਂ ਨਹੀਂ, ਕਿਉਂਕਿ ਕਈ ਵਾਰ ਉਹਨਾਂ ਨੂੰ ਘਰ ਰਹਿਣਾ ਅਤੇ ਆਪਣੇ ਪਿਤਾ ਦਾ ਹਥ ਵਟਾਉਣਾ ਪੈਂਦਾ ਸੀ। ਸੋ ਆਪਣੀ ਸਾਂਝੀ ਖ਼ੁਸ਼ੀ ਤੋਂ ਪਹਿਲੇ ਦਿਨ ਅਸੀਂ ਨੀਨਾ ਅਤੇ ਸਾਸ਼ਾ ਦੇ ਘਰ ਜਾਂਦੇ ਅਤੇ ਜੋ ਸਹਾਇਤਾ ਦੇ ਸਕਦੇ ਦੇਂਦੇ।

ਸਮਾਜ ਵਿਚ ਰੰਹਿਣ ਦਾ ਅਰਥ ਹੈ ਹੋਰਨਾਂ ਦੀ ਖ਼ੁਸ਼ਹਾਲੀ ਅਤੇ ਅਮਨ ਦੇ ਨਾਂ ਉਤੇ ਆਪਣੀਆਂ ਖ਼ੁਸ਼ੀਆਂ ਤਿਆਗ ਦੇਣਾ। ਸ਼ਾਇਦ ਅਸਾਂ ਸਾਰਿਆਂ ਅਜਿਹੀਆਂ ਘਟਨਾਵਾਂ ਵੇਖੀਆਂ ਹਨ: ਬਚੇ ਦੀਆਂ ਅਖਾਂ ਸਾਹਮਣੇ ਗ਼ਮ, ਨਾਖ਼ੁਸ਼ੀ ਅਤੇ ਹੰਝੂ ਹੁੰਦੇ ਹਨੰ ਪੈਰ ਇਹਦੇ ਬਾਵਜੂਦ ਉਹ ਆਪਣੀ ਮੌਜ ਵਿਚ ਮਸਤ ਰਹਿੰਦਾ ਹੈ। ਅਜਿਹਾ ਵੀ ਹੁੰਦਾ ਹੈ ਕਿ ਮਾਂ ਹਰ ਉਦਾਸ ਜੱਾਂ ਅਕਾਊ ਗਲ ਵਲੋਂ ਆਪਣੇ ਬਚੇ ਦਾ ਧਿਆਨ ਮੋੜਨ ਦਾ ਜਤਨ ਕਰਦੀ ਹੈ, ਉਹ ਇਹ ਜਤਨ ਕਰਦੀ ਹੈ ਕਿ ਉਹਦੇ ਬਚੇ ਦੇ ਖ਼ੁਸ਼ੀ ਦੇ ਨਕੋ ਨਕ ਭਰੇ ਪਿਆਲੇ ਵਿਚੋਂ ਇਕ ਤੁਪਕਾ ਵੀ ਨਾ ਡੁਲ੍ਹੇ। ਪਰ ਇਹ ਤਾਂ ਨੰਗੇ ਹਉਮੈਵਾਦ ਦੀ ਸਿਖਿਆ ਹੈ। ਬਚੇ ਨੂੰ ਮਨੁਖੀ ਹੋਂਦ ਦੇ ਉਦਾਸ ਪਖਾਂ ਤੋਂ ਦੂਰ ਨਾ ਲਿਜਾਓ। ਉਹਨੂੰ ਇਹ ਜਾਣਨ ਦਿਓ ਕਿ ਸੰਸਾਰ ਵਿਚ ਨਿਰੀ ਖ਼ੁਸ਼ੀ ਹੀ ਨਹੀਂ ਗ਼ਮ ਵੀ ਹੈ। ਹੋਰ ਲੋਕਾਂ ਦਾ ਗ਼ਮ ਉਹਦੇ ਦਿਲ ਤਕ ਅਪੜਨ ਦਿਓ।

ਅੰਤਲੇ ਵਿਸ਼ਲੇਸ਼ਣ ਵਿਚ ਸ਼ਖ਼ਸੀਅਤ ਦੀ ਸਦਾਚਾਰਕ ਬਣਤਰ ਉਹਨਾਂ ਸੋਮਿਆਂ ਉਤੇ ਨਿਰਭਰ ਹੈ ਜਿਨ੍ਹਾਂ ਤੋਂ ਬਚੇ ਜਾਂ ਬਚੀ ਨੇ ਬਚਪਨ ਦੇ ਵਰ੍ਹਿਆਂ ਵਿਚ ਆਪਣੀਆਂ ਖ਼ੁਸ਼ੀਆਂ ਪ੍ਰਾਪਤ ਕੀਤੀਆਂ ਹੁੰਦੀਆਂ ਹਨ। ਜੇ ਖ਼ੁਸ਼ੀਆਂ ਬੇਪਰਵਾਹ ਅਤੇ ਖ਼ੁਦ-ਗ਼ਰਜ਼ ਸਨ, ਜੇ ਬਚੇ ਨੇ ਇਹ ਨਹੀਂ ਸਿਖਿਆ ਕਿ ਗ਼ਮ, ਠੇਸ ਅਤੇ ਦੁਖ ਕੀ ਹਨ, ਉਹ

ਹੰਕਾਰੀ, ਹੋਰਨਾਂ ਲੋਕਾਂ ਲਈ ਬੋਲਾ ਹੋਕੇ ਵਡਾ ਹੋਵੇਗਾ। ਇਸ ਗਲ ਦੀ ਬਹੁਤ ਮਹਤਤਾ ਹੈ ਕਿ ਹਰ ਬਚਾ ਸਰਵਉਚ ਖ਼ੁਸ਼ੀ ਤੋਂ ਜਾਣੂ ਹੋਵੇ—ਕਿਸੇ ਹੋਰ ਮਨੁਖ ਦਾ ਧਿਆਨ ਰਖਣ ਦੇ ਉਤੇਜਕ ਦੇ ਅਨੁਭਵ ਦੀ ਖ਼ੁਸ਼ੀ।

## ਸਾਡਾ ਸਮੂਹ—ਇਕ ਮਿਤਰ ਪਰਵਾਰ

**ਖ਼ੁਸ਼ੀ ਦੇ ਸਕੂਲ** ਦੇ ਪਹਿਲੇ ਦਿਨਾਂ ਤੋਂ ਹੀ ਮੈਂ ਆਪਣੇ ਸਮੂਹ ਵਿਚ ਪਰਵਾਰ ਜਿਹੇ ਨਿਘ, ਸੁਹਿਰਦਤਾ, ਹਮਦਰਦੀ ਅਤੇ ਪ੍ਰਸਪਰ ਭਰੋਸੇ ਅਤੇ ਸਹਾਇਤਾ ਦੀ ਭਾਵਨਾ ਲਿਆਉਣ ਦਾ ਜਤਨ ਕੀਤਾ। ਸਤੰਬਰ ਵਿਚ ਤਿੰਨ ਬਚਿਆਂ: ਵਿਤੀਆ, ਵਾਲੀਆ ਅਤੇ ਕੋਲੀਆ ਦੇ ਜਨਮ ਦਿਨ ਸਨ। ਅਸਾਂ ਇਹ ਸਮੂਹਕ ਤੌਰ ਉਤੇ ਮਨਾਏ। ਸਕੂਲ ਦੀ ਰਸੋਈ ਨੇ ਸਾਡੇ ਲਈ ਕੇਕ ਤਿਆਰ ਕੀਤਾ ਅਤੇ ਅਸਾਂ ਜਨਮ ਦਿਨ ਮਨਾਉਣ ਵਾਲੇ ਬਚਿਆਂ ਨੂੰ ਬਚਿਆਂ ਦੇ ਬਣਾਏ ਚਿਤਰ ਅਤੇ ਕਿਤਾਬਾਂ ਦਿਤੀਆਂ। ਮੈਨੂੰ ਇਹ ਜਾਣ ਕੇ ਹੈਰਾਨੀ ਹੋਈ ਕਿ ਕੋਲੀਆ ਦੇ ਪਰਵਾਰ ਵਿਚ ਜਨਮ ਦਿਨ ਨਹੀਂ ਮਨਾਏ ਜਾਂਦੇ—ਨਾ ਮਾਤਾ ਪਿਤਾ ਦੇ, ਨਾ ਬਚਿਆਂ ਦੇ। ਸਾਡੀ ਦਾਹਵਤ ਨਿਕੇ ਬਚੇ ਦੇ ਜੀਵਨ ਵਿਚ ਪਹਿਲਾ ਜਸ਼ਨ ਸੀ। ਉਹਦੇ ਸਾਥੀਆਂ ਨੇ ਉਹਦੇ ਵਲ ਜਿਹੜਾ ਧਿਆਨ ਦਿਤਾ ਉਹਨੇ ਉਤੇਜਤ ਕੀਤਾ।

ਬਚਪਨ ਦੇ ਵਰ੍ਹਿਆਂ ਵਿਚ ਹਰ ਵਿਅਕਤੀ ਨੂੰ ਦਿਆਲਤਾ ਦੀ ਲੋੜ ਹੁੰਦੀ ਹੈ, ਕਿਸੇ ਸ਼ੈ ਦਾ ਭਾਗ ਹੋਣਾ ਅਨੁਭਵ ਕਰਨ ਦੀ ਲੋੜ ਹੁੰਦੀ ਹੈ। ਜੇ ਬਚਾ ਬੇਤਰਸ ਪ੍ਰਸਥਿਤੀ ਵਿਚ ਪਲੇ ਤਾਂ ਉਹ ਸੁਹਪਣ ਅਤੇ ਦਿਆਲਤਾ ਵਲੋਂ ਲਾਪਰਵਾਹ ਹੋਕੇ ਵਡਾ ਹੋਵੇਗਾ। ਸਕੂਲ ਪੂਰੀ ਤਰ੍ਹਾਂ ਪਰਵਾਰ ਦੀ ਥਾਂ ਨਹੀਂ ਲੈ ਸਕਦਾ, ਵਿਸ਼ੇਸ਼ ਤੌਰ ਉਤੇ ਮਾਂ ਦੀ, ਪਰ ਜੇ ਬਚੇ ਨੂੰ ਘਰ ਵਿਚ ਧਿਆਨ, ਨਿਘ ਅਤੇ ਫ਼ਿਕਰਮੰਦੀ ਤੋਂ ਵਿਰਵਾ ਕੀਤਾ ਜਾਵੇ ਤਾਂ ਸਾਨੂੰ, ਸਿਖਿਅਕਾਂ ਨੂੰ ਉਹਦੇ ਵਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ।

ਸਾਡੇ ਨਿਕੇ ਸਮੂਹ ਦੇ ਛੇਤੀ ਹੀ ਆਪਣੀਆਂ ਪਦਾਰਥਕ ਕਦਰਾਂ, ਭੇਤ, ਫ਼ਿਕਰਾਂ ਅਤੇ ਦੁਖ ਬਣ ਗਏ। ਅਸੀਂ ਖਿਡੌਣੇ, ਪੈਨਸਲਾਂ ਅਤੇ ਕਾਪੀਆਂ ਇਕ ਅਲਮਾਰੀ ਵਿਚ ਸਾਂਭ ਕੇ ਰਖਦੇ। ਸੁਪਨਿਆਂ ਦੀ ਨੁਕਰ ਵਿਚ "ਖ਼ੁਰਾਕ ਦਾ ਭੰਡਾਰ ਕਰਨ ਦੀ ਥਾਂ" ਸੀ। ਉਥੇ ਅਸੀਂ ਆਲੂ, ਦੜਊ, ਬਨਾਸਪਤੀ ਤੇਲ ਅਤੇ ਪਿਆਜ਼—ਪਤ-ਝੜ ਦੀਆਂ ਮੀਂਹ ਵਾਲੀਆਂ ਸ਼ਾਮਾਂ ਲਈ ਲੋੜੀਂਦੀ ਹਰ ਸ਼ੈ ਰਖਦੇ। ਸਾਡੇ ਪਰਵਾਰ ਦੇ ਸਾਰੇ ਜੀਅ ਨਿਕੇ ਬਚੇ ਸਨ ਪਰ ਉਹਨਾਂ ਵਿਚੋਂ ਕਈ—ਦਾਨਕੋ, ਤੀਨਾ ਅਤੇ ਵਾਲੀਆ—ਵਿਸ਼ੇਸ਼ ਤੌਰ ਉਤੇ ਨਿਕੇ ਸਨ। ਜੰਗਲ ਵਿਚ ਸੈਰ ਸਮੇਂ ਉਹਨਾਂ ਦੀ ਸਹਾਇਤਾ ਕਰਨ ਨੂੰ ਸਾਰੇ ਆਪਣਾ ਨਿਜੀ ਕਰਤਵ ਸਮਝਦੇ ਸਨ।

ਜੇ ਕੋਈ ਬਚੇ ਅਣਜਾਣੇ ਕਾਰਨਾਂ ਕਰਕੇ ਘਰੇ ਰਹਿੰਦੇ ਤਾਂ ਉਸ ਸ਼ਾਮ ਉਹਨਾਂ

ਦੇ ਸਾਥੀ ਇਹ ਜਾਣਨ ਜਾਂਦੇ ਕਿ ਉਹ ਬਿਮਾਰ ਤਾਂ ਨਹੀਂ। ਇਹ ਇਕ ਸੁਹਣੀ ਪ੍ਰੰਪਰਾ ਬਣ ਗਈ। ਪਿਆਰ ਦੀ ਭਾਵਨਾ ਮਹਤਵ-ਪੂਰਨ ਅੰਦਰਲੀਆਂ ਲੋੜਾਂ ਦਾ ਆਧਾਰ ਹੈ, ਜਿਨ੍ਹਾਂ ਤੋਂ ਬਿਨਾਂ ਲੋਕਾਂ ਵਿਚਕਾਰ ਕਮਿਊਨਿਸਟ ਕਿਸਮ ਦੇ ਸੰਬੰਧਾਂ ਦੀ—ਕਿਸੇ ਹੋਰ ਬੰਦੇ ਦੀਆਂ ਲੋੜਾਂ ਦਾ ਧਿਆਨ ਰਖਣਾ—ਕਲਪਨਾ ਕਰਨਾ ਵੀ ਅਸੰਭਵ ਹੈ। ਮੈਂ ਉਹਨਾਂ ਦੇ ਸਾਥੀਆਂ ਨਾਲ ਸੰਬੰਧਾਂ ਵਿਚ ਖ਼ੁਸ਼ੀ ਦੇ ਸੋਮਿਆਂ, ਭਾਵਨਾਵਾਂ ਦੀ ਪੂਰਨਤਾ ਅਤੇ ਅਨੁਭਵਾਂ ਨੂੰ ਸਭ ਬਚਿਆਂ ਲਈ ਸਾਂਝਾ ਬਣਾਉਣ ਦਾ, ਅੰਦਰਲੀਆਂ ਕਦਰਾਂ ਦਾ ਪ੍ਰਸਪਰ ਵਟਾਂਦਰਾ ਬਣਾਉਣ ਦਾ ਜਤਨ ਕੀਤਾ। ਇਹ ਲਾਜ਼ਮੀ ਸੀ ਕਿ ਹੋਰ ਲੋਕਾਂ ਲਈ ਖੇੜਾ ਅਤੇ ਖ਼ੁਸ਼ੀ ਸਿਰਜਣ ਲਈ ਹਰ ਬਚਾ ਕੁਝ ਆਪਣਾ ਸਮੂਹ ਵਿਚ ਲਿਆਵੇ।

ਮੈਨੂੰ ਬਚਿਆਂ ਦੇ ਸਮੂਹ ਦੀ ਪਾਲਣਾ ਦੇ ਦੌਰਾਨ ਕਈ ਔਕੜਾਂ ਦਾ ਸਾਹਮਣਾ ਕਰਨਾ ਪਿਆ, ਅਤੇ ਉਹਨਾਂ ਉਤੇ ਕਾਬੂ ਪਾਉਣ ਲਈ ਮੈਂ ਅਨੁਭਵੀ ਸਿਖਿਅਕਾਂ, ਮੁਢਲੇ ਸਕੂਲ ਦੇ ਅਧਿਆਪਕਾਂ ਦੀ ਸਲਾਹ ਮੰਗੀ ਅਤੇ ਗਲਾਂ ਕੀਤੀਆਂ, ਜਿਨ੍ਹਾਂ ਨੇ ਬਚੇ ਦੀ ਰੂਹ ਨੂੰ ਸਮੂਹ ਦੀ ਨਬਜ਼ ਨੂੰ ਪੂਰੀ ਸ਼ੁਧਤਾ ਨਾਲ ਪਛਾਣਿਆ ਸੀ। ਸਮੇ ਸਮੇ ਅਸੀਂ ਸ਼ਾਮਾਂ ਨੂੰ ਇਕਠੇ ਹੁੰਦੇ ਜਦੋਂ ਸਕੂਲ ਦੀ ਇਮਾਰਤ ਵਿਚ ਜਾਂ ਫ਼ਾਰਮ ਵਿਖੇ ਬਚਿਆਂ ਦੀਆਂ ਆਵਾਜ਼ਾਂ ਦੀ ਗੂੰਜ ਖ਼ਤਮ ਹੋ ਗਈ ਸੀ, ਅਤੇ ਸਾਡੇ ਸਾਰਿਆਂ ਵਿਚ ਇਹ ਭਾਵਨਾ ਸਾਂਝੀ ਹੁੰਦੀ ਕਿ ਸਾਨੂੰ ਬਚਿਆਂ ਦੇ ਸਮੂਹ ਦੇ ਬਹੁ-ਪਖੀ ਜੀਵਨ ਦੀ ਕੁਝ ਸਮਝ ਹੈ। ਅਸੀਂ ਸਾਰੇ ਬਹੁਤ ਚੰਗੀ ਤਰ੍ਹਾਂ ਜਾਣਦੇ ਹਾਂ ਕਿ ਕਿਸੇ ਵਿਅਕਤੀ ਸੰਬੰਧੀ ਗਿਆਨ ਉਹਦੇ ਪ੍ਰਵਾਰ ਵਿਚ ਸ਼ੁਰੂ ਹੁੰਦਾ ਹੈ—ਇਹ ਉਸ ਛਿਣ ਸ਼ੁਰੂ ਹੁੰਦਾ ਹੈ ਜਦੋਂ ਬਚਾ ਲੋਰੀ ਗਾਉਂਦੀ ਹੋਈ ਮਾਂ ਵਲ ਵੇਖ ਕੇ ਪਹਿਲੀ ਵਾਰ ਮੁਸਕ੍ਰਾਉਂਦਾ ਹੈ। ਇਹ ਗਲ ਕਿੰਨੀ ਮਹਤਵ-ਪੂਰਨ ਹੈ ਕਿ ਚੰਗੇ, ਨਿਘੇ ਦਿਲ ਵਾਲੇ, ਜੋ ਕੁਝ ਸੰਸਾਰ ਵਿਚ ਸਭ ਤੋਂ ਚੰਗਾ ਹੈ—ਇਕ ਮਨੁਖ ਲਈ ਦੂਜੇ ਦਾ ਪਿਆਰ—ਨਿਜੀ ਅਨੁਭਵ ਰਾਹੀਂ ਜਗਾਏ ਜਾਣ ਅਤੇ ਬਚੇ ਦੇ ਮਾਤਾ ਪਿਤਾ ਉਹ ਕੁਝ ਬਣ ਜਾਣ ਜੋ ਉਹਨੂੰ ਸਭ ਤੋਂ ਵਧ ਪਿਆਰਾ ਹੈ। ਪਰ ਜੇ ਘਰ ਵਿਚ ਮਾਨਵਤਾ ਚੋਖੀ ਨਾ ਹੋਵੇ ਜਾਂ ਇਹਦੀ ਉਕਾ ਹੀ ਅਣਹੋਂਦ ਹੋਵੇ ਤਾਂ ਸਮੂਹ ਕਿਸ ਹਦ ਤਕ ਇਹਨੂੰ ਪ੍ਰਯਾਪਤ ਕਰ ਸਕਦਾ ਹੈ? ਬੰਦਾ ਬਚੇ ਦੇ ਸੂਖਮ, ਪ੍ਰਾਭਾਵੂਕ ਮਨ ਲਈ ਦਿਆਲਤਾ ਅਤੇ ਮਨੁਖੀ ਆਤਮਾ ਦੇ ਸੁਹਪਣ ਦਾ ਰਾਹ ਕਿਵੇ ਖੋਹਲ ਸਕਦਾ ਹੈ?

ਸ਼ਾਮ ਸਮੇ ਦੀਆਂ ਇਹਨਾਂ ਗਲਾਂ ਵਿਚ ਅਸੀਂ ਹੌਲੀ ਹੌਲੀ ਉਸ ਸਿਟੇ ਉਤੇ ਅਪੜੇ ਜਿਹੜਾ, ਮੇਰੇ ਵਿਚਾਰ ਅਨੁਸਾਰ, ਇਕ ਮਹਤਵ-ਪੂਰਨ ਵਿਦਿਅਕ ਵਿਚਾਰ ਹੈ, ਜਿਹੜਾ ਸਾਡੇ ਵਿਦਿਅਕ ਸਮੂਹ ਦਾ ਨਿਸ਼ਚਾ ਬਣ ਗਿਆ: ਬਚਿਆਂ ਦਾ ਸਮੂਹ ਵਿਚ ਇਕ ਵਿਦਿਅਕ ਸ਼ਕਤੀ ਵਜੋਂ ਕੇਵਲ ਉਦੋਂ ਹੀ ਬਲ ਹੁੰਦਾ ਹੈ ਜਦੋਂ ਇਹ ਹਰ ਵਿਅਕਤੀ ਨੂੰ ਉਚਿਆਉਂਦੀ ਹੈ ਅਤੇ ਹਰ ਇਕ ਵਿਚ ਨਿਜੀ ਪੂਰਨਤਾ ਅਤੇ ਸਵੈ-ਸਨਮਾਣ ਦੀ ਭਾਵਨਾ ਭਰਦੀ ਹੈ, ਕਿਉਂਕਿ ਅਸਲੀ ਮਾਤਰੀ ਅਤੇ ਪਿਤਰੀ ਪਿਆਰ

ਸਵੈ-ਸਨਮਾਣ ਦੀ ਇਸ ਭਾਵਨਾ ਅਤੇ ਲੋਕਾਂ ਦਾ ਭਲਾ ਕਰਨ ਦੀ ਇਛਾ ਤਕ ਲਿਜਾਂਦੇ ਹਨ। ਰਚਨਾਤਮਕਤਾ ਦੀ ਜਿਹੜੀ ਸਭ ਤੋਂ ਵਧ ਵਡਮੁਲੀ ਕਣੀ ਇਹਨਾਂ ਅਨੁਭਵੀ ਸਿਖਿਅਕਾਂ ਵਿਚ ਮਿਲੀ ਉਹ ਇਹ ਵਿਚਾਰ ਸੀ ਕਿ ਬਚੇ ਵਿਚ ਉਹਦੇ ਆਪਣੇ ਆਪ ਲਈ ਅਤੇ ਉਹਦੇ ਅਮਲਾਂ ਲਈ ਮਾਣ ਕਿਵੇਂ ਪੈਦਾ ਕੀਤਾ ਜਾਵੇ, ਕਿਵੇਂ ਉਹਨੂੰ ਆਪਣੀ ਇਜ਼ਤ ਅਤੇ ਪੈਜ ਦੀ ਰਖਿਆ ਵਲ ਲਾਇਆ ਜਾਵੇ।

ਆਪਣੇ ਸਕੂਲ ਦੇ ਸਰਵਉਤਮ ਅਧਿਆਪਕਾਂ ਦੀ ਵਿਦਿਅਕ ਸਿਆਣਪ ਦੇ ਇਹਨਾਂ ਮਾਣਕਾਂ ਨੂੰ ਧਿਆਨ ਨਾਲ ਸਾਂਭਦੇ ਹੋਏ ਮੈਂ ਇਹ ਨਿਸ਼ਚਿਤ ਬਣਾਉਣ ਦਾ ਜਤਨ ਕੀਤਾ ਕਿ ਉਹਨਾਂ ਦੇ ਸਮੂਹ ਵਿਚ ਬਚਿਆਂ ਵਿਚਕਾਰ ਹਾਰਦਿਕ, ਸੁਹਿਰਦ ਸੰਬੰਧਾਂ ਵਿਚ ਚੰਗੇ ਕੰਮ ਕਰਨ ਦੀ ਇਛਾ ਦਿਲਾਂ ਵਿਚ ਘਰ ਕਰ ਜਾਵੇ। ਸਮੂਹ ਵਿਚ ਸੁਹਿਰਦਤਾ ਅਤੇ ਹਾਰਦਿਕਤਾ ਮੇਰੀ ਨਿਰੰਤਰ ਫ਼ਿਕਰਮੰਦੀ ਦਾ ਨਿਸ਼ਾਨਾ ਬਣ ਗਏ। ਮੈਂ ਬਚਿਆਂ ਦੇ ਸਮੂਹ ਦੇ ਬਹੁ-ਪਖੀ ਜੀਵਨ ਨੂੰ ਸਾਂਝੇ ਆਸ਼ਿਆਂ ਅਤੇ ਕਿਰਤ ਕਾਰਨ ਇਕਮੁਠ ਹੋਏ ਇਕੋ ਜਿਹੇ ਵਿਚਾਰਾਂ ਵਾਲੇ ਲੋਕਾਂ ਦੀ ਸਹਿਕਾਰ ਸਭਾ ਨਹੀਂ ਸਗੋਂ, ਇਕ ਦੂਜੇ ਲਈ ਪ੍ਰਸਪਰ ਭਾਵੁਕਤਾ, ਕਿਸੇ ਹੋਰ ਮਨੁਖ ਦੇ ਮਨ ਅਤੇ ਆਤਮਾ, ਖੁਸ਼ੀਆਂ ਅਤੇ ਗ਼ਮਾਂ, ਦੀ ਆਤਮਕ ਯੋਗਤਾ ਵਜੋਂ ਵੇਖਣਾ ਸ਼ੁਰੂ ਕਰ ਦਿਤਾ। ਕਿਉਂਕਿ ਸਮੂਹ ਦੇ ਅੰਦਰ ਇਸ ਹਾਰਦਕਤਾ ਅਤੇ ਸੰਬੰਧਾਂ ਦੀ ਸਚਿਆਰਗੀ ਇਕ ਚੰਗਾ ਬੰਦਾ ਬਣਨ, ਹੋਰਨਾਂ ਅਗੇ ਵਿਖਾਵਾ ਕਰਨ, ਸ਼ਲਾਘਾ ਜਿਤਣ ਦੀ ਨਹੀਂ ਸਗੋਂ ਆਪਣਾ ਕੁਰਬ ਅਨੁਭਵ ਕਰਨ ਦੀ ਸਚੀ ਲੋੜ ਦੀ ਭਾਵਨਾ ਭਰੀ ਹੋਈ ਹੈ।

ਇਸ ਤੋਂ ਪਿਛੋਂ ਦੇ ਵਰ੍ਹਿਆਂ ਵਿਚ ਮੇਰਾ ਵਿਦਿਅਕ ਕੰਮ ਤਤ ਵਿਚ ਬਚੇ, ਗਭਰੇਟ ਜਾਂ ਜਵਾਨ ਮਰਦ ਜਾਂ ਇਸਤ੍ਰੀ ਵਿਚ ਮਾਨਵਤਾ ਨੂੰ ਉਪਰ ਚੁਕਣ ਲਈ ਫ਼ਿਕਰਮੰਦੀ ਸੀ। ਅੰਤਰ-ਸਮੂਹ ਸੰਬੰਧ ਇਸੇ ਉਤੇ ਹੀ ਆਧਾਰਤ ਚਲੇ ਆ ਰਹੇ ਹਨ। ਵਿਅਕਤੀ ਨੂੰ ਉਚਾ ਚੁਕਣ ਲਈ ਮੈਂ ਸਦਾ ਬਚਿਆਂ ਦੇ ਸਮੂਹ ਨੂੰ ਸਮਾਜ ਦੇ ਇਕ ਹਿਸੇ ਵਜੋਂ ਅਧੀਨ ਕਰਨ ਦਾ ਜਤਨ ਕੀਤਾ। ਮੈਂ ਬਚਿਆਂ ਦੀ ਰਚਨਾਤਮਕਤਾ ਅਤੇ ਉਹਨਾਂ ਦੀਆਂ ਰੁਚੀਆਂ, ਯੋਗਤਾਵਾਂ ਅਤੇ ਗੁਣਾਂ ਨੂੰ ਇਸੇ ਦੇ ਅਧੀਨ ਕਰਨ ਦਾ ਜਤਨ ਕੀਤਾ।

## ਅਸੀਂ ਅਰੋਗਤਾ ਦੇ ਬਾਗ਼ ਵਿਚ ਰਹਿੰਦੇ ਹਾਂ

ਮੇਰੇ ਸ਼ਾਗਿਰਦਾਂ ਦੇ ਸਕੂਲ ਦੀ ਪੜ੍ਹਾਈ ਸ਼ੁਰੂ ਕਰਨ ਵਿਚ ਇਕ ਮਹੀਨਾ ਰਹਿੰਦਾ ਸੀ। ਹੁਨਾਲ ਦਾ ਸ਼ਾਨਦਾਰ ਮਹੀਨਾ ਅਗਸਤ ਨੇੜੇ ਆ ਗਿਆ। ਜੁਲਾਈ ਦੇ ਗਰਮ ਦਿਨਾਂ ਵਿਚ ਬਚੇ ਜਾਂ ਤਾਂ ਸਵੇਰੇ ਸਵੇਰੇ ਅਤੇ ਜਾਂ ਤਿਪਹਿਰੇ ਸਕੂਲੇ ਆਉਂਦੇ। ਉਹਨਾਂ ਵਿਚੋਂ ਕੁਝ ਇੰਨੀ ਦੂਰ ਰਹਿੰਦੇ ਸਨ ਕਿ ਉਹ ਦੁਪਹਿਰ ਦੇ ਖਾਣੇ ਲਈ ਘਰ ਨਹੀਂ ਸਨ ਜਾ ਸਕਦੇ, ਸੋ ਛੇ ਜਾਂ ਸਤ ਬਚੇ ਸਕੂਲ ਦੇ ਖਾਣੇ ਵਾਲੇ

ਹਾਲ ਵਿਚ ਖਾਣਾ ਖਾਂਦੇ। ਮੈਨੂੰ ਇਹ ਵਿਚਾਰ ਅਹੁੜਿਆ ਕਿ ਸਕੂਲ ਦੀ ਪੜ੍ਹਾਈ ਸ਼ੁਰੂ ਹੋਣ ਤੋਂ ਪਹਿਲਾਂ ਦੇ ਮਹੀਨੇ ਬਚੇ ਘਰ ਦੀ ਥਾਂ ਛਪੜ ਕੰਢੇ ਬਾਗ਼ ਵਿਚ ਰਹਿਣ। ਅਸਾਂ ਛਪੜ ਦੇ ਨਾਲ ਲਗਦੀ ਥਾਂ ਚੁਣੀ; ਨਨ੍ਹੇ ਪਾਉਨੀਅਰਾਂ ਨੇ ਰੁਖਾਂ ਦੀ ਇਕ ਝੰਗੀ ਵਿਚ ਕਈ ਕੁਲੀਆਂ ਬਣਾਉਣ ਵਿਚ ਸਹਾਇਤਾ ਦਿਤੀ। ਪੰਚਾਇਤੀ ਫ਼ਾਰਮ ਦੇ ਹਦਵਾਣਿਆਂ ਅਤੇ ਸਰਦਿਆਂ ਦੇ ਖੇਤਾਂ ਦੇ ਚੌਕੀਦਾਰ ਸਾਰਾ ਹੁਨਾਲ ਅਜਿਹੀਆਂ ਹੀ ਝੁਗੀਆਂ ਵਿਚ ਰਹਿੰਦੇ ਹਨ। ਅਸਾਂ ਝੁਗੀਆਂ ਵਿਚ ਪਰਾਲੀ ਵਿਛਾ ਦਿਤੀ ਅਤੇ ਮੂਰਤਾਂ ਵਾਹੁਣ ਲਈ ਨਿਕੇ ਮੇਜ਼ ਬਣਾਏ। ਪੰਚਾਇਤੀ ਫ਼ਾਰਮ ਦਾ ਵਡਾ ਬਾਗ਼ ਸਾਡੀਆਂ ਝੁਗੀਆਂ ਦੇ ਨੇੜੇ ਹੀ ਸੀ। ਮਾਲੀ ਨੇ ਸਾਨੂੰ ਬਾਗ਼ ਸਾਡੀ ਆਰਾਮ ਕਰਨ ਦੀ ਮੁਖ ਥਾਂ ਵਜੋ ਵਰਤਣ ਦਿਤਾ। ਅਸਾਂ ਝੁਗੀਆਂ ਦੇ ਨੇੜੇ ਇਕ ਰਸੋਈ ਬਣਾਈ। ਪੰਚਾਇਤੀ ਫ਼ਾਰਮ ਨੇ ਸਾਨੂੰ ਰਸਦ ਦਿਤੀ ਅਤੇ ਸਾਡੇ ਲਈ ਰਸੋਈਏ ਦਾ ਪ੍ਰਬੰਧ ਕੀਤਾ। ਸਾਨੀਆ ਦੇ ਪਿਤਾ ਨੇ ਇਕ ਨਿਕਾ ਜਿਹਾ ਹਮਾਮ ਬਣਾ ਦਿਤਾ ਅਤੇ ਜਦੋ ਬਚਿਆਂ ਨੇ ਇਹਦੇ ਕੋਲ ਖੜੀ ਇੰਜਣ ਵਾਲੀ ਬੇੜੀ ਵੇਖੀ ਤਾਂ ਉਹਨਾਂ ਦੀਆਂ ਅਖਾਂ ਉਤੇਜਨਾ ਨਾਲ ਚਮਕ ਉਠੀਆਂ।

ਇਉਂ ਅਰੋਗਤਾ ਬਾਗ਼ ਵਿਚ, ਇਹ ਸੀ ਉਹ ਨਾਂ ਜਿਹੜਾ ਬਚਿਆਂ ਦੇ ਮਾਤਾ ਪਿਤਾ ਨੇ ਸਾਡੇ ਰਹਿਣ ਅਤੇ ਆਰਾਮ ਕਰਨ ਵਾਲੀ ਥਾਂ ਨੂੰ ਦਿਤਾ, ਸਾਡੇ ਸਮੂਹ ਦਾ ਜੀਵਨ ਸ਼ੁਰੂ ਹੋਇਆ। ਅਸੀਂ ਪੂਰਾ ਇਕ ਮਹੀਨਾ ਖੁਲ੍ਹੀ ਹਵਾ ਵਿਚ ਬਿਤਾਇਆ। ਅਸੀਂ ਸੂਰਜ ਉਗਣ ਤੋਂ ਪਹਿਲਾਂ ਪਹੁ-ਫੁਟਾਲੇ ਨਾਲ ਜਾਗ ਪੈਂਦੇ। ਅਸੀਂ ਛਪੜ ਵਿਚ ਨਹਾਉਂਦੇ, ਸਵੇਰ ਦੀਆਂ ਵਰਜ਼ਸ਼ਾਂ ਕਰਦੇ, ਨਾਸ਼ਤਾ ਕਰਦੇ, ਜੰਗਲ, ਬਾਗ਼ ਜਾਂ ਖੇਤ ਵਿਚ ਸੈਰ ਕਰਨ ਜਾਂਦੇ। ਇਸ ਮਹੀਨੇ ਦੇ ਦੌਰਾਨ ਅਸਾਂ ਭਾਸ਼ਾ ਦੇ ਸੋਮਿਆਂ ਵਲ ਸਭ ਤੋਂ ਰੋਚਕ "ਸਫ਼ਰ" ਕੀਤੇ। ਅਸਾਂ ਸਤੇਪ ਦੀ ਟਿਲੇ ਤੋਂ ਪਹੁ-ਫੁਟਾਲਾ ਵੇਖਿਆ। ਅਸੀਂ ਵੇਖਿਆ ਕਿ ਆਪਣੇ ਆਪ ਨੂੰ ਡਾਰਾਂ ਵਿਚ ਇਕਠੇ ਕਰਦੇ ਹੋਈਆਂ ਕਿਵੇ ਸੈਂਕੜੇ ਅਬਾਬੀਲਾਂ ਵਧੇਰੇ ਨਿਘੇ ਇਲਾਕਿਆਂ ਵਲ ਉਡਾਰੀ ਲਾਉਣ ਦੀ ਤਿਆਰੀ ਕਰ ਰਹੀਆਂ ਸਨ। ਅਸਾਂ ਵੇਖਿਆ ਕਿ ਕਿਵੇ ਸੂਰਜ ਅਤੇ ਪੌਣ ਨੇ ਦਰਿਆ ਉਤੇ ਪਏ ਧੁੰਦ ਦੇ ਬੁਰਕੇ ਨੂੰ ਉਡਾ ਦਿਤਾ। ਖੇਤ, ਜੂਹ ਜਾਂ ਜੰਗਲ ਵਿਚ ਬਚੇ ਦੂਜੀ ਵਾਰ ਨਾਸ਼ਤਾ ਕਰਦੇ: ਉਹ ਸੇਬ, ਨਾਖਾਂ, ਆਲੂ-ਬੁਖਾਰੇ, ਖੀਰਿਆਂ ਨਾਲ ਨਵੇਂ, ਉਬਲੇ ਆਲੂ, ਹਦਵਾਣੇ, ਸਰਦੇ, ਛਲੀਆਂ ਜਾਂ ਟਮਾਟਰ ਖਾਂਦੇ। ਅਗਸਤ ਫਲਾਂ ਅਤੇ ਸਬਜ਼ੀਆਂ ਦਾ ਮਹੀਨਾ ਹੁੰਦਾ ਹੈ; ਇਹਨਾਂ ਦਿਨਾਂ ਵਿਚ ਹਰ ਬਚੇ ਨੇ ਘਟੋ ਘਟ ਦੋ ਕਿਲੋਗਰਾਮ ਸਿਉ ਅਤੇ ਨਾਖਾਂ ਖਾਧੀਆਂ। ਰੋਜ਼ ਦਾਦਾ ਆਂਦਰੇਈ ਮਾਖਿਉਂ ਲਿਆਉਂਦਾ। ਬਚੇ ਰੋਜ਼ ਸਵੇਰੇ ਅਤੇ ਸ਼ਾਮ ਨੂੰ ਸਜਰਾ ਚੋਇਆ ਦੁਧ ਪੀਂਦੇ। ਰਸੋਈਏ ਨੇ ਸਾਡੇ ਲਈ ਤਾਜ਼ੀਆਂ ਸਬਜ਼ੀਆਂ ਤੋਂ ਸੁਹਣਾ ਬੋਰਸ਼ * ਬਣਾਇਆ।

---

*ਇਕ ਤਰ੍ਹਾਂ ਦਾ ਸ਼ੋਰਬਾ। — ਅਨੁ:

ਧੁਪ-ਸੰਵਲਾਏ ਬਚੇ ਟੀ ਸ਼ਰਟਾਂ ਅਤੇ ਨਿਕਰਾਂ ਪਹਿਨੀ ਨੰਗੇ ਪੈਰੀਂ ਚਾਰੇ ਪਾਸੇ ਨਠਦੇ ਰਹਿੰਦੇ। ਉਹ ਰੋਜ਼ ਇੰਜਣ ਵਾਲੀ ਬੇੜੀ ਉਤੇ ਸੈਰਾਂ ਕਰਦੇ।

ਕੰਮ ਅਤੇ ਜੀਅ-ਪਰਚਾਵੇ ਦੀ ਯੋਗ ਮਾਤਰਾ ਨਾਲ ਰਲਕੇ ਪੌਸ਼ਟਕ ਖ਼ੁਰਾਕ, ਧੁਪ, ਸਜਰੀ ਪੌਣ ਅਤੇ ਪਾਣੀ ਦਾ ਮੇਲ ਚੰਗੀ ਸਿਹਤ ਲਈ ਅਜਿਹੇ ਸੋਮੇ ਸਨ ਜਿਨ੍ਹਾਂ ਦੀ ਥਾਂ ਕੋਈ ਨਹੀਂ ਲੈ ਸਕਦਾ।

## ਪੜ੍ਹਾਈ ਦੇ ਪਹਿਲੇ ਵਰ੍ਹੇ ਦੀਆਂ ਬਰੂਹਾਂ ਉਤੇ ਵਿਚਾਰ

**ਖ਼ੁਸ਼ੀ ਦੇ ਸਕੂਲ** ਦੇ ਜੀਵਨ ਦਾ ਅੰਤ ਹੋ ਰਿਹਾ ਸੀ। ਮੇਰੇ ਸ਼ਾਗਿਰਦ ਛੇਤੀ ਹੀ ਸਕੂਲੇ ਦਾਖ਼ਲ ਹੋ ਜਾਣਗੇ ਅਤੇ ਇਹ ਵਿਚਾਰ ਮੈਨੂੰ ਖ਼ੁਸ਼ੀ ਵੀ ਦੇਂਦਾ ਅਤੇ ਫ਼ਿਕਰਮੰਦ ਬਣਾਉਂਦਾ: ਖ਼ੁਸ਼ੀ, ਕਿਉਂਕਿ ਮੈਂ ਕਈ ਹੋਰ ਵਰ੍ਹੇ ਇਹਨਾਂ ਬਚਿਆਂ ਨਾਲ ਜੀਵਨ, ਕੰਮ ਅਤੇ ਗਿਆਨ ਦੇ ਰਾਹ ਉਤੇ ਚਲਾਂਗਾ, ਅਤੇ ਕਿਉਂਕਿ ਉਸ ਵਰ੍ਹੇ ਦੇ ਦੌਰਾਨ ਮੇਰੇ ਨੰਨ੍ਹੇ ਮੁੰਨੇ ਤਕੜੇ ਅਤੇ ਬੇਰਾਂ ਵਾਂਗ ਸਾਂਵਲੇ ਹੋ ਗਏ ਸਨ।

ਜਿਉਂ ਜਿਉਂ ਸਾਡੇ **ਖ਼ੁਸ਼ੀ ਦੇ ਸਕੂਲ** ਦੇ ਦਿਨ ਮੁਕਣ ਦੇ ਨੇੜੇ ਆਉਂਦੇ ਗਏ ਆਪਣੇ ਮਨ ਵਿਚ ਮੈਂ ਜਿਹੋ ਜਿਹੇ ਵੋਲੋਂਦੀਆ, ਕਾਤੀਆ, ਸਾਨੀਆ, ਤੋਲੀਆ, ਵਾਰੀਆ ਅਤੇ ਕੋਸਤੀਆ ਇਕ ਵਰ੍ਹੇ ਪਹਿਲਾਂ ਸਨ, ਉਹਦਾ ਉਸ ਨਾਲ ਮੁਕਾਬਲਾ ਕੀਤਾ ਜੋ ਕੁਝ ਉਹ ਹੁਣ ਬਣ ਗਏ ਸਨ। ਉਹ ਭੁਸੇ ਅਤੇ ਬਿਮਾਰੜੇ ਜਿਹੇ ਸਨ, ਜਿਨ੍ਹਾਂ ਦੀਆਂ ਅਖਾਂ ਦੁਆਲੇ ਕਾਲੇ ਘੇਰੇ ਸਨ। ਹੁਣ ਉਹ ਭਖਦੇ ਅਤੇ ਧੁਪ-ਸੰਵਲਾਏ ਬਣ ਗਏ ਸਨ; ਉਹ ਉਹੋ ਜਿਹੇ ਬਚੇ ਸਨ ਜਿਨ੍ਹਾਂ ਸੰਬੰਧੀ ਤੁਸੀਂ ਕਹਿ ਸਕਦੇ ਸਾਓ ਕਿ ਉਹਨਾਂ ਵਿਚ ਚੰਗੀ ਸਿਹਤ ਦਾ ਖੇੜਾ ਹੈ। ਮੈਨੂੰ ਇਸ ਗਲ ਦੀ ਵੀ ਖ਼ੁਸ਼ੀ ਸੀ ਕਿ ਚਾਕ ਜਾਂ ਬਲੈਕ-ਬੋਰਡ ਤੋਂ ਬਿਨਾਂ, ਮਧਮ ਪੂਰਨਿਆਂ ਅਤੇ ਗਤਾ ਜਾਂ ਲਕੜੀ ਕਟ ਕੇ ਬਣਾਏ ਅਖਰਾਂ ਤੋਂ ਬਿਨਾਂ ਬਚੇ ਗਿਆਨ ਦੇ ਪਹਿਲੇ ਪੌੜਾਂ ਉਤੇ ਚੜ੍ਹ ਗਏ ਸਨ, ਪੜ੍ਹਨਾ ਅਤੇ ਲਿਖਣਾ ਸਿਖ ਲਿਆ ਸੀ। ਉਹਨਾਂ ਨਾਲੋਂ, ਜਿਨ੍ਹਾਂ ਲਈ ਇਹ ਪੌੜ ਬਲੈਕ-ਬੋਰਡ ਦੇ ਚੌਖਟੇ ਨਾਲ ਸ਼ੁਰੂ ਹੁੰਦਾ ਹੈ, ਇਹਨਾਂ ਬਚਿਆਂ ਲਈ ਬੇਮਿਸਾਲ ਤੌਰ ਉਤੇ ਸੌਖੇਰਾ ਹੋਵੇਗਾ।

.ਮੇਰੇ ਦਿਲ ਵਿਚ ਸਿਖਿਆਵਾਦ ਲਈ ਬਹੁਤ ਸਤਿਕਾਰ ਹੈ ਅਤੇ ਮੈਂ ਸਿਰ-ਫਿਰੀਆਂ ਵਿਉਂਤਾਂ ਨੂੰ ਘਿਰਣਾ ਕਰਦਾ ਹਾਂ। ਪਰ ਖ਼ੁਦ ਜੀਵਨ ਇਸ ਗਲ ਦੀ ਮੰਗ ਕਰਦਾ ਹੈ ਕਿ ਗਿਆਨ ਵਿਚ ਨਿਪੁੰਨਤਾ ਹੌਲੀ ਹੌਲੀ ਪ੍ਰਾਪਤ ਕੀਤੀ ਜਾਵੇ, ਕਿ ਪੜ੍ਹਾਈ—ਬਚੇ ਲਈ ਸਭ ਤੋਂ ਗੰਭੀਰ ਅਤੇ ਸਭ ਤੋਂ ਮਿਹਨਤ ਵਾਲਾ ਕਾਰਜ—ਨਾਲ ਹੀ ਨਾਲ ਖ਼ੁਸ਼ੀ ਭਰੀ ਕਿਰਤ ਹੋਣਾ ਚਾਹੀਦਾ ਹੈ, ਜਿਹੜਾ ਬਚੇ ਦੀਆਂ ਸਰੀਰਕ ਅਤੇ ਆਤਮਕ ਸ਼ਕਤੀਆਂ ਨੂੰ ਬਲਵਾਨ ਬਣਾਏ। ਇਹ ਗਲ ਉਹਨਾਂ ਛੋਟੇ

ਬਚਿਆਂ ਲਈ ਵਿਸ਼ੇਸ਼ ਮਹਤਤਾ ਵਾਲੀ ਹੈ ਜਿਹੜੇ ਕਿਰਤ ਦਾ ਨਿਸ਼ਾਨਾ, ਔਕੜਾਂ ਦਾ ਤਤ ਨਹੀਂ ਸਮਝ ਸਕਦੇ।

ਇਹ ਗਲ ਹਜ਼ਾਰ ਵਾਰ ਕਹੀ ਗਈ ਹੈ ਕਿ ਪੜ੍ਹਾਈ ਔਖਾ ਕੰਮ ਹੈ ਅਤੇ ਇਹਨੂੰ ਖੇਡ ਵਿਚ ਤਬਦੀਲ ਨਹੀਂ ਕੀਤਾ ਜਾ ਸਕਦਾ। ਪਰ ਨਾ ਹੀ ਮਨੁਖ ਨੂੰ ਕੰਮ ਅਤੇ ਖੇਡ ਵਿਚਕਾਰ ਪਾਰ ਨਾ ਹੋ ਸਕਣ ਵਾਲੀ ਕੰਧ ਖੜੀ ਕਰਨੀ ਚਾਹੀਦੀ ਹੈ। ਜੇ ਤੁਸੀਂ ਬਚੇ ਦੇ ਜੀਵਨ ਵਿਚ, ਵਿਸ਼ੇਸ਼ ਤੌਰ ਉਤੇ ਸਕੂਲ ਜਾਣ ਤੋਂ ਪਹਿਲਾਂ ਦੀ ਉਮਰ ਦੇ ਬਚੇ ਦੇ ਜੀਵਨ ਵਿਚ ਖੇਡ ਦੇ ਰੋਲ ਨੂੰ ਲਓ ਤਾਂ ਤੁਸੀਂ ਵੇਖੋਗੇ ਕਿ ਬਚੇ ਲਈ ਖੇਡ ਅਤਿ-ਅੰਤ ਗੰਭੀਰ ਮਾਮਲਾ ਹੈ। ਬਚੇ ਨੂੰ ਸੰਸਾਰ ਦਾ ਗਿਆਨ ਅਤੇ ਉਹਦੀਆਂ ਰਚਨਾਤਮਕ ਯੋਗਤਾਵਾਂ ਦਾ ਪ੍ਰਗਟਾਅ ਖੇਡਾਂ ਰਾਹੀਂ ਹੁੰਦਾ ਹੈ। ਖੇਡ ਤੋਂ ਬਿਨਾਂ ਪੂਰਾ ਮਾਨਸਕ ਵਿਕਾਸ ਨਹੀਂ ਹੁੰਦਾ ਅਤੇ ਨਹੀਂ ਹੋ ਸਕਦਾ। ਖੇਡ ਇਕ ਬਹੁਤ ਵਡੀ ਧੁਪ-ਰੁਸ਼ਨਾਈ ਬਾਰੀ ਹੈ ਜਿਸ ਵਿਚੋਂ ਵਿਚਾਰਾਂ ਅਤੇ ਆਲੇ ਦੁਆਲੇ ਦੇ ਸੰਸਾਰ ਦੀਆਂ ਸੂਝਾਂ ਦੀ ਨਦੀ ਬਚੇ ਦੇ ਅੰਦਰਲੇ ਸੰਸਾਰ ਵਿਚ ਆਉਂਦੀ ਹੈ। ਖੇਡ ਉਹ ਚੰਗਿਆੜੀ ਹੈ ਜਿਹੜੀ ਖੋਜੀਪੁਣੇ ਅਤੇ ਪੁਛ ਪੜਤਾਲ ਦੇ ਸ਼ੌਕ ਦੀ ਅਗ ਮਘਾਉਂਦੀ ਹੈ। ਇਸ ਵਿਚ ਇੰਨੀ ਭਿਆਨਕ ਗਲ ਕੀ ਹੈ ਜੇ ਬਚਾ ਖੇਡਦੇ ਹੋਏ ਲਿਖਣਾ ਸਿਖ ਲੈਂਦਾ ਹੈ, ਜੇ ਬੌਧਕ ਵਿਕਾਸ ਦੇ ਕਿਸੇ ਪੜਾਅ ਉਤੇ ਖੇਡ ਨੂੰ ਕੰਮ ਨਾਲ ਮਿਲਾਇਆ ਜਾਂਦਾ ਹੈ ਅਤੇ ਅਧਿਆਪਕ ਘਟ ਵਾਰ ਬਚਿਆਂ ਨੂੰ ਕਹਿੰਦਾ ਹੈ, "ਤੁਸਾਂ ਚੋਖਾ ਚਿਰ ਖੇਡ ਲਿਆ ਹੈ। ਹੁਣ ਕੰਮ ਸ਼ੁਰੂ ਕਰੋ!"

ਖੇਡ ਦੇ ਅਰਥ ਵਿਸ਼ਾਲ ਅਤੇ ਕਈ ਤਰ੍ਹਾਂ ਦੇ ਲਏ ਜਾ ਸਕਦੇ ਹਨ। ਬਚੇ ਕੇਵਲ ਉਦੋਂ ਹੀ ਨਹੀਂ ਖੇਡਦੇ ਜਦੋਂ ਉਹ ਇਸ ਗਲ ਲਈ ਮੁਕਾਬਲਾ ਕਰਦੇ ਹਨ ਕਿਕੌਣ ਸਭ ਤੋਂ ਤੇਜ਼ ਨਠਦਾ ਹੈ। ਖੇਡ ਨੂੰ ਰਚਨਾਤਮਕ ਯੋਗਤਾ ਅਤੇ ਕਲਪਨਾ ਦੇ ਮੁਖ ਜਤਨ ਵਿਚ ਸ਼ਾਮਲ ਕੀਤਾ ਜਾ ਸਕਦਾ ਹੈ। ਮਾਨਸਕ ਸ਼ਕਤੀ ਦੀਆਂ ਖੇਡਾਂ ਤੋਂ ਬਿਨਾਂ, ਰਚਨਾਤਮਕ ਕਲਪਨਾ ਤੋਂ ਬਿਨਾਂ ਅਸਲ ਪੜ੍ਹਾਈ ਦੀ, ਵਿਸ਼ੇਸ਼ ਤੌਰ ਉਤੇ ਸਕੂਲ ਤੋਂ ਪਹਿਲਾਂ ਦੇ ਵਰ੍ਹਿਆਂ ਵਿਚ, ਕਲਪਨਾ ਕਰਨਾ ਅਸੰਭਵ ਹੈ। ਸ਼ਬਦ ਦੇ ਵਿਸ਼ਾਲ ਅਰਥਾਂ ਵਿਚ ਖੇਡ ਉਥੇ ਸ਼ੁਰੂ ਹੁੰਦੀ ਹੈ ਜਿਥੇ ਕਿਧਰੇ ਸੁਹਪਣ ਹੈ। ਪਰ ਕਿਉਂਕਿ ਸੁਹਜ-ਸੁਆਦੀ ਆਦਿ ਤੋਂ ਬਿਨਾਂ ਨਿਕੇ ਬਚੇ ਲਈ ਕਿਰਤ ਦਾ ਵਿਚਾਰ ਵੀ ਨਹੀਂ ਕੀਤਾ ਜਾ ਸਕਦਾ, ਇਸ ਤੋਂ ਇਹ ਸਿਟਾ ਨਿਕਲਦਾ ਹੈ ਕਿ ਮੁਢਲੇ ਵਰ੍ਹਿਆਂ ਵਿਚ ਕਿਰਤ ਸਰਗਰਮੀ ਦਾ ਖੇਡਾਂ ਨਾਲ ਨੇੜਵਾਂ ਸੰਬੰਧ ਹੋਣਾ ਚਾਹੀਦਾ ਹੈ। ਉਸ ਜਸ਼ਨੀ ਦਿਨ ਜਦੋਂ ਸਕੂਲ ਦੇ ਖੇਤ ਵਿਚ ਵਾਢੀ ਸ਼ੁਰੂ ਹੋਈ, ਬਚਿਆਂ ਨੇ ਜਸ਼ਨੀ ਪੁਸ਼ਾਕਾਂ ਪਹਿਨੀਆਂ। ਕਣਕ ਦੀਆਂ ਜਿਹੜੀਆਂ ਪਹਿਲੀਆਂ ਪੂਲੀਆਂ ਵਢੀਆਂ ਗਈਆਂ ਉਹ ਮੇਜ਼ ਉਤੇ, ਜਿਸ ਉਤੇ ਮੇਜ਼ ਪੋਸ਼ ਵਿਛਿਆ ਹੋਇਆ ਸੀ, ਗੁਲਦਾਨ ਵਿਚ ਪਈਆਂ ਸਨ। ਇਹ ਖੇਡ ਡੂੰਘੇ ਅਰਥਾਂ ਨਾਲ ਭਰੀ ਹੋਈ ਸੀ। ਪਰ ਜੇ ਉਹਨਾਂ ਨੂੰ ਨਕਲੀ ਢੰਗ ਨਾਲ ਕਿਰਤ ਨਾਲ "ਜੋੜਿਆ" ਜਾਵੇ ਤਾਂ ਖੇਡਾਂ

ਦਾ ਵਿਦਿਅਕ ਮੁਲ ਜਾਂਦਾ ਰਹਿੰਦਾ ਹੈ, ਕਿਉਂਕਿ ਫਿਰ ਆਲੇ ਦੁਆਲੇ ਦੇ ਸੰਸਾਰ ਦੀ ਭਾਵੁਕ ਕਦਰ ਅਤੇ ਵਿਅਕਤੀ ਆਪਣੇ ਆਪ ਨੂੰ ਖੇਡ ਦੇ ਸੁਹਪਣ ਵਿਚ ਪ੍ਰਗਟ ਨਹੀਂ ਕਰਦੇ।

ਇਹ ਪ੍ਰਸ਼ਨ ਦਾ ਕਿ ਪੜ੍ਹਣਾ ਅਤੇ ਲਿਖਣਾ ਕਦੋਂ ਸ਼ੁਰੂ ਕੀਤਾ ਜਾਵੇ—ਜਦੋਂ ਬਚੇ ਨੇ ਆਪਣੀ ਥਾਂ ਮਲ ਲਈ ਹੁੰਦੀ ਹੈ ਅਤੇ ਪਹਿਲੀ ਸ਼੍ਰੇਣੀ ਵਿਚ ਦਾਖਲ ਹੋ ਗਿਆ ਹੁੰਦਾ ਹੈ ਜਾਂ ਸ਼ਾਇਦ ਉਸ ਤੋਂ ਉਹਦੇ ਸਕੂਲ ਤੋਂ ਪਹਿਲਾਂ ਦੇ ਵਰ੍ਹੇ ਵਿਚ ਕੁਝ ਸਮਾਂ ਪਹਿਲਾਂ—ਅਜੇ ਤਕ ਉਤਰ ਨਹੀਂ ਮਿਲਿਆ। ਅਨੁਭਵ ਨੇ ਸਾਡੇ ਵਿਦਿਅਕ ਸਮੂਹ ਨੂੰ ਨਿਸ਼ਚਾ ਕਰਵਾ ਦਿਤਾ ਕਿ ਸਕੂਲ ਨੂੰ ਚਾਹੀਦਾ ਹੈ ਕਿ ਉਹ ਬਚੇ ਦੇ ਜੀਵਨ ਵਿਚ ਤਿਖੀ ਤਰੇੜ ਨਾ ਲਿਆਵੇ। ਜਦੋਂ ਉਹ ਵਿਦਿਆਰਥੀ ਬਣਦਾ ਹੈ ਤਾਂ ਉਹ ਅਜ ਉਹੋ ਕੁਝ ਕਰਨਾ ਜਾਰੀ ਰਖੇ ਜੋ ਉਹ ਕਲ ਕਰ ਰਿਹਾ ਸੀ। ਨਵੇਂ ਨੂੰ ਉਹਦੇ ਜੀਵਨ ਵਿਚ ਹੌਲੀ ਹੌਲੀ ਆਉਣ ਦਿਓ ਅਤੇ ਪ੍ਰਭਾਵਾਂ ਦੇ ਹੜ੍ਹ ਨਾਲ ਉਹਨੂੰ ਸ਼ਸ਼ਦਿਰ ਨਾ ਕਰ ਦੇਵੋ। ਮੈਨੂੰ ਪਕਾ ਨਿਸ਼ਚਾ ਹੈ ਕਿ ਲਿਖਣਾ ਅਤੇ ਪੜ੍ਹਨਾ ਸਿਖਣਾ, ਮੂਰਤਾਂ ਵਾਹੁਣ ਅਤੇ ਖੇਡਣ ਨਾਲ ਰਲ ਕੇ ਐਨ ਉਹਨਾਂ ਪੁਲਾਂ ਵਿਚੋਂ ਇਕ ਬਣ ਸਕਦਾ ਹੈ ਜਿਹੜੇ ਸਕੂਲ ਤੋਂ ਪਹਿਲਾਂ ਦੀ ਪਾਲਣਾ-ਪੋਸਣਾ ਨੂੰ ਸਕੂਲ ਵਿਚ ਪੜ੍ਹਣ ਨਾਲ ਜੋੜਦੇ ਹਨ। ਸੌ ਵਰ੍ਹੇ ਪੁਰਾਣੇ ਬਲੂਤ ਦੇ ਵਡੇ ਰੁਖ ਦੀ ਸ਼ਾਨ, ਛਪੜ ਉਤੇ ਝੁਕੇ ਕਹੂ ਦੇ ਰੁਖਾਂ, ਨੀਲੇ ਆਕਾਸ਼ ਵਿਚ ਉਡਦੇ ਸਾਰਸਾਂ ਅਤੇ ਜੁਲਾਈ ਦੇ ਕਿਸੇ ਗਰਮ ਦਿਨ ਤੋਂ ਪਿਛੋਂ ਸੌ ਗਈ ਜੂਹ ਦੀ ਛਬ ਵਾਂਗ ਤਰੇਲ ਦੇ ਤੁਪਕਿਆਂ ਵਿਚ ਸੂਰਜ ਦਾ ਸੁਹਪਣ ਮੇਰੇ ਵਿਦਿਆਰਥੀਆਂ ਸਾਹਮਣੇ ਅਖਰ ਵਾਹੁੰਦੇ ਹੋਏ ਪ੍ਰਗਟ ਹੋਇਆ। ਜੇ ਬਚੇ ਪਹਿਲਾਂ ਪਹਿਲ ਅਖਰ ਚੰਗੀ ਤਰ੍ਹਾਂ ਨਹੀਂ ਵਾਹ ਸਕਦੇ ਤਾਂ ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ—ਚੰਗੀ ਤਰ੍ਹਾਂ ਵਾਹੁਣਾ ਮੁਖ ਗਲ ਨਹੀਂ ਜੇ ਇਹਦੇ ਬਦਲੇ ਉਹ ਹਰ ਚਿਤਰ ਵਿਚ ਜੀਵਨ ਦੀ ਧੜਕਣ ਅਨੁਭਵ ਕਰਦੇ ਹਨ। ਮੈਨੂੰ ਖ਼ੁਸ਼ੀ ਸੀ ਕਿ ਬਚਿਆਂ ਨੇ ਸ਼ਬਦਾਂ ਦੇ ਰੰਗ ਅਤੇ ਸੰਗੀਤ ਦੀ ਕਦਰ ਸਮਝਣੀ ਸ਼ੁਰੂ ਕਰ ਦਿਤੀ ਸੀ: ਉਹਨਾਂ ਦੀ ਚੇਤਨਤਾ ਵਿਚ ਸਪਸ਼ਟ, ਪ੍ਰਗਟਾਊ, ਕਾਵਮਈ ਚਿੰਤਨ ਦਾ ਆਧਾਰ ਮੌਜੂਦ ਸੀ। ਚਿਤਰ ਵਾਹੁਣਾ ਬਚਿਆਂ ਦੇ ਆਤਮਕ ਜੀਵਨਾਂ ਦਾ ਹਿਸਾ ਬਣ ਗਿਆ। ਉਹਨਾਂ ਆਪਣੀਆਂ ਭਾਵਨਾਵਾਂ, ਵਿਚਾਰਾਂ ਅਤੇ ਅਨੁਭਵਾਂ ਨੂੰ ਆਪਣੇ ਚਿਤਰਾਂ ਵਿਚ ਪੇਸ਼ ਕਰਨ ਦਾ ਜਤਨ ਕੀਤਾ। ਸੰਗੀਤ ਸੁਣਨਾ ਮੇਰੇ ਵਿਦਿਆਰਥੀਆਂ ਦੀ ਆਤਮਕ ਲੋੜ ਬਣ ਗਈ।

ਮੈਂ ਇਸ ਗਲੋਂ ਵੀ ਉਤੇਜਤ ਸਾਂ ਕਿ ਬਚਿਆਂ ਨੇ ਆਪਣੇ ਸਦਾਚਾਰਕ ਵਿਕਾਸ ਵਿਚ ਪਹਿਲਾ ਕਦਮ ਚੁਕਿਆ ਸੀ: ਉਹਨਾਂ ਮਾਨਵੀ ਕਾਰਜਾਂ ਦੇ ਸੁਹਪਣ ਦੇ ਸੰਸਾਰ ਵਿਚ ਪ੍ਰਵੇਸ਼ ਕੀਤਾ ਸੀ, ਉਹਨਾਂ ਦੇ ਦਿਲਾਂ ਵਿਚ ਹੋਰਾਂ ਦੀਆਂ ਖ਼ੁਸ਼ੀਆਂ ਅਤੇ ਗ਼ਮਾਂ ਲਈ ਸੰਵੇਦਨਾ ਜਗਾ ਦਿਤੀ ਗਈ ਸੀ। ਉਹ ਪਹਿਲਾਂ ਹੀ ਕਿਸੇ ਹੋਰ ਲਈ ਸੁਹਪਣ ਅਤੇ ਖ਼ੁਸ਼ੀ ਸਿਰਜਣ ਦੀ ਖ਼ੁਸ਼ੀ ਜਾਣਦੇ ਸਨ। ਵਿਦਿਆ ਦਾ ਅਮਲ ਕਈ ਵਰ੍ਹਿਆਂ

ਦੇ ਸਮੇਂ ਦੇ ਦੌਰਾਨ ਚਲਦਾ ਹੈ, ਬਚੇ ਦੇ ਪਹਿਲੀ ਵਾਰ ਸਕੂਲ ਦੀ ਇਮਾਰਤ ਵਿਚ ਪੈਰ ਧਰਨ ਦੇ ਸਮੇਂ ਤੋਂ ਲੈਕੇ ਉਸ ਸਮੇਂ ਤਕ ਜਦੋਂ ਉਹ ਚੰਗੀ ਤਰ੍ਹਾਂ ਘੜੀ ਸ਼ਖ਼ਸੀਅਤ ਨਾਲ ਬਾਲਗ਼ ਸੰਸਾਰ ਵਿਚ ਪੈਰ ਧਰਦਾ ਹੈ। ਮੇਰੇ ਲਈ ਮੁਖ ਗਲ ਇਹ ਨਿਸ਼ਚਿਤ ਬਣਾਉਣਾ ਸੀ ਕਿ ਬੰਦੇ ਨੂੰ ਮਹਿਸੂਸ ਕਰਨਾ ਕਿਵੇਂ ਸਿਖਾਇਆ ਜਾਵੇ: ਇਹ ਲਾਜ਼ਮੀ ਹੈ ਕਿ ਜਿਨ੍ਹਾਂ ਨੂੰ ਅਸੀਂ ਵਿਦਿਆ ਦੇਂਦੇ ਹਾਂ ਉਹ ਡੂੰਘੀ ਤਰ੍ਹਾਂ ਮਹਿਸੂਸ ਕਰਨ ਕਿ ਉਹਨਾਂ ਦੇ ਨਾਲ ਰਹਿਣ ਵਾਲੇ ਸ਼ਾਇਦ ਉਹੋ ਗ਼ਮ, ਦੁਖ, ਦਰਦ ਅਤੇ ਜਫ਼ਰ ਅਨੁਭਵ ਕਰ ਰਹੇ ਹੋਣ। ਮੈਂ ਇਹ ਨਿਸ਼ਚਿਤ ਬਣਾਉਣ ਦਾ ਜਤਨ ਕੀਤਾ ਕਿ ਬਚਪਨ ਦੇ ਸਮੇਂ ਮੇਰੇ ਵਿਦਿਆਰਥੀਆਂ ਦੇ ਚੰਗੇ ਕੰਮ ਮੁਖ ਤੌਰ ਉਤੇ ਵਿਅਕਤੀ ਦੀਆਂ ਭਾਵਨਾਵਾਂ ਉਤੇ ਆਧਾਰਤ ਹੋਣ। ਮੈਨੂੰ ਖ਼ੁਸ਼ੀ ਹੈ ਕਿ ਬਚਿਆਂ ਨੇ ਹਮਦਰਦੀ ਕਰਨਾ, ਛੇਤੀ ਹੀ ਆਪਣੇ ਹਾਣੀਆਂ ਅਤੇ ਆਪਣੇ ਤੋਂ ਵਡੇ ਬਚਿਆਂ, ਆਪਣੇ ਮਾਤਾ ਪਿਤਾ ਅਤੇ ਆਮ ਤੌਰ ਉਤੇ ਆਪਣੇ ਤੋਂ ਵਡੇਰੀ ਉਮਰ ਦੇ ਲੋਕਾਂ ਦੀਆਂ ਭਾਵਨਾਵਾਂ ਅਤੇ ਉਤੇਜਨਾਵਾਂ ਨਾਲ ਭਰਿਆ ਜਾਣਾ ਸਿਖ ਲਿਆ। ਮੇਰੇ ਲਈ ਸਭ ਤੋਂ ਵਡੀ ਖ਼ੁਸ਼ੀ ਇਸ ਗਲ ਵਿਚ ਸੀ ਕਿ ਜਿਸ ਕਿਸੇ ਨਾਲ ਉਹਨਾਂ ਦਾ ਵਾਹ ਪੈਂਦਾ, ਬਚੇ ਉਹਦੇ ਵਿਚ ਸਭ ਤੋਂ ਪਹਿਲਾਂ ਇਕ ਮਨੁਖ ਵੇਖਦੇ।

ਇਹਨਾਂ ਚੰਗੀਆਂ ਭਾਵਨਾਵਾਂ ਦੇ ਨਾਲ ਨਾਲ ਮੈਨੂੰ ਕੁਝ ਤੌਖਲਾ ਵੀ ਹੋਇਆ। ਨਿਤਾ-ਪ੍ਰਤੀ ਦੀ ਬੌਧਕ ਸਰਗਰਮੀ ਬਚਿਆਂ ਦਾ ਮੁਖ ਕਾਰਜ ਹੈ—ਕੀ ਮੈਂ ਆਲੇ ਦੁਆਲੇ ਦੇ ਜੀਵਨ ਵਿਚ ਉਹਨਾਂ ਦੀ ਜਿਊਂਦੀ ਰੌਚਕਤਾ ਕਾਇਮ ਰਖ ਸਕਾਂਗਾ? ਹਰ ਬਚਾ ਸੰਸਾਰ ਨੂੰ ਆਪਣੇ ਢੰਗ ਨਾਲ ਵੇਖਦਾ ਹੈ, ਵਸਤਾਂ ਅਤੇ ਵਰਤਾਰਿਆਂ ਨੂੰ ਆਪਣੇ ਢੰਗ ਨਾਲ ਸਮਝਦਾ ਹੈ, ਆਪਣੇ ਢੰਗ ਨਾਲ ਸੋਚਦਾ ਹੈ। ਕੀ ਮੈਂ ਤਿਖੀਆਂ, ਜੁਸ਼ੀਲੀਆਂ ਨਦੀਆਂ ਅਤੇ ਸ਼ਾਂਤ, ਡੂੰਘੇ ਦਰਿਆਵਾਂ ਨੂੰ, ਜਿਨ੍ਹਾਂ ਵਿਚ ਵਹਿਣ ਮਸਾਂ ਦਿਸਦਾ ਹੈ, ਦੁਹਾਂ ਨੂੰ ਗਿਆਨ ਦੇ ਸੰਸਾਰ ਵਿਚ ਲਿਆਉਣ ਯੋਗ ਹੋ ਸਕਾਂਗਾ?

ਮੈਨੂੰ ਹਰ ਬਚੇ ਦੇ ਅੰਦਰਲੇ ਸੰਸਾਰ ਸੰਬੰਧੀ ਇਸ ਤੋਂ ਵੀ ਵਧ ਫ਼ਿਕਰਮੰਦੀ ਸੀ। ਮੇਰੇ ਸਾਹਮਣੇ ਭਾਵੁਕ, ਕੋਮਲ, ਬੜੀ ਛੇਤੀ ਪ੍ਰਭਾਵ ਕਬੂਲ ਕਰਨ ਵਾਲੇ ਦਿਲ ਸਨ। ਬਚਿਆਂ ਨਾਲ ਮੇਰਾ ਸੰਪ੍ਰਕ ਜਿੰਨਾ ਵਧੇਰੇ ਹੁੰਦਾ ਗਿਆ, ਮੈਂ ਇਹ ਗਲ ਉਨੀ ਵਧੇਰੇ ਸਪਸ਼ਟਤਾ ਨਾਲ ਵੇਖੀ ਕਿ ਹਰ ਬਚੇ ਦੇ ਦਿਲ ਅਤੇ ਮਨ ਦੀ ਮੇਰੇ ਸ਼ਬਦਾਂ, ਰਾਵਾਂ, ਮੇਰੀ ਸਲਾਹ ਅਤੇ ਪੜਚੋਲ ਨੂੰ ਕਬੂਲ ਕਰਨ ਦੀ ਸ਼ਕਤੀ ਇਸ ਸੰਪ੍ਰਕ ਕਾਰਨ ਵਧਦੀ ਗਈ। ਮੇਰੇ ਸਾਹਮਣੇ ੩੧ ਬਚੇ ਸਨ—੩੧ ਵਖ ਵਖ ਸੰਸਾਰ।

ਉਹ ਹੁਣੇ ਹੀ, ਸਕੂਲ ਤੋਂ ਪਹਿਲਾਂ ਦੇ ਵਰ੍ਹਿਆਂ ਵਿਚ ਵੀ, ਇਕ ਦੂਜੇ ਤੋਂ ਕਿੰਨੇ ਵਖ ਵਖ ਸਨ—ਕੋਲੀਆ ਅਤੇ ਕੋਸਤੀਆ, ਵਾਰੀਆ ਅਤੇ ਤੀਨਾ, ਦਾਨਕੋ ਅਤੇ ਲਾਰੀਸਾ, ਵੋਲੋਦੀਆ ਅਤੇ ਸਲਾਵਾ।... ਅਤੇ ਹਰ ਲੰਘਦੇ ਦਿਨ ਅਤੇ ਹਫ਼ਤੇ ਨਾਲ ਉਹਨਾਂ ਦਾ ਵਿਅਕਤੀਤਵ ਡੂੰਘੇਰਾ ਅਤੇ ਵਧੇਰੇ ਪ੍ਰਤਖ ਹੋ ਜਾਵੇਗਾ।

ਹਰ ਬਚੇ ਦੀ ਉਹਦੇ ਦਿਲ ਦੀ ਸਭ ਤੋਂ ਗੁਪਤ ਨੁਕਰ ਵਿਚ ਕਿਧਰੇ ਡੂੰਘੀ ਥਾਂ ਆਪਣੀ ਹੀ ਤਰਬ ਹੁੰਦੀ ਹੈ। ਇਹ ਤਰਬ ਆਪਣੇ ਢੰਗ ਨਾਲ ਗੂੰਜਦੀ ਹੈ ਅਤੇ ਦਿਲ ਦੇ ਮੇਰੇ ਸ਼ਬਦਾਂ ਨਾਲ ਗੂੰਜਣ ਲਈ ਇਹ ਲਾਜ਼ਮੀ ਹੈ ਕਿ ਮੈਂ ਆਪਣੇ ਆਪ ਨੂੰ ਹਰ ਤਰਬ ਦੀ ਸੁਰ ਨਾਲ ਮੇਲਾਂ। ਮੈਂ ਪਹਿਲਾਂ ਹੀ ਵੇਖਿਆ ਸੀ ਕਿ ਜਦੋਂ ਬਚੇ ਨੂੰ ਕਿਸੇ ਗਲ ਸੰਬੰਧੀ ਤੌਖਲਾ ਜਾਂ ਗ਼ਮ ਹੋਵੇ ਅਤੇ ਅਧਿਆਪਕ ਨੂੰ ਇਹਦਾ ਗਿਆਨ ਨਾ ਹੋਵੇ ਤਾਂ ਬਚੇ ਦੇ ਦਿਲ ਵਿਚ ਕਿਹੋ ਜਿਹੇ ਔਖੇ ਅਨੁਭਵ ਪੈਦਾ ਹੁੰਦੇ ਹਨ। ਕੀ ਮੈਂ ਇਹ ਸਮਝ ਸਕਾਂਗਾ ਕਿ ਹਰ ਬਚੇ ਦੇ ਦਿਲ ਵਿਚ ਹਰ ਰੋਜ਼ ਕੀ ਹੈ, ਉਹਦੇ ਉਤੇ ਕੀ ਵਾਪਰ ਰਹੀ ਹੈ? ਕੀ ਮੈਂ ਬਚਿਆਂ ਨਾਲ ਸਦਾ ਮੁਨਸਫ਼ੀ ਸਲੂਕ ਕਰ ਸਕਾਂਗਾ ?

ਪਰ ਸਭ ਤੋਂ ਵਧ ਮਹਤਵ-ਪੂਰਨ ਪ੍ਰਸ਼ਨ, ਅਤੇ ਜਿਸਨੇ ਮੈਨੂੰ ਆਪਣੇ ਕੰਮ ਦੇ ਸਾਰੇ ਵਰ੍ਹਿਆਂ ਵਿਚ ਉਕਾ ਹੀ ਚੈਨ ਨਾ ਲੈਣ ਦਿਤਾ, ਇਹ ਸੀ ਕਿ ਨਿਕੇ ਸਕੂਲੀ ਬਚੇ ਨੂੰ ਸਮਾਜੀ ਜੀਵਨ ਦੇ ਵਡੇ ਸੰਸਾਰ ਵਿਚ ਕਿਵੇਂ ਲਿਆਂਦਾ ਜਾਵੇ, ਅਜਿਹਾ ਕਿਵੇਂ ਕੀਤਾ ਜਾਵੇ ਕਿ ਹਰ ਬਚਾ ਆਪਣਾ ਪਿੰਡ, ਉਸ ਦਰਿਆ ਦਾ ਸੁਹਪਣ, ਜਿਸਦੇ ਕੰਢੇ ਉਹਨੇ ਆਪਣਾ ਮੁਢਲਾ ਜੀਵਨ ਬਿਤਾਇਆ, ਹੀ ਨਾ ਵੇਖੇ ਸਗੋਂ ਆਪਣੀ ਮਾਤ-ਭੂਮੀ ਦਾ ਧੜਵੈਲ ਅਸੀਮ ਸੰਸਾਰ ਵੇਖੇ। ਕਿ ਉਹ ਨਾ ਸਿਰਫ਼ ਪ੍ਰਕਿਰਤੀ ਅਤੇ ਮਨੁਖੀ ਮਨ ਦੇ ਸੁਹਪਣ ਨੂੰ ਪਿਆਰ ਕਰੇ ਸਗੋਂ ਦੁਸ਼ਮਣ ਸ਼ਕਤੀ ਨੂੰ, ਜਿਹੜੀ ਕੌਮਾਂ ਨੂੰ ਗ਼ੁਲਾਮ ਬਣਾਉਂਦੀ ਹੈ—ਸਾਮਰਾਜਵਾਦ ਨੂੰ ਨਫ਼ਰਤ ਕਰੇ। ਉਹ ਸੋਵੀਅਤ ਲੋਕਾਂ ਦੀਆਂ ਪ੍ਰਾਪਤੀਆਂ ਦੀ—ਸੋਸ਼ਲਿਸਟ ਉਸਾਰੀ, ਆਜ਼ਾਦੀ, ਮਾਣ, ਅਤੇ ਸਾਡੇ ਦੇਸ ਦੀਆਂ ਕੌਮਾਂ ਵਿਚਕਾਰ ਮਿਤਰਤਾ ਦੀ ਰਖਿਆ ਕਰਨ ਲਈ ਤਿਆਰ ਹੋਵੇਗਾ? ਮੈਂ ਨਾਗਰਿਕ ਸਿਖਿਆ ਨੂੰ ਸਰਬ-ਪਖੀ ਵਿਕਾਸ ਨਾਲ ਕਿਵੇਂ ਜੋੜ ਸਕਦਾ ਸਾਂ? ਨਿਕੇ ਸਕੂਲੀ ਬਚਿਆਂ ਦੀ ਵਿਦਿਆ ਬੜਾ ਗੁੰਝਲਦਾਰ ਮਸਲਾ ਹੈ। ਕੀ ਮੈਂ ਇਹਨੂੰ ਉਸ ਢੰਗ ਨਾਲ ਹਲ ਕਰਨ ਵਿਚ ਸਫ਼ਲ ਹੋ ਸਕਾਂਗਾ ਜਿਸ ਦੀ ਉਹਨਾਂ ਦੇ ਕੋਮਲ ਦਿਲ ਮੰਗ ਕਰਦੇ ਸਨ?

# ਬਚਪਨ ਦੇ ਵਰ੍ਹੇ

## ਮੁਢਲਾ ਸਕੂਲ ਕੀ ਹੈ?

ਅਗਸਤ ੧੯੫੨ ਦੇ ਅਖ਼ੀਰੀ ਦਿਨ ਸ਼ਾਂਤ, ਧੁਪਿਆਲੀ ਸਵੇਰ ਨੂੰ ਸਾਰੇ ਵਿਦਿਆਰਥੀ, ਅਧਿਆਪਕ ਅਤੇ ਮਾਤਾ ਪਿਤਾ ਸਕੂਲ ਦੀ ਇਮਾਰਤ ਦੇ ਸਾਹਮਣੇ ਘਾਹ ਵਾਲੇ ਮੈਦਾਨ ਵਿਚ ਇਕਠੇ ਹੋਏ। ਸਕੂਲ ਦੀ ਪੜ੍ਹਾਈ ਸ਼ੁਰੂ ਹੋਣ ਤੋਂ ਪਹਿਲਾਂ ਦਾ ਇਹ ਗੰਭੀਰ ਦਿਨ ਬੜੇ ਸਮੇ ਤੋਂ ਸਕੂਲ ਅਤੇ ਪੁਸਤਕਾਂ ਦਾ ਪ੍ਰੰਪਰਾਗਤ ਜਸ਼ਨ ਬਣ ਚੁਕਾ ਸੀ। ਉਸ ਸਵੇਰ ਦੀ ਕਾਰਵਾਈ ਵਿਸ਼ੇਸ਼ ਤੌਰ ਉਤੇ ਉਤੇਜਕ ਸੀ।

ਆਪਣੇ ਸਾਥੀ ਮੁਸਾਫ਼ਰਾਂ ਦੀਆਂ ਅਖਾਂ ਵਿਚ ਝਾਕਦਾ ਹੋਇਆ ਖੋਜੀ ਦੁਰਾਡੇ, ਅਣਜਾਣੇ ਦੇਸਾਂ ਲਈ ਚਲ ਪੈਂਦਾ ਹੈ, ਉਸੇ ਤਰ੍ਹਾਂ ਮੈਂ ਆਪਣੇ ਨਿਕੇ ਬਚਿਆਂ ਦੀਆਂ ਅਖਾਂ ਵਿਚ ਝਾਕਿਆ। ਉਹ ਉਥੇ ਖੜੇ ਸਨ, ੧੬ ਨਿਕੇ ਮੁੰਡੇ ਅਤੇ ੧੫ ਨਿਕੀਆਂ ਕੁੜੀਆਂ। ਬਚਿਆਂ ਦੇ ਮਾਤਾ ਪਿਤਾ ਅਤੇ ਬਹੁਤ ਸਾਰੇ ਦਾਦਾ ਦਾਦੀ ਅਤੇ ਨਾਨਾ ਨਾਨੀ ਉਹਨਾਂ ਦੇ ਨਾਲ ਆਏ ਸਨ। ਕੋਲੀਆ ਅਤੇ ਤੋਲੀਆ ਦੀਆਂ ਮਾਵਾਂ ਆਈਆਂ ਸਨ ਅਤੇ ਗਾਲੀਆ ਦੀ ਮਤਰੇਈ ਮਾਂ ਨਿਕੀ ਕੁੜੀ ਦੇ ਮੋਢੇ ਉਤੇ ਹਥ ਰਖ ਕੇ ਖੜੀ ਸੀ, ਪਰ ਉਹਦੀਆਂ ਅਖਾਂ ਘੂਰ ਨਹੀਂ ਸਨ ਰਹੀਆਂ, ਜਿਵੇਂ ਉਹ ਇਕ ਵਰ੍ਹਾ ਪਹਿਲਾਂ ਘੂਰ ਰਹੀਆਂ ਸਨ। ਸਾਰਿਆਂ ਨੇ ਸਾਨੂੰ ਵਧਾਈ ਦਿਤੀ ਅਤੇ ਸਾਡੀ ਸਫ਼ਲਤਾ ਦੀ ਕਾਮਨਾ ਕੀਤੀ। ਦਸਵੀਂ ਸ਼੍ਰੇਣੀ ਵਾਲੇ ਬਚਿਆਂ ਕੋਲ ਆਏ ਅਤੇ ਉਹਨਾਂ ਨੂੰ ਉਹਨਾਂ ਦੇ ਨਵੇਂ ਜੀਵਨ ਦਾ ਚਿੰਨ੍ਹ—ਪੁਸਤਕਾਂ ਦਿਤੀਆਂ, ਜਿਨ੍ਹਾਂ ਉਤੇ ਲਿਖਿਆ ਸੀ, "ਤੇਰੇ ਭਾਗ ਚੰਗੇ ਹੋਣ, ਨਿਕੇ ਮਿਤਰਾ। ਇਸ ਪੁਸਤਕ ਦਾ ਧਿਆਨ ਰਖੀਂ। ਸ਼ਾਲਾ ਇਹ ਤੈਨੂੰ ਸਦਾ ਉਹ ਦਿਨ ਚੇਤੇ ਕਰਾਵੇ ਜਦੋਂ ਤੂੰ ਸਕੂਲ ਦੀ ਪੜ੍ਹਾਈ ਸ਼ੁਰੂ ਕੀਤੀ ਸੀ। ਇਹਨੂੰ ਆਪਣੇ ਪਰਵਾਰ ਦੀ ਲਾਇਬ੍ਰੇਰੀ ਵਿਚ ਸਦਾ ਰਖੀਂ। (ਵਰ੍ਹੇ ਲੰਘ ਗਏ, ਮੇਰੇ ਵਿਦਿਆਰਥੀ ਵਡੇ ਹੋ ਗਏ ਅਤੇ ਉਹਨਾਂ ਸਭਨਾਂ ਨੇ ਇਹ ਪੁਸਤਕਾਂ ਇਉਂ ਸਾਂਭੀਆਂ ਜਿਵੇਂ ਉਹ ਪਵਿਤਰ ਹੋਣ, ਸੁਨਹਿਰੀ ਬਚਪਨ ਦੀ ਅਮੋਲ ਯਾਦ।)

ਅਸੀਂ ਸਾਰੇ ਸਕੂਲ ਦੇ ਬਾਗ਼ ਵਿਚ ਗਏ, ਬਚੇ ਅਤੇ ਉਹਨਾਂ ਦੇ ਮਾਤਾ ਪਿਤਾ ਅਤੇ ਅਧਿਆਪਕ ਅਤੇ ਦਸਵੀਂ ਸ਼੍ਰੇਣੀ ਦੇ ਵਿਦਿਆਰਥੀ, ਜਿਨ੍ਹਾਂ ਧਿਆਨ ਨਾਲ ਸਿਉ ਦੇ ਰੁਖ ਦਾ ਗਚ ਕਢਿਆ ਅਤੇ ਇਹਨੂੰ ਇਕ ਹੋਰ ਥਾਂ ਲੈ ਆਏ ਅਤੇ ਉਥੇ ਪੁਟੇ ਇਕ ਟੋਏ ਵਿਚ ਲਾ ਦਿਤਾ। ਸਾਰੇ ਨਵੇਂ ਵਿਦਿਆਰਥੀਆਂ ਨੇ ਮੁਠੀ ਮੁਠੀ ਮਿਟੀ

ਟੋਏ ਵਿਚ ਪਾਈ। ਬਚਿਆਂ ਨੇ ਰੁਖ ਨੂੰ ਪਾਣੀ ਦਿਤਾ ਅਤੇ ਆਪਣੇ ਆਪਣੇ ਘਰ ਚਲੇ ਗਏ। ਅਗਲੇ ਦਿਨ ਉਹ ਸਕੂਲ ਆਉਣਗੇ ਅਤੇ ਉਹਨਾਂ ਦਾ ਪਹਿਲਾ ਸਬਕ ਸ਼ੁਰੂ ਹੋਵੇਗਾ। ਚਾਰ ਵਰ੍ਹੇ ਉਹ ਮੁਢਲੇ ਸਕੂਲ ਦੇ ਵਿਦਿਆਰਥੀ ਰਹਿਣਗੇ ਅਤੇ ਚਾਰ ਵਰ੍ਹੇ ਮੈਂ ਉਹਨਾਂ ਨੂੰ ਪੜ੍ਹਾਵਾਂਗਾ ਅਤੇ ਉਹਨਾਂ ਦੀ ਪਾਲਣਾ ਕਰਾਂਗਾ। ਪਹਿਲੇ ਦਿਨ ਦੀ ਪੂਰਬਲੀ ਸੰਧਿਆ ਨੂੰ ਮੈਂ ਸੋਚਿਆ ਕਿ ਮੁਢਲਾ ਸਕੂਲ ਕੀ ਹੈ। ਮੁਢਲੇ ਸਕੂਲ ਦੇ ਅਥਾਹ, ਨਿਰਣਾਇਕ ਰੋਲ ਸੰਬੰਧੀ ਬਹੁਤ ਕੁਝ ਕਿਹਾ ਗਿਆ ਹੈ। ਇਹ ਕਿਹਾ ਗਿਆ ਹੈ ਕਿ "ਮੁਢਲੀਆਂ ਸ੍ਰੇਣੀਆਂ ਵਿਚ ਗਿਆਨ ਦੀ ਨੀਂਹ ਰਖੀ ਜਾਂਦੀ ਹੈ," ਅਤੇ ਇਹ ਕਿ "ਮੁਢਲੀਆਂ ਸ੍ਰੇਣੀਆਂ ਨੀਂਹਾਂ ਦੀ ਨੀਂਹ ਹਨ"। ਜਦੋਂ ਦਰਮਿਆਨੀਆਂ ਅਤੇ ਉਪਰਲੀਆਂ ਸ੍ਰੇਣੀਆਂ ਵਿਚ ਪੜ੍ਹਾਉਣ ਵਿਚ ਊਣਤਾਈਆਂ ਅਤੇ ਗ਼ਲਤੀਆਂ ਪ੍ਰਗਟ ਹੁੰਦੀਆਂ ਹਨ ਜਾਂ ਬਚਿਆਂ ਦੇ ਗਿਆਨ ਵਿਚ ਓਪਰਾਪੁਣਾ ਅਤੇ ਅਸਥਿਰਤਾ ਸਪਸ਼ਟ ਹੁੰਦੀ ਹੈ ਤਾਂ ਇਹ ਵਾਕੰਸ਼ ਅਕਸਰ ਦੁਹਰਾਏ ਜਾਂਦੇ ਹਨ। ਮੁਢਲੇ ਸਕੂਲ ਉਤੇ ਅਕਸਰ ਬਚਿਆਂ ਨੂੰ ਉਹ ਵਿਸ਼ੇਸ਼ ਗਿਆਨ ਅਤੇ ਯੋਗਤਾਵਾਂ ਨਾ ਦੇਣ ਲਈ ਦੋਸ਼ ਲਾਇਆ ਜਾਂਦਾ ਹੈ ਜਿਨ੍ਹਾਂ ਦੀ ਹੋਰ ਪੜ੍ਹਾਈ ਲਈ ਲੋੜ ਹੈ।

ਹਾਂ, ਅਨੁਭਵ ਦਰਸਾਉਂਦਾ ਹੈ ਸਭ ਤੋਂ ਪਹਿਲਾਂ ਬਚਿਆਂ ਨੂੰ ਇਸ ਗਲ ਦੀ ਸਿਖਿਆ ਦਿਤੀ ਜਾਣੀ ਚਾਹੀਦੀ ਹੈ ਕਿ ਕਿਵੇਂ ਪੜ੍ਹਨਾ ਹੈ। ਉਘੇ ਸਿਖਿਅਕਾਂ ਜਾਨ ਅਮੋਸ ਕੋਮੇਨਸਕਈ (੧੫੯੨-੧੬੭੦), ਕ. ਦ. ਉਸ਼ਿੰਸਕੀ ਅਤੇ ਫ਼. ਅ. ਦਿਸਤਰਵੇਗ (੧੭੯੦-੧੮੬੬) ਨੇ ਐਨ ਇਸੇ ਮਸਲੇ ਸੰਬੰਧੀ ਲਿਖਿਆ ਹੈ। ਇਹ ਅਮਲ ਵਿਚ ਅਧਿਆਪਕਾਂ ਦੇ ਅਨੁਭਵ ਦੀ ਪ੍ਰੌੜ੍ਹਤਾ ਕਰਦਾ ਹੈ। ਮੁਢਲੇ ਸਕੂਲ ਦੇ ਮਹਤਵ-ਪੂਰਨ ਕਾਰਜਾਂ ਵਿਚੋਂ ਇਕ ਵਿਦਿਆਰਥੀਆਂ ਨੂੰ ਨਿਗਰ ਗਿਆਨ ਦਾ ਇਕ ਵਿਸ਼ੇਸ਼ ਖੇਤਰ ਅਤੇ ਯੋਗਤਾਵਾਂ ਦੇਣਾ ਹੈ। ਅਧਿਅਨ ਕਰਨ ਦੀ ਯੋਗਤਾ ਦੇ ਆਪਣੇ ਆਪ ਵਿਚ ਗਿਆਨ ਵਿਚ ਨਿਪੁੰਨਤਾ ਨਾਲ ਸੰਬੰਧਤ ਹੋਰ ਅਨੇਕ ਗੁਣ ਹਨ: ਪੜ੍ਹਣ, ਲਿਖਣ, ਆਲੇ ਦੁਆਲੇ ਦੇ ਸੰਸਾਰ ਦੇ ਵਰਤਾਰਿਆਂ ਨੂੰ ਧਿਆਨ ਨਾਲ ਵੇਖਣ, ਸੋਚਣ, ਆਪਣੇ ਵਿਚਾਰ ਸ਼ਬਦਾਂ ਵਿਚ ਪੇਸ਼ ਕਰਨ ਦੀ ਯੋਗਤਾ। ਅਲੰਕਾਰਕ ਭਾਸ਼ਾ ਵਿਚ ਇਹ ਯੋਗਤਾਵਾਂ ਉਹ ਸੰਦ ਹਨ ਜਿਨ੍ਹਾਂ ਤੋਂ ਬਿਨਾਂ ਗਿਆਨ ਵਿਚ ਨਿਪੁੰਨਤਾ ਪ੍ਰਾਪਤ ਕਰਨਾ ਅਸੰਭਵ ਹੈ।

ਮੁਢਲੀਆਂ ਸ੍ਰੇਣੀਆਂ ਵਿਚ ਬਚਿਆਂ ਨੂੰ ਪੜ੍ਹਾਉਣ ਦੀ ਤਿਆਰੀ ਕਰਦੇ ਹੋਏ ਮੈਂ ਉਹਨਾਂ ਗਲਾਂ ਦਾ ਨਿਰਣਾ ਕਰਨ ਦਾ ਜਤਨ ਕੀਤਾ ਜਿਹੜੀਆਂ ਪੂਰਨ ਤੌਰ ਉਤੇ ਜਾਣਨਾ ਬਚਿਆਂ ਲਈ ਲਾਜ਼ਮੀ ਸੀ ਅਤੇ ਜਿਹੜੀਆਂ ਕਰਨ ਯੋਗ ਉਹਨਾਂ ਨੂੰ ਹੋਣਾ ਚਾਹੀਦਾ ਸੀ।

ਪਰ ਇਹ ਕਾਰਜ ਮੁਢਲੇ ਸਕੂਲ ਵਿਚ ਮੁਕਾ ਨਹੀਂ ਦੇਣਾ ਚਾਹੀਦਾ। ਬੰਦੇ ਨੂੰ ਇਕ ਛਿਣ ਲਈ ਵੀ ਇਹ ਗਲ ਨਹੀਂ ਭੁਲਣੀ ਚਾਹੀਦੀ ਕਿ ਮੁਢਲੇ ਸਕੂਲ ਵਿਚ ਬੰਦੇ ਦਾ ਵਾਹ ਬਚਿਆਂ ਨਾਲ ਪੈਂਦਾ ਹੈ।

ਮਨੁਖ ਦੀ ਬਣਤਰ ਪਹਿਲੀਆਂ ਚਾਰ ਮੁਢਲੀਆਂ ਸ਼੍ਰੇਣੀਆਂ ਵਿਚ ਹੁੰਦੀ ਹੈ ਜਦੋਂ ਬਚਿਆਂ ਦੀ ਉਮਰ ਸਤ ਤੋਂ ਯਾਰ੍ਹਾਂ ਦੀ ਹੁੰਦੀ ਹੈ। ਨਿਰਸੰਦੇਹ ਇਹ ਅਮਲ ਮੁਢਲੀਆਂ ਸ਼੍ਰੇਣੀਆਂ ਪੂਰੀਆਂ ਹੋਣ ਨਾਲ ਮੁਕ ਨਹੀਂ ਜਾਂਦਾ ਪਰ ਐਨ ਇਹਨਾਂ ਵਰ੍ਹਿਆਂ ਵਿਚ ਹੀ ਮਨੁਖੀ ਜੀਵਨ ਦਾ ਅਤਿ-ਅੰਤ ਤਿਖਾ ਹਿਸਾ ਵਾਪਰਦਾ ਹੈ। ਇਹ ਲਾਜ਼ਮੀ ਹੈ ਕਿ ਇਸ ਸਮੇਂ ਵਿਚ ਬਚਾ ਨਾ ਕੇਵਲ ਅਗੋਂ ਦੀ ਪੜ੍ਹਾਈ ਲਈ ਤਿਆਰੀ ਕਰੇ, ਗਿਆਨ ਅਤੇ ਯੋਗਤਾਵਾਂ ਦੀ ਉਹ ਵਖਰ ਇਕਠੀ ਕਰੇ ਜਿਹੜੀ ਉਹਨੂੰ ਭਵਿਖ ਵਿਚ ਸਫ਼ਲਤਾ ਨਾਲ ਪੜ੍ਹਣ ਯੋਗ ਬਣਾਏਗੀ ਸਗੋਂ ਆਪਣਾ ਅੰਦਰਲਾ ਜੀਵਨ ਵੀ ਭਰਪੂਰ ਬਣਾਏ। ਮੁਢਲੇ ਸਕੂਲ ਦੇ ਵਰ੍ਹੇ ਸਦਾਚਾਰਕ, ਬੌਧਕ, ਭਾਵੁਕ, ਸਰੀਰਕ ਅਤੇ ਸੁਹਜ-ਸੁਆਦੀ ਵਿਕਾਸ ਦਾ ਉਹ ਸਮੁਚਾ ਸਮਾਂ ਹਨ ਜਿਹੜੇ ਤਾਂ ਹੀ ਯਥਾਰਥਕ ਹੋਣਗੇ ਅਤੇ ਫੋਕੀਆਂ ਗਲਾਂ ਨਹੀਂ ਹੋਣਗੇ, ਜੇ ਬਚਾ ਕੇਵਲ ਗਿਆਨ ਵਿਚ ਨਿਪੁੰਨਤਾ ਪ੍ਰਾਪਤ ਕਰਕੇ ਭਵਿਖ ਲਈ ਤਿਆਰੀ ਕਰਨ ਦੀ ਥਾਂ ਹਰ ਰੋਜ਼ ਭਰਪੂਰ ਜੀਵਨ ਜੀਵੇ।

ਸਾਡੇ ਦੇਸ ਦੇ ਸਕੂਲਾਂ ਵਿਚ ਹਜ਼ਾਰਾਂ ਹਜ਼ਾਰ ਮੁਢਲੇ ਸਕੂਲਾਂ ਦੇ ਚੰਗੇ ਅਧਿਆਪਕ ਹਨ। ਅਤੇ ਉਹਨਾਂ ਵਿਚੋਂ ਹਰ ਇਕ ਬਚੇ ਲਈ ਗਿਆਨ ਦੀ ਲੋਅ ਹੀ ਨਹੀਂ ਸਗੋਂ, ਪ੍ਰੀਭਾਸ਼ਾ ਦੀ ਸਚੀ ਸੋਝੀ ਅਨੁਸਾਰ, ਜੀਵਨ ਦਾ ਇਕ ਸਿਖਿਅਕ, ਅਧਿਆਪਕ ਹੈ। ਸੋਵੀਅਤਾਂ ਦੇ ਦੇਸ ਵਿਚ ਮੁਢਲਾ ਸਕੂਲ ਆਮ ਸੈਕੰਡਰੀ ਵਿਦਿਆ ਲਈ ਆਧਾਰ ਹੈ। ਪਰ ਬੰਦੇ ਨੂੰ ਉਹਨਾਂ ਅਨੇਕ ਮੁਢਲੇ ਸਕੂਲਾਂ ਸੰਬੰਧੀ ਅਤੇ ਮਿਡਲ * ਅਤੇ ਸੈਕੰਡਰੀ ਸਕੂਲਾਂ ਵਿਚ ਮੁਢਲੀਆਂ ਸ਼੍ਰੇਣੀਆਂ ਸੰਬੰਧੀ ਨਹੀਂ ਭੁਲਣਾ ਚਾਹੀਦਾ, ਜਿਹੜੀਆਂ ਗੰਭੀਰ ਊਣਤਾਈਆਂ ਤੋਂ ਖ਼ਾਲੀ ਨਹੀਂ। ਕੁਝ ਸਕੂਲਾਂ ਦੀਆਂ ਮੁਢਲੀਆਂ ਸ਼੍ਰੇਣੀਆਂ ਵਿਚ ਵਿਦਿਆਰਥੀ ਦੀ ਹੋਣੀ ਮੈਨੂੰ ਤਰਸ-ਯੋਗ ਜਾਪਦੀ ਹੈ: ਬਚੇ ਉਤੇ ਇਕ ਬੋਰੀ ਲਦ ਦਿਤੀ ਜਾਂਦੀ ਹੈ, ਜਿਸ ਵਿਚ ਅਧਿਆਪਕ ਨੇ ਸਭ ਕੁਝ ਤੂੜ ਦਿਤਾ ਹੁੰਦਾ ਹੈ। ਅਧਿਆਪਕ ਅਕਸਰ ਜੀਵਨ ਅਤੇ ਵਿਦਿਆਰਥੀ ਦੀ ਸਰਗਰਮੀ ਦਾ ਅਰਥ ਇਸ ਬੋਰੀ ਨੂੰ ਇਕ ਮਿਥੀ ਸਰਹਦ, ਅਰਥਾਤ, ਮਿਡਲ ਅਤੇ ਉਚੇਰੀਆਂ ਸ਼੍ਰੇਣੀਆਂ ਵਿਚ ਪੜ੍ਹਾਈ ਲਈ ਤਿਆਰੀ ਵਜੋਂ ਵੇਖਦਾ ਹੈ।

ਇਹ ਲਾਜ਼ਮੀ ਹੈ ਕਿ ਮੁਢਲਾ ਸਕੂਲ ਵਿਦਿਆਰਥੀ ਨੂੰ ਗਿਆਨ ਦਾ ਨਿਗਰ ਖੇਤਰ ਦੇਵੇ। ਇਸ ਅਮਲ ਵਿਚ ਸਪਸ਼ਟਤਾ ਦੀ ਕਿਸੇ ਘਾਟ ਜਾਂ ਅਸਪਸ਼ਟਤਾ ਨਾ ਕੇਵਲ ਮੁਢਲੇ ਸਕੂਲ ਨੂੰ ਕਮਜ਼ੋਰ ਕਰਦੀ ਹੈ ਸਗੋਂ ਪੜ੍ਹਾਈ ਵਿਚ ਅਗਲੀਆਂ ਕੜੀਆਂ ਨੂੰ ਵੀ ਕਮਜ਼ੋਰ ਬਣਾਉਂਦੀ ਹੈ। ਗਿਆਨ, ਯੋਗਤਾਵਾਂ ਅਤੇ ਅਮਲੀ ਹੁਨਰਾਂ ਦੇ

---

* ਇਹ ਕਿਤਾਬ ਲਿਖੇ ਜਾਣ ਸਮੇਂ (੧੯੭੪ ਵਿਚ) ਸੋਵੀਅਤ ਯੂਨੀਅਨ ਵਿਚ ਮਿਡਲ (ਅਠ ਸ਼੍ਰੇਣੀਆਂ ਵਾਲੇ ਸਕੂਲ) ਸਨ, ਅਜ ਉਹ ਨਹੀਂ ਹਨ। ਹੁਣ ਸਾਰੇ ਦੇਸ ਵਿਚ ਦਸ ਸਾਲਾਂ ਦੀ ਪੜ੍ਹਾਈ ਲਾਜ਼ਮੀ ਅਤੇ ਮੁਫ਼ਤ ਹੈ। — **ਅਨੁ:**

ਉਸ ਖੇਤਰ ਨੂੰ ਮਿਥੇ ਬਿਨਾਂ ਜਿਹੜੀਆਂ ਬਚਿਆਂ ਨੂੰ ਦੇਣੀਆਂ ਲਾਜ਼ਮੀ ਹਨ, ਕੋਈ ਸਕੂਲ ਨਹੀਂ ਹੁੰਦਾ। ਕਈ ਸਕੂਲਾਂ ਵਿਚ ਮੁਢਲੀਆਂ ਕੜੀਆਂ ਵਿਚ ਸਭ ਤੋਂ ਗੰਭੀਰ ਊਣਤਾਈਆਂ ਵਿਚੋਂ ਇਕ ਇਹ ਹੈ ਕਿ ਅਧਿਆਪਕ ਅਕਸਰ ਇਸ ਗਲ ਨੂੰ ਅਖੋ ਉਹਲੇ ਕਰਦਾ ਹੈ ਕਿ ਕਿਹੜੇ ਗੁਰ ਅਤੇ ਪ੍ਰੀਭਾਸ਼ਾਵਾਂ ਬਚੇ ਨੂੰ ਪਹਿਲੀ ਸ਼੍ਰੇਣੀ, ਦੂਜੀ ਸ਼੍ਰੇਣੀ, ਇਤਿ-ਆਦਿ ਵਿਚ ਪੂਰੀ ਤਰ੍ਹਾਂ ਸੋਚਣੀਆਂ ਅਤੇ ਚੇਤੇ ਕਰਨੀਆਂ ਚਾਹੀਦੀਆਂ ਹਨ ਅਤੇ ਕਿਹੜੇ ਸ਼ਬਦ ਉਹਨੂੰ ਉਹਨਾਂ ਦੇ ਜੋੜ ਕਦੀ ਨਾ ਭੁਲਦੇ ਹੋਏ ਠੀਕ ਤਰ੍ਹਾਂ ਲਿਖਣੇ ਚਾਹੀਦੇ ਹਨ। ਬਚਿਆਂ ਉਤੇ ਬੌਧਕ ਭਾਰ ਘਟ ਕਰਨ ਦਾ ਜਤਨ ਕਰਦੇ ਹੋਏ ਕੁਝ ਅਧਿਆਪਕ ਇਹ ਭੁਲ ਜਾਂਦੇ ਹਨ ਕਿ ਇਹ ਲਾਜ਼ਮੀ ਹੈ ਕਿ ਬਚਾ ਨਾ ਕੇਵਲ ਕੁਝ ਮਾਮਲਿਆਂ ਸੰਬੰਧੀ ਪਤਾ ਕਢੇ ਅਤੇ ਉਹਨਾਂ ਵਿਚ ਦਿਲਚਸਪੀ ਲਵੇ, ਸਗੋਂ ਉਹਨਾਂ ਨੂੰ ਚੇਤੇ ਕਰ ਲਵੇ ਅਤੇ ਉਹਨਾਂ ਨੂੰ ਸਦਾ ਆਪਣੀ ਯਾਦ ਵਿਚ ਰਖੇ। ਅਜ ਕਲ ਮੁਢਲੇ ਸਕੂਲ ਦੇ ਵਿਦਿਆਰਥੀ ਦੇ ਆਮ ਵਿਕਾਸ ਸੰਬੰਧੀ ਬਹੁਤ ਕੁਝ ਕਿਹਾ ਜਾ ਰਿਹਾ ਹੈ। ਨਿਰਸੰਦੇਹ ਆਮ ਵਿਕਾਸ ਪੜ੍ਹਾਈ ਅਤੇ ਪਾਲਣ-ਪੋਸਣ ਦਾ ਅਸਾਧਾਰਨ ਮਹਤਤਾ ਵਾਲਾ ਅੰਸ਼ ਹੈ, ਪਰ ਉਹ ਬੁਨਿਆਦੀ ਗਿਆਨ, ਜਿਸ ਤੋਂ ਬਿਨਾਂ ਲੰਮੇ ਸਮੇ ਦੀ ਯਾਦ ਅਤੇ ਆਮ ਵਿਕਾਸ ਅਸੰਭਵ ਹਨ, ਵੀ ਉਨਾ ਹੀ ਮਹਤਵ-ਪੂਰਨ ਹੈ, ਕਿਉਂਕਿ ਆਮ ਵਿਕਾਸ ਦੇ ਅਰਥ ਹਨ ਗਿਆਨ ਵਿਚ ਨਿਰੰਤਰ ਨਿਪੁੰਨਤਾ, ਅਤੇ ਉਹਦੇ ਲਈ ਇਹ ਗਲ ਉਕਾ ਹੀ ਲਾਜ਼ਮੀ ਹੈ ਕਿ ਬੰਦਾ ਪੜ੍ਹ ਸਕਦਾ ਹੋਵੇ।

ਮੁਢਲੇ ਸਕੂਲ ਦੇ ਸਨਮੁਖ ਜਿਹੜੇ ਸਾਰੇ ਮਹਤਵ-ਪੂਰਨ ਕਾਰਜ ਹਨ, ਉਹਨਾਂ ਦੇ ਸਨਮੁਖ ਬੰਦੇ ਨੂੰ ਇਹ ਗਲ ਨਹੀਂ ਭੁਲਣੀ ਚਾਹੀਦੀ ਕਿ ਅਧਿਆਪਕ ਦਾ ਵਾਹ ਅਜਿਹੇ ਬੰਦੇ ਨਾਲ ਪੈ ਰਿਹਾ ਹੈ ਜਿਹੜਾ ਸਰੀਰ ਦੀ ਤੰਤੂ-ਪ੍ਰਣਾਲੀ ਦੀ ਬਣਤਰ ਦੇ ਸਰਗਰਮ ਸਮੇ ਵਿਚੋਂ ਲੰਘ ਰਿਹਾ ਹੈ। ਬੰਦੇ ਨੂੰ ਬਚੇ ਦੇ ਦਿਮਾਗ਼ ਨੂੰ ਅਜਿਹੀ ਬਣਤਰ ਵਜੋਂ ਨਹੀਂ ਵੇਖਣਾ ਚਾਹੀਦਾ, ਜਿਹੜੀ ਅਧਿਆਪਕ ਲਈ, ਗਿਆਨ ਨੂੰ ਸਮੋ ਲੈਣ ਲਈ, ਸੂਚਨਾ ਯਾਦ ਕਰਨ ਅਤੇ ਸੰਗ੍ਰਹਿ ਕਰਨ ਲਈ ਬਣੀ ਬਣਾਈ ਹੈ। ੭ ਤੋਂ ੧੧ ਵਰ੍ਹੇ ਦੇ ਬਚੇ ਦਾ ਦਿਮਾਗ਼ ਤੇਜ਼ ਵਿਕਾਸ ਦੇ ਅਮਲ ਵਿਚ ਹੁੰਦਾ ਹੈ। ਅਤੇ ਜੇ ਅਧਿਆਪਕ ਇਹ ਭੁਲ ਜਾਂਦਾ ਹੈ ਕਿ ਬੰਦੇ ਨੂੰ ਵਿਅਕਤੀ ਦੀ ਤੰਤੂ-ਪ੍ਰਣਾਲੀ ਦੇ ਵਿਕਾਸ, ਦਿਮਾਗ਼ ਦੇ ਬਾਹਰਲੇ ਹਿਸੇ ਦੀਆਂ ਖੋਲੀਆਂ ਨੂੰ ਮਜ਼ਬੂਤ ਬਣਾਉਣ ਵਲ ਧਿਆਨ ਦੇਣਾ ਚਾਹੀਦਾ ਹੈ ਤਾਂ ਪੜ੍ਹਾਈ ਬਚੇ ਨੂੰ ਮਤਹੀਣ ਬਣਾ ਦੇਵੇਗੀ।

ਪੜ੍ਹਣ ਦਾ ਸਿਟਾ ਨਿਰੰਤਰ ਗਿਆਨ ਇਕਤ੍ਰ ਕਰਨਾ, ਲਗਾਤਾਰ ਯਾਦ ਦੀ ਸਿਖਿਆ, ਘੋਟਾ ਲਾਉਣ ਕਾਰਨ, ਜਿਸਦੀ ਕਿਸੇ ਨੂੰ ਲੋੜ ਨਹੀਂ ਅਤੇ ਜਿਹੜਾ ਬਚੇ ਦੀ ਸਿਹਤ ਅਤੇ ਬੌਧਕ ਵਿਕਾਸ ਲਈ ਹਾਨੀਕਾਰਕ ਹੈ, ਮਤਹੀਣ ਹੋਣਾ ਅਤੇ ਹੋਸ਼ ਗੁਆਚਣਾ ਨਹੀਂ ਹੋਣਾ ਚਾਹੀਦਾ। ਮੈਂ ਪੜ੍ਹਣ ਨੂੰ ਬਚੇ ਦੇ ਭਰਪੂਰ ਅੰਦਰਲੇ ਜੀਵਨ

ਦਾ ਭਾਗ ਬਣਾਉਣ ਦਾ ਜਤਨ ਕੀਤਾ, ਜਿਹੜਾ ਉਹਦੇ ਵਿਕਾਸ ਨੂੰ ਵਧਾਏਗਾ ਅਤੇ ਉਹਦੇ ਮਨ ਨੂੰ ਭਰਪੂਰ ਬਣਾਏਗਾ। ਘੱਟਾ ਨਹੀਂ, ਸਗੋਂ ਖੇਡਾਂ, ਪਰੀ-ਕਹਾਣੀਆਂ, ਸੁਹਪਣ, ਸੰਗੀਤ, ਖ਼ਿਆਲ-ਉਡਾਰੀ ਅਤੇ ਰਚਨਾਤਮਕਤਾ ਤੋਂ ਉਗਮੰਣ ਵਾਲਾ ਭਰਪੂਰ ਬੌਧਕ ਜੀਵਨ ਉਹ ਵਿਦਿਆ ਹੋਣਗੇ ਜਿਹੜੇ ਮੇਰੇ ਵਿਦਿਆਰਥੀ ਪ੍ਰਾਪਤ ਕਰਨਗੇ। ਮੈਂ ਚਾਹੁੰਦਾ ਸਾਂ ਕਿ ਬਚੇ ਉਸ ਸੰਸਾਰ ਵਿਚ ਸੈਲਾਨੀ, ਲਭਤਾਂ ਲਭਣ ਵਾਲੇ ਅਤੇ ਰਚਣਹਾਰੇ ਹੋਣ। ਵੇਖਣਾ, ਸੋਚਣਾ, ਬਹਿਸ ਕਰਨੀ, ਕੰਮ ਦੀ ਖ਼ੁਸ਼ੀ ਅਨੁਭਵ ਕਰਨਾ ਅਤੇ ਮਨੁਖ ਜੋ ਕੁਝ ਰਚਦਾ ਹੈ ਉਸ ਉਤੇ ਮਾਣ ਅਨੁਭਵ ਕਰਨਾ, ਲੋਕਾਂ ਲਈ ਸੁਹਪਣ ਅਤੇ ਖ਼ੁਸ਼ੀ ਲਿਆਉਣਾ, ਅਤੇ ਉਸ ਰਚਨਾਤਮਕਤਾ ਵਿਚ ਪ੍ਰਕਿਰਤੀ, ਸੰਗੀਤ ਅਤੇ ਕਲਾ ਦੇ ਸੁਹਪਣ ਲਈ ਸ਼ਲਾਘਾ ਲਭਣਾ, ਖ਼ੁਦ ਆਪਣੇ ਅੰਦਰਲੇ ਸੰਸਾਰ ਨੂੰ ਸੁਹਪਣ ਨਾਲ ਭਰਪੂਰ ਬਣਾਉਣਾ, ਹੋਰ ਲੋਕਾਂ ਦੀਆਂ ਖ਼ੁਸ਼ੀਆਂ ਅਤੇ ਗ਼ਮਾਂ ਨੂੰ ਦਿਲ ਲਾਉਣਾ, ਅਤੇ ਉਹਨਾਂ ਦੀਆਂ ਹੋਣੀਆਂ ਨੂੰ ਇਉਂ ਅਨੁਭਵ ਕਰਨਾ ਜਿਵੇਂ ਉਹ ਤੁਹਾਡੀਆਂ ਆਪਣੀਆਂ ਹੋਣ—ਅਜਿਹੇ ਸਨ ਮੇਰੇ ਵਿਦਿਅਕ ਆਦਰਸ਼। ਇਹਦੇ ਨਾਲ ਹੀ ਨਾਲ ਮੈਂ ਉਹ ਠੀਕ ਠੀਕ ਅਤੇ ਸਖ਼ਤੀ ਨਾਲ ਮਿਥੇ ਨਿਸ਼ਾਨੇ ਵੀ ਸਾਹਮਣੇ ਰਖਣੇ ਸਨ: ਬਚੇ ਐਨ ਕੀ **ਜਾਣਨ**? ਉਹ ਕਿਹੜੇ ਸ਼ਬਦ ਲਿਖਣ ਅਤੇ ਕਦੀ ਨਾ ਭੁਲਣ ਲਈ ਸਿਖਣ? ਹਿਸਾਬ ਦੇ ਕਿਹੜੇ ਗੁਰ ਉਹ ਜ਼ਰੂਰ ਹੀ ਯਾਦ ਕਰਨ? ਜਦੋਂ **ਖ਼ੁਸ਼ੀ ਦਾ ਸਕੂਲ** ਚਾਲੂ ਸੀ ਤਾਂ ਮੈਂ ਉਹਨਾਂ ਸ਼ਬਦਾਂ ਦੀ ਸੂਚੀ ਬਣਾਈ ਜਿਹੜੀ ਪਹਿਲੀ ਤੋਂ ਚੌਥੀ ਸ਼੍ਰੇਣੀ ਵਾਲਿਆਂ ਲਈ ਚੰਗੀ ਤਰ੍ਹਾਂ ਜਾਣਨਾ ਲਾਜ਼ਮੀ ਸੀ।

ਬੌਧਕ ਕਿਰਤ ਦੇ ਢੰਗ, ਰੂਪ ਅਤੇ ਵਿਧੀ ਵਿਚ ਨਿਪੁੰਨਤਾ ਪ੍ਰਾਪਤ ਕਰਨ ਦੇ ਮਾਮਲੇ ਵਿਚ ਮੈਂ ਪਾਲਣ-ਪੋਸਣ ਦੇ ਢੰਗ ਦੀ ਬਹੁਤ ਜ਼ਿਆਦਾ ਮਹਤਤਾ ਵੇਖਦਾ ਸਾਂ। ਅਨੇਕ ਸਕੂਲਾਂ ਦੇ ਡਾਇਰੈਕਟਰ ਅਤੇ ਇਨਸਪੈਕਟਰ ਮੁਢਲੀਆਂ ਸ਼੍ਰੇਣੀਆਂ ਵਲ ਜਿਹੜਾ ਨਿਵਾਜਵਾਂ ਵਤੀਰਾ ਅਪਣਾਉਂਦੇ ਹਨ ਮੈਂ ਉਸ ਉਤੇ ਬਹੁਤ ਪ੍ਰੇਸ਼ਾਨ ਹੁੰਦਾ। ਇਨਸਪੈਕਟਰ ਆਉਂਦਾ ਅਤੇ ਉਹਨੂੰ ਸਭ ਤੋਂ ਪਹਿਲਾਂ ਮਿਡਲ ਅਤੇ ਉਪਰਲੀਆਂ ਸ਼੍ਰੇਣੀਆਂ ਵਿਚ ਰੋਚਕਤਾ ਹੁੰਦੀ, ਮੁਢਲੀਆਂ ਸ਼੍ਰੇਣੀਆਂ ਵਲ ਉਹਦਾ ਵਤੀਰਾ ਇਉਂ ਹੁੰਦਾ ਜਿਵੇਂ ਹੇਠਲੀਆਂ ਸ਼੍ਰੇਣੀਆਂ ਵਿਚ ਵਿਦਿਆ ਨਹੀਂ ਸਗੋਂ ਬਚਿਆਂ ਦੀਆਂ ਖੇਡਾਂ ਚਲ ਰਹੀਆਂ ਹੁੰਦੀਆਂ। ਪਰ ਉਸ ਖੇਡ ਵਲ ਕੋਮਲਤਾ ਉਸ ਸਮੇਂ ਵਿਸ਼ੇ-ਵਸਤੂ ਦੇ ਘਟੀਆ ਗਿਆਨ ਸੰਬੰਧੀ ਘਬਰਾਹਟ ਵਿਚ ਤਬਦੀਲ ਹੋ ਜਾਂਦੀ ਜਦੋਂ ਵਿਦਿਆਰਥੀ ਪੰਜਵੀਂ ਸ਼੍ਰੇਣੀ ਵਿਚ ਅਪੜਦੇ।

ਜਦੋਂ ਮੈਂ ਨਿਕੇ ਬਚਿਆਂ ਨਾਲ ਕੰਮ ਸ਼ੁਰੂ ਕੀਤਾ ਤਾਂ ਮੇਰੇ ਵਿਚ ਕਿਸੇ ਤਰ੍ਹਾਂ ਦੇ ਕੋਮਲ ਭਾਵ ਨਹੀਂ ਸਨ। ਇਹ ਲਾਜ਼ਮੀ ਸੀ ਕਿ ਦੂਜੀ ਸ਼੍ਰੇਣੀ ਮੁਕਾਉਣ ਤੋਂ ਪਹਿਲਾਂ ਉਹ ਰਵਾਂ ਅਤੇ ਪ੍ਰਗਟਾਊ ਢੰਗ ਨਾਲ, ਅਤੇ ਸਮਝ ਨਾਲ ਪੜ੍ਹਨਾ ਸਿਖ ਲੈਣ, ਆਪਣੀਆਂ ਅਖਾਂ ਨਾਲ ਨਿਕੇ ਵਾਕਾਂ ਅਤੇ ਵਡੇ ਵਾਕਾਂ ਦੇ ਅੰਸ਼ਾਂ ਨੂੰ ਇਕਤ੍ਰ ਕੀਤੀ

ਇਕਾਈ ਵਜੋਂ ਪਛਾਣਨਾ ਸਿਖ ਲੈਣਾ। ਪੜ੍ਹਣਾ ਚਿੰਤਨ ਅਤੇ ਬੌਧਕ ਵਿਕਾਸ ਦੇ ਸੋਮਿਆਂ ਵਿਚੋਂ ਇਕ ਹੈ। ਮੈਂ ਅਜਿਹੇ ਢੰਗ ਨਾਲ ਪੜ੍ਹਣਾ ਸਿਖਾਉਣ ਦਾ ਕਾਰਜ ਆਪਣੇ ਸਾਹਮਣੇ ਰਖਿਆ, ਤਾਂ ਜੁ ਬਚਾ **ਪੜ੍ਹਦੇ ਹੋਏ ਸੋਚੇ।** ਇਹ ਲਾਜ਼ਮੀ ਹੈ ਕਿ ਇਹ ਭਰਪੂਰ ਆਤਮਕ ਜੀਵਨ ਦੇ ਸੋਮਿਆਂ ਦੇ ਨਾਲ ਨਾਲ ਗਿਆਨ ਵਿਚ ਨਿਪੁੰਨਤਾ ਪ੍ਰਾਪਤੀ ਦਾ ਇਕ ਬਹੁਤ ਸ਼ੁਧ ਸਾਧਨ ਬਣ ਜਾਵੇ।

ਅਗਲੇ ਕਾਂਡ ਵਿਚ ਮੈਂ ਦਸਾਂਗਾ ਕਿ ਕਿਵੇਂ ਚਾਰ ਵਰ੍ਹਿਆਂ ਦੇ ਦੌਰਾਨ, ੧੯੫੨ ਦੀ ਪਤ-ਝੜ ਤੋਂ ੧੯੫੬ ਦੀ ਬਸੰਤ ਤਕ, ਮੈਂ ਮੁਢਲੇ ਸਕੂਲ ਦੇ ਦੋ ਇਕੋ ਜਿਹੀ ਮਹਤਤਾ ਵਾਲੇ ਕਾਰਜਾਂ ਦੀ ਏਕਤਾ ਨੂੰ ਅਮਲ ਵਿਚ ਲਿਆਉਣ ਦਾ ਜਤਨ ਕੀਤਾ: ਪਹਿਲਾ, ਬਚਿਆਂ ਨੂੰ ਵਿਸ਼ੇ-ਵਸਤੂ ਦਾ ਡੂੰਘਾ, ਨਿਗਰ ਗਿਆਨ ਦੇਣਾ, ਜਿਥੇ ਕਿ ਦੂਜਾ, ਘੋਟਾ ਲਾਉਣੋਂ ਰੋਕਣਾ, ਅਤੇ ਬਚਿਆਂ ਦੇ ਭਰਪੂਰ ਆਤਮਕ ਜੀਵਨ ਅਤੇ ਉਹਨਾਂ ਦੀ ਸਿਹਤ ਦਾ ਧਿਆਨ ਰਖਣਾ।

## ਸਿਹਤ, ਸਿਹਤ ਅਤੇ ਇਕ ਵਾਰ ਫਿਰ ਸਿਹਤ

ਮੈਂ ਇਹ ਗਲ ਦੁਹਰਾਉਣ ਸਮੇਂ ਜਕਦਾ ਨਹੀਂ ਕਿ ਬਚੇ ਦੀ ਸਿਹਤ ਦਾ ਧਿਆਨ ਰਖਣਾ ਸਿਖਿਅਕ ਦਾ ਇਕ ਬਹੁਤ ਮਹਤਵ-ਪੂਰਨ ਕਾਰਜ ਹੈ। ਬਚਿਆਂ ਦੇ ਆਤਮਕ ਜੀਵਨ, ਸੰਸਾਰ ਸੰਬੰਧੀ ਵਿਚਾਰ, ਬੌਧਕ ਵਿਕਾਸ, ਨਿਗਰ ਗਿਆਨ ਅਤੇ ਆਪਣੇ ਆਪ ਵਿਚ ਭਰੋਸਾ ਉਹਨਾਂ ਦੇ ਹੁਲਾਸ ਉਤੇ ਨਿਰਭਰ ਹੈ.। ਜੇ ਅਸੀਂ ਪਹਿਲੇ ਚਾਰ ਵਰ੍ਹਿਆਂ ਵਿਚ ਬਚਿਆਂ ਸੰਬੰਧੀ ਮੇਰੀਆਂ ਸਾਰੀਆਂ ਫ਼ਿਕਰਮੰਦੀਆਂ ਅਤੇ ਚਿੰਤਾਵਾਂ ਦਾ ਹਿਸਾਬ ਲਾਈਏ ਤਾਂ ਉਹਨਾਂ ਵਿਚੋਂ ਅਧੀਆਂ ਤੋਂ ਵਧ ਸਿਹਤ ਨਾਲ ਸੰਬੰਧਤ ਸਨ।

ਪਰਵਾਰ ਨਾਲ ਨਿਰੰਤਰ ਸੰਬੰਧ ਤੋਂ ਬਿਨਾਂ ਬਚੇ ਦੀ ਸਿਹਤ ਦਾ ਧਿਆਨ ਰਖਣਾ ਅਸੰਭਵ ਹੈ। ਪਰਵਾਰਾਂ ਨਾਲ ਮੇਰੀ ਜਿਹੜੀ ਗਲ ਬਾਤ ਹੋਈ, ਵਿਸ਼ੇਸ਼ ਤੌਰ ਉਤੇ ਪਹਿਲੇ ਦੋ ਵਰ੍ਹਿਆਂ ਵਿਚ, ਉਹਦੇ ਵਿਚੋਂ ਵਧੇਰੇ ਦਾ ਸੰਬੰਧ ਬਚਿਆਂ ਦੀ ਸਿਹਤ ਨਾਲ ਸੀ। ਮੈਂ ਮਾਤਾ ਪਿਤਾ ਨੂੰ ਦਸਿਆ ਕਿ ਉਹਨਾਂ ਦੇ ਬਚਿਆਂ ਨੂੰ ਘਰ ਲਈ ਕੰਮ ਨਹੀਂ ਦਿਤਾ ਜਾਵੇਗਾ। ਗੁਰ ਅਤੇ ਪ੍ਰੀਭਾਸ਼ਾਵਾਂ ਸਬਕਾਂ ਸਮੇਂ ਜ਼ਬਾਨੀ ਯਾਦ ਕਰ ਲਏ ਜਾਣਗੇ। ਘਰ ਵਿਚ ਬਚੇ ਵਧੇਰੇ ਉਹ ਮਸ਼ਕਾਂ ਮੁਕੰਮਲ ਕਰਨਗੇ ਜਿਹੜੀਆਂ ਸਮਿਗਰੀ ਦੀ ਡੂੰਘੀ ਸਮਝ ਨੂੰ ਵਧਾਉਣ। ਇਸ ਤੋਂ ਬਿਨਾਂ ਬਚੇ ਪੜ੍ਹਨਗੇ, ਮੂਰਤਾਂ ਵਾਹੁਣਗੇ, ਪ੍ਰਕਿਰਤਕ ਵਰਤਾਰਿਆਂ ਨੂੰ ਧਿਆਨ ਨਾਲ ਵੇਖਣਗੇ, ਆਲੇ ਦੁਆਲੇ ਦੇ ਸੰਸਾਰ ਦੀਆਂ ਵਸਤਾਂ ਅਤੇ ਘਟਨਾਵਾਂ ਸੰਬੰਧੀ ਨਿਕੇ ਨਿਕੇ ਲੇਖ ਲਿਖਣਗੇ ਅਤੇ ਆਪਣੇ ਮਨ-ਪਸੰਦ ਗੀਤ ਜ਼ਬਾਨੀ ਯਾਦ ਕਰਨਗੇ। ਘਰ ਲਈ ਕੰਮ ਥਕਾਉਣ ਵਾਲਾ ਨਹੀਂ ਹੋਣਾ ਚਾਹੀਦਾ ਪਰ ਇਸ ਤੋਂ ਉਕਾ ਹੀ ਛੁਟਕਾਰਾ ਪਾਉਣਾ ਅਸੰਭਵ

ਸੀ। ਬੰਦਾ ਗੰਭੀਰਤਾ ਨਾਲ ਇਹ ਦਲੀਲ ਨਹੀਂ ਦੇ ਸਕਦਾ ਕਿ ਪੜ੍ਹਾਈ ਦੇ ਢੰਗਾਂ ਦੀ ਨਿਪੁੰਨਤਾ ਕਾਰਨ ਸ੍ਰੇਣੀ ਦੇ ਸਮੇਂ ਤੋਂ ਪਿਛੋਂ ਦੇ ਕੰਮ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। ਇਹ ਦਲੀਲ ਪੜ੍ਹਣ ਦੇ ਅਸਲੀ ਆਸ਼ਿਆਂ ਅਤੇ ਨਿਯਮਾਂ ਨੂੰ ਪ੍ਰਤਿਬਿੰਬਤ ਨਹੀਂ ਕਰਦੀ, ਕਿਉਂਕਿ ਬੰਦਾ ਬਚੇ ਦੀ ਸਾਰੀ ਬੌਧਕ ਕਿਰਤ ਨੂੰ ਲਗਾਤਾਰ ਤਿੰਨ ਜਾਂ ਚਾਰ ਘੰਟਿਆਂ ਵਿਚ ਸਮੇਟ ਨਹੀਂ ਸਕਦਾ।

ਮਾਤਾ ਪਿਤਾ ਨੇ ਇਸ ਗਲ ਦਾ ਧਿਆਨ ਰਖਣ ਦਾ ਇਕਰਾਰ ਕੀਤਾ ਕਿ ਬਚੇ ਖੁਲ੍ਹੀ ਹਵਾ ਵਿਚ ਵਧੇਰੇ ਸਮਾਂ ਬਿਤਾਉਣਗੇ, ਰਾਤ ਨੂੰ ਛੇਤੀ ਸੌਂ ਜਾਣਗੇ, ਸਵੇਰੇ ਛੇਤੀ ਜਾਗਣਗੇ ਅਤੇ ਬਾਰੀ ਖੋਹਲ ਕੇ ਸੌਣਗੇ। ਸਾਰਾ ਹੁਨਾਲ ਅਤੇ ਪਤ-ਝੜ ਅਤੇ ਬਸੰਤ ਦੇ ਨਿਘੇ ਮਹੀਨਿਆਂ ਵਿਚ ਬਚੇ ਵਿਹੜੇ ਵਿਚ ਸੌਣਗੇ—ਮੈਂ ਮਾਤਾ ਪਿਤਾ ਨਾਲ ਇਸ ਸੰਬੰਧੀ ਸਹਿਮਤ ਹੋ ਗਿਆ। ਮਾਤਾਵਾਂ ਅਤੇ ਪਿਤਾਵਾਂ ਨੇ ਕਾਨਿਆਂ ਵਾਲੇ ਕੋਠਿਆਂ ਦੀਆਂ ਛਤਾਂ ਹੇਠ ਤੂੜੀ ਰਖਣ ਵਾਲੀ ਮਿਆਨੀ ਵਿਚ ਮੀਂਹ ਤੋਂ ਸੁਰਖਿਅਤ, "ਸੌਣ ਵਾਲੀਆਂ ਨੁਕਰਾਂ" ਬਣਾਈਆਂ। ਬਚਿਆਂ ਨੂੰ ਇਹ ਬਹੁਤ ਜ਼ਿਆਦਾ ਪਸੰਦ ਆਈਆਂ। ਹਰ ਉਸ ਪਰਵਾਰ ਨੂੰ, ਜਿਸਦੇ ਬਚੇ ਸਕੂਲ ਵਿਚ ਪੜ੍ਹਦੇ ਸਨ, ਵਿਹੜੇ ਵਿਚ ਇਹ ਹੁਨਾਲੀ ਘਰ ਬਣਾਉਣਾ ਪਿਆ, ਜਿਥੇ ਬਸੰਤ ਦੇ ਮੁਢ ਤੋਂ ਪਤ-ਝੜ ਚੋਖੀ ਲੰਘ ਜਾਣ ਤਕ ਬਚੇ ਪੜ੍ਹਦੇ, ਮੂਰਤਾਂ ਵਾਹੁੰਦੇ ਅਤੇ ਖੇਡਦੇ। ਮੈਂ ਕਈ ਵਰ੍ਹੇ ਪਹਿਲਾਂ ਮਾਤਾ ਪਿਤਾਵਾਂ ਨਾਲ ਇਸ ਗਲ ਸੰਬੰਧੀ ਸਹਿਮਤ ਹੋਇਆ ਸਾਂ। ਉਹਨਾਂ ਬਚਿਆਂ ਲਈ ਜਿਨ੍ਹਾਂ ਲਈ ਮਾਂ ਅਜਿਹਾ ਨਹੀਂ ਸੀ ਕਰ ਸਕਦੀ, ਵਡੇਰੀ ਉਮਰ ਦੇ ਸਕੂਲੀ ਬਚਿਆਂ ਨੇ ਇਹ ਕੰਮ ਨੇਪਰੇ ਚਾੜ੍ਹਣ ਵਿਚ ਸਹਾਇਤਾ ਦਿਤੀ।

**ਖੁਸ਼ੀ ਦੇ ਸਕੂਲ** ਵਿਚ ਬਚੇ ਪਹਿਲਾਂ ਹੀ ਸਵੇਰ ਦੀ ਕਸਰਤ ਦੇ ਆਦੀ ਹੋ ਗਏ ਸਨ। ਹੁਣ ਮੈਂ ਇਉਂ ਪ੍ਰਬੰਧ ਕੀਤਾ ਕਿ ਇਹ ਆਦਤ ਜਾਰੀ ਰਹੇ। ਮੈਨੂੰ ਨਿਸ਼ਚਾ ਸੀ ਕਿ ਕਸਰਤ ਕਰਨ ਦੀ ਆਦਤ ਔਨ ਬਚਪਨ ਵਿਚ ਪਕੀ ਬਣਾਈ ਜਾਣੀ ਚਾਹੀਦੀ ਹੈ। ਮਾਤਾ ਪਿਤਾ ਨੇ ਬਚਿਆਂ ਨੂੰ ਰੋਜ਼ ਸਵੇਰੇ ਉਸੇ ਸਮੇਂ ਜਾਗਣ ਦੀ ਆਦਤ ਪਾਈ। ਖੁਲ੍ਹੀ ਹਵਾ ਵਿਚ ਕਸਰਤ ਕਰਨ ਪਿਛੋਂ ਬਚੇ ਮੂੰਹ ਹਥ ਧੋਂਦੇ। ਹੁਨਾਲ ਵਿਚ ਉਹਨਾਂ ਨੂੰ ਤਲਾ ਵਿਚ ਨ੍ਹਾਉਣ ਦੀ ਆਦਤ ਪੈ ਗਈ, ਅਤੇ ਇਸ ਤੋਂ ਬਿਨਾਂ, ਕਈ ਮਾਤਾ ਪਿਤਾ ਨੇ ਵਿਹੜੇ ਵਿਚ ਅਸ਼ਨਾਨ-ਫੁਹਾਰੇ ਬਣਾਏ ਤਾਂ ਜੁ ਪੰਜ ਮਹੀਨੇ (ਮਈ-ਤੋਂ ਸਤੰਬਰ ਤਕ) ਬਚੇ ਉਥੇ ਫੁਹਾਰਾ ਅਸ਼ਨਾਨ ਕਰਦੇ। ਇਹ ਇੰਨੀ ਪਕੀ ਆਦਤ ਬਣ ਗਈ ਕਿ ਉਹ ਸਿਆਲ ਦੇ ਮਹੀਨਿਆਂ ਵਿਚ ਵੀ ਆਪਣੇ ਆਪ ਨੂੰ ਕਮਰ ਤਕ ਧੋਂਦੇ, ਪਰ ਨਿਸ਼ਚੇ ਹੀ ਉਹ ਅਜਿਹਾ ਘਰ ਦੇ ਅੰਦਰ ਕਰਦੇ।

ਮਾਤਾ ਪਿਤਾਵਾਂ ਦੀ ਸਹਾਇਤਾ ਨਾਲ ਖੁਲ੍ਹੀ ਥਾਂ ਛੇ ਸਰਵਜਨਕ ਅਸ਼ਨਾਨ-ਫੁਹਾਰੇ ਉਹਨਾਂ ਲਈ ਬਣਾਏ ਗਏ, ਜਿਹੜੇ ਉਹਨਾਂ ਵਲੋਂ ਵਰਤੇ ਜਾਂਦੇ ਜਿਨ੍ਹਾਂ ਲਈ ਇਹ ਵਿਸ਼ੇਸ਼ ਤੌਰ ਉਤੇ ਲਾਜ਼ਮੀ ਸੀ—ਤੀਨਾ, ਤੋਲੀਆ, ਕੋਸਤੀਆ, ਲਾਰੀਸਾ,

ਨੀਨਾ, ਸਾਸ਼ਾ ਅਤੇ ਸਲਾਵਾ। ਮੈਂ ਇਸ ਗਲ ਦਾ ਵਿਸ਼ੇਸ਼ ਧਿਆਨ ਰਖਿਆ ਕਿ ਜਿਹੜੇ ਬਚਿਆਂ ਦੇ ਸਰੀਰਾਂ ਵਿਚ ਕੋਈ ਵਿਗਾੜ ਸੀ, ਉਦਾਹਰਣ ਵਜੋਂ, ਕੁਬ ਜਾਂ ਸਰੀਰ ਜਾਂ ਮੂੰਹ ਦੀ ਬਣਤਰ ਵਿਚ ਕੋਈ ਖ਼ਰਾਬੀ, ਉਹ ਜਮਨਾਸਟਕ ਕਰਨ ਅਤੇ ਫ਼ੁਹਾਗ-ਅਸ਼ਨਾਨ ਕਰਨ। ਇਹ ਲਾਜ਼ਮੀ ਹੈ ਕਿ ਮਨੁਖ ਕੇਵਲ ਸਿਹਤਮੰਦ ਹੀ ਨਾ ਹੋਵੇ ਸਗੋਂ ਖਿਚ-ਪਾਊ ਵੀ ਹੋਵੇ ਅਤੇ ਖਿਚ ਚੰਗੀ ਸਿਹਤ ਨਾਲੋਂ, ਸਰੀਰ ਦੇ ਸੁਮੇਲੇ ਵਿਕਾਸ ਨਾਲੋਂ ਅਨਿਖੜਵੀਂ ਹੈ।

ਸਰੀਰ ਦੇ ਹਿਸਿਆਂ ਦਾ ਸੁਰਮੇਲ ਅਤੇ ਸਾਪੇਖ ਵਿਕਾਸ ਅਤੇ, ਆਂਸ਼ਕ ਤੌਰ ਉਤੇ, ਹਡੀਆਂ ਦਾ, ਵਿਸ਼ੇਸ਼ ਤੌਰ ਉਤੇ ਛਾਤੀ ਦੀਆਂ ਹਡੀਆਂ ਦਾ ਵਿਕਾਸ ਬਚਪਨ ਦੇ ਵਰ੍ਹਿਆਂ ਵਿਚ ਖ਼ੁਰਾਕ ਉਤੇ ਨਿਰਭਰ ਹੈ। ਕਈ ਵਰ੍ਹਿਆਂ ਦੇ ਅਧਿਅਨ ਪਿਛੋਂ ਮੈਂ ਇਸ ਸਿਟੇ ਉਤੇ ਅਪੜਿਆ ਹਾਂ ਕਿ ਜੇ ਖ਼ੁਰਾਕ ਵਿਚ ਖਣਿਜ ਪਦਾਰਥਾਂ, ਲੋੜੀਂਦੀ ਮਾਤਰਾ ਵਿਚ ਕਿਰਨ-ਪਸਾਰ ਪਦਾਰਥਾਂ ਦੀ ਅਣਹੋਂਦ ਹੋਵੇ ਤਾਂ ਪਿੰਜਰ ਦੇ ਕੁਝ ਹਿਸਿਆਂ ਦਾ ਅਣਮੇਲ ਵਿਕਾਸ ਹੁੰਦਾ ਹੈ, ਜਿਸਦੇ ਸਿਟੇ ਵਜੋਂ ਬੰਦੇ ਦੀ ਚਾਲ-ਢਾਲ ਉਹਦੀ ਬਾਕੀ ਉਮਰ ਲਈ ਪ੍ਰਭਾਵਤ ਹੋ ਜਾਂਦੀ ਹੈ। ਇਸ ਤੋਂ ਬਚਣ ਲਈ ਮੈਂ ਇਸ ਗਲ ਦਾ ਪੂਰਾ ਧਿਆਨ ਰਖਿਆ ਕਿ ਬਚਿਆਂ ਨੂੰ ਸਾਰੀਆਂ ਲੋੜੀਂਦੀਆਂ ਵਿਟਾਮਿਨਾਂ ਮਿਲਣ ਅਤੇ ਵਿਟਾਮਿਨਾਂ ਅਤੇ ਖਣਿਜ ਪਦਾਰਥਾਂ ਦਾ ਯੋਗ ਮੇਲ ਹੋਵੇ।

ਵਰ੍ਹਿਆਂ ਦੀ ਲੜੀ ਦੇ ਦੌਰਾਨ ਅਧਿਅਨ ਅਤੇ ਵਿਸ਼ੇਸ਼ਤਾ-ਪ੍ਰਾਪਤ ਖੋਜ ਹੇਠ ਲਿਖੇ ਤੌਖਲਾ ਜਗਾਉਣ ਵਾਲੇ ਸਿਟੇ ਉਤੇ ਅਪੜੇ ਹਨ: ੨੫ ਫ਼ੀ ਸਦੀ ਨਿਕੇ ਬਚੇ ਸਕੂਲ ਜਾਣ ਤੋਂ ਪਹਿਲਾਂ ਨਾਸ਼ਤਾ ਨਹੀਂ ਕਰਦੇ—ਉਹ ਸਵੇਰੇ ਕੁਝ ਖਾਣਾ ਨਹੀਂ ਚਾਹੁੰਦੇ; ੩੦ ਫ਼ੀ ਸਦੀ ਉਸ ਦੇ ਅਧੇ ਨਾਲੋਂ ਘਟ ਖਾਂਦੇ ਹਨ ਜਿੰਨਾ ਸਾਧਾਰਨ ਤੌਰ ਉਤੇ ਲੋੜੀਂਦਾ ਹੈ; ੨੩ ਫ਼ੀ ਸਦੀ ਸਾਧਾਰਨ ਨਾਸ਼ਤੇ ਦਾ ਅਧਾ ਖਾਂਦੇ ਹਨ ਅਤੇ ਕੇਵਲ ੨੨ ਫ਼ੀ ਸਦੀ ਹੀ ਸਾਧਾਰਨ ਨਾਸ਼ਤਾ ਕਰਦੇ ਹਨ। ਸ਼੍ਰੇਣੀ ਵਿਚ ਕਈ ਘੰਟਿਆਂ ਪਿਛੋਂ ਨਾਸ਼ਤਾ ਨਾ ਕਰਨ ਵਾਲੇ ਬਚੇ ਦਾ ਪੇਟ ਗੁੜ-ਗੁੜ ਕਰਨ ਲਗ ਪੈਂਦਾ ਹੈ ਅਤੇ ਉਹਨੂੰ ਚਕਰ ਆਉਣ ਲਗ ਪੈਂਦੇ ਹਨ। ਜਦੋਂ ਬਚਾ ਜਾਂ ਬਚੀ ਸਕੂਲ ਤੋਂ ਮੁੜਦਾ ਹੈ ਤਾਂ ਉਹਨੇ ਕਈ ਘੰਟਿਆਂ ਤੋਂ ਕੁਝ ਨਹੀਂ ਖਾਧਾ ਹੁੰਦਾ, ਪਰ ਉਹਨੂੰ ਸਾਧਾਰਨ, ਸਿਹਤਮੰਦ ਭੁਖ ਨਹੀਂ ਲਗੀ ਹੁੰਦੀ (ਮਾਤਾ ਪਿਤਾ ਅਕਸਰ ਸ਼ਿਕਾਇਤ ਕਰਦੇ ਹਨ ਕਿ ਬਚੇ ਸਾਦਾ ਪੌਸ਼ਟਕ ਖਾਣਾ—ਸ਼ੋਰਬਾ, ਬੋਰਸ਼, ਕਾਸ਼ਾ ਜਾਂ ਦੁਧ—ਨਹੀਂ ਖਾਂਦੇ; ਉਹ ਕੁਝ ਅਜਿਹੀ ਸ਼ੈ ਖਾਣਾ ਚਾਹੁੰਦੇ ਹਨ ਜਿਸਦਾ "ਸੁਆਦ ਚੰਗਾ ਹੋਵੇ")।

ਭੁਖ ਦੀ ਘਾਟ ਚੰਗੀ ਸਿਹਤ ਲਈ ਭਿਆਨਕ ਕਹਿਰ ਹੈ, ਬਿਮਾਰੀਆਂ ਅਤੇ ਢਿਲੇ-ਪੁਣੇ ਦਾ ਸੋਮਾ ਹੈ। ਇਹਦਾ ਮੁਖ ਕਾਰਨ ਹਨ ਹੁਸੜੇ ਸ਼੍ਰੇਣੀ ਦੇ ਕਮਰੇ ਵਿਚ ਕਈ ਘੰਟੇ ਦੀ ਬੈਠਕ, ਅਕਾਊ ਬੰਧਕ ਕਿਰਤ, ਖੁਲ੍ਹੀ ਹਵਾ ਵਿਚ ਵੰਨ-ਸੁਵੰਨੀ ਸਰਗਰਮੀ ਦੀ ਅਣਹੋਂਦ, ਅਤੇ ਆਮ ਤੌਰ ਉਤੇ "ਸਜਰੀ ਪੌਣ ਲਈ ਭੁਖ"। ਬਚਾ ਸਾਰਾ ਦਿਨ ਅਜਿਹੀ ਹਵਾ ਵਿਚ ਸਾਹ ਲੈਂਦਾ ਹੈ, ਜਿਹੜੀ ਕਾਰਬਨ ਡਾਈ-

ਆਕਸਾਈਡ * ਨਾਲ ਭਰਪੂਰ ਹੁੰਦੀ ਹੈ। ਲੰਮੇ ਵਰ੍ਹਿਆਂ ਦੇ ਅਧਿਅਨ ਕਾਰਨ ਮੈਂ ਇਕ ਹੋਰ ਅਸੁਖਾਵੇਂ ਸਿਟੇ ਉਤੇ ਵੀ ਅਪੜਿਆ ਹਾਂ ਕਿ: ਲੰਮੇ ਸਮੇਂ ਤਕ ਕਾਰਬਨ ਡਾਈ-ਆਕਸਾਈਡ ਗੈਸ ਨਾਲ ਭਰੀ ਇਮਾਰਤ ਵਿਚ ਰਹਿਣਾ ਦਾ ਸਿਟਾ ਐਂਡੋਕਰੀਨ ਗ੍ਰੰਥੀਆਂ ** ਦੇ, ਜਿਹੜੀਆਂ ਪਾਚਣ ਵਿਚ ਮਹਤਵ-ਪੂਰਨ ਰੋਲ ਅਦਾ ਕਰਦੀਆਂ ਹਨ, ਕਾਰਜ ਉਤੇ ਮਾੜੇ ਪ੍ਰਭਾਵ ਪੈਂਦੇ ਹਨ। ਇਹ ਬਿਮਾਰੀਆਂ ਦੀਰਘ ਅਤੇ ਅਸਾਧ ਹੋ ਜਾਂਦੀਆਂ ਹਨ। ਪਾਚਣ ਅੰਗਾਂ ਦੀਆਂ ਗੰਭੀਰ ਬਿਮਾਰੀਆਂ ਅਜਿਹੀਆਂ ਹੁੰਦੀਆਂ ਹਨ ਕਿ ਮਾਤਾ ਪਿਤਾ ਅਕਸਰ ਵਖ ਵਖ ਤਰ੍ਹਾਂ ਦੀਆਂ ਚੀਜੋਂਆਂ, ਮੁਖ ਤੌਰ ਉਤੇ ਮਠਿਆਈਆਂ ਰਾਹੀਂ ਪਾਚਣ ਅੰਗਾਂ ਨੂੰ ਉਤੇਜਤ ਕਰਨ ਦਾ ਜਤਨ ਕਰਦੇ ਹਨ। "ਸਜਰੀ ਪੈਣ ਲਈ ਭੁਖ" ਤੋਂ ਬਚਣ ਲਈ ਇਹ ਲਾਜ਼ਮੀ ਹੈ ਕਿ ਖੁਲ੍ਹੀ ਹਵਾ ਦਾ ਯੋਗ ਕਾਰਜ-ਕ੍ਰਮ ਘੜਿਆ ਜਾਵੇ। ਨਰੋਈ ਸਿਹਤ ਕਾਇਮ ਰਖਣ ਲਈ ਲੋੜੀਂਦੀਆਂ ਪੂਰਬਲੀਆਂ ਸ਼ਰਤਾਂ ਵਿਚੋਂ ਇਹ ਪਹਿਲੀ ਹੈ।

ਮੈਂ ਮਾਤਾ ਪਿਤਾਵਾਂ ਨੂੰ ਸਲਾਹ ਦਿਤੀ ਕਿ ਉਹ ਬਚਿਆਂ ਲਈ ਸੁਆਦਲੇ, ਪੌਸਟਕ ਖਾਣੇ ਤਿਆਰ ਕਰਨ ਅਤੇ ਸਿਆਲ ਲਈ ਵਿਟਾਮਿਨਾਂ ਨਾਲ ਭਰਪੂਰ ਵਧੇਰੇ ਫਲ ਇਕਠੇ ਕਰਨ। ਉਸ ਸਮੇਂ ਸਾਡੇ ਕੋਲ ਮਖਿਆਰੀਆਂ ਦੀਆਂ ਕੁਝ ਖਖਰਾਂ ਸਨ, ਸੋ ਸਿਆਲ ਵਿਚ ਅਸਾਂ ਬਚਿਆਂ ਨੂੰ ਸਕੂਲ ਦੇ ਖਾਣੇ ਵਾਲੇ ਕਮਰੇ ਵਿਚ ਮਾਖਿਉਂ ਖਵਾਈ।

ਇਸ ਤਥ ਸਦਕਾ ਕਿ ਬਚੇ ਵਧੇਰੇ ਸਮਾਂ ਖੁਲ੍ਹੀ ਹਵਾ ਵਿਚ ਬਿਤਾਉਂਦੇ ਅਤੇ ਬਹੁਤ ਘੁੰਮਦੇ, ਸਰੀਰਕ ਮਿਹਨਤ ਕਰਦੇ ਅਤੇ ਸਕੂਲ ਦੀ ਪੜ੍ਹਾਈ ਖ਼ਤਮ ਕਰਨ ਤੋਂ ਇਕ ਦਮ ਪਿਛੋਂ ਪੜ੍ਹਣਾ ਸ਼ੁਰੂ ਨਾ ਕਰ ਦੇਂਦੇ, ਉਹਨਾਂ ਨੂੰ ਖ਼ੂਬ ਭੁਖ ਲਗਦੀ। ਸਾਰੇ ਬਚੇ ਮੁਨਾਸਬ ਨਾਸ਼ਤਾ ਕਰਦੇ, ਅਤੇ ਸਕੂਲ ਲਈ ਚਲਣ ਤੋਂ ਤਿੰਨ ਘੰਟੇ ਪਿਛੋਂ (ਪੜ੍ਹਾਈ ਸ਼ੁਰੂ ਹੋਣ ਤੋਂ ਢਾਈ ਘੰਟੇ ਪਿਛੋਂ), ਉਹ ਸਕੂਲ ਦੇ ਖਾਣੇ ਦੇ ਕਮਰੇ ਵਿਚ ਦੁਪਹਿਰ ਦਾ ਖਾਣਾ ਖਾਂਦੇ। ਉਹਨਾਂ ਨੂੰ ਗਰਮ ਸ਼ੋਰਬਾ ਜਾਂ ਬੋਰਸ਼, ਜਿਸ ਵਿਚ ਮਾਸ ਹੁੰਦਾ, ਕਟਲਟ, ਦੁਧ ਦਾ ਇਕ ਗਿਲਾਸ ਅਤੇ ਡਬਲਰੋਟੀ ਅਤੇ ਮਖਣ ਮਿਲਦਾ। ਪੜ੍ਹਾਈ ਤੋਂ ਪਿਛੋਂ ਘਰ ਜਾਕੇ ਉਹ ਤਿਪਹਿਰ ਦਾ ਖਾਣਾ ਖਾਂਦੇ (ਸਕੂਲ ਵਿਚ ਦੁਪਹਿਰ ਦੇ ਖਾਣੇ ਤੋਂ ਸਾਢੇ ਤਿੰਨ ਘੰਟੇ ਪਿਛੋਂ)।

---

*ਆਕਸੀਜਨ ਅਤੇ ਕਾਰਬਨ ਦੇ ਮੇਲ ਨਾਲ ਬਣੀ ਇਕ ਗੈਸ, ਜਿਹੜੀ ਜ਼ਹਿਰੀਲੀ ਹੁੰਦੀ ਹੈ। ਇਹ ਮਨੁਖਾਂ ਅਤੇ ਜੀਵਾਂ ਦੇ ਸਾਹ ਲੈਣ, ਵਸਤਾਂ ਦੇ ਗਲਣ ਸੜਣ ਅਤੇ ਅਗ ਬਲਣ ਨਾਲ ਪੈਦਾ ਹੁੰਦੀ ਹੈ। — **ਅਨੁ:**

**ਆਪਣਾ ਰਸ ਸਿਧਾ ਲਹੂ ਵਿਚ ਪਾਉਣ ਵਾਲੀਆਂ ਮਨੁਖੀ ਸਰੀਰ ਦੀਆਂ ਗ੍ਰੰਥੀਆਂ। — **ਅਨੁ:**

ਬਚੇ ਦਿਨ ਦਾ ਦੂਜਾ ਅਧ ਖੁਲ੍ਹੀ ਥਾਂ ਵਿਚ ਬਿਤਾਉਂਦੇ, ਘਰ ਵਿਚ ਜਾਂ ਸਕੂਲ ਵਿਚ। ਕੇਵਲ ਜਦੋਂ ਮੀਂਹ ਜਾਂ ਬਰਫ਼ ਪੈਂਦੀ ਉਹ ਅੰਦਰ ਰਹਿੰਦੇ।

ਬਚੇ ਦੇ ਸਮੂਲੇ ਵਿਕਾਸ ਵਿਚ ਹਰ ਸ਼ੈ ਅੰਤਰ-ਸੰਬੰਧਤ ਹੈ। ਚੰਗੀ ਸਿਹਤ ਇਸ ਗਲ ਉਤੇ ਨਿਰਭਰ ਹੈ ਕਿ ਬਚੇ ਨੂੰ ਘਰ ਲਈ ਕਿੰਨਾ ਕੰਮ ਦਿਤਾ ਜਾਂਦਾ ਹੈ ਅਤੇ ਇਹ ਉਹ ਕਿਵੇਂ ਅਤੇ ਕਦੋਂ ਕਰਦਾ ਹੈ। ਘਰ ਵਿਚ ਸੁਤੰਤਰ ਬੌਧਕ ਕਿਰਤ ਦੀ ਭਾਵੁਕ ਰੰਗਣ ਅਥਾਹ ਰੌਲ ਅਦਾ ਕਰਦੀ ਹੈ। ਜੇ ਬਚੇ ਦੀ ਪੜ੍ਹਾਈ ਵਿਚ ਦਿਲਚਸਪੀ ਨਾ ਹੋਵੇ ਤਾਂ ਉਹਦੇ ਨਾਲ ਨਾ ਕੇਵਲ ਉਹਦੀ ਅੰਦਰਲੀ ਸ਼ਕਤੀ ਹੀ ਨੁਚੜ ਜਾਵੇਗੀ ਸਗੋਂ ਇਹਦਾ ਅੰਦਰੂਨੀ ਅੰਗਾਂ ਦੇ ਗੁੰਝਲਦਾਰ ਪ੍ਰਸਪਰ ਸੰਬੰਧ ਉਤੇ ਵੀ ਅਸੁਖਾਵਾਂ ਪ੍ਰਭਾਵ ਪਵੇਗਾ। ਮੈਨੂੰ ਕਈ ਅਜਿਹੀਆਂ ਹਾਲਤਾਂ ਦਾ ਪਤਾ ਹੈ ਜਦੋਂ ਬਚੇ ਨੂੰ ਪੜ੍ਹਾਈ ਨਾਲ ਘਿਰਣਾ ਹੋ ਗਈ, ਜਿਸਨੇ ਉਹਦੀ ਪਾਚਣ ਪ੍ਰਣਾਲੀ ਵਿਚ ਵਿਘਨ ਪੈ ਗਿਆ ਅਤੇ ਮਿਅਦੇ ਅਤੇ ਆਂਦਰਾਂ ਦੀਆਂ ਬਿਮਾਰੀਆਂ ਹੋ ਗਈਆਂ।

ਅਸਾਂ ਆਪਣੀਆਂ ਪਤ-ਝੜ, ਬਸੰਤ ਅਤੇ ਸਿਆਲ ਦੀਆਂ ਛੁਟੀਆਂ ਖੁਲ੍ਹੀ ਥਾਂ ਵਿਚ, ਪ੍ਰਕਿਰਤੀ ਵਿਚ ਬਿਤਾਈਆਂ—ਸਫਰ ਕਰਦੇ ਹੋਏ, ਆਰਾਮ ਕਰਦੇ ਹੋਏ, ਜੰਗਲ ਵਿਚ, ਖੇਡਦੇ ਹੋਏ।... ਸਿਆਲ ਦੀਆਂ ਸਾਡੀਆਂ ਪਹਿਲੀਆਂ ਛੁਟੀਆਂ ਵਿਚ ਬਚਿਆਂ ਨੇ ਸਕੀਆਂ ਪਹਿਨ ਲਈਆਂ ਅਤੇ ਜੰਗਲ ਵਿਚ ਗਏ, ਜਿਥੇ ਉਹਨਾਂ ਬੇਪਹੀਆ ਗਡੀਆਂ ਉਤੇ ਘਸੀਟੀਆਂ ਲਾਈਆਂ। **ਖੁਸ਼ੀ ਦੇ ਸਕੂਲ** ਦੇ ਸਿਆਲ ਵਾਂਗ ਹੀ ਅਸਾਂ ਬਰਫ਼ ਦੇ ਕਿਲ੍ਹੇ ਬਣਾਏ ਅਤੇ ਬਰਫ਼ ਉਤੇ ਚਕਰ-ਚੂੰਢਾ ਬਣਾਇਆ। ਜਦੋਂ ਬਚੇ ਨਨ੍ਹੇ ਪਾਉਨੀਅਰ ਬਣੇ ਤਾਂ ਉਹਨਾਂ ਦੇ ਦਸਤਿਆਂ ਦੀਆਂ ਸਭ ਤੋਂ ਰੋਚਕ ਇਕਤ੍ਰਤਾਵਾਂ ਜੰਗਲ ਵਿਚ ਹੁੰਦੀਆਂ ਸਨ।

ਚੰਗੀ ਸਿਹਤ ਦਾ ਇਕ ਬਹੁਤ ਮਹਤਵ-ਪੂਰਨ ਸੋਮਾ ਸਿਆਲ ਦੇ ਦਿਨੀਂ ਸਾਡਾ ਖੁਲ੍ਹੀ ਹਵਾ ਵਿਚ ਕੰਮ ਸੀ। ਹਲਕੇ ਕਕਰ (ਸਿਫਰ ਤੋਂ ਦਸ ਦਰਜੇ ਹੇਠਾਂ ਤਾਪ-ਮਾਲ) ਵਿਚ ਅਠਾਂ ਵਰ੍ਹਿਆਂ ਦੇ ਬਚੇ ਹਫਤੇ ਵਿਚ ਦੋ ਘੰਟੇ ਖੁਲ੍ਹੀ ਥਾਂ ਕੰਮ ਕਰਦੇ, ਨੌਂ ਅਤੇ ਦਸ ਵਰ੍ਹਿਆਂ ਦੇ ਬਚੇ ਤਿੰਨ ਘੰਟੇ ਅਤੇ ਯਾਰ੍ਹਾਂ ਵਰ੍ਹਿਆਂ ਦੇ ਚਾਰ ਘੰਟੇ। ਉਹ ਰੁਖਾਂ ਦੇ ਤਣਿਆਂ ਦੁਆਲੇ ਬੈਤ ਬੰਨ੍ਹਦੇ, ਬੂਟਿਆਂ ਨੂੰ ਸਰਦੀ ਤੋਂ ਬਚਾਉਣ ਲਈ ਨਿਕੀਆਂ ਰੇੜ੍ਹੀਆਂ ਵਿਚ ਬਰਫ਼ ਲਿਆਉਂਦੇ, ਇਤਿ-ਆਦਿ। ਖੁਲ੍ਹੀ ਹਵਾ ਵਿਚ ਇਹ ਕੰਮ ਉਹਨਾਂ ਦੇ ਸਰੀਰਾਂ ਨੂੰ ਪਕਿਆਂ ਬਣਾਉਣ ਅਤੇ ਜ਼ੁਕਾਮ ਵਿਰੁਧ ਉਹਨਾਂ ਦੀ ਰਖਿਆ ਕਰਨ ਦਾ ਸ਼ਾਨਦਾਰ ਸਾਧਨ ਸੀ।

ਬਚਿਆਂ ਨੇ ਆਪਣੀਆਂ ਹੁਨਾਲ ਦੀਆਂ ਛੁਟੀਆਂ ਜੂਹਾਂ, ਖੇਤਾਂ ਅਤੇ ਜੰਗਲਾਂ ਵਿਚ ਸੈਰਾਂ ਕਰਦੇ ਹੋਏ ਬਿਤਾਈਆਂ। ਪ੍ਰਕਿਰਤੀ ਨਾਲ ਸਿਧੇ ਸੰਬੰਧਾਂ ਦੇ ਕਈ ਮਹੀਨਿਆਂ ਨੇ ਉਹਨਾਂ ਦੀ ਸਿਹਤ ਵੀ ਮਜ਼ਬੂਤ ਕੀਤੀ ਅਤੇ ਉਹਨਾਂ ਦਾ ਬੌਧਕ ਵਿਕਾਸ ਵੀ ਵਧਾਇਆ। ਪਹਿਲੀ ਸ਼੍ਰੇਣੀ ਦੀ ਪੜ੍ਹਾਈ ਮੁਕਾਉਣ ਤੋਂ ਪਿਛੋਂ ਬਚਿਆਂ ਨੇ ਅਗਸਤ ਦਾ ਮਹੀਨਾ ਪੰਚਾਇਤੀ ਫ਼ਾਰਮ ਦੇ ਬਾਗ਼ ਅਤੇ ਮਖਿਆਰੀਆਂ ਪਾਲਣ

ਵਾਲੀ ਥਾਂ ਵਿਚ ਬਿਤਾਇਆ। ਦੂਜੀ ਸ਼੍ਰੇਣੀ ਤੋ ਪਿਛੋ ਉਹ ਪੰਚਾਇਤੀ ਫ਼ਾਰਮ ਦੇ ਹਦਵਾਣਿਆਂ ਵਾਲੇ ਖੇਤ ਵਿਚ ਰਹੇ।

ਅਗਸਤ ਪ੍ਰਕਿਰਤੀ ਵਲੋਂ ਖੁਲ੍ਹੀਆਂ ਸੁਗਾਤਾਂ ਦਾ ਮਹੀਨਾ ਹੈ, ਉਹਦੇ ਖਿੜੇ ਸੁਹਪਣ ਦੀ ਸਿਖਰ, ਖ਼ੁਸ਼ੀਆਂ ਭਰੀ ਕਿਰਤ ਦਾ ਸਮਾਂ। ਇਸ ਸਮੇਂ ਹਵਾ ਵਿਸ਼ੇਸ਼ ਤੌਰ ਉਤੇ ਸਾਫ਼, ਪਾਰਦਰਸ਼ੀ ਅਤੇ ਅਰੋਗਤਾਦਾਇਕ ਹੁੰਦੀ ਹੈ, ਜਿਵੇਂ ਉਹਦੇ ਵਿਚ ਵਢੀ ਗਈ ਕਣਕ, ਪਕੇ ਹਦਵਾਣਿਆਂ, ਅੰਗੂਰਾਂ ਅਤੇ ਸਿਊਆਂ ਦੀ ਵਾਸ਼ਨਾ ਹੋਵੇ। ਹੁਨਾਲ ਅਤੇ ਪਤ-ਝੜ ਦੀਆਂ ਹਦਾਂ ਉਤੇ ਪਿੰਡਾਂ ਵਿਚ ਹਵਾ ਵਿਸ਼ੇਸ਼ ਤੌਰ ਉਤੇ ਕੀਟਾਣੂਮਾਰ ਅੰਸ਼ਾਂ ਨਾਲ ਭਰਪੂਰ ਹੁੰਦੀ ਹੈ। ਜੇ ਤੁਸੀਂ ਕਿਸੇ ਅਜਿਹੇ ਬਚੇ ਨੂੰ ਜਿਸਨੂੰ ਫੇਫੜਿਆਂ ਦੀਆਂ ਬਿਮਾਰੀਆਂ ਜ਼ੁਕਾਮ ਜਾਂ ਗੰਠੀਏ ਜਿਹੀਆਂ ਬਿਮਾਰੀਆਂ ਹੋ ਜਾਂਦੀਆਂ ਹੋਣ, ਸਾਰਾ ਮਹੀਨਾ ਖੁਲ੍ਹੀ ਹਵਾ ਵਿਚ ਰਹਿਣ ਦਿਓ।

ਇਕ ਵਾਰ ਬਚਿਆਂ ਨੇ ਪੂਰਾ ਦਿਨ ਪੰਚਾਇਤੀ ਫ਼ਾਰਮ ਦੇ ਹਦਵਾਣਿਆਂ ਦੇ ਖੇਤ ਵਿਚ ਬਿਤਾਇਆ। ਉਹਨਾਂ ਨੂੰ ਖੁਲ੍ਹੇ ਦਿਲ ਨਾਲ ਹਦਵਾਣੇ ਅਤੇ ਸਰਦੇ ਖਾਣ ਲਈ ਦਿਤੇ ਗਏ। ਅਸੀਂ ਸਤੈਪ ਭੂਮੀ ਦੀ ਕੀਲਣ ਵਾਲੀ ਵਿਸ਼ਾਲਤਾ ਤੋਂ ਬੜੀ ਉਦਾਸੀ ਨਾਲ ਵਿਛੜੇ। ਉਸੇ ਦਿਨ ਪੰਚਾਇਤੀ ਫ਼ਾਰਮ ਦੇ ਪਰਧਾਨ ਨੇ ਹਦਾਇਤ ਦਿਤੀ ਕਿ ਹਦਵਾਣਿਆਂ ਦੇ ਖੇਤ ਵਿਚ ਚਾਰ ਹੋਰ ਝੁਗੀਆਂ ਬਣਾ ਦਿਤੀਆਂ ਜਾਣ। ਜਦੋਂ ਮੈਂ ਬਚਿਆਂ ਨੂੰ ਦਸਿਆ ਕਿ ਅਸੀਂ ਹੁਨਾਲ ਹਦਵਾਣਿਆਂ ਦੇ ਖੇਤ ਵਿਚ ਬਿਤਾਵਾਂਗੇ ਤਾਂ ਉਹਨਾਂ ਨੂੰ ਮੇਰੀ ਗਲ ਉਤੇ ਇਤਬਾਰ ਹੀ ਨਾ ਆਇਆ: "ਉਹ ਸਾਨੂੰ ਸਚ ਮੁਚ ਉਥੇ ਰਹਿਣ ਦੇਣਗੇ?" ਉਹਨਾਂ ਨੂੰ ਮੇਰੇ ਉਤੇ ਉਦੋਂ ਹੀ ਇਤਬਾਰ ਆਇਆ ਜਦੋਂ ਉਹਨਾਂ ਪਰਾਲੀ ਦੀ ਛਤ ਵਾਲੀਆਂ ਉਹ ਝੁਗੀਆਂ ਵੇਖੀਆਂ ਜਿਹੜੀਆਂ ਉਹਨਾਂ ਲਈ ਬਣਾਈਆਂ ਗਈਆਂ ਸਨ। ਇਹ ਖ਼ਬਰ ਸੁਣਕੇ ਕਿ ਅਸੀਂ ਰਾਤ ਉਥੇ ਬਿਤਾਵਾਂਗੇ ਬਚੇ ਖ਼ੁਸ਼ੀ ਨਾਲ ਖੀਵੇ ਹੋ ਗਏ। ਅਸਾਂ ਝੁਗੀਆਂ ਦੇ ਫ਼ਰਸ਼ਾਂ ਉਤੇ ਖੁਸ਼ਬੋਦਾਰ ਦਭ ਵਿਛਾ ਦਿਤੀ, ਚਾਦਰਾਂ ਅਤੇ ਕੰਬਲ ਲਿਆਏ, ਹਥ ਮੂੰਹ ਧੋਣ ਲਈ ਇਕ ਅਡਾ ਬਣਾਇਆ ਅਤੇ ਮਾਤਾ ਪਿਤਾਵਾਂ ਨੇ ਇਕ ਰਸੋਈ ਬਣਾ ਦਿਤੀ ਤਾਂ ਜੁ ਬਚਿਆਂ ਨੂੰ ਖਾਣਾ ਮਿਲ ਸਕੇ। ਮੁੰਡੇ ਦੋ ਝੁਗੀਆਂ ਵਿਚ ਰਹੇ ਅਤੇ ਕੁੜੀਆਂ ਦੋ ਵਿਚ। ਅਸਾਂ ਹਦਵਾਣਿਆਂ ਦੇ ਖੇਤ ਵਿਚ ਜਿਹੜਾ ਇਕ ਮਹੀਨਾ ਬਿਤਾਇਆ, ਨੀਲੇ ਅਸਮਾਨ ਦੇ ਸੰਗੀਤ ਅਤੇ ਟਹਿਕਦੀ ਧੁਪ ਵਾਂਗ ਬਚਿਆਂ ਨੇ ਕਦੀ ਨਹੀਂ ਭੁਲਾਇਆ।

ਅਸੀਂ ਪਹੁ-ਫੁਟਾਲੇ ਨਾਲ ਜਾਗਦੇ, ਪ੍ਰਕਿਰਤੀ ਦੇ ਦੁਹਰਾਏ ਨਾ ਜਾ ਸਕਣ ਵਾਲੇ ਸੁਹਪਣ ਦੀ ਸ਼ਲਾਘਾ ਕਰਦੇ, ਸੁਪਨਿਆਂ ਭਰੀ ਰਾਤ ਪਿਛੋ ਜਾਗਕੇ, ਅਸੀਂ ਤਰੇਲ ਉਤੇ ਇਧਰ ਉਧਰ ਫਿਰਦੇ, ਝਰਨੇ ਦੇ ਪਾਣੀ ਨਾਲ ਮੂੰਹ ਹਥ ਧੋਂਦੇ, ਜਿਹੜਾ ਵਡੇ ਵਡੇ ਢੋਲਾਂ ਵਿਚ ਲਿਆਇਆ ਜਾਂਦਾ ਅਤੇ ਅਡੇ ਵਿਚ ਪਾਇਆ ਜਾਂਦਾ। ਹਰ ਗਲ ਬਚਿਆਂ ਲਈ ਮੌਜ ਮੇਲਾ ਸੀ: ਸਵੇਰ ਦੀ ਕਸਰਤ, ਠੰਢੇ ਪਾਣੀ ਨਾਲ ਮੂੰਹ

ਹਥ ਧੋਣਾ, ਟਮਾਟਰਾਂ ਅਤੇ ਹਦਵਾਣਿਆਂ ਅਤੇ ਸਰਦਿਆਂ ਨਾਲ ਖਾਣ ਲਈ ਆਲੂ ਪਕਾਉਣੇ। ਨਾਸ਼ਤੇ ਤੋਂ ਪਿਛੋ ਅਸੀਂ ਕੰਮ ਕਰਦੇ, ਅਸੀਂ ਪੰਚਾਇਤੀ ਕਿਸਾਨਾਂ ਨੂੰ ਸਰਦੇ ਅਤੇ ਹਦਵਾਣੇ ਇਕਠੇ ਕਰਨ ਵਿਚ ਸਹਾਇਤਾ ਦੇਂਦੇ।

ਸ਼ਹਿਰ ਤੋਂ ਬਚੇ ਅਤੇ ਉਹਨਾਂ ਦੇ ਮਾਤਾ ਪਿਤਾ ਸਾਨੂੰ ਮਿਲਣ ਆਏ। ਅਸਾਂ ਮਾਣ ਨਾਲ ਉਹਨਾਂ ਨੂੰ ਹਦਵਾਣਿਆਂ ਦੇ ਖੇਤ ਵਿਖਾਏ ਅਤੇ ਉਹਨਾਂ ਨੂੰ ਹਦਵਾਣੇ ਅਤੇ ਸਰਦੇ ਖਵਾਏ। ਬਚਿਆਂ ਬਸ ਵੇਖ ਕੇ ਇਹ ਦਸਣਾ ਸਿਖ ਲਿਆ ਕਿ ਹਦਵਾਣੇ ਜਾਂ ਸਰਦੇ ਕਚੇ ਹਨ ਜਾਂ ਪਕੇ। ਹਦਵਾਣਿਆਂ ਅਤੇ ਸਰਦਿਆਂ ਦੇ ਖੇਤਾਂ ਦੇ ਨਾਲ ਨਾਲ ਫੁਲਾਂ ਵਾਲੀਆਂ ਬੂਟੀਆਂ ਉਗਾਈਆਂ ਗਈਆਂ ਅਤੇ ਪੰਚਾਇਤੀ ਫ਼ਾਰਮ ਦਾ ਮਖਿਆਰੀਆਂ ਪਾਲਣ ਵਾਲਾ ਅਗਸਤ ਵਿਚ ਉਥੇ ਆਉਂਦਾ। ਸੋ ਅਸੀਂ ਰੋਜ਼ ਦਾਦਾ ਆਂਦਰੇਈ ਨੂੰ ਮਿਲਦੇ। ਅਸੀਂ ਉਹਦੇ ਲਈ ਹਦਵਾਣੇ ਅਤੇ ਸਰਦੇ ਅਤੇ ਗਰਮ ਕਟਲਟ ਲਿਆਉਂਦੇ, ਜਿਹੜੇ ਸਾਡੀ ਬਾਵਰਚਣ ਮਾਸੀ ਪਾਸ਼ਾ ਸਾਡੇ ਲਈ ਲਿਆਉਂਦੀ। ਦਾਦਾ ਆਂਦਰੇਈ ਨੇ ਸਾਡੀ ਸ਼੍ਰੇਣੀ ਨੂੰ ਮਖਿਆਰੀਆਂ ਸਮੇਤ ਇਕ ਖਖਰ ਦਿਤੀ। "ਇਹ ਆਪਣੇ ਸਕੂਲ ਦੇ ਬਾਗ਼ ਵਿਚ ਲੈ ਜਾਓ," ਉਹਨੇ ਕਿਹਾ। ਬਚਿਆਂ ਨੇ ਬੜੀ ਰੋਚਕਤਾ ਨਾਲ ਮਖਿਆਰੀਆਂ ਦੇ ਜੀਵਨ ਦਾ ਅਧਿਅਨ ਕੀਤਾ।

ਹਰ ਰੋਜ਼ ਬਚੇ ਤਲਾਅ ਵਿਚ ਨ੍ਹਾਉਂਦੇ, ਫਿਰ ਜੰਗਲ ਵਿਚ ਜਾਂਦੇ ਜਾਂ ਦਾਦਾ ਆਂਦਰੇਈ ਅਤੇ ਮਾਸੀ ਪਾਸ਼ਾ ਨੂੰ ਦੇਣ ਲਈ ਜੰਗਲੀ ਫੁਲ ਚੁਣਦੇ। ਦੁਪਹਿਰ ਦੀ ਗਰਮੀ ਸਮੇ ਅਸੀਂ ਝੁਗੀਆਂ ਵਿਚ ਜਾਕੇ ਸੌਂਦੇ, ਅਸੀਂ ਸਜਰੀ ਪੌਣ ਲਈ ਝੁਗੀਆਂ ਦੀਆਂ ਕੰਧਾਂ ਵਿਚ ਕਈ ਨਿਕੀਆਂ ਨਿਕੀਆਂ ਬਾਰੀਆਂ ਖ਼ਾਲੀ ਛਡ ਦੇਂਦੇ ਜਿਨ੍ਹਾਂ ਵਿਚ ਉਹਨਾਂ ਫੁਲਾਂ ਵਾਲੇ ਬੂਟਿਆਂ ਦੀਆਂ ਡੰਡੀਆਂ ਹੁੰਦੀਆਂ ਜਿਨ੍ਹਾਂ ਨੂੰ ਮਖੀਆਂ ਅਤੇ ਮਛਰ ਸਹਾਰ ਨਹੀਂ ਸਕਦੇ। ਬਾਹਰ ਗਰਮੀ ਹੁੰਦੀ ਪਰ ਝੁਗੀਆਂ ਵਿਚ ਠੰਢੀਰ ਸੀ। **ਖ਼ੁਸ਼ੀ ਦੇ ਸਕੂਲ** ਦੇ ਹੋਂਦ ਵਿਚ ਆਉਣ ਦੇ ਪਹਿਲੇ ਦਿਨ ਤੋਂ ਹੀ ਮੈਂ ਬਚਿਆਂ ਨੂੰ ਇਹ ਸਿਖਾਇਆ ਸੀ ਕਿ ਉਹ ਝੀਥਾਂ ਵਿਚੋਂ ਆਉਂਦੇ ਹਵਾ ਦੇ ਪਰਵਾਹ ਤੋਂ ਨਾ ਡਰਿਆ ਕਰਨ। ਜੀਵਨ ਦਰਸਾਉਂਦਾ ਹੈ ਕਿ ਅਜਿਹੇ ਪਰਵਾਹ ਉਕਾ ਹੀ ਖ਼ਤਰਨਾਕ ਨਹੀਂ ਜੇ ਬੰਦਾ ਬਚਪਨ ਤੋਂ ਉਹਨਾਂ ਦਾ ਆਦੀ ਹੋ ਜਾਵੇ। ਬੰਦੇ ਨੂੰ ਅਜਿਹੇ ਕਮਰੇ ਦੀ, ਜਿਸ ਵਿਚ ਹਵਾ ਫਿਰਨ ਦਾ ਪ੍ਰਬੰਧ ਨਾ ਹੋਵੇ, ਹੁਸੜੀ ਹਵਾ ਨਾਲ ਘਿਰਣਾ ਕਰਨਾ ਸਿਖਾਉਣਾ ਉਨਾ ਹੀ ਮਹਤਵ-ਪੂਰਨ ਹੈ ਜਿੰਨਾ ਸਿਹਤ-ਸਫ਼ਾਈ ਦੀਆਂ ਚੰਗੀਆਂ ਆਦਤਾਂ।

ਜਦੋਂ ਗਰਮੀ ਘਟ ਗਈ ਹੁੰਦੀ ਬਚੇ ਕੰਮ ਕਰਦੇ; ਵਧੇਰੇ ਵਾਰ ਕਿਸਾਨ ਤਿਪਹਿਰੇ ਹਦਵਾਣੇ ਅਤੇ ਸਰਦੇ ਲੈਣ ਆਉਂਦੇ। ਸੂਰਜ ਅਸਤ ਹੋਣ ਪਿਛੋ, ਜਦੋਂ ਖੇਤ, ਪਹਾੜੀਆਂ ਅਤੇ ਜੂਹਾਂ ਡੇਕ-ਰੰਗੇ ਧੁੰਦਲਕੇ ਵਿਚ ਕਜੀਆਂ ਹੁੰਦੀਆਂ ਅਤੇ ਇਕ ਤੋਂ ਪਿਛੋ ਦੂਜਾ ਤਾਰਾ ਚਮਕਣ ਲਗ ਪੈਂਦੇ, ਬਚੇ ਇਕ ਝੁਗੀ ਦੁਆਲੇ ਇਕਠੇ ਹੁੰਦੇ। ਉਹ ਸੰਝ ਦੀਆਂ ਘੜੀਆਂ ਵਿਚ ਅਸਾਧਾਰਨ ਮਾਹਰਕਿਆਂ ਅਤੇ ਸਫ਼ਰਾਂ, ਸੂਰਮਾ

ਕਾਰਨਾਮਿਆਂ ਸੰਬੰਧੀ ਕਹਾਣੀਆਂ ਅਤੇ ਪਰੀ-ਕਹਾਣੀਆਂ ਵਿਸ਼ੇਸ਼ ਤੌਰ ਉਤੇ ਸੁਣਨਾ ਚਾਹੁੰਦੇ। ਮੈਂ ਉਹਨਾਂ ਨੂੰ ਸਾਡੇ ਲੋਕਾਂ ਦੀਆਂ ਕਲਪਨਾਵਾਂ ਵਲੋਂ ਸਿਰਜੇ ਪਰੀ-ਕਹਾਣੀਆਂ ਦੇ ਜੀਵਾਂ ਸੰਬੰਧੀ ਦਸਦਾ, ਜਲ-ਪਰੀਆਂ ਅਤੇ ਜਾਦੂਗਰਨੀਆਂ ਸੰਬੰਧੀ ਅਤੇ ਪਤ-ਝੜ ਦੀ ਸੁੰਦਰੀ ਸੰਬੰਧੀ, ਜਿਹੜੀ ਜਨਤਕ ਨਿਸ਼ਚੇ ਅਨੁਸਾਰ, ਅਗਸਤ ਦੀਆਂ ਰਾਤਾਂ ਲਈ ਉਪਜਾਇਕਤਾ ਦੀ ਸੁਗਾਤ ਲਿਆਉਂਦੀ ਹੈ।

ਰਾਤ ਦੀ ਚੁਪ ਵਿਚ ਅਸਾਂ ਇਕ ਵਾਰ ਅਣੋਖੀ ਲੈ ਸੁਣੀ: ਖੇਤਾਂ ਦੇ ਉਤੋਂ, ਜਿਥੋਂ ਕਣਕ ਵਢਿਆ ਅਜੇ ਬਹੁਤਾ ਸਮਾਂ ਨਹੀਂ ਸੀ ਹੋਇਆ, ਅਲਗੋਜ਼ਿਆਂ ਦੀ ਆਵਾਜ਼ ਜਿਹੀ ਇਕ ਬੜੀ ਸੁਰੀਲੀ ਆਵਾਜ਼ ਗੂੰਜ ਰਹੀ ਸੀ। ਗਲ ਸਾਫ਼ ਸੀ, ਕੋਈ ਅਣਜਾਇਆ ਰਾਤ ਸਮੇਂ ਚਹਿਕਣ ਵਾਲਾ ਪੰਛੀ ਬੋਲ ਰਿਹਾ ਸੀ, ਪਰ ਬਚਿਆਂ ਦੀ ਕਲਪਨਾ ਨੇ ਇਕ ਦਿਆਲ ਅਣੋਖਾ ਪਾਤਰ ਸਿਰਜਿਆ — ਇਕ ਨਿਕਾ ਮੁੰਡਾ, ਜਿਸਦੇ ਗਲੇ ਵਿਚ ਕਣਕ ਦਾ ਹਾਰ ਸੀ, ਜਿਹੜਾ ਲੋਕਾਂ ਨੂੰ ਖ਼ੁਸ਼ ਕਰਨ ਲਈ ਅਲਗੋਜ਼ੇ ਵਜਾਉਂਦਾ। ਬਚਿਆਂ ਉਹਦਾ ਨਾਂ ਸੂਰਜ-ਨੜਾ ਰਖਿਆ। ਉਹਨਾਂ ਦੇ ਮਨ ਵਿਚ ਸੂਰਜ-ਨੜਾ ਸੂਰਜ ਅਤੇ ਉਪਜਾਊ ਭੋਂ ਦਾ ਪੁਤਰ ਸੀ। ਜਦੋਂ ਕਦੀ ਕਣਕ ਦੇ ਸਿਟੇ ਪਕ ਰਹੇ ਹੁੰਦੇ ਤੁਸੀਂ ਸੂਰਜ-ਨੜੇ ਨੂੰ ਵੇਖਦੇ। ਜਦੋਂ ਕਣਕ ਗਾਹ ਲਈ ਜਾਂਦੀ ਹੈ ਤਾਂ ਉਹ ਸੁਹਣੀ ਖੁਸ਼ਬੋ ਵਾਲੇ ਤੂੜੀ ਦੇ ਕੁਪ ਵਿਚ ਚਲਾ ਜਾਂਦਾ ਹੈ ਅਤੇ ਸ਼ਾਮਾਂ ਨੂੰ ਖ਼ੁਸ਼ ਅਤੇ ਉਦਾਸ ਗੀਤ ਗਾਉਂਦਾ ਹੈ। ਜਦੋਂ ਸਿਆਲ ਨੇੜੇ ਆਉਂਦਾ ਹੈ ਤਾਂ ਉਹਨੂੰ ਨਿਘੀ ਧਰਤੀ ਵਿਚ ਜਾਣਾ ਪੈਂਦਾ ਹੈ ਜਿਥੇ ਉਪਜਾਇਕਤਾ ਦੇ ਜੀਵਨਦਾਤੇ ਰਸ ਸੁਤੇ ਹੁੰਦੇ ਹਨ। ਪਰ ਜਦੋਂ ਹਰੀ ਕਣਕ ਉਗ ਪੈਂਦੀ ਹੈ ਤਾਂ ਸੂਰਜ-ਨੜਾ ਇਕ ਵਾਰ ਫਿਰ ਸੁਹਣੇ ਗੀਤ ਗਾਉਂਦਾ ਹੋਇਆ ਖੇਤਾਂ ਵਿਚ ਆ ਜਾਂਦਾ ਹੈ।

ਇਹ ਜਾਪ ਸਕਦਾ ਹੈ ਕਿ ਬਚੇ ਪ੍ਰਕਿਰਤੀ ਨੂੰ ਲੋੜੋਂ ਵਧ ਵਾਰ ਸਜੀਵ ਕਰਦੇ ਹਨ ਅਤੇ ਇਹ ਕਿ ਖ਼ਿਆਲ-ਉਡਾਰੀ ਕਿਸੇ ਹਦ ਤਕ ਉਹਨਾਂ ਨੂੰ ਯਥਾਰਥ ਤੋਂ ਦੂਰ ਲੈ ਜਾ ਸਕਦੀ ਹੈ। ਇਹਦਾ ਉਤਰ ਹਜ਼ਾਰ ਵਾਰ ਨਾਂਹ ਵਿਚ ਹੈ। ਅਸਲ ਵਿਚ ਇਹ ਜੀਵਨ, ਉਪਜਾਇਕਤਾ, ਮਨੁਖ ਸੰਬੰਧੀ ਪਰੀ-ਕਹਾਣੀਆਂ ਹੀ ਹਨ ਜਿਹੜੀਆਂ ਪ੍ਰੇਰਨਾ ਦੇ ਬਲਵਾਨ ਸੋਮੇ ਹਨ। ਬਚਿਆਂ ਨੇ ਸੂਰਜ-ਨੜਾ ਸੰਬੰਧੀ ਜਿਹੜਾ ਗੀਤ ਬਣਾਇਆ ਉਹ ਆਪਣੇ ਆਪ ਵਿਚ ਜੀਵਨ, ਸੁਹਪਣ ਅਤੇ ਬਹੁਲਤਾ ਨੂੰ ਸਜੀਵ ਕਰਨ ਵਾਲੇ ਜੀਵ ਦਾ ਸਜੀਵ ਕੀਤਾ, ਪਰੀ-ਕਹਾਣੀ ਬਿੰਬ ਸੀ। ਇਹ ਹੈ ਉਹ ਸਾਦਾ ਗੀਤ:

ਸੂਰਜ ਨੇ ਧਰਤੀ ਨੂੰ ਜਗਾਇਆ,
ਪਕਣ ਲਗ ਪਏ ਕਣਕ ਦੇ ਸਿਟੇ;
ਅਲਗੋਜ਼ਾ ਪਿਆ ਕੌਣ ਵਜਾਏ?
ਸੂਰਜ-ਨੜਾ, ਸੂਰਜ-ਨੜਾ।

ਜਾਦੂਈ ਉਹਨੇ ਕਪੜੇ ਪਾਏ,
ਕਣਕ ਦੇ ਸਿਟਿਆਂ ਦੇ ਜੋ ਬਣੇ ਨੇ,
ਬਾਬੂ ਦੀਆਂ ਉਹਦੀਆਂ ਸੋਨ ਭਵਾਂ ਨੇ,
ਹਸਣ ਪਈਆਂ ਉਹਦੀਆਂ ਝਿਮਣੀਆਂ...

ਜਦੋਂ ਬਚੇ ਪਰੀ-ਕਹਾਣੀ ਬਿੰਬਾਂ ਦੇ ਪ੍ਰਭਾਵ ਅਧੀਨ ਹੁੰਦੇ ਹਨ ਤਾਂ ਇਕ ਅਜੀਬ ਗਲ ਵਾਪਰਦੀ ਹੈ: ਕੋਈ ਸ਼ਬਦ ਜਿਹੜਾ ਉਹਨਾਂ ਕਿਧਰੇ ਪੜ੍ਹਿਆ ਜਾਂ ਸੁਣਿਆ ਹੁੰਦਾ ਹੈ ਉਹਨਾਂ ਦੀ ਚੇਤਨਤਾ ਵਿਚ ਲਿਸ਼ਕਦੇ ਰੰਗਾਂ ਨਾਲ ਚਮਕਦਾ, ਖੇਤਾਂ ਅਤੇ ਜੂਹਾਂ ਦੀ ਖੁਸ਼ਬੋ ਨਾਲ ਭਰਿਆ, ਉਹਨਾਂ ਦੀ ਚੇਤਨਤਾ ਦੇ ਧੁਰ ਅੰਦਰ ਜਾਗ ਪੈਂਦਾ ਹੈ ਅਤੇ ਬਚਾ ਕਾਵਿਕ ਬਿੰਬ ਬਣਾਉਂਦਾ ਹੋਇਆ ਸਿਰਜਣਾ ਕਰਦਾ ਹੈ।

ਪਾਠਕ ਪੁਛ ਸਕਦਾ ਹੈ ਕਿ ਮੈਂ ਸਿਹਤ ਨੂੰ ਸਮਰਪਤ ਪੰਨਿਆਂ ਉਤੇ ਪਰੀ-ਕਹਾਣੀਆਂ, ਅਣੋਖੇ ਬਿੰਬਾਂ, ਬਚਿਆਂ ਦੀ ਰਚਨਾਤਮਕਤਾ ਸੰਬੰਧੀ ਕਿਉਂ ਲਿਖ ਰਿਹਾ ਹਾਂ। ਕਿਉਂਕਿ ਇਹ ਬਚਿਆਂ ਦੀ ਖੁਸ਼ੀ ਹੈ, ਅਤੇ ਖੁਸ਼ੀ ਤੋਂ ਬਿਨਾਂ ਆਤਮਕ ਅਤੇ ਸਰੀਰਕ ਸਿਹਤ ਦਾ ਸੁਮੇਲ ਅਸੰਭਵ ਹੈ। ਜੇ ਬਚਾ ਸੁਹਣੇ ਖੇਤਾਂ ਅਤੇ ਟਿਮਟਿਮਾਉਂਦੇ ਤਾਰਿਆਂ, ਟਿਡਿਆਂ ਦੇ ਅਨੰਤ ਗੀਤ ਅਤੇ ਜੰਗਲੀ ਫੁਲਾਂ ਦੀ ਖੁਸ਼ਬੋ ਦਾ ਕੀਲਿਆ ਗੀਤ ਲਿਖਦਾ ਹੈ ਤਾਂ ਇਹਦਾ ਅਰਥ ਇਹ ਹੈ ਕਿ ਉਹ ਆਤਮਾ ਅਤੇ ਸਰੀਰ ਦੇ ਸੁਮੇਲ ਦੀ ਸਿਖਰ ਉਤੇ ਹੈ। ਕਿਸੇ ਬੰਦੇ ਦੀ ਸਿਹਤ ਦਾ ਧਿਆਨ ਰਖਣ ਦੇ ਅਰਥ, ਉਸ ਤੋਂ ਵੀ ਵਧ ਬਚੇ ਦੀ ਸਿਹਤ ਦਾ ਧਿਆਨ ਰਖਣ ਦੇ ਅਰਥ, ਕੇਵਲ ਸਿਹਤ-ਸਫ਼ਾਈ ਦੀਆਂ ਪੇਚਦਾਰ ਪਧਰਾਂ ਅਤੇ ਨਿਯਮ ਹੀ ਨਹੀਂ, ਖੁਰਾਕ, ਕੰਮ ਅਤੇ ਮੌਜ-ਮੇਲੇ ਦੀਆਂ ਮੰਗਾਂ ਦੀ ਸੰਘਤਾ ਹੀ ਨਹੀਂ। ਇਹਦਾ ਅਰਥ ਸਭ ਤੋਂ ਪਹਿਲਾਂ ਸਾਰੀਆਂ ਸਰੀਰਕ ਅਤੇ ਆਤਮਕ ਸ਼ਕਤੀਆਂ ਦੀ ਸੁਮੇਲੀ ਪੂਰਨਤਾ ਵਲ ਧਿਆਨ ਦੇਣਾ ਹੀ ਨਹੀਂ, ਅਤੇ ਇਸ ਸੁਮੇਲ ਦੀ ਸਿਖਰ ਰਚਨਾਤਮਕਤਾ ਦੀ ਖੁਸ਼ੀ ਹੈ।

ਜਦੋਂ ਬਚਿਆਂ ਨੇ ਤੀਜੀ ਸ਼੍ਰੇਣੀ ਦੀ ਪੜ੍ਹਾਈ ਮੁਕੰਮਲ ਕਰ ਲਈ ਤਾਂ ਵੀ ਅਸਾਂ ਹੁਨਾਲ ਹਦਵਾਣਿਆਂ ਦੇ ਖੇਤ ਵਿਚ ਬਿਤਾਇਆ, ਪਰ ਅੰਗੂਰਾਂ ਦੀ ਝਿੜੀ ਦੇ ਨੇੜੇ ਇਕ ਵਖਰੀ ਥਾਂ ਵਿਖੇ। ਬਚਿਆਂ ਨੇ ਅੰਗੂਰਾਂ ਦੇ ਗੁਛੇ ਟੋਕਰੀਆਂ ਵਿਚ ਪਾਉਣ ਵਿਚ ਵਡਿਆਂ ਦੀ ਸਹਾਇਤਾ ਕਰਕੇ ਝਿੜੀ ਵਿਚ ਕੰਮ ਕੀਤਾ। ਉਹ ਸਵੇਰੇ ਅਤੇ ਸ਼ਾਮ ਨੂੰ ਛਪੜ ਵਿਚ ਤੈਰਨ ਜਾਂਦੇ। ਉਹ ਇਕ ਰੋਚਕ ਖੇਡ ਖੇਡਦੇ: ਉਹਨਾਂ ਦੀ ਕਲਪਨਾ ਵਿਚ ਤਿੰਨ ਬੇੜੀਆਂ ਵੇਲ੍ਹ ਮਛੀਆਂ ਫੜਨ ਵਾਲੀਆਂ ਕਿਸ਼ਤੀਆਂ ਬਣ ਗਈਆਂ। ਉਹ ਨਿਕਾ ਛਪੜ ਮਹਾਂ-ਸਾਗਰ ਬਣ ਗਿਆ ਅਤੇ ਅਸੀਂ ਵੇਲ੍ਹ ਮਛੀਆਂ ਲਭਦੇ ਹੋਏ ਸੂਹ ਕਢਣ ਲਈ ਜਾਂਦੇ।... ਅਸਾਂ ਉਥੇ ਬੰਸਰੀਆਂ ਬਣਾਈਆਂ; ਸਾਡੇ ਸੰਗੀਤ ਕਲਬ ਦੀ ਇਕਤ੍ਰਤਾ ਸ਼ਾਮਾਂ ਨੂੰ ਹੁੰਦੀ। ਅਸੀਂ ਲੋਕ ਗੀਤਾਂ ਦੀਆਂ ਧੁਨਾਂ ਵਜਾਉਂਦੇ ਅਤੇ ਹੁਨਾਲ ਦੀਆਂ ਸ਼ਾਮਾਂ ਸੰਬੰਧੀ, ਮੀਂਹ ਅਤੇ ਝਖੜਾਂ ਸੰਬੰਧੀ ਅਤੇ ਕਿਰਮਚੀ ਅਸਮਾਨ

ਸੰਬੰਧੀ, ਬੰਨ੍ਹ ਦੇ ਨੇੜੇ ਗੁਝੀ ਛੰਭ ਸੰਬੰਧੀ, ਮੌਸਮੀ ਪੰਛੀਆਂ ਸੰਬੰਧੀ ਗੀਤ ਬਣਾਏ। ਵਰ੍ਹਿਆਂ ਦੇ ਲੰਘਣ ਨਾਲ ਸੰਗੀਤ ਸਾਡੇ ਆਤਮਕ ਜੀਵਨ ਵਿਚ ਵਧੇਰੇ ਡੂੰਘਾ ਧਸ ਗਿਆ। ਬਚੇ ਛੁਟੀਆਂ ਵਿਚ ਜਿਥੇ ਕਿਧਰੇ ਜਾਂਦੇ, ਉਹ ਸਿਰਕਢ ਸਵਰਕਾਰਾਂ ਦੀਆਂ ਕਿਰਤਾਂ ਅਤੇ ਲੋਕ ਗੀਤਾਂ ਦੇ ਟੇਪ ਸੁਣਦੇ।

ਚੌਥੀ ਜਮਾਤ ਖ਼ਤਮ ਕਰਨ ਤੋਂ ਪਿਛੋਂ, ੧੯੫੬ ਦੇ ਹੁਨਾਲ ਵਿਚ, ਬਚਿਆਂ ਨੇ ਆਪਣੀਆਂ ਛੁਟੀਆਂ ਜੂਹ ਵਿਚ ਬਲੂਤ ਦੀ ਝੰਗੀ ਦੇ ਨੇੜੇ ਅਤੇ ਝੀਲ ਦੇ ਕੰਢੇ ਉਤੇ ਬਿਤਾਈਆਂ। ਉਹਨਾਂ ਰੁਖਾਂ ਦੀਆਂ ਟਹਿਣੀਆਂ ਦੀਆਂ ਝੁਗੀਆਂ ਬਣਾਈਆਂ ਅਤੇ ਉਹਨਾਂ ਉਤੇ ਪਰਾਲੀ ਪਾਈ। ਉਹਨਾਂ ਦੇ ਮਾਤਾ ਪਿਤਾ ਨੇ ਇਕ ਹਮਾਮ ਅਤੇ ਰਸੋਈ ਬਣਾਉਣ ਵਿਚ ਸਾਡੀ ਸਹਾਇਤਾ ਕੀਤੀ। ਬਚੇ ਰਸੋਈ ਵਿਚ ਬਾਵਰਚਣ ਦੀ ਸਹਾਇਤਾ ਕਰਨ, ਪਿੰਡੋਂ ਡਬਲਰੋਟੀ, ਆਲੂ, ਮਛੀ, ਦੁਧ ਅਤੇ ਸਬਜ਼ੀਆਂ ਲਿਆਉਣ ਲਈ ਉਹ ਚੋਖੀ ਉਮਰ ਦੇ ਹੋ ਗਏ ਸਨ। ਅਸਾਂ ੨੦ ਵਛੇ ਵਛੀਆਂ ਅਤੇ ਦੋ ਘੋੜੇ ਸਾਂਭ ਲਈ। ਬਚੇ ਦਿਨੇ ਵਛੇ ਵਛੀਆਂ ਨੂੰ ਜੂਹ ਵਿਚ ਚਰਨ ਲੈ ਜਾਂਦੇ ਅਤੇ ਰਾਤ ਨੂੰ ਉਹਨਾਂ ਨੂੰ ਝੀਲ ਦੇ ਨੇੜੇ ਨਿਕੇ ਜਿਹੇ ਵਾੜੇ ਵਿਚ ਡਕ ਦੇਂਦੇ। ਹਰ ਇਕ ਨੇ ਘੋੜੇ ਉਤੇ ਸਵਾਰੀ ਕਰਨੀ ਸਿਖ ਲਈ ਅਤੇ ਸੌਦਾ ਲੈਣ ਘੋੜੇ ਉਤੇ ਪਿੰਡ ਜਾਂਦੇ। ਘੋੜੇ ਦੀ ਸਵਾਰੀ ਦੀ ਵਾਰੀ ਸਖ਼ਤੀ ਨਾਲ ਮਿਥੀ ਜਾਂਦੀ ਸੀ ਕਿਉਂਕਿ ਸਾਰੇ ਹੀ ਕੁਝ ਕਿਲੋਮੀਟਰ ਘੋੜੇ ਦੀ ਸਵਾਰੀ ਕਰਨਾ ਚਾਹੁੰਦੇ ਸਨ। ਮੈਨੂੰ ਇਸ ਗਲ ਉਤੇ ਬਹੁਤ ਖ਼ੁਸ਼ੀ ਹੋਈ ਕਿ ਵੋਲੋਦੀਆ, ਸਾਨੀਆ ਅਤੇ ਤੀਨਾ ਵਿਸ਼ੇਸ਼ ਤੌਰ ਉਤੇ ਚੰਗੇ ਘੁੜਸਵਾਰ ਬਣ ਗਏ। ਘੋੜੇ ਦੀ ਸਵਾਰੀ ਨੇ ਸਿਹਤ ਚੰਗੀ ਬਣਾਉਣ ਵਿਚ ਉਹਨਾਂ ਦੀ ਸਹਾਇਤਾ ਕੀਤੀ।

ਉਸ ਵਰ੍ਹੇ ਸਾਰੇ ਬਚੇ ਡੂੰਘੀ ਝੀਲ ਵਿਚ ਤੈਰੇ ਅਤੇ ਤੈਰਨਾ ਸੁਹਣੀ ਤਰ੍ਹਾਂ ਸਿਖ ਲਿਆ। ਮੈਂ ਇਕ ਸੁਰਖਿਅਤ ਥਾਂ ਚੁਣੀ ਅਤੇ ਹਰ ਵਾਰੀ ਬਚਿਆਂ ਵਿਚੋਂ ਇਕ ਨਾਲ ਤੈਰਦਾ।

ਦਭ ਵਢਣ ਦੇ ਦਿਨ ਵਿਸ਼ੇਸ਼ ਤੌਰ ਉਤੇ ਖ਼ੁਸ਼ੀਆਂ ਭਰੇ ਸਨ। ਅਸਾਂ ਦਭ ਦੇ ਢੇਰ ਲਾਉਣ ਵਿਚ ਵਡਿਆਂ ਦੀ ਸਹਾਇਤਾ ਕੀਤੀ ਅਤੇ ਸ਼ਾਮ ਨੂੰ ਦਭ ਦੇ ਢੇਰ ਉਤੇ ਉਚੇ ਚੜ੍ਹ ਜਾਂਦੇ। ਬਚੇ ਇਹਨਾਂ ਘੜੀਆਂ ਵਿਚ ਉਕਾ ਹੀ ਕੀਲੇ ਜਾਂਦੇ: ਉਹ ਤਾਰਿਆਂ ਅਤੇ ਦੁਰਾਡੀ ਦੁਨੀਆਵਾਂ ਸੰਬੰਧੀ ਕਹਾਣੀਆਂ ਸੁਣਨਾ ਚਾਹੁੰਦੇ। ਤਾਰਿਆਂ ਜੜੇ ਗੁੰਬਦ ਹੇਠਾਂ ਬਚੇ ਆਪਣੇ ਆਪ ਨੂੰ ਸ੍ਰਿਸ਼ਟੀ ਦੇ ਸਨਮੁਖ ਸਮਝਦੇ ਅਤੇ ਮੇਰੇ ਕੋਲੋਂ ਪ੍ਰਸ਼ਨ ਪੁਛਦੇ: "ਇਹ ਸਭ ਕੁਝ ਕਿਥੋਂ ਆਇਆ — ਧਰਤੀ, ਸੂਰਜ, ਤਾਰੇ?" ਮੈਨੂੰ ਨਿਸ਼ਚਾ ਹੈ ਕਿ ਅਜਿਹੇ ਪ੍ਰਸ਼ਨ ਉਸ ਸਮੇਂ ਪੁਛੇ ਜਾਂਦੇ ਹਨ ਜਦੋਂ ਮਨ ਹੈਰਾਨੀ ਨਾਲ, ਪ੍ਰਕਿਰਤੀ ਦੇ ਸੁਹਪਣ ਅਤੇ ਮਹਾਨਤਾ ਸਨਮੁਖ ਹਕੇ ਬਕੇ ਹੋਣ ਦੀ ਭਾਵਨਾ ਨਾਲ ਭਰਿਆ ਜਾਂਦਾ ਹੈ।

ਮੈਨੂੰ ਇਹ ਗਲ ਕਦੀ ਨਹੀਂ ਭੁਲਣ ਲਗੀ ਕਿ ਕਿਵੇ ਨਛਤਰਾਂ ਸੰਬੰਧੀ ਇਕ

ਕਹਾਣੀ ਪਿਛੋ ਬਚਿਆਂ ਨੇ ਪੁਛਿਆ, "ਪਰ ਇਹਨਾਂ ਤੋਂ ਅਗੇ ਕੀ ਹੈ?" ਜਦੋ ਮੈਂ ਉਹਨਾਂ ਨੂੰ ਦਸਿਆ ਕਿ ਦਿਸਦੇ ਸੰਸਾਰਾਂ ਤੋ ਪਰ੍ਹੇ ਵੀ ਉਹੋ ਸ੍ਰਿਸ਼ਟੀ ਹੈ ਅਤੇ ਉਹ ਅਣਗਿਣਤ ਹਨ ਤਾਂ ਬਚੇ ਹਕੇ ਬਕੇ ਰਹਿ ਗਏ: "ਪਰ ਸੰਸਾਰ ਦਾ ਅੰਤ ਕਿਥੇ ਹੁੰਦਾ ਹੈ?" ਸ੍ਰਿਸ਼ਟੀ ਦੀ ਅਨੰਤਤਾ ਉਹਨਾਂ ਲਈ ਸਭ ਤੋ ਵਧ ਸਮਝੋ ਬਾਹਰੀਆਂ ਗਲਾਂ ਵਿਚੋ ਇਕ ਸੀ। ਮੈਨੂੰ ਯਾਦ ਹੈ ਕਿਵੇ ਬਚੇ ਇਹ ਤ੍ਰਭਕਾ ਦੇਣ ਵਾਲਾ ਤਥ ਸੁਣ ਕੇ ਚੁਪ ਕਰ ਗਏ ਸਨ, ਅਨੰਤਤਾ ਦੀ ਕਲਪਨਾ ਕਰਦੇ ਹੋਏ ਪਰ ਅਜਿਹਾ ਨਾ ਕਰ ਸਕਦੇ ਹੋਏ। ਉਸ ਰਾਤ ਉਹ ਦੇਰ ਤਕ ਨਾ ਸੁਤੇ ਅਤੇ ਇਕ ਤੋ ਵਧ ਨੂੰ ਸੂਰਜ ਅਤੇ ਦੂਰਾਡੇ ਨਛਤਰਾਂ ਸੰਬੰਧੀ ਸੁਪਨੇ ਆਏ। ਅਗਲੇ ਦਿਨ ਨਿਕੇ ਮੁੰਡੇ ਅਤੇ ਕੁੜੀਆਂ ਘੜੀ ਮੁੜੀ ਉਸ ਪ੍ਰਸ਼ਨ ਵਲ ਮੁੜੇ ਜਿਹੜੇ ਉਹਨਾਂ ਨੂੰ ਪ੍ਰੇਸ਼ਾਨ ਕਰ ਰਹੇ ਸਨ: ਅਨੰਤਤਾ ਕੀ ਹੈ? ਸਕੂਲ ਵਿਚ ਪੜ੍ਹਨ ਦੇ ਸਾਰੇ ਵਰ੍ਹਿਆਂ ਵਿਚ ਉਹਨਾਂ ਲਈ ਇਸ ਪ੍ਰਸ਼ਨ ਦੀ ਨਵੀਨਤਾ ਨਾ ਗਈ।

...**ਮੁਸ਼ੀ ਦੇ ਸਕੂਲ** ਦੇ ਬਚਿਆਂ ਨੂੰ ਪੜ੍ਹਾਉਣ ਦੇ ਪਹਿਲੇ ਹਫ਼ਤਿਆਂ ਤੋ ਮੈਂ ਖੇਡਾਂ ਉਤੇ ਬਹੁਤ ਜ਼ੋਰ ਦਿਤਾ। ਵਡੇਰੇ ਵਿਦਿਆਰਥੀਆਂ ਨੇ ਸਾਨੂੰ ਖੇਡ ਦਾ ਮੈਦਾਨ ਤਿਆਰ ਕਰਨ ਅਤੇ ਇਕ ਪੀਂਘ ਬਣਾਉਣ ਵਿਚ ਸਹਾਇਤਾ ਦਿਤੀ। ਸਾਡੇ ਕੋਲ ਚੋਖੇ ਗੇਂਦ ਸਨ ਅਤੇ ਦੂਜੀ ਸ਼੍ਰੇਣੀ ਤਕ ਉਹਨਾਂ ਟੇਬਲ-ਟੈਨਸ ਖੇਡਣੀ ਸ਼ੁਰੂ ਕਰ ਦਿਤੀ। ਬਚਿਆਂ ਨੂੰ ਚਕਲਣੀਆਂ ਅਤੇ ਗੇਂਦ ਸੁਟਣ ਅਤੇ ਰਸਿਆਂ ਅਤੇ ਖੰਭਿਆਂ ਉਤੇ ਚੜ੍ਹਨ ਦਾ ਵੀ ਉਨਾ ਹੀ ਸ਼ੌਕ ਸੀ।

ਸਾਰਾ ਹੁਨਾਲ ਬਚੇ ਨੰਗੇ ਪੈਰੀਂ ਘੁੰਮਦੇ ਰਹੇ ਅਤੇ ਉਹ ਮੀਂਹ ਤੋ ਨਹੀਂ ਸਨ ਡਰਦੇ। ਮੈਂ ਇਹਨੂੰ ਵਰਜ਼ਸ਼ ਦੇ ਇਕ ਵਿਸ਼ੇਸ਼ ਤੌਰ ਉਤੇ ਮਹਤਵ-ਪੂਰਨ ਸਾਧਨ ਸਮਝਿਆ। ਪਹਿਲੀ ਅਤੇ ਦੂਜੀ ਸ਼੍ਰੇਣੀ ਵਿਚ ਕੇਵਲ ਤਿੰਨ ਬਚਿਆਂ ਨੂੰ ਜ਼ੁਕਾਮ ਹੋਇਆ ਅਤੇ ਤੀਜੀ ਅਤੇ ਚੌਥੀ ਵਿਚ ਕੋਈ ਵੀ ਬਿਮਾਰ ਨਾ ਹੋਇਆ।

ਮੈਂ ਸਿਰ ਨੂੰ ਚੜ੍ਹਦੇ ਜ਼ੁਕਾਮ ਤੋ ਰਖਿਆ ਨੂੰ ਵਿਸ਼ੇਸ਼ ਤੌਰ ਉਤੇ ਮਹਤਤਾ ਦੇਂਦਾ ਸਾਂ। ਮ ਇਸ ਸੰਬੰਧੀ ਕਈ ਵਰ੍ਹੇ ਫ਼ਿਕਰ ਕੀਤਾ: ਮੌਸਮ ਵਿਚ ਤਿਖੀ ਤਬਦੀਲੀਆਂ ਸਮੇ ਲਗ ਭਗ ਅਧੇ ਲੋਕ ਨਿਛਾਂ ਮਾਰ ਰਹੇ ਸਨ। ਜੇ ਬਚੇ ਨੂੰ ਬੁਖਾਰ ਨਾ ਵੀ ਹੋਵੇ ਤਾਂ ਵੀ ਅਜਿਹੀ ਬਿਮਾਰੀ ਹੁੰਦੀਆਂ ਉਹ ਸਾਧਾਰਨ ਢੰਗ ਨਾਲ ਕੰਮ ਨਹੀਂ ਕਰ ਸਕਦਾ। ਅਤੇ ਸਿਰ ਨੂੰ ਚੜ੍ਹ ਜਾਣ ਵਾਲੇ ਜ਼ੁਕਾਮ ਦਾ ਕੋਈ ਬੁਨਿਆਦੀ ਇਲਾਜ ਨਹੀਂ। ਚਕਿਤਸਾ ਵਿਗਿਆਨ ਨੇ ਸਾਬਤ ਕੀਤਾ ਹੈ ਕਿ ਕਈ ਤਰ੍ਹਾਂ ਦਾ ਸਿਰ ਨੂੰ ਚੜ੍ਹ ਜਾਣ ਵਾਲੇ ਜ਼ੁਕਾਮ ਕੋਈ ਛੂਤ ਦੀਆਂ ਬਿਮਾਰੀਆਂ ਨਹੀਂ ਸਗੋ ਸੂਖਮ ਸਰੀਰ ਵਲੋ ਆਲੇ ਦੁਆਲੇ ਵਿਚ ਤਬਦੀਲੀਆਂ ਵਲ ਪ੍ਰਤਿਕਰਮ ਹਨ। ਜੇ ਪੈਰ ਮਾਮੂਲੀ ਠੰਢ ਦਾ ਸ਼ਿਕਾਰ ਹੋ ਸਕਦੇ ਹੋਣ ਤਾਂ ਬੰਦੇ ਨੂੰ ਅਜਿਹੇ ਸਿਰ ਨੂੰ ਚੜ੍ਹ ਜਾਣ ਵਾਲੇ ਜ਼ੁਕਾਮ ਹੋਣਗੇ ਜਿਹੜੇ ਛੂਤ ਵਾਲੇ ਨਹੀਂ ਹੁੰਦੇ। ਸਾਡੇ ਵਿਦਿਅਕ ਕੰਮ ਵਿਚ ਸਰੀਰ ਨੂੰ ਮਜ਼ਬੂਤ ਕਰਨ ਦਾ ਜਿਹੜਾ ਕੰਮ ਸ਼ੁਰੂ ਹੋਇਆ, ਉਹਦਾ ਮੁਢ ਪੈਰਾਂ ਨੂੰ ਕਰੜਾ

ਬਣਾਉਣ ਨਾਲ ਬਝਾ। ਪਰ ਅਜਿਹਾ ਕਰਨ ਤੋਂ ਪਹਿਲਾਂ ਇਹ ਲਾਜ਼ਮੀ ਹੈ ਕਿ ਬੰਦਾ ਬਚੇ ਦੀ ਆਮ ਪ੍ਰਸਥਿਤੀ ਨੂੰ ਮੁਖ ਰਖੇ। ਕੁਝ ਸਮੇ ਤਕ ਕੀਤੀਆਂ ਜਾਣ ਵਾਲੀਆਂ ਪੈਰਾਂ ਨੂੰ ਕਰੜਾ ਬਣਾਉਣ ਵਾਲੀਆਂ ਕੋਈ ਖ਼ਾਸ ਵਰਜ਼ਸ਼ਾਂ ਨਹੀਂ। ਲੋੜ ਇਸ ਗਲ ਦੀ ਹੈ ਕਿ ਨਿਰੰਤਰ ਇਕ ਆਮ ਨੇਮ ਉਤੇ ਅਮਲ ਕੀਤਾ ਜਾਵੇ, ਬਚਿਆਂ ਨੂੰ "ਗਰਮਖਾਨੇ ਦੇ ਵਾਯੂ-ਮੰਡਲ" ਦਾ ਆਦੀ ਨਾ ਹੋਣ ਦਿਤਾ ਜਾਵੇ, ਅਜਿਹੀਆਂ ਬੇਲੋੜੀਆਂ ਚਿੰਤਾਵਾਂ ਤੋਂ ਬਚਿਆ ਜਾਵੇ ਜਿਹੜੀਆਂ ਸਰੀਰ ਦਾ ਮੁਕਾਬਲਾ ਕਰਨ ਦੀ ਸ਼ਕਤੀ ਨੂੰ ਤੋੜ ਦੇਣਗੀਆਂ। ਜੇ ਬਚਾ ਹੁਨਾਲ ਵਿਚ ਨੰਗੇ ਪੈਰੀਂ ਨਹੀਂ ਚਲਦਾ ਤਾਂ ਗਿਲੇ ਤੌਲੀਆਂ ਨਾਲ ਪੂੰਝਣ ਅਤੇ ਨ੍ਹਾਉਣ ਨਾਲ ਕੋਈ ਫ਼ਰਕ ਨਹੀਂ ਪਵੇਗਾ।

...ਇਉਂ ਬਚਿਆਂ ਨੇ ਮੁਢਲੇ ਸਕੂਲ ਦੀ ਵਿਦਿਆ ਮੁਕਾ ਲਈ। ਛੁਟੀਆਂ ਦੇ ਅਖ਼ੀਰੀ ਦਿਨ ਉਹ ਝੀਲ ਵਿਚ ਤਾਰੀ ਲਾਉਣ ਪਿਛੋਂ ਹਰੇ ਘਾਹ ਉਤੇ ਇਕਠੇ ਹੋਏ—ਤਕੜੇ, ਧੁਪ-ਸੰਵਲਾਏ ਅਤੇ ਸੁਹਣੇ। ਉਹ ਯਾਰ੍ਹਾਂ ਵਰ੍ਹਿਆਂ ਦੇ ਸਨ ਪਰ ਉਹਨਾਂ ਨੂੰ ਸੌਖੇ ਹੀ ਬਾਰ੍ਹਾਂ ਜਾਂ ਤੇਰ੍ਹਾਂ ਵਰ੍ਹਿਆਂ ਦਾ ਸਮਝਿਆ ਜਾ ਸਕਦਾ ਸੀ। ਇਥੋਂ ਤਕ ਕਿ ਨਿਕਾ ਦਾਨਕੋ, ਜਿਸਨੂੰ ਲੰਮੇ ਸਮੇ ਤੋਂ "ਮਛਰ" ਕਿਹਾ ਜਾਂਦਾ ਸੀ, ਬਹੁਤ ਸਾਰੇ ਪੰਜਵੀਂ ਸ਼੍ਰੇਣੀ ਵਾਲਿਆਂ ਜਿੰਨਾ ਲੰਮਾ ਸੀ।

ਡਾਕਟਰ ਨੇ ਵਰ੍ਹੇ ਵਿਚ ਕਈ ਵਾਰ ਉਹਨਾਂ ਦਾ ਮੁਆਇਨਾ ਕੀਤਾ ਸੀ। ਪਹਿਲੀ ਸ਼੍ਰੇਣੀ ਵਿਚ ਚਾਰ ਬਚਿਆਂ ਦੀ ਨਜ਼ਰ ਕਮਜ਼ੋਰ ਸੀ, ਦੂਜੀ ਵਿਚ ਅਜਿਹੇ ਦੋ ਸਨ ਅਤੇ ਤੀਜੀ ਵਿਚ ਇਕ ਵੀ ਨਹੀਂ ਸੀ। ਜੀਵਨ ਦਰਸਾਉਂਦਾ ਹੈ ਕਿ ਕਮਜ਼ੋਰ ਨਜ਼ਰ ਅਖ ਦੇ ਨੁਕਸਾਂ ਕਾਰਨ ਨਹੀਂ ਹੁੰਦੀ ਸਗੋਂ ਸਰੀਰਕ ਅਤੇ ਆਤਮਕ ਵਿਕਾਸ ਵਿਚ ਅਣਮੇਲ ਕਾਰਨ ਹੁੰਦੀ ਹੈ। ਪਹਿਲੇ ਦੋ ਵਰ੍ਹਿਆਂ ਵਿਚ ਦੋ ਬਚਿਆਂ ਸੰਬੰਧੀ ਇਹ ਤਸ਼ਖ਼ੀਸ ਕੀਤੀ ਗਈ ਕਿ ਉਹਨਾਂ ਵਿਚ ਦਿਲ ਅਤੇ ਨਾੜੀਆਂ ਦੀ ਕਮਜ਼ੋਰੀ ਦੀਆਂ ਨਿਸ਼ਾਨੀਆਂ ਹਨ; ਦੋ ਵਿਚ ਪਿਲੂਰਸੀ ਦੇ ਬਾਕੀ ਰਹਿ ਗਏ ਨੁਕਸ ਸਨ; ਦੋ ਵਿਚ ਫੇਫੜਿਆਂ ਦੀ ਸੋਜ ਦੀਆਂ ਨਿਸ਼ਾਨੀਆਂ ਸਨ, ਅਤੇ ਇਕ ਬਚੇ ਨੂੰ ਗੁਝਾ ਤਪਦਿਕ ਸੀ। ਮੁਢਲੇ ਸਕੂਲ ਦੀ ਪੜ੍ਹਾਈ ਮੁਕਾਉਣ ਦੇ ਸਮੇ ਤਕ ਇਕ ਬਚੇ ਵਿਚ ਦਿਲ ਅਤੇ ਨਾੜੀਆਂ ਦੀ ਕਮਜ਼ੋਰੀ ਦੀਆਂ ਨਿਸ਼ਾਨੀਆਂ ਸਨ ਅਤੇ ਉਹ ਵੀ ਸਕੂਲ ਦੇ ਪਹਿਲੇ ਦੋ ਵਰ੍ਹਿਆਂ ਨਾਲੋਂ ਬਹੁਤ ਘਟ ਸਨ।

## ਪੜ੍ਹਨਾ—ਆਤਮਕ ਜੀਵਨ ਦਾ ਇਕ ਹਿਸਾ

ਇਹ ਮਹਤਵ-ਪੂਰਨ ਹੈ ਕਿ ਪ੍ਰਕਿਰਤੀ, ਖੇਡਾਂ, ਸੁਹਪਣ, ਸੰਗੀਤ, ਖ਼ਿਆਲ-ਉਡਾਰੀ ਅਤੇ ਰਚਨਾਤਮਕਤਾ ਦਾ ਜਿਸ ਸੰਸਾਰ ਨੇ ਬਚਿਆਂ ਨੂੰ ਉਹਨਾਂ ਦੇ ਸਕੂਲ ਦੀ ਪੜ੍ਹਾਈ ਸ਼ੁਰੂ ਕਰਨ ਤੋਂ ਪਹਿਲਾਂ ਘੇਰਿਆ ਹੁੰਦਾ ਹੈ, ਉਹਨੂੰ ਸ਼੍ਰੇਣੀ ਦੇ ਕਮਰੇ ਦੇ ਬਾਹਰ ਹੀ ਨਾ ਰੋਕ ਦਿਤਾ ਜਾਵੇ। ਸਕੂਲ ਦੇ ਪਹਿਲੇ ਮਹੀਨਿਆਂ ਅਤੇ ਵਰ੍ਹਿਆਂ

ਵਿਚ ਸਕੂਲ ਦੇ ਜੀਵਨ ਨੂੰ ਇਕੋ ਤਰ੍ਹਾਂ ਦੀ ਸਰਗਰਮੀ ਵਿਚ ਤਬਦੀਲ ਨਹੀਂ ਕਰਨਾ ਚਾਹੀਦਾ। ਬਚਾ ਤਾਂ ਹੀ ਸਕੂਲ ਨੂੰ ਪਿਆਰ ਕਰੇਗਾ ਜੇ ਅਧਿਆਪਕ ਉਦਾਰਤਾ ਨਾਲ ਉਹੋ ਖ਼ੁਸ਼ੀਆਂ ਖੋਹਲੇਗਾ ਜਿਹੜੀਆਂ ਉਹਨੂੰ ਪਹਿਲਾਂ ਪ੍ਰਾਪਤ ਸਨ। ਇਹ ਲਾਜ਼ਮੀ ਹੈ ਕਿ ਅਧਿਆਪਕ ਪੜ੍ਹਾਈ ਨੂੰ ਬਚਿਆਂ ਦੀ ਮਰਜ਼ੀਆਂ ਦਾ ਅਨੁਸਾਰੀ ਨਾ ਬਣਾਵੇ ਅਤੇ ਉਹਨੂੰ ਜਾਣ ਬੁਝ ਕੇ ਇਸ ਹਦ ਤਕ ਹੌਲਾ ਨਾ ਬਣਾਵੇ ਕਿ ਬਚੇ ਅਕ ਜਾਣ। ਹੌਲੀ ਹੌਲੀ ਬਚਿਆਂ ਨੂੰ ਮਨੁਖੀ ਜੀਵਨ ਦੇ ਉਸ ਅਤਿ-ਅੰਤ ਮਹਤਵ-ਪੂਰਨ ਪਾਸੇ ਲਈ ਤਿਆਰ ਕੀਤਾ ਜਾਵੇ—ਗੰਭੀਰ, ਨਿਰੰਤਰ, ਔਖੀ ਕਿਰਤ, ਜਿਹੜੀ ਬੌਧਕ ਜਤਨ ਤੋਂ ਬਿਨਾਂ ਅਸੰਭਵ ਹੈ।

ਮੈਂ ਹੌਲੀ ਹੌਲੀ ਇਕ ਮਹਤਵ-ਪੂਰਨ ਵਿਦਿਅਕ ਕੰਮ ਵਜੋ ਬਚਿਆਂ ਵਿਚ ਔਖੇ ਕੰਮ ਅਤੇ ਰਚਨਾਤਮਕ ਕਿਰਤ ਦੀਆਂ ਆਦਤਾਂ ਪੈਦਾ ਕਰ ਰਿਹਾ ਸਾਂ। ਇਹ ਲਾਜ਼ਮੀ ਹੈ ਕਿ ਮਿਥੀ ਘੜੀ ਬਚਾ ਆਪਣੇ ਆਪ ਨੂੰ ਆਲੇ ਦੁਆਲੇ ਦੇ ਸੰਸਾਰ ਤੋਂ ਵਖ ਕਰ ਲਵੇ ਅਤੇ ਆਪਣੇ ਬੌਧਕ ਜਤਨ ਉਸ ਆਲ ਵਸ਼ ਮੋੜੇ ਜਿਹੜਾ ਅਧਿਆਪਕ ਜਾਂ ਖ਼ੁਦ ਬਚੇ ਨੇ ਆਪਣੇ ਸਾਹਮਣੇ ਰਖਿਆ ਹੈ। ਮੈਂ ਇਸ ਗਲ ਲਈ ਉਤਸੁਕਤ ਸਾਂ ਕਿ ਬਚਿਆਂ ਨੂੰ ਅਜਿਹੀ ਇਕਾਗਰਤਾ ਦਾ ਆਦੀ ਬਣਾਇਆ ਜਾਵੇ, ਤਾਂ ਹੀ ਬੌਧਕ ਕਿਰਤ ਇਕ ਮਨ-ਪਸੰਦ ਸਰਗਰਮੀ ਬਣ ਸਕਦੀ ਹੈ।

ਮੁਢਲੇ ਸਕੂਲ ਦਾ ਕਾਰਜ ਵਿਦਿਆਰਥੀਆਂ ਨੂੰ ਹੌਲੀ ਹੌਲੀ ਨਾ ਕੇਵਲ ਸਰੀਰਕ ਸਗੋ ਆਤਮਕ ਔਕੜਾਂ ਉਤੇ ਵੀ ਕਾਬੂ ਪਾਉਣਾ ਸਿਖਾਉਣਾ ਹੈ। ਬਚਿਆਂ ਨੂੰ ਬੌਧਕ ਕਿਰਤ ਦਾ ਐਨ ਤਤ ਸਮਝ ਲੈਣਾ ਚਾਹੀਦਾ ਹੈ, ਜਿਹੜੀ ਦਿਮਾਗ਼ੀ ਜਤਨ ਅਤੇ ਵਸਤਾਂ, ਤਥਾਂ ਅਤੇ ਵਰਤਾਰਿਆਂ ਵਿਚ ਵਖ ਵਖ ਗੁੰਝਲਾਂ, ਸੂਖਮ ਨੁਕਤਿਆਂ ਅਤੇ ਵਿਰੋਧਾਂ ਦੇ ਅੰਦਰ ਘੁਸਣ ਤੋਂ ਬਣਦੀ ਹੈ। ਕਿਸੇ ਹਾਲਤ ਵਿਚ ਵੀ ਪੜ੍ਹਾਈ ਸੌਖੇਰੀ ਬਣਾਉਣ ਲਈ ਬਚੇ ਨੂੰ ਇਹਨਾਂ ਔਖਿਆਈਆਂ ਦੇ ਗਿਆਨ ਤੋ ਬਚਾਉਣਾ ਨਹੀਂ ਚਾਹੀਦਾ। ਵਿਸ਼ੇ-ਵਸਤੂ ਵਿਚ ਨਿਪੁੰਨਤਾ ਦੇ ਨਾਲ ਹੀ ਨਾਲ ਸੁਤੰਤਰ ਬੌਧਕ ਕਿਰਤ ਵੀ ਹੋਣੀ ਚਾਹੀਦੀ ਹੈ। ਬੌਧਕ ਵਿਦਿਆ ਆਤਮਕ ਜੀਵਨ ਦੇ ਉਹਨਾਂ ਖੇਤਰਾਂ ਵਿਚੋਂ ਇਕ ਹੈ, ਜਿਨ੍ਹਾਂ ਵਿਚ ਸਿਖਿਅਕ ਦਾ ਪ੍ਰਭਾਵ ਜੀਵੀ ਤੌਰ ਉਤੇ ਸਵੈ-ਵਿਦਿਆ ਨਾਲ ਜੁੜਿਆ ਹੋਇਆ ਹੁੰਦਾ ਹੈ। ਇਛਾ ਦੀ ਵਿਦਿਆ ਮਨੁਖ ਸਾਹਮਣੇ ਆਸ਼ਿਆਂ ਦੀ ਦਿਮਾਗ਼ੀ ਜਥੇਬੰਦੀ, ਬੌਧਕ ਸ਼ਕਤੀ ਦੇ ਕੇਂਦਰੀਣ, ਸਮਝਣ ਅਤੇ ਸਵੈ-ਸੰਜਮ ਦੇ ਜਤਨ ਨਾਲ ਸ਼ੁਰੂ ਹੁੰਦੀ ਹੈ। ਮੈਂ ਚਾਹੁੰਦਾ ਸਾਂ ਕਿ ਬਚਿਆਂ ਨੂੰ ਬੌਧਕ ਕਿਰਤ ਤੋ ਪਤਾ ਲਗ ਜਾਵੇ ਕਿ ਸ਼ਬਦ ਔਖਾ ਦੇ ਅਰਥ ਕੀ ਹਨ।

ਜੇ ਹਰ ਉਹ ਕੰਮ ਜਿਹੜਾ ਬਚਾ ਸਕੂਲ ਵਿਚ ਕਰਦਾ ਹੈ ਉਹਦੇ ਲਈ ਸੌਖਾ ਹੋਏ ਤਾਂ ਉਹਦੇ ਦਿਮਾਗ਼ੀ ਅਮਲ ਸਮਾਂ ਪਾਕੇ ਆਲਸੀ ਬਣ ਜਾਣਗੇ। ਉਹ ਇਕ ਘੁਸਟ ਵਿਅਕਤੀ ਬਣ ਜਾਵੇਗਾ ਜਿਸਦਾ ਜੀਵਨ ਵਲ ਵਤੀਰਾ ਹੋਛਾ ਹੋਵੇਗਾ। ਇਹ ਗਲ ਅਜੀਬ ਜਾਪਦੀ ਹੈ ਪਰ ਜਦੋਂ ਪੜ੍ਹਨਾ ਉਹਨਾਂ ਲਈ ਵੰਗਾਰ ਨਾ ਹੋਵੇ ਤਾਂ

ਆਲਸੀ ਸੋਚ ਸਭ ਤੋਂ ਵਧ ਵਾਰ ਗੁਣੀ ਬਚਿਆਂ ਵਿਚ ਪ੍ਰਗਟ ਹੁੰਦੀ ਹੈ। ਅਤੇ ਸਭ ਤੋਂ ਵਧ ਵਾਰ ਆਲਸੀ ਸੋਚ ਪਹਿਲੀਆਂ ਸ਼੍ਰੇਣੀਆਂ ਵਿਚ ਪੈਦਾ ਹੁੰਦੀ ਹੈ, ਜਦੋਂ ਗੁਣੀ ਬਚਾ ਉਸ ਕੁਝ ਵਿਚ ਸੌਖੇ ਹੀ ਨਿਪੁੰਨਤਾ ਪ੍ਰਾਪਤ ਕਰ ਲੈਂਦਾ ਹੈ, ਜੋ ਕੁਝ ਹੋਰ ਬਚਿਆਂ ਲਈ ਦਿਮਾਗ਼ੀ ਜਤਨ ਦੀ ਕੁਝ ਮਾਤਰਾ ਨਾਲ ਸੰਬੰਧਤ ਹੁੰਦਾ ਹੈ ਅਤੇ ਉਹ ਜ਼ਰੂਰ ਹੀ ਵਿਹਲਾ ਫਿਰਦਾ ਹੈ। ਸ਼ਾਗਿਰਦਾਂ ਨੂੰ ਵਿਹਲੇ ਨਾ ਰਹਿਣ ਦੇਣਾ ਵੀ ਇਕ ਅਭਰਿਠ ਵਿਦਿਅਕ ਕਾਰਜ ਹੈ।

ਸਾਡੀ ਪਹਿਲੀ ਸ਼੍ਰੇਣੀ ਇਕ ਨਿਕੀ ਇਮਾਰਤ ਵਿਚ ਸੀ, ਜਿਹੜੀ ਕਲ-ਮੁਕਲੀ ਸੀ। ਜਿਹੜੇ ਵਡੇ, ਖ਼ੂਬ ਲੋਅ ਵਾਲੇ ਕਮਰੇ ਵਿਚ ਅਸੀਂ ਪੜ੍ਹਦੇ, ਉਹਦੇ ਵਿਚ ਪੂਰਬ ਅਤੇ ਦਖਣ ਵਲ ਬਾਰੀਆਂ ਸਨ, ਸੋ ਸ਼੍ਰੇਣੀ ਵਿਚ ਖ਼ੂਬ ਧੂਪ ਆਉਂਦੀ। ਬਾਰੀਆਂ ਦੇ ਬਾਹਰ ਅਖ਼ਰੋਟਾਂ ਅਤੇ ਬਦਾਮਾਂ ਦੇ ਰੁਖ ਸਨ ਅਤੇ ਉਹਨਾਂ ਤੋਂ ਅਗੇ ਸਿਉਆਂ, ਨਾਖਾਂ ਅਤੇ ਖੁਰਮਾਣੀਆਂ ਦੇ, ਅਤੇ ਹੋਰ ਵਧੇਰੇ ਦੂਰ ਬਲੂਤ ਦੀ ਝੰਗੀ ਸੀ। ਨਾ ਕੇਵਲ ਸਾਡੀ ਸਕੂਲ ਦੀ ਇਮਾਰਤ ਦੁਆਲੇ ਸਗੋਂ ਹੋਰ ਇਮਾਰਤਾਂ ਦੁਆਲੇ ਵੀ ਹਰਿਆਲੀ ਸੀ। ਰੁਖਾਂ ਦੇ ਪਤੇ ਹਵਾ ਨੂੰ ਆਕਸੀਜਨ ਨਾਲ ਭਰਪੂਰ ਬਣਾਉਂਦੇ। ਸਕੂਲ ਦੇ ਫ਼ਾਰਮ ਵਿਚ ਸਦਾ ਚੁਪ ਰਹਿੰਦੀ। ਸਾਡੇ ਸਕੂਲੀ ਕਮਰੇ ਦੇ ਨਾਲ ਇਕ ਲੰਮਾ ਲਾਂਘਾ ਸੀ ਜਿਸਦਾ ਦਰਵਾਜ਼ਾ ਇਕ ਹੋਰ ਇਮਾਰਤ ਵਿਚ ਖੁਲ੍ਹਦਾ: ਅੰਸੀ ਇਥੇ ਪਰੀ-ਕਹਾਣੀਆਂ ਲਈ ਕਮਰਾ ਉਸਾਰਨ ਦੇ ਸੁਪਨੇ ਲੈਂਦੇ।

ਸਾਡੀ ਇਮਾਰਤ ਦੇ ਸਾਹਮਣੇ ਕੰਕਰੀਟ ਦਾ ਇਕ ਚੌਕ ਸੀ ਜਿਥੇ ਰਖੇ ਮੀਂਹ ਦੇ ਪਾਣੀ ਨਾਲ ਬੂਟ ਧੋਣ ਲਈ ਇਕ ਥਾਂ ਸੀ। ਕਈ ਰਸਤੇ ਸਨ, ਜਿਨ੍ਹਾਂ ਦੇ ਨਾਲ ਨਾਲ ਆੜੂ, ਲਿੰਡਨ ਅਤੇ ਚੈਸਟਨਟ ਦੇ ਰੁਖ ਲਗੇ ਹੋਏ ਸਨ। ਇਕ ਰਾਹ ਸਕੂਲ ਦੇ ਫ਼ਾਰਮ ਦੇ ਵਿਚਕਾਰ ਸਥਿਤ ਅੰਗੂਰਾਂ ਦੇ ਇਕ ਵਾੜੇ ਵਲ ਜਾਂਦਾ ਅਤੇ ਇਕ ਹੋਰ ਸਾਡੇ ਸਭ ਤੋਂ ਨੇੜੇ ਦੇ ਗੁਆਂਢੀਆਂ, ਪੰਜਵੀਂ ਸ਼੍ਰੇਣੀ ਦੇ ਬਚਿਆਂ ਵਲ, ਇਕ ਤੀਜਾ ਹਰਿਆਲੇ ਮੈਦਾਨਾਂ ਅਤੇ ਝੰਗੀਆਂ ਵਲ ਅਤੇ ਇਕ ਚੌਥਾ ਦਰੁਗ ਵਲ, ਜਿਥੇ ਬਹੁਤ ਜ਼ਿਆਦਾ ਝਾੜੀਆਂ ਉਗੀਆਂ ਹੋਈਆਂ ਸਨ।

ਇਹ ਗਲ ਮੈਨੂੰ ਯੋਗ ਜਾਪੀ ਕਿ ਪਹਿਲੀ ਅਤੇ ਦੂਜੀ ਸ਼੍ਰੇਣੀ ਵਖ ਵਖ ਇਮਾਰਤਾਂ ਵਿਚ ਪੜ੍ਹਣਾ। ਉਹਨਾਂ ਦਾ ਪੜ੍ਹਣ, ਕਿਰਤ ਅਤੇ ਜੀਅ-ਪ੍ਰਚਾਵੇ ਦਾ ਆਪਣਾ ਕਾਰਜ-ਕ੍ਰਮ ਸੀ — ਵਿਸ਼ੇਸ਼ ਤੌਰ ਉਤੇ ਪਹਿਲੀ ਸ਼੍ਰੇਣੀ ਦਾ। ਖਪ ਅਤੇ ਹਿਲ-ਜੁਲ ਜਿਹੜੀ ਵਡੇਰੇ ਸਮੂਹਾਂ ਦੀ ਲਖਣਾਇਕ ਹੈ, ਛੋਟੇ ਸਕੂਲੀ ਬਚਿਆਂ ਵਿਚ ਉਹਦੀ ਆਗਿਆ ਨਹੀਂ ਦਿਤੀ ਜਾ ਸਕਦੀ। ਨਿਕੇ ਸਕੂਲੀ ਬਚਿਆਂ ਨੂੰ ਜਿੰਨਾ ਸਮਾਂ ਸੰਭਵ ਹੋ ਸਕੇ ਉਸ ਚੁਪ ਦੀਆਂ ਬਰਕਤਾਂ ਮਾਣਨ ਦਿਓ ਜਿਹੜੀ ਪੂਰੇ ਬੌਧਕ ਵਿਕਾਸ ਲਈ ਇੰਨੀ ਜ਼ਰੂਰੀ ਹੈ। ਕਈ ਵਰ੍ਹਿਆਂ ਦੇ ਅਨੁਭਵ ਤੋਂ ਪਿਛੋਂ ਮੈਂ ਇਸ ਸਿਟੇ ਉਤੇ ਅਪੜਿਆ ਹਾਂ ਕਿ ਬਚਾ ਆਪਣੇ ਆਪਨੂੰ ਪਹਿਲੇ ਕੁਝ ਦਿਨਾਂ ਵਿਚ ਸਕੂਲ ਵਿਚ ਜਿਸ ਪ੍ਰਸਥਿਤੀ ਵਿਚ ਵੇਖਦਾ ਹੈ, ਉਹ ਉਹਨੂੰ ਭੈਂਦਲਾ ਦੇਂਦੀ ਹੈ। ਬਚੇ ਇੰਨਾ ਬੌਧਕ ਕਿਰਤ ਕਾਰਨ

ਨਹੀਂ ਥਕਦੇ ਜਿੰਨਾ ਖਪ ਪਾਉਣ, ਇਧਰ ਉਧਰ ਦੌੜਨ ਦੀ ਨਿਰੰਤਰ ਉਤੇਜਨਾ, ਅਧੀਆਂ ਛੁਟੀਆਂ * ਅਤੇ ਪੜ੍ਹਾਈ ਤੋਂ ਪਹਿਲਾਂ ਦੀ ਹਿਲ ਜੁਲ ਕਾਰਨ ਥਕਦੇ ਹਨ। ਪੰਜ ਵਰ੍ਹੇ ਦੇ ਸਮੇਂ ਵਿਚ ਮੈਂ ਪਹਿਲੀ ਸ਼੍ਰੇਣੀ ਦੇ ਬਚਿਆਂ ਨੂੰ ਲੰਮੀ ਦੇਰ ਦੀ ਵਿਚਲੀ ਛੁਟੀ ਪਿਛੋਂ ਵੇਖਿਆ। ਅਧਾ ਘੰਟਾ ਬਚੇ ਖਪ, ਉਚੀ ਉਚੀ ਬੋਲਣ, ਧਕੇ ਮਾਰਨ ਅਤੇ ਸਮੁਚੇ ਤੌਰ ਉਤੇ ਸਕੂਲ ਦੇ ਸਮੂਹ ਦੀ ਹਿਲ ਜੁਲ ਦੇ ਵਾਯੂ-ਮੰਡਲ ਵਿਚ ਰਹੇ ਸਨ। ਵਿਚਲੀ ਛੁਟੀ ਖ਼ਤਮ ਹੋ ਗਈ ਅਤੇ ਬਚੇ ਆਪਣੀਆਂ ਸ਼੍ਰੇਣੀਆਂ ਵਿਚ ਮੁੜ ਆਏ। ਅਨੁਭਵੀ ਅਧਿਆਪਕਾਂ ਦੇ ਸਬਕਾਂ ਦੇ ਪਹਿਲੇ ਦਸ ਮਿੰਟ ਬਚਿਆਂ ਨੂੰ ਸ਼ਾਂਤ ਕਰਨ ਉਤੇ ਲਗੇ। ਜਦੋਂ ਬਚੇ ਆਪਣੀ ਵਿਚਲੀ ਛੁਟੀ ਆਪਣੇ ਨਿਕੇ ਸਮੂਹ ਵਿਚ ਲੈਂਦੇ ਹਨ ਤਾਂ ਵਖਰੀ ਤਰ੍ਹਾਂ ਦਾ ਚਿਤਰ ਦਿਸਦਾ ਹੈ। ਉਤੇਜਨਾ ਤੋਂ ਪਿਛੋਂ ਬਚਿਆਂ ਨੂੰ ਸ਼ਾਂਤ ਕਰਨ ਉਤੇ ਦੋ ਮਿੰਟ ਤੋਂ ਵਧ ਸਮਾਂ ਨਹੀਂ ਲਗਦਾ।

ਬੇਰੋਕ-ਟੋਕ ਰੌਲਾ ਅਤੇ ਇਧਰ ਉਧਰ ਦੌੜਨਾ ਕਿਸੇ ਸਕੂਲ ਦਾ ਸਭ ਤੋਂ ਚੰਗਾ ਚਿੰਨ੍ਹ ਨਹੀਂ। ਬਚਿਆਂ ਦੀ ਖ਼ੁਸ਼ੀ ਇੰਨਾ ਵਡਾ ਦਰਿਆ ਹੈ ਕਿ ਇਹਦੇ ਦੌਰਿਆਂ ਅਤੇ ਇਛਾਵਾਂ ਨੂੰ ਰੋਕਣ ਲਈ ਜ਼ਰੂਰੀ ਹੀ ਕੰਢਾ ਹੋਣਾ ਚਾਹੀਦਾ ਹੈ।

ਅਜ ਕਲ ਸਾਡੇ ਪਹਿਲੀ ਅਤੇ ਦੂਜੀ ਸ਼੍ਰੇਣੀ ਦੇ ਬਚੇ ਨਵੇਕਲੀਆਂ, ਸੁਖਦਾਇਕ ਇਮਾਰਤਾਂ ਵਿਚ ਪੜ੍ਹਦੇ ਹਨ, ਜਿਹੜੀਆਂ ਹਰਿਆਲੀ ਨਾਲ ਘਿਰੀਆਂ ਹੋਈਆਂ ਹਨ। ਬਚਿਆਂ ਲਈ ਸਿਰਜੀ ਪ੍ਰਸਥਿਤੀ ਕੰਮ ਅਤੇ ਖੇਡਾਂ ਦੇ ਆਪੋ ਵਿਚ ਬਦਲਣ ਨੂੰ ਸਹਾਇਤਾ ਦੇਂਦੀ ਹੈ।

ਪਹਿਲੇ ਹਫ਼ਤਿਆਂ ਵਿਚ ਮੈਂ ਉਹਨਾਂ ਦੇ ਨਵੇਂ ਜੀਵਨ ਵਿਚ ਦਾਖ਼ਲ ਹੋਣ ਵਿਚ ਬਚਿਆਂ ਦੀ ਸਹਾਇਤਾ ਕੀਤੀ। ਪੜ੍ਹਾਈ **ਖ਼ੁਸ਼ੀ ਦੇ ਸਕੂਲ** ਨਾਲੋਂ ਬਹੁਤ ਘਟ ਵਖਰੀ ਸੀ ਅਤੇ ਮੈਂ ਇਹਨੂੰ ਅਜਿਹਾ ਬਣਾਉਣ ਦਾ ਜਤਨ ਕੀਤਾ। ਸਤੰਬਰ ਵਿਚ ਦਿਨ ਵਿਚ ਚਾਲ੍ਹੀ ਮਿੰਟ ਤੋਂ ਵਧ ਸ਼੍ਰੇਣੀ ਦੇ ਕਮਰੇ ਵਿਚ ਨਾ ਰਹੇ ਅਤੇ ਅਕਤੂਬਰ ਵਿਚ ਦੋ ਘੰਟੇ ਤੋਂ ਵਧ ਨਾ ਰਹੇ। ਇਹ ਸਮਾਂ ਲਿਖਣ ਅਤੇ ਹਿਸਾਬ ਦੇ ਪਾਠਾਂ ਲਈ ਵਖ ਰਖਿਆ ਗਿਆ। ਬਾਕੀ ਦੋ ਘੰਟੇ ਖੁਲ੍ਹੀ ਹਵਾ ਵਿਚ ਬਿਤਾਏ ਗਏ। ਬਚੇ ਉਤਸੁਕਤਾ ਨਾਲ **ਅਸਲੀ ਸਬਕਾਂ** ਦੀ ਉਡੀਕ ਕਰਦੇ, ਸ਼੍ਰੇਣੀ ਦੇ ਕਮਰੇ ਵਿਚ ਕੀਤੇ ਕੰਮ ਨੂੰ ਉਹਨਾਂ ਇਹ ਨਾਂ ਦਿਤਾ ਸੀ। ਮੈਂ ਇਸ ਇਛਾ ਉਤੇ ਖ਼ੁਸ਼ ਹੋਇਆ ਅਤੇ ਸੋਚਿਆ, "ਬਚਿਓ ਜੇ ਕਿਤੇ ਤੁਹਾਨੂੰ ਪਤਾ ਹੁੰਦਾ ਕਿ ਤੁਹਾਡੇ ਸਕੂਲ ਦੇ ਸਾਥੀ, ਹੁਸੜੇ ਕਮਰਿਆਂ ਵਿਚ ਥਕੇ, ਵਿਚਲੀ ਛੁਟੀ ਦੀ ਘੰਟੀ ਵਜਣ ਦੀ ਕਿਵੇਂ ਉਡੀਕ ਕਰਦੇ ਹਨ।..."

---

* ਸੋਵੀਅਤ ਯੂਨੀਅਨ ਵਿਚ ਹਰ ਸਬਕ ਤੋਂ ਪਿਛੋਂ, ਜਿਹੜਾ ੪੫ ਮਿੰਟ ਚਲਦਾ ਹੈ, ੧੫ ਮਿੰਟ ਦੀ ਛੁਟੀ ਹੁੰਦੀ ਹੈ। ਦੂਜੇ ਸਬਕ ਤੋਂ ਪਿਛੋਂ ਇਹ ੨੦ ਮਿੰਟ ਦੀ ਹੁੰਦੀ ਹੈ। — **ਅਨੁ:**

ਬਚਿਆਂ ਨੂੰ ਸ਼੍ਰੇਣੀ ਵਿਚ ਪੜ੍ਹਾਈ ਲਈ ਤਿਆਰ ਕਰਨ ਵਿਚ ਦਰਜੇਵਾਰਤਾ ਪੂਰੀ ਵਿਰਤਕ, ਸਦਾਚਾਰਕ, ਸਰੀਰਕ ਅਤੇ ਬੌਧਕ ਵਿਦਿਆ ਲਈ ਇਕ ਜ਼ਰੂਰੀ ਸ਼ਰਤ ਹੈ। ਅੰਤਮ ਨਿਸ਼ਾਨਾ ਬੰਦੇ ਨੂੰ ਵਖ ਵਖ ਪ੍ਰਸਥਿਤੀਆਂ ਅਧੀਨ ਕੰਮ ਕਰਨ ਲਈ ਤਿਆਰ ਕਰਨਾ ਹੈ। ਸ਼੍ਰੇਣੀ ਦੇ ਕਮਰੇ ਵਿਚ ਸਬਕ ਕੋਈ ਲੋੜੀਂਦੀ ਬੁਰਾਈ ਨਹੀਂ, ਜਿਸ ਸੰਬੰਧੀ ਬੰਦੇ ਨੂੰ ਚਾਹੇ ਜਾਂ ਅਣਚਾਹੇ ਰਜ਼ਾਮੰਦ ਹੋਣਾ ਪੈਂਦਾ ਹੈ। ਉਹ ਬੌਧਕ ਕਿਰਤ ਲਈ ਸਭ ਤੋਂ ਸੁਖਾਵੀਂ ਪ੍ਰਸਥਿਤੀ ਹੈ ਪਰ ਬੰਦੇ ਨੂੰ ਬਚੇ ਨੂੰ ਇਹਦੇ ਲਈ ਹੌਲੀ ਹੌਲੀ ਤਿਆਰ ਕਰਨਾ ਚਾਹੀਦਾ ਹੈ। ਅਤੇ ਇਹਦੇ ਵਿਚ ਹੀ ਨਿਕੇ ਸਕੂਲੀ ਬਚਿਆਂ ਲਈ ਵਿਸ਼ੇਸ਼ ਸਬਕ ਹੈ। ਜੇ ਤੁਸੀਂ ਉਹਨਾਂ ਨੂੰ ਮੁਢ ਤੋਂ ਹੀ ਚਾਰ ਘੰਟੇ ਸ਼੍ਰੇਣੀ ਦੇ ਕਮਰੇ ਵਿਚ ਕੰਮ ਕਰਨਾ ਲਾ ਦਿਓ ਤਾਂ ਉਹਨਾਂ ਦੀ ਸਿਹਤ ਉਤੇ ਇਸ ਕਾਰਨ ਬੁਰਾ ਪ੍ਰਭਾਵ ਪਵੇਗਾ ਜਿਹੜਾ ਹੋਰ ਤਰ੍ਹਾਂ ਪੜ੍ਹਾਈ ਲਈ ਸੁਖਾਵੀਂ ਪ੍ਰਸਥਿਤੀ ਬਣ ਜਾਣੀ ਸੀ।

ਸ਼੍ਰੇਣੀ ਵਿਚ ਅਸਾਂ ਆਪਣੇ ਅਖਰ-ਬੋਧ ਪੜ੍ਹੇ, ਗੋਲੇ, ਲਕੀਰਾਂ ਅਤੇ ਅਖਰ ਵਾਹੇ ਅਤੇ ਪ੍ਰਸ਼ਨ ਘੜੇ ਅਤੇ ਹਲ ਕੀਤੇ। ਇਹ ਸਭ ਕੁਝ ਉਹਨਾਂ ਨੂੰ ਅਕੇਵੇਂ ਨਾਲ ਥਕਾਏ ਬਿਨਾਂ ਹੌਲੀ ਹੌਲੀ ਬਚਿਆਂ ਦੇ ਬਹੁ-ਪਖੀ ਜੀਵਨ ਵਿਚ ਦਾਖਲ ਹੋ ਗਿਆ। ਸਾਨੂੰ ਅਖਰ-ਬੋਧ ਵਿਚੋਂ ਇਕੋ ਗਲ ਘੜੀ ਮੁੜੀ ਨਾ ਪੜ੍ਹਨੀ ਪਈ ਕਿਉਂਕਿ ਸਾਰੇ ਬਚੇ ਵਰਣਮਾਲਾ ਚੰਗੀ ਤਰ੍ਹਾਂ ਜਾਣਦੇ ਸਨ ਅਤੇ ਪੜ੍ਹਨ ਦਾ ਤਕਨੀਕ ਤਿਆਰ ਕਰਨ ਲਈ ਮੈਂ ਸਰਗਰਮੀ ਦੇ ਵਖ ਵਖ ਢੰਗਾਂ ਦਾ ਸਹਾਰਾ ਲਿਆ। ਬਚੇ ਪ੍ਰਕਿਰਤੀ ਸੰਬੰਧੀ ਨਿਕੇ ਨਿਕੇ ਲੇਖ ਘੜਦੇ ਅਤੇ ਲਿਖਦੇ ਅਤੇ ਇਹ ਇਕੋ ਪਾਠ ਘੜੀ ਮੁੜੀ ਪੜ੍ਹਣ ਨਾਲੋਂ ਉਹਨਾਂ ਦੀ ਪੜ੍ਹਣ ਦੀ ਯੋਗਤਾ ਦੇ ਵਿਕਾਸ ਲਈ ਕਿਧਰੇ ਵਧ ਸਹਾਈ ਸੀ।

ਮੈਂ ਇਹ ਗਲ ਨਿਸ਼ਚਿਤ ਬਣਾਈ ਕਿ ਹਰ ਬਚਾ ਲੋੜੀਂਦੀਆਂ ਪੜ੍ਹਣ ਦੀਆਂ ਯੋਗਤਾਵਾਂ ਵਿਕਸਤ ਕਰੇ। ਮਸ਼ਕਾਂ ਜਾਂ ਮਿਥੀਆਂ ਪਧਰਾਂ ਤੋਂ ਬਿਨਾਂ ਤੁਸੀਂ ਪੜ੍ਹਣਾ ਸਿਖਾਉਣ ਵਿਚ ਕੋਈ ਸਿਟੇ ਪ੍ਰਾਪਤ ਨਹੀਂ ਕਰ ਸਕਦੇ: ਇਹ ਲਾਜ਼ਮੀ ਹੈ ਕਿ ਵਿਦਿਆਰਥੀ ਮਾਤਰਾਵਾਂ ਅਤੇ ਸ਼ਬਦ ਪੜ੍ਹਣ ਯੋਗ ਹੋਣ। ਪੜ੍ਹਣਾ ਸੰਸਾਰ ਵਲ ਇਕ ਬਾਰੀ ਹੈ ਅਤੇ ਪੜ੍ਹਾਈ ਰਵਾਨੀ ਅਤੇ ਤੇਜ਼ੀ ਨਾਲ ਕੀਤੀ ਜਾਵੇ। ਤਾਂ ਹੀ ਸੰਦ ਅਮਲ ਲਈ ਤਿਆਰ ਹੁੰਦਾ ਹੈ। ਮੈਂ ਬਚਿਆਂ ਨੂੰ ਵਖ ਵਖ ਸਰਗਰਮੀਆਂ — ਪ੍ਰਗਟਾਉ ਪੜ੍ਹਣ, ਲਿਖਣ ਅਤੇ ਮੂਰਤਾਂ ਵਾਹੁਣ — ਵਿਚ ਸ਼ਾਮਲ ਕਰਨ ਦਾ, ਪੜ੍ਹਣ ਦੀ ਇਕ ਅਰਧ-ਸਵੈਕਾਰ ਅਮਲ ਵਿਚ ਤਬਦੀਲੀ ਕਰਨ ਦਾ ਜਤਨ ਕੀਤਾ ਤਾਂ ਜੁ ਦੂਜੀ ਸ਼੍ਰੇਣੀ ਤਕ ਉਹ ਬਹੁ-ਮਾਤਰਕ ਸ਼ਬਦਾਂ ਨੂੰ ਇਕਹਿਰੀ ਇਕਾਈਆਂ ਵਜੋਂ ਸਮਝਣ ਲਗ ਪੈਣਾ ਅਤੇ ਪ੍ਰਕਿਰਤੀ ਸੰਬੰਧੀ ਨਿਕੀਆਂ ਕਹਾਣੀਆਂ ਘੜਣ ਦਾ ਸਹਾਰਾ ਲਿਆ। ਜੇ ਮੈਂ ਬਚਿਆਂ ਵਿਚ ਅਜਿਹੇ ਕੰਮ ਲਈ ਜਿਊਂਦੀ ਰੋਚਕਤਾ ਜਗਾਉਣ ਦਾ ਜਤਨ ਕੀਤਾ ਤਾਂ ਬੁਨਿਆਦੀ ਤੌਰ ਉਤੇ ਇਕ ਨਿਸ਼ਾਨੇ ਉਤੇ ਅਪੜਣ — ਬਚਿਆਂ ਨੂੰ ਚੰਗੀ ਤਰ੍ਹਾਂ ਪੜ੍ਹਣਾ ਸਿਖਾਉਣ — ਲਈ ਲੋੜੀਂਦਾ ਇਕ ਵਿਦਿਅਕ ਢੰਗ ਸੀ।

ਸਬਕਾਂ ਸਮੇਂ ਕੰਮ ਦੇ ਵਖ ਵਖ ਰੂਪ ਅਜਿਹਾ ਇਕ ਢੰਗ ਗਿਣੇ ਜਾ ਸਕਦੇ ਹਨ। ਅਨੁਭਵ ਤੋਂ ਪਤਾ ਲਗਦਾ ਹੈ ਕਿ ਸ੍ਰੇਣੀ ਦੇ ਕਮਰੇ ਵਿਚ ਬਿਤਾਏ ਪਹਿਲੇ ਘੰਟੇ ਕੇਵਲ ਪੜ੍ਹਣ, ਲਿਖਣ ਅਤੇ ਹਿਸਾਬ ਦੇ ਸਬਕਾਂ ਵਿਚ ਹੀ ਨਹੀਂ ਬੀਤਣੇ ਚਾਹੀਦੇ। ਇਕਸਾਰਤਾ ਵਿਦਿਆਰਥੀਆਂ ਨੂੰ ਛੇਤੀ ਥਕਾ ਦੇਂਦੀ ਹੈ। ਜਿਉਂ ਹੀ ਬਚੇ ਥਕਣ ਲਗਦੇ ਮੈਂ ਕੰਮ ਦੇ ਕਿਸੇ ਨਵੇਂ ਰੂਪ ਵਲ ਚਲਾ ਜਾਂਦਾ। ਮੂਰਤਾਂ ਵਾਹੁਣਾ ਵੰਨ-ਸੁਵੰਨਤਾ ਦਾ ਇਕ ਬਲਵਾਨ ਸੰਦ ਸੀ। ਜਦੋਂ ਮੈਂ ਵੇਖਦਾ ਕਿ ਬਚੇ ਪੜ੍ਹਦੇ ਪੜ੍ਹਦੇ ਥਕਣ ਲਗੇ ਹਨ, ਮੈਂ ਕਹਿੰਦਾ, "ਬਚਿਓ, ਆਪਣੀਆਂ ਡਰਾਇੰਗ ਦੀਆਂ ਕਾਪੀਆਂ ਖੋਹਲੋ ਅਤੇ ਅਸੀਂ ਜਿਹੜੀ ਕਹਾਣੀ ਪੜ੍ਹ ਰਹੇ ਹਾਂ ਉਸ ਸੰਬੰਧੀ ਇਕ ਮੂਰਤ ਵਾਹੋ।" ਬਚਿਆਂ ਦੀਆਂ ਅਖਾਂ ਵਿਚੋਂ ਥਕਾਵਟ ਦੇ ਪਹਿਲੇ ਚਿੰਨ੍ਹ ਦੂਰ ਹੋ ਜਾਂਦੇ ਅਤੇ ਖ਼ੁਸ਼ੀ ਦੀਆਂ ਚੰਗਿਆੜੀਆਂ ਉਹਦੀ ਥਾਂ ਲੈ ਲੈਂਦੀਆਂ। ਅਕਾਊ ਸਰਗਰਮੀ ਦੀ ਰਚਨਾਤਮਕਤਾ ਵਿਚ ਕਾਇਆ-ਪਲਟ ਹੋ ਜਾਂਦੀ।... ਮੈਂ ਹਿਸਾਬ ਸੰਬੰਧੀ ਸਬਕਾਂ ਸਮੇਂ ਵੀ ਅਜਿਹਾ ਹੀ ਕਰਦਾ। ਜੇ ਮੈਂ ਵੇਖਦਾ ਕਿ ਮੈਂ ਉਹਨਾਂ ਨੂੰ ਜਿਹੜਾ ਪ੍ਰਸ਼ਨ ਦਿਤਾ ਹੈ ਉਹਦੀਆਂ ਸ਼ਰਤਾਂ ਸੁਤੰਤਰ ਕੰਮ ਲਈ ਸਮਝਣ ਲਈ ਔਖੀਆਂ ਸਨ, ਤਾਂ ਡਰਾਇੰਗ ਦੀ ਰਚਨਾਤਮਕਤਾ ਨੂੰ ਸਹਾਇਤਾ ਲਈ ਬੁਲਾਇਆ ਜਾਂਦਾ। ਉਹ ਸ਼ਰਤਾਂ ਜਿਹੜੀਆਂ ਉਸ ਸਮੇਂ ਤਕ ਉਕਾ ਹੀ ਸਮਝੋਂ ਬਾਹਰੀਆਂ ਜਾਪਦੀਆਂ ਸਨ, ਸਪਸ਼ਟ ਹੋ ਜਾਂਦੀਆਂ।... ਲੰਮੇ ਸਮੇਂ ਤਕ ਸੁਣਨਾ ਵੀ ਬਚਿਆਂ ਨੂੰ ਥਕਾ ਦੇਂਦਾ ਹੈ। ਜੇ ਮੈਂ ਵੇਖਦਾ ਕਿ ਬਚਿਆਂ ਦੀਆਂ ਅਖਾਂ ਖੁੰਦੀਆਂ ਹੁੰਦੀਆਂ ਜਾ ਰਹੀਆਂ ਹਨ ਤਾਂ ਮੈਂ ਕਹਾਣੀ ਨੂੰ ਵਿਚੇ ਰੋਕ ਕੇ "ਗਲ ਮੁਕਾਉਂਦਾ" ਅਤੇ ਅਸੀਂ ਚਿਤਰ ਵਾਹੁਣ ਲਗ ਪੈਂਦੇ।

ਸਕੂਲੀ ਵਰ੍ਹਾ ਸ਼ੁਰੂ ਹੋਣ ਤੋਂ ਤਿੰਨ ਹਫ਼ਤੇ ਪਿਛੋਂ ਮੇਰੇ ਵਿਦਿਆਰਥੀਆਂ ਨੇ ਪ੍ਰਕਿਰਤੀ ਸੰਬੰਧੀ ਮੂਰਤਾਂ ਦੀ ਕਿਤਾਬ ਤਿਆਰ ਕਰਨੀ ਸ਼ੁਰੂ ਕੀਤੀ। ਵਡੀਆਂ ਸ੍ਰੇਣੀਆਂ ਦੇ ਵਿਦਿਆਰਥੀਆਂ ਨੇ ਹਰ ਬਚੇ ਲਈ ਪਕੀ ਜਿਲਦ ਵਾਲੀ ਇਕ ਕਾਪੀ ਤਿਆਰ ਕੀਤੀ ਜਿਸ ਵਿਚ ਮੋਟੇ ਕਾਗ਼ਜ਼ ਦੇ ਵੀਹ ਤਾਅ ਸਨ ਅਤੇ ਜਿਲਦ ਨਾਲ ਪੈਂਸਲ ਬੰਨ੍ਹ ਦਿਤੀ। ਹਫ਼ਤੇ ਵਿਚ ਇਕ ਵਾਰ ਅਸੀਂ ਚਿੰਤਨ ਅਤੇ ਬੋਲੀ ਦੇ ਸੋਮਿਆਂ ਤਕ ਜਾਂਦੇ ਅਤੇ ਇਕ ਚਿਤਰ ਬਣਾਉਂਦੇ—ਆਲੇ ਦੁਆਲੇ ਦੇ ਸੰਸਾਰ ਸੰਬੰਧੀ ਕਹਾਣੀ। ਸਾਡਾ ਪਹਿਲਾ "ਸਫ਼ਰ" ਫਲਾਂ ਦੇ ਬਾਗ਼ ਵਲ ਸੀ, ਜਿਥੇ ਸਿਉ, ਜਿਹੜਾ ਦੇਰ ਨਾਲ ਪਕਣ ਵਾਲਾ ਫਲ ਹੈ, ਉਗੇ ਹੋਏ ਸਨ। ਬਚਿਆਂ ਨੇ ਕਹਾਣੀਆਂ ਘੜੀਆਂ ਜਿਹੜੀਆਂ ਉਹਨਾਂ ਦੇ ਅਨੁਭਵ ਅਤੇ ਵਿਚਾਰਾਂ ਦੇ ਵਿਅਕਤੀਗਤ ਸੰਸਾਰਾਂ ਨੂੰ ਪ੍ਰਤਿਬਿੰਬਤ ਕਰਦੀਆਂ।

"ਸਿਉ ਧਰਤੀ ਵਲ ਝੁਕ ਰਹੇ ਹਨ," "ਸਿਉ ਧੁਪ ਸੇਕ ਰਹੇ ਹਨ", "ਹਰੇ ਪਤਿਆਂ ਵਿਚ ਲਾਲ ਸਿਉ", "ਸੂਰਜ ਸਿਉ ਨੂੰ ਪਲੋਸਦਾ ਹੈ ਅਤੇ ਹਵਾ ਉਹਨੂੰ ਖੁਲਾਉਂਦੀ ਹੈ", "ਬਸੰਤ ਵਿਚ ਚਿਟੇ ਫੁਲ ਅਤੇ ਪਤ-ਝੜ ਵਿਚ ਸੁਨਹਿਰੀ

ਸਿਉ", "ਅਸੀਂ ਸਿਉਆਂ ਨੂੰ ਮਿਲਣ ਗਏ", ਬਚਿਆਂ ਨੇ ਆਪਣੀਆਂ ਚਿਤਰ-ਪੁਸਤਕਾਂ ਵਿਚ ਪ੍ਰਕਿਰਤੀ ਸੰਬੰਧੀ ਲਿਖਿਆ। ਬਚਿਆਂ ਨੇ ਆਪਣੇ ਲਘੂ-ਲੇਖ ਸ੍ਰੇਣੀ ਵਿਚ ਪੜ੍ਹੇ ਜਿਸ ਉਤੇ ਉਹਨਾਂ ਨੂੰ ਬਹੁਤ ਖ਼ੁਸ਼ੀ ਹੋਈ। ਬਾਗ਼ ਵਿਚ ਪੜ੍ਹਣਾ ਆਪਣੇ ਆਪ ਵਿਚ ਮੰਤਵ ਨਹੀਂ ਸੀ। ਲਘੂ-ਲੇਖ ਲਿਖਣਾ ਬਚਿਆਂ ਨੂੰ ਭਵਿਖ ਵਿਚ ਸਿਰੜੀ, ਗੰਭੀਰ ਬੌਧਕ ਕਿਰਤ ਲਈ ਤਿਆਰ ਕਰਨ ਦਾ ਬਹੁਤ ਹੀ ਸੁਹਣਾ ਸਾਧਨ ਸੀ। ਪਹਿਲੀ ਸ੍ਰੇਣੀ, ਅਤੇ ਖ਼ਾਸ ਤੌਰ ਉਤੇ ਦੂਜੀ ਸ੍ਰੇਣੀ, ਵਿਚ ਮੈਂ ਇਸ ਗਲ ਦਾ ਧਿਆਨ ਰਖਣ ਦਾ ਜਤਨ ਕੀਤਾ ਕਿ ਹਰ ਵਿਦਿਆਰਥੀ ਨੂੰ ਵਖਰਾ ਵਿਅਕਤੀਗਤ ਕਾਰਜ ਮਿਲੇ ਅਤੇ ਉਹ ਇਹਨੂੰ ਅੰਤ ਤਕ ਪੂਰਾ ਕਰੇ। ਇਹ ਬੌਧਕ ਕਿਰਤ ਵਿਚ ਡਸਿਪਲਿਨ ਸਿਖਾਉਣ ਲਈ ਬਹੁਤ ਮਹਤਤਾ ਰਖਦਾ ਸੀ।

ਪੜ੍ਹਾਈ ਦੇ ਪਹਿਲੇ ਵਰ੍ਹੇ ਸਾਰੀਆਂ ਚਿਤਰ-ਪੁਸਤਕਾਂ ਡਰਾਇੰਗ-ਲੇਖਾਂ ਨਾਲ ਭਰੀਆਂ ਗਈਆਂ। ਬਚਿਆਂ ਨੇ ਸਨੇਬਾਲ ਬੇਰਾਂ ਦੇ ਲਾਲ ਗੁਛਿਆਂ ਸੰਬੰਧੀ ਲਿਖਿਆ, ਵਾਢੀ ਸੰਬੰਧੀ, ਸੁਤੀ ਹੋਈ ਝੀਲ ਸੰਬੰਧੀ (ਉਹਨਾਂ ਕਿਹਾ ਕਿ ਝੀਲ ਸੁਤੀ ਹੋਈ ਸੀ, ਸ਼ਾਇਦ ਇਸ ਲਈ ਕਿ ਜਦੋਂ ਕਦੀ ਅਸੀਂ ਉਥੇ ਜਾਂਦੇ ਪਾਣੀ ਸ਼ੀਸ਼ੇ ਵਾਂਗ ਸਾਫ਼ ਅਤੇ ਸ਼ਾਂਤ ਹੁੰਦਾ), ਬਚਿਆਂ ਦੇ ਬਾਗ਼ ਵਿਚ ਕੰਮ ਕਰਨ ਸੰਬੰਧੀ, ਪਹੁ-ਫੁਟਾਲੇ ਸਮੇਂ ਕਿਰਮਚੀ ਆਕਾਸ਼ ਸੰਬੰਧੀ, ਪਤ-ਝੜ ਦੇ ਪਹਿਲੇ ਕਕਰਾਂ ਸੰਬੰਧੀ, ਪਤ-ਝੜ ਦੇ ਮੀਂਹ ਅਤੇ ਬਦਲਾਂ ਵਾਲੇ ਦਿਨਾਂ ਸੰਬੰਧੀ, ਮਹਾਨ ਅਕਤੂਬਰ ਸੋਸ਼ਲਿਸ਼ਟ ਇਨਕਲਾਬ ਦੀ ਵਰ੍ਹੇ-ਗੰਢ ਦੇ ਜਸ਼ਨਾਂ ਸੰਬੰਧੀ, ਸਾਡੇ ਪਿੰਡ ਦੇ ਜੀਵਨ ਸੰਬੰਧੀ, ਪਹਿਲੀ ਵਾਰ ਬਰਫ਼ ਪੈਣ ਸੰਬੰਧੀ, ਜਨਵਰੀ ਦੇ ਬਰਫ਼ ਦੇ ਤੂਫ਼ਾਨਾਂ ਸੰਬੰਧੀ, ਕਕਰ ਦਾਦੇ ਸੰਬੰਧੀ, ਜਿਹੜਾ ਪਰੀ-ਕਹਾਣੀਆਂ ਵਿਚ ਦਰਿਆਵਾਂ ਅਤੇ ਝੀਲਾਂ ਨੂੰ ਜੰਦਰੇ ਮਾਰ ਦੇਂਦਾ ਹੈ, ਫ਼ਰਵਰੀ ਵਿਚ ਬਰਫ਼ ਪਿਘਲਣ ਸੰਬੰਧੀ, ਬਰਫ਼ ਉਤੇ ਮਾਰਚ ਦੇ ਨੀਲੇ ਪਰਛਾਵਿਆਂ ਸੰਬੰਧੀ, ਕਰਾਕਸ ਦੇ ਪਹਿਲੇ ਫੁਲਾਂ ਸੰਬੰਧੀ, ਉਹਨਾਂ ਤਿਲੀਅਰਾਂ ਸੰਬੰਧੀ ਜਿਹੜੇ ਗਰਮ ਇਲਾਕਿਆਂ ਤੋਂ ਬਹੁਤ ਅੱਗੇਤੇ ਮੁੜ ਆਏ ਅਤੇ ਮਾਰਚ ਦੇ ਬਰਫ਼ ਦੇ ਤੂਫ਼ਾਨਾਂ ਵਿਚ ਅਚਿੰਤੇ ਫਸ ਗਏ, ਮੌਸਮੀ ਪੰਛੀਆਂ ਦੇ ਬਸੰਤ ਰੁਤ ਦੀਆਂ ਖ਼ੁਸ਼ ਡਾਰਾਂ ਸੰਬੰਧੀ (**"ਬਸੰਤ ਰੁਤ ਦੀਆਂ ਖ਼ੁਸ਼ ਡਾਰਾਂ"** ਬਚਿਆਂ ਦੇ ਆਪਣੇ ਸ਼ਬਦ ਸਨ) ਅਤੇ ਪਤ-ਝੜ ਦੇ ਅਖ਼ੀਰੀ ਦਿਨਾਂ ਵਿਚ ਗੁਲ-ਬਹਾਰ ਨੂੰ ਵਿਦਿਆ ਕਰਦੀਆਂ ਉਡਦੀਆਂ ਮਖਿਆਰੀਆਂ ਸੰਬੰਧੀ।

ਪ੍ਰਕਿਰਤੀ ਸੰਬੰਧੀ ਚਿਤਰ-ਪੁਸਤਕਾਂ ਸਾਡੇ ਸਮੂਹ ਲਈ ਅਭਰਿਠ ਕਾਵਿਕ ਅਖਰ-ਬੋਧ ਬਣ ਗਈਆਂ ਜਿਨ੍ਹਾਂ ਵਿਚ ਸਾਡੇ ਪ੍ਰਕਿਰਤਕ ਆਲੇ ਦੁਆਲੇ ਦੇ ਰੰਗਾਂ, ਧਰਤੀ ਅਤੇ ਆਕਾਸ਼ ਦੇ ਸੰਗੀਤ, ਸ਼ਬਦਾਂ ਦੀ ਖ਼ੁਸ਼ਬੋ ਦਾ ਪ੍ਰਤਿਬਿੰਬ ਦਿਸਦਾ ਸੀ। ਉਹ ਬਚਿਆਂ ਲਈ ਅਜਿਹੀ ਖ਼ੁਸ਼ੀ ਸਨ, ਜਿਸਤੋਂ ਬਿਨਾਂ ਪੜ੍ਹਣ ਨੂੰ ਉਹਨਾਂ ਦੇ ਅੰਦਰਲੇ ਜੀਵਨ ਵਿਚ ਥਾਂ ਨਾ ਮਿਲ ਸਕਦੀ।

ਜੇ ਅਸੀਂ ਬਚਿਆਂ ਵਲੋਂ ਸ੍ਰੇਣੀ ਵਿਚ ਬਿਤਾਏ ਸਮੇਂ ਨੂੰ ਸਬਕਾਂ ਵਿਚ ਵੰਡੀਏ

ਤਾਂ ਸਕੂਲ ਦੇ ਪਹਿਲੇ ਦੋ ਮਹੀਨਿਆਂ ਵਿਚ ਅਸਾਂ ਦਿਨ ਵਿਚ ਇਕ ਸਬਕ ਪੜ੍ਹਿਆ; ਤੀਜੇ ਅਤੇ ਚੌਥੇ ਮਹੀਨੇ ਦੋ ਸਬਕ; ਪੰਜਵੇਂ ਅਤੇ ਛੇਵੇਂ ਵਿਚ ਢਾਈ; ਸਤਵੇਂ ਅਤੇ ਅਠਵੇਂ ਵਿਚ ਤਿੰਨ ਸਬਕ। ਪਹਿਲੇ ਦੋ ਮਹੀਨੇ ਸਬਕ ਅਧੇ ਘੰਟੇ ਦਾ ਅਤੇ ਉਸ ਤੋਂ ਪਿਛੋ ਪੰਜਤਾਲੀ ਮਿੰਟ ਦਾ। ਜੇ ਕਿਸੇ ਬਚੇ ਨੇ ਵਿਚਕਾਰਲੀ ਛੁਟੀ ਤੋਂ ਪਹਿਲਾਂ ਬਾਹਰ ਜਾਣਾ ਹੁੰਦਾ ਤਾਂ ਉਹ ਆਗਿਆ ਲੈਕੇ ਅਜਿਹਾ ਕਰ ਸਕਦਾ। ਜੇ ਅਧਿਆਪਕ ਦੀ ਗਲ ਟੋਕਣਾ ਅਸੰਭਵ ਹੁੰਦਾ ਤਾਂ ਵਿਦਿਆਰਥੀ ਬਸ ਖੜਾ ਹੋ ਜਾਂਦਾ ਅਤੇ ਅਧਿਆਪਕ ਵੇਖਦਾ ਕਿ ਬਚੇ ਨੇ ਬਾਹਰ ਜਾਣਾ ਹੈ ਅਤੇ ਚੁਪ ਚਾਪ ਆਗਿਆ ਦੇ ਦੇਂਦਾ। ਪਰ ਜਿਥੇ ਕਈ ਬਚਿਆਂ ਨੂੰ ਉਸ ਨਿਤ-ਕ੍ਰਮ ਦੇ ਆਦੀ ਹੋਣ ਵਿਚ ਔਖ ਹੋਈ ਉਥੇ ਬਹੁਤ ਵਡੀ ਬਹੁ-ਗਿਣਤੀ ਇਹਦੀ ਔਖ ਤੋ ਬਿਨਾਂ ਆਦੀ ਹੋ ਗਈ। ਤੋਲੀਅ , ਕਾਤੀਆ, ਕੋਸਤੀਆ ਅਤੇ ਸ਼ੂਰਾ ਛੇਤੀ ਥਕ ਜਾਂਦੇ। ਸਬਕਾਂ ਸਮੇਂ ਨਿਚਲਾ ਬਹਿਣ ਦੇ ਜਤਨ ਕਿਸੇ ਹੋਰ ਗਲ ਨਾਲੋਂ ਉਹਨਾਂ ਉਤੇ ਵਧੇਰੇ ਬੋਝ ਪਾਉਂਦੇ ਕਿਉਂਕਿ ਉਹ ਅਨੁਭਵ ਕਰਦੇ ਕਿ ਮਿਥੇ ਨਿਤ-ਕ੍ਰਮ ਕਾਰਨ ਉਹਨਾਂ ਦੀ ਸਰਗਰਮੀ ਦੀ ਆਜ਼ਾਦੀ ਉਤੇ ਚੋਖੀ ਰੋਕ ਲਗ ਜਾਂਦੀ। ਪਰ, ਨਿਸ਼ਚੇ ਹੀ, ਮੈਂ ਉਹਨਾਂ ਦੀ ਹਰ ਇਛਾ ਪੂਰੀ ਨਹੀਂ ਸਾਂ ਕਰ ਸਕਦਾ। ਸਾਰਿਆਂ ਵਿਦਿਆਥੀਆਂ ਨੂੰ ਆਪਣੇ ਡੈਸਕਾਂ ਉਤੇ ਬਹਿ ਕੇ ਗੰਭੀਰਤਾ ਨਾਲ ਕੰਮ ਕਰਨ ਦਾ ਆਦੀ ਹੋਣਾ ਪੈਣਾ ਸੀ, ਪਰ ਮੈਂ ਉਹਨਾਂ ਦੀਆਂ ਇਛਾਵਾਂ ਅਤੇ ਆਦਤਾਂ ਨੂੰ ਬਹੁਤ ਸਖਤੀ ਨਾਲ ਤੋੜ ਵੀ ਨਹੀਂ ਸਾਂ ਸਕਦਾ। ਮੈਂ ਕਈ ਹਫਤੇ ਬਚਿਆਂ ਨੂੰ ਸਬਕਾਂ ਸਮੇਂ ਬਾਹਰ ਜਾਣ ਦੇਂਦਾ ਰਿਹਾ, ਹੌਲੀ ਹੌਲੀ ਉਹਨਾਂ ਨੂੰ ਆਪਣੇ ਡੈਸਕਾਂ ਉਤੇ ਕੰਮ ਕਰਨ ਦਾ ਆਦੀ ਬਣਾਇਆ। ਸਕੂਲੀ ਵਰ੍ਹਾ ਸ਼ੁਰੂ ਹੋਣ ਤੋਂ ਤਿੰਨ ਜਾਂ ਚਾਰ ਮਹੀਨੇ ਪਿਛੋ ਸਾਰੇ ਬਚੇ ਸਕੂਲ ਦੇ ਕੰਮ ਦਾ ਨਿਤ-ਕ੍ਰਮ ਪੂਰਾ ਕਰ ਸਕਦੇ ਸਨ।

ਪਤ-ਝੜ ਦੇ ਧੁਪਿਆਲੇ ਦਿਨੀਂ ਅਸੀਂ "ਹਰੇ ਸ਼੍ਰੇਣੀ-ਕਮਰਿਆਂ" ਵਿਚੋਂ ਇਕ ਵਿਚ ਪੜ੍ਹਦੇ, ਸਿਉਆਂ ਦੇ ਉਚੇ ਰੁਖਾਂ ਵਿਚਕਾਰ ਉਗੇ ਹਰੇ ਘਾਹ ਉਤੇ। ਕਈ ਵਰ੍ਹੇ ਹੋਏ ਵਡੇਰੀਆਂ ਸ਼੍ਰੇਣੀਆਂ ਦੇ ਬਚਿਆਂ ਨੇ ਮੈਨੂੰ ਭਵਿਖ ਦੇ "ਹਰੇ ਸ਼੍ਰੇਣੀ-ਕਮਰੇ" ਲਈ ਤਾਰਾਂ ਅਤੇ ਲੋਹੇ ਦੇ ਡੰਡਿਆਂ ਦੇ ਕਾਲਬ ਬਣਾਉਣ ਵਿਚ ਸਹਾਇਤਾ ਦਿਤੀ ਸੀ। ਫਿਰ ਅਸਾਂ ਸਾਰੇ ਪਾਸੇ ਵੇਲਾਂ ਲਾਈਆਂ—ਜੰਗਲੀ ਅੰਗੂਰ ਅਤੇ ਹਾਪਸ। ਦੋ ਵਰ੍ਹਿਆਂ ਵਿਚ "ਹਰੇ ਸ਼੍ਰੇਣੀ-ਕਮਰੇ" ਤਿਆਰ ਹੋ ਗਏ ਸਨ—ਬੂਟਿਆਂ ਨੇ ਛਤ ਨੂੰ ਵੀ ਕਜ ਦਿਤਾ ਸੀ। ਕਈ ਨਿਕੀਆਂ "ਬਾਰੀਆਂ" ਸਾਧਾਰਨ ਲੋਅ ਪ੍ਰਯਾਪਤ ਕਰਦੀਆਂ। ਗਰਮ ਦਿਨਾਂ ਨੂੰ ਉਥੇ ਠੰਢੀਰ ਹੁੰਦੀ ਸੀ ਅਤੇ ਪਤ-ਝੜ ਵਿਚ ਨਿਘ ਅਤੇ ਸੁਖ ਹੁੰਦਾ। "ਹਰੇ ਸ਼੍ਰੇਣੀ-ਕਮਰੇ" ਵਿਚ ਸਦਾ ਚੁਪ ਰਹਿੰਦੀ। "ਬਾਰੀਆਂ" ਅੰਗੂਰ ਅਤੇ ਹਾਪਸ ਦੀਆਂ ਵੇਲਾਂ ਨਾਲ ਬੰਦ ਕੀਤੀਆਂ ਜਾ ਸਕਦੀਆਂ ਸਨ ਅਤੇ ਫਿਰ ਪਲਾਤਾ ਹਨੇਰਾ ਹੋ ਜਾਂਦਾ, ਜਿਸ ਵਿਚ ਵੇਲਾਂ ਵਿਚਲੀਆਂ ਮੋਰੀਆਂ ਵਿਚੋਂ ਸੂਰਜ ਦੀਆਂ ਕਿਰਨਾਂ ਛਣਦੀਆਂ ਹੋਈਆਂ ਆਉਂਦੀਆਂ ਅਤੇ ਲੋਅ ਅਤੇ ਪਰਛਾਵੇਂ

ਦੀ ਤਰੰਗੀ ਖੇਡ ਖੇਡੀਆਂ। ਬਚੇ ਇਹਨੂੰ "ਪਰੀ-ਕਹਾਣੀਆਂ ਲਈ ਬਾਰੀਆਂ ਬੰਦ ਕਰਨਾ" ਕਹਿੰਦੇ। ਪੜ੍ਹਣ, ਲਿਖਣ ਅਤੇ ਪ੍ਰਸ਼ਨ ਹਲ ਕਰਨ ਲਈ "ਹਰੇ ਸ਼੍ਰੇਣੀ-ਕਮਰੇ" ਵਿਚ ਨਿਕੇ ਮੇਜ਼ ਅਤੇ ਸਟੂਲ ਸਨ।

ਦੂਜਾ "ਹਰਾ ਸ਼੍ਰੇਣੀ-ਕਮਰਾ" ਘਾਹ ਦਾ ਇਕ ਤਖਤਾ ਸੀ ਜਿਹੜਾ ਤਿੰਨਾਂ ਪਾਸਿਆਂ ਤੋਂ ਕਕਰ ਦਾ ਮੁਕਾਬਲਾ ਕਰਨ ਵਾਲੀ ਕਿਸਮ ਦੀ ਅੰਗੂਰ ਦੀ ਵੇਲ ਨੇ ਢਕਿਆ ਹੋਇਆ ਸੀ। ਜਦੋਂ ਬਹੁਤ ਗਰਮੀ ਹੁੰਦੀ — ਅਤੇ ਦੇਸ ਦੇ ਸਾਡੇ ਹਿਸੇ ਵਿਚ ਪਤ-ਝੜ ਅਤੇ ਬਸੰਤ ਦੇ ਦਿਨੀਂ ਗਰਮ ਦਿਨ ਕੋਈ ਅਣੋਖ ਨਹੀਂ ਸਨ — ਤਾਂ ਉਥੇ ਠੰਢੀਰ ਹੁੰਦੀ।

ਦਰੁਗ ਦੇ ਨਾਲ ਲਗਦੀ ਇਕ ਦੁਰਾਡੀ ਝੰਗੀ ਵਿਚ ਸਾਡਾ ਇਕ ਹੋਰ "ਹਰਾ ਸ਼੍ਰੇਣੀ-ਕਮਰਾ" ਵੀ ਸੀ। ਜਦੋਂ ਅਸਾਂ ਕਿਸੇ ਗਲ ਲਈ ਸਕੂਲ ਦੀ ਇਮਾਰਤ ਵਿਚ ਵਾਪਸ ਨਾ ਜਾਣਾ ਹੁੰਦਾ ਤਾਂ ਅਸੀਂ ਅਖ਼ੀਰੀ ਸਬਕ ਲਈ ਕਦੀ ਕਦੀ ਉਥੇ ਚਲੇ ਜਾਂਦੇ। ਸਾਲ ਵਿਚ ਸਾਡੇ ਸਬਕਾਂ ਦੇ ਸੌ ਵਿਚੋਂ ਲਗ ਭਗ ੪੦ "ਹਰੇ ਸ਼੍ਰੇਣੀ-ਕਮਰਿਆਂ" ਵਿਚ ਹੁੰਦੇ ਅਤੇ ਬਾਕੀ ੬੦ ਵਿਚੋਂ ਚੋਖੀ ਗਿਣਤੀ "ਹਰੀ ਪ੍ਰਯੋਗਸ਼ਾਲਾ" ਜਾਂ ਸਕੂਲ ਦੇ ਗਰਮ-ਖ਼ਾਨਿਆਂ ਵਿਚ ਹੁੰਦੇ। "ਹਰੀ ਪ੍ਰਯੋਗਸ਼ਾਲਾ" ਇਕ ਵਖਰੀ ਇਮਾਰਤ ਸੀ ਜਿਸਦੇ ਦੁਆਲੇ ਰੁਖ ਅਤੇ ਅੰਗੂਰ ਦੀਆਂ ਵੇਲਾਂ ਸਨ। ਇਹ ਬੂਟਿਆਂ ਅਤੇ ਫੁਲਾਂ ਨਾਲ ਭਰਿਆ ਇਕ ਅਧਿਅਨ ਕਮਰਾ ਸੀ।

ਇਹ ਤਥ ਕਿ ਸਾਡੇ ਸਬਕਾਂ ਦਾ ਚੋਖਾ ਹਿਸਾ ਪ੍ਰਕਿਰਤੀ ਵਿਚ, ਸਜਰੀ ਪੌਣ ਵਿਚ, ਨੀਲੇ ਆਕਾਸ਼ ਹੇਠ ਬੀਤਦਾ, ਪੜ੍ਹਾਏ ਜਾਂਦੇ ਬਚਿਆਂ ਲਈ ਅਸਾਧਾਰਨ ਅਰਥ ਸਨ। ਪੜ੍ਹਾਈ ਦੇ ਬਾਕੀ ਸਮੇਂ ਵਿਚ ਉਹ ਖ਼ੁਸ਼ ਰਹਿੰਦੇ ਅਤੇ ਕਦੀ ਸਿਰ ਪੀੜ ਲੈਕੇ ਘਰ ਨਾ ਮੁੜਦੇ।

ਸਬਕ ਖ਼ਤਮ ਹੋਣ ਪਿਛੋਂ ਬਚੇ ਘਰ ਜਾਕੇ ਆਰਾਮ ਕਰਦੇ। ਇਹ ਧਿਆਨ ਰਖਣ ਲਈ ਕਿੰਨੇ ਕਦਮ ਕਿਉਂ ਨਾ ਚੁਕੇ ਜਾਣ ਕਿ ਬਚਿਆਂ ਨੂੰ ਸਕੂਲ ਵਿਚ ਬਹੁਤ ਕੰਮ ਨਾ ਕਰਨਾ ਪਵੇ, ਉਹ ਥਕ ਜਾਂਦੇ ਅਤੇ ਉਹਨਾਂ ਨੂੰ ਪੜ੍ਹਾਈ ਪਿਛੋਂ ਆਰਾਮ ਦੀ ਲੋੜ ਹੁੰਦੀ। ਕਈ ਵਰ੍ਹਿਆਂ ਦੇ ਅਨੁਭਵ ਨੇ ਮੈਨੂੰ ਨਿਸ਼ਚਾ ਕਰਵਾ ਦਿਤਾ ਕਿ ਦਿਨ ਦੇ ਦੂਜੇ ਅਧ ਵਿਚ ਆਮ ਤੌਰ ਉਤੇ ਬਚੇ ਤਿਖੀ ਬੌਧਕ ਕਿਰਤ ਵਿਚ ਰੁਝੇ ਨਹੀਂ ਹੋਣੇ ਚਾਹੀਦੇ ਜਿਵੇਂ ਉਹ ਸਕੂਲ ਵਿਚ ਹੁੰਦੇ ਹਨ। ਇਹ ਗਲ ਇਸ ਲਈ ਹੋਰ ਵੀ ਜ਼ਰੂਰੀ ਹੈ ਕਿ ਨਿਕੇ ਬਚੇ ਉਤੇ ਲੋੜੋਂ ਵਧ ਭਾਰ ਪਾਉਣਾ ਅਯੋਗ ਹੈ। ਜੇ ਸਕੂਲ ਵਿਚ ਤਿੰਨ ਜਾਂ ਚਾਰ ਘੰਟੇ ਦੀ ਬੌਧਕ ਕਿਰਤ ਪਿਛੋਂ ਬਚੇ ਨੂੰ ਘਰ ਵਿਚ ਵੀ ਉਸੇ ਤਰ੍ਹਾਂ ਤਿਖਾ ਕੰਮ ਕਰਨ ਵਲ ਲਾਇਆ ਜਾਵੇ ਤਾਂ ਉਹਦੇ ਉਤੇ ਛੇਤੀ ਹੀ ਉਹਦੀ ਸ਼ਕਤੀ ਤੋਂ ਬਾਹਰਾ ਭਾਰ ਪੈ ਜਾਵੇਗਾ।

ਘਰ ਦੇ ਕੰਮ ਤੋਂ ਛੁਟਕਾਰਾ ਨਹੀਂ ਪਾਇਆ ਜਾ ਸਕਦਾ। ਇਹ ਲਾਜ਼ਮੀ ਹੈ ਕਿ ਬਚਾ ਆਪਣੀਆਂ ਬੌਧਕ ਸ਼ਕਤੀਆਂ ਇਕਾਗਰ ਕਰਨਾ, ਧਿਆਨ ਦੇਣਾ ਸਿਖੇ।

ਪਰ ਸਭ ਤੋਂ ਪਹਿਲਾਂ ਅਜਿਹਾ ਸਬਕਾਂ ਸਮੇਂ ਕਰਨਾ ਚਾਹੀਦਾ ਹੈ, ਹੌਲੀ ਹੌਲੀ ਸੁਤੰਤਰ ਬੌਧਕ ਕਿਰਤ ਦੀ ਆਦਤ ਪਾਉਣੀ ਚਾਹੀਦੀ ਹੈ। ਬਚੇ ਲਈ ਧਿਆਨ ਅਤੇ ਇਕਾਗਰਤਾ ਨਾਲ ਕੰਮ ਕਰਨਾ ਸਿਖਣਾ ਸੌਖਾ ਨਹੀਂ। ਅਨੁਭਵੀ ਅਧਿਆਪਕ ਜਾਂ ਅਧਿਆਪਕਾ ਬਚੇ ਦਾ ਧਿਆਨ ਆਪਣੀਆਂ ਕਹਾਣੀਆਂ ਅਤੇ ਵਿਆਖਿਆਵਾਂ ਵਿਸ਼ੇਸ਼ ਸਾਧਨਾਂ ਤੋਂ ਬਿਨਾਂ ਕੇਵਲ ਸਾਧਾਰਨ ਪਾਠ ਸਮਿਗਰੀ ਨਾਲ "ਜੋੜ" ਲੈਂਦਾ ਹੈ। ਛੋਟੀ ਉਮਰੇ ਬੌਧਕ ਕਿਰਤ ਜਥੇਬੰਦ ਕਰਨ ਵਿਚ ਨਿਪੁੰਨਤਾ ਦੇ ਅਰਥ ਹਨ ਬਚੇ ਨੂੰ ਅਧਿਆਪਕ ਦੀ ਗਲ ਧਿਆਨ ਨਾਲ ਸੁਣਨ ਵਲ, ਜੋ ਕੁਝ ਕਿਹਾ ਗਿਆ ਹੈ ਉਹ ਯਾਦ ਰਖਣ ਅਤੇ ਉਸ ਸੰਬੰਧੀ ਸੋਚਣ, ਇਹ ਨਾ ਵੇਖਣ ਕਿ ਉਹ ਅਜਿਹਾ ਕਰਦੇ ਹੋਏ ਜਤਨ ਕਰਦਾ ਹੈ, ਵਲ ਲਾਉਣਾ ਹੈ।

ਜੇ ਅਧਿਆਪਕ ਇਸ ਵਿਚ ਸਫ਼ਲ ਹੋ ਜਾਵੇ ਤਾਂ ਬਚਾ ਹਰ ਉਹ ਗਲ ਚੇਤੇ ਰਖੇਗਾ ਜਿਹੜੀ ਉਹਦੀ ਰੋਚਕਤਾ ਜਗਾਉਂਦੀ ਹੈ ਅਤੇ ਇਹ ਗਲ ਹੋਰ ਵੀ ਅਚੰਭਾਜਨਕ ਹੈ। ਮੇਰੇ ਬਚਿਆਂ ਲਈ ਵਰਣਮਾਲਾ ਸਿਖ ਲੈਣਾ ਅਤੇ ਪੜ੍ਹਨਾ ਅਤੇ ਲਿਖਣਾ ਸਿਖ ਲੈਣਾ ਇੰਨਾ ਸੌਖਾ ਕਿਉਂ ਸੀ? ਕਿਉਂਕਿ ਉਹਨਾਂ ਤੋਂ ਅਜਿਹਾ ਕਰਨ ਦੀ ਮੰਗ ਨਾ ਕੀਤੀ ਗਈ। ਕਿਉਂਕਿ ਬਚੇ ਲਈ ਹਰ ਅਖਰ ਇਕ ਸਪਸ਼ਟ ਬਿੰਬ ਦਾ ਸਜੀਵ ਰੂਪ ਸੀ, ਜਿਹੜਾ ਸ਼ਲਾਘਾ ਦੀ ਭਾਵਨਾ ਨੂੰ ਜਨਮ ਦੇਂਦਾ। ਜੇ ਮੈਂ ਸਕੂਲ ਜਾਣ ਤੋਂ ਪਹਿਲਾਂ ਦੀ ਉਮਰ ਦੇ ਬਚਿਆਂ ਨੂੰ ਹਰ ਰੋਜ਼ "ਗਿਆਨ ਦਾ ਇਕ ਭੋਰਾ" ਦੇਂਦਾ, ਉਹਨਾਂ ਨੂੰ ਇਕ ਅਖਰ ਵਿਖਾਉਂਦਾ ਅਤੇ ਮੰਗ ਕਰਦਾ ਕਿ ਉਹ ਉਹਨੂੰ ਚੇਤੇ ਰਖਣ ਤਾਂ ਕੁਝ ਵੀ ਪ੍ਰਾਪਤ ਨਾ ਹੁੰਦਾ। ਨਿਰਸੰਦੇਹ, ਇਹਦਾ ਅਰਥ ਇਹ ਨਹੀਂ ਕਿ ਬੰਦਾ ਆਪਣਾ ਨਿਸ਼ਾਨਾ ਬਚੇ ਤੋਂ ਲੁਕਾਵੇ। ਬੰਦੇ ਨੂੰ ਬਸ ਇਉਂ ਪੜ੍ਹਾਉਣਾ ਚਾਹੀਦਾ ਹੈ ਕਿ ਬਚੇ ਨਿਸ਼ਾਨੇ ਸੰਬੰਧੀ ਨਾ ਸੋਚਣ—ਇਸ ਨਾਲ ਉਹਨਾਂ ਦੇ ਦਿਮਾਗ਼ੀ ਜਤਨ ਹੌਲੇ ਹੋ ਜਾਂਦੇ ਹਨ। ਇਹ ਗਲ ਉਨੀ ਸੌਖੀ ਨਹੀਂ ਜਿੰਨੀ ਇਹ ਪਹਿਲੀ ਨਜ਼ਰੇ ਜਾਪਦੀ ਹੈ। ਅਸੀਂ ਬਚੇ ਦੇ ਮਾਨਸਕ ਵਿਕਾਸ ਵਿਚ ਇਕ ਖ਼ਾਸ ਪੜਾਅ ਦੀ ਗਲ ਕਰ ਰਹੇ ਹਾਂ, ਉਸ ਸਮੇਂ ਦੀ ਜਿਸਨੂੰ ਆਲਮ ਤੰਤੂ ਪ੍ਰਣਾਲੀ ਦੀ ਬਾਲ-ਵਰੇਸ ਕਹਿੰਦੇ ਹਨ। ਇਸ ਸਮੇਂ ਵਿਚ ਸਕੂਲ ਜਾਣ ਦੀ ਉਮਰ ਦੇ ਨਿਕੇ ਬਚੇ, ਵਿਸ਼ੇਸ਼ ਤੌਰ ਉਤੇ ਪੜ੍ਹਾਈ ਦੇ ਪਹਿਲੇ ਵਰ੍ਹੇ ਵਿਚ ਧਿਆਨ ਬਸ ਕੇਂਦਰਤ ਕਰ ਹੀ ਨਹੀਂ ਸਕਦੇ। ਇਹ ਲਾਜ਼ਮੀ ਹੈ ਕਿ ਅਧਿਆਪਕ ਬਚਿਆਂ ਦਾ ਧਿਆਨ ਪ੍ਰਾਪਤ ਕਰੇ, ਉਹ ਕੁਝ ਜਗਾਵੇ ਜਿਸਨੂੰ ਮਨੋ-ਵਿਗਿਆਨ ਵਿਚ ਅਚੇਤ ਧਿਆਨ ਕਿਹਾ ਜਾਂਦਾ ਹੈ।

ਬਚੇ ਦਾ ਧਿਆਨ ਇਕ ਮੌਜੀ "ਜੀਵ" ਹੈ। ਮੈਂ ਇਹਦੇ ਸੰਬੰਧੀ ਇਕ ਅਜਿਹੇ ਛੇਤੀ ਡਰ ਜਾਣ ਵਾਲੇ ਪੰਛੀ ਵਜੋਂ ਸੋਚਦਾ ਹਾਂ ਜਿਹੜਾ, ਜਿੰਨੀ ਵਾਰ ਬੰਦਾ ਉਹਦੇ ਨੇੜੇ ਜਾਣ ਦਾ ਜਤਨ ਕਰਦਾ ਹੈ, ਆਲ੍ਹਣੇ ਤੋਂ ਹੋਰ ਦੂਰ ਉਡ ਜਾਂਦਾ ਹੈ। ਅਖ਼ੀਰ ਜਦੋਂ ਬੰਦਾ ਪੰਛੀ ਦੇ ਕੋਲ ਅਪੜਦਾ ਹੈ ਤਾਂ ਉਹ ਇਹਨੂੰ ਆਪਣੇ ਹਥ ਜਾਂ ਪਿੰਜਰੇ

ਵਿਚ ਹੀ ਰਖ ਸਕਦਾ ਹੈ। ਜੇ ਪੰਛੀ ਫਸਿਆ ਹੋਇਆ ਅਨੁਭਵ ਕਰੇ ਤਾਂ ਬੰਦਾ ਉਹਦੇ ਤੋਂ ਚਹਿਕਣ ਦੀ ਆਸ ਨਹੀਂ ਰਖ ਸਕਦਾ। ਬਚੇ ਦਾ ਧਿਆਨ ਅਜਿਹਾ ਹੁੰਦਾ ਹੈ: ਜੇ ਤੁਸੀਂ ਇਹਨੂੰ ਕੈਦੀ ਪੰਛੀ ਵਾਂਗ ਰਖੋ ਤਾਂ ਇਹ ਮਾੜਾ ਸਹਾਇਕ ਹੋਵੇਗਾ।

ਕੁਝ ਅਧਿਆਪਕ ਅਜਿਹੇ ਹਨ, ਜਿਹੜੇ ਇਸ ਗਲ ਨੂੰ ਇਕ ਪ੍ਰਾਪਤੀ ਸਮਝਦੇ ਹਨ ਕਿ ਉਹ ਸਬਕਾਂ ਸਮੇਂ ਬਚਿਆਂ ਵਿਚ "ਨਿਰੰਤਰ ਬੌਧਕ ਜਤਨ ਦੀ ਪ੍ਰਸਥਿਤੀ" ਪੈਦਾ ਕਰਦੇ ਹਨ। ਵਧੇਰੇ ਵਾਰ ਅਜਿਹਾ ਹੁੰਦਾ ਹੈ ਕਿ ਕੋਈ ਬਾਹਰੀ ਅੰਸ਼ ਅਜਿਹਾ ਹੁੰਦਾ ਹੈ ਜਿਹੜਾ ਬਚੇ ਦੇ ਧਿਆਨ ਲਈ ਲਗਾਮ ਬਣ ਜਾਂਦਾ ਹੈ: ਧਿਆਨ ਨਾਲ ਸੁਣਨ ਲਈ ਘੜੀ ਮੁੜੀ ਚਿਤਾਉਣੀ, ਇਕ ਤਰ੍ਹਾਂ ਦੇ ਕੰਮ ਤੋਂ ਦੂਜੀ ਤਰ੍ਹਾਂ ਦੇ ਕੰਮ ਵਲ ਤਿਖੀ ਤਬਦੀਲੀ, ਵਿਆਖਿਆ ਦਿਤੇ ਜਾਣ ਤੋਂ ਇਕ ਦਮ ਪਿਛੋਂ ਸਮਝਣ ਦੀ ਪੜਤਾਲ (ਵਧੇਰੇ ਸ਼ੁਧਤਾ ਨਾਲ: ਜੇ ਵਿਦਿਆਰਥੀ ਕਹੀ ਗਈ ਗਲ ਧਿਆਨ ਨਾਲ ਨਾ ਸੁਣੇ ਤਾਂ ਉਹਨੂੰ ਫੇਲ੍ਹ ਹੋਣ ਵਾਲੇ ਨੰਬਰ ਦੇਣ ਦੀ ਧਮਕੀ), ਕਿਸੇ ਸਿਧਾਂਤਕ ਪ੍ਰਸਤਾਵਨਾ ਦੀ ਵਿਆਖਿਆ ਦਿਤੇ ਜਾਣ ਤੋਂ ਇਕ ਦਮ ਪਿਛੋਂ ਕਿਸੇ ਤਰ੍ਹਾਂ ਦਾ ਅਮਲੀ ਕੰਮ ਕਰਨ ਦੀ ਲੋੜ।

ਪਹਿਲੀ ਨਜ਼ਰੇ ਇਹ ਸਾਰੇ ਢੰਗ ਸਰਗਰਮ ਬੌਧਕ ਕਿਰਤ ਦਾ ਪ੍ਰਭਾਵ ਪੈਦਾ ਕਰਦੇ ਹਨ: ਕਿਉਂਕਿ ਕੰਮ ਦੀਆਂ ਕਿਸਮਾਂ ਗੁਲਬੀਨ ਵਾਂਗ ਤਬਦੀਲ ਕੀਤੀਆਂ ਜਾਂਦੀਆਂ ਹਨ, ਬਚੇ ਇਕਾਗਰਤਾ ਨਾਲ ਹਰ ਸ਼ਬਦ ਸੁਣਦੇ ਹਨ ਅਤੇ ਸ਼੍ਰੇਣੀ ਦੇ ਕਮਰੇ ਵਿਚ ਮੁਕੰਮਲ ਚੁਪ ਹੁੰਦੀ ਹੈ। ਪਰ ਇਹਦੇ ਲਈ ਕਿੰਨੇ ਜਤਨ ਦੀ ਲੋੜ ਹੈ ਅਤੇ ਇਹਦੇ ਸਿਟੇ ਕੀ ਹਨ? ਨਿਰੰਤਰ ਧਿਆਨ ਦੇਣ ਅਤੇ ਕੁਝ ਖੁੰਝ ਨਾ ਜਾ ਦੇਣ ਦਾ ਜਤਨ; ਪਰ ਉਸ ਉਮਰੇ, ਅਜੇ ਬਚਾ ਆਪਣੇ ਆਪ ਨੂੰ ਧਿਆਨ ਦੇਣ ਵਾਲਾ ਨਹੀਂ ਬਣਾ ਸਕਦਾ—ਉਹ ਥਕ ਜਾਂਦਾ ਹੈ, ਬਹੁਤ ਜ਼ਿਆਦਾ ਭਾਰ ਹੇਠ ਦਬਿਆ ਜਾਂਦਾ ਹੈ ਅਤੇ ਹੁਟ ਜਾਂਦਾ ਹੈ। ਉਹਦੀ ਤੰਤੂ ਪ੍ਰਣਾਲੀ ਦਾ ਸਾਹ ਸਤ ਨਿਕਲ ਜਾਂਦਾ ਹੈ। ਸਬਕ ਸਮੇਂ ਇਕ ਮਿੰਟ ਨਾ ਗੁਆਉਣਾ, ਸਰਗਰਮ ਬੌਧਕ ਕਿਰਤ ਤੋਂ ਬਿਨਾਂ ਇਕ ਛਿਣ ਨਾ ਹੋਣਾ—ਕਿਸੇ ਬੰਦੇ ਦੀ ਵਿਦਿਆ ਜਿਹੇ ਮਲੂਕ ਮਾਮਲੇ ਵਿਚ ਇਸਤੋਂ ਮੂਰਖ ਗਲ ਕਿਹੜੀ ਹੋ ਸਕਦੀ ਹੈ। ਅਧਿਆਪਕ ਦੇ ਕੰਮ ਵਿਚ ਮੰਤਵ ਦੀ ਅਜਿਹੀ ਇਕਾਗਰਤਾ, ਬਚਿਆਂ ਵਿਚੋਂ ਉਹ ਸਭ ਕੁਝ ਨਚੋੜ ਲੈਣਾ ਜੋ ਉਹ ਦੇ ਸਕਦੇ ਹਨ, ਉੱਨਾ ਹੀ ਮੂਰਖ ਹੈ। ਅਜਿਹੇ "ਕਾਰਗਰ" ਸਬਕ ਤੋਂ ਪਿਛੋਂ ਬਚੇ ਥਕੇ ਹੋਏ ਘਰ ਜਾਂਦੇ ਹਨ। ਉਹ ਚਿੜਚਿੜੇ ਹੁੰਦੇ ਹਨ ਅਤੇ ਸੌਖੇ ਹੀ ਭੜਕ ਪੈਂਦੇ ਹਨ। ਉਹਨਾਂ ਨੂੰ ਆਰਾਮ ਕਰਨ ਅਤੇ ਖੇਡਣ ਦੀ ਲੋੜ ਹੁੰਦੀ ਹੈ ਪਰ ਅਜੇ ਉਹਨਾਂ ਘਰ ਦਾ ਕੰਮ ਕਰਨਾ ਹੁੰਦਾ ਹੈ ਅਤੇ ਜਦੋਂ ਉਹ ਆਪਣੀਆਂ ਪੁਸਤਕਾਂ ਅਤੇ ਕਾਪੀਆਂ ਆਪਣੇ ਬਸਤਿਆਂ ਵਿਚੋਂ ਕਢਦੇ ਹਨ ਤਾਂ ਉਹ ਦੁਖੀ ਅਨੁਭਵ ਕਰਦੇ ਹਨ।

ਇਹ ਕੋਈ ਸਬਬੀ ਗਲ ਨਹੀਂ ਕਿ ਬੰਦਾ ਸਾਰੇ ਸਬਕ ਸਮੇਂ ਸ਼੍ਰੇਣੀ ਦਾ ਧਿਆਨ "ਉਚ ਕਾਰਗਰਤਾ" ਦੀ ਪਧਰ ਉਤੇ ਰਖਣ ਅਤੇ ਵਿਸ਼ੇ-ਵਸਤੂ ਨੂੰ ਗੁਲਬੀਨ ਵਾਂਗ

ਤਬਦੀਲ ਕਰਨ ਇਹਨਾਂ ਜਤਨਾਂ ਕਾਰਨ ਬਹੁਤ ਸਾਰਾ ਭੈੜਾ ਵਤੀਰਾ ਵੇਖਦਾ ਹੈ, ਬਚੇ ਅਧਿਆਪਕਾਂ ਅਤੇ ਇਕ ਦੂਜੇ ਨਾਲ ਗੁਸਤਾਖ਼ੀ ਨਾਲ ਪੇਸ਼ ਆਉਂਦੇ ਹਨ, ਤਾੜਨਾ ਦਾ ਪ੍ਰਤਿਕਰਮ ਨਿਧੜਕੀ ਨਾਲ ਦੇਂਦੇ ਹਨ, ਜਿਸ ਦੇ ਸਿਟੇ ਵਜੋਂ ਬਹੁਤ ਸਾਰੀਆਂ ਟਕਰਾਂ ਉਭਰਦੀਆਂ ਹਨ—ਕਿਉਂਕਿ ਬਚੇ ਦੀ ਤੰਤੂ ਪ੍ਰਣਾਲੀ ਉਤੇ ਵਧ ਤੋਂ ਵਧ ਦਬਾ ਪਾਇਆ ਜਾਂਦਾ ਹੈ ਅਤੇ ਨਾ ਹੀ ਅਧਿਆਪਕ ਕੋਈ ਗਣਤ-ਮਸ਼ੀਨ ਹੈ। ਇਹ ਕੋਈ ਸਥਥੀ ਗਲ ਨਹੀਂ ਕਿ ਬਚੇ ਪੜ੍ਹਾਈ ਤੋਂ ਪਿਛੋਂ ਉਦਾਸ, ਵਿਟਰੇ ਹੋਏ, ਅਤੇ ਹਰ ਗਲੋਂ ਬੇਪਰਵਾਹ ਜਾਂ ਇਹਦੇ ਐਨ ਉਲਟ ਬਹੁਤ ਚਿੜਚਿੜੇ ਹੋਏ ਘਰ ਮੁੜਦੇ ਹਨ।

ਬੰਦੇ ਨੂੰ ਇਹ ਮੁਲ ਤਾਰ ਕੇ ਬਚਿਆਂ ਦਾ ਧਿਆਨ, ਇਕਾਗਰਤਾ ਅਤੇ ਦਿਮਾਗ਼ੀ ਸਰਗਰਮੀ ਪ੍ਰਾਪਤ ਕਰਨ ਦਾ ਜਤਨ ਨਹੀਂ ਕਰਨਾ ਚਾਹੀਦਾ। ਬਚਿਆਂ, ਵਿਸ਼ੇਸ਼ ਤੌਰ ਉਤੇ ਨਿਕਿਆਂ, ਦਾ ਬਲ ਅਤੇ ਤੰਤੂ ਸ਼ਕਤੀ ਕੋਈ ਅਥਾਹ ਖੂਹ ਨਹੀਂ ਜਿਸ ਵਿਚੋਂ ਤੁਸੀਂ ਨਿਰੰਤਰ ਪਾਣੀ ਕਢੀ ਜਾ ਸਕਦੇ ਹੋ। ਇਹ ਲਾਜ਼ਮੀ ਹੈ ਕਿ ਇਸ ਖੂਹ ਵਿਚੋਂ ਪਾਣੀ ਸਿਆਣਪ ਅਤੇ ਸੋਝ ਨਾਲ ਲਿਆ ਜਾਵੇ ਅਤੇ ਜਿਸ ਗਲ ਦੀ ਵਧੇਰੇ ਮਹਾਨਤਾ ਹੈ, ਇਹ ਲਾਜ਼ਮੀ ਹੈ ਕਿ ਤੁਸੀਂ ਬਚੇ ਦੇ ਤੰਤੂ ਸ਼ਕਤੀ ਦੇ ਸੋਮਿਆਂ ਨੂੰ ਨਿਰੰਤਰ ਨਵੀਨਿਆਉਂਦੇ ਰਹੋ। ਇਹ ਸੋਮੇ ਹਨ ਆਲੇ ਦੁਆਲੇ ਦੇ ਸੰਸਾਰ ਦੀਆਂ ਵਸਤਾਂ ਅਤੇ ਵਰਤਾਰਿਆਂ ਨੂੰ, ਪ੍ਰਕਿਰਤੀ ਵਿਚ ਘਿਰੇ ਜੀਵਨ ਨੂੰ ਗਹੁ ਨਾਲ ਵੇਖਣਾ; ਪੜ੍ਹਨਾ, ਪਰ ਇਹੋ ਜਿਹਾ, ਜਿਹੜਾ ਸ਼੍ਰੇਣੀ ਵਿਚ ਪੜ੍ਹ ਕੇ ਸੁਣਾਉਣ ਦੇ ਡਰ ਕਾਰਨ ਨਹੀਂ ਸਗੋਂ ਉਸ ਕਿਸਮ ਦਾ ਜਿਹੜਾ ਰੋਚਕਤਾ, ਕੁਝ ਲਭਣ ਦੀ ਇਛਾ ਜਗਾਵੇ, ਅਤੇ ਜਿਉਂਦੇ ਚਿੰਤਨ ਅਤੇ ਬੋਲੀ ਦੇ ਸੋਮਿਆਂ ਤਕ "ਸਫ਼ਰ"।

ਸਕੂਲ ਦੇ ਸਮੂਹ ਦੇ ਜੀਵਨ ਵਿਚ ਕੁਝ ਭੁਲਾਵਾਂ ਹੈ, ਜਿਸਨੂੰ ਆਤਮਕ ਸਮਤੋਲ ਕਿਹਾ ਜਾਂਦਾ ਹੈ। ਮੈਂ ਇਸ ਸੰਕਲਪ ਵਿਚ ਹੇਠ ਲਿਖੀਆਂ ਗਲਾਂ ਨੂੰ ਸ਼ਾਮਲ ਕਰਦਾ ਹਾਂ: ਬਚਿਆਂ ਦਾ ਜੀਵਨ ਦੀ ਭਰਪੂਰਤਾ, ਸੋਚ ਦੀ ਸਪਸ਼ਟਤਾ ਦੀ ਭਾਵਨਾ, ਆਪਣੀ ਸ਼ਕਤੀ ਵਿਚ ਭਰੋਸਾ, ਔਕੜਾਂ ਉਤੇ ਕਾਬੂ ਪਾਉਣ ਦੀ ਸੰਭਾਵਨਾ ਵਿਚ ਨਿਸ਼ਚਾ। ਮਨੋਰਥ-ਭਰਪੂਰ ਕਿਰਤ ਦੀ ਸ਼ਾਂਤੀ, ਮੁਨਸਫ਼ੀ, ਮਿਤਰਾਂ ਵਾਲੇ ਪ੍ਰਸਪਰ ਸੰਬੰਧ ਅਤੇ ਚਿੜਚਿੜੇਪੁਣੇ ਦੀ ਅਣਹੋਂਦ, ਆਤਮਕ ਸਮਤੋਲ ਦੀ ਲਖਣਾਇਕ ਵਿਸ਼ੇਸ਼ਤਾ ਹਨ। ਆਤਮਕ ਸਮਤੋਲ ਤੋਂ ਬਿਨਾਂ ਸਾਧਾਰਨ ਤੌਰ ਉਤੇ ਕੰਮ ਕਰਨਾ ਅਸੰਭਵ ਹੈ; ਜਦੋਂ ਇਸ ਸਮਤੋਲ ਵਿਚ ਵਿਗਾੜ ਆ ਜਾਂਦਾ ਹੈ, ਸਮੂਹਕ ਜੀਵਨ ਨਰਕ ਬਣ ਜਾਂਦਾ ਹੈ, ਵਿਦਿਆਰਥੀ ਇਕ ਦੂਜੇ ਨੂੰ ਨਾਰਾਜ਼ ਕਰਦੇ ਅਤੇ ਦੁਖ ਦੇਂਦੇ ਹਨ, ਅਤੇ ਸਕੂਲ ਵਿਚ ਘਾਬਰੀ ਦਾ ਰਾਜ ਹੋ ਜਾਂਦਾ ਹੈ। ਕਿਹੜੇ ਢੰਗ ਨਾਲ ਆਤਮਕ ਸਮਤੋਲ ਪੈਦਾ ਕੀਤਾ ਜਾਵੇ ਅਤੇ, ਜਿਸ ਗਲ ਦੀ ਵਧੇਰੇ ਮਹਤਤਾ ਹੈ, ਕਾਇਮ ਰਖਿਆ ਜਾਵੇ? ਸਰਵਉਤਮ ਸਿਖਿਅਕਾਂ ਦੇ ਅਨੁਭਵ ਨੇ ਮੈਨੂੰ ਨਿਸ਼ਚਾ ਦਿਵਾਇਆ ਹੈ ਕਿ ਇਥੇ ਮੁਖ ਗਲ ਵਿਦਿਆ ਦਾ ਬੜਾ ਸੂਖਮ ਖੇਤਰ ਹੈ—ਆਤਮਕ

ਸ਼ਕਤੀ ਵਿਚ ਹਝੇਕਿਆਂ, ਕਾਹਲ ਜਾਂ ਸੰਤਾਪ ਤੋਂ ਬਿਨਾਂ ਨਿਰੰਤਰ ਸੋਚਣ ਦੀ ਸਰਗਰਮੀ।

ਆਤਮਕ ਸਮਤੋਲ ਲਈ ਸਦਭਾਵਨਾ, ਪ੍ਰਸਪਰ ਸਹਾਇਤਾ, ਹਰ ਵਿਦਿਆਰਥੀ ਵਿਚ ਬੰਧਕ ਯੋਗਤਾਵਾਂ ਅਤੇ ਉਹ ਜੋ ਕੰਮ ਕਰ ਸਕਦਾ ਜਾਂ ਸਕਦੀ ਹੈ, ਉਸ ਵਿਚ ਸੁਰਮੇਲ ਦਾ ਲਖਣਾਇਕ ਵਾਯੂ-ਮੰਡਲ ਹੋਣਾ ਚਾਹੀਦਾ ਹੈ। ਮੈਂ ਕਈ ਮੁਢਲੇ ਸਕੂਲਾਂ ਦੇ ਅਧਿਆਪਕਾਂ ਵਿਚ ਆਤਮਕ ਸਮਤੋਲ ਦੇ ਉਸਤਾਦਾਂ ਦੇ ਕੰਮ ਦਾ ਧਿਆਨ ਨਾਲ ਅਧਿਅਨ ਕੀਤਾ। ਮੈਂ, ਸਭ ਤੋਂ ਸਿਆਣੀ ਅਤੇ ਨਾਲ ਨਾਲ ਮੇਰੀ ਰਾਏ ਵਿਚ ਸਭ ਤੋਂ ਸੁਭਾਵਕ ਗਲ ਦੇ "ਭੇਤ" ਲਭਣ ਦਾ ਜਤਨ ਕੀਤਾ: ਉਹਨਾਂ ਦੇ ਸਾਰੇ ਵਿਦਿਆਰਥੀ ਆਪਣੀ ਯੋਗਤਾ ਅਨੁਸਾਰ ਚੰਗੇ ਤੋਂ ਚੰਗਾ ਪੜ੍ਹਦੇ। ਕੋਈ ਬਚਾ ਅਜਿਹਾ ਨਹੀਂ ਜਿਹੜਾ, ਜੇ ਉਹ ਉਤਮ ਵਿਦਿਆਰਥੀ ਹੋ ਸਕਦਾ ਹੋਵੇ, ਤਾਂ ਸਾਧਾਰਨ ਵਿਦਿਆਰਥੀ ਬਣਨਾ ਚਾਹੇਗਾ। ਅਜਿਹੀਆਂ ਸ੍ਰੇਣੀਆਂ ਵਿਚ ਜਿਹੜੇ ਸਾਧਾਰਨ ਵਿਦਿਆਰਥੀ ਹੁੰਦੇ ਹਨ ਉਹ ਆਪਣੇ ਆਪ ਨੂੰ ਕਰਮਾਂ ਦਾ ਮਾਰਿਆ ਨਹੀਂ ਸਮਝਦੇ ਅਤੇ ਉਹਨਾਂ ਦੇ ਸਾਥੀ ਉਹਨਾਂ ਨਾਲ ਨਿਵਾਜਵਾਂ ਸਕੂਲ ਨਹੀਂ ਕਰਦੇ।

ਮੈਨੂੰ ਸਭ ਤੋਂ ਚੰਗੇ ਨੰਬਰ ਲੈਣ ਦੇ ਖ਼ਬਤ ਸੰਬੰਧੀ ਹਮੇਸ਼ਾ ਫ਼ਿਕਰ ਰਿਹਾ ਹੈ— ਇਹ ਖ਼ਬਤ ਘਰ ਵਿਚ ਪੈਦਾ ਹੁੰਦਾ ਹੈ ਅਤੇ ਅਧਿਆਪਕ ਇਹਨੂੰ ਚੰਬੜ ਜਾਂਦੇ ਹਨ। ਇਹ ਵਿਦਿਆਰਥੀਆਂ ਦੀਆਂ ਆਤਮਾਵਾਂ ਉਤੇ ਭਾਰੀ ਬੋਝ ਪਾਉਂਦੇ ਹੋਏ ਉਹਨਾਂ ਨੂੰ ਲੂਲ੍ਹਾ, ਲੰਗੜਾ ਬਣਾ ਦੇਂਦਾ ਹੈ। ਉਸ ਘੜੀ ਅਜੇ ਬਚੇ ਵਿਚ ਸਰਵਉਚ ਨੰਬਰ ਪ੍ਰਾਪਤ ਕਰਨ ਦੀ ਯੋਗਤਾ ਨਹੀਂ ਹੁੰਦੀ, ਪਰ ਮਾਤਾ ਪਿਤਾ ਉਹਦੇ ਤੋਂ ਸਰਵਉਤਮ ਨੰਬਰਾਂ ਦੀ ਮੰਗ ਕਰਦੇ ਹਨ, ਜਾਂ ਘਟੋ ਘਟ, ਸਰਵਉਚ ਤੋਂ ਹੇਠਲੇ। ਜੇ ਬਚੇ ਨੂੰ ਮੰਦੇ ਭਾਗੀਂ ਔਸਤ ਨੰਬਰ ਮਿਲਣ ਤਾਂ ਉਹ ਆਪਣੇ ਆਪ ਨੂੰ ਹੀਣਾ ਅਨੁਭਵ ਕਰਦਾ ਹੈ। ਅਨੁਭਵੀ ਅਧਿਆਪਕਾਂ ਦੀ ਹਾਲਤ ਵਿਚ ਅਜਿਹਾ ਨਹੀਂ ਹੁੰਦਾ। ਸ਼ਾਨਦਾਰ ਵਿਦਿਆਰਥੀ ਆਪਣੇ ਆਪ ਨੂੰ ਵਰੋਸਾਏ ਨਹੀਂ ਸਮਝਦੇ ਅਤੇ ਔਸਤ ਵਿਦਿਆਰਥੀਆਂ ਵਿਚ ਅਪੂਰਣਤਾ ਦਾ ਅਨੁਭਵ ਨਹੀਂ ਹੁੰਦਾ। ਮੈਂ ਇਹਨਾਂ ਅਸਲੀ ਸਿਖਿਅਕਾਂ ਤੋਂ ਸਿਆਣੀ, ਇਕਾਗਰ ਦਿਮਾਗੀ ਕਿਰਤ ਵਿਚ ਸਚੀ ਨਿਪੁੰਨਤਾ ਸਿਖੀ। ਮੈਂ ਉਹਨਾਂ ਵਿਚ ਵਿਦਿਅਕ ਕਲਾ ਦਾ ਇਕ ਸੂਖਮ ਵਸਫ਼ ਵੇਖਿਆ: ਬਚਿਆਂ ਦੇ ਦਿਲਾਂ ਅਤੇ ਮਨਾਂ ਵਿਚ ਗਿਆਨ ਦੀ ਖ਼ੁਸ਼ੀ ਦਾ ਬੰਧਕ ਅਨੁਭਵ ਜਗਾਉਣ ਦੀ ਯੋਗਤਾ। ਹਰ ਸਫ਼ਲਤਾ, ਭਾਵੇਂ ਉਹ ਨਿਕੀ ਤੋਂ ਨਿਕੀ ਕਿਉਂ ਨਾ ਹੋਵੇ, ਇਹਨਾਂ ਅਧਿਆਪਕਾਂ ਦੇ ਵਿਦਿਆਰਥੀਆਂ ਵਿਚੋਂ ਕਿਸੇ ਵਿਚ ਵੀ ਸਚ ਅਤੇ ਖੋਜ ਦੀ ਲਭਤ ਨਾਲ ਸੰਬੰਧਤ ਖ਼ੁਸ਼ੀ-ਭਰਿਆ ਆਤਮਕ ਉਭਾਰ ਪੈਦਾ ਕਰਨ ਵਿਚ ਅਸਫ਼ਲ ਨਾ ਰਹਿੰਦੀ। ਇਹਨਾਂ ਅਨੁਭਵੀ ਅਧਿਆਪਕਾਂ, ਸਿਆਣਪ ਦੇ ਮਾਣਕਾਂ, ਦਾ ਸਾਰ ਕਢਦੇ ਹੋਏ ਮੈਂ ਇਹ ਜਤਨ ਕੀਤਾ ਕਿ ਬਚੇ ਨੰਬਰਾਂ ਲਈ ਨਹੀਂ ਸਗੋਂ ਬੰਧਕ ਗਲਾਂ ਦੀ ਉਤੇਜਨਾ ਅਨੁਭਵ ਕਰਨ ਲਈ ਕੰਮ ਕਰਨ। ਮੈਂ ਇਸ ਗਲ ਉਤੇ ਬਹੁਤ ਖ਼ੁਸ਼

ਹੋਇਆ ਕਿ ਸਾਡੇ ਬਚਿਆਂ ਵਿਚ ਸਰਵਉਤਮ ਨੰਬਰਾਂ ਲਈ ਕੋਈ ਜੋਮ ਨਹੀਂ ਸੀ ਅਤੇ ਨਾ ਹੀ ਸਾਡੇ ਬਚਿਆਂ ਦੇ ਸਮੂਹ ਵਿਚ ਔਸਤ ਨੰਬਰਾਂ ਉਤੇ ਕਲੇਸ਼ਿਆ ਪ੍ਰਤਿਕਰਮ ਸੀ।

...ਹਰ ਹਫ਼ਤੇ ਅਸੀਂ ਕਈ ਸਬਕ ਚਿੰਤਨ ਅਤੇ ਆਪਣੀ ਮਾਤ ਭਾਸ਼ਾ ਵਲ ''ਸਫ਼ਰਾਂ'' ਨੂੰ, ਦੇਖ-ਭਾਲ ਨੂੰ ਸਮਰਪਤ ਕਰਦੇ। ਇਹਨਾਂ ਵਿਚ ਪ੍ਰਕਿਰਤੀ ਨਾਲ ਸਿਧਾ ਮੇਲ-ਜੋਲ ਹੁੰਦਾ, ਜਿਸਤੋਂ ਬਿਨਾਂ ਬਚੇ ਦੀਆਂ ਦਿਮਾਗ਼ੀ ਯੋਗਤਾਵਾਂ ਅਤੇ ਤੰਤੂ ਸ਼ਕਤੀ ਦੇ ਸੋਮੇ ਛੇਤੀ ਹੀ ਸੁਕ ਜਾਂਦੇ ਹਨ। ਗਰਮ ਮੌਸਮ ਵਿਚ, ਪਤ-ਝੜ, ਬਸੰਤ ਅਤੇ ਹੁਨਾਲ ਵਿਚ ਅਸੀਂ ਪਹੁ-ਫੁਟਾਲੇ ਤੋਂ ਬਹੁਤ ਪਹਿਲਾਂ ਆਪਣੇ ਸਫ਼ਰ ਉਤੇ ਚਲ ਪੈਂਦੇ। ਪਿੰਡਾਂ ਦੇ ਬਚੇ ਛੇਤੀ ਜਾਗ ਪੈਂਦੇ ਹਨ। ਪ੍ਰਕਿਰਤੀ ਸੰਬੰਧੀ, ਆਲੇ ਦੁਆਲੇ ਦੇ ਸੰਸਾਰ ਦੀਆਂ ਵਸਤਾਂ ਅਤੇ ਵਰਤਾਰਿਆਂ ਸੰਬੰਧੀ ਕਹਾਣੀਆਂ ਨੇ ਪਹਿਲਾਂ ਹੀ ਬਚਿਆਂ ਦੀ ਉਤਸੁਕਤਾ ਜਗਾ ਦਿਤੀ ਸੀ ਅਤੇ ਮੈਨੂੰ ਬਹੁਤ ਸਾਰੇ ਪ੍ਰਸ਼ਨਾਂ ਦਾ ਉਤਰ ਦੇਣਾ ਪਿਆ। ਮੈਂ ਉਹਨਾਂ ਵਿਚੋਂ ਕੁਝ ਹੇਠਾਂ ਦੇਂਦਾ ਹਾਂ: ''ਸਵੇਰੇ ਸਾਝਰੇ ਸੂਰਜ ਲਾਲ ਅਤੇ ਦੁਪਹਿਰੇ ਲੁੰਹਣਾ ਕਿਉਂ ਹੁੰਦਾ ਹੈ? ਬਦਲ ਕਿਥੋਂ ਆਉਂਦੇ ਹਨ? ਭਖੜੇ ਦੇ ਫੁਲ ਸਵੇਰੇ ਖੁਲ੍ਹ ਕਿਉਂ ਜਾਂਦੇ ਹਨ ਅਤੇ ਸ਼ਾਮ ਨੂੰ ਬੰਦ ਕਿਉਂ ਹੋ ਜਾਂਦੇ ਹਨ? ਅਸਮਾਨੀ ਬਿਜਲੀ ਲਿਸ਼ਕਦੀ ਅਤੇ ਕੜਕਦੀ ਕਿਉਂ ਹੈ? ਪਛੋਂ ਦੀ ਹਵਾ ਮੀਂਹ ਕਿਉਂ ਲਿਆਉਂਦੀ ਅਤੇ ਪੂਰਬ ਦੀ ਪੌਣ ਸੋਕਾ ਕਿਉਂ ਲਿਆਉਂਦੀ ਹੈ? ਸੂਰਜਮੁਖੀ ਦਾ ਫੁਲ ਸੂਰਜ ਨਾਲ ਕਿਉਂ ਮੁੜਦਾ ਹੈ—ਕੀ ਉਹ ਮਨੁਖਾਂ ਵਾਂਗ ਵੇਖ ਸਕਦਾ ਹੈ? ਲੋਹੇ ਨੂੰ ਜ਼ੰਗਾਲ ਕਿਉਂ ਲਗਦਾ ਹੈ? ਕਬੂਤਰ ਕਦੀ ਵੀ ਰੁਖਾਂ ਉਤੇ ਕਿਉਂ ਨਹੀਂ ਬਹਿੰਦੇ? ਹੁਨਾਲ ਵਿਚ, ਜਦੋਂ ਉਹਨਾਂ ਨੂੰ ਪਤੇ ਲਗੇ ਹੁੰਦੇ ਹਨ, ਰੁਖਾਂ ਦੇ ਗਚ ਕਿਉਂ ਨਹੀਂ ਲਗ ਸਕਦੇ? ਡਿਗਦੇ ਤਾਰੇ ਕਿਥੇ ਡਿਗਦੇ ਹਨ? ਬਰਫ਼ ਦੇ ਗੋਂਡੇ ਇੰਨੇ ਸੁਹਣੇ ਕਿਉਂ ਹੁੰਦੇ ਹਨ, ਜਿਵੇਂ ਕਿਸੇ ਨੇ ਉਹਨਾਂ ਨੂੰ ਕਾਗ਼ਜ਼ ਤੋਂ ਕਟਿਆ ਹੋਵੇ? ਜਦੋਂ ਉਹਨਾਂ ਦੂਰ ਜਾਣਾ ਹੁੰਦਾ ਹੈ ਤਾਂ ਪੰਛੀ ਰਾਹ ਕਿਵੇਂ ਲਭਦੇ ਹਨ? ਚੰਨ ਦੁਆਲੇ ਚਿਟਾ ਘੇਰਾ ਕਿਥੋਂ ਆਉਂਦਾ ਹੈ? ਮੀਂਹ ਤੋਂ ਪਹਿਲਾਂ ਸੂਰਜ ਉਗਣ ਅਤੇ ਡੁਬਣ ਸਮੇਂ ਅਸਮਾਨ ਲਾਲ ਕਿਉਂ ਹੁੰਦਾ ਹੈ? ਮਾਖਿਉਂ ਇਕਠੀ ਕਰਨ ਲਈ ਜਾਣ ਤੋਂ ਪਹਿਲਾਂ ਮਖਿਆਰੀਆਂ ''ਨਚਦੀਆਂ'' ਕਿਉਂ ਹਨ? ਜਦੋਂ ਰੁਖਾਂ ਉਤੇ ਫੁਲ ਖਿੜੇ ਹੋਣ ਤਾਂ ਬਾਗ਼ ਵਿਚ ਦਭ ਕਿਉਂ ਬਾਲੀ ਜਾਂਦੀ ਹੈ? ਅਜਿਹਾ ਕਿਉਂ ਹੁੰਦਾ ਹੈ ਕਿ ਤੁਸੀਂ ਜੰਗਲ ਵਿਚ ਆਪਣੀ ਆਵਾਜ਼ ਦੀ ਗੂੰਜ ਸੁਣ ਸਕਦੇ ਹੋ? ਸਤ-ਰੰਗੀ ਪੀਂਘ ਕੀ ਹੁੰਦੀ ਹੈ? ਸਿਆਲ ਵਿਚ ਬਿਜਲੀ ਦੀ ਚਮਕ ਅਤੇ ਕੜਕ ਕਿਉਂ ਨਹੀਂ ਹੁੰਦੀ? ਲੂਣਾ ਪਾਣੀ ਕੇਵਲ ਉਦੋਂ ਕਿਉਂ ਜੰਮਦਾ ਹੈ ਜਦੋਂ ਹਦੋਂ ਵਧ ਠੰਢ ਹੋਵੇ? ਖ਼ਰਗੋਸ਼ ਖੁਡਾਂ ਕਿਉਂ ਪੁਟਦੇ ਹਨ ਜਦੋਂ ਕਿ ਸਹੇ ਨਹੀਂ ਪੁਟਦੇ? ਅਜਿਹਾ ਕਿਉਂ ਹੁੰਦਾ ਕਿ ਤੁਸੀਂ ਦੁਧ ਦੇ ਭਾਂਡੇ ਦੁਆਲੇ ਹੁਨਾਲ ਵਿਚ ਗਿਲਾ ਤੌਲੀਆ ਲਪੇਟ ਦਿਓ ਤਾਂ ਗਰਮ ਤੋਂ ਗਰਮ ਦਿਨਾਂ ਨੂੰ ਵੀ ਦੁਧ ਗਰਮ ਨਹੀਂ ਹੁੰਦਾ? ਮੀਂਹ ਤੋਂ ਐਨ

ਪਹਿਲਾਂ ਅਬਾਬੀਲਾਂ ਧਰਤੀ ਦੇ ਬਹੁਤ ਨੇੜੇ ਕਿਉਂ ਉਡਦੀਆਂ ਹਨ? ਚੰਡੋਲ ਆਪਣੇ ਆਲ੍ਹਣੇ ਖੇਤਾਂ ਵਿਚ ਕਿਉਂ ਬਣਾਉਂਦੇ ਹਨ, ਪਰ ਤਿਲੀਅਰ ਅਤੇ ਟਿਟਮਾਊਸ ਇਹ ਰੁਖਾਂ ਵਿਚ ਬਣਾਉਂਦੇ ਹਨ? ਅਜਿਹਾ ਕਿਉਂ ਹੁੰਦਾ ਹੈ ਕਿ ਬਤਖਾਂ ਤੈਰ ਸਕਦੀਆਂ ਹਨ ਪਰ ਕੁਕੜੀਆਂ ਨਹੀਂ ਤੈਰ ਸਕਦੀਆਂ? ਅਜ ਹਵਾਈਜਹਾਜ਼ ਦੇ ਪਿਛੇ ਧੂੰ ਦੀ ਪੂਛ ਕਿਉਂ ਸੀ ਜਦੋਂ ਕਿ ਕਲ ਨਹੀਂ ਸੀ? ਅਸਮਾਨ ਤੋਂ ਤਾਰੇ ਕਿਉਂ ਡਿਗਦੇ ਹਨ ਅਤੇ ਉਹ ਕਿਥੇ ਡਿਗਦੇ ਹਨ? ਵਾਵਰੋਲਾ ਘੁੰਮਣ-ਘੇਰੀ ਜਿਹੇ ਥੰਮ੍ਹ ਕਿਉਂ ਬਣਾਉਂਦਾ ਹੈ? ਕਹੂ ਦੇ ਰੁਖ ਕਿਉਂ "ਰੋਂਦੇ"* ਹਨ? ਕਰਾਕਸ ਦੇ ਫੁਲ ਕੇਵਲ ਬਸੰਤ ਦੇ ਸ਼ੁਰੂ ਵਿਚ ਹੀ ਕਿਉਂ ਖਿੜਦੇ ਹਨ? ਤੁਸੀਂ ਸਿਆਲੀ ਕਣਕ ਪਤ-ਝੜ ਦੀ ਰੁਤੇ ਅਤੇ ਬਸੰਤ ਦੀਆਂ ਫ਼ਸਲਾਂ ਬਸੰਤ ਦੀ ਰੁਤੇ ਕਿਉਂ ਬੀਜਦੇ ਹੋ? ਟਟਹਿਣੇ ਕਿਉਂ ਚਮਕਦੇ ਹਨ? ਅਜਿਹਾ ਕਿਉਂ ਹੁੰਦਾ ਹੈ ਕਿ ਗਾਂ ਇਕੋ ਵਛਾ ਦੇਂਦੀ ਹੈ ਪਰ ਸੂਰਾਂ ਦੇ ਬਹੁਤ ਸਾਰੇ ਬਚੇ ਹੁੰਦੇ ਹਨ? ਸੂਰਜ ਹੁਨਾਲ ਵਿਚ ਉਚਾ ਅਤੇ ਸਿਆਲ ਵਿਚ ਨੀਵਾਂ ਕਿਉਂ ਹੁੰਦਾ ਹੈ? ਬਾਰੀਆਂ ਦੇ ਸ਼ੀਸ਼ਿਆਂ ਉਤੇ ਜੰਮੀ ਬਰਫ਼ ਵਿਚ ਸੁਹਣੇ ਸੁਹਣੇ ਨਕਸ਼ ਕਿਉਂ ਬਣੇ ਹੁੰਦੇ ਹਨ? ਪਤ-ਝੜ ਦੀ ਰੁਤੇ ਰੁਖਾਂ ਦਾ ਰੰਗ ਪੀਲਾ ਕਿਉਂ ਹੋ ਜਾਂਦਾ ਹੈ?"

ਮੈਂ ਹਰ ਪ੍ਰਸ਼ਨ ਦਾ ਉਤਰ ਇਉਂ ਦੇਣ ਦਾ ਜਤਨ ਕੀਤਾ ਕਿ ਮੈਂ ਨਾ ਕੇਵਲ ਪ੍ਰਕਿਰਤੀ ਦੇ ਵਰਤਾਰਿਆਂ ਦਾ ਤਤ ਹੀ ਬਚਿਆਂ ਸਾਹਮਣੇ ਖੋਹਲਾਂ ਸਗੋਂ ਉਹਨਾਂ ਵਿਚ ਉਤਸੁਕਤਾ ਅਤੇ ਖੋਜ ਦਾ ਸ਼ੌਕ ਹੋਰ ਵੀ ਉਤੇਜਤ ਕਰਾਂ। ਬਚਿਆਂ ਦੇ ਪ੍ਰਸ਼ਨਾਂ ਦੇ ਉਤਰ, ਉਹਨਾਂ ਦੇ ਆਲੇ ਦੁਆਲੇ ਦੇ ਸੰਸਾਰ ਸੰਬੰਧੀ ਗਲ ਬਾਤ ਚਿੰਤਨ ਦੇ ਪਹਿਲੇ ਸਕੂਲ ਸਨ। ਮੈਨੂੰ ਕੁਝ ਪ੍ਰਸ਼ਨਾਂ ਦਾ ਉਤਰ ਦੇਣ ਦਾ ਢੰਗ ਨਾ ਆਇਆ। ਪ੍ਰਸ਼ਨ ਜਿਹੜਾ ਪਹਿਲਾਂ ਜਿੰਨਾ ਸਾਦਾ ਜਾਪਦਾ ਉਹਦਾ ਉਤਰ ਦੇਣਾ ਉਨਾਂ ਹੀ ਔਖਾ ਹੁੰਦਾ। ਮੈਂ ਮੁਢਲੇ ਸਕੂਲ ਦੇ ਅਧਿਆਪਕਾਂ ਨਾਲ ਗਲ ਬਾਤ ਕੀਤੀ, ਵਿਸ਼ੇਸ਼ ਤੌਰ ਉਤੇ ਉਹਨਾਂ ਤੋਂ ਇਸ ਸੰਬੰਧੀ ਸਲਾਹ ਲੈਣ ਲਈ ਕਿ ਬਚਿਆਂ ਦੇ "ਦਾਰਸ਼ਨਕ" ਪ੍ਰਸ਼ਨਾਂ ਦੇ ਉਤਰ ਕਿਵੇਂ ਦਿਆਂ। ਅਸੀਂ ਬਚਿਆਂ ਦੀ ਸੋਚ ਦੀਆਂ ਭੁਲ-ਭਲੀਆਂ ਸੰਬੰਧੀ ਵਿਚਾਰ ਕਰਦੇ ਹੋਏ ਪੂਰੀਆਂ ਸ਼ਾਮਾਂ ਬਿਤਾ ਦਿਤੀਆਂ। ਮੁਢਲੀਆਂ ਸ਼੍ਰੇਣੀਆਂ ਦੇ ਅਧਿਆਪਕਾਂ — ਬਚਿਆਂ ਦੇ ਸੋਚਣ ਸੰਬੰਧੀ ਮਾਹਿਰਾਂ — ਦੇ ਅਨੁਭਵ ਵਿਚ ਮੈਨੂੰ ਇਸ ਸਿਟੇ ਉਤੇ ਪੁਚਾਇਆ ਕਿ ਸਾਦੇ ਅਤੇ ਪ੍ਰਤਖ ਜਾਪਦੇ ਵਿਚ ਅਕਸਰ ਔਕੜਾਂ ਲੁਕੀਆਂ ਹੁੰਦੀਆਂ ਹਨ। ਇਕ ਪ੍ਰਸ਼ਨ ਦਾ ਕਿ "**ਤੁਸੀਂ ਸਿਆਲ ਦੀ ਕਣਕ ਪਤ-ਝੜ ਵਿਚ ਅਤੇ ਬਸੰਤ ਦੀਆਂ ਫ਼ਸਲਾਂ ਬਸੰਤ ਵਿਚ ਕਿਉਂ ਬੀਜਦੇ ਹੋ?**"

---

*ਕਹੂ ਦੀ ਇਕ ਕਿਸਮ ਦੇ ਪਾਣੀ ਉਤੇ ਝੁਕੇ ਹੋਣ ਕਾਰਨ, ਯੂਰਪੀ ਭਾਸ਼ਾਵਾਂ ਵਿਚ ਉਹਨੂੰ "ਰੋਣ ਵਾਲਾ" ਕਹੂ ਕਿਹਾ ਜਾਂਦਾ ਹੈ। — **ਅਨੁ:**

ਉਤਰ ਦੇਣਾ ਡਿਗਦੇ ਤਾਰਿਆਂ ਅਤੇ ਤਾਰੋਟਿਆਂ ਸੰਬੰਧੀ ਪ੍ਰਸ਼ਨ ਦਾ ਉਤਰ ਦੇਣ ਨਾਲੋਂ ਚੋਖਾ ਔਖਾ ਹੈ। ਮੈਂ ਪ੍ਰਕਿਰਤੀ ਦੇ ਸੰਸਾਰ ਵਿਚ "ਸਫ਼ਰਾਂ" ਨੂੰ ਅਜਿਹਾ ਬਣਾਉਂਦਾ ਰਿਹਾ ਕਿ ਬਚੇ ਵਸਤਾਂ ਅਤੇ ਵਰਤਾਰਿਆਂ ਵਿਚਕਾਰ ਕਾਰਨ ਅਤੇ ਪ੍ਰਭਾਵ ਦਾ ਸੰਬੰਧ ਵੇਖਣ ਅਤੇ ਨਿਰਭਰਤਾਵਾਂ ਨੂੰ ਮਹਤਵ-ਪੂਰਨ ਵਿਦਿਅਕ ਕਾਰਜ ਸਮਝਣ ਲਗ ਪੈਣ।

ਜੇ ਪ੍ਰਕਿਰਤੀ ਵਿਚ "ਸਫ਼ਰ" ਅਖ਼ੀਰੀ ਸਬਕ ਸਮੇਂ ਹੁੰਦੇ ਤਾਂ ਅਸੀਂ ਉਸ ਤੋਂ ਪਿਛੋਂ ਖੇਡਦੇ। ਬਚਿਆਂ ਆਪ ਖੇਡਾਂ ਦੀਆਂ ਟੋਲੀਆਂ ਬਣਾ ਲਈਆਂ। ਪ੍ਰਕਿਰਤੀ ਦੇ ਵਰਤਾਰਿਆਂ ਦਾ ਤਾਣਾ ਪੇਟਾ ਪਰੀ-ਕਹਾਣੀਆਂ ਨਾਲ ਰਲਿਆ ਹੋਇਆ ਸੀ। ਇਹ ਹੈ ਇਕ ਖੇਡ ਜਿਸ ਵਿਚ ਬਚੇ ਬਹੁਤ ਹੀ ਮਸਤ ਹੋ ਜਾਂਦੇ। ਇਹਦਾ ਨਾਂ ਸੀ "ਭੇਤ-ਭਰੇ ਟਾਪੂ ਦੀ ਭਾਲ"। ਅਸਾਂ ਆਪਣੇ ਆਪ ਨੂੰ ਦੋ ਹਿਸਿਆਂ ਵਿਚ ਵੰਡ ਲਿਆ। ਇਕ ਟੋਲੀ ਨੇ ਜੰਗਲ ਦੇ ਕਿਸੇ ਦੁਰਾਡੇ ਕੋਨੇ ਵਿਚ ਥਾਂ ਮਲ ਲਈ। ਅਸਾਂ ਖੇਡ ਦੀ ਥਾਂ ਨੂੰ ਨਿਸ਼ਾਨਿਆਂ ਦੀ ਇਕ ਲੜੀ ਨਾਲ ਘੇਰ ਦਿਤਾ, ਜਿਨ੍ਹਾਂ ਦਾ ਬਸ ਸਾਨੂੰ ਹੀ ਪਤਾ ਸੀ —ਇਹ ਟਾਪੂ ਦਾ ਚਟਾਨਾਂ ਵਾਲਾ ਤਟ ਸੀ, ਜਿਥੇ ਬਹੁਤ ਸਾਰੇ ਖ਼ੂੰਖ਼ਾਰ ਜੰਗਲੀ ਜਾਨਵਰ ਸਨ। ਭੇਤ-ਭਰੇ ਟਾਪੂ ਉਤਲੇ ਬਚੇ ਮੁਸਾਫ਼ਰ ਸਨ ਜਿਨ੍ਹਾਂ ਦਾ ਜਹਾਜ਼ ਤਬਾਹ ਹੋ ਗਿਆ ਸੀ। ਉਹਨਾਂ ਇਕ ਤੰਗ ਪਟੀ ਉਤੇ ਚੰਗੀ ਤਰ੍ਹਾਂ ਲੁਕਾਈਆਂ ਨਿਸ਼ਾਨੀਆਂ ਛਡੀਆਂ, ਜਿਹੜੀਆਂ ਟਾਪੂ ਵਲ ਰਾਹ ਵਿਖਾਉਂਦੀਆਂ ਸਨ (ਨਿਸ਼ਾਨੀਆਂ ਸੰਬੰਧੀ ਦੁਹਾਂ ਟੋਲੀਆਂ ਵਿਚ ਪਹਿਲਾਂ ਹੀ ਸੰਮਤੀ ਹੋ ਗਈ ਸੀ)। ਅਸਾਂ ਉਹਨਾਂ ਮੁਸਾਫ਼ਰਾਂ ਨੂੰ ਬਚਾਉਣਾ ਸੀ ਜਿਨ੍ਹਾਂ ਦਾ ਜਹਾਜ਼ ਤਬਾਹ ਹੋ ਗਿਆ ਸੀ ਅਤੇ ਬਚਿਆਂ ਨੇ ਪੈਰ ਪੈਰ, "ਤਟ" ਦੇ ਕਈ ਕਿਲੋਮੀਟਰਾਂ ਦੇ ਨਾਲ ਨਾਲ, ਉਹ ਥਾਂ ਲਭਦੇ ਹੋਏ ਜਿਨ੍ਹਾਂ ਤੋਂ ਪਾਰ ਬੰਦਾ ਟਾਪੂ ਤਕ ਅਪੜ ਸਕਦਾ ਸੀ, ਜੰਗਲ ਦਾ ਮੁਆਇਨਾ ਕੀਤਾ। ਇਥੇ ਕੇਵਲ ਤਿਖੀ ਨਿਗਾਹ ਅਤੇ ਦਲੇਰੀ ਦੀ ਹੀ ਲੋੜ ਸੀ ਸਗੋਂ ਪ੍ਰਕਿਰਤਕ ਵਰਤਾਰਿਆਂ ਦੀ ਪਰਖ ਕਰਨ ਅਤੇ ਤਰਕ-ਸੰਗਤ ਢੰਗ ਨਾਲ ਸੋਚਣ ਦੀ ਲੋੜ ਸੀ। ਇਹ ਖੇਡ ਇਮਾਨਦਾਰੀ ਅਤੇ ਸਚ ਬੋਲਣਾ ਵੀ ਸਿਖਾਉਂਦੀ। ਬਚਿਆਂ ਨੇ ਟਾਪੂ ਵਲ ਜਾਂਦਾ ਗੁਪਤ ਰਾਹ ਲਭ ਲਿਆ ਅਤੇ ਮੁਸਾਫ਼ਰਾਂ ਦੀ ਸਹਾਇਤਾ ਕੀਤੀ, ਉਹਨਾਂ ਬਿਮਾਰਾਂ ਨੂੰ ਹਸਪਤਾਲ ਭੇਜਿਆ। ਖੇਡ ਵਿਚ ਪਾਈਲਾਟ ਅਤੇ ਡਾਕਟਰ ਆ ਗਏ। ਖੇਡ ਦਾ ਅੰਤ ਤਬਾਹ ਹੋਏ ਜਹਾਜ਼ ਦੇ ਮੁਸਾਫ਼ਰਾਂ ਅਤੇ ਉਹਨਾਂ ਦੇ ਸਹਾਇਕਾਂ ਵਲੋਂ ਰਲ ਕੇ ਦਲੀਆ ਬਣਾਉਣ ਨਾਲ ਹੋਇਆ। ਅਸੀਂ ਅਗ ਦੁਆਲੇ ਬਹਿੰਦੇ ਅਤੇ ਮੈਂ ਪਰੀ-ਕਹਾਣੀ ਸੁਣਾਉਂਦਾ। ਕਈ ਬਚੇ ਉਸ ਕਹਾਣੀ ਦੇ ਚਿਤਰ ਵਾਹੁੰਦੇ ਜਿਹੜੀ ਮੈਂ ਸੁਣਾਉਂਦਾ, ਉਹ ਆਪਣੇ ਅਣੋਖੇ ਬਿੰਬਾਂ ਸੰਬੰਧੀ ਆਪਣੇ ਵਿਚਾਰਾਂ ਨੂੰ ਕਾਗ਼ਜ਼ ਉਤੇ ਪਾ ਦੇਂਦੇ।

ਪ੍ਰਕਿਰਤੀ ਵਿਚ "ਸਫ਼ਰਾਂ" ਦੇ ਸਮੇਂ ਪੰਛੀਆਂ ਅਤੇ ਪਸ਼ੂਆਂ ਦੇ ਜੀਵਨ ਨੂੰ ਗਹੁ ਨਾਲ ਵੇਖਣ ਵਲ ਵਿਸ਼ੇਸ਼ ਧਿਆਨ ਦਿਤਾ ਜਾਂਦਾ। ਇਕ ਉਕਾ ਹੀ ਨਵਾਂ, ਅਦਭੁਤ

ਸੰਸਾਰ ਸਾਡੇ ਸਾਹਮਣੇ ਖੁਲ੍ਹਾ। ਪਤ-ਝੜ ਦੇ ਸ਼ਾਂਤ ਦਿਨਾਂ ਨੂੰ ਅਸੀਂ ਝਾਉਆਂ ਦੇ ਇਕ ਪੂਰੇ ਝੋਲ ਨੂੰ ਆਪਣੇ ਘੁਰਨੇ ਵਿਚੋਂ ਆਪਣੀ ਮਾਂ ਦੇ ਪਿਛੇ ਚਲਦੇ ਵੇਖਦੇ ਅਤੇ ਇਹ ਵੇਖਦੇ ਕਿ ਉਹ ਉਹਨਾਂ ਦੀ ਰਖਿਆ ਕਿਵੇ ਕਰਦੀ। ਬਸੰਤ ਦੀ ਰੁਤੇ ਅਸੀਂ ਨਿਕੇ ਸਹਿਆਂ ਨੂੰ ਵੇਖਦੇ। ਬਚਿਆਂ ਇਹ ਵੇਖ ਲਿਆ ਕਿ ਕਿਵੇ ਇਕ ਸਹੇਟੀ ਮਾਂ ਨੇ ਆਪਣੇ ਨਵੇ ਜੰਮੇ ਬਚੇ ਨੂੰ ਸਦਾ ਲਈ, ਢਿਡ ਭਰੇ ਜਾਣ ਲਈ ਕਿਸੇ ਹੋਰ ਸਹੇ ਨਾਲ ਸਬਬੀ ਮਿਲਣ ਦੀ ਉਡੀਕ ਕਰਦੇ, ਆਪਣੀ ਕਿਸਮਤ ਦੇ ਹਵਾਲੇ ਕਰ ਦਿਤਾ। ਜੁਲਾਈ ਵਿਚ ਬਚਿਆਂ ਨੇ ਰੁਖਾਂ ਵਿਚ ਰਹਿਣ ਵਾਲੇ ਡਡੂਆਂ ਨੂੰ ਧਿਆਨ ਨਾਲ ਵੇਖਿਆ। ਇਕ ਦਿਨ ਅਸਾਂ ਇਕ ਦੁਰਾਡੀ ਥਾਂ ਇਕ ਲੂਮੜ ਦਾ ਘੁਰਨਾ ਵੇਖਿਆ। ਬਚਿਆਂ ਵੇਖਿਆ ਕਿਵੇ ਲੂਮੜੀ ਆਪਣੇ ਬਚਿਆਂ ਨੂੰ ਸੈਰਾਂ ਕਰਨ ਲੈ ਜਾਂਦੀ, ਉਹਨਾਂ ਨੂੰ ਨਠਣਾ ਸਿਖਾਉਂਦੀ ਅਤੇ ਉਹਨਾਂ ਨਾਲ ਖੇਡਦੀ। ਜੰਗਲ ਦੀ ਇਕ ਦੁਰਾਡੀ ਨੁਕਰੇ ਅਸਾਂ ਊਦ-ਬਿਲਿਆਂ ਨੂੰ ਵੇਖਿਆ।

ਸਾਡੇ ਸਫ਼ਰਾਂ ਅਤੇ ਗਹੁ ਨਾਲ ਵੇਖਣ ਨੇ ਸਾਡੇ ਚਿੰਤਨ ਨੂੰ ਭਰਪੂਰ ਬਣਾਇਆ ਅਤੇ ਬੋਲੀ ਅਤੇ ਪ੍ਰਗਟਾਅ ਨੂੰ ਵਿਕਸਤ ਕੀਤਾ। ਸਫ਼ਰਾਂ ਅਤੇ ਸੈਰਾਂ ਦੇ ਦੌਰਾਨ ਬਚਿਆਂ ਦੇ ਮਨਾਂ ਵਿਚ ਜਿੰਨੇ ਵਧੇਰੇ ਪ੍ਰਸ਼ਨ ਉਠਦੇ, ਉਹਨਾਂ ਦੀ ਉਤਸੁਕਤਾ ਅਤੇ ਖੋਜੀਪੁਣਾ ਸ੍ਰੇਣੀ ਵਿਚ ਪ੍ਰਕਿਰਤੀ ਦੇ ਪ੍ਰਗਟਾਆਂ, ਕੰਮ ਅਤੇ ਦੁਰਾਡੇ ਦੇਸਾਂ ਸੰਬੰਧੀ ਗਲ ਬਾਤ ਸਮੇ ਉਨੇ ਹੀ ਨਿਥਰ ਜਾਂਦੇ। ਪ੍ਰਕਿਰਤੀ ਵਿਚ "ਸਫ਼ਰਾਂ" ਤੋ ਪਿਛੋ ਬਚਿਆਂ ਦੀ ਭਾਵੁਕ ਪ੍ਰਸਥਿਤੀ ਵੇਖਦੇ ਹੋਏ, ਮੈਨੂੰ ਪ੍ਰਾਚੀਨ ਅਕਲ ਦੀ ਸਚਾਈ ਦਾ ਉਨਾ ਹੀ ਵਧੇਰੇ ਨਿਸ਼ਚਾ ਹੁੰਦਾ ਗਿਆ: ਗਿਆਨ ਲਈ ਪਿਆਰ ਅਚੰਭੇ ਵਿਚ ਸ਼ੁਰੂ ਹੁੰਦਾ ਹੈ।

ਮੈਂ ਪ੍ਰਕਿਰਤੀ ਦੇ ਇਹਨਾਂ ਭੇਤਾਂ ਦੇ ਸਨਮੁਖ ਇਸ ਅਚੰਭੇ, ਲਭਤ ਉਤੇ ਖੁਸ਼ੀ ਨੂੰ ਬਚਿਆਂ ਨੂੰ ਚੇਤਨ ਕਰਨ ਅਤੇ ਸਰਗਰਮ ਬਣਾਉਣ ਲਈ ਵਰਤਣ ਦਾ ਜਤਨ ਕੀਤਾ। ਸਾਡੀ ਸ੍ਰੇਣੀ ਵਿਚ ਅਜਿਹੇ ਬਚੇ ਸਨ, ਜਿਨ੍ਹਾਂ ਨੂੰ ਗ਼ੈਰ-ਪੇਚਦਾਰ ਪ੍ਰਸ਼ਨਾਂ ਨੂੰ ਸਮਝਣ ਲਈ ਕਾਫ਼ੀ ਸਮਾਂ ਲਗਦਾ (ਵਾਲੀਆ, ਪੈਤਰਿਕ ਅਤੇ ਨੀਨਾ)। ਹਰ ਹਾਲਤ ਵਿਚ ਕਾਰਨ ਵਖ ਵਖ ਸਨ ਪਰ ਸਿਟੇ ਇਕੋ ਹੀ ਸਨ: ਇਹਨਾਂ ਬਚਿਆਂ ਵਿਚ ਦਿਮਾਗ਼ ਦੇ ਬਾਹਰਲੇ ਹਿਸੇ ਦੀਆਂ ਖੋਲੀਆਂ ਕਿਸੇ ਤਰ੍ਹਾਂ ਦਬੀ ਹਾਲਤ ਵਿਚ ਸਨ। ਮੈਂ ਸ੍ਰੇਣੀ ਨੂੰ ਜੋ ਕੁਝ ਸਮਝਾਉਂਦਾ, ਬਚੇ ਉਸ ਵਲੋਂ ਲਾਪਰਵਾਹ ਰਹਿੰਦੇ।

ਇਹਨਾਂ ਬਚਿਆਂ ਦੀ ਸੋਚ ਕਸਰਵੰਦੀ ਸੀ, ਜਿਸਦੀ ਵਿਆਖਿਆ ਉਹਨਾਂ ਦੇ ਦਿਮਾਗ਼ਾਂ ਦੇ ਬਾਹਰਲੇ ਹਿਸੇ ਦੀਆਂ ਖੋਲੀਆਂ ਦੀ ਬੇਹਰਕਤੀ ਅਤੇ ਸਿਥਲਤਾ ਸੰਬੰਧੀ ਮੇਰੇ ਸਿਟੇ ਨੂੰ ਪਕਾ ਕਰਦੀ। ਘਾਟਾਂ ਇਸ ਗਲ ਵਿਚ ਸਨ ਕਿ ਬਚਿਆਂ ਲਈ ਕਈ ਤਥਾਂ ਅਤੇ ਵਰਤਾਰਿਆਂ ਵਿਚਕਾਰ ਸੰਬੰਧ ਮਿਥਣਾ ਅਤੇ ਵਿਸ਼ੇਸ਼ ਤੌਰ ਉਤੇ ਚੇਤੇ ਰਖਣਾ ਔਖਾ ਸੀ। ਉਦਾਹਰਣ ਵਜੋ ਮੈਂ ਸਿਉਆਂ, ਟੋਕਰੀਆਂ ਅਤੇ ਬਚਿਆਂ ਸੰਬੰਧੀ ਇਕ ਪ੍ਰਸ਼ਨ ਦਿਤਾ। ਜਿਥੇ ਕਿ ਬਚੇ ਨੇ ਸਿਉਆਂ ਅਤੇ ਟੋਕਰੀਆਂ ਸੰਬੰਧੀ ਸੋਚਿਆ, ਉਹ

ਬਚਿਆਂ ਸੰਬੰਧੀ ਭੁਲ ਗਿਆ। ਜਦੋਂ ਉਹਨੂੰ ਬਚਿਆਂ ਸੰਬੰਧੀ ਯਾਦ ਰਿਹਾ ਤਾਂ ਉਹ ਸਿਉਆਂ ਅਤੇ ਟੋਕਰੀਆਂ ਸੰਬੰਧੀ ਭੁਲ ਗਿਆ। ਅਤੇ ਇਉਂ ਆਲੇ ਦੁਆਲੇ ਦੇ ਸੰਸਾਰ ਦੀਆਂ ਵਸਤਾਂ ਅਤੇ ਵਰਤਾਰਿਆਂ ਵਿਚਕਾਰ ਕਾਰਨ ਅਤੇ ਪ੍ਰਭਾਵ ਸੰਬੰਧੀ ਸੋਚਾਂ ਦੇ ਡੂੰਘੇ ਹੋਣ ਨੇ, ਨਿਕੀਆਂ ਲਭਤਾਂ ਅਤੇ ਸਚ ਦੇ ਸਨਮੁਖ ਅਚੰਭੇ ਦੀ ਭਾਵਨਾ ਨੇ—ਇਸ ਸਭ ਕੁਝ ਨੇ ਵਾਲੀਆ, ਪੈਤਰਿਕ ਅਤੇ ਨੀਨਾ ਨੂੰ ਬਹੁਤ ਖ਼ੁਸ਼ੀ ਦਿਤੀ। ਬਚਿਆਂ ਨੇ ਇਕ ਬਹੁਤ ਵਡਾ ਆਤਮਕ ਹੁਲਾਰਾ ਅਨੁਭਵ ਕੀਤਾ। ਉਹਨਾਂ ਦੀਆਂ ਅਖਾਂ ਵਿਚ ਉਤੇਜਨਾ ਦੀ ਲੋਅ ਜਗ ਪਈ। ਲਾਪਰਵਾਹੀ ਲੋਪ ਹੋ ਗਈ ਅਤੇ ਅਧਿਆਨ ਦੀ ਵਸਤੂ ਵਿਚ ਨਿਜੀ ਰੋਚਕਤਾ ਪੈਦਾ ਹੋਈ। ਜੇ ਮੈਂ ਅਜਿਹਾ ਪ੍ਰਸ਼ਨ ਜਗਾ ਸਕਿਆ, ਜਿਸ ਵਿਚ ਬਚੇ ਵਿਚ ਸਪਸ਼ਟ ਭਾਵੁਕ ਰੰਗਣ ਵੇਖੀ ਜਾ ਸਕਦੀ ਸੀ ਤਾਂ ਉਸ ਸਮੇਂ ਬਚੇ ਦੇ ਦਿਮਾਗ਼ ਵਿਚ ਗਤੀਸ਼ੀਲ ਅਮਲ ਚਲ ਰਹੇ ਸਨ, ਜਿਵੇਂ ਉੱਘਦੀਆਂ ਸ਼ਕਤੀਆਂ ਜਾਗ ਪਈਆਂ ਹੋਣ। ਮੈਨੂੰ ਖ਼ੁਸ਼ੀ ਨਾਲ ਨਿਸ਼ਚਾ ਹੋਇਆ ਕਿ—ਜਿਥੋਂ ਤਕ ਦਿਮਾਗ਼ੀ ਵਿਕਾਸ ਦਾ ਸੰਬੰਧ ਹੈ—ਸਭ ਤੋਂ ਵਧ ਪੇਚਦਾਰ ਬਚੇ ਸਦਾ ਵਧੇਰੇ ਜਾਗਣ ਲਗ ਪਏ ਸਨ। ਉਹ ਉਤਸੁਕਤਾ ਨਾਲ ਕਹਾਣੀਆਂ ਸੁਣਦੇ, ਮਸਲੇ ਨੂੰ ਚੰਗੇਰੀ ਤਰ੍ਹਾਂ ਸਮਝਦੇ। ਮੈਂ ਆਪਣੇ ਸਿਟੇ ਮੁਢਲੀਆਂ ਸ਼੍ਰੇਣੀਆਂ ਦੇ ਅਧਿਆਪਕਾਂ ਨਾਲ ਸਾਂਝੇ ਕੀਤੇ ਅਤੇ ਅਸਾਂ ਇਸ ਕੰਮ ਨੂੰ **ਤਰਕ ਦਾ ਭਾਵੁਕ ਜਾਗਣਾ** ਦਾ ਨਾਂ ਦਿਤਾ।

ਮੈਂ ਇਹ ਸਮਝਣ ਦਾ ਜਤਨ ਕੀਤਾ ਕਿ ਜਦੋਂ ਅਧਿਆਪਕ ਉਹਨਾਂ ਵਿਚ ਹਥਲੇ ਵਿਸ਼ੇ ਸੰਬੰਧੀ ਰੋਚਕਤਾ ਜਗਾ ਸਕਿਆ ਤਾਂ ਵਾਲੀਆ, ਪੈਤਰਿਕ ਅਤੇ ਨੀਨਾ ਜਿਹੇ ਬਚਿਆਂ ਦੇ ਮਨ ਵਿਚ ਕੀ ਬੀਤ ਰਹੀ ਹੋਵੇਗੀ। ਮੈਂ ਜੀਵ-ਵਿਗਿਆਨੀਆਂ, ਸਰੀਰ-ਕਿਰਿਆ-ਵਿਗਿਆਨੀਆਂ, ਮਨੋ-ਵਿਗਿਆਨੀਆਂ, ਸਿਖਿਅਕਾਂ ਅਤੇ ਤੰਤੂ-ਵਿਗਿਆਨੀਆਂ ਦੀਆਂ ਕਿਰਤਾਂ ਪੜ੍ਹੀਆਂ। ਉਘੇ ਆਲਮ ਸਿਗਮੰਡ ਫ਼ਰਾਇਡ (੧੮੫੬-੧੯੩੯) ਦੀਆਂ ਕਿਰਤਾਂ ਵਿਚ ਮੈਨੂੰ ਦਿਮਾਗ਼ ਦੀ ਬਾਹਰਲੀ ਪਰਤ ਅਤੇ ਉਹਦੇ ਐਨ ਹੇਠਲੇ ਕੇਂਦਰਾਂ ਦੀਆਂ ਖੋਲੀਆਂ ਵਿਚਕਾਰ ਪ੍ਰਸਪਰ ਅਮਲ ਸੰਬੰਧੀ ਰੋਚਕ ਵਿਚਾਰ ਲਭਾ। ਫ਼ਰਾਇਡ ਬਾਹਰਲੀ ਪਰਤ ਤੋਂ ਐਨ ਹੇਠਲੇ ਕੇਂਦਰਾਂ ਨੂੰ ਚਿੰਤਨ ਵਿਚ ਨਿਰਣਾਇਕ ਰੋਲ ਦੇਂਦਾ ਹੈ ਜਿਹੜੇ, ਜਿਹਾ ਕਿ ਅਨੇਕ ਖੋਜਕਾਰਾਂ ਨੇ ਸਾਬਤ ਕੀਤਾ ਹੈ, ਇਹ ਮਨੁਖੀ ਮਨ ਦੇ ਭਾਵੁਕ ਅਮਲਾਂ ਨੂੰ ਨੇਮ-ਬਧ ਕਰਦੇ ਹਨ। ਆਲਮ ਭਾਵਨਾ ਅਤੇ ਤਰਕ ਨੂੰ ਘੋੜੇ ਅਤੇ ਸਵਾਰ ਨਾਲ ਤੁਲਨਾ ਦੇਂਦਾ ਹੈ; ਉਹਦੀ ਰਾਏ ਵਿਚ ਘੋੜਾ ਰਾਹ ਮਿਥਦਾ ਹੈ (ਅਰਥਾਤ ਭਾਵਨਾ—ਬਾਹਰਲੀ ਪਰਤ ਤੋਂ ਐਨ ਹੇਠਲੇ ਕੇਂਦਰ)। ਘੁੜਸਵਾਰ ਨੂੰ ਉਥੇ ਲੈ ਜਾਂਦਾ ਹੈ ਜਿਥੇ ਉਹ ਜਾਣਾ ਚਾਹੁੰਦਾ ਹੈ ਪਰ ਅਜਿਹਾ ਇੰਨੀ ਚਤੁਰਾਈ ਨਾਲ ਕਰਦਾ ਹੈ ਕਿ ਸਵਾਰ ਸਮਝਦਾ ਹੈ ਉਹ ਘੋੜੇ ਨੂੰ ਚਲਾ ਰਿਹਾ ਹੈ। ਸੋ ਫ਼ਰਾਇਡ ਅਨੁਸਾਰ ਮੁਖ ਗਲ ਬਾਹਰਲੀ ਪਰਤ ਨਹੀਂ ਸਗੋ ਉਸ ਤੋਂ ਐਨ ਹੇਠਲੀ ਪਰਤ।

ਫ਼ਰਾਇਡ ਦੇ ਬਹੁਤ ਸਾਰੇ ਦੋ-ਟੂਕ ਦਾਹਵਿਆਂ ਨੂੰ ਰਦ ਕਰਦੇ ਹੋਏ ਮਹਾਨ ਰੂਸੀ ਸਰੀਰ-ਕਿਰਿਆ-ਵਿਗਿਆਨੀ ਈ. ਪ. ਪਾਵਲੋਵ (੧੮੪੯-੧੯੩੬) ਦਾ ਵੀ ਖ਼ਿਆਲ ਸੀ ਕਿ ਉਪਰਲੀ ਪਰਤ ਨਾਲੋਂ ਹੇਠਲੀ ਦੀ ਮਹਾਨ ਮਹਤਤਾ ਹੈ। ਉਹਨੇ ਲਿਖਿਆ ਕਿ ਦਿਮਾਗ਼ ਦੀ ਉਪਰਲੀ ਪਰਤ ਦੀ ਸਰਗਰਮੀ ਲਈ ਮੁਖ ਉਤੇਜਕ ਉਸਤੋਂ ਐਨ ਹੇਠਲੀ ਪਰਤ ਵਿਚੋਂ ਆਉਂਦਾ ਹੈ ਅਤੇ ਜੇ ਅਸੀਂ ਇਹਨਾਂ ਭਾਵਨਾਵਾਂ ਨੂੰ ਵਖ ਕਰ ਦਈਏ ਤਾਂ ਉਪਰਲੀ ਪਰਤ ਦਾ ਸ਼ਕਤੀ ਦਾ ਮੁਖ ਸੋਮਾ ਜਾਂਦਾ ਰਹੇਗਾ। ਪਰ ਪਾਵਲੋਵ ਅਨੁਸਾਰ ਮਨੁਖੀ ਚਿੰਤਨ ਅਤੇ ਵਤੀਰੇ ਨੂੰ ਮੁਖ ਨਮਿਤਣ ਵਾਲੇ ਦਾ ਰੋਲ ਦਿਮਾਗ਼ ਦੇ ਉਪਰਲੇ ਹਿਸੇ ਦੀ ਉਪਰਲੀ ਪਰਤ ਅਦਾ ਕਰਦੀ ਹੈ (ਸਵਾਰ ਘੋੜੇ ਨੂੰ ਰੋਕ ਸਕਦਾ ਅਤੇ ਪਿਛੇ ਵਲ ਮੋੜ ਸਕਦਾ ਹੈ)।

ਬਚਿਆਂ ਦੀ ਬੌਧਕ ਕਿਰਤ ਨੂੰ ਗਹੁ ਨਾਲ ਵੇਖਣ ਤੋਂ ਮੈਂ ਇਸ ਸਿਟੇ ਉਤੇ ਅਪੜਿਆ ਕਿ ਉਪਰਲੀ ਪਰਤ ਤੋਂ ਐਨ ਹੇਠਲੀ ਪਰਤ ਵਲੋਂ ਉਪਰਲੀ ਪਰਤ ਨੂੰ ਮਿਲਣ ਵਾਲੇ ਸੰਕੇਤ (ਖ਼ੁਸ਼ੀ ਭਰੀ ਉਤੇਜਨਾ, ਅਚੰਭੇ, ਹੈਰਾਨ ਦੀ ਭਾਵਨਾ) ਉਪਰਲੀ ਪਰਤ ਦੀਆਂ ਸੁਤੀਆਂ ਖੋਲੀਆਂ ਨੂੰ ਜਗਾ ਕੇ, ਸਰਗਰਮ ਕਰਦੇ ਹਨ। ਅਨੁਭਵ ਨੇ ਵਿਖਾਇਆ ਹੈ ਕਿ ਇਹ ਲਾਜ਼ਮੀ ਹੈ ਕਿ ਨਿਕੇ ਬਚਿਆਂ ਦੀ ਬੌਧਕ ਵਿਦਿਆ ਉਹਨਾਂ ਵਿਚ ਗਿਆਨ ਲਈ ਲੋੜ—ਪੁਛ-ਗਿਛ ਦਾ ਸ਼ੌਕ, ਚੀਸਤੀਪੁਣਾ—ਪੈਦਾ ਕਰਨ ਦੇ ਰਾਹ ਉਤੇ ਪਵੇ।

ਪ੍ਰਕਿਰਤੀ ਵਿਚ "ਸਫ਼ਰ" ਮੁਦਲੀਆਂ ਸ਼੍ਰੇਣੀਆਂ ਵਿਚ ਪ੍ਰੰਪਰਾ ਬਣ ਗਏ। ਬਚੇ ਬੇਸਬਰੀ ਨਾਲ ਜੰਗਲ, ਖੇਤ ਜਾਂ ਛਪੜ ਵਲ ਫੇਰੀਆਂ ਦੀ ਉਡੀਕ ਕਰਦੇ ਅਤੇ ਪਹਿਲਾਂ ਤੋਂ ਖੇਡਾਂ ਸੋਚ ਰਖਦੇ। ਬਚਿਆਂ ਦੀਆਂ ਮਨ-ਪਸੰਦ ਖੇਡਾਂ ਉਹ ਸਨ, ਜਿਨ੍ਹਾਂ ਦਾ ਸੰਬੰਧ ਔਕੜਾਂ ਉਤੇ ਕਾਬੂ ਪਾਉਣਾ ਹੁੰਦਾ, ਖੇਡਾਂ ਜਿਨ੍ਹਾਂ ਵਿਚ ਬਚੇ ਅਸਲੀ ਜਾਂ ਲੋਕ ਨਾਇਕ ਬਣ ਜਾਂਦੇ। ਜਦੋਂ ਉਹ ਦੂਜੀ ਸ਼੍ਰੇਣੀ ਵਿਚ ਸਨ ਤਾਂ ਮੈਂ ਉਹਨਾਂ ਨੂੰ ਰਾਬਿਨਸਨ ਕਰੂਸੋ* ਸੰਬੰਧੀ ਦਸਿਆ ਅਤੇ ਇਕ ਸੁਆਦਲੀ ਖੇਡ ਸ਼ੁਰੂ ਹੋ ਗਈ ਜਿਹੜੀ ਕਈ ਮਹੀਨੇ ਚਲਦੀ ਰਹੀ। ਸਪਾਰਟਾਕਸ** ਸੰਬੰਧੀ ਕਹਾਣੀ ਪਿਛੋਂ ਦਰੁਗ ਉਤਲੀ ਚੋਟੀ ਦੇ ਕੋਲ ਉਚੀ ਪਹਾੜੀ ਉਤੇ ਬਾਗ਼ੀ ਗ਼ੁਲਾਮਾਂ ਦਾ ਇਕ ਕਾਲਪਨਿਕ ਡੇਰਾ ਲਾਇਆ ਗਿਆ। ਬਚੇ ਪ੍ਰਾਚੀਨ ਅਤੀਤ ਵਿਚ ਸਾਡੇ ਇਲਾਕੇ ਵਿਚ ਰਹਿਣ ਵਾਲੇ ਸਕਾਈਥਿਆਈ ਪਸ਼ੂ-ਪਾਲਕਾਂ, ਸ਼ਿਕਾਰੀਆਂ ਅਤੇ ਮਾਛੀਆਂ ਸੰਬੰਧੀ ਕਹਾਣੀਆਂ ਸੁਣਕੇ ਇੰਨੇ ਹੁਲਾਸੇ ਗਏ ਕਿ ਉਹਨਾਂ ਇਕ ਖੇਡ ਬਣਾਈ ਜਿਨ੍ਹਾਂ ਵਿਚ ਉਹਨਾਂ ਪ੍ਰਾਚੀਨ ਮਿਹਨਤਕਸ਼ਾਂ ਵਾਂਗ ਰਹਿਣ ਅਤੇ ਕੰਮ ਕਰਨ ਦਾ ਪਜ ਬਣਾਇਆ।

---

*ਅੰਗ੍ਰੇਜ਼ ਨਾਵਲ-ਲੇਖਕ ਡੇਨੀਅਲ ਡੈਫ਼ੋ ਦੀ ਇਸੇ ਦੇ ਨਾਂ ਨਾਵਲ ਦਾ ਨਾਇਕ ਜਿਹੜਾ ਇਕ ਲੁਗੇ ਟਾਪੂ ਉਤੇ ਕਈ ਵਰ੍ਹੇ ਕਲ-ਮੁਕਲਾ ਰਹਿ ਗਿਆ।—ਅਨੁ:

**ਪ੍ਰਾਚੀਨ ਰੋਮ ਵਿਚ ਬਗ਼ਾਵਤ ਕਰਨ ਵਾਲੇ ਗ਼ੁਲਾਮਾਂ ਦਾ ਆਗੂ।—ਅਨੁ:

ਪੜ੍ਹਾਈ ਦਾ ਦਿਮਾਗ਼ੀ ਅਤੇ ਸਰੀਰਕ ਬਲ ਦੀਆਂ ਬਹੁ-ਪਖੀ ਖੇਡਾਂ ਨਾਲ ਤਕੜਾ ਸੰਬੰਧ ਹੋਣਾ ਚਾਹੀਦਾ ਹੈ ਤਾਂ ਜੁ ਖੇਡਾਂ ਸਪਸ਼ਟ, ਉਤੇਜਕ ਭਾਵਨਾਵਾਂ ਜਗਾਉਣ ਅਤੇ ਆਲੇ ਦੁਆਲੇ ਦਾ ਸੰਸਾਰ ਬਚਿਆਂ ਸਾਹਮਣੇ ਇਕ ਰੋਚਕ ਕਿਤਾਬ ਵਾਂਗ ਆਵੇ, ਜਿਹੜੀ ਉਹ ਪੜ੍ਹਨਾ ਚਾਹੁਣ। ਪ੍ਰਕਿਰਤੀ ਵਿਚ "ਸਫ਼ਰਾਂ" ਅਤੇ ਖੇਡਾਂ ਤੋਂ ਬਿਨਾਂ ਸਰੀਰਕ ਕਿਰਤ ਬੌਧਕ ਅਤੇ ਸਰੀਰਕ ਬਲ ਦੇ ਵਿਕਾਸ ਦਾ ਇਕ ਵਿਸ਼ਾਲ ਖੇਤਰ ਬਣ ਗਈਆਂ। ਕਿਰਤ ਸਰਗਰਮੀ ਦੀ ਖ਼ੁਸ਼ੀ-ਭਰੀ, ਉਤੇਜਕ ਭਾਵਨਾ ਤੋਂ ਬਿਨਾਂ ਸਚੇ ਖ਼ੁਸ਼ ਬਚਪਨ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਅਨੁਭਵ ਤੋਂ ਪਤਾ ਲਗਦਾ ਹੈ ਕਿ ਛੋਟੇ ਬਚੇ ਲਈ ਸਰੀਰਕ ਕਿਰਤ ਕੇਵਲ ਯੋਗਤਾਵਾਂ ਅਤੇ ਆਦਤਾਂ ਪ੍ਰਾਪਤ ਕਰਨਾ ਹੀ ਨਹੀਂ, ਕੇਵਲ ਸਦਾਚਾਰਕ ਵਿਦਿਆ ਹੀ ਨਹੀਂ, ਸਗੋਂ ਚਿੰਤਨ ਦਾ ਅਸੀਮ, ਹੈਰਾਨ ਕਰਨ ਦੀ ਹਦ ਤਕ ਭਰਪੂਰ ਸੰਸਾਰ ਵੀ ਹੈ। ਇਹ ਸੰਸਾਰ ਸਦਾਚਾਰ, ਬੌਧਕ ਅਤੇ ਸੁਹਜ-ਸੁਆਦ ਦੀਆਂ ਭਾਵਨਾਵਾਂ ਜਗਾਉਂਦਾ ਹੈ, ਜਿਨ੍ਹਾਂ ਤੋਂ ਬਿਨਾਂ ਸੰਸਾਰ ਨੂੰ ਜਾਣਨਾ ਅਸੰਭਵ ਹੈ ਅਤੇ ਇਹਦਾ ਅਰਥ ਪੜ੍ਹਾਈ ਵੀ ਹੈ। ਵਾਰੋ ਵਾਰੀ ਸਰੀਰਕ ਕਿਰਤ ਅਤੇ ਪੜ੍ਹਾਈ ਬਚੇ ਲਈ ਇਕ ਸੁਪਨਿਆਂ ਅਤੇ ਰਚਨਾਤਮਕਤਾ ਦੇ ਸੰਸਾਰ ਵਿਚ ਇਕ ਉਤੇਜਨਾ-ਭਰਪੂਰ ਸਫ਼ਰ ਬਣਦੇ ਹਨ। ਐਨ ਸਰੀਰਕ ਕਿਰਤ ਦੇ ਅਮਲ ਦੇ ਦੌਰਾਨ ਮੇਰੇ ਵਿਦਿਆਰਥੀਆਂ ਵਿਚ ਮਨ ਦੀਆਂ ਮਹਤਵ-ਪੂਰਨ ਸਿਫ਼ਤਾਂ: ਚੀਸਤੀਪੁਣਾ, ਪੁਛ-ਗਿਛ ਦਾ ਸ਼ੌਕ, ਸੋਚ ਦੀ ਲਚਕ ਅਤੇ ਪ੍ਰਗਟਾਅ ਦੀ ਸਪਸ਼ਟਤਾ ਨੇ ਰੂਪ ਧਾਰਿਆ।

ਜੇ ਬਚੇ ਦੇ ਜੀਵਨ ਵਿਚ ਸਰੀਰਕ ਕਿਰਤ ਵਿਚ ਪ੍ਰੇਰਨਾ-ਭਰਪੂਰ ਵਿਚਾਰ ਹੋਵੇ ਤਾਂ ਬੌਧਕ ਕਿਰਤ ਸਬਕਾਂ ਸਮੇ ਵਿਕਸਤ ਕਰਨ ਅਤੇ ਭਰਪੂਰ ਬਣਾਉਣ ਵਾਲੀ ਮਨ-ਪਸੰਦ, ਰੋਚਕ ਗਲ ਬਣ ਜਾਂਦੀ ਹੈ। ਦੂਜੀ ਸ਼੍ਰੇਣੀ ਵਿਚ ਅਸੀਂ ਆਪਣਾ ਮਨ-ਪਸੰਦ ਕੰਮ ਹਫ਼ਤੇ ਵਿਚ ਇਕ ਘੰਟੇ ਲਈ ਕਰਦੇ ਅਤੇ ਬਚੇ ਉਹਨਾਂ ਕੰਮਾਂ ਵਿਚ ਰੁਝ ਜਾਂਦੇ ਜਿਨ੍ਹਾਂ ਵਿਚ ਉਹ ਸੋਚਾਂ ਅਤੇ ਭਾਵਨਾਵਾਂ ਨਾਲ ਨਿਪੁੰਨਤਾ ਪ੍ਰਾਪਤ ਸਕਦੇ ਸਨ। ਤੀਜੀ ਅਤੇ ਚੌਥੀ ਵਿਚ ਅਸੀਂ ਆਪਣਾ ਮਨ-ਪਸੰਦ ਕੰਮ ਹਫ਼ਤੇ ਵਿਚ ਦੋ ਘੰਟੇ ਲਈ ਕਰਦੇ।

ਮਨ-ਪਸੰਦ ਕੰਮ।... ਇਹਦਾ ਅਰਥ ਇਹ ਨਹੀਂ ਕਿ ਅਧਿਆਪਕ ਬੇਹਰਕਤ ਤੌਰ ਉਤੇ ਉਸ ਸਮੇ ਤਕ ਉਡੀਕੇ ਜਦੋਂ ਕਿਸੇ ਗਲ ਵਿਚ ਬਚੇ ਦੀ ਰੋਚਕਤਾ ਜਾਗ ਪਵੇ। ਆਮ ਤੌਰ ਉਤੇ ਕੁਲ ਵਿਦਿਅਕ ਕੰਮ ਵਾਂਗ ਕਿਸੇ ਗਲ ਨੂੰ ਆਪਣੇ ਰਾਹ ਨਹੀਂ ਚਲਣ ਦੇਣਾ ਚਾਹੀਦਾ। ਇਹ ਲਾਜ਼ਮੀ ਹੈ ਕਿ ਬਚਿਆਂ ਦੁਆਲੇ ਕਰਨ ਜੋਗ ਰੋਚਕ ਗਲਾਂ ਦਾ ਘੇਰਾ ਹੋਵੇ। ਗਭਰੇਟ ਅਤੇ ਜੁਆਨ ਲੋਕ ਮੇਰੇ ਵਿਦਿਆਰਥੀਆਂ ਦੇ ਸਾਰੇ ਪਾਸੇ ਕੰਮ ਕਰ ਰਹੇ ਸਨ। ਸਾਰੇ ਬਚੇ ਦਰਜਨਾਂ ਸੁਆਦੀ ਗਲਾਂ ਕਰਕੇ ਹੁਲਾਸੇ ਗਏ। ਉਹਨਾਂ ਰੁਖ ਅਤੇ ਫ਼ਸਲਾਂ ਲਾਈਆਂ, ਮਸ਼ੀਨਾਂ ਅਤੇ ਪ੍ਰਕਿਰਣਾਂ ਦੇ ਨਮੂਨੇ ਬਣਾਏ, ਮਿਟੀ ਦੇ ਮਿਸ਼ਰਣ ਬਣਾਏ, ਪਸ਼ੂਆਂ ਦਾ ਧਿਆਨ

ਰਖਿਆ, ਨਵੇਂ ਗਰਮ-ਖਾਨਿਆਂ ਅਤੇ ਵਰਕਸ਼ਾਪ ਦੀ ਉਸਾਰੀ ਲਈ ਕੰਮ ਕੀਤਾ ਜਾਂ ਪਾਣੀ ਦੇ ਪਾਈਪ ਵਿਛਾਏ।

ਖੋਜ, ਚੀਸਤੀਪੁਣੇ ਅਤੇ ਪੁਛ-ਗਿਛ ਦਾ ਸ਼ੌਕ ਬਚਿਆਂ ਵਿਚ ਕਿਰਤ ਲਈ ਰੋਚਕਤਾ ਪੈਦਾ ਕਰਦਾ ਹੈ। ਮੇਰਾ ਨੀਤੀ ਵਾਕ ਸਦਾ ਰਿਹਾ ਹੈ: ਕਿਰਤ ਆਪਣੇ ਆਪ ਵਿਚ ਮੰਤਵ ਨਹੀਂ, ਸਗੋਂ ਵਿਦਿਅਕ ਅਮਲ ਵਿਚ ਅਨੇਕ ਵਖ ਵਖ ਮੰਤਵ — ਸਮਾਜੀ, ਵਿਚਾਰਧਾਰਕ, ਸਦਾਚਾਰਕ, ਬੌਧਕ, ਰਚਨਾਤਮਕ, ਸੁਹਜ-ਸੁਆਦ ਸੰਬੰਧੀ ਅਤੇ ਭਾਵੁਕ — ਪ੍ਰਾਪਤ ਕਰਨ ਦਾ ਸਾਧਨ ਹੈ।

ਜੇ ਉਹ ਚਿੰਤਨ, ਭਾਵਨਾ, ਰਚਨਾਤਮਕਤਾ, ਸੁਹਪਣ ਅਤੇ ਖੇਡਾਂ ਦੀ ਤਿਖੀ ਲੋ ਨਾਲ ਰੁਸ਼ਨਾਇਆ ਹੋਵੇ ਤਾਂ ਪੜ੍ਹਨਾ ਬਚਿਆਂ ਲਈ ਰੋਚਕ, ਲੀਨ ਕਰਨ ਵਾਲੀ ਗਲ ਬਣ ਜਾਂਦੀ ਹੈ। ਪੜ੍ਹਾਈ ਵਿਚ ਸਫਲਤਾ ਸੰਬੰਧੀ ਮੇਰੀ ਫ਼ਿਕਰਮੰਦੀ ਇਹਨਾਂ ਗਲਾਂ ਸੰਬੰਧੀ ਫ਼ਿਕਰਮੰਦੀ ਨਾਲ ਸ਼ੁਰੂ ਹੋਈ: ਬਚੇ ਨੂੰ ਕਿਹੋ ਜਿਹਾ ਖਾਣਾ ਮਿਲਦਾ ਹੈ ਅਤੇ ਉਹ ਕਿਹੋ ਜਿਹੀ ਨੀਂਦ ਸੌਂਦਾ ਹੈ; ਉਹਦੀ ਤਬੀਅਤ ਕਿਹੋ ਜਿਹੀ ਹੈ; ਉਹ ਕਿਸ ਢੰਗ ਨਾਲ ਖੇਡਦਾ ਹੈ; ਉਹ ਕਿੰਨੇ ਘੰਟੇ ਖੁਲ੍ਹੀ ਥਾਵੇਂ ਬਿਤਾਉਂਦਾ ਹੈ; ਉਹ ਕਿਹੜੀਆਂ ਪੁਸਤਕਾਂ ਪੜ੍ਹਦਾ ਹੈ ਅਤੇ ਉਹ ਕਿਹੜੀਆਂ ਪਰੀ-ਕਹਾਣੀਆਂ ਸੁਣਦਾ ਹੈ; ਉਹ ਕਿਸ ਢੰਗ ਨਾਲ ਮੂਰਤਾਂ ਵਾਹੁੰਦਾ ਹੈ ਅਤੇ ਮੂਰਤਾਂ ਵਿਚ ਉਹ ਕਿਸ ਢੰਗ ਨਾਲ ਆਪਣੇ ਵਿਚਾਰ ਅਤੇ ਭਾਵਨਾਵਾਂ ਪ੍ਰਗਟ ਕਰਦਾ ਹੈ; ਪ੍ਰਕਿਰਤੀ ਦਾ ਸੰਗੀਤ ਅਤੇ ਸੰਗੀਤਕ ਰਚਨਾਵਾਂ, ਲੋਕ ਅਤੇ ਕਲਾਸੀਕੀ, ਉਹਦੀ ਆਤਮਾ ਵਿਚ ਕਿਹੜੀਆਂ ਭਾਵਨਾਵਾਂ ਜਗਾਉਂਦੀਆਂ ਹਨ; ਉਹਦੇ ਮਨ-ਪਸੰਦ ਕਾਰਜ ਕਿਹੜੇ ਹਨ; ਉਹ ਕਿਸ ਹਦ ਤਕ ਹੋਰਾਂ ਦੀਆਂ ਖ਼ੁਸ਼ੀਆਂ ਅਤੇ ਦੁਖ ਅਨੁਭਵ ਕਰਦਾ ਹੈ; ਉਹ ਹੋਰਾਂ ਲਈ ਕੀ ਸਿਰਜਦਾ ਹੈ ਅਤੇ ਇਸ ਸੰਬੰਧੀ ਉਹ ਕਿਹੋ ਜਿਹੀਆਂ ਭਾਵਨਾਵਾਂ ਅਨੁਭਵ ਕਰਦਾ ਹੈ।

ਜਦੋਂ ਗਿਆਨ ਨੂੰ ਸਰਗਰਮੀਆਂ ਨਾਲੋਂ ਵਖ ਨਹੀਂ ਕੀਤਾ ਜਾਂਦਾ ਤਾਂ ਪੜ੍ਹਾਈ ਬਚਿਆਂ ਦੇ ਆਤਮਕ ਜੀਵਨ ਦਾ ਅੰਗ ਬਣ ਜਾਂਦੀ ਹੈ। ਉਹਦੀ ਆਪਣੀ ਮਰਜ਼ੀ ਨਾਲ ਪਹਾੜਿਆਂ ਜਾਂ ਕਿਸੇ ਚੌਰਸ, ਥਾਂ ਦਾ ਖੇਤਰ-ਫਲ ਕਢਣ ਵਿਚ ਉਹਦੀ ਰੋਚਕਤਾ ਜਗਾਉਣਾ ਔਖਾ ਹੈ। ਗਿਆਨ ਬਚੇ ਲਈ ਉਦੋਂ ਹੀ ਚਾਹਿਆ ਬਣਦਾ ਹੈ ਜਦੋਂ ਉਹ ਕਿਰਤ ਨਾਲ ਸੰਬੰਧਤ ਰਚਨਾਤਮਕ ਆਸ਼ਿਆਂ ਦੀ ਪ੍ਰਾਪਤੀ ਦਾ ਸਾਧਨ ਬਣ ਜਾਂਦਾ ਹੈ। ਮੈਂ ਮੁਢ ਤੋਂ ਹੀ ਸਰੀਰਕ ਕਿਰਤ ਨੂੰ ਰੋਚਕ ਬਣਾਉਣ ਦਾ ਜਤਨ ਕੀਤਾ ਤਾਂ ਜੁ ਇਹ ਚਤੁਰਾਈ ਅਤੇ ਜੁਗਤ ਦੀ ਸੰਭਾਵਨਾ ਨੂੰ ਪ੍ਰਗਟ ਕਰੇ। ਸਕੂਲ ਦੇ ਮਹਤਵ-ਪੂਰਨ ਕਾਰਜਾਂ ਵਿਚੋਂ ਇਕ ਇਹ ਹੈ ਕਿ ਉਹ ਬਚਿਆਂ ਨੂੰ ਆਪਣਾ ਗਿਆਨ ਵਰਤਣਾ ਸਿਖਾਏ। ਜੇ ਗਿਆਨ ਨੂੰ ਸਿਥਲ ਭਾਰ ਬਣਾ ਦਿਤਾ ਜਾਵੇ ਤਾਂ ਇਹ ਖ਼ਤਰਨਾਕ ਗਲ ਹੈ ਅਤੇ ਮੁਢਲੀਆਂ ਸ਼੍ਰੇਣੀਆਂ ਵਿਚ ਅਕਸਰ ਅਜਿਹਾ ਹੁੰਦਾ ਹੈ ਜਦੋਂ ਆਪਣੇ ਖ਼ਾਸੇ ਕਾਰਨ ਹੀ ਬੌਧਕ ਕਿਰਤ ਹੋਰ ਕਿਸੇ ਗਲ ਨਾਲੋਂ ਵਧ ਸਦਾ

ਵਧੇਰੇ ਨਵੀਆਂ ਯੋਗਤਾਵਾਂ ਅਤੇ ਆਦਤਾਂ ਦੀ ਪ੍ਰਾਪਤੀ ਨਾਲ ਸੰਬੰਧਤ ਹੁੰਦੀ ਹੈ। ਜੇ ਇਹ ਯੋਗਤਾਵਾਂ ਅਤੇ ਆਦਤਾਂ ਕੇਵਲ ਸਿਖੀਆਂ ਜਾਣ ਅਤੇ ਕਦੀ ਵਰਤੋਂ ਵਿਚ ਨਾ ਲਿਆਂਦੀਆਂ ਜਾਣ ਤਾਂ ਪੜ੍ਹਨਾ ਹੌਲੀ ਹੌਲੀ ਬਚੇ ਦੇ ਅੰਦਰਲੇ ਜੀਵਨ ਵਿਚੋਂ ਬਾਹਰ ਚਲਾ ਜਾਂਦਾ ਹੈ ਜਿਵੇਂ ਇਹ ਉਹਦੀਆਂ ਰੋਚਕਤਾਵਾਂ ਤੋਂ ਕਟਿਆ ਗਿਆ ਹੋਵੇ। ਇਸ ਵਰਤਾਰੇ ਉਤੇ ਕਾਬੂ ਪਾਉਣ ਦਾ ਜਤਨ ਕਰਦੇ ਹੋਏ ਅਧਿਆਪਕ ਨੂੰ ਇਸ ਗਲ ਦਾ ਧਿਆਨ ਰਖਣਾ ਚਾਹੀਦਾ ਹੈ ਕਿ ਹਰ ਬਚਾ ਆਪਣੀਆਂ ਯੋਗਤਾਵਾਂ ਅਤੇ ਆਦਤਾਂ ਦੀ ਰਚਨਾਤਮਕ ਵਰਤੋਂ ਕਰੇ।

## "ਪ੍ਰਕਿਰਤੀ ਦੀ ਪੁਸਤਕ" ਦੇ ਤਿੰਨ ਸੌ ਪੰਨੇ

ਉਘੇ ਜਰਮਨ ਗਣਤ-ਵਿਗਿਆਨੀ ਫ਼ੈਲਿਕਸ ਕਲੀਨ (੧੮੪੯-੧੯੨੫) ਨੇ ਸੈਕੰਡਰੀ ਸਕੂਲ ਦੇ ਵਿਦਿਆਰਥੀ ਦੀ ਤੁਲਨਾ ਇਕ ਤੋਪ ਨਾਲ ਕੀਤੀ ਹੈ ਜਿਸਨੂੰ ਦਸ ਵਰ੍ਹੇ ਗਿਆਨ ਨਾਲ ਭਰਿਆ ਜਾਂਦਾ ਰਿਹਾ ਹੈ ਅਤੇ ਫਿਰ ਚਲਾਏ ਜਾਣ ਪਿਛੋਂ ਉਹਦੇ ਅੰਦਰ ਕੁਝ ਨਹੀਂ ਸੀ ਰਹਿ ਗਿਆ। ਉਸ ਬਚੇ ਦੀ ਜਿਸਨੂੰ ਕੋਈ ਅਜਿਹੀ ਗਲ ਚੇਤੇ ਕਰਨ ਉਤੇ ਮਜਬੂਰ ਕੀਤਾ ਗਿਆ ਹੈ ਜਿਹੜੀ ਉਹਨੂੰ ਸਮਝ ਨਹੀਂ ਆਉਂਦੀ ਜਿਸ ਨੇ ਉਹਦੇ ਉਤੇ ਸਪਸ਼ਟ ਪ੍ਰਭਾਵ ਨਹੀਂ ਪਾਇਆ, ਅਤੇ ਜਿਹੜੀ ਬਿੰਬ ਅਤੇ ਸੰਬੰਧਤ ਪ੍ਰਭਾਵ ਨਹੀਂ ਜਗਾਉਂਦੀ ਬੌਧਕ ਕਿਰਤ ਨੂੰ ਵੇਖਦੇ ਹੋਏ ਮੈਨੂੰ ਇਹ ਕਰੜਾ ਠੱਠਾ ਚੇਤੇ ਆਇਆ! ਯਾਦ ਕੀਤੇ ਗਏ ਵਰਤਾਰੇ ਦੇ ਤਤ ਸੰਬੰਧੀ ਚਿੰਤਨ, ਸਪਸ਼ਟ ਸੂਝ ਅਤੇ ਨਿਰਖ ਪਰਖ ਦੀ ਥਾਂ ਯਾਦ ਨੂੰ ਦੇਣਾ ਉਹ ਵਡੀ ਊਣਤਾਈ ਹੈ ਜਿਹੜੀ ਬਚੇ ਨੂੰ ਖੁੰਢਾ ਬਣਾ ਦੇਂਦੀ ਹੈ ਅਤੇ, ਅਖ਼ੀਰ, ਉਹਦੀ ਪੜ੍ਹਣ ਦੀ ਇਛਾ ਨੂੰ ਮਾਰ ਦੇਂਦੀ ਹੈ।

ਸਾਡੇ ਵਿਚੋਂ ਕਿਹੜਾ ਸਕੂਲ ਜਾਣ ਦੀ ਉਮਰ ਤੋਂ ਪਹਿਲਾਂ ਦੇ ਬਚਿਆਂ ਦੀ ਤਿਖੀ, ਤਕੜੀ ਯਾਦ ਵੇਖ ਕੇ ਹੈਰਾਨ ਨਹੀਂ ਹੋਇਆ। ਪੰਜਾਂ ਵਰ੍ਹਿਆਂ ਦਾ ਬਚਾ ਆਪਣੇ ਪਿਤਾ ਜਾਂ ਮਾਤਾ ਨਾਲ ਖੇਤ ਜਾਂ ਜੰਗਲ ਵਿਚ ਜਾਂਦਾ ਹੈ। ਉਹ ਸਪਸ਼ਟ ਬਿੰਬਾਂ, ਚਿਤਰਾਂ ਅਤੇ ਵਰਤਾਰਿਆਂ ਦੇ ਪ੍ਰਭਾਵਾਂ ਨਾਲ ਭਰਿਆ ਜਾਂਦਾ ਹੈ। ਇਕ ਮਹੀਨਾ ਜਾਂ ਇਕ ਸਾਲ ਲੰਘ ਜਾਂਦੇ ਹਨ ਅਤੇ ਮਾਤਾ ਜਾਂ ਪਿਤਾ ਫਿਰ ਸੈਰ ਕਰਨ ਜਾਣ ਦਾ ਨਿਰਣਾ ਕਰਦੇ ਹਨ। ਬਚਾ ਸ਼ਾਂਤ, ਧੁਪਿਆਲੀ ਸਵੇਰ ਦੀ ਉਤਾਵਲ ਨਾਲ ਉਡੀਕ ਕਰਦਾ ਹੈ, ਇਹ ਗਲ ਚੇਤੇ ਕਰਦੇ ਹੋਏ ਕਿ ਕਿਵੇਂ ਇਕ ਵਾਰ, ਪਤਾ ਨਹੀਂ ਕਿੰਨਾ ਲੰਮਾ ਸਮਾਂ ਹੋਇਆ ਉਹ ਆਪਣੇ ਮਾਤਾ ਪਿਤਾ ਨਾਲ ਜੰਗਲ ਵਿਚ ਗਿਆ ਸੀ। ਮਾਤਾ ਜਾਂ ਪਿਤਾ ਬਚੇ ਦੇ ਚੇਤੇ ਵਿਚ ਲਿਸ਼ਕਦੇ ਸਪਸ਼ਟ, ਜਿਊਂਦੇ ਵਿਸਥਾਰਾਂ ਨੂੰ ਵੇਖ ਕੇ ਹੈਰਾਨ ਹੁੰਦੇ ਹਨ: ਬਚੇ ਨੂੰ ਉਹ ਹੈਰਾਨ ਕਰਨ ਵਾਲਾ ਫੁਲ

ਚੇਤੇ ਹੈ ਜਿਸਦੀਆਂ ਦੋ ਵਖ ਵਖ ਰੰਗਾਂ ਦੀਆਂ ਪੰਖੜੀਆਂ ਸਨ। ਜਦੋਂ ਬਚਾ ਉਸ ਭੈਣ ਅਤੇ ਭਰਾ ਸੰਬੰਧੀ ਉਪਾਖਿਆਨ ਨੂੰ ਦੁਹਰਾਉਂਦਾ ਹੈ ਜਿਨ੍ਹਾਂ ਨੂੰ ਫੁਲ ਬਣਾ ਦਿਤਾ ਗਿਆ ਤਾਂ ਪਿਤਾ ਅਚੰਭੇ ਨਾਲ ਸੁਣਦਾ ਹੈ। ਉਹਨੇ ਜੰਗਲ ਦੇ ਕੰਢੇ ਆਪਣੀ ਪਤਨੀ ਨੂੰ ਇਹ ਉਪਾਖਿਆਨ ਸੁਣਾਇਆ ਸੀ; ਇਉਂ ਜਾਪਦਾ ਸੀ ਕਿ ਬਚਾ ਆਪਣੇ ਪਿਤਾ ਦੀ ਗਲ ਸੁਣ ਹੀ ਨਹੀਂ ਰਿਹਾ। ਉਹ ਇਕ ਤਿਤਲੀ ਪਿਛੇ ਨਠ ਰਿਹਾ ਸੀ—ਉਹਨੇ ਆਲੇ ਦੁਆਲੇ ਦੇ ਸੰਸਾਰ ਸੰਬੰਧੀ ਇਕ ਨਿਕਾ ਜਿਹਾ ਵਿਸਥਾਰ ਕਿਵੇਂ ਚੇਤੇ ਰਿਹਾ ?

ਤਥ ਤਾਂ ਇਹ ਹੈ ਕਿ ਰੰਗ ਦੇ ਸਪਸ਼ਟ, ਹੁਲਾਸੇ ਬਿਲਾਸ, ਵਿਸਥਾਰਾਂ ਅਤੇ ਬਿੰਬਾਂ ਦੀ ਟੁਣਕਾਰ ਲਈ, ਜਿਹੜੇ ਸਾਰੇ ਉਹਦੀ ਯਾਦ ਵਿਚ ਡੂੰਘੇ ਪਏ ਹੋ ਸਕਦੇ ਹਨ, ਬਚੇ ਦੀ ਅਚੰਭਾਜਨਕ ਤਿਖੀ ਯਾਦ ਹੁੰਦੀ ਹੈ। ਆਲੇ ਦੁਆਲੇ ਦੇ ਸੰਸਾਰ ਦੇ ਬਿੰਬ ਵੇਖਣ ਦੇ ਅਮਲ ਵਿਚ ਉਹਦੀ ਚੇਤਨਤਾ ਵਿਚ ਜਿਹੜੇ ਅਣਕਿਆਸੇ ਪ੍ਰਸ਼ਨ ਪੈਦਾ ਹੁੰਦੇ ਹਨ ਬਚਾ ਉਹਨਾਂ ਨਾਲ ਆਪਣੇ ਵਡਿਆਂ ਨੂੰ ਹੈਰਾਨ ਕਰ ਦੇਂਦਾ ਹੈ। ਅਤੇ ਅਚੰਭਾਜਨਕ ਫੁਲ ਸੰਬੰਧੀ ਚੇਤੇ ਕਰਦੇ ਹੋਏ ਬਚਾ ਆਪਣੇ ਪਿਤਾ ਤੋਂ ਪੁਛਦਾ ਹੈ: "ਪਰ ਕੀ ਭੈਣ ਅਤੇ ਭਰਾ ਇਕ ਦੂਜੇ ਨੂੰ ਵੇਖ ਸਕਦੇ ਹਨ ਜਾਂ ਨਹੀਂ ? ਤੁਸਾਂ ਕਿਹਾ ਸੀ ਕਿ ਬੂਟੇ ਜਿਊਂਦੇ ਹਨ—ਇਹਦਾ ਮਤਲਬ ਹੈ ਉਹ ਵੇਖਦੇ ਅਤੇ ਸੁਣਦੇ ਹਨ, ਹੈਂ ਨਾ ? ਅਤੇ ਕੀ ਉਹ ਇਕ ਦੂਜੇ ਨਾਲ ਗਲਾਂ ਕਰਦੇ ਹਨ ? ਅਤੇ ਕੀ ਅਸੀਂ ਉਹਨਾਂ ਦੀਆਂ ਗਲਾਂ ਸੁਣ ਸਕਦੇ ਹਾਂ ?" ਖ਼ਿਆਲਾਂ ਦੀ ਇਕ ਪੂਰੀ ਲੜੀ ਪੈਦਾ ਹੋ ਗਈ ਹੈ ਜਿਹੜੀ ਪਿਤਾ ਨੂੰ ਹੈਰਾਨ ਕਰਦੀ ਹੈ, ਪਰ ਬਚੇ ਨੇ ਇਹ ਗਲਾਂ ਇਕ ਵਰ੍ਹਾ ਪਹਿਲਾਂ ਕਿਉਂ ਨਾ ਪੁਛੀਆਂ ? ਕਿਵੇਂ ਉਹਨੇ ਇੰਨੇ ਸਮੇਂ ਤਕ ਯਾਦ ਹੀ ਨਹੀਂ ਸਗੋਂ ਉਹਨਾਂ ਛਿਣਾਂ ਦੀ ਭਾਵੁਕ ਰੰਗਣ ਵੀ ਚੇਤੇ ਰਖੀ। ਪਿਤਾ ਨੂੰ ਨਿਸ਼ਚਾ ਹੈ ਕਿ ਨਿਕਾ ਬਚਾ ਆਪਣੀ ਕਲਪਨਾ ਵਿਚ ਫੁਲਾਂ ਦੇ ਰੰਗ-ਬਰੰਗੇ ਕਜਣ, ਨੀਲੇ ਆਕਾਸ਼ ਅਤੇ ਕਿਧਰੇ ਦੂਰ ਜਾਂਦੇ ਹਵਾਈਜਹਾਜ਼ ਦੀ ਗਰਜ ਸਮੇਤ ਜੰਗਲ ਵਿਚ ਉਸ ਖੁਲ੍ਹੀ ਥਾਂ ਨੂੰ ਵੇਖ ਸਕਦਾ ਸੀ।

ਇਹ ਗਲ ਸੋਚਦੇ ਹੋਏ ਮੈਂ ਆਪਣੇ ਆਪ ਤੋਂ ਪੁਛਿਆ ਕਿ ਕੀ ਕਾਰਨ ਹੈ ਕਿ ਸਕੂਲ ਵਿਚ ਦੋ ਜਾਂ ਤਿੰਨ ਵਰ੍ਹੇ ਪੜ੍ਹਣ ਪਿਛੋਂ, ਜਿਊਂਦੀ, ਸਪਸ਼ਟ ਕਲਪਨਾ, ਤਿਖੀ ਯਾਦ, ਆਪਣੇ ਆਲੇ ਦੁਆਲੇ ਦੇ ਸੰਸਾਰ ਦੇ ਵਰਤਾਰਿਆਂ ਸੰਬੰਧੀ ਸੂਖਮ, ਭਾਵੁਕ ਪ੍ਰਤਿਕਰਮਾਂ ਵਾਲਾ ਬਚਾ ਵਿਆਕਰਣ ਦੇ ਨਿਯਮ ਚੇਤੇ ਨਹੀਂ ਰਖ ਸਕਦਾ, ਬਚੇ ਲਈ "ਸਤੇਪ ਭੂਮੀ" ਦੇ ਸ਼ਬਦ-ਜੋੜ ਜਾਂ ਛੇ ਨਾਏ ਕਿੰਨਾ ਹੁੰਦਾ ਹੈ ਚੇਤੇ ਰਖਣਾ ਔਖਾ ਹੈ ? ਮੈਂ ਉਸ ਨਾਲੋਂ ਘਟ ਕਰੜੇ ਸਿਟੇ ਉਤੇ ਅਪੜਿਆ ਜਿਸ ਉਤੇ ਜਰਮਨ ਆਲਮ ਅਪੜਿਆ ਸੀ: ਸਕੂਲ ਦੇ ਵਰ੍ਹਿਆਂ ਵਿਚ ਗਿਆਨ ਸਮੋਣ ਦਾ ਅਮਲ ਅਕਸਰ ਬਚੇ ਦੇ ਅੰਦਰਲੇ ਜੀਵਨ ਨਾਲ ਅਣਸੰਬੰਧਤ ਹੁੰਦਾ ਹੈ। ਬਚੇ ਦੀ ਯਾਦ ਐਨ ਇਸੇ ਲਈ ਤਿਖੀ ਅਤੇ ਦ੍ਰਿੜ੍ਹ ਹੁੰਦੀ ਹੈ ਕਿਉਂਕਿ ਸਪਸ਼ਟ ਬਿੰਬਾਂ, ਚਿਤਰਾਂ,

ਅਨੁਭਵਾਂ ਅਤੇ ਵਿਚਾਰਾਂ ਦੀ ਸਾਫ਼ ਨਦੀ ਇਹਦੇ ਵਿਚ ਵਹਿੰਦੀ ਹੈ। ਬਚਿਆਂ ਦੀ ਸੋਚ ਸਾਨੂੰ ਆਪਣੇ ਸੂਖਮ, ਅਣਕਿਆਸੇ, "ਦਾਰਸ਼ਨਿਕ" ਪ੍ਰਸ਼ਨਾਂ ਨਾਲ ਇਸੇ ਕਾਰਨ ਹੈਰਾਨ ਕਰਦੀ ਹੈ ਕਿ ਇਸ ਨਦੀ ਦੇ ਜੀਵਨ-ਦਾਤੇ ਸੋਮੇ ਇਹਨੂੰ ਆਹਾਰ ਦੇਂਦੇ ਹਨ। ਇਹ ਲਾਜ਼ਮੀ ਹੈ ਕਿ ਸਕੂਲ ਦੇ ਕਮਰੇ ਦਾ ਬੂਹਾ ਆਲੇ ਦੁਆਲੇ ਦੇ ਸੰਸਾਰ ਨੂੰ ਬਚੇ ਦੀ ਚੇਤਨਤਾ ਤੋਂ ਉਕਾ ਵਖ ਨਾ ਕਰ ਦੇਵੇ। ਮੈਂ ਇਹ ਨਿਸ਼ਚਿਤ ਬਣਾਉਣ ਦਾ ਜਤਨ ਕੀਤਾ ਕਿ ਬਚਪਨ ਦੇ ਸਾਰੇ ਵਰ੍ਹਿਆਂ ਵਿਚ ਆਲੇ ਦੁਆਲੇ ਦਾ ਸੰਸਾਰ ਅਤੇ ਪ੍ਰਕਿਰਤੀ ਮੇਰੇ ਵਿਦਿਆਰਥੀਆਂ ਦੇ ਮਨਾਂ ਦੀ ਸਪਸ਼ਟ ਬਿੰਬਾਂ, ਚਿਤਰਾਂ, ਅਨੁਭਵਾਂ ਅਤੇ ਵਿਚਾਰਾਂ ਨਾਲ ਪਰਵਈ ਕਰਨ, ਕਿ ਬਚੇ ਇਹ ਸਮਝਣ ਕਿ ਚਿੰਤਨ ਇਕ ਸੁਡੌਲ ਇਮਾਰਤ ਦੀ ਤਰ੍ਹਾਂ ਹੈ, ਜਿਸਦੀ ਭਵਨ-ਨਿਰਮਾਣ ਕਲਾ ਇਕ ਹੋਰ ਵੀ ਚੰਗੇਰੀ ਤਰ੍ਹਾਂ ਬਣੀ ਇਮਾਰਤ—ਪ੍ਰਕਿਰਤੀ ਦੀ ਇਮਾਰਤ—ਤੋਂ ਪ੍ਰੇਰਤ ਹੋਈ ਹੈ। ਬਚੇ ਨੂੰ ਕੇਵਲ ਗਿਆਨ ਦਾ ਸੰਗ੍ਰਹਿ, ਸਚਾਈਆਂ, ਨਿਯਮਾਂ ਅਤੇ ਗੁਰਾਂ ਦਾ ਭੰਡਾਰ ਬਣਨੋਂ ਰੋਕਣ ਲਈ ਇਹ ਲਾਜ਼ਮੀ ਹੈ ਕਿ ਉਹਨੂੰ ਸੋਚਣਾ ਸਿਖਾਇਆ ਜਾਵੇ। ਬਚਿਆਂ ਦੇ ਮਨਾਂ ਅਤੇ ਚੇਤੇ ਦਾ ਖ਼ਾਸਾ ਹੀ ਇਹ ਮੰਗ ਕਰਦਾ ਹੈ ਕਿ ਉਹਦੇ ਨਿਯਮਾਂ ਸਮੇਤ ਉਹਨਾਂ ਦੇ ਆਲੇ ਦੁਆਲੇ ਦਾ ਸੰਸਾਰ ਇਕ ਛਿਣ ਲਈ ਉਹਨਾਂ ਸਾਹਮਣੇ ਬੰਦ ਨਾ ਕੀਤਾ ਜਾਵੇ। ਮੈਨੂੰ ਨਿਸ਼ਚਾ ਸੀ ਕਿ ਬਚਿਆਂ ਦੀਆਂ ਯਾਦਾਂ ਦੀ ਤੀਖਣਤਾ ਅਤੇ ਉਹਨਾਂ ਦੀ ਸੋਚ ਦੀ ਸਪਸ਼ਟਤਾ ਸਕੂਲ ਵਿਚ ਦਾਖ਼ਲ ਹੋਣ ਪਿਛੋਂ ਲਾਜ਼ਮੀ ਤੌਰ ਉਤੇ ਘਟੇਗੀ ਨਹੀਂ ਸਗੋਂ, ਜੇ ਉਸ ਵਾਯੂ-ਮੰਡਲ ਨੂੰ ਚੇਤੇ ਰਖਿਆ ਜਾਵੇ ਜਿਸ ਵਿਚ ਬਚਾ ਸੋਚਣਾ, ਚੇਤੇ ਰਖਣਾ ਅਤੇ ਦਲੀਲ ਦੇਣਾ ਸਿਖਦਾ ਹੈ ਤਾਂ, ਇਹਨੂੰ ਮਜ਼ਬੂਤ ਬਣਾਇਆ ਜਾ ਸਕਦਾ ਹੈ।

ਬੰਦੇ ਨੂੰ ਬੌਧਕ ਵਿਦਿਆ ਵਿਚ ਪ੍ਰਕਿਰਤੀ ਦੇ ਰੋਲ ਨੂੰ ਵਧਾਉਣਾ ਨਹੀਂ ਚਾਹੀਦਾ। ਜਿਹੜਾ ਅਧਿਆਪਕ ਇਹ ਸੋਚਦਾ ਹੈ ਕਿ ਜੇ ਬਚੇ ਪ੍ਰਕਿਰਤੀ ਨਾਲ ਘਿਰੇ ਹੋਏ ਹਨ, ਇਹ ਤਥ ਹੀ ਬੌਧਕ ਵਿਕਾਸ ਲਈ ਬਲਵਾਨ ਉਤੇਜਕ ਹੈ, ਉਹ ਗੰਭੀਰ ਗ਼ਲਤੀ ਕਰ ਰਿਹਾ ਹੈ। ਪ੍ਰਕਿਰਤੀ ਵਿਚ ਕੋਈ ਅਜਿਹੀਆਂ ਜਾਦੂਈ ਸ਼ਕਤੀਆਂ ਨਹੀਂ ਜਿਹੜੀਆਂ ਤਰਕ, ਭਾਵਨਾਵਾਂ ਜਾਂ ਇਛਾ ਉਤੇ ਸਿਧਾ ਪ੍ਰਭਾਵ ਪਾਉਣ। ਪ੍ਰਕਿਰਤੀ ਤਾਂ ਹੀ ਵਿਦਿਆ ਦਾ ਬਲਵਾਨ ਸੋਮਾ ਹੈ ਜੇ ਉਸਤੋਂ ਜਾਣੂ ਹੋਣ ਵਾਲਾ ਮਨੁਖ ਕਾਰਨ ਅਤੇ ਪ੍ਰਭਾਵ ਦੇ ਰਿਸ਼ਤੇ ਸੰਬੰਧੀ ਵਿਚਾਰਾਂ ਨਾਲ ਗੜੁਚਿਆ ਹੋਇਆ ਹੈ। ਸਪਸ਼ਟ ਨੂੰ ਮੁੜ-ਹਾੜਨਾ ਬਚਿਆਂ ਦੇ ਸੋਚਣ ਦੀਆਂ ਵਖ ਵਖ ਵਿਸ਼ੇਸ਼ਤਾਈਆਂ ਦਾ ਨਿਰਪੇਖੀਕਰਨ ਹੈ, ਬੋਧ ਦੀਆਂ ਸਰਗਰਮੀਆਂ ਨੂੰ ਸਥੂਲ ਦੇ ਖੇਤਰ ਤਕ ਘਟਾਉਣਾ ਹੈ। ਬੰਦਾ ਬਚਿਆਂ ਦੇ ਚਿੰਤਨ ਦੇ ਵਿਸ਼ੇਸ਼ ਲਛਣਾਂ ਨੂੰ ਪੂਜਮਾਨ ਬਣਾ ਸਕਦਾ ਹੈ, ਵਿਸ਼ੇਸ਼ ਤੌਰ ਉਤੇ ਇਸ ਤਥ ਨੂੰ ਕਿ ਬਚੇ ਬਿੰਬਾਂ, ਰੰਗਾਂ ਅਤੇ ਆਵਾਜ਼ਾਂ ਵਿਚ ਸੋਚਦੇ ਹਨ। ਇਹ ਲਛਣ ਇਕ ਬਾਹਰਮੁਖੀ ਤਥ ਹੈ, ਜਿਸਦੀ ਮਹਤਤਾ ਉਸ਼ਿੰਸਕੀ ਵਲੋਂ ਮਨਾਉਣੇ ਢੰਗ ਨਾਲ ਦਰਸਾਈ ਜਾ ਚੁਕੀ ਹੈ। ਪਰ ਜੇ

ਬਚਾ ਬਿੰਬਾਂ, ਰੰਗਾਂ ਅਤੇ ਆਵਾਜ਼ਾਂ ਵਿਚ ਸੋਚਦਾ ਹੈ ਤਾਂ ਇਹਦਾ ਲਾਜ਼ਮੀ ਸਿਟਾ ਇਹ ਨਹੀਂ ਕਿ ਉਹਨੂੰ ਅਮੂਰਤ ਰੂਪ ਵਿਚ ਸੋਚਣਾ ਨਾ ਸਿਖਾਇਆ ਜਾਵੇ। ਨੀਝੀ ਸਹਾਇਕ ਵਸਤਾਂ ਦੀ ਮਹਤਤਾ, ਬੌਧਕ ਵਿਦਿਆ ਵਿਚ ਪ੍ਰਕਿਰਤੀ ਦੇ ਵਡੇ ਰੋਲ ਉਤੇ ਜ਼ੋਰ ਦੇਂਦੇ ਹੋਏ, ਅਨੁਭਵੀ ਸਿਖਿਅਕ ਇਹਨਾਂ ਢੰਗਾਂ ਵਿਚ ਅਮੂਰਤ ਚਿੰਤਨ ਅਤੇ ਮਨੋਰਥ-ਭਰਪੂਰ ਵਿਦਿਆ ਦੇ ਵਿਕਾਸ ਦੇ ਸਾਧਨ ਵੇਖਦਾ ਹੈ।

ਮੈਂ ਹਰ ਉਸ ਸ਼ੈ ਨੂੰ ਵਿਚਾਰਿਆ ਜਿਸਨੂੰ ਮੇਰੇ ਵਿਦਿਆਰਥੀਆਂ ਲਈ ਸੋਚ ਦਾ ਸੋਮਾ ਬਣਨਾ ਚਾਹੀਦਾ ਸੀ ਅਤੇ ਨਿਰਣਾ ਕੀਤਾ ਕਿ ਚਾਰ ਵਰ੍ਹਿਆਂ ਦੇ ਸਮੇਂ ਵਿਚ ਨਿਤਾ-ਪ੍ਰਤੀ ਬਚੇ ਆਲੇ ਦੁਆਲੇ ਦੇ ਸੰਸਾਰ ਵਿਚ ਉਹ ਵਰਤਾਰੇ ਵੇਖਣਗੇ ਜਿਹੜੇ ਉਹਨਾਂ ਦੇ ਚਿੰਤਨ ਦੇ ਸੋਮੇ ਬਣ ਜਾਣਗੇ। ਇਉਂ **ਪ੍ਰਕਿਰਤੀ ਦੀ ਪੁਸਤਕ** ਦੇ ਤਿੰਨ ਸੌ ਪੰਨੇ ਵਿਕਸਤ ਹੋਏ। ਇਹਦੇ ਵਿਚ ਤਿੰਨ ਸੌ ਰਾਵਾਂ, ਤਿੰਨ ਸੌ ਸਪਸ਼ਟ ਚਿਤਰ ਸਨ ਜਿਹੜੇ ਬਚਿਆਂ ਦੇ ਮਨਾਂ ਉਤੇ ਛਾਪ ਛਡ ਜਾਂਦੇ। ਹਫ਼ਤੇ ਵਿਚ ਦੋ ਵਾਰ ਅਸੀਂ ਸੋਚਣਾ ਸਿਖਣ ਲਈ ਸੈਰਾਂ ਕਰਦੇ, ਕੇਵਲ ਵੇਖਣ ਲਈ ਹੀ ਨਹੀਂ ਸਗੋਂ ਸੋਚਣਾ ਸਿਖਣ ਲਈ। ਉਹ ਲਾਜ਼ਮੀ ਤੌਰ ਉਤੇ ਸੋਚਣ ਦੇ ਸਬਕ ਸਨ, ਰੋਚਕ ਮਟਰ-ਗਸ਼ਤਾਂ ਨਹੀਂ ਸਗੋਂ ਸਬਕ। ਪਰ ਇਹ ਤਥ ਕਿ ਸਬਕ ਬਹੁਤ ਕੀਲਣ ਵਾਲਾ, ਬਹੁਤ ਰੋਚਕ ਹੋ ਸਕਦਾ ਸੀ, ਇਕ ਅਜਿਹੀ ਪ੍ਰਸਥਿਤੀ ਸੀ, ਜਿਹੜੀ ਬਚੇ ਦੇ ਅੰਦਰਲੇ ਜੀਵਨ ਨੂੰ ਹੋਰ ਭਰਪੂਰ ਬਣਾਉਂਦੀ।

ਮੈਂ ਬਚਿਆਂ ਦੇ ਮਨਾਂ ਉਤੇ ਯਥਾਰਥ ਦੇ ਸਪਸ਼ਟ ਪ੍ਰਭਾਵਾਂ ਦੀ ਛਾਪ ਲਾਉਣ ਦਾ, ਇਕ ਅਜਿਹੀ ਥਾਂ ਅਪੜ ਜਾਣ ਦਾ ਨਿਸ਼ਾਨਾ ਰਖਿਆ ਜਿਥੇ ਸੋਚਣ ਦੇ ਅਮਲ ਜੀਵਨ ਦੇ ਆਧਾਰਾਂ ਤਕ, ਤਸਵੀਰੀ ਸੰਕਲਪਾਂ ਵਿਚ ਘੁਸ ਜਾਂਦੇ ਹਨ ਤਾਂ ਜੁ ਆਪਣੇ ਆਲੇ ਦੁਆਲੇ ਦੇ ਸੰਸਾਰ ਨੂੰ ਵੇਖਦੇ ਹੋਏ ਬਚੇ ਵਰਤਾਰਿਆਂ ਦੇ ਕਾਰਨ ਅਤੇ ਪ੍ਰਭਾਵ ਦਾ ਪਤਾ ਕਢ ਸਕਣ, ਤਾਂ ਜੁ ਉਹ ਵਸਤਾਂ ਦੀ ਸਿਫ਼ਤ ਅਤੇ ਚਿੰਨ੍ਹਾਂ ਦਾ ਮੁਕਾਬਲਾ ਕਰ ਸਕਣ। ਗਹੁ ਨਾਲ ਕੀਤੇ ਨਰੀਖਣ ਨੇ ਬਚੇ ਦੇ ਬੌਧਕ ਵਿਕਾਸ ਦਾ ਇਕ ਅਤਿ ਮਹਤਵ-ਪੂਰਨ ਨਿਯਮ ਪਕੇਰਾ ਕੀਤਾ ਹੈ: ਸਬਕਾਂ ਵਿਚ ਜਿਹੜੀਆਂ ਸਚਾਈਆਂ ਦਾ ਸਾਰ ਪੇਸ਼ ਕੀਤਾ ਗਿਆ ਹੈ, ਉਹ ਜਿੰਨੇ ਵਧ ਅਮੂਰਤ ਹੁੰਦੇ ਹਨ, ਜਿੰਨੇ ਵਧ ਬੌਧਕ ਜਤਨ ਦੀ ਲੋੜ ਹੁੰਦੀ ਹੈ, ਉਨੀ ਵਧੇਰੇ ਵਾਰ ਬਚੇ ਨੂੰ ਗਿਆਨ ਦੇ ਸੋਮਿਆਂ — ਪ੍ਰਕਿਰਤੀ — ਵਲ ਜਾਣਾ ਚਾਹੀਦਾ ਹੈ ਅਤੇ ਆਲੇ ਦੁਆਲੇ ਦਾ ਸੰਸਾਰ ਉਹਦੀ ਚੇਤਨਤਾ ਉਤੇ ਜਿਹੜੇ ਬਿੰਬ ਅਤੇ ਚਿਤਰ ਪਾਏਗਾ ਉਹਨਾਂ ਦਾ ਪ੍ਰਭਾਵ ਉਨਾ ਹੀ ਵਧੇਰੇ ਸਪਸ਼ਟ ਹੋਵੇਗਾ। ਪਰ ਸਪਸ਼ਟ ਬਿੰਬ ਬਚੇ ਦੇ ਮਨ ਉਤੇ ਉਸ ਤਰ੍ਹਾਂ ਪ੍ਰਤਿਬਿੰਬਤ ਨਹੀਂ ਹੁੰਦੇ ਜਿਵੇਂ ਫ਼ੋਟੋ ਦੀ ਫ਼ਿਲਮ ਉਤੇ। ਭਾਵੇਂ ਸੰਕਲਪ ਕਿੰਨੇ ਸਪਸ਼ਟ ਕਿਉਂ ਨਾ ਹੋਣ ਉਹ ਆਪਣੇ ਆਪ ਵਿਚ ਨਿਸ਼ਾਨਾ ਨਹੀਂ, ਨਾ ਹੀ ਉਹ ਅਧਿਅਨ ਦਾ ਆਸ਼ਾ ਹਨ। ਬੌਧਕ ਵਿਦਿਆ ਉਥੇ ਸ਼ੁਰੂ ਹੁੰਦੀ ਹੈ ਜਿਥੇ ਸਿਧਾਂਤਕ ਸੋਚ ਹੁੰਦੀ ਹੈ, ਜਿਥੇ ਜਿਊਂਦਾ ਧਿਆਨ ਆਪਣੇ ਆਪ ਵਿਚ ਨਿਸ਼ਾਨਾ ਨਹੀਂ ਕੇਵਲ

ਇਕ ਸਾਧਨ ਹੈ; ਆਲੇ ਦੁਆਲੇ ਦੇ ਜੀਵਨ ਦਾ ਸਪਸ਼ਟ ਬਿੰਬ, ਵਖ ਵਖ ਰੂਪਾਂ, ਰੰਗਾਂ ਅਤੇ ਆਵਾਜ਼ਾਂ ਵਿਚ ਹਜ਼ਾਰ ਪ੍ਰਸ਼ਨਾਂ ਦਾ ਸੋਮਾ ਹੈ। ਇਹਨਾਂ ਦੇ ਤਤ ਨੂੰ ਉਘਾੜਦਾ ਹੋਇਆ ਅਧਿਆਪਕ **ਪ੍ਰਕਿਰਤੀ ਦੀ ਪੁਸਤਕ** ਦੇ ਪੰਨੇ ਫਰੋਲਦਾ ਹੈ।

**ਪ੍ਰਕਿਰਤੀ ਦੀ ਪੁਸਤਕ** ਦੇ ਪਹਿਲੇ ਪੰਨੇ ਦਾ ਨਾਂ ਹੈ "ਜਾਨਦਾਰ ਅਤੇ ਬੇਜਾਨ"। ਪਤ-ਝੜ ਦੇ ਸ਼ੁਰੂ ਵਿਚ ਇਕ ਨਿਘੇ ਧੁਪਿਆਲੇ ਦਿਨ ਅਸੀਂ ਦਰਿਆ ਦੇ ਕੰਢੇ ਗਏ ਅਤੇ ਘਾਹ ਉਤੇ ਨਿਸਰ ਕੇ ਬਹਿ ਗਏ। ਸਾਡੇ ਸਾਹਮਣੇ ਇਕ ਜੂਹ ਸੀ ਜਿਸ ਵਿਚ ਪਤ-ਝੜ ਦੇ ਫੁਲ ਉਗੇ ਹੋਏ ਸਨ। ਨਿਰਮਲ ਦਰਿਆ ਦੀਆਂ ਡੂੰਘਾਈਆਂ ਵਿਚ ਮਛੀਆਂ ਤੈਰ ਰਹੀਆਂ ਸਨ ਅਤੇ ਤਿਤਲੀਆਂ ਉਡ ਰਹੀਆਂ ਸਨ। ਉਪਰ ਆਕਾਸ਼ ਵਿਚ ਅਬਾਬੀਲਾਂ ਉਡ ਰਹੀਆਂ ਸਨ। ਅਸੀਂ ਉਚੀ ਚੋਟੀ ਵਲ ਗਏ, ਜਿਥੇ ਭੋ ਦਾ ਇਕ ਹਿਸਾ ਬੜੇ ਸਮੇ ਤੋ ਨੰਗਾ ਹੋ ਗਿਆ ਸੀ। ਬਚਿਆਂ ਨੇ ਚੀਕਣੀ ਮਿਟੀ ਅਤੇ ਰੇਤ ਦੀਆਂ ਵਖ ਵਖ ਤਹਿਆਂ ਧਿਆਨ ਨਾਲ ਵੇਖੀਆਂ—ਪੀਲੀ, ਲਾਲ, ਸੰਤਰੀ ਅਤੇ ਚਿਟੀ। ਚਿਟੀ ਚੀਕਣੀ ਮਿਟੀ ਦੀ ਇਕ ਪਤਲੀ ਜਿਹੀ ਤਹਿ ਸੀ ਅਤੇ ਉਹਦੇ ਹੇਠਾਂ ਸੁਨਹਿਰੀ ਰੇਤ ਅਤੇ ਉਸ ਤੋ ਵੀ ਤੰਗ ਸੁਹਣੀਆਂ ਕਲਮਾਂ ਦੀ ਤਹਿ। ਬਚਿਆਂ ਨੇ ਕਾਲੀ ਉਪਰਲੀ ਮਿਟੀ ਦਾ ਡੂੰਘੇਰੀਆਂ ਤਹਿਆਂ ਨਾਲ ਮੁਕਾਬਲਾ ਕੀਤਾ।

"ਭੋ ਦੀਆਂ ਉਪਰਲੀਆਂ ਤਹਿਆਂ ਵਿਚ ਤੁਹਾਨੂੰ ਕੀ ਦਿਸਦਾ ਹੈ?" ਮੈ ਪੁਛਿਆ।

"ਘਾਹ ਦੀਆਂ ਜੜ੍ਹਾਂ", ਬਚਿਆਂ ਨੇ ਉਤਰ ਦਿਤਾ। "ਡੂੰਘੇਰੀਆਂ ਤਹਿਆਂ ਵਿਚ ਕੋਈ ਜੜ੍ਹਾਂ ਨਹੀਂ।"

"ਦੰਦੀ ਦੇ ਐਨ ਕੰਢੇ ਉਤੇ ਉਗੇ ਘਾਹ ਅਤੇ ਸੁਨਹਿਰੀ ਰੇਤ ਦੀ ਪਟੀ ਵਲ ਵੇਖੋ। ਘਾਹ ਅਤੇ ਰੇਤ ਵਿਚਕਾਰ ਕੀ ਫ਼ਰਕ ਹਨ।"

"ਘਾਹ ਹੁਨਾਲ ਵਿਚ ਉਗਦਾ ਹੈ, ਪਤ-ਝੜ ਵਿਚ ਮੁਰਝਾ ਜਾਂਦਾ ਹੈ ਅਤੇ ਬਸੰਤ ਵਿਚ ਫਿਰ ਜਿਉਂਦਾ ਹੋ ਜਾਂਦਾ ਹੈ।..." ਬਚਿਆਂ ਨੇ ਕਿਹਾ। "ਅਤੇ ਘਾਹ ਦੇ ਨਿਕੇ ਬੀਅ ਹੁੰਦੇ ਹਨ, ਜਿਹੜੇ ਧਰਤੀ ਉਤੇ ਖਿਲਰ ਜਾਂਦੇ ਹਨ, ਅਤੇ ਉਹਨਾਂ ਤੋ ਨਵਾਂ ਘਾਹ ਉਗਦਾ ਹੈ।..."

"ਅਤੇ ਰੇਤ ਦੀ ਕੀ ਗਲ ਹੈ?" ਮੈ ਚਾਹੁੰਦਾ ਸਾਂ ਕਿ ਸਾਰੇ ਬਚੇ, ਵਿਸ਼ੇਸ਼ ਤੌਰ ਉਤੇ ਧੀਮੀ ਸੋਚ ਵਾਲੇ ਪੈਤਰਿਕ, ਵਾਲੀਆ ਅਤੇ ਨੀਨਾ ਆਲੇ ਦੁਆਲੇ ਦੀਆਂ ਵਸਤਾਂ ਦਾ ਮੁਕਾਬਲਾ ਕਰਨਾ। ਸ਼੍ਰੇਣੀ ਵਿਚ ਅਜੇ ਤਕ ਅਜਿਹੇ ਬਚੇ ਹਨ ਜਿਨ੍ਹਾਂ ਦੇ ਸੋਚਣ ਦੇ ਢੰਗ ਦਾ ਧੀਮੇ ਪਰ ਭਰਪੂਰ ਦਰਿਆ ਨਾਲ ਮੁਕਾਬਲਾ ਕੀਤਾ ਜਾ ਸਕਦਾ ਹੈ- ਮੀਸ਼ਾ ਅਤੇ ਸਾਸ਼ਾ। ਅਜੇ ਵੀ ਇਕ ਨਿਕੀ ਕੁੜੀ ਲਿਊਦਾ—ਹੈ, ਜਿਸ ਦਾ ਸੋਚਣ ਦਾ ਢੰਗ ਮੇਰੇ ਲਈ ਉਸੇ ਤਰ੍ਹਾਂ ਇਕ ਭੇਤ ਸੀ ਜਿਵੇ ਸਤ ਜੰਦਰਿਆਂ ਵਾਲਾ ਢੋਲ। ਪਹਿਲਾਂ ਪਹਿਲ ਮੈਂ ਸੋਚਿਆ ਕਿ ਬਚੇ ਦਾ ਦਿਮਾਗ਼ੀ ਵਿਕਾਸ ਦਾ ਅਮਲ ਬਸ ਢਿਲਾ ਹੈ ਅਤੇ ਉਹਦੇ ਲਈ ਉਹ ਕੁਝ ਸਮਝਣਾ ਔਖਾ ਹੈ ਜਿਹੜਾ

ਹੋਰ ਬਚਿਆਂ ਲਈ ਸਾਧਾਰਨ ਗਲ ਸੀ। ਪਰ ਨਿਕੀ ਕੁੜੀ ਦੀਆਂ ਅਖਾਂ ਜਿਊਂਦੀਆਂ ਅਤੇ ਪ੍ਰਭਾਵੁਕ ਸਨ। ਉਹ ਵਿਚਾਰ ਨੂੰ ਅਨੁਭਵ ਕਰਦੀ, ਉਹਨੂੰ ਇਕ ਤਰ੍ਹਾਂ ਦੀ ਅੰਦਰਲੀ ਸ਼ਕਤੀ ਨਾਲ ਰੋਕ ਰਖਦੀ; ਇਉਂ ਜਾਪਦਾ ਸੀ ਕਿ ਉਹ ਕੁਝ ਕਹਿਣ ਦੀ ਕਾਹਲ ਨਹੀਂ ਸੀ ਕਰ ਰਹੀ ਜੋ ਉਹ ਬਹੁਤ ਚੰਗੀ ਤਰ੍ਹਾਂ ਜਾਣਦੀ ਸੀ।

"ਬਚਿਉ, ਸੁਨਹਿਰੀ ਰੇਤ ਅਤੇ ਹਰੇ ਘਾਹ ਵਲ ਵੇਖੋ। ਜਾਂ ਇਸ ਤੋ ਵੀ ਚੰਗੀ ਗਲ, ਹਰੀ ਰੇਤ ਅਤੇ ਹਰੇ ਘਾਹ ਵਲ ਵੇਖੋ। ਉਹ ਸਾਰੂਪ ਕਿਵੇ ਹਨ ਅਤੇ ਵਖ ਵਖ ਕਿਵੇ ਹਨ?"

ਬਚੇ ਹਰੀ ਜੂਹ ਅਤੇ ਨੰਗ-ਮੁਨੰਗੀ ਦੰਦੀ ਵਲ ਵੇਖਦੇ ਹੋਏ ਸੋਚਦੇ ਹਨ। ਲਿਊਦਾ ਦੀਆਂ ਅਖਾਂ ਸੋਚ ਵਿਚ ਡੂਬੀਆਂ ਹਨ ਅਤੇ ਪੈਤਰਿਕ ਦੇ ਭਰਵਟੇ ਸੁੰਗੜੇ ਹੋਏ ਹਨ। ਵਾਲੀਆ ਰੇਤ ਇਕ ਹਥ ਤੋ ਦੂਜੇ ਹਥ ਵਿਚ ਪਾ ਰਹੀ ਹੈ।

"ਰੇਤ ਨੂੰ ਫੁਲ ਨਹੀਂ ਲਗਦੇ ਅਤੇ ਘਾਹ ਨੂੰ ਲਗਦੇ ਹਨ," ਲਿਊਦਾ ਨੇ ਕਿਹਾ।

"ਗਊਆਂ ਘਾਹ ਚਰਦੀਆਂ ਨੇ, ਜ਼ਰਾ ਉਹਨਾਂ ਨੂੰ ਰੇਤ ਉਤੇ ਚਰਾ ਕੇ ਤਾਂ ਵੇਖੋ!" ਪੈਤਰਿਕ ਨੇ ਵਿਆਖਿਆ ਕੀਤੀ।

"ਮੀਂਹ ਪੈਂਦਾ ਹੈ ਤਾਂ ਘਾਹ ਵਧਦਾ ਹੈ," ਸੋਚਵਾਨ ਮੀਸ਼ਾ ਨੇ ਕਿਹਾ, "ਪਰ ਮੀਂਹ ਪੈਣ ਤੇ ਰੇਤ ਕਿਵੇ ਵਧ ਸਕਦੀ ਹੈ?"

"ਰੇਤ ਧਰਤੀ ਵਿਚ ਬਹੁਤ ਹੇਠਾਂ ਹੈ, ਜਦੋਂ ਕਿ ਘਾਹ ਤਲ ਉਤੇ ਹੈ।" ਯੂਰਾ ਬੋਲਿਆ।

ਪਰ ਸੇਰਯੋਜ਼ਾ ਨੇ ਇਤਰਾਜ਼ ਕੀਤਾ, "ਪਰ ਕੀ ਸਮੁੰਦਰ ਦੇ ਕੰਢੇ ਰੇਤ ਨਹੀਂ ਹੁੰਦੀ? ਘਾਹ ਸੂਰਜ ਵਲ ਵਧਦਾ ਹੈ ਅਤੇ ਰੇਤ ਧੂਪ ਵਿਚ ਬਸ ਨਿਘੀ ਹੀ ਹੁੰਦੀ ਹੈ।"

ਫਿਰ ਅਸਾਂ ਨਿਕੇ ਗੀਟੇ ਦਾ, ਜਿਹੜਾ ਕਿਸੇ ਨੈ ਚੁਕ ਲਿਆ ਸੀ ਅਤੇ ਬਦਾਨੇ ਦੇ ਹਰੇ ਪਤਿਆਂ ਦਾ, ਲਾਲ ਸ਼ੀਸ਼ੇ ਦਾ ਇਕ ਟੋਟੇ ਦਾ, ਗੁਲ ਬਹਾਰ ਦੇ ਫੁਲਾਂ ਦਾ, ਛਪੜ ਵਿਚ ਤੈਰਦੀਆਂ ਮਛੀਆਂ ਦਾ, ਮਘ ਦੇ ਇਕ ਪਰ ਦਾ, ਪੁਲ ਦੇ ਦੇਗੀ ਲੋਹੇ ਦੇ ਜੰਗਲੇ ਦਾ ਅਤੇ ਰੁਖਾਂ ਵਿਚ ਵਲੀਆਂ ਹੋਈਆਂ ਵੇਲਾਂ ਦਾ ਮੁਕਾਬਲਾ ਕੀਤਾ। ਬਚਿਆਂ ਦੇ ਵਿਚਾਰਾਂ ਦਾ ਪਰਵਾਹ ਪੂਰੇ ਜ਼ੋਰ ਨਾਲ ਚਲ ਰਿਹਾ ਸੀ। ਨਿਕੇ ਮੁੰਡਿਆਂ ਅਤੇ ਕੁੜੀਆਂ ਨੈ ਆਪਣੇ ਆਪਣੇ ਆਲੇ ਦੁਆਲੇ ਦੀ ਦੁਨੀਆਂ ਵਿਚ ਪ੍ਰਤਖ ਪ੍ਰਸਪਰ-ਨਿਰਭਰਤਾਵਾਂ ਵੇਖੀਆਂ ਅਤੇ ਉਹ ਸੰਬੰਧ ਲਭੇ ਜਿਹੜੇ ਇਕ ਦਮ ਸਪਸ਼ਟ ਨਹੀਂ ਸਨ। ਜਾਨਦਾਰ ਅਤੇ ਬੇਜਾਨ ਦੇ ਪਹਿਲੇ ਸੰਕਲਪਾਂ ਨੇ ਬਚਿਆਂ ਦੇ ਮਨਾਂ ਵਿਚ ਰੂਪ ਧਾਰਿਆ। ਕੁਝ ਵਸਤਾਂ ਜਾਨਦਾਰ ਹਨ ਅਤੇ ਕੁਝ ਬੇਜਾਨ—ਬਚਿਆਂ ਨੇ ਇਹ ਗਲ ਤਥਾਂ ਦੇ ਸਮੂਹ ਵਿਚ ਵੇਖੀ, ਪਰ ਜਦੋਂ ਮੈਂ ਪੁਛਿਆ, "ਜਾਨਦਾਰ ਨੂੰ ਬੇਜਾਨ ਤੋਂ ਕੀ ਨਖੇੜਦਾ ਹੈ?" ਉਹ ਉਤਰ ਨਾ ਦੇ ਸਕੇ। ਸਿਟਾ ਇਹ ਕਢਿਆ

ਗਿਆ ਕਿ ਇਸ ਪ੍ਰਸ਼ਨ ਦੇ ਸਨਮੁਖ ਬਚੇ ਫਿਰ ਉਸ ਗਲ ਵਲ ਮੁੜ ਗਏ ਜਿਹੜੀ ਉਹ ਆਪਣੀਆਂ ਅਖਾਂ ਨਾਲ ਵੇਖਦੇ ਸਨ। ਉਹਨਾਂ ਚਿੰਨ੍ਹਾਂ ਦੇ ਨਾਲ ਨਾਲ ਜਿਹੜੇ ਬਚਿਆਂ ਨੇ ਠੀਕ ਤਰ੍ਹਾਂ ਵੇਖੇ ਸਨ, ਬਚਿਆਂ ਨੇ ਗ਼ਲਤੀਆਂ ਕੀਤੀਆਂ ਜਿਹੜੀਆਂ ਉਸ ਜਿਊਂਦੀ ਨਿਰਖ-ਪਰਖ ਦੇ ਅਮਲ ਰਾਹੀਂ ਠੀਕ ਕੀਤੀਆਂ ਗਈਆਂ ਜਿਹੜੀ ਅਸਾਂ ਉਥੇ ਕੀਤੀ। ਜਦੋਂ ਕੋਸਤੀਆ ਨੇ ਕਿਹਾ, "ਜਾਨਦਾਰ ਵਸਤਾਂ ਚਲਦੀਆਂ ਅਤੇ ਹਿਲਦੀਆਂ ਹਨ ਪਰ ਬੇਜਾਨ ਵਸਤਾਂ ਅਜਿਹਾ ਨਹੀਂ ਕਰਦੀਆਂ", ਲਗ ਭਗ ਸਾਰੇ ਉਹਦੇ ਨਾਲ ਸਹਿਮਤ ਹੋ ਗਏ ਪਰ ਫਿਰ ਚੁਪ ਛਾ ਗਈ ਅਤੇ ਬਚਿਆਂ ਆਪਣੇ ਆਲੇ ਦੁਆਲੇ ਵੇਖਿਆ ਅਤੇ ਇਹ ਬਹਿਸ ਸੁਣੀ ਗਈ।

"ਦਰਿਆ ਉਤੇ ਤਰਦੀ ਜਾਂਦੀ ਟਹਿਣੀ ਚਲਦੀ ਹੈ ਪਰ ਉਹ ਜਿਊਂਦੀ ਨਹੀਂ।"

"ਟਰੈਕਟਰ ਚਲਦਾ ਹੈ ਪਰ ਉਹ ਵੀ ਜਾਨਦਾਰ ਨਹੀਂ।"

"ਮਕੜੀ ਦਾ ਜਾਲਾ ਹਵਾ ਵਿਚ ਉਡਦਾ ਹੈ ਪਰ ਉਹ ਜਾਨਦਾਰ ਨਹੀਂ।"

"ਪੁਰਾਣੀ ਛਤ ਉਤੇ ਕਾਈ ਹਿਲਦੀ ਨਹੀਂ ਪਰ ਉਹ ਜਾਨਦਾਰ ਹੈ? ਜਾਂ ਕੀ ਕਾਈ ਸਚ ਮੁਚ ਜਿਊਂਦੀ ਨਹੀਂ।"

"ਅਤੇ ਰੇਤ ਵੀ ਚਲਦੀ ਹੈ। ਅਸੀਂ ਰੇਤ ਦੇ ਟੋਏ ਕੋਲ ਗਏ ਸਾਂ ਅਤੇ ਅਸਾਂ ਵੇਖਿਆ ਕਿਵੇਂ ਰੇਤ ਧਾਰਾਂ ਵਿਚ ਚਲਦੀ ਹੈ।"

ਨਹੀਂ, ਫ਼ਰਕ ਹਰਕਤ ਨਹੀਂ ਸੀ। ਜਾਨਦਾਰ ਨੂੰ ਬੇਜਾਨ ਤੋਂ ਕਿਹੜੀ ਗਲ ਵਖ ਰਖਦੀ ਹੈ? ਬਚਿਆਂ ਨੇ ਆਪਣੇ ਆਲੇ ਦੁਆਲੇ ਦੀਆਂ ਵਖ ਵਖ ਵਸਤਾਂ ਦਾ ਆਪੋ ਵਿਚ ਮੁਕਾਬਲਾ ਕੀਤਾ। ਸ਼ੂਰਾ ਖ਼ੁਸ਼ੀ ਨਾਲ ਕੂਕ ਪਿਆ:

"ਜਾਨਦਾਰ ਵਧਦਾ ਹੈ ਪਰ ਬੇਜਾਨ ਵਧਦਾ ਨਹੀਂ।"

ਬਚਿਆਂ ਨੇ ਇਹਨਾਂ ਸ਼ਬਦਾਂ ਉਤੇ ਵਿਚਾਰ ਕੀਤੀ, ਉਹਨਾਂ ਦੀ ਨਿਗਾਹ ਆਪਣੇ ਆਲੇ ਦੁਆਲੇ ਦੇ ਸੰਸਾਰ ਵਲ ਖਿਚੀ ਗਈ। ਉਹਨਾਂ ਉਚੀ ਉਚੀ ਸੋਚਿਆ: ਘਾਹ ਜਿਊਂਦਾ ਹੈ—ਘਾਹ ਵਧਦਾ ਹੈ; ਰੁਖ ਜਿਊਂਦੇ ਹਨ—ਉਹ ਵਧਦੇ ਹਨ; ਜੰਗਲੀ ਗੁਲਾਬ ਜਿਊਂਦਾ ਹੈ—ਉਹ ਵਧਦਾ ਹੈ, ਪਥਰ ਬੇਜਾਨ ਹੈ—ਉਹ ਵਧਦਾ ਨਹੀਂ, ਰੇਤ ਬੇਜਾਨ ਹੈ ਕਿਉਂਕਿ ਉਹ ਵਧਦੀ ਨਹੀਂ। ਅਤੇ ਇਉਂ ਸਿਟਾ ਇਹ ਨਿਕਲਿਆ—ਹਰ ਜਿਊਂਦੀ ਸ਼ੈ ਵਧਦੀ ਹੈ; ਹਰ ਉਹ ਸ਼ੈ ਜਿਹੜੀ ਬੇਜਾਨ ਹੈ ਵਧਦੀ ਨਹੀਂ।... ਮੀਸ਼ਾ ਕੁਝ ਸੋਚ ਰਿਹਾ ਸੀ ਅਤੇ ਉਹਨੇ ਦੁਰਾਡੇ ਵੇਖਿਆ। ਕੀ ਉਹਦੇ ਸਾਥੀ ਜੋ ਕੁਝ ਕਹਿ ਰਹੇ ਸਨ ਉਹਨੇ ਉਹ ਸੁਣਿਆ ਸੀ? ਜਦੋਂ ਬਚਿਆਂ ਨੇ ਆਪਣੇ ਆਲੇ ਦੁਆਲੇ ਦੀਆਂ ਸਾਰੀਆਂ ਜਿਊਂਦੀਆਂ ਅਤੇ ਬੇਜਾਨ ਵਸਤਾਂ ਗਿਣ ਲਈਆਂ, ਤਾਂ ਨਿਕੇ ਮੁੰਡੇ ਨੇ ਕਿਹਾ:

"ਜਿਊਂਦਾ ਸੂਰਜ ਬਗ਼ੈਰ ਨਹੀਂ ਜੀ ਸਕਦਾ," ਅਤੇ ਉਹਨੇ ਉਂਗਲੀ ਨਾਲ ਜੰਗਲ, ਜੂਹ ਅਤੇ ਖੇਤ ਵਲ ਇਸ਼ਾਰਾ ਕੀਤਾ।

ਇਹਨਾਂ ਸ਼ਬਦਾਂ ਨੇ ਮੈਨੂੰ ਫਿਰ ਨਿਸ਼ਚਾ ਕਰਵਾ ਦਿਤਾ ਕਿ ਧੀਮੀ ਸੋਚ ਵਾਲੇ

ਬਚੇ ਅਕਸਰ ਆਪਣੀ ਸੂਝ, ਇਕਾਗਰਤਾ ਅਤੇ ਵੇਖਣ ਸਮਝਣ ਦੀ ਤੀਖਣਤਾ ਕਾਰਨ ਧਿਆਨ ਖਿਚਦੇ ਹਨ। ਮੀਸ਼ਾ ਦੇ ਸ਼ਬਦਾਂ ਨੇ ਬਚਿਆਂ ਦੀ ਕਲਪਨਾ ਨੂੰ ਜਗਾ ਦਿਤਾ। "ਮੈਂ ਇਹ ਗਲ ਪਹਿਲਾਂ ਕਿਉਂ ਨਾ ਸੋਚੀ," ਬਚਿਆਂ ਨੇ ਚੁਪ ਚਾਪ ਪੁਛਿਆ। ਇਹ ਦ੍ਰਿੜ੍ਹ ਵਿਚਾਰ ਇਕ ਵਾਰ ਫਿਰ ਆਲੇ ਦੁਆਲੇ ਦੇ ਸੰਸਾਰ ਦੀਆਂ ਵਸਤਾਂ ਨੂੰ ਟੋਹੰਦਾ ਜਾਪਦਾ ਅਤੇ ਬਚਿਆਂ ਨੇ ਇਕ ਵਾਰ ਫਿਰ ਉਚੀ ਉਚੀ ਸੋਚਿਆ: "ਘਾਹ, ਫੁਲ, ਰੁਖ, ਕਣਕ ਸੂਰਜ ਤੋਂ ਬਿਨਾਂ ਨਹੀਂ ਜੀ ਸਕਦੇ। ਲੋਕ ਵੀ ਸੂਰਜ ਤੋਂ ਬਿਨਾਂ ਨਹੀਂ ਜੀ ਸਕਦੇ।... ਜਾਂ ਸ਼ਾਇਦ ਲੋਕ ਜੀ ਸਕਦੇ ਹਨ? ਨਹੀਂ, ਤੁਸੀਂ ਲੋਕਾਂ ਦੇ ਧਰਤੀ ਵਿਚ ਕਿਸੇ ਡੂੰਘੀ ਥਾਂ ਰਹਿਣ ਦੀ ਤਾਂ ਕਲਪਨਾ ਵੀ ਨਹੀਂ ਕਰ ਸਕਦੇ। ਅਸੀਂ ਜਾਣਦੇ ਹਾਂ ਕਿ ਰੁਖ ਦੀਆਂ ਸ਼ਾਖਾਂ ਪਰਛਾਵਾਂ ਪਾਉਂਦੀਆਂ ਹਨ ਅਤੇ ਘਾਹ ਮੁਰਝਾ ਜਾਂਦਾ ਹੈ। ਮੇਰੇ ਅਬਾ ਨੇ ਮੈਨੂੰ ਇਕ ਵਾਰ ਦਸਿਆ ਕਿ 'ਜੇ ਮੀਂਹ ਪਿਛੋ ਸੂਰਜ ਧਰਤੀ ਨੂੰ ਨਿਘਾ ਨਾ ਕਰਦਾ ਤਾਂ ਸਿਆਲ ਦੀਆਂ ਫ਼ਸਲਾਂ ਹਰੀਆਂ ਨਾ ਹੁੰਦੀਆਂ ਅਤੇ ਇਹ ਕਿ ਸੂਰਜ ਤੋਂ ਬਿਨਾਂ ਹਾਲਤ ਮਾੜੀ ਹੁੰਦੀ।...' ਪਰ ਪਥਰ ਸੂਰਜ ਤੋਂ ਬਿਨਾਂ ਵੀ ਉਹੋ ਜਿਹੇ ਰਹਿੰਦੇ। ਨਹੀਂ ਉਹ ਉਹੋ ਜਿਹੇ ਨਾ ਰਹਿੰਦੇ; ਧੁੰਦਲਕੇ ਵਿਚ ਉਹਨਾਂ ਉਤੇ ਕਾਈ ਜੰਮ ਜਾਂਦੀ ਹੈ। ਕਾਈ ਜਾਨਦਾਰ ਹੈ ਜਾਂ ਬੇਜਾਨ? ਸੂਰਜ ਕੇਵਲ ਲਾਹੇਵੰਦੀਆਂ ਵਸਤਾਂ ਹੀ ਨਹੀਂ ਦੇਂਦਾ; ਜੇ ਲੰਮੇ ਸਮੇਂ ਤਕ ਮੀਂਹ ਨਾ ਪਵੇ ਤਾਂ ਉਹ ਫ਼ਸਲਾਂ ਨੂੰ ਲੂਹ ਸਕਦਾ ਹੈ। ਇਹਦਾ ਅਰਥ ਇਹ ਹੈ ਕਿ ਜਿਊਂਦੀਆਂ ਵਸਤਾਂ ਨੂੰ ਕੇਵਲ ਸੂਰਜ ਦੀ ਹੀ ਨਹੀਂ ਪਾਣੀ ਦੀ ਵੀ ਲੋੜ ਹੈ"।

ਅਜਿਹੀਆਂ ਸਨ ਬਚਿਆਂ ਦੀ ਵਿਚਾਰਾਂ ਦੀਆਂ ਕੂਲ੍ਹਾਂ, ਫਿਰ ਇਹ ਕੂਲ੍ਹਾਂ ਇਕੋ ਇਕ ਨਦੀ ਵਿਚ ਰਲ ਗਈਆਂ, ਅਤੇ ਇਹ ਗਲ ਬਚਿਆਂ ਲਈ ਵਧੇਰੇ ਸਪਸ਼ਟ ਹੋ ਗਈ ਕਿ ਕੁਝ ਤਰ੍ਹਾਂ ਦੇ ਵਰਤਾਰੇ ਅਜਿਹੇ ਹਨ ਜਿਹੜੇ ਉਹਨਾਂ ਲਈ ਸਪਸ਼ਟ ਨਹੀਂ, ਜਿਹੜੇ ਜਾਨਦਾਰਾਂ ਵਿਚ ਵਾਪਰਦੇ ਹਨ ਅਤੇ ਇਹ ਕਿ ਇਹ ਵਰਤਾਰੇ ਸੂਰਜ, ਪਾਣੀ ਅਤੇ ਸਾਡੇ ਆਲੇ ਦੁਆਲੇ ਪ੍ਰਕਿਰਤੀ ਦੀ ਹਰ ਵਸਤ ਉਤੇ ਨਿਰਭਰ ਹਨ।... ਬਚੇ **ਪ੍ਰਕਿਰਤੀ ਦੀ ਪੁਸਤਕ** ਦੇ ਪਹਿਲੇ ਪੰਨੇ ਦੀ ਪਹਿਲੀ ਪੰਗਤੀ ਪੜ੍ਹ ਰਹੇ ਸਨ। ਉਹ ਇਹ ਸਮਝ ਗਏ ਕਿ ਸਾਰਾ ਸੰਸਾਰ ਦੋ ਅੰਸ਼ਾਂ—ਜਾਨਦਾਰ ਅਤੇ ਬੇਜਾਨ ਤੋਂ ਬਣਦਾ ਹੈ। ਉਹਨਾਂ ਦੇ ਜਾਨਦਾਰ ਅਤੇ ਬੇਜਾਨ ਦੇ ਪਹਿਲੇ ਪ੍ਰਭਾਵ ਨੇ ਕਈ ਪ੍ਰਸ਼ਨ ਉਠਾਏ। ਘਰ ਮੁੜਦੇ ਹੋਏ ਬਚਿਆਂ ਨੇ ਹਰ ਉਸ ਸ਼ੈ ਨੂੰ ਗਹੁ ਨਾਲ ਵੇਖਿਆ ਜਿਸਤੋਂ ਉਹ ਜਾਣੂ ਸਨ ਅਤੇ ਉਹਨਾਂ ਅਨੁਭਵ ਕੀਤਾ ਕਿ ਉਹਨਾਂ ਪਹਿਲਾਂ ਕੁਝ ਵੀ ਨਹੀਂ ਸੀ ਵੇਖਿਆ ਅਤੇ ਇਹ ਕਿ ਉਹ ਜਿੰਨਾਂ ਵਧੇਰੇ ਵੇਖਦੇ ਉਨੇ ਵਧੇਰੇ ਪ੍ਰਸ਼ਨ ਉਹ ਪੁਛਦੇ: ਬਲੂਤ ਦੇ ਬੀਅ ਵਿਚੋਂ ਨਿਕਲਦੀਆਂ ਨਿਕੀਆਂ ਕਰੂੰਬਲਾਂ ਬਲੂਤ ਦਾ ਬਲਵਾਨ ਰੁਖ ਕਿਵੇਂ ਬਣ ਜਾਂਦੀਆਂ ਹਨ? ਪਤੇ, ਟਹਿਣੀਆਂ ਅਤੇ ਮੋਟਾ ਤਣਾ ਕਿਥੋਂ ਆਉਂਦਾ ਹੈ? ਪਤ-ਝੜ ਦੀ ਰੁਤੇ ਪਤੇ ਝੜ ਕਿਉਂ ਜਾਂਦੇ ਹਨ? ਰੁਖ

ਸਿਆਲ ਵਿਚ ਵੀ ਵਧਦੇ ਹਨ ਜਾਂ ਨਹੀਂ? ਸਾਰੇ ਪ੍ਰਸ਼ਨਾਂ ਦਾ ਇਕੋ ਸਮੇਂ ਉਤਰ ਦੇਣਾ ਅਸੰਭਵ ਸੀ ਅਤੇ ਮਨੁਖ ਨੂੰ ਅਜਿਹਾ ਕਰਨ ਦਾ ਜਤਨ ਵੀ ਨਹੀਂ ਕਰਨਾ ਚਾਹੀਦਾ। ਚੰਗੀ ਗਲ ਤਾਂ ਇਹ ਸੀ ਕਿ ਬਚਿਆਂ ਦੇ ਇਹ ਪ੍ਰਸ਼ਨ ਸਨ। ਇਹ ਚੰਗੀ ਗਲ ਸੀ ਕਿ ਸੋਚਦੇ ਹੋਏ ਬਚੇ ਨੇ ਗਿਆਨ ਅਤੇ ਚਿੰਤਨ ਦੇ ਮੂਲ ਸੋਮੇ — ਆਪਣੇ ਆਲੇ ਦੁਆਲੇ ਦੇ ਸੰਸਾਰ — ਵਲ ਜਾਣਾ ਸਿਖਿਆ। ਇਹ ਗਲ ਚੰਗੀ ਸੀ ਕਿ ਆਪਣੇ ਵਿਚਾਰ ਦਸਦੇ ਹੋਏ ਉਹਨੇ ਨਿਸ਼ਚਿਤ, ਠੀਕ ਸ਼ਬਦ ਲਭ ਲਿਆ। ਸੋਚ ਦੀ ਸਪਸ਼ਟਤਾ ਆਲੇ ਦੁਆਲੇ ਦੇ ਸੰਸਾਰ ਨਾਲ ਸਿਧੇ ਮੇਲ ਜੋਲ ਦੇ ਦੌਰਾਨ ਪ੍ਰਾਪਤ ਕੀਤਾ ਇਕ ਮਹਤਵ-ਪੂਰਨ ਅੰਸ਼ ਹੈ।

**ਬਚਾ ਬਿੰਬਾਂ**, ਰੰਗਾਂ ਅਤੇ ਆਵਾਜ਼ਾਂ ਵਿਚ ਸੋਚਦਾ ਹੈ, ਪਰ ਇਹਦਾ ਅਰਥ ਇਹ ਨਹੀਂ ਕਿ ਉਹ ਨਿਸ਼ਚਿਤ ਸੋਚ ਦੇ ਘੇਰੇ ਵਿਚ ਸੰਕੁਚਤ ਰਹੇ। ਬਿੰਬਾਂ ਵਿਚ ਸੋਚਣਾ ਵਿਚਾਰਾਂ ਦੀ ਸੂਝ ਤਕ ਅਪੜਨ ਦੇ ਅਮਲ ਵਿਚ ਇਕ ਲੋੜੀਂਦਾ ਕਦਮ ਹੈ। ਹੌਲੀ ਹੌਲੀ ਮੈਂ ਬਚਿਆਂ ਨੂੰ ਹੇਠ ਲਿਖੇ ਕਰਮ-ਕਾਰੀ ਸੰਕਲਪ ਦੇਣ ਦਾ ਜਤਨ ਕੀਤਾ: **ਵਰਤਾਰਾ**, **ਕਾਰਨ**, **ਸਿਟਾ**, **ਘਟਨਾ**, **ਸ਼ਰਤੀਅਤਾ**, **ਨਿਰਭਰਤਾ**, **ਡਰਕ**, **ਸਾਰੂਪਤਾ**, **ਭਾਈਚਾਰਾ**, **ਮੇਲ**, **ਅਣਮੇਲ**, **ਸੰਭਵਤਾ**, **ਅਸੰਭਵਤਾ** ਅਤੇ ਹੋਰ। ਕਈ ਵਰ੍ਹਿਆਂ ਦੇ ਅਨੁਭਵ ਨੇ ਮੈਨੂੰ ਨਿਸ਼ਚਾ ਕਰਵਾ ਦਿਤਾ ਹੈ ਕਿ ਇਹ ਸੰਕਲਪ ਅਮੂਰਤ ਚਿੰਤਨ ਦੇ ਬਣਨ ਵਿਚ ਇਕ ਵਡਾ ਰੋਲ ਅਦਾ ਕਰਦੇ ਹਨ। ਜਿਉਂਦੇ ਤਥਾਂ ਅਤੇ ਵਰਤਾਰਿਆਂ ਸੰਬੰਧੀ ਖੋਜ, ਬਚਾ ਜੋ ਕੁਝ ਵੇਖਦਾ ਹੈ ਉਸ ਸੰਬੰਧੀ ਸੋਚੇ ਬਿਨਾਂ, ਸਥੂਲ ਵਸਤਾਂ, ਤਥਾਂ ਅਤੇ ਵਰਤਾਰਿਆਂ ਤੋਂ ਆਮ ਅਮੂਰਤ ਸਿਟਿਆਂ ਤਕ ਹੌਲੀ ਹੌਲੀ ਅਪੜੇ ਬਿਨਾਂ ਇਹਨਾਂ ਸੰਕਲਪਾਂ ਵਿਚ ਨਿਪੁੰਨਤਾ ਪ੍ਰਾਪਤ ਕਰਨਾ ਅਸੰਭਵ ਹੈ। ਪ੍ਰਕਿਰਤੀ ਦੀ ਖੋਜ ਦੇ ਦੌਰਾਨ ਬਚਿਆਂ ਦੇ ਮਨਾਂ ਵਿਚ ਜਿਹੜੇ ਪ੍ਰਸ਼ਨ ਉਠਦੇ ਹਨ ਉਹ ਇਸ ਤਬਦੀਲੀ ਵਿਚ ਸਹਾਇਤਾ ਦੇਂਦੇ ਹਨ। ਮੈਂ ਬਚਿਆਂ ਨੂੰ ਪ੍ਰਕਿਰਤੀ ਵਿਚ ਸਥੂਲ ਵਰਤਾਰਿਆਂ ਦੀ ਗਹੁ ਨਾਲ ਵੇਖਣ ਅਤੇ ਕਾਰਨ ਅਤੇ ਸਿਟਾ ਸੰਬੰਧਾਂ ਦੀ ਭਾਲ ਕਰਨਾ ਸਿਖਾਇਆ। ਚਿੰਤਨ ਅਤੇ ਸਥੂਲ ਬਿੰਬਾਂ ਵਿਚਕਾਰ **ਨੇੜਵੇਂ** ਸੰਬੰਧ ਸਦਕਾ ਬਚਾ ਹੌਲੀ ਹੌਲੀ ਅਮੂਰਤ ਸੰਕਲਪਾਂ ਨਾਲ ਸੋਚਣਾ ਸਿਖ ਲੈਂਦਾ ਹੈ। ਨਿਸ਼ਚੇ ਹੀ ਇਹ ਇਕ ਲੰਮਾ ਅਮਲ ਹੈ, ਜਿਹੜਾ ਕਈ ਵਰ੍ਹਿਆਂ ਦੇ ਸਮੇਂ ਵਿਚ ਵਾਪਰਦਾ ਹੈ।

**ਪ੍ਰਕਿਰਤੀ ਦੀ ਪੁਸਤਕ** ਪੜ੍ਹਨਾ ਬਚਿਆਂ ਲਈ ਰੋਚਕ ਸੀ। ਪਰ ਇਹ ਰੋਚਕਤਾ ਆਪਣੇ ਆਪ ਵਿਚ ਨਿਸ਼ਾਨਾ ਨਹੀਂ ਸੀ। ਸੋਵੀਅਤ ਸਿਖਿਅਕ ਪੜ੍ਹਾਈ ਵਿਚ ਬਚੇ ਦੀ ਸਿਧੀ ਹਦੋਂ ਵਧ ਰੋਚਕਤਾ ਤੋਂ ਇਨਕਾਰੀ ਹੈ, ਵਿਦਿਆ ਦੇ ਅੰਤਮ ਅਮਲ ਵਜੋਂ ਬਚਿਆਂ ਹੀ ਸਰਗਰਮੀ ਤੋਂ ਇਨਕਾਰੀ ਹੈ। ਬੜਾ ਸਮਾਂ ਹੋਇਆ ਕ. ਦ. ਉਸ਼ਿੰਸਕੀ ਨੇ ਲਿਖਿਆ: "ਬਚੇ ਨੂੰ ਕੇਵਲ ਉਹ ਕੁਝ ਕਰਨਾ ਨਾ ਸਿਖਾਓ ਜਿਸ ਵਿਚ ਉਹਦੀ ਰੋਚਕਤਾ ਹੈ ਸਗੋਂ ਉਹ ਕੁਝ ਵੀ ਸਿਖਾਓ ਜਿਸ ਵਿਚ ਉਹਦੀ ਰੋਚਕਤਾ ਨਹੀਂ ਅਤੇ

ਅਜਿਹਾ ਆਪਣੀਆਂ ਜ਼ਿਮੇਵਾਰੀਆਂ ਪੂਰੀਆਂ ਕਰਨ ਦੀ ਖ਼ੁਸ਼ੀ ਲਈ ਸਿਖਾਓ। ਤੁਸੀਂ ਬਚੇ ਨੂੰ ਜੀਵਨ ਲਈ ਤਿਆਰ ਕਰ ਰਹੇ ਹੋ ਅਤੇ ਜੀਵਨ ਵਿਚ ਸਾਰੀਆਂ ਜ਼ਿਮੇਵਾਰੀਆਂ ਸੁਆਦਲੀਆਂ ਨਹੀਂ ਹੁੰਦੀਆਂ।" * ਬੁਰਜੂਆ ਆਲਮਾਂ ਦੀ ਵਿਦਿਆ ਦੀ ਸਮਿਗਰੀ, ਰੂਪ ਅਤੇ ਢੰਗਾਂ ਦਾ ਵਿਦਿਆਰਥੀਆਂ ਦੀਆਂ ਨਿਜੀ ਲੋੜਾਂ ਹੀ ਤ੍ਰਿਪਤੀ ਦੇ ਦ੍ਰਿਸ਼ਟੀਕੋਣ ਤੋਂ ਅਧਿਅਨ ਕਰਨ ਦੀ ਪ੍ਰਵਿਰਤੀ ਸੋਵੀਅਤ ਵਿਦਿਆ ਵਿਗਿਆਨ ਲਈ ਓਪਰੀ ਹੈ।

ਸੋਵੀਅਤ ਵਿਦਿਆ ਵਿਚ ਬਚੇ ਦੀਆਂ ਨਿਜੀ ਰੋਚਕਤਾਵਾਂ ਨੂੰ ਸਕੂਲ ਵਿਚ ਵਿਦਿਅਕ ਆਸ਼ਿਆਂ ਦੀ ਪੂਰਤੀ ਤਕ ਅਪੜਨ ਦੇ ਦ੍ਰਿਸ਼ਟੀਕੋਣ ਤੋਂ ਵੇਖਿਆ ਜਾਂਦਾ ਹੈ—ਵਿਗਿਆਨਕ ਗਿਆਨ ਦੀ ਪ੍ਰਾਪਤੀ ਅਤੇ ਦਵੰਦਵਾਦੀ-ਪਦਾਰਥਵਾਦੀ ਨਿਸ਼ਚਿਆਂ ਦਾ ਬਣਨਾ। **ਪ੍ਰਿਕਰਤੀ ਦੀ ਪੁਸਤਕ** ਪੜ੍ਹਦੇ ਹੋਏ ਅਸੀਂ ਕੇਵਲ ਸਮਾਂ ਨਹੀਂ ਸਾਂ ਲੰਘਾ ਰਹੇ, ਰੋਚਕ ਖੇਡ ਵਿਚ ਨਹੀਂ ਸਾਂ ਰੁਝੇ ਹੋਏ ਸਗੋਂ ਇਕ ਅਜਿਹੇ ਰਾਹ ਉਤੇ ਚਲ ਰਹੇ ਸਾਂ ਜਿਹੜਾ ਸਾਨੂੰ ਵਿਗਿਆਨਕ ਗਿਆਨ ਦੇ ਸੰਸਾਰ ਵਿਚ ਲੈ ਜਾਵੇਗਾ। ਬਚਿਆਂ ਨੇ ਆਲੇ ਦੁਆਲੇ ਦੇ ਸੰਸਾਰ ਦੇ ਉਹਨਾਂ ਵਰਤਾਰਿਆਂ ਸੰਬੰਧੀ ਸੋਚਿਆ ਜਿਨ੍ਹਾਂ ਵਿਚ ਪ੍ਰਿਕਰਤੀ ਦੇ ਨਿਯਮਾਂ ਦਾ ਤਤ ਪ੍ਰਗਟ ਹੁੰਦਾ ਸੀ। ਮੈਂ **ਪ੍ਰਿਕਰਤੀ ਦੀ ਪੁਸਤਕ** ਵਿਚ ਸਮਿਗਰੀ ਹਰ ਬਚੇ ਦੀਆਂ ਨਿਜੀ ਰੋਚਕਤਾਵਾਂ ਦੀ ਤ੍ਰਿਪਤੀ ਲਈ ਨਹੀਂ ਸਗੋਂ ਸੰਸਾਰ ਦੇ ਦਵੰਦਵਾਦੀ, ਵਿਗਿਆਨਕ ਬੋਧ ਲਈ ਮਿਥੀਆਂ। ਸੋਵੀਅਤ ਅਧਿਆਪਕੀ ਸਿਧਾਂਤ ਵਿਚ ਸਕੂਲੀ ਬਚੇ ਦੀ ਸਰਗਰਮੀ ਉਲੀਕਣ ਵਾਲੇ ਨਿਯਮ ਪ੍ਰਯੋਗਵਾਦੀਆਂ ਦੀ ਪ੍ਰਸਿਧ ਪ੍ਰਸਤਾਵਨਾ—ਕਰਨ ਰਾਹੀਂ ਸਿਖੋ—ਨਾਲੋਂ ਇਸ ਗਲੋਂ ਵਖ ਹਨ।

ਸੋਵੀਅਤ ਅਧਿਆਪਕੀ ਸਿਧਾਂਤ ਵਿਚ ਸਰਗਰਮੀ ਨੇਮ-ਬਧ ਵਿਗਿਆਨਕ ਵਿਦਿਆ ਦਾ ਚਿੰਨ੍ਹ ਨਹੀਂ ਸਗੋਂ ਵਿਦਿਅਕ ਅਤੇ ਆਮ ਪਾਲਣ-ਪੋਸਣ ਦੇ ਮੰਤਵ ਪ੍ਰਾਪਤ ਕਰਨ ਲਈ ਇਕ ਸਾਧਨ ਹੈ। ਨਿਰਸੰਦੇਹ ਬਚੇ ਦੀ ਨਿਜੀ ਰੋਚਕਤਾ ਤੋਂ ਬਿਨਾਂ ਸਰਗਰਮੀ ਅਤੇ ਗਿਆਨ ਵਿਚ ਨਿਪੁੰਨਤਾ ਬੇਅਰਥ ਹਨ। ਸੋਵੀਅਤ ਵਿਦਿਅਕ ਸਿਧਾਂਤ ਵਿਚ ਰੋਚਕਤਾ ਨੂੰ ਤਰਕ ਅਤੇ ਖੋਜ ਦੇ ਅਮਲ ਵਿਚ ਸਕੂਲੀ ਬਚੇ ਦੀ ਰਚਨਾਤਮਕ ਅੰਦਰਲੀ ਸ਼ਕਤੀ ਦਾ ਸਰਗਰਮ ਹਿਸਾ ਸਮਝਿਆ ਜਾਂਦਾ ਹੈ। ਜਿਸ ਗਲ ਦਾ ਅਧਿਅਨ ਕੀਤਾ ਜਾ ਸਕਦਾ ਹੈ ਅਤੇ ਜਿਹੜੀ ਜਾਣੀ ਜਾ ਸਕਦੀ ਹੈ ਉਸ ਵਿਚ ਰੋਚਕਤਾ-ਉਸ ਹਦ ਤਕ ਡੂੰਘੇਰੀ ਕੀਤੀ ਜਾਂਦੀ ਹੈ ਕਿ ਵਿਦਿਆਰਥੀ ਜਿਹੜੀਆਂ ਸਚਾਈਆਂ ਵਿਚ ਨਿਪੁੰਨਤਾ ਪ੍ਰਾਪਤ ਕਰਦਾ ਹੈ ਉਹ ਉਹਦੇ ਨਿਜੀ ਨਿਸ਼ਚਿਆਂ ਦਾ ਹਿਸਾ ਬਣ ਜਾਂਦੀਆਂ ਹਨ। ਸੋਵੀਅਤ ਵਿਦਿਅਕ ਸਿਧਾਂਤ ਵਿਚ

---

*ਕ. ਦ. **ਉਸ਼ਿੰਸਕੀ**, ਲੇਖ, ਸੰਚੀ ੬, ਮਾਸਕੋ, ਰੂਸੀ ਸੰਘ ਦੀ ਅਧਿਆਪਕੀ ਵਿਗਿਆਨ ਦੀ ਅਕਾਦੇਮੀ ਪ੍ਰਕਾਸ਼ਨ, ੧੯੪੯, ਪੰਨਾ ੨੫੨ (ਰੂਸੀ ਵਿਚ)।

ਰੋਚਕਤਾ ਵਿਚਾਰਧਾਰਾ ਨਾਲ, ਵਿਗਿਆਨਕ-ਪਦਾਰਥਵਾਦੀ ਵਿਦਿਆ ਨਾਲ ਅਨਿਖੜਵੇਂ ਢੰਗ ਨਾਲ ਬਝੀ ਹੋਈ ਹੈ।

ਅਸਾਂ **ਪ੍ਰਿਕਰਤੀ ਦੀ ਪੁਸਤਕ** ਦਾ ਇਕ ਤੋਂ ਪਿਛੋਂ ਦੂਜਾ ਪੰਨਾ ਪੜ੍ਹਿਆ ਅਤੇ ਅਧਿਅਨ ਕੀਤਾ ਅਤੇ ਵਿਚਾਰਿਆ। ਬਚੇ ਜਿਹੜੇ ਦੂਜੇ ਪੰਨੇ ਤੋਂ ਜਾਣੂ ਹੋਏ ਉਹਦਾ ਨਾਂ ਸੀ "ਬੇਜਾਨ ਜਾਨਦਾਰ ਨਾਲ ਜੁੜਿਆ ਹੋਇਆ ਹੈ"। ਅਸੀਂ ਗਰਮਖ਼ਾਨਿਆਂ ਵਿਚ ਗਏ ਅਤੇ ਵੇਖਿਆ ਕਿ ਕਿਵੇਂ ਵਡੇਰੇ ਵਿਦਿਆਰਥੀ ਇਟਾਂ ਦੇ ਟੋਟਿਆਂ ਉਤੇ ਵਿਛਾਈ ਸੁਨਹਿਰੀ ਰੇਤ ਵਿਚ, ਜਿਹੜੀ ਧਰਤੀ ਦੀਆਂ ਡੂੰਘਾਈਆਂ ਵਿਚੋਂ ਆਉਂਦੀ ਹੈ, ਖੀਰੇ, ਟਮਾਟਰ, ਜੌ ਅਤੇ ਜਵੀ ਉਗਾ ਰਹੇ ਸਨ। ਬਚਿਆਂ ਵੇਖਿਆ ਕਿ ਕਿਵੇਂ ਧਾਤ ਅਤੇ ਲਕੜੀ ਦੇ ਡਬਿਆਂ ਵਿਚ ਇਟਾਂ ਦੇ ਟੋਟੇ ਅੜੇ ਰੇਤ ਪਾਈ ਜਾਂਦੀ ਅਤੇ ਕਿਵੇਂ ਰਸਾਇਣੀ ਪਦਾਰਥਾਂ ਦਾ ਇਕ ਮਿਸ਼ਰਣ ਉਹਦੇ ਵਿਚ ਪਾਇਆ ਜਾਂਦਾ ਸੀ। ਖੀਰਿਆਂ ਅਤੇ ਟਮਾਟਰਾਂ ਦੀਆਂ ਜੜ੍ਹਾਂ ਇਸ ਮਾਧਿਅਮ ਵਿਚੋਂ ਉਹ ਕੁਝ ਲੈ ਲੈਂਦੀਆਂ ਹਨ ਜਿਸਦੀ ਉਹਨਾਂ ਨੂੰ ਉਗਣ ਅਤੇ ਪਕਣ ਲਈ ਲੋੜ ਹੁੰਦੀ ਹੈ। ਬੇਜਾਨ ਗੀਟੇ ਅਤੇ ਪਾਣੀ ਵਿਚ ਘੋਲਿਆ ਚਿਟਾ ਬੁਰਾਦਾ—ਇਉਂ ਜਾਪਦਾ ਸੀ ਕਿ ਜੀਵਨ ਲਈ ਬਸ ਇਹੋ ਕੁਝ ਲੋੜੀਂਦਾ ਸੀ। ਅਤੇ ਜਵੀ ਦੇ ਹਰੇ ਬੂਟੇ ਚੁਪਟ ਭਾਂਡਿਆਂ ਵਿਚ ਰੇਤ ਅਤੇ ਗੀਟਿਆਂ ਤੋਂ ਵੀ ਬਿਨਾਂ ਉਗ ਰਹੇ ਸਨ: ਉਹਨਾਂ ਦੀਆਂ ਜੜ੍ਹਾਂ ਚਿਟੇ ਬੁਰਾਦੇ ਦੇ ਘੋਲ ਵਿਚੋਂ ਸਿਧਾ ਆਹਾਰ ਲੈ ਲੈਂਦੀਆਂ। ਪਰ ਫੁਲਾਂ ਅਤੇ ਪਕ ਰਹੇ ਫਲਾਂ ਵਲ ਧਿਆਨ ਨਾਲ ਵੇਖਦੇ ਹੋਏ **ਬਚਿਆਂ ਨੇ** ਵੇਖਿਆ ਕਿ ਬੇਜਾਨ ਜਾਨਦਾਰ ਲਈ ਕੇਵਲ ਉਥੇ ਹੀ ਆਲਾ ਦੁਆਲਾ **ਬਣ**ਦਾ ਹੈ ਜਿਥੇ ਪਾਣੀ ਅਤੇ ਧੁਪ ਦੀ ਹੋਂਦ ਹੋਵੇ। ਲੋਅ, ਨਿਘ ਅਤੇ ਪਾਣੀ ਤੋਂ ਬਿਨਾਂ ਜੀਵਨ ਅਸੰਭਵ ਹੈ। ਦਿਨ ਬਦਲਵਾਈ ਵਾਲਾ ਸੀ ਅਤੇ ਗਰਮਖ਼ਾਨਿਆਂ ਵਿਚ **ਬਿਜਲੀ** ਦੇ **ਬਲਬ ਬਲ** ਰਹੇ ਸਨ। **ਬਾਹਰ** ਠੰਢ ਸੀ ਪਰ ਗਰਮਖ਼ਾਨਿਆਂ ਵਿਚ ਗਰਮੀ ਦਾ ਕੇਂਦਰਿਆਇਆ ਪ੍ਰਬੰਧ ਚਾਲੂ ਸੀ।

ਮੈਂ ਉਹਨਾਂ ਨੂੰ ਕਿਹਾ, "ਬਚਿਓ, ਤੁਸੀਂ ਆਪਣੇ ਆਲੇ ਦੁਆਲੇ ਜੋ ਕੁਝ ਵੇਖਦੇ ਹੋ ਉਹਨੂੰ ਗਹੁ ਨਾਲ ਤਕੋ ਅਤੇ ਵਿਚਾਰੋ ਕਿ ਜਾਨਦਾਰ ਬੇਜਾਨ ਤੋਂ ਬਿਨਾਂ ਜੀ ਸਕਦਾ ਹੈ ਜਾਂ ਨਹੀਂ? ਤੁਹਾਡੇ ਸਾਹਮਣੇ ਇਕ ਵਡਾ ਭਾਂਡਾ ਹੈ ਜਿਸ ਵਿਚ ਵਖ ਵਖ ਤਰ੍ਹਾਂ ਦੀਆਂ ਰਸਾਇਣੀ ਖਾਦਾਂ ਨਾਲ ਭਰੇ ਅਨੇਕ ਨਿਕੇ ਭਾਂਡੇ ਹਨ। ਜ਼ਰਾ ਵੇਖੋ ਕਿਵੇਂ ਤੁਹਾਡੇ ਵਡੇਰੇ ਸਾਥੀ ਵਖ ਵਖ ਭਾਂਡਿਆਂ ਵਿਚੋਂ ਚਿਟੇ, ਪੀਲੇ ਅਤੇ ਭੂਰੇ ਬੁਰਾਦੇ ਲੈਂਦੇ ਹਨ, ਉਹਨਾਂ ਨੂੰ ਆਪੋ ਵਿਚ ਮਿਲਾਉਂਦੇ ਹਨ ਅਤੇ ਉਹਨਾਂ ਨੂੰ ਪਾਣੀ ਵਿਚ ਘੋਲ ਦੇਂਦੇ ਹਨ। ਉਹ ਖੁਰਦਰੀ ਰੇਤ ਨੂੰ ਮਲ੍ਹੜ ਨਾਲ ਮਿਲਾਕੇ ਉਪਜਾਊ ਭੋਂ ਤਿਆਰ ਕਰਦੇ ਹਨ। ਵੇਖੋ ਇਸ ਮਿਸ਼ਰਣ ਵਿਚ ਕਿੰਨੇ ਰਸਦਾਰ ਟਮਾਟਰ ਉਗ ਰਹੇ ਹਨ! ਬੂਟੇ ਨੂੰ ਪਤਿਆਂ, ਤਣਿਆਂ ਅਤੇ ਫਲ ਲਈ ਲੋੜੀਂਦੇ ਪਦਾਰਥ ਕਿਥੋਂ ਮਿਲਦੇ ਹਨ? ਬੇਜਾਨ ਵਿਚੋਂ। ਬੇਜਾਨ ਜਾਨਦਾਰ ਲਈ ਆਲਾ ਦੁਆਲਾ ਪ੍ਰਯਾਪਤ ਕਰਦਾ ਹੈ।"

ਇਕ ਵਾਰ ਫਿਰ ਪ੍ਰਾਚੀਨ ਕਥਨ ਮੈਨੂੰ ਚੇਤੇ ਆਇਆ, ਜਿਹੜਾ ਅਰਸਤੂ (੩੮੪–੩੨੨ ਪੂਰਬ ਈਸਾ) ਦਾ ਦਸਿਆ ਜਾਂਦਾ ਹੈ, ਕਿ ਗਿਆਨ ਲਈ ਪਿਆਰ ਹੈਰਾਨੀ ਨਾਲ ਸ਼ੁਰੂ ਹੁੰਦਾ ਹੈ। ਪ੍ਰਕਿਰਤੀ ਦੇ ਭੇਤਾਂ ਦੀ ਲਭਤ ਦੇ ਸਨਮੁਖ ਸਚੀ ਹੈਰਾਨੀ ਵਿਚਾਰਾਂ ਦੇ ਵਹਿਣ ਨੂੰ ਸੇਧ ਦੇਣ ਲਈ ਬਲਵਾਨ ਉਤੇਜਕ ਹੈ। ਜਦੋਂ ਬਚਿਆਂ ਨੇ ਵੇਖਿਆ ਕਿ ਕਿਵੇਂ ਵਖ ਵਖ ਕਿਸਮ ਦੇ ਬੂਟੇ—ਟਮਾਟਰ, ਖੀਰੇ ਅਤੇ ਜੌ—ਰਸਾਇਣੀ ਪਦਾਰਥਾਂ ਦੇ ਘੋਲ ਵਿਚੋਂ ਉਗਦੇ ਹਨ ਤਾਂ ਉਹਨਾਂ ਮੇਰੇ ਉਤੇ ਪ੍ਰਸ਼ਨਾਂ ਦੀ ਵਾਛੜ ਲਾ ਦਿਤੀ: "ਨਿਰਮਲ ਘੋਲ ਮੋਟੇ ਤਣੇ ਅਤੇ ਮਖਿਆਰੀਆਂ ਨਾਲ ਕਜੇ ਰੰਗ-ਬਰੰਗੇ ਫੁਲ ਅਤੇ ਰਸਦਾਰ ਫਲ ਕਿਵੇਂ ਬਣ ਜਾਂਦਾ ਹੈ?" "ਜਾਨਦਾਰ ਕਿਥੋਂ ਆਉਂਦਾ ਹੈ? ਕੀ ਸੂਰਜ ਬੂਟਿਆਂ ਲਈ ਹਰਿਆਲੀ ਦੇ ਟੋਟੇ ਲਿਆਉਂਦਾ ਹੈ ਜਾਂ ਉਹ ਉਹਨਾਂ ਨੂੰ ਕੇਵਲ ਨਿਘ ਅਤੇ ਲੋਅ ਦੇਂਦਾ ਹੈ?" "ਇਕੋ ਇਕ ਘੋਲ ਵਿਚੋਂ ਹਰੇ ਖੀਰੇ ਅਤੇ ਲਾਲ ਟਮਾਟਰ ਕਿਉਂ ਪੈਦਾ ਹੁੰਦੇ ਹਨ?" "ਇਹ ਵਖ ਵਖ ਰੰਗ ਦੇ ਬੁਰਾਦੇ ਕੀ ਹਨ?" "ਜਦੋਂ ਭੋਂ ਵਿਚ ਮਲ੍ਹੜ ਮਿਲਾਇਆ ਜਾਂਦਾ ਹੈ ਤਾਂ ਬੂਟੇ ਹਰੇ ਕਿਉਂ ਹੋ ਜਾਂਦੇ ਹਨ?"

ਜਾਨਦਾਰ ਅਤੇ ਬੇਜਾਨ ਵਿਚਕਾਰ ਪਹਿਲੇ ਨੀਝੀ ਵਿਚਾਰ ਬਚੇ ਦੇ ਹੋਰ ਬੰਧਕ ਵਿਕਾਸ ਲਈ ਬਹੁਤ ਮਹਤਵ-ਪੂਰਨ ਹਨ। ਇਹਨਾਂ ਪ੍ਰਸ਼ਨਾਂ ਸੰਬੰਧੀ ਸੋਚਦੇ ਹੋਏ, "ਜਾਨਦਾਰ ਕਿਥੋਂ ਆਉਂਦਾ ਹੈ?" ਅਤੇ "ਸੂਰਜ ਬੇਜਾਨ ਵਿਚੋਂ ਜਾਨਦਾਰ ਕਿਵੇਂ 'ਬਣਾਉਂਦਾ' ਹੈ?" ਬਚਾ ਆਪਣੇ ਆਪ ਨੂੰ ਜੀਵਨ ਦੀ ਮਹਾਨ ਪੁਸਤਕ ਪੜ੍ਹਨ ਲਈ ਅਤੇ ਅਤਿ-ਅੰਤ ਗੁੰਝਲਦਾਰ ਅਮਲਾਂ ਦੇ ਭੇਤ ਸਿਖਣ ਲਈ ਤਿਆਰ ਕਰਦਾ ਹੈ।

ਮੈਂ **ਪ੍ਰਕਿਰਤੀ ਦੀ ਪੁਸਤਕ** ਪੜ੍ਹਣ ਨੂੰ ਦਿਮਾਗੀ ਸਰਗਰਮੀ ਲਿਆਉਣ ਦੇ ਸਾਧਨ ਵਜੋਂ ਵਰਤਿਆ। ਵਿਚਾਰ, ਚਿਤਰ ਅਤੇ ਬਿੰਬ ਕੇਵਲ ਸਰਗਰਮ ਸੋਚ ਦਾ ਮੁਢ ਹੀ ਸਨ। "ਹਰ ਢੰਗ ਉਸ ਹਦ ਤੱਕ ਘਟੀਆ ਹੈ ਜਿਸ ਤਕ ਇਹ ਵਿਦਿਆਰਥੀ ਨੂੰ ਸਾਦੇ ਅਨੁਭਵ ਜਾਂ ਸਿਥਲਤਾ ਦੀ ਸਿਖਿਆ ਦੇਂਦਾ ਹੈ ਅਤੇ ਹਰ ਢੰਗ ਉਸ ਹਦ ਤਕ ਚੰਗਾ ਹੈ ਜਿਥੋਂ ਤਕ ਇਹ ਵਿਦਿਆਰਥੀ ਵਿਚ ਸਰਗਰਮੀ ਜਗਾਉਂਦਾ ਹੈ।"* ਮੈਂ **ਪ੍ਰਕਿਰਤੀ ਦੀ ਪਸਤਕ** ਦੇ ਪੜ੍ਹਣ ਨੂੰ ਕੇਵਲ ਪ੍ਰਕਿਰਤੀ ਦੇ ਚਿਤਰਾਂ ਅਤੇ ਬਿੰਬਾਂ ਦਾ ਅਨੁਭਵ ਪ੍ਰਾਪਤ ਕਰਨਾ ਹੀ ਨਹੀਂ ਸਗੋਂ ਸਰਗਰਮ ਸੋਚ, ਸੰਸਾਰ ਦੇ ਸਿਧਾਂਤਕ ਬੋਧ ਅਤੇ ਨੇਮ-ਬਧ ਵਿਗਿਆਨਕ ਗਿਆਨ ਦਾ ਮੁਢ ਵੀ ਬਣਾਇਆ।

"ਸਭ ਤੋਂ ਚੰਗੀ ਸਮਿਗਰੀ ਵਿਦਿਆਰਥੀਆਂ ਦੀ ਚੇਤਨਤਾ ਵਿਚ ਉਦੋਂ ਅਪੜਦੀ

---

*ਫ਼. ਅ. **ਦਿਸਤਰਵੇਗ**, ਚੌਣਵੇਂ ਵਿਦਿਅਕ ਲੇਖ, ਮਾਸਕੋ, ਉਚਪੇਦਗਿਜ਼ ਪ੍ਰਕਾਸ਼ਕ, ੧੯੫੬, ਪੰਨਾ ੧੨੮ (ਰੂਸੀ ਵਿਚ)।

ਹੈ ਜਦੋਂ ਇਹ ਉਹਨਾਂ ਦੀ ਨਿਜੀ ਸਰਗਰਮੀ ਵਿਚ ਸ਼ਾਮਲ ਕੀਤੀ ਜਾਵੇ," ਉਘਾ ਸੋਵੀਅਤ ਮਨੋ-ਵਿਗਿਆਨੀ ਗ. ਕੋਸਤਯੁਕ ਲਿਖਦਾ ਹੈ। ਕੇਵਲ ਸਰਗਰਮੀ ਲਈ ਹੀ ਸਰਗਰਮੀ ਨਹੀਂ, ਨਿਜੀ ਰੋਚਕਤਾਵਾਂ ਦੀ ਪੂਰਤੀ ਲਈ ਹੀ ਨਹੀਂ ਸਗੋਂ ਅਜਿਹੀ ਸਰਗਰਮੀ ਜਿਹੜੀ ਵਿਗਿਆਨਕ ਗਿਆਨ ਲਈ ਸਮਿਗਰੀ ਨੂੰ ਪ੍ਰਗਟ ਕਰੇਗੀ— ਸੋਵੀਅਤ ਵਿਦਿਆ-ਵਿਗਿਆਨ ਵਿਚ ਸਰਗਰਮੀ ਅਤੇ ਵਿਗਿਆਨਕ ਏਕਤਾ ਦਾ ਤਤ ਅਜਿਹਾ ਹੈ।

"ਪ੍ਰਕਿਰਤੀ ਵਿਚ ਸਭ ਕੁਝ ਤਬਦੀਲ ਹੁੰਦਾ ਹੈ"—**ਪ੍ਰਕਿਰਤੀ ਦੀ ਪੁਸਤਕ** ਦੇ ਅਗਲੇ ਪੰਨੇ ਦਾ ਇਹ ਸਿਰਲੇਖ ਸੀ। ਅਸੀਂ ਕਈ ਵਾਰ ਇਸ ਪੰਨੇ ਵਲ ਮੁੜੇ। ਪਤ-ਝੜ ਦੇ ਇਕ ਧੁਪਿਆਲੇ ਦਿਨ, ਦੁਪਹਿਰ ਦੇ ਖਾਣੇ ਦੇ ਨੇੜੇ ਅਸੀਂ ਫਲਾਂ ਦੇ ਬਾਗ਼ ਵਿਚ ਗਏ। ਸਿਉਆਂ ਅਤੇ ਨਾਖਾਂ ਦੇ ਰੁਖਾਂ ਦੀਆਂ ਟਹਿਣੀਆਂ ਫਲਾਂ ਦੇ ਭਾਰ ਹੇਠ ਲਿਫੀਆਂ ਹੋਈਆਂ ਸਨ। ਮੈਂ ਉਹਨਾਂ ਨੂੰ ਕਿਹਾ, "ਬਚਿਓ, ਚੇਤੇ ਰਖੋ ਸਾਡੇ ਬਾਗ਼ ਦਾ ਦ੍ਰਿਸ਼ ਸਰਦੀਆਂ ਵਿਚ ਕਿਹੋ ਜਿਹਾ ਸੀ—ਉਕਾ ਹੀ ਨੰਗ-ਮੁਨੰਗਾ, ਟਹਿਣੀਆਂ ਕਕਰ ਨਾਲ ਕਜੀਆਂ ਅਤੇ ਤਣਿਆਂ ਦੁਆਲੇ ਬਰਫ਼।... ਪਰ ਹੁਣ ਟਹਿਣੀਆਂ ਘਣੀ ਹਰਿਆਲੀ ਨਾਲ ਕਜੀਆਂ ਹੋਈਆਂ ਹਨ ਅਤੇ ਸਿਉ ਅਤੇ ਨਾਖਾਂ ਧਰਤੀ ਦੇ ਰਸਾਂ ਨਾਲ ਭਰੀਆਂ ਜਾ ਰਹੀਆਂ ਹਨ।"

ਦੋ ਮਹੀਨੇ ਪਿਛੋਂ ਅਸੀਂ ਫਿਰ ਫਲਾਂ ਦੇ ਬਾਗ਼ ਵਿਚ ਗਏ। ਉਹਦੀ ਦਿਖ ਕਿਹੋ ਜਿਹੀ ਸੀ? ਪੀਲੇ ਪਤਿਆਂ ਦੇ ਗ਼ਲੀਚੇ ਨੇ ਧਰਤੀ ਨੂੰ ਕਜਿਆ ਹੋਇਆ ਸੀ ਅਤੇ ਟਹਿਣੀਆਂ ਅਧੀਆਂ ਨੰਗੀਆਂ ਸਨ। ਇਕ ਪੁਰਾਣਾ ਖੋਖਲਾ ਸਿਉ ਦਾ ਰੁਖ ਅਤੇ ਜੰਗਲੀ ਸਿਉ ਦਾ ਇਕ ਨਿਕਾ ਰੁਖ ਨਾਲ ਨਾਲ ਉਗ ਰਹੇ ਸਨ। ਸਿਉ ਦਾ ਰੁਖ ਸਾਡੇ ਦਾਦਿਆਂ ਨੇ ਲਾਇਆ ਸੀ। ਉਹਦੀਆਂ ਅਧੀਆਂ ਸ਼ਾਖਾਂ ਮਰ ਚੁਕੀਆਂ ਸਨ। ਕੇਵਲ ਕੁਝ ਹਰੀਆਂ ਸਨ ਅਤੇ ਉਹਨਾਂ ਉਤੇ ਗੋਲ, ਰਸ-ਭਰੇ ਸਿਉ ਸਨ। ਇਕ, ਦੋ ਵਰ੍ਹੇ ਹੋਰ ਅਤੇ ਸਿਉ ਦਾ ਬੁਢਾ ਰੁਖ ਕਟਣਾ ਪੈਣਾ ਸੀ। ਪਰ ਇਕ ਨਾਜ਼ਕ, ਨਿਕੀ ਟਹਿਣੀ ਉਤੇ ਇਕ ਕੋਂਪਲ ਹਰੀ ਹੋ ਰਹੀ ਸੀ। ਬਚਿਆਂ ਨੇ ਬੁਢੇ ਰੁਖ ਦੀ ਇਸ ਕੋਂਪਲ ਦੀ ਪਿਉਂਦ ਲਾ ਦਿਤੀ। ਵਰ੍ਹੇ ਲੰਘਣ ਨਾਲ ਕੋਂਪਲ ਰੁਖ ਬਣ ਜਾਵੇਗੀ, ਖਿੜੇਗੀ ਅਤੇ ਇਹਦੇ ਉਤੇ ਸੁਨਹਿਰੀ ਫਲ ਪਕਣਗੇ।

"ਬਚਿਓ, ਆਲੇ ਦੁਆਲੇ ਧਿਆਨ ਨਾਲ ਵੇਖੋ—ਕੀ ਤੁਹਾਨੂੰ ਇਕ ਵੀ ਰੁਖ ਅਜਿਹਾ ਦਿਸਦਾ ਹੈ ਜਿਹੜਾ ਸਾਰਾ ਵਰ੍ਹਾ ਇਕੋ ਜਿਹਾ ਰਹੇ?"

ਬਚਿਆਂ ਦਾ ਜੀਵਨ ਦਾ ਅਨੁਭਵ ਬਹੁਤਾ ਨਹੀਂ ਸੀ ਪਰ ਆਪਣੀ ਬਾਲ ਵਰੇਸ ਤੋਂ ਹੀ ਉਹ ਕਿਰਤ ਅਤੇ ਪ੍ਰਕਿਰਤੀ ਦੇ ਸੰਸਾਰ ਵਿਚ ਰਹੇ ਸਨ ਅਤੇ ਉਹ ਜਾਣਦੇ ਸਨ ਕਿ ਬੂਟੇ ਉਗਦੇ ਹਨ, ਖਿੜਦੇ ਅਤੇ ਫਲ ਦੇਂਦੇ ਹਨ।... ਉਹਨਾਂ ਦਸਿਆ ਕਿਵੇਂ ਕਰੂੰਬਲਾਂ ਧਰਤੀ ਵਿਚੋਂ ਫੁਟਦੀਆਂ ਹਨ ਅਤੇ ਰੁਖ ਦਾ ਮੋਟਾ ਤਣਾ ਬਣ ਜਾਂਦੀਆਂ ਹਨ, ਕਿਵੇਂ ਰੁਖਾਂ ਉਤੇ ਕੋਂਪਲਾਂ ਉਗਦੀਆਂ ਹਨ ਅਤੇ ਪਤੇ ਆ ਜਾਂਦੇ

ਹਨ।... ਬਚੇ ਜਿਊਂਦੀਆਂ ਵਸਤਾਂ ਵਿਚ ਤਿਖੀਆਂ, ਛਾਲੀਂ ਵਧਦੀਆਂ ਤਬਦੀਲੀਆਂ ਵੇਖ ਕੇ ਹੈਰਾਨ ਰਹਿ ਗਏ। ਪਰਸੋਂ ਅਸੀਂ ਆੜੂਆਂ ਦੇ ਬਾਗ਼ ਵਿਚ ਗਏ ਸਾਂ ਅਤੇ ਕਾਲੀਆਂ ਕਰੂੰਬਲਾਂ ਅਤੇ ਨੰਗੀਆਂ ਟਹਿਣੀਆਂ ਵੇਖੀਆਂ ਸਨ। ਅਜ ਅਸੀਂ ਸਵੇਰੇ ਸਵੇਰੇ ਗਏ ਅਤੇ ਸਾਡੀ ਨਿਗਾਹ ਸਾਹਮਣੇ ਇਕ ਨਵਾਂ ਦ੍ਰਿਸ਼ ਖੁਲ੍ਹਿਆ ਹੋਇਆ ਸੀ: ਟਹਿਣੀਆਂ ਉਤੇ ਗੁਲਾਬੀ ਫੁਲ ਖਿੜ ਰਹੇ ਸਨ।... ਕਰੂੰਬਲਾਂ ਇੰਨੀ ਛੇਤੀ ਕਿਉਂ ਫੁਟ ਪਈਆਂ—ਰਾਤੋ ਰਾਤ—ਅਤੇ ਰੁਖਾਂ ਉਤੇ ਫੁਲ ਖਿੜ ਪਏ? ਕੀ ਉਹ ਰਾਤ ਨੂੰ ਸੌਂਦੇ ਸਨ ਜਾਂ ਨਹੀਂ? ਜਦੋਂ ਉਹਦੀਆਂ ਟਹਿਣੀਆਂ ਵਢੀਆਂ ਜਾਂਦੀਆਂ ਹਨ ਤਾਂ ਕੀ ਰੁਖ ਨੂੰ ਪੀੜ ਹੁੰਦੀ ਹੈ? ਰੁਖ ਬੁਢੇ ਕਿਉਂ ਹੁੰਦੇ ਹਨ ਅਤੇ ਮਰ ਕਿਉਂ ਜਾਣਦੇ ਹਨ? ਮੈਨੂੰ ਇਹਨਾਂ ਪ੍ਰਸ਼ਨਾਂ ਦੇ ਉਤਰ ਲਭਣ ਲਈ ਇਹਨਾਂ ਸੰਬੰਧੀ ਦੇਰ ਤਕ ਸੋਚਣਾ ਪਿਆ। ਪਰ ਉਤਰਾਂ ਨੇ ਪ੍ਰਸ਼ਨਾਂ ਦੀ ਨਵੀਂ ਵਾਛੜ ਲਿਆ ਦਿਤੀ।

ਅਸਾਂ **ਪ੍ਰਕਿਰਤੀ ਦੀ ਪੁਸਤਕ** ਦਾ ਇਹ ਕਾਂਡ ਛਪੜ ਦੇ ਕੰਢੇ, ਦਰੁਗ ਵਿਚ, ਅਤੇ ਝਾੜੀਆਂ ਦੀਆਂ ਝਿੜੀਆਂ ਅਤੇ ਖੇਤਾਂ ਵਿਚ ਪੜ੍ਹਿਆ। ਪੇਤਲੇ ਪਾਣੀ ਵਿਚ ਡਡੂਆਂ ਦੇ ਪੂਛ ਵਾਲੇ ਨਿਕੇ ਬਚੇ ਤੈਰ ਰਹੇ ਸਨ। ਬਚਿਆਂ ਨੂੰ ਪਤਾ ਸੀ ਕਿ ਉਹ ਡਡੂ ਬਣ ਜਾਣਗੇ। ਅਜਿਹਾ ਕਿਉਂ ਹੁੰਦਾ ਹੈ? ਮਛੀਆਂ ਦੇ ਤਲਾ ਵਿਚ ਨਿਕੀ ਤੋਂ ਨਿਕੀ ਮਛੀ ਵੀ ਮਛੀ ਜਿਹੀ ਜਾਪਦੀ ਹੈ ਪਰ ਡਡੂਆਂ ਦੇ ਬਚੇ ਉਕਾ ਹੀ ਡਡੂਆਂ ਜਿਹੇ ਕਿਉਂ ਨਹੀਂ ਜਾਪਦੇ? ਅਸਾਂ ਵੇਖਿਆ ਕਿਵੇਂ ਪੰਚਾਇਤੀ ਕਿਸਾਨ ਰੇਸ਼ਮ ਦੇ ਕੀੜਿਆਂ ਨੂੰ ਖਾਣਾ ਦੇਂਦੇ ਹਨ। ਖ਼ਸਖ਼ਾਸ ਜਿਹੇ ਅੰਡਿਆਂ ਵਿਚੋਂ ਹਾਬੜੇ ਹੋਏ ਕੀੜੇ ਪੈਦਾ ਹੁੰਦੇ ਹਨ। ਉਹ ਸਿਰਫ ਤੂਤ ਦੇ ਪਤੇ ਖਾਂਦੇ ਹਨ—ਕਿਉਂ? ਰੇਸ਼ਮ ਦਾ ਕੀੜਾ ਆਪਣੇ ਮੂਲ ਆਕਾਰ ਤੋਂ ਕਈ ਗੁਣਾ ਵਡਾ ਹੋ ਜਾਂਦਾ ਹੈ ਜਿਵੇਂ ਪੁਰਾਣੀ ਚਮੜੀ ਲਾਹ ਕੇ ਸੁਟ ਰਿਹਾ ਹੋਵੇ ਕਿਉਂ? ਉਹ ਆਪਣੇ ਦੁਆਲੇ ਰੇਸ਼ਮ ਦਾ ਨਾਜ਼ਕ ਧਾਗਾ ਵਲਦਾ ਹੈ, ਸੁਨਹਿਰੀ ਕੋਏ ਵਿਚ ਲੁਕਦਾ ਹੈ—ਇਸ ਕੋਏ ਵਿਚ ਉਹਦੇ ਨਾਲ ਕੀ ਵਾਪਰਦਾ ਹੈ? ਅਸਾਂ ਰੇਸ਼ਮ ਦੇ ਕਈ ਕੋਏ ਲਏ ਅਤੇ ਉਹਨਾਂ ਨੂੰ ਬਾਰੀ ਦੀ ਮੁਹਾਠ ਉਤੇ ਰਖ ਦਿਤਾ। ਕੁਝ ਦਿਨਾਂ ਪਿਛੋਂ ਅਸਾਂ ਵੇਖਿਆ ਕਿਵੇਂ ਵਡੀਆਂ, ਸੁਹਣੀਆਂ ਤਿਤਲੀਆਂ ਪ੍ਰਗਟ ਹੋਈਆਂ। ਤਿਤਲੀਆਂ ਨੇ ਅੰਡੇ ਦਿਤੇ ਅਤੇ ਸਾਰਾ ਅਮਲ ਦੁਹਰਾਇਆ ਗਿਆ। ਕੀੜੇ ਰੇਸ਼ਮ ਦਾ ਨਾਜ਼ਕ ਧਾਗਾ ਕਿਵੇਂ ਬਣਾਉਂਦੇ ਹਨ? ਉਹ ਕੋਏ ਬਣਾਉਣੇ ਸ਼ੁਰੂ ਕਰਨ ਤੋਂ ਪਹਿਲਾਂ ਤੂਤ ਦੇ ਪਤੇ ਇੰਨੀ ਵਡੀ ਮਾਤਰਾ ਵਿਚ ਕਿਉਂ ਖਾਂਦੇ ਹਨ?

ਸ਼ਰਗਰਮੀ ਦਾ ਸੰਬੰਧ ਜਿੰਨਾ ਵਧੇਰੇ ਪ੍ਰਕਿਰਤੀ ਦੇ ਸਰਗਰਮ ਬੋਧ ਨਾਲ ਹੁੰਦਾ ਹੈ, ਜੋ ਕੁਝ ਸੋਚਿਆ ਜਾਂਦਾ ਹੈ, ਉਹ ਆਲੇ ਦੁਆਲੇ ਦੇ ਸੰਸਾਰ ਵਿਚ ਉਨਾਂ ਵਧੇਰੇ ਦਿਸਣ ਲਗ ਪੈਂਦਾ ਹੈ। ਹਰ ਲੰਘਦੇ ਮਹੀਨੇ ਬਚਿਆਂ ਨੇ ਆਪਣੇ ਆਲੇ ਦੁਆਲੇ ਉਹਨਾਂ ਸਦਾ ਵਧੇਰੇ ਵਰਤਾਰਿਆਂ ਵਲ ਧਿਆਨ ਦਿਤਾ ਜਿਨ੍ਹਾਂ ਵਲ ਉਹ ਪਹਿਲਾਂ ਧਿਆਨ ਨਹੀਂ ਸਨ ਦੇਂਦੇ। ਉਹਨਾਂ ਜੀਵਨ ਦੇ ਉਹ ਰੂਪ ਵੇਖੇ ਜਿਹੜੇ ਉਹਨਾਂ ਨਾਲੋਂ

ਉਕਾ ਹੀ ਵਖਰੇ ਸਨ ਜਿਨ੍ਹਾਂ ਤੋਂ ਉਹ ਜਾਣੂ ਸਨ: ਹਨੇਰੇ, ਸਿਲ੍ਹੇ ਭੌਰੇ ਵਿਚ ਉਹਨਾਂ ਆਲੂ ਵਿਚ ਚਿਟੀ ਫੋਟ ਵੇਖੀ। ਕੀ ਉਹ ਜੜ੍ਹਾਂ ਸਨ ਜਾਂ ਭਵਿਖ ਦੇ ਤਣੇ? ਤਣਿਆਂ ਦੇ ਹਨੇਰੇ, ਉਤਰੀ ਪਾਸੇ ਉਤੇ ਹਰੀ ਕਾਈ ਉਗਦੀ ਸੀ। ਉਹ ਆਪਣੇ ਆਪ ਨੂੰ ਸੂਰਜ ਤੋਂ ਕਿਉਂ ਲੁਕਾਉਂਦੀ ਸੀ? ਉਹਦਾ ਵਾਧਾ ਕਿਵੇਂ ਹੁੰਦਾ? ਕਾਈ ਤੋਂ ਬਿਨਾਂ ਸਾਰੇ ਬੂਟਿਆਂ ਨੂੰ ਫੁਲ ਲਗਦੇ ਹਨ। ਕਾਈ ਕਿਹੋ ਜਿਹਾ ਬੂਟਾ ਹੈ?

**ਪ੍ਰਕਿਰਤੀ ਦੀ ਪੁਸਤਕ** ਵਿਚੋਂ ਕਦੀ ਪੰਨਿਆਂ ਨੇ ਬਚਿਆਂ ਨੂੰ ਨਿਸ਼ਚਾ ਕਰਵਾ ਦਿਤਾ ਕਿ ਕੇਵਲ ਜਿਊਂਦੀਆਂ ਵਸਤਾਂ ਹੀ ਤਬਦੀਲ ਨਹੀਂ ਹੁੰਦੀਆਂ। ਅਸੀਂ ਦਰਿਆ ਦੇ ਕੰਢੇ ਉਤੇ ਚੱਟਾਨ ਵਲ ਗਏ। ਬਚਿਆਂ ਨੇ ਭੂਰੇ ਪਥਰ ਵੇਖੇ ਅਤੇ ਉਹਨਾਂ ਵਿਚ ਨਿਕੀਆਂ ਤਰੇੜਾਂ ਵੇਖੀਆਂ। ਪਥਰਾਂ ਦੇ ਨਿਕੇ ਨਿਕੇ ਟੋਟੇ ਬਚਿਆਂ ਦੇ ਹਥਾਂ ਵਿਚ ਭੁਰ ਗਏ। ਇਹਦਾ ਅਰਥ ਇਹ ਸੀ ਕਿ ਪਥਰ ਵੀ ਹਮੇਸ਼ਾ ਪਥਰ ਨਹੀਂ ਰਹਿੰਦੇ। ਬਚਿਆਂ ਚੇਤੇ ਕੀਤਾ ਕਿਵੇਂ ਕੁਝ ਮਹੀਨੇ ਪਹਿਲਾਂ ਉਹਨਾਂ ਕਿਹਾ ਸੀ: "ਪਥਰ ਧੁਪੇ ਅਤੇ ਭੌਰੇ ਵਿਚ ਇਕੋ ਜਿਹੇ ਹੁੰਦੇ ਹਨ।" ਪਥਰ ਦਿਨੇ ਗਰਮ ਹੋ ਜਾਂਦੇ ਹਨ ਅਤੇ ਰਾਤੀਂ ਠੰਢੇ। ਉਹਨਾਂ ਵਿਚ ਤਰੇੜਾਂ ਆਉਂਦੀਆਂ ਹਨ ਅਤੇ ਉਹਨਾਂ ਵਿਚ ਪਾਣੀ ਪੈ ਜਾਂਦਾ ਹੈ। ਜਾਪਦਾ ਸੀ ਕਿ ਪਥਰ ਵੀ ਸਦੀਵੀ ਨਹੀਂ।

"ਪ੍ਰਕਿਰਤੀ ਵਿਚ ਹਰ ਸ਼ੈ ਤਬਦੀਲ ਹੁੰਦੀ ਹੈ," ਨੂੰ ਸਮਪ੍ਰਤ ਚਿੰਤਨ ਦਾ ਵਿਸ਼ਲੇਸ਼ਣ ਕਰਦੇ ਹੋਏ ਮੈਨੂੰ ਨਿਸ਼ਚਾ ਸੀ ਕਿ ਬਚਾ ਜਿੰਨਾ ਵਧੇਰੇ ਲਭਦਾ ਹੈ, ਜਿੰਨਾ ਵਧੇਰੇ ਨਿਤ ਦੇ ਜੀਵਨ ਦੇ ਨਿਯਮਾਂ ਦਾ ਪਤਾ ਕਢਦਾ ਹੈ, ਜਿੰਨਾ ਵਧੇਰੇ ਉਹ ਜਾਣਨਾ ਚਾਹੁੰਦਾ ਹੈ, ਉਨਾ ਵਧੇਰੇ ਉਹਦੀਆਂ ਗਿਆਨ ਇੰਦਰੀਆਂ ਆਲੇ ਦੁਆਲੇ ਦੇ ਜੀਵਨ ਨੂੰ ਹੁੰਗਾਰਾ ਭਰਨ ਵਾਲੀਆਂ ਬਣ ਜਾਂਦੀਆਂ ਹਨ ਅਤੇ ਉਨਾ ਵਧੇਰੇ ਚਿੰਤਨ ਦੇ ਅਮਲ ਗਿਆਨ ਇੰਦਰੀਆਂ ਨਾਲ ਜੁੜੇ ਬਣ ਜਾਂਦੇ ਹਨ। ਸੋਵੀਅਤ ਮਾਨਵ-ਵਿਗਿਆਨੀ ਮ. ਫ਼. ਨੋਸਤੁਰਖ਼ ਦਾ ਇਕ ਵਾਕੰਸ਼ ਹੈ, ਜਿਹੜਾ, ਮੇਰੇ ਖ਼ਿਆਲ ਅਨੁਸਾਰ, ਬਚੇ ਦੇ ਦਿਮਾਗ਼ੀ ਵਿਕਾਸ ਦੇ ਅਮਲ ਦੀ ਸੂਝ ਦੀ ਕੁੰਜੀ ਦੇਂਦਾ ਹੈ: ਬਚਪਨ ਦੇ ਵਰ੍ਹਿਆਂ ਵਿਚ ਨਵੀਂ ਸੂਚਨਾ ਦੇ ਬੇਰੋਕ ਪਰਵਾਹ ਦੇ ਪ੍ਰਭਾਵ ਅਧੀਨ ਹੁੰਦਾ ਹੋਇਆ, ਮਨੁਖ ਐਨ ਇਸ ਉਮਰੇ ਹੀ **ਗਿਆਨ ਲਈ ਵਧ ਰਹੀ ਲੁਛਣਾ** ਪ੍ਰਾਪਤ ਕਰਦਾ ਹੈ।

ਗਿਆਨ ਦਾ ਪਰਵਾਹ ਦਿਮਾਗ਼ੀ ਵਿਕਾਸ ਦੀਆਂ ਸਭ ਤੋਂ ਮਹਤਵ-ਪੂਰਨ ਸ਼ਰਤਾਂ ਵਿਚੋਂ ਇਕ ਹੈ। ਜੇ ਕਿਸੇ ਇਕ ਜਾਂ ਦੂਜੇ ਕਾਰਨ ਇਹ ਪਰਵਾਹ ਕਮਜ਼ੋਰ ਪੈ ਜਾਵੇ ਜਾਂ ਇਹਦੇ ਵਿਚ ਵਾਧਾ ਨਾ ਹੋਵੇ ਤਾਂ ਕੀ ਹੁੰਦਾ ਹੈ? ਬਚਾ ਆਪਣੇ ਆਪ ਜੋ ਕੁਝ ਵੇਖਦਾ ਹੈ ਅਜੇ ਉਹ ਸੂਚਨਾ ਦਾ ਪਰਵਾਹ ਨਹੀਂ। ਕਿਸੇ ਬੰਦੇ ਦੀ ਵਿਦਿਆ ਇਸ ਗਲ ਵਿਚ ਹੈ ਕਿ ਉਹਦੇ ਵਡੇਰੇ ਆਪਣਾ ਗਿਆਨ ਉਹਨੂੰ ਦੇ ਦੇਂਦੇ ਹਨ, ਉਹਨਾਂ ਦੇ ਵਿਚਾਰਾਂ ਦਾ ਬਲ ਬਚੇ ਨੂੰ ਪ੍ਰਭਾਵਤ ਕਰਨ ਵਾਲੀ ਸੂਚਨਾ ਦੇ ਪਰਵਾਹ ਨੂੰ ਹੌਲੀ ਹੌਲੀ ਵਗਦਾ ਰਖਦਾ ਹੈ।

ਮੈ ਉਹਦੇ ਜਨਮ ਦੀ ਘੜੀ ਤੋਂ ਉਹਦੇ ਸਕੂਲ ਵਿਚ ਦਾਖ਼ਲ ਹੋਣ ਦੇ ਸਮੇ

ਤਕ ਹਰ ਬਚੇ ਦੇ ਘਰੋਗੀ ਆਲੇ ਦੁਆਲੇ ਦਾ ਬੜੇ ਧਿਆਨ ਨਾਲ ਅਧਿਅਨ ਕਰਨਾ ਸ਼ੁਰੂ ਕਰ ਦਿਤਾ। ਰੋਚਕ ਆਮਿਆਉਣਾ ਪ੍ਰਗਟ ਹੋਣਾ ਸ਼ੁਰੂ ਹੋ ਗਿਆ। ਜੇ ਬਚੇ ਨੂੰ ਸਕੂਲ ਦਾਖ਼ਲ ਹੋਣ ਤੋਂ ਪਹਿਲਾਂ ਦੇ ਵਰ੍ਹਿਆਂ ਵਿਚ ਉਹਦੇ ਆਪਣੇ ਆਪ ਉਤੇ ਛਡ ਦਿਤਾ ਗਿਆ ਹੋਵੇ, ਜੇ ਉਹਦੇ ਵਡੇਰਿਆਂ ਨੇ ਸੂਚਨਾ ਦਾ ਉਹ ਪਰਵਾਹ ਨਾ ਸਿਰਜਿਆ ਹੋਵੇ ਜਿਸ ਤੋਂ ਬਿਨਾਂ ਸਾਧਾਰਨ ਮਨੁਖੀ ਆਲੇ ਦੁਆਲੇ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ ਤਾਂ ਬਚੇ ਦਾ ਦਿਮਾਗ਼ ਸਿਥਲਤਾ ਦੀ ਹਾਲਤ ਵਿਚ ਹੋਵੇਗਾ: ਪੁਛ-ਪੜਤਾਲ ਦਾ ਸ਼ੌਕ ਅਤੇ ਖੋਜੀਪੁਣਾ ਮਰ ਜਾਂਦੇ ਹਨ ਅਤੇ ਉਹਨਾਂ ਦੀ ਥਾਂ ਬੇਪਰਵਾਹੀ ਲੈ ਲੈਂਦੀ ਹੈ। ਜਾਪਦਾ ਹੈ ਅਜਿਹੀਆਂ ਪ੍ਰਸਥਿਤੀਆਂ ਵਿਚ ਗਿਆਨ ਲਈ ਵਧ ਰਹੀ ਲੁਛਣਾ ਅਤੇ ਸੋਚਣ ਲਈ ਮਹਤਵ-ਪੂਰਨ ਬਲ, ਜਿਹੜੇ ਬਚੇ ਦਾ ਦਿਮਾਗ਼ੀ ਵਿਕਾਸ ਮਿਥਦੇ ਹਨ, ਅਥਾਹ ਹਦ ਤਕ ਪ੍ਰਗਟ ਹੁੰਦੇ ਹਨ।

ਬਚਪਨ ਵਿਚ ਪੈਤਰਿਕ ਨੂੰ ਉਹਦੇ ਆਪਣੇ ਹਾਲ ਉਤੇ ਛਡ ਦਿਤਾ ਗਿਆ। ਉਹਦੀ ਮਾਂ ਅਤੇ ਦਾਦਾ ਸਵੇਰੇ ਕੰਮ ਉਤੇ ਚਲੇ ਜਾਂਦੇ ਅਤੇ ਨਿਕਾ ਮੁੰਡਾ ਘਰ ਇਕਲਾ ਰਹਿੰਦਾ। ਉਹਨੂੰ ਦਾਣਿਆਂ ਵਾਲੇ ਕੋਠੇ ਦੇ ਛਪਰ ਹੇਠ ਜਾਂ ਜੰਗਲੇ ਵਾਲੇ ਵਿਹੜੇ ਵਿਚ ਛਡ ਦਿਤਾ ਜਾਂਦਾ। ਥੋੜ੍ਹੀ ਥੋੜ੍ਹੀ ਦੇਰ ਪਿਛੋਂ ਗੁਆਂਢਣ ਵੇਖਦੀ ਕਿ ਸਭ ਠੀਕ ਠਾਕ ਹੈ ਜਾਂ ਨਹੀਂ। ਇਉਂ ਦੋ ਵਰ੍ਹਿਆਂ ਦੀ ਉਮਰ ਤੋਂ ਪੰਜਾਂ ਦਾ ਹੋਣ ਤਕ ਪੈਤਰਿਕ ਦੀ "ਪਾਲਣਾ" ਕੀਤੀ ਗਈ। ਇਹ ਤਾਂ "ਸਬਜ਼ੀਆਂ ਜਿਹੀ" ਪਾਲਣਾ ਸੀ। ਬਚੇ ਨੂੰ ਚੰਗਾ ਖਾਣਾ ਮਿਲਦਾ ਅਤੇ ਉਹਦੇ ਕੋਲ ਚੋਖੇ ਕਪੜੇ ਸਨ ਪਰ ਉਹ ਉਸ ਕੁਝ ਤੋਂ ਵਿਰਵਾ ਸੀ ਜਿਸਦੀ ਸਭ ਤੋਂ ਵਧ ਮਹਤਤਾ ਹੈ—ਮਨੁਖੀ ਆਲਾ ਦੁਆਲਾ। ਪੰਜਾਂ ਦੀ ਉਮਰ ਤੋਂ ਪੈਤਰਿਕ ਹੋਰ ਬਚਿਆਂ, ਵਧੇਰੇ ਆਪਣੇ ਹਾਣ ਦੇ ਬਚਿਆਂ ਨਾਲ ਸੜਕਾਂ ਉਤੇ ਖੇਡਦਾ ਰਹਿੰਦਾ। ਜਦੋਂ ਉਹ ਸਕੂਲੇ ਆਇਆ ਤਾਂ ਉਹਨੂੰ ਆਪਣੀ ਮਾਤ-ਭਾਸ਼ਾ ਦੇ ਸਾਦੇ ਤੋਂ ਸਾਦੇ ਸ਼ਬਦਾਂ ਦੇ ਅਰਥਾਂ ਦਾ ਪਤਾ ਨਹੀਂ ਸੀ। ਉਹਦੀ ਬੇਪਰਵਾਹ ਤਕਣੀ, ਆਲੇ ਦੁਆਲੇ ਦੀਆਂ ਵਸਤਾਂ ਉਤੋਂ ਤਿਲਕਦੀ ਉਹਨੂੰ ਕਿਸੇ ਬੁਦੇ ਦੀ ਦਿਖ ਦੇਂਦੀ। ਇਹਦਾ ਅਰਥ ਇਹ ਸੀ ਕਿ ਚਿੰਤਨ ਦੀ ਜਿਉਂਦੀ ਸਮਿਗਰੀ, ਦਿਮਾਗ਼ ਦੀ ਬਾਹਰਲੀ ਪਰਤ ਦੀਆਂ ਖੋਲੀਆਂ ਇਸ ਲਈ ਬੇਹਰਕਤ ਸਨ ਕਿ ਉਹਦੀ ਤੰਤੂ ਪ੍ਰਣਾਲੀ ਦੇ ਬਣਨ ਦੇ ਸਭ ਤੋਂ ਮਹਤਵ-ਪੂਰਨ ਸਮੇ ਵਿਚ, ਦਿਮਾਗ਼ ਦੀ ਬਾਲ ਵਰੇਸ ਵਿਚ ਬਚੇ ਨੂੰ ਆਲੇ ਦੁਆਲੇ ਦੇ ਸੰਸਾਰ ਤੋਂ, ਸੂਚਨਾ ਦੇ ਤਿਖੇ ਪਰਵਾਹ ਤੋਂ ਵਿਰਵਾ ਰਖਿਆ ਗਿਆ। ਇਸ ਲਈ **ਪ੍ਰਕਿਰਤੀ ਦੀ ਪੁਸਤਕ** ਪੜ੍ਹਣ ਨੇ ਨਿਕੇ ਮੁੰਡੇ ਦੀ ਵਿਦਿਆ ਵਿਚ ਇਕ ਵਡਾ ਰੋਲ ਅਦਾ ਕਰਨਾ ਸੀ।

...ਅਸਾਂ **ਪ੍ਰਕਿਰਤੀ ਦੀ ਪੁਸਤਕ** ਦਾ ਅਗਲਾ ਪੰਨਾ ਪਰਤਿਆ, "ਜੀਵਨ ਦੇ ਬੀਅ"। ਪਤ-ਝੜ ਦੀ ਰੁਤੇ ਬਚਿਆਂ ਨੇ ਸਕੂਲ ਦੇ ਫਲਾਂ ਦੇ ਬਾਗ਼ ਵਿਚ ਬੀਜਣ ਲਈ ਨਾਖ, ਸਿਉ, ਆੜੂ ਅਤੇ ਆਲੂ-ਬੁਖਾਰੇ ਦੇ ਬੀਅ ਇਕਠੇ ਕੀਤੇ। ਉਹ ਆਪਣੇ ਅਨੁਭਵ ਤੋਂ ਪਹਿਲਾਂ ਹੀ ਜਾਣਦੇ ਸਨ ਕਿ ਰੁਖ ਬੀਆਂ ਤੋਂ ਉਗਦੇ ਹਨ।

ਬਸੰਤ ਅਤੇ ਹੁਨਾਲ ਦੀ ਰੁਤੇ ਜਦੋਂ ਸਤੈਪ-ਭੂਮੀ ਵਿਚ ਜੀਵਨ ਦੀ ਬਹੁਲਤਾ ਹੁੰਦੀ, ਜੰਗਲਾਂ ਅਤੇ ਝੰਗੀਆਂ ਵਿਚ ਬੂਟਿਆਂ ਉਤੇ ਬੀਅ ਪਕਦੇ ਅਤੇ ਜਿਨਸ ਵਧਦੀ। ਅਸੀਂ ਸੈਰਾਂ ਕਰਨ ਜਾਂਦੇ। ਹਵਾ ਸਫ਼ੈਦੇ ਅਤੇ ਭਖੜੇ ਤੋਂ ਚਿਟੀ ਰੁਆਲ ਦੇ ਨਿਕੇ ਟੱਟੇ ਉਡਾ ਲਿਆਉਂਦੀ। ਉਹ ਇਹ ਵੇਖਕੇ ਹੈਰਾਨ ਹੁੰਦੇ ਕਿ ਪ੍ਰਕਿਰਤੀ ਨੇ ਇਹਨਾਂ ਬੀਆਂ ਦਾ ਕਿੰਨਾਂ ਧਿਆਨ ਰਖਿਆ ਹੈ: ਉਹ ਧਰਤੀ ਦੇ ਸੁਕੇ ਤਲ ਨੂੰ ਚੰਬੜੇ ਨਹੀਂ ਰਹਿੰਦੇ, ਪਰ ਜਿਉਂ ਹੀ ਗਿਲ ਆਉਂਦੀ, ਰੁਆਲ ਚੰਬੜ ਜਾਂਦੀ, ਆਪਣੇ ਆਪ ਨੂੰ ਧਰਤੀ ਨਾਲ ਲਾ ਲੈਂਦੀ ਅਤੇ ਨਿਕਾ ਬੀਅ ਫੁਟ ਪੈਂਦਾ। ਬਚਿਆਂ ਨੇ **ਪ੍ਰਕਿਰਤੀ ਦੀ ਪੁਸਤਕ** ਨੂੰ ਸਤਰ ਸਤਰ ਕਰਕੇ ਰੋਚਕਤਾ ਨਾਲ ਪੜ੍ਹਿਆ। ਉਹਨਾਂ ਵੇਖਿਆ ਕਿਵੇਂ ਬੀਅ ਅਨੇਕ ਬੂਟਿਆਂ ਵਿਚੋਂ "ਛਾਲ ਮਾਰਕੇ" ਬਾਹਰ ਨਿਕਲਦੇ ਅਤੇ ਜੀਵਨ ਦੇ ਬੀਅ ਹਰ ਪਾਸੇ ਖਿਲਰ ਜਾਂਦੇ, ਕਿਵੇਂ ਪੋਸਤ ਦੇ ਡੋਡਿਆਂ ਵਿਚ ਨਿਕੀਆਂ ਬਾਰੀਆਂ ਵਿਚ ਬਾਕੀਆਂ ਨਾਲੋਂ ਪਹਿਲਾਂ ਪਕਣ ਵਾਲੇ ਬੀਅ ਬਾਹਰ ਉਡ ਜਾਂਦੇ। ਅਸਾਂ ਆਤਸ਼ੀ-ਸ਼ੀਸੇ ਹੇਠ ਉਹ ਚਤੁਰ ਕੁੰਡੀਆਂ, ਪੰਜੇ ਅਤੇ "ਚੜ੍ਹਾਈ ਕਰਨ ਵਾਲੇ ਲੋਹੇ" ਵੇਖੇ ਜਿਨ੍ਹਾਂ ਨਾਲ ਬੀਅ ਕਿਸੇ ਬੰਦੇ ਦੇ ਕਪੜਿਆਂ ਜਾਂ ਕਿਸੇ ਪਸ਼ੂ ਦੇ ਵਾਲਾਂ ਨਾਲ ਚੰਬੜ ਜਾਂਦੇ। ਅਸਾਂ ਅਨਾਜ ਦੀਆਂ ਵਖ ਵਖ ਕਿਸਮਾਂ ਦੇ ਬੀਅ ਇਕਠੇ ਕੀਤੇ। ਬਚੇ ਸੋਚਦੇ: ਬੀਅ ਤੋਂ ਰੁਖ ਕਿਸ ਤਰ੍ਹਾਂ ਉਗਦਾ ਹੈ? ਕੀ ਬੀਅ ਜਿਊਂਦੇ ਹਨ ਜਾਂ ਬੇਜਾਨ? ਬਚਿਆਂ ਨੇ ਸਿਆਲ ਵਿਚ ਇਸ ਪੰਨੇ ਉਤੇ ਕਈ ਰੋਚਕ ਸਤਰਾਂ ਪੜ੍ਹੀਆਂ: ਕਈ ਬੂਟੇ ਆਪਣੇ ਬੀਅ ਬਰਫ਼ ਉਤੇ ਸੁਟ ਦੇਂਦੇ ਹਨ ਅਤੇ ਉਹ ਪੁੰਗਰਨ ਤੋਂ ਪਹਿਲਾਂ ਕਈ ਹਫ਼ਤੇ ਬਰਫ ਵਿਚ ਪਏ ਰਹਿੰਦੇ ਹਨ।

ਬਚੇ ਗਿਆਨ ਪ੍ਰਾਪਤੀ ਲਈ ਜਿੰਨੇ ਜ਼ੋਰ ਨਾਲ ਜਤਨ ਕਰਦੇ ਹਨ, ਆਪਣੇ ਕੰਮ ਵਿਚ ਉਹ ਜਿੰਨੀ ਵਧੇਰੇ ਰੋਚਕਤਾ ਲੈਂਦੇ ਹਨ, ਕੰਮ ਦਾ ਖੋਜੀ ਖ਼ਾਸਾ ਉਨੀ ਹੀ ਵਧੇਰੇ ਡੂੰਘਿਆਈ ਨਾਲ ਪ੍ਰਗਟ ਹੁੰਦਾ ਹੈ। ਜਦੋਂ ਹਥ ਸੋਚਣ ਵਾਲੇ ਦੀ ਸਹਾਇਤਾ ਕਰਦੇ ਹਨ, ਜਦੋਂ ਬਚਾ ਆਪਣੇ ਆਪ ਨੂੰ ਉਤੇਜਤ ਕਰਨ ਵਾਲੇ ਪ੍ਰਸ਼ਨ ਦਾ ਉਤਰ ਕਿਰਤ ਰਾਹੀਂ ਲਭਣ ਦਾ, ਅੜਾਉਣੀ ਹਲ ਕਰਨ ਦਾ, ਜੋ ਕੁਝ ਅਜੇ ਤਕ ਪ੍ਰਸਤਾਵਨਾ ਹੀ ਹੈ ਉਹਦਾ ਸਚ ਜਾਣਨ ਦਾ ਜਤਨ ਕਰਦਾ ਹੈ ਤਾਂ ਆਲੇ ਦੁਆਲੇ ਤੋਂ ਵਾਕਫ਼ੀ ਦਾ ਪਰਵਾਹ ਗਿਆਨ ਪ੍ਰਾਪਤ ਕਰਨ ਲਈ ਵਿਸ਼ੇਸ਼ ਤੌਰ ਉਤੇ ਤਕੜਾ ਉਤਸ਼ਾਹਕ ਬਣ ਜਾਂਦਾ ਹੈ। ਜਿਹੜਾ ਬਚਾ ਕੰਮ ਕਰਨ ਵਾਲਾ ਬਣ ਗਿਆ ਹੈ ਉਹ ਮਜਬੂਰੀ ਕਾਰਨ ਨਹੀਂ ਸਗੋਂ ਸਚੀ ਰੋਚਕਤਾ ਕਾਰਨ ਸਚਾ ਸੋਚਣ ਵਾਲਾ ਬਣ ਜਾਂਦਾ ਹੈ। ਬਚੇ ਦੀ ਕੰਮ ਕਰਨ ਦੀ ਇਛਾ ਦਾ ਸੋਮਾ ਸਭ ਤੋਂ ਪਹਿਲਾਂ **ਲਭਣ ਦੀ ਇਛਾ** ਵਿਚ ਪ੍ਰਗਟ ਹੁੰਦਾ ਹੈ। ਜੇ ਇਹ ਇਛਾ ਵਿਕਸਤ ਹੁੰਦੀ ਹੈ ਤਾਂ ਬਚੇ ਅੰਦਰ ਕਿਰਤ ਲਈ ਰੋਚਕਤਾ ਮਜ਼ਬੂਤ ਹੁੰਦੀ ਹੈ। ਵਿਦਿਅਕ ਕੰਮ ਵਿਚ ਜਿਸ ਗਲ ਨੂੰ ਕੰਮ ਦਾ ਪਿਆਰ ਕਿਹਾ ਜਾਂਦਾ ਹੈ ਉਹ ਬਚੇ ਵਿਚ ਉਤਸੁਕਤਾ, ਪੁਛ-ਪੜਤਾਲ ਦੀ ਇਛਾ ਅਤੇ ਮਨੁਖੀ ਕੁਰਬ ਦੀ ਭਾਵਨਾ ਦੇ ਨਾਲ ਪੈਦਾ ਹੁੰਦੀ ਹੈ।

**ਪ੍ਰਕਿਰਤੀ ਦੀ ਪੁਸਤਕ** ਦੇ ਇਕ ਸਭ ਤੋਂ ਉਤੇਜਕ ਪੰਨੇ "ਸੂਰਜ, ਜੀਵਨ ਦਾ ਸੋਮਾ" ਪੜ੍ਹਣ ਨੇ ਬਚਿਆਂ ਦੀ ਚੇਤਨਤਾ ਅਤੇ ਭਾਵੁਕ ਯਾਦਾਂ ਉਤੇ ਡੂੰਘਾ ਪ੍ਰਭਾਵ ਪਾਇਆ। ਹੁਨਾਲ ਦੇ ਇਕ ਗਰਮ ਦਿਨ ਅਸੀਂ ਖੇਤਾਂ, ਬਾਗ਼ ਅਤੇ ਅੰਗੂਰ ਦੇ ਵਾੜੇ ਵਲ ਗਏ। ਕਣਕ ਅਤੇ ਸੂਰਜਮੁਖੀ ਦੇ ਖੇਤ, ਅੰਗੂਰਾਂ ਦੇ ਗੁਛੇ, ਸੁਨਹਿਰੀ ਨਾਖਾਂ ਅਤੇ ਪਕ ਰਹੇ ਟਮਾਟਰ ਸਾਡੇ ਸਾਹਮਣੇ ਖਿਲਰੇ ਹੋਏ ਸਨ। ਬਚਿਆਂ ਨੇ ਉਪਜਾਇਕਤਾ ਦੀਆਂ ਇਹਨਾਂ ਸਭਨਾਂ ਸੁਗਾਤਾਂ ਵਿਚ ਸੂਰਜ ਦੀ ਲੋ ਅਤੇ ਨਿਘ ਵੇਖਿਆ। ਮਨੁਖ ਲਈ ਲੋੜੀਂਦੀ ਹਰ ਵਸਤ ਧਰਤੀ ਸੂਰਜ ਸਦਕਾ ਦੇਂਦੀ ਹੈ। ਬਹੁਤ ਵਾਰ ਗਹੁ ਨਾਲ ਵੇਖਣ ਅਤੇ ਮੁਕਾਬਲਾ ਕਰਨ ਅਤੇ ਕਾਰਨ ਅਤੇ ਪ੍ਰਭਾਵ ਦੇ ਸੰਬੰਧਾਂ ਨੂੰ ਮਿਥਣ ਪਿਛੋ ਜਿਹੜਾ ਸਿਟਾ ਕਢਿਆ ਗਿਆ ਉਹਨੇ ਬਚਿਆਂ ਵਿਚ ਹੈਰਾਨੀ ਪੈਦਾ ਕੀਤੀ, ਜਿਸਨੇ ਉਹਨਾਂ ਦੇ ਖ਼ਿਆਲਾਂ ਦੀ ਉਡਾਰੀ ਲਈ ਨਵੇਂ ਉਤੇਜਕ ਪੈਦਾ ਕੀਤੇ। ਬਚਿਆਂ ਨੇ ਆਪਣੇ ਆਲੇ ਦੁਆਲੇ ਦੇ ਸੰਸਾਰ ਨੂੰ ਵੇਖਿਆ ਅਤੇ ਹਰ ਸ਼ੈ ਦੀ ਉਤਪਤੀ ਸੰਬੰਧੀ ਸੋਚਿਆ। ਅਤੇ ਜਦੋਂ ਉਹਨਾਂ ਨੂੰ ਨਿਸ਼ਚਾ ਹੋ ਗਿਆ ਕਿ ਸੂਰਜ ਸਾਰੇ ਜੀਵਨ ਦਾ ਸੋਮਾ ਹੈ ਤਾਂ ਹੈਰਾਨੀ ਦੀ ਭਾਵਨਾ ਹੋਰ ਡੂੰਘੀ ਹੋ ਗਈ।

ਕਣਕ, ਟਮਾਟਰ ਅਤੇ ਸੂਰਜਮੁਖੀ—ਕਿਸੇ ਦੀ ਸੂਰਜ ਤੋਂ ਬਿਨਾਂ ਹੋਂਦ ਨਹੀਂ ਸੀ ਹੋ ਸਕਦੀ। ਮਾਸ, ਦੁਧ ਅਤੇ ਮਖਣ ਦੀ ਵੀ ਹੋਂਦ ਨਾ ਹੋ ਸਕਦੀ ਕਿਉਂਕਿ ਪਸ਼ੂ ਉਹ ਬੂਟੇ ਖਾਂਦੇ ਹਨ ਜਿਹੜੇ ਲੋਅ ਅਤੇ ਨਿਘ ਸਦਕਾ ਧਰਤੀ ਵਿਚੋਂ ਉਗਦੇ ਹਨ। ਆਪਣੀ ਹੈਰਾਨੀ ਕਾਰਨ ਬਚਿਆਂ ਪੁਛਿਆ, "ਸੂਰਜ ਕੀ ਹੈ? ਉਹ ਸਾਨੂੰ ਜਿਹੜਾ ਨਿਘ ਦੇਂਦਾ ਹੈ ਉਹਨੂੰ ਉਹ ਕਿਥੋਂ ਮਿਲਦਾ ਹੈ? ਸੂਰਜ ਸਰਦੀਆਂ ਵਿਚ ਧਰਤੀ ਨੂੰ ਇੰਨਾ ਘਟ ਗਰਮ ਕਿਉਂ ਕਰਦਾ ਹੈ? ਜੇ ਸੂਰਜ ਸੜ ਕੇ ਖ਼ਤਮ ਹੋ ਜਾਵੇ ਤਾਂ ਕੀ ਹੋਵੇਗਾ?"

**ਪ੍ਰਕਿਰਤੀ ਦੀ ਪੁਸਤਕ** ਪੜ੍ਹਣ ਸਮੇਂ ਜਿਹੜੇ ਪ੍ਰਸ਼ਨ ਉਠੇ ਉਹ ਉਚੇਰੇ ਗਿਆਨ ਵਲ ਉਡਾਰੀਆਂ ਦੇ ਮੁਢ ਸਨ, ਜਿਨ੍ਹਾਂ ਨਾਲ, ਕਈ ਵਰ੍ਹਿਆਂ ਦੇ ਸਮੇਂ ਵਿਚ, ਬਚੇ ਜੀਵਨ ਦੇ ਗੁੰਝਲਦਾਰ ਭੇਤ ਖੋਹਲਣਗੇ। ਮੈਂ ਜਤਨ ਕੀਤਾ ਕਿ ਬਚੇ ਸੰਸਾਰ ਦੇ ਖੋਚਰੀ ਖੋਜੀ ਅਤੇ ਲਭਣ ਵਾਲੇ ਬਣਨ ਤਾਂ ਜੁ ਸਚ ਉਹਨਾਂ ਸਾਹਮਣੇ ਅਧਿਆਪਕਾਂ ਵਲੋਂ ਥਾਲੀ ਵਿਚ ਪਰੋਸ ਕੇ ਰਖੇ ਸਿਟੇ ਵਜੋਂ ਨਾ ਆਵੇ ਸਗੋਂ ਉਹਨਾਂ ਦੇ ਦੁਆਲੇ ਦੇ ਸਪਸ਼ਟ ਚਿਤਰ ਵਜੋਂ ਆਵੇ, ਜਿਹੜਾ ਧਕ ਧਕ ਕਰਦੇ ਦਿਲਾਂ ਨਾਲ ਅਨੁਭਵ ਕੀਤਾ ਜਾਵੇ। ਜੇ ਕੋਈ ਲਭਤ ਬਚੇ ਨੂੰ ਉਤੇਜਤ ਕਰਦੀ ਹੈ ਤਾਂ ਸਚ ਇਕ ਨਿਜੀ ਨਿਸ਼ਚਾ ਬਣ ਜਾਵੇਗਾ, ਜਿਹੜਾ ਸਾਰੀ ਉਮਰ ਉਹਦੇ ਨਾਲ ਰਹੇਗਾ। ਬੰਧਕ ਭਾਵਨਾ, ਗਿਆਨ ਦੀ ਖ਼ੁਸ਼ੀ ਦਾ ਅਨੁਭਵ, ਪ੍ਰਕਿਰਤੀ ਦੀ ਮਹਾਨਤਾ ਅਤੇ ਉਹਦੇ ਨਿਯਮਾਂ ਦੀ ਨੇਮਵਾਰਗੀ ਦੇ ਸਨਮੁਖ ਹੈਰਾਨ—ਇਹ ਨਿਗਰ ਯਾਦ ਦਾ ਸੋਮਾ ਹੈ।

ਮੈਨੂੰ ਬੰਧਕ ਭਾਵਨਾ ਨੂੰ ਬਚਿਆਂ ਵਿਚੋਂ ਕੁਝ ਦੀ ਯਾਦ ਸ਼ਕਤੀ ਵਿਕਸਤ ਕਰਨ ਅਤੇ ਮਜ਼ਬੂਤ ਬਣਾਉਣ ਦਾ ਮੁਖ ਢੰਗ ਦਿਸਿਆ। ਵਾਲੀਆ ਦੀ ਯਾਦ ਸ਼ਕਤੀ

ਕਮਜ਼ੋਰ ਸੀ, ਹਰ ਗਲ ਉਹਦੇ ਇਕ ਕੰਨ ਵਿਚੋਂ ਅੰਦਰ ਜਾਂਦੀ ਅਤੇ ਦੂਜੇ ਕੰਨ ਵਿਚੋਂ ਬਾਹਰ ਨਿਕਲ ਜਾਂਦੀ ਜਾਪਦੀ। ਮੈਂ ਨਿਕੀ ਕੁੜੀ ਦਾ ਦਿਲ ਆਲੇ ਦੁਆਲੇ ਦੇ ਸੰਸਾਰ ਦੇ ਚਿਤਰਾਂ ਉਤੇ ਹੈਰਾਨੀ ਨਾਲ ਧੜਕਾਉਣਾ ਪਿਆ। **ਪ੍ਰਕਿਰਤੀ ਦੀ ਪੁਸਤਕ** ਦਾ "ਹਰ ਜਿਊਂਦਾ ਜੀਵ ਆਪਣੇ ਆਪ ਨੂੰ ਆਪਣੇ ਆਲੇ ਦੁਆਲੇ ਦਾ ਅਨੁਸਾਰੀ ਬਣਾਉਂਦਾ ਹੈ" ਨਾਂ ਦਾ ਪੰਨਾ ਪੜ੍ਹਣ ਲਈ ਕਈ ਦਿਨਾਂ ਤਕ ਖੇਤ ਅਤੇ ਜੰਗਲ ਵਿਚ, ਦਰਿਆ ਦੇ ਕੰਢੇ, ਬਾਗ਼ ਵਿਚ ਅਤੇ ਮਖਿਆਰੀਆਂ ਦੀਆਂ ਖਖਰਾਂ ਕੋਲ ਘੁੰਮਦੇ ਰਹੇ। ਮੈਂ ਬਚਿਆਂ ਨੂੰ ਵਿਖਾਇਆ ਕਿ ਅਨੇਕ ਫੁਲ ਗਰਮ ਮੌਸਮ ਵਿਚ ਬੰਦ ਹੋ ਜਾਂਦੇ ਹਨ ਅਤੇ ਸ਼ਾਮ ਦੀ ਠੰਢੀਰ ਵਿਚ ਫਿਰ ਖਿੜ ਜਾਂਦੇ ਹਨ। ਮੈਂ ਉਹਨਾਂ ਨੂੰ ਵਿਖਾਇਆ ਕਿਵੇਂ ਸਨੋਡਰਾਪ ਦੀ ਪਤਲੀ ਡੰਡੀ ਡਿਗੇ ਪਤਿਆਂ ਦੀਆਂ ਮੋਟੀਆਂ ਤਹਿਆਂ ਵਿਚੋਂ ਤੀਰ ਵਾਂਗ ਸਿਧੀ ਉਪਰ ਉਠਦੀ ਹੈ, ਕਿਵੇਂ ਅੰਗੂਰ ਦੀਆਂ ਵੇਲਾਂ ਦੀਆਂ ਜੜ੍ਹਾਂ ਨਮੀ ਲੈਣ ਲਈ ਤਿੰਨ ਮੀਟਰ ਡੂੰਘੀਆਂ ਜਾਂਦੀਆਂ ਹਨ, ਮਖਿਆਰੀਆਂ ਕਿਵੇਂ ਆਪਣੀਆਂ ਖਖਰਾਂ ਬਣਾਉਂਦੀਆਂ ਹਨ, ਕਿਵੇਂ ਕਹੂ ਦੀਆਂ ਟਹਿਣੀਆਂ ਗਾਦ ਵਿਚ ਡਿਗ ਪੈਂਦੀਆਂ ਹਨ ਅਤੇ ਜੜ੍ਹਾਂ ਫੜ ਲੈਂਦੀਆਂ ਹਨ ਜਿਨ੍ਹਾਂ ਤੋਂ ਇਕ ਹੋਰ ਰੁਖ ਉਗ ਪਵੇਗਾ।... ਇਹਨਾਂ ਲਭਤਾਂ ਨੇ ਨਿਕੀ ਕੁੜੀ ਨੂੰ ਖ਼ੁਸ਼ੀ ਭਰੀ ਉਤੇਜਨਾ ਨਾਲ ਭਰ ਦਿਤਾ। ਬਚੇ ਦੀਆਂ ਅਖਾਂ ਵਿਚ ਲਾਪਰਵਾਹੀ ਦੀ ਦਿਖ ਦੀ ਥਾਂ ਜਿਊਂਦੀ ਨਿਜੀ ਰੋਚਕਤਾ ਨੇ ਲੈ ਲਈ। ਚੁਪੀਤੀ ਵਾਲੀਆ ਗਲਾਂ ਕਰਨ ਲਗ ਪਈ ਅਤੇ ਉਹਨੇ ਪੁਛਿਆ: "ਪਰ ਮਖਿਆਰੀ ਨੂੰ ਇਹ ਪਤਾ ਕਿਵੇਂ ਲਗਦਾ ਹੈ ਕਿ ਉਹਨੇ ਘਰ ਕਿਵੇਂ ਮੁੜਨਾ ਹੈ? ਉਹ ਆਪਣੀ ਖਖਰ ਕਿਵੇਂ ਲਭਦੀ ਹੈ? ਜਦੋਂ ਅਜੇ ਧਰਤੀ ਉਤੇ ਬਰਫ਼ ਪਈ ਹੁੰਦੀ ਹੈ ਤਾਂ ਸਨੋਡਰਾਪ ਦੇ ਖਿੜੇ ਫੁਲ ਨੂੰ ਠੰਢ ਨਹੀਂ ਲਗਦੀ?" ਜਿਥੇ ਪ੍ਰਸ਼ਨ ਹੁੰਦੇ ਹਨ, ਉਥੇ ਸੋਚ ਹੁੰਦੀ ਹੈ ਅਤੇ ਜਿਥੇ ਸੋਚ ਹੁੰਦੀ ਹੈ ਉਥੇ ਯਾਦ ਸ਼ਕਤੀ ਆਲੇ ਦੁਆਲੇ ਦੇ ਸੰਸਾਰ ਅਤੇ ਪ੍ਰਕਿਰਤੀ ਦੇ ਨਿਯਮਾਂ ਦੇ ਚਿਤਰਾਂ ਨੂੰ ਸਾਂਭ ਰਹੀ ਹੁੰਦੀ ਹੈ।

ਇਹ ਹਨ **ਪ੍ਰਕਿਰਤੀ ਦੀ ਪੁਸਤਕ** ਦੇ ਪੰਨਿਆਂ ਦੇ ਨਾਂ ਜਿਹੜੇ ਅਸਾਂ ਵਾਰੋ ਵਾਰੀ ਪੜ੍ਹੇ: "ਬਨਸਪਤ ਅਤੇ ਪ੍ਰਾਣੀ ਸੰਸਾਰ", "ਪਾਣੀ ਦਾ ਤੁਪਕਾ ਸਫ਼ਰ ਕਿਵੇਂ ਕਰਦਾ ਹੈ", "ਮਨੁਖ ਪ੍ਰਕਿਰਤੀ ਦੀਆਂ ਸ਼ਕਤੀਆਂ ਵਰਤਦਾ ਹੈ", "ਪ੍ਰਕਿਰਤੀ ਬਸੰਤ ਵਿਚ ਜਾਗਦੀ ਹੈ", "ਹੁਨਾਲ ਦਾ ਸਭ ਤੋ ਲੰਮਾ ਦਿਨ", "ਜੰਗਲ, ਖੇਤ ਅਤੇ ਜੂਹ ਵਿਚ ਬਸੰਤ ਦੇ ਫੁਲ", "ਹੁਨਾਲ ਦੇ ਫੁਲ", "ਸੋਸਨ ਅਤੇ ਬਨਫ਼ਸ਼ੇ ਦੇ ਫੁਲ", "ਗਲ ਦਾਊਦੀਆਂ, ਪਤ-ਝੜ ਦੇ ਬਚੇ", "ਛਪੜ ਵਿਚ ਜੀਵਨ", "ਪਤ-ਝੜ ਵਿਚ ਅਖ਼ੀਰੀ ਨਿਘੇ ਦਿਨ", "ਪ੍ਰਕਿਰਤੀ ਸਿਆਲ ਨੂੰ ਉਡੀਕਦੀ ਹੈ", "ਸਿਆਲ ਦੀ ਪਹਿਲੀ ਸਵੇਰ," "ਸਿਆਲ ਦੇ ਜੰਗਲ ਵਿਚ ਪੰਛੀਆਂ ਦਾ ਜੀਵਨ", "ਕਣਕ ਦੇ ਸਿਟੇ", "ਮਖਿਆਰੀ ਪਰਵਾਰ ਵਿਚ ਜੀਵਨ", "ਅਬਾਬੀਲਾਂ ਆਪਣੇ ਆਲ੍ਹਣੇ ਬਣਾਉਂਦੀਆਂ ਹਨ", "ਤੂਫ਼ਾਨ ਨੇੜੇ

ਆ ਰਿਹਾ ਹੈ", "ਪਤ-ਝੜ ਵਿਚ ਮੀਂਹ ਵਾਲਾ ਮੌਸਮ", "ਸਿਆਲ ਵਿਚ ਫੁਲਾਂ ਦਾ ਸੰਸਾਰ", "ਜੰਗਲ ਗਿਲ ਬਚਾਉਂਦਾ ਹੈ", "ਸਾਰਸ ਆ ਗਏ ਹਨ", "ਪੰਛੀ ਸਿਆਲ ਲਈ ਗਰਮ ਥਾਵਾਂ ਉਡਾਰੀ ਲਾਉਣ ਦੀ ਤਿਆਰੀ ਕਰਦੇ ਹਨ", "ਹੁਨਾਲ ਵਿਚ ਮੀਂਹ ਦੇ ਛਟੇ ਪਿਛੋਂ ਸੂਰਜ", "ਦਰਿਆ ਉਤੇ ਸਤ-ਰੰਗੀ ਪੀਂਘ", "ਸਿਆਲ ਅਤੇ ਬਸੰਤ ਦੀਆਂ ਫ਼ਸਲਾਂ", "ਸੂਰਜਮੁਖੀ ਦੇ ਫੁਲ ਖਿੜਨ ਲਗ ਪਏ ਹਨ", "ਅਸਮਾਨ ਵਿਚ ਤਾਰੇ", "ਧਰਤੀ ਵਿਚ ਜੀਵਨ", "ਹਰਾ ਪਤਾ, ਧੁਪ ਦਾ ਭੰਡਾਰ", "ਖੁੰਬਾਂ ਅਤੇ ਕਾਈ", "ਬਲੂਤ ਦੇ ਫਲ ਤੋਂ ਬਲੂਤ ਦਾ ਰੁਖ ਕਿਵੇਂ ਉਗਦਾ ਹੈ", ਅਤੇ ਕਈ ਹੋਰ।

"ਭੈੜਾ ਅਧਿਆਪਕ ਸਚਾਈਆਂ ਪੇਸ਼ ਕਰਦਾ ਹੈ; ਚੰਗਾ ਅਧਿਆਪਕ ਵਿਖਾਉਂਦਾ ਹੈ ਉਹਨਾਂ ਨੂੰ ਕਿਵੇਂ ਲਭਣਾ ਹੈ," ਦਿਸਤਰਵੇਗ* ਨੇ ਲਿਖਿਆ। ਸਾਡੇ ਦਿਨ ਦੇ ਕੰਮ ਵਿਚ ਆਲੇ ਦੁਆਲੇ ਦੇ ਸੰਸਾਰ ਦੇ ਵਰਤਾਰਿਆਂ ਵਲ ਖੋਜੀ ਪਹੁੰਚ ਨੇ ਵਿਸ਼ੇਸ਼ ਮਹਤਤਾ ਪ੍ਰਾਪਤ ਕਰ ਲਈ। ਇਹ ਗਲ ਬੜੀ ਮਹਤਵ-ਪੂਰਨ ਸੀ ਕਿ ਵਿਦਿਆਰਥੀਆਂ ਦਾ ਸੋਚਣ ਦਾ ਢੰਗ ਖੋਜ ਅਤੇ ਢੂੰਡਣ ਉਤੇ ਆਧਾਰਤ ਹੋਵੇ ਤਾਂ ਜੁ ਵਿਗਿਆਨਕ ਸਚਾਈਆਂ ਦੀ ਸਮਝ ਤਥਾਂ ਦੇ ਸੰਕਲਣ, ਵਿਸ਼ਲੇਸ਼ਣ, ਮੁਕਾਬਲੇ ਅਤੇ ਤੁਲਨਾ ਤੋਂ ਚਲੇ। ਪ੍ਰਕਿਰਤੀ ਦੇ ਵਰਤਾਰਿਆਂ ਅਤੇ ਚਿਤਰਾਂ ਨੂੰ ਗਹੁ ਨਾਲ ਵੇਖਦਾ ਹੋਇਆ ਬਚਾ ਚਿੰਤਨ ਦੇ ਰੂਪਾਂ ਅਤੇ ਅਮਲਾਂ ਵਿਚ ਨਿਪੁੰਨਤਾ ਪ੍ਰਾਪਤ ਕਰਦਾ ਹੈ ਅਤੇ ਆਪਣੀ ਸੂਝ ਨੂੰ ਭਰਪੂਰ ਬਣਾਉਂਦਾ ਹੈ, ਜਿਹੜਾ ਸਭ ਕੁਝ ਕਾਰਨ ਅਤੇ ਪ੍ਰਭਾਵ ਦੇ ਸੰਬੰਧਾਂ ਸੰਬੰਧੀ, ਜਿਨ੍ਹਾਂ ਨੂੰ ਚੌਕਸ ਅਖ ਵੇਖਦੀ ਹੈ, ਯਥਾਰਥਕ ਪੂਰੀ ਤਰ੍ਹਾਂ ਸੋਚਣ ਨਾਲ ਭਰਪੂਰ ਹੈ। ਅਨੁਭਵ ਨੇ ਦਰਸਾਇਆ ਕਿ **ਪ੍ਰਕਿਰਤੀ ਦੀ ਪੁਸਤਕ** ਪੜ੍ਹਦੇ ਹੋਏ ਬਚਿਆਂ ਦੇ ਵਿਚਾਰਾਂ ਵਿਚ ਮਹਤਵ-ਪੂਰਨ ਲਛਣ ਉਘੇ ਸਨ: ਅਮੂਰਤ ਸੂਝਾਂ ਨਾਲ ਅਮਲ ਕਰਦੇ ਹੋਏ ਬਚਿਆਂ ਨੇ ਉਹਨਾਂ ਵਿਚਾਰਾਂ, ਬਿੰਬਾਂ ਅਤੇ ਚਿਤਰਾਂ ਨੂੰ ਲਿਆ ਜਿਨ੍ਹਾਂ ਉਤੇ ਇਹ ਸੂਝਾਂ ਆਧਾਰਤ ਸਨ।

ਜਦੋਂ ਮੇਰੇ ਵਿਦਿਆਰਥੀ, ਬਚਪਨ ਦੇ ਸਾਰੇ ਵਰ੍ਹਿਆਂ ਵਿਚ **ਪ੍ਰਕਿਰਤੀ ਦੀ ਪੁਸਤਕ** ਦਾ ਅਧਿਅਨ ਕਰਨ ਪਿਛੋਂ, ਗਭਰੇਟ ਅਤੇ ਫਿਰ ਗਭਰੂ ਅਤੇ ਮੁਟਿਆਰਾਂ ਬਣ ਗਏ, ਮੈਨੂੰ ਇਸ ਗਲ ਵਿਚ ਵਿਸ਼ੇਸ਼ ਰੋਚਕਤਾ ਸੀ ਕਿ ਉਹਨਾਂ ਦੀ ਬੌਧਕ ਕਿਰਤ ਦੇ ਲਛਣ ਅਤੇ ਢੰਗ ਅਤੇ ਬਹੁ-ਪਖੀ ਬੌਧਕ ਰੋਚਕਤਾਵਾਂ ਵਿਚ ਆਲੇ ਦੁਆਲੇ ਦੇ ਸੰਸਾਰ ਦਾ ਬੋਧ ਕਿਵੇਂ ਪ੍ਰਤਿਬਿੰਬਤ ਹੁੰਦਾ ਹੈ। ਮੈਨੂੰ ਨਿਸ਼ਚਾ ਸੀ ਕਿ ਉਹਨਾਂ ਦੀ ਮਹਾਨ ਪੁਛ-ਪੜਤਾਲ ਦੀ ਪ੍ਰਵਿਰਤੀ ਮੇਰੇ ਵਿਦਿਆਰਥੀਆਂ ਦੇ ਬੌਧਕ ਜੀਵਨ ਦਾ ਉਘੜਵਾਂ ਲਛਣ ਸੀ। ਉਹਨਾਂ ਦੇ ਸਾਰੇ ਮਾਮਲਿਆਂ ਵਿਚ, ਉਹਨਾਂ

---

* **ਫ਼. ਅ. ਦਿਸਤਰਵੇਗ**, ਚੋਣਵੇ ਵਿਦਿਅਕ ਲੇਖ, ਮਾਸਕੋ, ਉਚਪੇਦਗਿਜ਼ ਪ੍ਰਕਾਸ਼ਕ, ੧੯੫੬, ਪੰਨਾ ੧੫੮ (ਰੂਸੀ ਵਿਚ)।

ਦੁਆਲੇ ਹਰ ਗਲ ਉਤੇ ਉਹਨਾਂ ਦੇ ਭਾਵਾਂ ਅਤੇ ਵਿਚਾਰਾਂ ਦਾ ਪ੍ਰਭਾਵ ਪੈਂਦਾ। ਗਭਰੇਟ ਅਤੇ ਮੁਢਲੀ ਬਾਲਗ ਅਵਸਥਾ ਦੇ ਵਰ੍ਹਿਆਂ ਵਿਚ ਮੇਰੇ ਵਿਦਿਆਰਥੀਆਂ ਦੇ ਦਿਮਾਗ਼ੀ ਜੀਵਨ ਦਾ ਇਕ ਲਛਣ ਉਹਨਾਂ ਦੀ ਪ੍ਰਕਿਰਤੀ ਦੀਆਂ ਵਸਤਾਂ ਅਤੇ ਵਰਤਾਰਿਆਂ ਦੀ ਅੰਤਰ-ਸੰਬੰਧਤਾ ਵੇਖ ਸਕਣ ਦੀ ਯੋਗਤਾ ਸੀ। ਉਹ ਹਰ ਉਹ ਗਲ ਜਾਣਨ ਦਾ ਜਤਨ ਕਰਦੇ ਜਿਹੜੀ ਅਸਪਸ਼ਟ ਸੀ ਜਾਂ ਜਿਹੜੀਆਂ ਉਹ ਪੁਸਤਕਾਂ ਤੋਂ ਸਮਝ ਸਕਦੇ। ਪੁਸਤਕਾਂ ਉਹਨਾਂ ਲਈ ਗਿਆਨ ਦਾ ਸੋਮਾ ਬਣ ਗਈਆਂ ਅਤੇ ਉਹਨਾਂ ਦੇ ਆਤਮਕ ਜੀਵਨ ਲਈ ਲਾਜ਼ਮੀ ਸਨ।

## ਵਸਤਾਂ ਦੇ ਸੰਸਾਰ ਤੋਂ ਸਮਾਜ ਵਲ। ਹਰ ਸ਼ੈ ਕਿਥੋਂ ਆਉਂਦੀ ਹੈ?

ਪ੍ਰਕਿਰਤੀ ਵਿਅਕਤੀ ਦੀ ਵਿਦਿਆ ਲਈ ਭਰਪੂਰ ਸੋਮਾ ਹੈ। ਪਰ ਮਨ, ਭਾਵਨਾਵਾਂ, ਵਤੀਰਿਆਂ ਅਤੇ ਨਿਸ਼ਚਿਆਂ ਦਾ ਬਣਨਾ ਕੇਵਲ ਪ੍ਰਕਿਰਤੀ ਨੂੰ ਸਮਝਣ ਨਾਲ ਹੀ ਸ਼ੁਰੂ ਹੁੰਦਾ ਹੈ। ਮਨੁਖ ਸਮਾਜ ਵਿਚ ਰਹਿੰਦਾ ਹੈ, ਅਤੇ ਤਤ ਵਿਚ, ਉਹਦਾ ਸਾਰਾ ਜੀਵਨ ਆਪਣੇ ਆਪ ਨੂੰ ਉਹਨਾਂ ਸੰਬੰਧਾਂ ਦੇ ਰੂਪ ਵਿਚ ਪ੍ਰਗਟ ਕਰਦਾ ਹੈ ਜਿਹੜੇ ਉਹ ਹੋਰ ਲੋਕਾਂ ਨਾਲ ਬਣਾਉਂਦਾ ਜਾਂ ਬਣਾਉਂਦੀ ਹੈ। ਉਹਨਾਂ ਜਿਹੜੇ ਚਾਰ ਵਰ੍ਹੇ ਮੁਢਲੇ ਸਕੂਲ ਵਿਚ ਬਿਤਾਏ ਮੈਂ ਉਹਨਾਂ ਸਾਰਿਆਂ ਵਿਚ ਬਚਿਆਂ ਨੂੰ ਇਸ ਮਹਤਵ-ਪੂਰਨ ਗਲ ਸੰਬੰਧੀ ਸੋਚਣ ਵਲ ਲਾਉਣ ਦਾ ਜਤਨ ਕੀਤਾ: ਮਨੁਖ ਉਹਨਾਂ ਸੈਂਕੜੇ ਜਾਂ ਇਥੋਂ ਤਕ ਕਿ ਹਜ਼ਾਰਾਂ ਹੋਰਨਾਂ ਲੋਕਾਂ ਸਦਕਾ ਜਿਉਂਦਾ ਹੈ ਜਿਹੜੇ ਕਿਸੇ ਇਸਤ੍ਰੀ ਜਾਂ ਮਰਦ ਦੀਆਂ ਪਦਾਰਥਕ ਅਤੇ ਆਤਮਕ ਲੋੜਾਂ ਪੂਰੀਆਂ ਕਰਦੇ ਹਨ। ਕੰਮ ਅਤੇ ਸਮਾਜ ਦੇ ਪ੍ਰਸਪਰ ਸੰਬੰਧਾਂ ਦੇ ਅਮਲ ਵਿਚ ਉਹਦੀਆਂ ਆਤਮਕ ਕਦਰਾਂ, ਜੀਵਨ ਵਲ ਵਤੀਰੇ ਅਤੇ ਸੰਸਾਰ ਦ੍ਰਿਸ਼ਟੀਕੋਣ ਸਮੇਤ ਕਿਸੇ ਮਰਦ ਜਾਂ ਇਸਤ੍ਰੀ ਦਾ ਸਦਾਚਾਰਕ ਮੁਹਾਂਦਰਾ ਵੀ ਰੂਪ ਧਾਰਦਾ ਹੈ। ਅਧਿਆਪਕ ਦੇ ਮਹਤਵ-ਪੂਰਨ ਕਾਰਜਾਂ ਵਿਚੋਂ ਇਕ ਇਹ ਹੈ ਕਿ ਉਹ ਬਚਿਆਂ ਨੂੰ ਇਹ ਸਮਝਣ ਅਤੇ ਅਨੁਭਵ ਕਰਨ ਯੋਗ ਬਣਾਵੇ ਕਿ ਪਦਾਰਥਕ ਅਤੇ ਆਤਮਕ ਭਲਾਈ ਦੀ ਸਿਰਜਣਾ ਰਾਹੀਂ ਸਮਾਜ ਵਿਚ ਨਿਜੀ ਅੰਤਰ-ਸੰਬੰਧ ਰੂਪ ਧਾਰਦੇ ਹਨ ਕਿਵੇਂ ਨਾਗਰਿਕ ਦਾ ਨਿਜੀ ਮੁਹਾਂਦਰਾ ਰੂਪ ਧਾਰਦਾ ਹੈ।

ਅਨੁਭਵ ਨੇ ਮੈਨੂੰ ਨਿਸ਼ਚਾ ਕਰਵਾ ਦਿਤਾ ਕਿ ਨਿਕਾ ਬਚਾ ਵਸਤਾਂ ਨੂੰ ਸਮਝਣ ਰਾਹੀਂ, ਇਸ ਪ੍ਰਗਟਾ ਰਾਹੀਂ ਕਿ ਸਾਰੀਆਂ ਵਸਤਾਂ ਕਿਥੋਂ ਆਉਂਦੀਆਂ ਹਨ, ਸਮਾਜੀ ਸੰਬੰਧਾਂ ਨੂੰ ਸਮਝਣ ਤਕ ਅਪੜਦਾ ਹੈ।

ਅਸੀਂ ਸਕੂਲ ਦੇ ਖਾਣੇ ਵਾਲੇ ਹਾਲ ਵਿਚ ਦੁਪਹਿਰ ਦਾ ਖਾਣਾ ਖਾਧਾ ਅਤੇ ਆਪਣੇ ਭਾਂਡੇ ਧੋਤੇ। ਠਹਿਰੋ, ਬਚਿਓ, ਖਾਣੇ ਵਾਲੇ ਹਾਲ ਵਿਚੋਂ ਬਾਹਰ ਨਾ ਜਾਓ; ਅਸੀਂ ਹੋਰ ਅਧਾ ਘੰਟਾ ਮੇਜ਼ ਦੁਆਲੇ ਬੈਠਾਂਗੇ। ਆਓ ਅਸੀਂ ਇਸ ਸੰਬੰਧੀ ਸੋਚੀਏ

ਕਿ ਜਿਹੜੀਆਂ ਵਸਤਾਂ ਅਸੀਂ ਅਜ ਵਰਤਦੇ ਹਾਂ ਉਹ ਕਿਥੋਂ ਆਈਆਂ ਹਨ। ਉਹਨਾਂ ਜਿਹੜੀਆਂ ਸਾਰੀਆਂ ਵਸਤਾਂ ਸਾਨੂੰ ਦਿਤੀਆਂ ਉਹ ਕਿਥੋਂ ਦੀਆਂ ਹਨ ? ਬਚਿਆਂ ਉਹ ਸਾਰੀਆਂ ਵਸਤਾਂ ਗਿਣੀਆਂ ਜਿਹੜੀਆਂ ਉਹਨਾਂ ਖਾਧੀਆਂ ਸਨ: ਡਬਲ-ਰੋਟੀ, ਮਾਸ, ਆਲੂ, ਦੁਧ, ਮਖਣ, ਅੰਡੇ।... ਖਾਣਾ ਉਸ ਚੁਲ੍ਹੇ ਉਤੇ ਬਣਾਇਆ ਗਿਆ ਸੀ ਜਿਹੜਾ ਅਜੇ ਥੋੜ੍ਹਾ ਹੀ ਸਮਾਂ ਪਹਿਲਾਂ ਨਵੀਆਂ ਇਟਾਂ ਤੋਂ ਬਣਾਇਆ ਗਿਆ ਸੀ। ਚੁਲ੍ਹੇ ਵਿਚ ਕੋਲਾ ਬਲਦਾ ਸੀ, ਜਿਹੜਾ ਖਾਣਾਂ ਤੋਂ ਲਿਆਇਆ ਗਿਆ ਸੀ। ਜਿਹੜੀਆਂ ਕੁਰਸੀਆਂ ਉਤੇ ਅਤੇ ਜਿਹੜੇ ਮੇਜ਼ ਦੁਆਲੇ ਅਸੀਂ ਬੈਠੇ ਸਾਂ ਉਹ ਧਾਤ ਅਤੇ ਪਲਾਸਟਕ ਦੇ ਬਣੇ ਹੋਏ ਸਨ।...

"ਕੀ ਇਹੋ ਸਭ ਕੁਝ ਹੈ?" ਮੈਂ ਪੁਛਿਆ।

"ਹਾਂ," ਬਚਿਆਂ ਨੇ ਉਤਰ ਦਿਤਾ।

"ਧਿਆਨ ਨਾਲ ਵੇਖੋ। ਕੁਝ ਹੋਰ ਵੀ ਹੈ, ਜਿਸ ਵਲ ਤੁਹਾਡਾ ਧਿਆਨ ਨਹੀਂ ਗਿਆ।"...

ਨੁਕਰੇ ਪਿਆ ਰੀਫ਼ਰਿਜਰੇਟਰ ਬਿਜਲੀ ਤੋਂ ਬਿਨਾਂ ਨਹੀਂ ਸੀ ਚਲ ਸਕਦਾ। ਕੰਧਾਂ ਉਤੇ ਬਿਜਲੀ ਦੀਆਂ ਬਤੀਆਂ ਸਨ। ਮੈਂ ਸੋਚ ਰਿਹਾ ਸਾਂ ਕਿ ਬਚੇ ਉਹਨਾਂ ਵਲ ਧਿਆਨ ਦੇਣਗੇ ਜਾਂ ਨਹੀਂ।

ਉਹਨਾਂ ਧਿਆਨ ਦਿਤਾ। ਉਹਨਾਂ ਹੈਰਾਨੀ ਨਾਲ ਅਨੁਭਵ ਕੀਤਾ ਕਿ ਜੇ ਬਿਜਲੀ ਨਾ ਹੁੰਦੀ ਤਾਂ ਘਰ ਵਿਚ ਰਹਿਣਾ ਅਤੇ ਸਕੂਲੇ ਪੜ੍ਹਨਾ ਔਖਾ ਹੁੰਦਾ।

ਇਹ ਸਾਰੀਆਂ ਵਸਤਾਂ ਜਿਨ੍ਹਾਂ ਤੋਂ ਬਿਨਾਂ ਅਸੀਂ ਜੀ ਨਹੀਂ ਸਕਦੇ ਕਿਥੋਂ ਆਈਆਂ ?

ਸਮਾਜੀ ਉਤਪਾਦਨ ਅਤੇ ਕਿਰਤ ਸੰਬੰਧਾਂ ਦੇ ਗੁੰਝਲਦਾਰ ਸੰਸਾਰ ਵਿਚ ਸਾਡੇ "ਸਫ਼ਰ" ਇਸ ਪ੍ਰਸ਼ਨ ਨਾਲ ਸ਼ੁਰੂ ਹੋਏ। ਸਾਡੇ ਹਰ ਕਦਮ ਦਾ ਸਿਟਾ ਨਵੀਆਂ ਲਭਤਾਂ ਸੀ। ਇਹ ਸਚ ਭਾਸਦੇ ਹੋਏ ਕਿ ਲਗ ਭਗ ਉਹਨਾਂ ਸਭਨਾਂ ਦੇ ਮਾਤਾ ਪਿਤਾ ਦਾ ਕੰਮ ਸਾਡੇ ਮੇਜ਼ ਉਤੇ ਡਬਲ-ਰੋਟੀ ਲਿਆਉਣ ਲਈ ਲੋੜੀਂਦਾ ਸੀ ਬਚਿਆਂ ਨੇ ਕਿਰਤੀ ਲੋਕਾਂ ਲਈ ਮਹਾਨ ਸਤਿਕਾਰ ਅਨੁਭਵ ਕੀਤਾ। ਪਰ ਗਲ ਬਸ ਇੰਨੀ ਹੀ ਨਹੀਂ ਸੀ। ਜਿਹੜੇ ਲੋਕ ਟਰੈਕਟਰ, ਹਲ ਅਤੇ ਕੰਬਾਈਨ ਬਣਾਉਂਦੇ ਸਨ, ਉਹਨਾਂ ਦੀ ਕਿਰਤ ਦੀ ਵੀ ਲੋੜ ਸੀ ਕਿਉਂਕਿ ਮਸ਼ੀਨਾਂ ਤੋਂ ਬਿਨਾਂ ਅਨਾਜ ਨਾ ਉਗਾਇਆ ਜਾ ਸਕਦਾ। ਖਾਣ-ਪੁਟਾਂ ਦੀ ਕਿਰਤ ਦੀ ਲੋੜ ਸੀ ਕਿਉਂਕਿ ਕੋਲੇ ਤੋਂ ਬਿਨਾਂ ਮਸ਼ੀਨਾਂ ਬਣਾਉਣ ਲਈ ਧਾਤ ਨਾ ਗਾਲੀ ਜਾ ਸਕਦੀ।

ਜਦੋਂ ਅਸੀਂ ਹੋਰ ਗਲਾਂ ਤੋਂ ਚੰਗੀ ਤਰ੍ਹਾਂ ਜਾਣੂ ਹੋਏ ਤਾਂ ਸਾਨੂੰ ਕੋਈ ਘਟ ਅਚੰਭਾਜਨਕ ਲਭਤਾਂ ਨਾ ਲਭੀਆਂ। ਸਾਡੀ ਮਾਤ-ਭੂਮੀ ਦੇ ਨੇੜੇ ਅਤੇ ਦੁਰਾਡੇ ਸ਼ਹਿਰਾਂ ਅਤੇ ਪਿੰਡਾਂ ਦੇ ਵਖ ਵਖ ਕਿੱਤਿਆਂ ਦੇ ਸੈਕੜੇ ਲੋਕਾਂ ਨੂੰ ਕੰਮ ਕਰਨਾ ਪਿਆ ਤਾਂ ਜੁ ਧਰਤੀ ਦੀ ਕੁਖ ਵਿਚੋਂ ਕੋਲਾ ਸਾਡੇ ਸਕੂਲ ਵਿਚ ਅਪੜੇ। ਸੈਕੜੇ ਲੋਕਾਂ ਨੂੰ ਸਾਡੇ

ਮੇਜ਼ਾਂ ਲਈ ਧਾਤ ਗਾਲਣ ਲਈ ਅਤੇ ਰਤੇ ਅਤੇ ਚੀਕਣੀ ਮਿਟੀ ਤੋਂ ਇਟਾਂ ਬਣਾਉਣ ਲਈ ਕੰਮ ਕਰਨਾ ਪਿਆ।

ਇਸੇ ਢੰਗ ਨਾਲ ਅਸਾਂ ਸਮਾਜੀ ਉਤਪਾਦਨ ਵਿਚ, ਕੰਮ ਸਮੇ ਦੇ ਅੰਤਰ-ਸੰਬੰਧਾਂ ਜਾਣਨ ਲਈ ਪਹਿਲੇ ਕਦਮ ਪੁਟੇ, ਪਤਾ ਕੀਤਾ ਕਿ ਸਾਡੇ ਕਪੜੇ ਕਿਥੋ ਆਉਂਦੇ ਹਨ, ਕਾਗ਼ਜ਼ ਕਿਵੇ ਬਣਦਾ ਹੈ, ਸਾਡੇ ਲਈ ਪੁਸਤਕਾਂ ਅਤੇ ਫ਼ਿਲਮਾਂ ਕੌਣ ਬਣਾਉਂਦਾ ਹੈ ਅਤੇ ਸੰਗੀਤ ਕੌਣ ਰਚਦਾ ਹੈ। ਹਫ਼ਤੇ ਤੋਂ ਪਿਛੋ ਹਫ਼ਤੇ, ਮਹੀਨੇ ਤੋਂ ਪਿਛੋ ਮਹੀਨੇ ਵਿਚ ਅਸਾਂ ਸਮਾਜੀ ਸੰਬੰਧਾਂ ਦੀਆਂ ਗੁੰਝਲਾਂ ਸਮਝਣ ਦਾ ਜਤਨ ਕੀਤਾ। ਅਸੀਂ ਵਸਤਾਂ ਦੇ ਸੰਸਾਰ ਰਾਹੀਂ ਮਨੁਖ ਤੋਂ ਜਾਣੂ ਹੋਏ। ਵਸਤਾਂ, ਪਦਾਰਥਕ ਅਤੇ ਆਤਮਕ ਕਦਰਾਂ ਨੇ ਸਾਨੂੰ ਮਨੁਖ ਨੂੰ ਸਮਝਣ ਅਤੇ ਅਨੁਭਵ ਕਰਨ ਵਿਚ ਸਹਾਇਤਾ ਦਿਤੀ। ਨਾਨਬਾਈ ਸਤੀਪਾਨ ਮਾਕਸੀਮੋਵਿਚ, ਜਿਸਨੂੰ ਅਸੀਂ ਉਹਦੇ ਕੰਮ ਦੀ ਥਾਂ ਉਤੇ ਮਿਲੇ, ਬਚਿਆਂ ਦੀ ਨਿਗਾਹ ਵਿਚ ਇਕ ਸਾਧਾਰਨ ਮਨੁਖ ਨਹੀਂ ਸੀ ਜਿਹੜਾ ਡਬਲ-ਰੋਟੀ ਬਣਾਉਣ ਦਾ ਸਾਧਾਰਨ ਕੰਮ ਕਰਦਾ, ਸਗੋਂ ਜੀਵਨ ਦਾ ਸਿਰਜਣਹਾਰਾ ਸੀ ਜਿਸ ਤੋਂ ਬਿਨਾਂ ਸੈਂਕੜੇ ਅਤੇ ਹਜ਼ਾਰਾਂ ਲੋਕ ਜਿਊਂਦੇ ਨਾ ਰਹਿ ਸਕਦੇ। ਹਰ ਹਫ਼ਤੇ ਅਸੀਂ ਕਿਰਤੀਆਂ ਨੂੰ, ਸੈਂਕੜੇ ਅਤੇ ਹਜ਼ਾਰਾਂ ਲੋਕਾਂ ਲਈ ਪਦਾਰਥਕ ਅਤੇ ਆਤਮਕ ਵਸਤਾਂ ਪੈਦਾ ਕਰਨ ਵਾਲਿਆਂ ਨੂੰ, ਕੰਬਾਈਨ ਅਤੇ ਟਰੈਕਟਰ ਡਰਾਈਵਰਾਂ ਨੂੰ, ਧਾਤਾਂ ਦੇ ਕਾਰੀਗਰਾਂ ਨੂੰ ਅਤੇ ਖ਼ਰਾਦੀਆਂ ਨੂੰ ਮਿਲਦੇ। ਬਸੰਤ ਦੇ ਇਕ ਦਿਨ ਜਦੋਂ ਬਚਿਆਂ ਨੇ ਤੀਜੀ ਸ਼੍ਰੇਣੀ ਦੀ ਪੜ੍ਹਾਈ ਖ਼ਤਮ ਕਰ ਲਈ ਸੀ, ਅਸੀਂ ਕਰੇਮੇਨਚੁਗ ਜਲ-ਬਿਜਲੀਘਰ ਵਿਖੇ ਗਏ ਅਤੇ ਵੇਖਿਆ ਕਿ ਬਿਜਲੀ ਕਿਵੇ ਬਣਦੀ ਹੈ। ਉਥੇ ਅਸੀਂ ਬਿਜਲੀ ਦੇ ਮਾਹਿਰਾਂ ਨੂੰ ਮਿਲੇ।

ਬਚੇ ਜਿਹੜੇ ਕਿਰਤੀਆਂ ਨੂੰ ਮਿਲੇ, ਆਪਣੇ ਕੰਮ ਵਲ ਉਹਨਾਂ ਦਾ ਵਤੀਰਾ ਬਚਿਆਂ ਦਾ ਸਦਾਚਾਰਕ ਦ੍ਰਿਸ਼ਟੀਕੋਣ ਬਣਾਉਣ ਵਿਚ ਇਕ ਮਹਤਵ-ਪੂਰਨ ਅੰਸ਼ ਸੀ। ਲੋਕ ਹੋਰਾਂ ਲਈ ਜਿਹੜੀਆਂ ਵਸਤਾਂ ਸਿਰਜਦੇ ਹਨ ਉਹ ਪਹਿਲੀ ਨਜ਼ਰੇ ਇੰਨੀਆਂ ਸਾਧਾਰਨ ਜਾਪਦੀਆਂ ਹਨ ਕਿ ਰੋਟੀ, ਮਾਸ, ਦੁਧ, ਖੰਡ ਅਤੇ ਹੋਰ ਵਸਤਾਂ ਵਿਚ ਕੋਈ ਖ਼ਾਸ ਗਲ ਨਹੀਂ ਦਿਸਦੀ। ਜੇ ਲੋਕ ਆਪਣੇ ਕੰਮ ਉਤੇ ਮਾਣ ਕਰਦੇ ਅਤੇ ਇਹਨੂੰ ਸਮਾਜ ਦੀ ਸੇਵਾ ਸਮਝਦੇ ਤਾਂ ਇਹਦਾ ਬਚਿਆਂ ਉਤੇ ਡੂੰਘਾ ਪ੍ਰਭਾਵ ਪੈਂਦਾ। ਇਹ ਸਚ ਕਿ ਕਿਰਤ ਮਨੁਖ ਨੂੰ ਉਚਿਆਉਂਦੀ ਅਤੇ ਬੰਦੇ ਲਈ ਮੁਕੰਮਲ ਖ਼ੁਸ਼ੀ ਲਿਆਉਂਦੀ ਹੈ ਬਚਿਆਂ ਲਈ ਕੋਈ ਅਮੂਰਤ ਵਿਚਾਰ ਨਹੀਂ ਸੀ ਸਗੋਂ ਜੀਵਨ ਦਾ ਤਤ ਸੀ। ਬਚਪਨ ਤੋਂ ਬੰਦੇ ਨੂੰ ਨਿਸ਼ਚਾ ਸੀ ਕਿ ਜੀਵਨ ਦਾ ਉਹ ਰਾਹ ਜਿਸ ਵਿਚ ਉਹਦੀਆਂ ਸ਼ਕਤੀਆਂ ਅਤੇ ਰਚਨਾਤਮਕ ਯੋਗਤਾ ਪ੍ਰਗਟਾਈ ਜਾ ਸਕਦੀ ਹੈ, ਇਮਾਨਦਾਰ ਕੰਮ ਹੈ।

ਸਕੂਲ ਦਾ ਇਕ ਮਹਤਵ-ਪੂਰਨ ਕੰਮ ਮਨੁਖ ਨੂੰ ਰਚਨਾਤਮਕ ਤੌਰ ਉਤੇ ਸੋਚਣਾ ਅਤੇ ਇਕ ਖੋਜੀ, ਪੁਛ-ਪੜਤਾਲ ਕਰਨ ਵਾਲਾ ਮਨੁਖ ਹੋਣਾ ਸਿਖਾਉਣਾ ਹੈ। ਮੈਂ ਬਚਪਨ ਦੇ ਵਰ੍ਹਿਆਂ ਨੂੰ ਚਿੰਤਨ ਦੇ ਸਕੂਲ ਵਜੋ ਅਤੇ ਅਧਿਆਪਕ ਦੀ ਵਿਦਿਆਰਥੀਆਂ ਦੇ ਸਰੀਰਾਂ ਅਤੇ ਅੰਦਰਲੇ ਸੰਸਾਰ ਦੀ ਬਣਤਰ ਦਾ ਧਿਆਨ ਰਖਣ ਵਾਲੇ ਬੰਦੇ ਵਜੋ ਕਲਪਨਾ ਕੀਤੀ। ਬਚੇ ਦੇ ਦਿਮਾਗ਼ ਦੇ ਵਿਕਾਸ ਕਰਨ ਅਤੇ ਮਜ਼ਬੂਤ ਬਣਨ ਦਾ ਧਿਆਨ ਰਖਣਾ ਤਾਂ ਜੁ ਸੰਸਾਰ ਨੂੰ ਪ੍ਰਤਿਬਿੰਬਤ ਕਰਨ ਵਾਲਾ ਇਹ ਸ਼ੀਸ਼ਾ ਸਦਾ ਭਾਵੁਕ ਅਤੇ ਪ੍ਰਭਾਵ-ਪਾਤਰ ਰਹੇ, ਸਿਖਿਅਕ ਦੇ ਮੁਖ ਕਾਰਜਾਂ ਵਿਚੋ ਇਕ ਹੈ। ਕਿਵੇਂ ਸਰੀਰਕ ਕਸਰਤ ਕਰਨ ਅਤੇ ਔਕੜਾਂ ਉਤੇ ਕਾਬੂ ਪਾਉਣ ਰਾਹੀਂ ਪਠੇ ਮਜ਼ਬੂਤ ਹੁੰਦੇ ਹਨ, ਐਨ ਉਸੇ ਤਰ੍ਹਾਂ ਦਿਮਾਗ਼ ਦੇ ਬਣਨ ਅਤੇ ਵਿਕਾਸ ਕਰਨ ਲਈ ਜਤਨ ਅਤੇ ਕਿਰਤ ਦੀ ਲੋੜ ਹੁੰਦੀ ਹੈ।

ਬਚੇ ਦੇ ਦਿਮਾਗ਼ ਦੇ ਵਿਕਸਤ ਹੋਣ ਅਤੇ ਬਲਵਾਨ ਹੋਣ ਦਾ ਕਾਰਨ ਅੰਕੁਰਾਂ ਦੀ ਸ਼ਕਤੀ ਦੇ ਜਾਗਣ ਦਾ ਪੇਚਦਾਰ ਅਮਲ ਹੈ ਜਿਹੜਾ ਆਲੇ ਦੁਆਲੇ ਦੇ ਸੰਸਾਰ ਦੀਆਂ ਵਸਤਾਂ ਅਤੇ ਵਰਤਾਰਿਆਂ ਕਾਰਨ ਅਤੇ ਪ੍ਰਭਾਵ, ਸੰਸਾਰੀ ਅਤੇ ਕਿਰਿਆਵੀ — ਦੇ ਬਹੁ-ਪਖੀ ਸੰਬੰਧਾਂ ਰਾਹੀਂ ਮਿਥੇ ਗਏ ਛਿਣ ਸ਼ੁਰੂ ਹੁੰਦਾ ਹੈ। ਜਦੋਂ ਵਿਦਿਆਰਥੀ ਕਿਸੇ ਗਲ ਸੰਬੰਧੀ ਸੋਚਦਾ ਹੈ, ਭਾਲ ਕਰਦਾ ਹੈ, ਕਿਸੇ ਅਜਿਹੀ ਗਲ ਦੇ ਤਤ ਤਕ ਅਪੜਨ ਦਾ ਜਤਨ ਕਰਦਾ ਹੈ ਜਿਸਨੂੰ ਉਹ ਨਹੀਂ ਸਮਝ ਸਕਦਾ ਤਾਂ ਦਿਮਾਗ਼ ਦੇ ਉਪਰਲੇ ਹਿਸੇ ਦੇ ਅੰਕੁਰ ਜਤਨ ਕਰਦੇ ਹਨ, ਜਿਨ੍ਹਾਂ ਕਾਰਨ ਉਹਨਾਂ ਦੇ ਖ਼ੁਰਦਬੀਨੀ ਪਠੇ, ਜਿਨ੍ਹਾਂ ਦੀ ਸ਼ਕਤੀ ਤਰਕ ਬਣ ਜਾਂਦੀ ਹੈ ਅਮਲ ਵਿਚ ਆਉਂਦੇ ਹਨ। ਮੈਂ ਇਸ ਗਲ ਨੂੰ ਆਪਣਾ ਕਾਰਜ ਸਮਝਿਆ ਕਿ ਆਲੇ ਦੁਆਲੇ ਦੇ ਸੰਸਾਰ ਦੇ ਵਰਤਾਰਿਆਂ ਵਿਚਕਾਰ ਅੰਤਰ-ਸੰਬੰਧ ਸਮਝਣ ਵਿੱਚ ਅਤੇ ਇਹਨਾਂ ਖ਼ੁਰਦਬੀਨੀ ਪਠਿਆਂ ਦੇ ਜਤਨਾਂ ਵਿਚ ਹਰ ਵਾਰ ਨਵੀਂ ਸ਼ਕਤੀ ਸਰਗਰਮ ਕਰਾਂ। ਇਹ ਗੁੰਝਲਦਾਰ ਵਰਤਾਰਾ ਦਿਮਾਗ਼ ਦੀਆਂ ਸਭ ਤੋਂ ਮਹਤਵ-ਪੂਰਨ ਸਿਫ਼ਤਾਂ — ਖੋਜ ਦਾ ਸ਼ੌਕ, ਤਿਖੀ ਬੁਧੀ ਅਤੇ ਧਿਆਨ ਨਾਲ ਵੇਖਣ ਦੀ ਯੋਗਤਾ ਦੇ ਬਣਨ, ਮਜ਼ਬੂਤ ਹੋਣ ਅਤੇ ਵਿਕਸਤ ਹੋਣ ਦਾ ਅਮਲ ਹੈ।

ਮਨੁਖੀ ਦਿਮਾਗ਼ ਦਾ ਵਿਕਾਸ ਨਿਰੰਤਰ ਨਹੀਂ ਹੁੰਦਾ ਅਤੇ ਵਿਥ ਪਾਕੇ ਹੁੰਦਾ ਹੈ। ਆਲੇ ਦੁਆਲੇ ਦੇ ਸੰਸਾਰ ਤੋਂ ਸੂਚਨਾ ਦੇ ਸਰੋਤ ਵਲੋਂ ਉਤੇਜਨਾ ਪਹਿਲਾਂ ਦਿਮਾਗ਼ ਦੀ ਉਪਰਲੀ ਪਰਤ ਦੇ ਅੰਕੁਰਾਂ ਦੀ ਇਕ ਟੋਲੀ ਵਿਚ ਸ਼ੁਰੂ ਹੁੰਦੀ ਹੈ ਅਤੇ ਫਿਰ ਦੂਜੀ ਵਿਚ। ਸੋਚ ਇਕ ਦਮ ਇਕ ਵਸਤ ਵਲੋਂ ਦੂਜੀ ਵਲ ਚਲੀ ਜਾਂਦੀ ਹੈ, ਅਤੇ ਇਹ ਤਬਦੀਲੀ ਸੋਚਣ ਦੇ ਅਮਲ ਵਿਚ ਇਕ ਮਹਤਵ-ਪੂਰਨ ਅੰਸ਼ ਹੈ। ਆਪਣੀ ਸੋਚ ਦੇ ਵਹਿਣ ਨੂੰ ਤੇਜ਼ੀ ਨਾਲ ਤਬਦੀਲ ਕਰਨ ਦੀ ਯੋਗਤਾ ਵਿਚਾਰਾਂ

ਨੂੰ ਅੰਕੁਰਾਂ ਦੀ ਇਕ ਟੋਲੀ ਤੋਂ ਦੂਜੀ ਵਲ ਤਬਦੀਲ ਕਰਨ ਦੀ ਯੋਗਤਾ ਦੀ ਅਨੁਸਾਰੀ ਹੈ। ਚੋਖੀ ਮਾਨਸਕ ਯੋਗਤਾ ਲਈ ਇਹ ਮੁਖ ਪੂਰਬਲੀ ਸ਼ਰਤ ਹੈ। ਬਚਾ ਸੋਚ ਸਕਦਾ ਹੈ —ਇਹਦੇ ਅਰਥ ਇਹ ਹਨ ਕਿ ਸਮੇਂ ਦੀ ਥੋੜ੍ਹੀ ਜਿਹੀ ਵਿਥ ਨਾਲ (ਉਦਾਹਰਣ ਵਜੋਂ ਇਕ ਸਕਿੰਟ) ਵਿਚ ਉਹਦੇ ਵਿਚਾਰ ਇਕ ਵਸਤ ਤੋਂ ਦੂਜੀ ਵਲ ਕਈ ਵਾਰ ਤਬਦੀਲ ਹੋ ਸਕਦੇ ਹਨ। ਇਹ ਅਮਲ ਇੰਨਾ ਤੇਜ਼ ਹੁੰਦਾ ਹੈ ਕਿ ਸੋਚਣ ਵਾਲਾ ਇਹਦੇ ਵਲ ਧਿਆਨ ਵੀ ਨਹੀਂ ਦੇਂਦਾ, ਅਤੇ ਜਾਪਦਾ ਇਹ ਹੈ ਕਿ ਬਚਾ ਜਾਂ ਬਚੀ ਤੈਰਾਕੀ ਦੇ ਤਲਾਅ ਦੇ ਖੇਤਰਫਲ ਅਤੇ ਪਹਿਲੀ ਅਤੇ ਦੂਜੀ ਨਾਲੀ ਸੰਬੰਧੀ, ਜਿਨ੍ਹਾਂ ਵਿਚੋਂ ਇਕ ਮਿਥੇ ਸਮੇਂ ਵਿਚ ਪਾਣੀ ਦੀ ਅਸਾਵੀਂ ਦਰ ਨਾਲ ਵਹਿ ਰਹੀ ਹੈ, ਇਕੋ ਸਮੇਂ ਸੋਚ ਰਿਹਾ ਜਾ ਰਹੀ ਹੈ। ਦੂਜੇ ਸ਼ਬਦਾਂ ਵਿਚ ਵਿਦਿਆਰਥੀ ਇਕੋ ਸਮੇਂ ਵਖ ਵਖ ਵਸਤਾਂ ਅਤੇ ਵਰਤਾਰਿਆਂ ਨੂੰ ਸਮਝ਼ਦਾ ਹੈ ਅਤੇ ਉਹਨਾਂ ਦਾ ਵਿਸ਼ਲੇਸ਼ਣ ਅਤੇ ਤੁਲਨਾ ਕਰਦਾ ਹੈ। ਸਾਡਾ ਕਾਰਜ ਇਹ ਹੈ ਕਿ ਅਸੀਂ ਹਰ ਬਚੇ ਦੀ ਇਸ ਮਹਤਵ-ਪੂਰਨ ਮਾਨਸਕ ਯੋਗਤਾ ਦਾ ਵਿਕਾਸ ਕਰੀਏ।

ਦਿਮਾਗ਼ ਦੀ ਅੰਦਰਲੀ ਸ਼ਕਤੀ ਨੂੰ ਜਗਾਉਣ ਅਤੇ "ਬੰਧਕ ਪਠਿਆਂ" ਦੀ ਸ਼ਕਤੀ ਦੇ ਅਮਲ ਵਿਚ ਆਉਣ ਨੂੰ ਉਤੇਜਤ ਕਰਨ ਲਈ ਕਾਰਗਰ ਕਸਰਤਾਂ ਉਹਨਾਂ ਮਸਲਿਆਂ ਵਿਚ ਹਨ ਜਿਨ੍ਹਾਂ ਵਿਚ ਬੁਧੀ ਦੀ ਤੀਖਣਤਾ ਅਤੇ ਚੁਸਤੀ ਨੂੰ ਵਿਕਸਤ ਕਰਦੇ ਹਨ। ਇਹ ਮਸਲੇ ਖ਼ੁਦ ਆਲੇ ਦੁਆਲੇ ਦੀਆਂ ਸ਼ੈਆਂ, ਵਸਤਾਂ ਅਤੇ ਵਰਤਾਰਿਆਂ ਵਿਚ ਮਿਲਦੇ ਹਨ। ਮੈਂ ਉਹਨਾਂ ਦਾ ਧਿਆਨ ਉਹ ਭੇਦ ਵੇਖਣ ਵਲ ਲਾਉਣ ਦਾ ਜਤਨ ਕਰਦੇ ਹੋਏ ਜਿਹੜੇ ਉਹ ਅਜੇ ਨਹੀਂ ਸ਼ਨ ਸਮਝ਼ਦੇ, ਉਹਨਾਂ ਦਾ ਧਿਆਨ ਇਕ ਜਾਂ ਦੂਜੇ ਵਰਤਾਰੇ ਵਲ ਦਿਵਾਇਆ ਤਾਂ ਜੁ ਉਹ ਗਲਾਂ ਦਾ ਤਤ ਲਭਣ, ਸਚ ਭਾਲਣ ਦਾ ਜਤਨ ਕਰਨ। ਸਰਗਰਮੀ ਅਤੇ ਮਨੁਖੀ ਕਿਰਤ ਇਹਨਾਂ ਮਸਲਿਆਂ ਦੇ ਹਲ ਦੀ ਕੁੰਜੀ ਹਨ। ਬੰਧਕ ਸ਼ਕਤੀ ਉਤੇ ਭਾਰ ਪਾਉਂਦੇ ਹੋਏ, ਵਸਤਾਂ ਅਤੇ ਵਰਤਾਰਿਆਂ ਵਿਚਕਾਰ ਸੰਬੰਧਾਂ ਦਾ ਪਤਾ ਕਢਣ ਦਾ ਜਤਨ ਕਰਦੇ ਹੋਏ ਬਚਾ ਨਿਸ਼ਚਿਤ ਕਾਰਜ ਪੂਰੇ ਕਰਨ ਉਤੇ ਮਜਬੂਰ ਹੋਇਆ। ਸਾਡੇ ਦੁਆਲੇ ਦੇ ਸੰਸਾਰ ਵਿਚ ਅਜਿਹੇ ਹਜ਼ਾਰਾਂ ਮਸਲੇ ਸਨ। ਲੋਕਾਂ ਨੇ ਉਹਨਾਂ ਨੂੰ ਘੜਿਆ ਹੈ ਅਤੇ ਸੁਆਦਲੀਆਂ ਕਹਾਣੀਆਂ ਅਤੇ ਬੁਝਾਰਤਾਂ ਦੇ ਰੂਪ ਵਿਚ ਉਹ ਲੋਕ ਧਾਰਾ ਵਿਚ ਜਿਉਂਦੇ ਹਨ।

"ਤੁਸਾਂ ਇਕ ਬਘਿਆੜ, ਇਕ ਬਕਰੀ ਅਤੇ ਬੰਦ ਗੋਭੀ ਦੇ ਇਕ ਫੁਲ ਨੂੰ ਦਰਿਆ ਦੇ ਇਕ ਕੰਢੇ ਤੋਂ ਦੂਜੇ ਉਤੇ ਲਿਜਾਣਾ ਹੈ। ਤੁਸੀਂ ਉਹਨਾਂ ਨੂੰ ਇਕਠੇ ਨਹੀਂ ਲਿਜਾ ਸਕਦੇ ਨਾ ਹੀ ਬਘਿਆੜ ਨੂੰ ਬਕਰੀ ਕੋਲ ਜਾਂ ਬਕਰੀ ਨੂੰ ਬੰਦ ਗੋਭੀ ਕੋਲ ਛਡ ਸਕਦੇ ਹੋ। ਤੁਸੀਂ ਜਿੰਨੇ ਚਕਰ ਜੀਅ ਕਰੇ ਲਾਓ। ਪਰ ਤੁਸੀਂ ਕੇਵਲ ਬਘਿਆੜ ਨੂੰ ਬੰਦ ਗੋਭੀ ਦੇ ਨਾਲ ਲਿਜਾ ਸਕਦੇ ਹੋ ਜਾਂ ਉਹਨਾਂ ਤਿੰਨਾਂ ਵਿਚੋਂ ਕਿਸੇ ਇਕ ਨੂੰ। ਤੁਸੀਂ ਬਘਿਆੜ, ਬਕਰੀ ਅਤੇ ਬੰਦ ਗੋਭੀ ਨੂੰ ਦਰਿਆ ਤੋਂ ਪਾਰ ਕਿਵੇਂ ਲਿਜਾ ਸਕਦੇ

ਹੋ ਕਿ ਸਭ ਕੁਝ ਠੀਕ ਠਾਕ ਹੋ ਜਾਵੇ?"

ਲੋਕ ਸਿਆਣਪ ਅਜਿਹੀਆਂ ਅੜਾਉਣੀਆਂ ਨਾਲ ਭਰੀ ਪਈ ਹੈ ਅਤੇ ਉਹ ਨਿਕੇ ਬਚਿਆਂ ਨੂੰ ਰੋਚਕ ਲਗਦੀਆਂ ਹਨ। ਸਾਰੇ ਨਿਕੇ ਮੁੰਡਿਆਂ ਅਤੇ ਕੁੜੀਆਂ ਨੇ ਇਸ ਗਲ ਦਾ ਹਲ ਕਢਣਾ ਸ਼ੁਰੂ ਕਰ ਦਿਤਾ ਕਿ ਤਿੰਨ "ਮੁਸਾਫ਼ਰਾਂ" ਨੂੰ ਕਿਵੇ ਦਰਿਆ ਤੋਂ ਪਾਰ ਲਿਜਾਇਆ ਜਾਵੇ ਕਿ ਬਘਿਆੜ ਬਕਰੀ ਨੂੰ ਨਾ ਖਾ ਜਾਵੇ, ਨਾ ਹੀ ਬਕਰੀ ਬੰਦ ਗੋਭੀ ਨੂੰ ਖਾਵੇ। ਬਚਿਆਂ ਨੇ ਰੇਤ ਵਿਚ ਦਰਿਆ ਦਾ ਨਕਸ਼ਾ ਬਣਾਇਆ ਅਤੇ ਨਿਕੇ ਨਿਕੇ ਗੀਟੇ ਲਭੇ। ਸੰਭਵ ਹੈ ਕਿ ਹਰ ਇਕ ਅੜਾਉਣੀ ਹਲ ਨਹੀਂ ਕਰ ਸਕੇਗਾ, ਪਰ ਸਾਰੇ ਬਚਿਆਂ ਨੇ ਬਹੁਤ ਜ਼ੋਰ ਨਾਲ ਸੋਚਿਆ। ਇਹ ਬੌਧਕ ਸ਼ਕਤੀ ਵਿਕਸਤ ਕਰਨ ਦਾ ਬੜਾ ਸੁਹਣਾ ਢੰਗ ਸੀ।

ਅਜਿਹੀ ਅੜਾਉਣੀ ਹਲ ਕਰਨ ਲਈ ਉਹੋ ਜਿਹੇ ਜਤਨ ਦੀ ਲੋੜ ਹੈ ਜਿਹੋ ਜਿਹੀ ਸ਼ਤਰੰਜ ਲਈ: ਤੁਹਾਨੂੰ ਕਈ ਚਾਲਾਂ ਅਗਾਊਂ ਸੋਚਣਾ ਪੈਂਦਾ ਹੈ। ਮੈਂ ਪਹਿਲੀ ਸ਼੍ਰੇਣੀ ਵਿਚ ਪੜ੍ਹਾਈ ਦੇ ਸ਼ੁਰੂ ਹੋਣ ਤੋਂ ਪਿਛੋਂ ਇਹ ਮਸਲਾ ਸਤਾਂ ਵਰ੍ਹਿਆਂ ਦੇ ਬਚਿਆਂ ਨੂੰ ਦਿਤਾ। ਤਿੰਨ ਬਚਿਆਂ, ਸੂਰਾ, ਸੇਰਯੋਜ਼ਾ ਅਤੇ ਯੂਰਾ ਨੇ ਇਹਨੂੰ ਦਸ ਮਿੰਟਾਂ ਵਿਚ ਹਲ ਕਰ ਲਿਆ। ਇਹਨਾਂ ਬਚਿਆਂ ਦੇ ਸੋਚ ਦਾ ਤਿਖਾ ਵਹਿਣ, ਸਿਰੜੀ ਅਤੇ ਤਿਖੇ ਚੇਤੇ ਨਾਲ ਰਲ ਕੇ ਅਗੇ ਵਲ ਧਾਇਆ। ਪੰਦਰਾਂ ਮਿੰਟਾਂ ਵਿਚ ਲਗ ਭਗ ਸਾਰੇ ਬਚਿਆਂ ਨੇ ਅੜਾਉਣੀ ਹਲ ਕਰ ਲਈ ਸੀ ਪਰ ਵਾਲੀਆ, ਨੀਨਾ, ਪੈਤਰਿਕ ਅਤੇ ਸਲਾਵਾ ਕੋਲ ਇਕ ਵਾਰ ਫਿਰ ਕੋਈ ਸਿਟਾ ਨਹੀਂ ਸੀ। ਮੈਂ ਵੇਖਿਆ ਕਿ ਉਹਨਾਂ ਦੀ ਸੋਚ ਦਾ ਪਰਵਾਹ ਅਚਾਨਕ ਰੁਕ ਗਿਆ। ਨਿਕੇ ਬਚਿਆਂ ਨੇ ਮਸਲੇ ਦੇ ਵਿਚਾਰ ਨੂੰ ਸਮਝ ਲਿਆ, ਉਹਨਾਂ ਸਪਸ਼ਟ ਤੌਰ ਉਤੇ ਉਹ ਉਦਾਹਰਣਾਂ ਅਤੇ ਵਰਤਾਰੇ ਉਲੀਕੇ ਜਿਨ੍ਹਾਂ ਸੰਬੰਧੀ ਅਸੀਂ ਗਲ ਕਰ ਰਹੇ ਸਾਂ ਪਰ ਜਿਉਂ ਹੀ ਉਹ ਸੁਝਾਓ ਤੋਂ ਅਗੇ ਲੰਘੇ, ਜਿਹੜਾ ਵਿਚਾਰ ਸਪਸ਼ਟ ਸੀ ਉਹ ਧੁੰਦਲਾ ਹੋ ਗਿਆ।

ਲੋਕ ਸਿਆਣਪ ਦੇ ਭਰਪੂਰ ਭੰਡਾਰ ਵਿਚ ਮੈਂ ਸਦਾ ਵਧੇਰੇ ਅੜਾਉਣੀਆਂ ਲਈਆਂ, ਸਭ ਤੋਂ ਪਹਿਲਾਂ ਮੈਨੂੰ ਇਹ ਆਸ ਸੀ ਕਿ ਮੇਰੇ ਹੌਲੀ ਹੌਲੀ ਸਿਖਣ ਵਾਲਿਆਂ ਵਿਚ ਅੜਾਉਣੀਆਂ ਦੀ ਬਣਤਰ ਅਤੇ ਵਿਸ਼ੇ ਵਿਚ ਰੋਚਕਤਾ ਪੈਦਾ ਹੋ ਜਾਵੇਗੀ। ਕੁਝ ਦਿਨ ਪਿਛੋਂ ਮੈਂ ਉਹਨਾਂ ਨੂੰ ਇਹ ਮਸਲਾ ਦਿਤਾ: "ਫ਼ੌਜੀਆਂ ਦਾ ਇਕ ਨਿਕਾ ਦਸਤਾ ਇਕ ਦਰਿਆ ਕੰਢੇ ਅਪੜਿਆ, ਜਿਹੜਾ ਉਹਨਾਂ ਪਾਰ ਕਰਨਾ ਸੀ, ਪੁਲ ਟੁਟ ਚੁਕਾ ਸੀ ਅਤੇ ਦਰਿਆ ਡੂੰਘਾ ਸੀ। ਉਹ ਕੀ ਕਰਨ? ਅਚਾਨਕ ਉਹਨਾਂ ਦੇ ਅਫ਼ਸਰ ਨੇ ਦੋ ਮੁੰਡਿਆਂ ਨੂੰ ਕੰਢੇ ਉਤੇ ਬੇੜੀ ਨਾਲ ਖੇਡਦੇ ਵੇਖਿਆ। ਪਰ ਬੇੜੀ ਇੰਨੀ ਨਿਕੀ ਸੀ ਕਿ ਇਕ ਫ਼ੌਜੀ ਜਾਂ ਦੋ ਬਚੇ, ਇਸ ਤੋਂ ਵਧ ਨਹੀਂ, ਇਕ ਸਮੇ ਪਾਰ ਜਾ ਸਕਦੇ ਸਨ। ਸਾਰੇ ਫ਼ੌਜੀ ਉਸ ਬੇੜੀ ਵਿਚ ਦਰਿਆ ਤੋਂ ਪਾਰ ਗਏ। ਉਹਨਾਂ ਅਜਿਹਾ ਕਿਵੇ ਕੀਤਾ?"

ਇਕ ਵਾਰ ਫਿਰ ਮੈਂ ਗਹੁ ਨਾਲ ਵੇਖਿਆ ਕਿ ਬਚੇ ਕਿਵੇਂ ਸੋਚਦੇ ਸਨ। ਇਕ ਵਾਰ ਫਿਰ ਉਹਨਾਂ ਰੇਤ ਵਿਚ ਨਕਸ਼ਾ ਬਣਾਇਆ, ਉਹ ਆਪਣੇ ਸਿਰ ਵਿਚ ਇਕ ਵਾਰ ਫਿਰ ਇਕੋ ਸਮੇਂ ਕਈ "ਚਾਲਾਂ" ਰਖਣ ਦਾ ਜਤਨ ਕਰ ਰਹੇ ਸਨ। ਇਕ ਵਾਰ ਫਿਰ ਮੈਂ ਵੇਖਿਆ ਨੀਨਾ, ਸਲਾਵਾ ਅਤੇ ਪੈਤਰਿਕ ਕਿੰਨੇ ਨਿਮੋਝੂਣੇ ਸਨ। ਵਾਲੀਆ ਦੀਆਂ ਅਖਾਂ ਖ਼ੁਸ਼ੀ ਨਾਲ ਲਿਸ਼ਕ ਰਹੀਆਂ ਸਨ, ਉਹਨੇ ਪ੍ਰਸ਼ਨ ਹਲ ਕਰ ਲਿਆ ਸੀ।

ਮੈਂ ਆਪਣੇ ਧੀਮੇ ਸਿਖਣ ਵਾਲੇ ਵਿਦਿਆਰਥੀਆਂ ਨਾਲ ਵਖ ਕੰਮ ਸ਼ੁਰੂ ਕੀਤਾ। ਮੈਂ ਉਹਨਾਂ ਨੂੰ ਸਾਦੀਆਂ ਲੋਕ ਅੜਾਉਣੀਆਂ ਦਿਤੀਆਂ ਜਿਨ੍ਹਾਂ ਦਾ ਮੰਤਵ ਅੰਕੜਿਆਂ ਦੀ ਸਮਝ ਨੂੰ ਡੂੰਘਾ ਕਰਨਾ ਅਤੇ ਅੰਕੜਿਆਂ ਦੇ ਅੰਤਰ ਸੰਬੰਧ ਨੂੰ ਮਿਥਣਾ ਸੀ। ਇਹ ਹਨ ਪੰਜ ਅਜਿਹੀਆਂ ਅੜਾਉਣੀਆਂ:

੧. "ਸ਼ਿਕਰੇ ਅਤੇ ਬਲੂਤ": ਕੁਝ ਸ਼ਿਕਰੇ ਉਡਦੇ ਹੋਏ ਆਏ ਅਤੇ ਬਲੂਤ ਦੇ ਰੁਖਾਂ ਉਤੇ ਉਤਰੇ। ਜੇ ਹਰ ਰੁਖ ਉਤੇ ਇਕ ਸ਼ਿਕਰਾ ਹੁੰਦਾ ਤਾਂ ਕਿ ਇਕ ਸ਼ਿਕਰਾ ਬਚ ਰਹਿੰਦਾ। ਜੇ ਹਰ ਰੁਖ ਉਤੇ ਦੋ ਸ਼ਿਕਰੇ ਹੁੰਦੇ ਤਾਂ ਇਕ ਰੁਖ ਬਚ ਰਹਿੰਦੇ। ਕੁਲ ਕਿੰਨੇ ਸ਼ਿਕਰੇ ਸਨ ਅਤੇ ਕਿੰਨੇ ਰੁਖ?

੨. "ਚਰਾਂਦ ਵਿਚ": ਦੋ ਆਜੜੀ ਮੁੰਡੇ ਹਨ। ਜੇ ਪਹਿਲਾ ਦੂਜੇ ਨੂੰ ਇਕ ਭੇਡ ਦੇ ਦੇਵੇ ਤਾਂ ਉਹਨਾਂ ਕੋਲ ਇਕੋ ਜਿੰਨੀਆਂ ਭੇਡਾਂ ਹੋ ਜਾਣਗੀਆਂ। ਜੇ ਦੂਜਾ ਪਹਿਲੇ ਨੂੰ ਇਕ ਭੇਡ ਦੇ ਦੇਵੇ ਤਾਂ ਪਹਿਲੇ ਕੋਲ ਉਹਦੇ ਨਾਲੋਂ ਦੋ ਗੁਣਾ ਭੇਡਾਂ ਹੋ ਜਾਣਗੀਆਂ। ਹਰ ਆਜੜੀ ਕੋਲ ਕਿੰਨੀਆਂ ਭੇਡਾਂ ਸਨ?

੩. "ਕਿੰਨੇ ਹੰਸ?": ਹੰਸਾਂ ਦੀ ਇਕ ਡਾਰ ਉਡਦੀ ਆ ਰਹੀ ਸੀ, ਉਹਨਾਂ ਨੂੰ ਇਕ ਨਰ ਹੰਸ ਮਿਲਿਆ। "ਕੀ ਹਾਲ ਏ ਸੌ ਹੰਸੋ!" ਉਹਨੇ ਕਿਹਾ।

"ਨਹੀਂ ਅਸੀਂ ਸੌ ਨਹੀਂ," ਹੰਸਾਂ ਨੇ ਉਤਰ ਦਿਤਾ। "ਜੇ ਤੂੰ ਜਾਣਨਾ ਚਾਹੁੰਦੈ ਅਸੀਂ ਕਿੰਨੇ ਹਾਂ ਤਾਂ ਸਾਡੀ ਗਿਣਤੀ ਦੂਣੀ ਕਰ ਦੇ, ਫਿਰ ਉਹਦਾ ਅਧਾ ਉਸ ਵਿਚ ਸ਼ਾਮਲ ਕਰ ਦੇ, ਫਿਰ ਚੁਥਾਈ ਅਤੇ ਬਾਂਕੇ ਨਰ ਹੰਸ ਆਪਣੇ ਆਪ ਨੂੰ ਵੀ ਉਸ ਵਿਚ ਮਿਲਾਕੇ, ਤਾਂ ਅਸੀਂ ਸੌ ਹੋ ਜਾਵਾਂਗੇ।" ਡਾਰ ਵਿਚ ਕਿੰਨੇ ਹੰਸ ਸਨ?

੪. "ਸਿਰ ਅਤੇ ਪੈਰ": ਚੂਚੇ ਦਾਣਾ ਚੁਗ ਰਹੇ ਸਨ, ਸਹੇ ਟਪੂਸੀਆਂ ਮਾਰ ਰਹੇ ਸਨ। ਕੁਲ ਦਸ ਸਿਰ ਅਤੇ ਚਵ੍ਹੀ ਪੈਰ ਸਨ। ਕਿੰਨੇ ਸਹੇ ਸਨ ਅਤੇ ਕਿੰਨੇ ਚੂਚੇ?

੫. "ਕਿੰਨੇ ਗੇਂਦ?": ਬੋਰੀ ਵਿਚ ਦਸ ਪੀਲੇ ਗੇਂਦ ਹਨ, ਦਸ ਲਾਲ ਗੇਂਦ, ਪੰਜ ਹਰੇ ਗੇਂਦ ਅਤੇ ਪੰਜ ਕਾਲੇ ਗੇਂਦ। ਅਖਾਂ ਬੰਦ ਕਰ ਲਓ ਅਤੇ ਘਟ ਤੋਂ ਘਟ ਗਿਣਤੀ ਵਿਚ ਗੇਂਦ ਲਓ। ਪਰ ਇਸ ਗਲ ਦਾ ਪਕ ਕਰੋ ਕਿ ਇਕ ਰੰਗ ਦੇ ਸਤ ਗੇਂਦ ਹੋਣ। ਤੁਹਾਡੇ ਲਈ ਕਿੰਨੇ ਗੇਂਦ ਲੈਣਾ ਜ਼ਰੂਰੀ ਹੈ?

ਇਹ ਅੜਾਉਣੀਆਂ ਮਨ ਦੀ ਸਿਖਿਆ ਦਾ ਅਜਿਹਾ ਢੰਗ ਹਨ, ਜਿਸਦੀ ਥਾਂ ਕੋਈ ਹੋਰ ਗਲ ਨਹੀਂ ਲੈ ਸਕਦੀ। ਇਹਨਾਂ ਨੂੰ ਹਲ ਕਰਨ ਲਈ ਬਚਿਆਂ ਨੂੰ

ਦੋ ਤੋਂ ਚਾਰ "ਚਾਲਾਂ" ਚੇਤੇ ਰਖਣੀਆਂ ਪੈਦੀਆਂ ਸਨ। ਛੇ ਮਹੀਨਿਆਂ ਵਿਚ ਵਾਲੀਆ ਅਤੇ ਸਲਾਵਾ ਅਜਿਹੇ ਮਸਲੇ ਹਲ ਕਰਨ ਲਗ ਪਏ ਪਰ ਪੈਤਰਿਕ ਅਤੇ ਨੀਨਾ ਨੂੰ ਸਫ਼ਲਤਾ ਨਾ ਹੋਈ। ਉਹ ਕੁਝ ਚੇਤੇ ਨਾ ਰਖ ਸਕਦੇ ਅਤੇ ਚੇਤੇ ਤੋਂ ਬਿਨਾਂ "ਚਾਲਾਂ" ਦੀ ਲੜੀ ਚਲਣਾ ਅਸੰਭਵ ਹੈ।

ਇਸ ਵਰਤਾਰੇ ਦੀ ਵਿਆਖਿਆ ਕਿਵੇਂ ਕੀਤੀ ਜਾ ਸਕਦੀ ਸੀ? ਸਪਸ਼ਟ ਸੀ ਕਿ ਕੁਝ ਬਚਿਆਂ ਵਿਚ ਆਪਣੀ ਸੋਚ ਇਕ ਦਮ ਇਕ ਵਸਤ ਤੋਂ ਦੂਜੀ ਵਲ ਬਦਲਣ ਦੀ ਯੋਗਤਾ ਨਹੀਂ ਸੀ। ਉਹ ਮਸਲੇ ਦੇ ਸਾਰੇ ਅੰਸ਼ਾਂ ਨੂੰ ਇਕ ਦਮ ਚੇਤੇ ਰਖਣ ਅਤੇ ਸਮਝਣ ਦੇ ਨਿਰਯੋਗ ਸਨ। ਦਿਮਾਗ਼ ਦੀ ਉਪਰਲੀ ਪਰਤ ਦੇ ਅੰਕੁਰਾਂ ਵਿਚ ਇਹ ਯੋਗਤਾ ਕਿਉਂ ਪੈਦਾ ਨਾ ਹੋ ਸਕੀ—ਵਖਰਾ ਪ੍ਰਸ਼ਨ ਹੈ। ਇਹਦਾ ਕਾਰਨ ਕੇਵਲ ਜਮਾਂਦਰੂ ਯੋਗਤਾ ਦੀ ਅਣਹੋਂਦ ਹੀ ਨਹੀਂ, ਪਰ ਇਸ ਕਾਰਨ ਨੂੰ ਉਕਾ ਰਦ ਨਹੀਂ ਕੀਤਾ ਜਾ ਸਕਦਾ। ਗਹੁ ਨਾਲ ਕੀਤੇ ਅਧਿਅਨ ਤੋਂ ਪਤਾ ਲਗਦਾ ਹੈ ਕਿ ਜੇ ਸੋਚ ਦਾ ਪਰਵਾਹ ਇਕ ਦਮ ਟੁਟ ਜਾਵੇ, ਅਤੇ ਜੇ ਉਸੇ ਘੜੀ ਬਚਾ ਆਪਣੀ ਬੌਧਕ ਨਿਗਾਹ ਉਸ ਵਲ ਨਹੀਂ ਮੋੜ ਸਕਦਾ ਜਿਹੜੀ ਹੁਣ ਮੌਜੂਦ ਹੈ ਅਤੇ ਜਿਹੜੀ ਕੁਝ ਘੜੀਆਂ ਪਹਿਲਾਂ ਮੌਜੂਦ ਸੀ, ਉਹ ਸੋਚ ਨਹੀਂ ਸਕਦਾ। ਬਚੇ ਲਈ ਕਈ ਵਖ ਵਖ ਵਸਤਾਂ ਅਤੇ ਵਰਤਾਰਿਆਂ ਵਿਚਕਾਰ ਸੰਬੰਧ ਸਥਾਪਤ ਕਰਨਾ ਔਖਾ ਹੋਵੇਗਾ।

ਮੈਂ ਕਿਸੇ ਤਰ੍ਹਾਂ ਦੇ ਸਿਧਾਂਤਕ ਆਸ਼ਿਆਂ ਲਈ ਨਹੀਂ ਸਗੋਂ ਉਹਨਾਂ ਦੀ ਬੌਧਕ ਕਿਰਤ ਨੂੰ ਸੌਖਾ ਬਣਾਉਣ ਲਈ—ਉਹਨਾਂ ਨੂੰ ਪੜ੍ਹਨਾ ਸਿਖਾਉਣ ਲਈ—ਬਚਿਆਂ ਵਿਸ਼ੇਸ਼ ਤੌਰ ਉਤੇ ਵਾਲੀਆ, ਪੈਤਰਿਕ ਅਤੇ ਨੀਨਾ ਜਿਹੇ ਹੌਲੀ ਸਿਖਣ ਵਾਲਿਆਂ ਦਾ ਅਧਿਅਨ ਕੀਤਾ। ਗਹੁ ਨਾਲ ਕੀਤੀ ਦੇਖ ਭਾਲ ਸਿਖਾਉਂਦੀ ਹੈ ਕਿ ਇਹ ਲਾਜ਼ਮੀ ਹੈ ਕਿ ਬੰਦਾ ਪਹਿਲਾਂ ਬਚਿਆਂ ਨੂੰ ਵਸਤਾਂ, ਵਰਤਾਰਿਆਂ ਅਤੇ ਘਟਨਾਵਾਂ ਦੀ ਇਕ ਲੜੀ ਸੰਬੰਧੀ ਵਿਚਾਰ ਰਖਣਾ ਅਤੇ ਉਹਨਾਂ ਵਿਚਕਾਰ ਸੰਬੰਧਾਂ ਸੰਬੰਧੀ ਸੋਚਣਾ ਸਿਖਾਵੇ। ਇਹ ਲਾਜ਼ਮੀ ਹੈ ਕਿ ਕਿਸੇ ਇਕ ਵਸਤ ਦੇ ਤਤ ਅਤੇ ਅੰਦਰਲੀ ਬਣਤਰ ਦੇ ਆਪਣੇ ਅਧਿਅਨ ਨੂੰ ਡੂੰਘਾ ਕਰਦਾ ਹੋਇਆ ਬਚਾ ਹੌਲੀ ਹੌਲੀ ਆਪਣੇ ਅਧਿਅਨ ਨੂੰ ਆਪਣੇ ਤੋਂ ਫ਼ਾਸਲੇ ਉਤੇ ਰਖੀ ਵਸਤਾਂ ਦੀ ਲੜੀ ਸੰਬੰਧੀ ਸੋਚਣ ਵਲ ਫ਼ੈਲਾਵੇ। ਹੌਲੀ ਸਿਖਣ ਵਾਲਿਆਂ ਦੀ ਸੋਚ ਦਾ ਅਧਿਅਨ ਕਰਦੇ ਹੋਏ ਮੈਨੂੰ ਇਸ ਗਲ ਦਾ ਹੋਰ ਵੀ ਨਿਸ਼ਚਾ ਹੋ ਗਿਆ ਕਿ ਉਦਾਹਰਣ ਵਜੋਂ, ਇਕ ਮਸਲੇ ਸੰਬੰਧੀ ਸੋਚ ਸਕਣ ਦੀ ਨਿਰਯੋਗਤਾ ਅਮੂਰਤ ਢੰਗ ਨਾਲ ਸੋਚਣ, ਸਥੂਲ ਤੋਂ ਇਕ ਪਾਸੇ ਜਾਣ ਦੀ ਨਿਰਯੋਗਤਾ ਦਾ ਸਿਟਾ ਹੈ। ਇਹ ਲਾਜ਼ਮੀ ਹੈ ਕਿ ਬਚਿਆਂ ਨੂੰ ਅਮੂਰਤ ਵਿਚਾਰਾਂ ਅਨੁਸਾਰ ਸੋਚਣਾ ਸਿਖਾਇਆ ਜਾਵੇ। ਆਪਣੀ ਕਲਪਨਾ ਵਿਚ ਵਾਲੀਆ ਨੂੰ ਸਥੂਲ ਬਘਿਆੜ ਦਾ ਚਿਤਰ ਵਾਹੁਣ ਵਿਚ ਰੁਝਿਆ ਨਹੀਂ ਹੋਣਾ ਚਾਹੀਦਾ। ਉਹਦੀ ਸੋਚ ਇਥੇ ਹੀ ਨਹੀਂ ਰੁਕ ਜਾਣੀ ਚਾਹੀਦੀ ਕਿ ਬਕਰੀ ਬੰਦ ਗੋਭੀ ਵਲ ਕਿਵੇਂ ਵਧਦੀ ਹੈ। ਬਚੇ ਲਈ ਇਹ ਸਾਰੇ ਬਿੰਬ ਅਮੂਰਤ ਵਿਚਾਰ ਹੋਣੇ ਚਾਹੀਦੇ ਹਨ।

ਪਰ ਅਮੂਰਤ ਵਲ ਵਿਚਾਰ ਸਥੂਲ ਦੀ ਡੂੰਘੀ ਸੂਝ ਵਿਚੋਂ ਲੰਘਦਾ ਹੈ। ਇਹ ਲਾਜ਼ਮੀ ਹੈ ਕਿ ਬੰਦਾ ਇਸ ਗਲ ਦੀ ਕਲਪਨਾ ਕਰੇ ਕਿ ਜਦੋਂ ਉਹ ਸੋਚ ਰਿਹਾ ਹੈ ਤਾਂ ਬਚੇ ਦੇ ਮਨ ਵਿਚ ਕੀ ਗੁਜ਼ਰ ਰਹੀ ਹੈ। ਇਹ ਲਾਜ਼ਮੀ ਹੈ ਕਿ ਸੋਚਣ ਦੀ ਸ਼ਕਤੀ ਸਿਖਾਈ ਜਾਵੇ ਨਹੀਂ ਤਾਂ ਬਚੇ ਆਪਣੇ ਚੇਤਿਆਂ ਉਤੇ ਭਾਰ ਪਾਉਣਗੇ ਅਤੇ ਘੱਟਾ ਲਾਕੇ ਆਪਣੇ ਵਿਚਾਰਾਂ ਨੂੰ ਹੋਰ ਵੀ ਖੁੰਢਾ ਬਣਾ ਦੇਣਗੇ। ਮੈਂ ਇਹ ਕਲਪਨਾ ਕਰਨ ਦਾ ਜਤਨ ਕੀਤਾ ਕਿ ਮੇਰੇ ਵਿਦਿਆਰਥੀਆਂ ਦੇ ਸਿਰਾਂ ਵਿਚ ਕੀ ਵਾਪਰ ਰਿਹਾ ਸੀ। ਸ਼ਾਇਦ ਇਹ ਕੇਵਲ ਇਕ ਨਕਸ਼ਾ ਸੀ ਪਰ ਮੈਨੂੰ ਨਿਸ਼ਚਾ ਹੈ ਕਿ ਇਹ ਸੋਚਣ ਦੇ ਚਿਤਰ ਨੂੰ ਠੀਕ ਤਰ੍ਹਾਂ ਪ੍ਰਤਿਬਿੰਬਤ ਕਰਦਾ ਹੈ। ਜਦੋਂ ਬਚੇ ਦੇ ਵਿਚਾਰ ਇਕ ਵਸਤ ਤੋਂ ਦੂਜੀ ਵਲ ਜਾਂਦੇ ਹਨ ਤਾਂ ਦਿਮਾਗ਼ ਦੇ ਅੰਕੁਰਾਂ ਦੀ ਇਕ ਹੋਰ ਟੋਲੀ ਸਰਗਰਮ ਹੋ ਜਾਂਦੀ ਹੈ। ਬਚੇ ਦੇ ਵਿਚਾਰਾਂ ਦਾ ਪਰਵਾਹ ਤਾਂ ਹੀ ਅਗੇ ਵਲ ਵਧੇਗਾ ਜੇ ਬਿੰਬਾਂ ਅਤੇ ਅਨੁਭਵਾਂ ਵਿਚਕਾਰ ਸੋਚ ਦੀ ਲੜੀ ਨਾ ਟੁਟੇ, ਜਦੋਂ ਸੂਚਨਾ ਅਤੇ ਸੰਕੇਤ ਇਕ ਪਾਸੇ ਤੋਂ ਦੂਜੇ ਵਲ ਜਾਂਦੇ ਹਨ: ਨਵਾਂ ਵਿਚਾਰ ਆਪਣੇ ਆਪ ਨੂੰ ਉਹ ਕੁਝ ਜਾਣਨ ਦੇਂਦਾ ਹੈ ਜਿਹੜਾ ਪਹਿਲਾਂ ਵਸੂਲ ਕੀਤਾ ਜਾ ਚੁਕਾ ਹੈ ਅਤੇ ਪਹਿਲੇ ਵਸੂਲ ਕੀਤਾ ਜਾ ਚੁਕਾ ਆਪਣੇ ਆਪ ਨੂੰ ਨਵੀਂ ਸੂਚਨਾ ਸੰਬੰਧੀ ਚੇਤਾ ਕਰਾਉਂਦਾ ਹੈ। ਇਹ ਤੇਜ਼ ਤਬਾਦਲਾ ਇਕ ਛਿਣ ਵਿਚ ਕਈ ਵਾਰ ਹੁੰਦਾ ਹੈ। ਇਹ ਉਹ ਅਮਲ ਹੈ ਜਿਸ ਸੰਬੰਧੀ ਅਸੀਂ ਗਲ ਕਰ ਰਹੇ ਹਾਂ: ਬਚਾ ਸੋਚਦਾ ਅਤੇ ਵਿਚਾਰਦਾ ਹੈ। ਦੋ ਵਿਚਾਰਾਂ ਵਿਚਕਾਰ ਸੋਚ ਦਾ ਪਰਵਾਹ ਜਿੰਨੀ ਮਜ਼ਬੂਤੀ ਨਾਲ ਜਗਾਇਆ ਜਾਂਦਾ ਹੈ ਸੋਚ ਉਨੀ ਹੀ ਡੂੰਘੀ ਹੁੰਦੀ ਹੈ, ਉਹਨਾਂ ਵਸਤਾਂ ਅਤੇ ਵਰਤਾਰਿਆਂ ਦਾ ਖੇਤਰ ਜਿਹੜੇ ਬਚੇ ਆਪਣੀ ਵਿਚਾਰ ਵਿਚ ਰਖ ਸਕਦਾ ਹੈ ਉਨਾ ਹੀ ਵਿਸ਼ਾਲ ਹੁੰਦਾ ਹੈ।

ਸੋਚ ਦੇ ਇਹਨਾਂ ਪਰਵਾਹਾਂ ਦੇ ਸੋਮੇ ਲੁਕੇ ਹੋਏ ਹਨ, ਜਾਪਦਾ ਹੈ ਦਿਮਾਗ਼ ਦੇ ਜਿਊਂਦੇ ਭੂਰੇ ਪਦਾਰਥ ਦੇ ਐਨ ਖ਼ਾਸੇ ਵਿਚ, ਕਿਸੇ ਵਿਅਕਤੀ ਦੇ ਦਿਮਾਗ਼ ਵਿਚ ਚਲ ਰਹੇ ਬਹੁਤ ਸੂਖਮ ਜੀਵ-ਰਸਾਇਣੀ ਅਮਲ ਵਿਚ, ਅਤੇ, ਸਕੂਲ ਤੋਂ ਪਹਿਲਾਂ ਦੀ ਉਮਰ ਦੇ ਬਚਿਆਂ ਦਾ ਧਿਆਨ ਨਾਲ ਕੀਤਾ ਅਧਿਅਨ ਦਰਸਾਉਂਦਾ ਹੈ ਕਿ ਆਲੇ ਦੁਆਲੇ ਦੇ ਖ਼ਾਸੇ ਵਿਚ, ਜਿਸ ਉਤੇ ਤੰਤਵੀ ਪ੍ਰਣਾਲੀ ਦੇ ਬਾਲਪਣ ਵਿਚ ਬੌਧਕ ਯੋਗਤਾਵਾਂ ਦਾ ਬਣਨਾ ਵਡੀ ਹਦ ਤਕ ਨਿਰਭਰ ਹੈ। ਨਿਰਸੰਦੇਹ ਵਾਲੀਆ, ਨੀਨਾ ਅਤੇ ਪੈਤਰਿਕ ਦੇ ਦਿਮਾਗ਼ਾਂ ਵਿਚ ਅੰਕੁਰ ਤੰਤਵੀ ਸ਼ਕਤੀ ਦੇ ਨਾਕਾਫ਼ੀ ਵਿਕਾਸ ਦਾ ਸ਼ਿਕਾਰ ਸਨ, ਜਿਸ ਸ਼ਕਤੀ ਵਿਚ ਸੋਚ ਦੇ ਵਖ ਵਖ ਜਿਊਂਦੇ ਟਾਪੂਆਂ ਵਿਚਕਾਰ ਸੰਬੰਧਾਂ ਵਿਚ ਸੋਚ ਦੇ ਪਰਵਾਹਾਂ ਦੀ ਪਕਿਆਈ ਦਾ ਸੋਮਾ ਹੈ। ਜਾਗ੍ਰਤੀ ਦੇ ਕੇਂਦਰਾਂ ਨੂੰ ਜੋੜਨ ਵਾਲੀਆਂ ਕੜੀਆਂ ਕਮਜ਼ੋਰ ਹਨ ਅਤੇ ਛੇਤੀ ਮਰ ਜਾਂਦੀਆਂ ਹਨ। ਬਚਾ ਇਕੋ ਸਮੇਂ ਕਈ ਬਿੰਬਾਂ ਦੀ ਸੋਚ ਨੂੰ ਪਕੜ ਨਹੀਂ ਸਕਦਾ। ਜਦੋਂ ਪੈਤਰਿਕ ਨੇ ਉਹ ਗਲ ਚੇਤੇ ਕਰਨ ਦਾ ਜਤਨ ਕੀਤਾ ਜਿਹੜੀ ਕਈ ਸਕਿੰਟ

ਪਹਿਲਾਂ ਉਹਦੇ ਲਈ ਸਪਸ਼ਟ ਸੀ ਤਾਂ ਸਪਸ਼ਟ ਤੌਰ ਉਤੇ ਉਹਦੀ ਸੋਚ ਦਾ ਪਰਵਾਹ ਜਾਂਦਾ ਰਿਹਾ।

ਵਖ ਵਖ ਬਚਿਆਂ ਵਿਚ ਸੋਚਣ ਦੀ ਇਸ ਵਿਲਖਣਤਾ ਵਿਚ ਫ਼ਰਕ ਹੁੰਦਾ ਹੈ। ਸਪਸ਼ਟ ਤੌਰ ਉਤੇ ਮੁਖ ਕਾਰਨ ਇਹ ਹੈ ਕਿ ਬਚਪਨ ਦੇ ਮੁਢ ਵਿਚ, ਜਦੋਂ ਅਨੁਭਵਾਂ ਦਾ ਪਰਵਾਹ ਬਹੁਰੰਗਾ ਅਤੇ ਵਖ ਵਖ ਤਰ੍ਹਾਂ ਦਾ ਹੁੰਦਾ ਹੈ, ਬਚੇ ਨੇ ਆਪਣੇ ਆਲੇ ਦੁਆਲੇ ਦੇ ਸੰਸਾਰ ਵਿਚ ਵਸਤਾਂ ਅਤੇ ਵਰਤਾਰਿਆਂ ਵਿਚਕਾਰ ਸੰਬੰਧਾਂ ਸੰਬੰਧੀ ਚੋਖਾ ਨਹੀਂ ਸੋਚਿਆ ਅਤੇ ਉਹਦੇ ਦਿਮਾਗ਼ ਵਿਚ ਸੋਚ ਦੇ ਜਿਊਂਦੇ ਟਾਪੂਆਂ ਨੇ ਸੂਚਨਾ ਦੇ ਦੁਪਾਸੜ ਪਰਵਾਹ ਲਈ ਸੰਬੰਧ ਵਿਕਸਤ ਨਾ ਕੀਤੇ। ਇਹ ਸਭ ਕੁਝ ਵਡੇਰਿਆਂ ਵਲੋਂ ਬਚੇ ਦੇ ਬੌਧਕ ਵਿਕਾਸ ਵਲ ਬੇਧਿਆਨੀ ਅਤੇ ਲਾਪਰਵਾਹੀ ਦਾ ਸਿਟਾ ਹੈ। ਬਚੇ ਨੇ ਬਾਲਗ਼ ਤੋਂ ਪਹਿਲੀ ਵਾਰ ਪੁਛਿਆ "ਕਿਉਂ?" ਅਤੇ ਉਹਨੂੰ ਉਤਰ ਨਾ ਮਿਲਿਆ ਅਤੇ ਦੂਜੀ ਵਾਰ ਵੀ ਸਿਟਿਆਂ ਤੋਂ ਬਿਨਾਂ ਰਿਹਾ। ਬਾਲਗਾਂ ਦੀ ਬੇਪਰਵਾਹੀ (ਅਤੇ ਕਦੀ ਕਦੀ ਸੰਖੇਪ ਉਤਰ—"ਮੇਰਾ ਖਹਿੜਾ ਛਡ; ਮੈਨੂੰ ਤੰਗ ਨਾ ਕਰ") ਦਿਮਾਗ਼ ਵਿਚ ਸੂਖਮ ਸੰਬੰਧਾਂ ਨੂੰ ਕਮਜ਼ੋਰ ਕਰਦੀ ਹੈ, ਜਿਨ੍ਹਾਂ ਨੂੰ ਐਨ ਇਹਨਾਂ ਹੀ ਵਰ੍ਹਿਆਂ ਵਿਚ ਘੜੀ ਮੁੜੀ ਤਕੜਾ ਕਰਨ ਦੀ ਲੋੜ ਹੁੰਦੀ ਹੈ।

ਸੋਚਣ ਦੇ ਨਾਂਹ-ਪਖੀ ਖ਼ਾਸੇ ਦਾ ਇਕ ਕਾਰਨ ਬਚਿਆਂ ਵਲੋਂ ਆਲੇ ਦੁਆਲੇ ਦੇ ਸੰਸਾਰ ਦੇ ਵਰਤਾਰਿਆਂ ਵਲੋਂ ਭਾਵੁਕ ਪ੍ਰਤਿਕ੍ਰਮ ਦੀ ਨੀਵੀਂ ਪਧਰ ਹੈ, ਜਿਸਦੇ ਸਿਟੇ ਵਜੋ ਦਿਮਾਗ਼ ਦੀ ਬਾਹਰਲੀ ਪਰਤ ਤੋਂ ਐਨ ਹੇਠਲੇ ਖੇਤਰ ਦੇ ਭਾਵੁਕ ਸੰਕੇਤ ਕਮਜ਼ੋਰ ਹੋ ਜਾਂਦੇ ਹਨ।

ਸਬਕਾਂ ਦੇ ਹਰ ਮਹੀਨੇ ਮੈਨੂੰ ਸਕੂਲ ਤੋਂ ਪਹਿਲਾਂ ਦੀ ਉਮਰ ਦੇ ਬਚਿਆਂ ਦੇ ਮਾਤਾ ਪਿਤਾ ਨੂੰ ਸਿਖਿਆ ਦੇਣ ਦੀ ਮਹਤਤਾ ਦਾ ਨਿਸ਼ਚਾ ਹੁੰਦਾ ਜਾਂਦਾ। ਬਚੇ ਦੇ ਸਕੂਲ ਵਿਚ ਦਾਖ਼ਲ ਹੋਣ ਤੋਂ ਪਹਿਲਾਂ, ਜਦੋਂ ਉਹ ਅਜੇ ਆਪਣੇ ਮਾਤਾ ਪਿਤਾ ਨਾਲ ਘਰ ਹੀ ਹੁੰਦਾ ਹੈ, ਇਹ ਲਾਜ਼ਮੀ ਹੈ ਕਿ ਬੰਦਾ ਉਹਨਾਂ ਦੇ ਮਾਤਾ ਪਿਤਾ ਨੂੰ ਵਿਦਿਆ ਸੰਬੰਧੀ ਬਹੁਤ ਕੁਝ ਦਸੇ। ਸਕੂਲੀ ਬਚਿਆਂ ਦੀਆਂ ਭਵਿਖ ਦੀਆਂ ਪੀੜ੍ਹੀਆਂ ਲਈ ਪ੍ਰਬੰਧ ਕਰਨ ਲਈ ਅਸਾਂ ਉਹਨਾਂ ਮਾਤਾ-ਪਿਤਾਵਾਂ ਲਈ ਇਕ ਸਕੂਲ ਸਥਾਪਤ ਕੀਤਾ ਜਿਨ੍ਹਾਂ ਦੇ ਦੋ ਤੋਂ ਛੇ ਵਰ੍ਹਿਆਂ ਤਕ ਦੇ ਬਚੇ ਸਨ। ਅਸਾਂ ਅਧਿਅਨ ਦਾ ਇਕ ਕਾਰਜ-ਕ੍ਰਮ ਤਿਆਰ ਕੀਤਾ, ਜਿਸ ਵਿਚ ਬਚੇ ਦੇ ਸਰੀਰਕ, ਮਾਨਸਕ, ਬੌਧਕ, ਸਦਾਚਾਰਕ ਅਤੇ ਸੁਹਜ-ਸੁਆਦ ਸੰਬੰਧੀ ਵਿਕਾਸ ਦੇ ਪ੍ਰਸ਼ਨ ਅਤੇ ਇਹ ਕਿ ਮਾਤਾ ਪਿਤਾ ਭਵਿਖ ਦੇ ਵਿਦਿਆਰਥੀਆਂ ਨੂੰ ਸੋਚਣਾ ਕਿਵੇਂ ਸਿਖਾਉਣ ਸ਼ਾਮਲ ਸਨ। ਹੁਣ ਇਹ ਸਕੂਲ ਸਥਾਈ ਤੌਰ ਉਤੇ ਚਲ ਰਿਹਾ ਹੈ।

ਵਿਦਿਅਕ ਗਿਆਨ ਦੀ ਉਸ ਸਮੇਂ ਵਿਚ ਵਿਸ਼ੇਸ਼ ਮਹਤਤਾ ਹੈ ਜਦੋਂ ਮਾਤਾ ਅਤੇ ਪਿਤਾ ਬਚੇ ਦੇ ਕਿਸੇ ਹੋਰ ਤੋਂ ਬਿਨਾਂ ਸਿਖਿਅਕ ਹੁੰਦੇ ਹਨ। ਬੜੀ ਹਦ ਤਕ ਦੋ ਤੋਂ ਛੇ ਵਰ੍ਹਿਆਂ ਤਕ ਬਚੇ ਦਾ ਆਤਮਕ ਜੀਵਨ ਮਾਤਾ ਪਿਤਾ ਦੇ ਮੁਢਲੇ ਸਭਿਆਚਾਰ

ਉਤੇ ਨਿਰਭਰ ਹੈ, ਜਿਸਦਾ ਪ੍ਰਗਟਾਅ ਵਿਕਾਸ ਰਹੇ ਜਾਂਦੇ ਬੰਦੇ ਦੇ ਬਹੁਤ ਪੇਚਦਾਰ ਆਤਮਕ ਵਿਕਾਸ ਨੂੰ ਸਮਝਣ ਵਿਚ ਹੁੰਦਾ ਹੈ। ਅਸਾਂ ਮਾਤਾ ਪਿਤਾ ਨੂੰ ਕੁਝ ਗਿਆਨ ਅਤੇ ਆਦਤਾਂ ਨਾਲ ਲੈਸ ਕਰਨ ਦਾ ਜਤਨ ਕੀਤਾ। ਅਸਾਂ ਮਾਤਾ ਪਿਤਾ ਲਈ ਸਕੂਲ ਵਿਚ ਇਸ ਗਲ ਉਤੇ ਬੜਾ ਸਮਾਂ ਲਾਇਆ ਕਿ ਬਚੇ ਨੂੰ ਸੋਚਣਾ ਕਿਵੇ ਸਿਖਾਇਆ ਜਾਵੇ ਅਤੇ ਕਿਸ ਢੰਗ ਨਾਲ ਉਹਦੀਆਂ ਬੌਧਕ ਯੋਗਤਾਵਾਂ ਵਿਕਸਤ ਕੀਤੀਆਂ ਜਾਣ। ਕਈ ਵਰ੍ਹਿਆਂ ਦੇ ਅਨੁਭਵ ਦੇ ਆਧਾਰ ਉਤੇ ਅਸਾਂ ਆਲੇ ਦੁਆਲੇ ਦੇ ਸੰਸਾਰ ਸੰਬੰਧੀ ਇਕ ਹਜ਼ਾਰ ਪ੍ਰਸ਼ਨ ਪੁਛੇ—ਇਹ ਉਹ ਪ੍ਰਸ਼ਨ ਸਨ ਜਿਹੜੇ ਬਚੇ ਆਪਣੇ ਮਾਤਾ ਪਿਤਾ ਤੋਂ ਸਭ ਤੋਂ ਵਧ ਵਾਰ ਪੁਛਦੇ। ਅਸਾਂ ਉਹਨਾਂ ਨੂੰ ਸਿਖਾਇਆ ਕਿ ਉਹ ਬਚੇ ਦੇ ਪੁਛਣ ਉਤੇ ਕਿਸ ਢੰਗ ਨਾਲ ਉਤਰ ਦੇਣ ਤਾਂ ਜੁ ਉਹਦੀ ਖੋਜੀ ਖ਼ਸਲਤ ਅਤੇ ਪੁਛ-ਪੜਤਾਲ ਦਾ ਸ਼ੌਕ ਵਿਕਸਤ ਹੋਵੇ। ਮਾਤਾ ਪਿਤਾ ਦੇ ਨਾਲ ਅਸਾਂ ਸਕੂਲ ਤੋਂ ਪਹਿਲਾਂ ਦੀ ਉਮਰ ਦੇ ਬਚਿਆਂ ਲਈ ਪ੍ਰਕਿਰਤੀ ਦੀਆਂ ਸੈਰਾਂ ਦਾ ਪ੍ਰਬੰਧ ਕੀਤਾ, ਉਹ ਵਸਤਾਂ ਅਸਾਂ ਪਹਿਲਾਂ ਹੀ ਮਿਥ ਲਈਆਂ ਜਿਨ੍ਹਾਂ ਦਾ ਗਹੁ ਨਾਲ ਅਧਿਅਨ ਕੀਤਾ ਜਾਣਾ ਸੀ। ਅਸਾਂ ਇਸ ਗਲ ਦਾ ਖ਼ਾਸ ਧਿਆਨ ਰਖਿਆ ਕਿ ਸਕੂਲ ਤੋਂ ਪਹਿਲਾਂ ਵਾਲੇ ਬਚਿਆਂ ਵਾਲੇ ਹਰ ਪਰਵਾਰ ਵਿਚ ਪੁਸਤਕਾਂ ਲਈ ਸਤਿਕਾਰ ਹੋਵੇ।

ਕਈ ਵਰ੍ਹਿਆਂ ਦੀ ਨੇੜਵੀਂ ਦੇਖ ਭਾਲ ਨੇ ਮੈਨੂੰ ਨਿਸ਼ਚਾ ਕਰਵਾ ਦਿਤਾ ਹੈ ਕਿ ਕੁਝ ਜਦੀ ਅੰਸ਼ ਵੀ ਹਨ ਜਿਨ੍ਹਾਂ ਦੇ ਆਧਾਰ ਉਤੇ ਬੌਧਕ ਵਿਦਿਆ ਵਿਚ ਔਕੜਾਂ ਪੈਦਾ ਹੁੰਦੀਆਂ ਹਨ। ਸ਼ਰਾਬ ਦਾ ਹਦੋਂ ਵਧ ਆਦੀ ਹੋਣਾ ਨਾ ਕੇਵਲ ਬਚੇ ਦੇ ਸਰੀਰ ਦਾ ਭਿਆਨਕ ਵੈਰੀ ਹੈ ਸਗੋਂ ਉਹਦੇ ਦਿਮਾਗ਼ ਲਈ ਵਿਸ਼ੇਸ਼ ਤੌਰ ਉਤੇ ਹਾਨੀਕਾਰਕ ਹੈ।

ਹਰ ਵਾਰ ਜਦੋਂ ਦਿਮਾਗ਼ ਲਈ ਮਸ਼ਕਾਂ ਵਜੋਂ ਮਸਲੇ ਹਲ ਕਰਨ ਲਈ ਸੁਖਾਵੀਆਂ ਪ੍ਰਸਥਿਤੀਆਂ ਸਿਰਜੀਆਂ ਜਾਂਦੀਆਂ ਹਨ, ਮੈਂ ਉਹਨਾਂ ਬਚਿਆਂ ਨੂੰ ਜਿਹੜੇ ਹੌਲੀ ਸੋਚਦੇ ਅਤੇ ਅੱਖ ਨਾਲ ਚੇਤੇ ਰਖਦੇ, ਆਪਣੇ ਨੇੜੇ ਲੈ ਆਉਂਦਾ। ਮੈਨੂੰ ਨੀਨਾ ਦੇ ਦਿਮਾਗ਼ ਵਿਚ ਸੋਚ ਦੇ ਜਿਉਂਦੇ ਟਾਪੂਆਂ ਵਿਚਕਾਰ, ਜਿਹੜੇ ਆਲੇ ਦੁਆਲੇ ਦੇ ਸੰਸਾਰ ਦੇ ਪ੍ਰਭਾਵਾਂ ਨੂੰ ਜੋੜਦੇ ਹਨ, ਪਹਿਲੇ ਸੰਬੰਧ ਸਥਾਪਤ ਕਰਨ ਤੋ ਪਹਿਲਾਂ ਤਰ੍ਹਾਂ ਤਰ੍ਹਾਂ ਦੀਆਂ ਅੜਾਉਣੀਆਂ ਅਤੇ ਬੁਝਾਰਤਾਂ ਸੋਚਣੀਆਂ ਪਈਆਂ।

ਮੈਨੂੰ ਸਿਆਲ ਦਾ ਇਕ ਦਿਨ ਚੇਤੇ ਹੈ ਜਦੋਂ ਅਸੀਂ ਮਛੀਆਂ ਵਾਲੇ ਤਲਾ ਦੇ ਕੋਲ ਬੈਠੇ ਸਾਂ। ਬਚੇ ਮਛੀਆਂ ਗਿਣ ਰਹੇ ਸਨ, ਕਈਆਂ ਦਾ ਜੋੜ ਵਧ ਹੁੰਦਾ, ਕਈਆਂ ਦਾ ਘਟ। ਮੈਂ ਉਹਨਾਂ ਸਾਹਮਣੇ ਅੜਾਉਣੀ ਰਖੀ: "ਭਰਾ ਨੇ ਮਛੀਆਂ ਵਾਲੇ ਤਲਾ ਵਿਚ ਦੋ ਵਡੀਆਂ ਅਤੇ ਚਾਰ ਨਿਕੀਆਂ ਮਛੀਆਂ ਵੇਖੀਆਂ। ਭੈਣ ਨੇ ਦੋ ਵਡੀਆਂ ਅਤੇ ਤਿੰਨ ਨਿਕੀਆਂ ਮਛੀਆਂ ਵੇਖੀਆਂ। ਮਾਂ ਨੇ ਤਿੰਨ ਵਡੀਆਂ ਅਤੇ ਪੰਜ ਨਿਕੀਆਂ ਵੇਖੀਆਂ। ਮਾਂ ਨੇ ਤਲਾ ਦੀਆਂ ਸਾਰੀਆਂ ਮਛੀਆਂ ਵੇਖੀਆਂ। ਉਥੇ ਕਿੰਨੀਆਂ

ਮਛੀਆਂ ਸਨ ?" ਇਹ ਮਸਲਾ ਬਹੁਤ ਸਾਰੇ ਬਚਿਆਂ ਲਈ ਕੋਈ ਔਕੜ ਨਹੀਂ ਸੀ ਪੇਸ਼ ਕਰਦਾ ਪਰ ਨੀਨਾ ਬੜੀ ਦੇਰ ਸੋਚਦੀ ਰਹੀ। ਅਖ਼ੀਰ ਉਹਨੇ ਖ਼ੁਸ਼ੀ ਨਾਲ ਤਾੜੀ ਮਾਰੀ। "ਹਾਂ, ਭਰਾ ਅਤੇ ਭੈਣ ਨੇ ਸਾਰੀਆਂ ਮਛੀਆਂ ਨਹੀਂ ਵੇਖੀਆਂ ਪਰ ਮਾਂ ਨੇ ਸਾਰੀਆਂ ਮਛੀਆਂ ਵੇਖੀਆਂ ਸੋ ਤਲਾ ਵਿਚ ਤਿੰਨ ਵਡੀਆਂ ਤੇ ਪੰਜ ਨਿਕੀਆਂ ਮਛੀਆਂ ਸਨ। ਉਹ ਅਖੋ ਉਹਲੇ ਘਾਹ ਵਿਚ ਲੁਕੀਆਂ ਹੋਈਆਂ ਸਨ।... ਪਰ ਮਾਂ ਨੇ ਉਹਨਾਂ ਨੂੰ ਵੇਖ ਲਿਆ।" ਵਾਲੀਆ ਅਤੇ ਪੈਤਰਿਕ ਵੀ ਅਜਿਹੇ ਮਸਲੇ ਹਲ ਕਰਨ ਲਗ ਪਏ ਅਤੇ ਕੁਝ ਅਜਿਹੇ ਵੀ ਜਿਹੜੇ ਕੁਝ ਵਧੇਰੇ ਔਖੇ ਸਨ।

ਉਹਨਾਂ ਜਿਹੜੀ ਸਫ਼ਲਤਾ ਪ੍ਰਾਪਤ ਕੀਤੀ ਸੀ ਉਹਨੂੰ ਮਜ਼ਬੂਤ ਬਣਾਉਣ ਲਈ ਹੌਲੀ ਹੌਲੀ ਮੈਂ ਉਹਨਾਂ ਨੂੰ ਵਧੇਰੇ ਔਖੇ ਮਸਲੇ ਦੇਣ ਲਗ ਪਿਆ। ਪੜ੍ਹਾਈ ਦੇ ਤੀਜੇ ਵਰ੍ਹੇ ਜਦੋਂ ਅਸੀਂ ਪੰਚਾਇਤੀ ਫ਼ਾਰਮ ਦੇ ਫਲਾਂ ਦੇ ਬਾਗ ਵਿਚ ਸਿਉ ਇਕਠੇ ਕਰ ਰਹੇ ਸਾਂ, ਨੀਨਾ ਨੇ ਇਹ ਅੜਾਉਣੀ ਹਲ ਕੀਤੀ: "ਤਿੰਨ ਭਰਾ ਜੂਹ ਵਿਚ ਘਾਹ ਕਟ ਰਹੇ ਸਨ। ਦੁਪਹਿਰੇ ਉਹ ਬਲੂਤ ਦੇ ਇਕ ਰੁਖ ਹੇਠ ਸਸਤਾਉਣ ਲਈ ਲੇਟ ਗਏ ਅਤੇ ਸੌਂ ਗਏ। ਉਹਨਾਂ ਦੀ ਭੈਣ ਉਹਨਾਂ ਲਈ ਦੁਪਹਿਰ ਦਾ ਖਾਣਾ ਲਿਆਈ: ਸ਼ੋਰਬਾ, ਰੋਟੀ ਅਤੇ ਹਰ ਇਕ ਲਈ ਕਈ ਸਿਉ। ਉਹਨੇ ਉਹਨਾਂ ਨੂੰ ਨਾ ਜਗਾਇਆ ਪਰ ਖਾਣੇ ਵਾਲੀ ਟੋਕਰੀ ਛਡ ਗਈ ਅਤੇ ਘਰ ਮੁੜ ਗਈ। ਵਡਾ ਭਰਾ ਜਾਗਿਆ ਅਤੇ ਉਹਨੇ ਸਿਉ ਵੇਖੇ। ਉਹਨੇ ਉਹਨਾਂ ਨੂੰ ਤਿੰਨ ਹਿਸਿਆਂ ਵਿਚ ਵੰਡਿਆ ਪਰ ਆਪਣਾ ਸਾਰਾ ਹਿਸਾ ਨਾ ਖਾਧਾ। ਉਹਨੇ ਇਕ ਸਿਉ ਆਪਣੇ ਲਡਿਕੇ ਭਰਾ—ਸਭ ਤੋਂ ਛੋਟੇ ਲਈ ਬਚਾ ਲਿਆ। ਫਿਰ ਉਹ ਲੇਟ ਗਿਆ ਅਤੇ ਸੌਂ ਗਿਆ। ਵਿਚਕਾਰਲਾ ਭਰਾ ਜਾਗਿਆ ਪਰ ਉਹਨੂੰ ਇਹ ਪਤਾ ਨਹੀਂ ਸੀ ਕਿ ਵਡੇ ਭਰਾ ਨੇ ਪਹਿਲਾਂ ਹੀ ਕੁਝ ਸਿਉ ਖਾ ਲਏ ਹਨ। ਉਹਨੇ ਬਾਕੀ ਦੇ ਸਿਉਆਂ ਨੂੰ ਤਿੰਨ ਹਿਸਿਆਂ ਵਿਚ ਵੰਡਿਆ ਪਰ ਉਹਨੇ ਵੀ ਆਪਣਾ ਸਾਰਾ ਹਿਸਾ ਨਾ ਖਾਧਾ। ਉਹਨੇ ਇਕ ਸਭ ਤੋਂ ਨਿਕੇ ਭਰਾ ਲਈ ਰਹਿਣ ਦਿਤਾ ਕਿਉਂਕਿ ਉਹਨੂੰ ਮਿਠੀਆਂ ਚੀਜ਼ਾਂ ਖਾਣ ਦਾ ਸ਼ੌਕ ਸੀ। ਫਿਰ ਵਿਚਕਾਰਲਾ ਭਰਾ ਲੇਟ ਗਿਆ ਅਤੇ ਫਿਰ ਸੌਂ ਗਿਆ। ਫਿਰ ਨਿਕਾ ਭਰਾ ਜਾਗਿਆ, ਉਹਨੇ ਟੋਕਰੀ ਵਿਚ ਸਤ ਸਿਉ ਵੇਖੇ ਅਤੇ ਉਹਨੂੰ ਸਮਝ ਨਾ ਆਈ ਉਹ ਉਹਨਾਂ ਨੂੰ ਤਿੰਨਾਂ ਹਿਸਿਆਂ ਵਿਚ ਕਿਵੇਂ ਵੰਡੇ। ਉਹਨੇ ਲੰਮਾ ਸਮਾਂ ਸੋਚਿਆ ਪਰ ਇਹ ਫ਼ੈਸਲਾ ਨਾ ਕਰ ਸਕਿਆ ਕਿ ਉਹ ਕੀ ਕਰੇ। ਫਿਰ ਬਾਕੀ ਭਰਾ ਜਾਗ ਪਏ ਅਤੇ ਉਹਨਾਂ ਸਾਰੀ ਗਲ ਦਸੀ। ਭੈਣ ਆਪਣੇ ਭਰਾਵਾਂ ਲਈ ਕਿੰਨੇ ਸਿਉ ਲਿਆਈ ਸੀ ?"

ਸਾਡੇ ਗਣਤ ਦੇ ਅਨੇਕ ਪ੍ਰਸ਼ਨਾਂ ਦਾ ਸੰਬੰਧ ਕੰਮ ਨਾਲ ਸੀ, ਇਹ ਇਕ ਅਜਿਹਾ ਵਿਸ਼ਾ ਸੀ ਜਿਸਦੀ ਬਚਿਆਂ ਨੂੰ ਚੰਗੀ ਸੋਝੀ ਸੀ। ਇਹਨਾਂ ਮਸਲਿਆਂ ਨੂੰ ਹਲ ਕਰਦੇ ਹੋਏ ਬਚੇ ਘੜੀ ਮੁੜੀ ਵੇਖਦੇ ਕਿ ਉਹਨਾਂ ਦੇ ਵਡੇ ਕਿਵੇਂ ਹਲ ਵਾਹੁੰਦੇ ਹਨ ਅਤੇ ਬੀਜ ਬੀਜਦੇ ਹਨ, ਰੁਖ ਲਾਉਂਦੇ ਅਤੇ ਉਹਨਾਂ ਨੂੰ ਖਾਦ ਪਾਉਂਦੇ ਹਨ, ਬੋਹਲ ਇਕਠਾ ਕਰਦੇ ਅਤੇ ਖਾਣ ਪੀਣ ਦਾ ਸਾਮਾਨ ਇਕਠਾ ਕਰਦੇ, ਮਕਾਨ ਉਸਾਰਦੇ ਅਤੇ

ਸੜਕਾਂ ਦੀ ਮੁਰੰਮਤ ਕਰਦੇ। ਜੀਵਨ ਦੇ ਇਹਨਾਂ ਸੰਬੰਧਾਂ ਦੀ ਸਥਾਪਤੀ ਰਾਹੀਂ ਪ੍ਰਭਾਵਾਂ ਵਿਚਕਾਰ ਸੰਬੰਧ ਤਕੜੇਰੇ ਹੋ ਗਏ। ਸੋਚ ਅਤੇ ਯਾਦ ਇਕ ਅਵੰਡ ਏਕਾ ਬਣ ਗਏ। ਬਹੁਤ ਵਡੀ ਗਿਣਤੀ ਵਿਚ ਮਸਲਿਆਂ ਦਾ ਹਲ ਕਰਨ ਲਈ ਬਚੇ ਚਿਤਰਾਂ ਦਾ ਸਹਾਰਾ ਲੈਂਦੇ ਜਾਂ ਉਹਨਾਂ ਦੇ ਖ਼ਾਕੇ ਅਤੇ ਮਾਡਲ ਬਣਾਉਂਦੇ। ਬਚੇ ਆਪਣੇ ਕੰਧ ਅਖ਼ਬਾਰ ਵਿਚ, ਜਿਹੜਾ ਉਹਨਾਂ ਤੀਜੀ ਸ਼੍ਰੇਣੀ ਦੇ ਦੂਜੇ ਅਧ ਵਿਚ ਕਢਣਾ ਸ਼ੁਰੂ ਕਰ ਦਿਤਾ ਸੀ, ਅੜਾਉਣੀਆਂ, ਬੁਝਾਰਤਾਂ ਅਤੇ ਟੇਢੇ ਪ੍ਰਸ਼ਨ ਲਿਖਣੇ ਸ਼ੁਰੂ ਕਰ ਦਿਤੇ। ਮਸਲੇ ਹਲ ਕਰਨ ਨੇ ਸਿਰੜ, ਲਗਨ ਅਤੇ ਮਿਹਨਤ ਦੇ ਇਕ ਹੋਰ ਮੁਕਾਬਲੇ ਦਾ ਰੂਪ ਧਾਰ ਲਿਆ। ਅਸਾਂ ਪਹਿਲਾਂ ਤੀਜੀ ਸ਼੍ਰੇਣੀ ਵਿਚ ਆਪਣੀ ਸ਼੍ਰੇਣੀ ਵਿਚ ਗਣਤ ਦਾ ਮੁਕਾਬਲਾ ਜਥੇਬੰਦ ਕੀਤਾ। ਬਚਿਆਂ ਨੂੰ ਵਖ ਵਖ ਔਖਿਆਈ ਵਾਲੇ ਪ੍ਰਸ਼ਨ ਦਿਤੇ ਗਏ ਤਾਂ ਜੁ ਹਰ ਬਚਾ ਉਹਨਾਂ ਵਿਚੋਂ ਕੁਝ ਹਲ ਕਰਨ ਵਿਚ ਸਫ਼ਲ ਹੋ ਜਾਵੇ। ਹੌਲੀ ਹੌਲੀ ਗਣਤ ਮੁਕਾਬਲੇ ਨੇ ਹੋਰਨਾਂ ਮੁਢਲੀਆਂ ਸ਼੍ਰੇਣੀਆਂ ਦਾ ਧਿਆਨ ਖਿਚਿਆ ਅਤੇ ਉਹ ਸਾਰੇ ਸਕੂਲ ਵਿਚ ਹੋਣ ਲਗ ਪਏ।

"ਸਾਡੇ ਆਲੇ ਦੁਆਲੇ ਦੀ ਗਣਤ ਪੁਸਤਕ" ਵਿਚੋਂ ਪ੍ਰਸ਼ਨ ਹਲ ਕਰਦੇ ਹੋਏ ਬਚਿਆਂ ਦੇ ਵਿਚਾਰ ਜਾਗ ਪਏ ਅਤੇ ਉਹਨਾਂ ਸੋਚਣਾ ਸਿਖ ਲਿਆ। ਜੇ ਉਹਨਾਂ ਨੂੰ ਸੋਚਣਾ ਨਹੀਂ ਸਿਖਾਇਆ ਗਿਆ, ਜੇ ਸੋਚਣ ਦੇ ਅਮਲ ਨੇ ਉਹਨਾਂ ਦੇ ਦਿਮਾਗ਼ ਨੂੰ ਮਜ਼ਬੂਤ ਨਹੀਂ ਕੀਤਾ ਤਾਂ ਬੰਦਾ ਬਚਿਆਂ ਦੇ ਗਣਤ ਜਾਂ ਕਿਸੇ ਹੋਰ ਵਿਸ਼ੇ ਦਾ ਚੰਗਾ ਗਿਆਨ ਹੋਣ ਦੀ ਗਲ ਨਹੀਂ ਕਰ ਸਕਦਾ।

ਲੀਓ ਟਾਲਸਟਾਈ ਨੇ ਸਲਾਹ ਦਿਤੀ ਹੈ: "ਹਿਸਾਬ ਦੀਆਂ ਸਾਰੀਆਂ ਪ੍ਰੀਭਾਸ਼ਾਵਾਂ ਅਤੇ ਗੁਰਾਂ ਨੂੰ ਇਕ ਪਾਸੇ ਛਡ ਦਿਓ, ਪਰ ਆਪਣੇ ਆਪ ਨੂੰ ਵਧ ਤੋਂ ਵਧ ਸਰਗਰਮੀਆਂ ਚਲਾਉਣ ਉਤੇ ਮਜਬੂਰ ਕਰੋ ਅਤੇ ਸੁਧਾਈ ਇਸ ਲਈ ਨਾ ਕਰੋ ਕਿ ਜੋ ਕੁਝ ਕੀਤਾ ਗਿਆ ਉਹ ਨਿਯਮਾਂ ਅਨੁਸਾਰ ਨਹੀਂ ਸਗੋਂ ਇਸ ਲਈ ਕਿ ਉਹਦੇ ਪਿਛੇ ਸੋਚ ਨਹੀਂ ਸੀ।" * ਇਹ ਨਸੀਹਤ ਸਿਧਾਂਤਕ ਆਮਿਆਉਣ, ਪ੍ਰੀਭਾਸ਼ਾਵਾਂ ਅਤੇ ਨਿਯਮਾਂ ਨੂੰ ਰਦ ਨਹੀਂ ਕਰਦੀ, ਜਿਹਾ ਕਿ ਪਹਿਲੀ ਨਜ਼ਰੇ ਜਾਪਦਾ ਹੈ। ਟਾਲਸਟਾਈ ਦੀ ਨੀਅਤ ਇਹਦੇ ਬਿਲਕੁਲ ਉਲਟ ਹੈ, ਉਹ ਚਾਹੁੰਦਾ ਹੈ ਕਿ ਬਚੇ ਨੂੰ ਪ੍ਰੀਭਾਸ਼ਾਵਾਂ ਅਤੇ ਨਿਯਮਾਂ ਦਾ ਤਤ ਵਿਚੋਂ ਸਮਝਣ ਵਲ ਲਾਇਆ ਜਾਵੇ ਅਤੇ ਉਹ ਆਮਿਆਉਣ ਨੂੰ ਨਿਯਮ ਵਿਚਲੇ ਮਾਮਲੇ ਦੇ ਖ਼ਾਸੇ ਵਿਚੋਂ ਪੈਦਾ ਹੁੰਦਾ ਵੇਖੇ ਨਾ ਕਿਸੇ ਤਰ੍ਹਾਂ ਦੇ ਸਮਝ ਨਾ ਆਉਣ ਵਾਲੀ ਸਚਾਈ ਵਜੋਂ। ਜੇ ਅਧਿਆਪਕ ਸਚ ਵਲ ਅਜਿਹੀ ਪਹੁੰਚ ਅਪਣਾਉਂਦਾ ਹੈ ਤਾਂ ਬਚਾ ਆਪ ਪ੍ਰੀਭਾਸ਼ਾਵਾਂ "ਲਭ ਲੈਂਦਾ ਹੈ"। ਇਸ ਲਭਤ ਦੀ

---

* **ਲੀਓ ਟਾਲਸਟਾਈ**, ਵਿਦਿਅਕ ਲੇਖ, ਮਾਸਕੋ, ਉਚਪੇਦਗਿਜ਼ ਪ੍ਰਕਾਸ਼ਕ, ੧੯੫੩, ਪੰਨਾ ੩੩੯ (ਰੂਸੀ ਵਿਚ)।

ਖ਼ੁਸ਼ੀ ਇਕ ਮਹਾਨ ਭਾਵੁਕ ਉਤਸ਼ਾਹਕ ਹੈ ਜਿਹੜਾ ਸੋਚਣ ਦੇ ਵਿਕਾਸ ਵਿਚ ਵਡਾ ਰੋਲ ਅਦਾ ਕਰਦਾ ਹੈ। ਬੰਦੇ ਨੂੰ ਇਹ ਨਹੀਂ ਭੁਲਣਾ ਚਾਹੀਦਾ ਕਿ ਟਾਲਸਟਾਈ ਦੀ ਨਸੀਹਤ ਕੇਵਲ ਨਿਕੇ ਬਚਿਆਂ ਉਤੇ ਲਾਗੂ ਹੁੰਦੀ ਹੈ।

"ਸਾਡੇ ਆਲੇ ਦੁਆਲੇ ਦੀ ਗਣਤ ਪੁਸਤਕ" ਵਿਚ ਪ੍ਰਸ਼ਨ ਹਲ ਕਰਨ ਦਾ ਅਰਥ ਗਣਤ ਵਿਚ ਵਧੇਰੇ ਸਫ਼ਲਤਾ ਦਾ ਇਕੋ ਇਕ ਸਾਧਨ ਨਹੀਂ। ਭਾਵੇਂ ਇਸ ਵਿਚ ਚਿੰਤਨ ਵਿਕਸਤ ਕਰਨ ਦੀ ਯੋਗਤਾ ਹੈ, ਪਰ ਇਹ ਸਹਾਇਕ ਰੋਲ ਅਦਾ ਕਰਦਾ ਹੈ ਅਤੇ ਸਬਕਾਂ ਦੇ ਦੌਰਾਨ ਵਿਦਿਅਕ ਅਮਲ ਦੀਆਂ ਮੰਗਾਂ ਤੋਂ ਦੂਜੈਲਾ ਹੈ। ਇਹ ਢੰਗ ਕੇਵਲ ਬੰਧਕ, ਸਦਾਚਾਰਕ, ਸੁਹਜ-ਸੁਆਦੀ ਅਤੇ ਵਿਰਤਕ ਵਿਦਿਆ ਦੇ ਢੰਗਾਂ ਅਤੇ ਤਰੀਕਿਆਂ ਦੇ ਸਮੂਹ ਦੇ ਅੰਦਰ ਹੀ ਕਾਰਗਰ ਹੋ ਸਕਦਾ ਹੈ। ਅਲੰਕਾਰਕ ਭਾਸ਼ਾ ਵਿਚ ਮੈਂ ਇਹਨੂੰ ਮੁਢਲੀ ਵਿਦਿਆ ਦੇ ਮੁਖ ਆਸ਼ੇ ਪ੍ਰਾਪਤ ਕਰਨ — ਬਚਿਆਂ ਨੂੰ ਸਾਦੇ ਗਿਆਨ ਅਤੇ ਅਮਲੀ ਯੋਗਤਾਵਾਂ ਦੀ ਨਿਗਰ ਰੂਪ ਰੇਖਾ ਸਿਖਾਉਣ — ਵਲ ਮੁਖ ਪੁਲ ਸਮਝਦਾ ਹਾਂ। ਗਣਤ ਦੇ ਅਧਿਅਨ ਵਿਚ ਸ਼ੁਧਤਾ, ਮਿਥੀਆਂ ਮੰਗਾਂ ਅਤੇ ਨਿਸ਼ਾਨੇ ਵਿਸ਼ੇਸ਼ ਤੌਰ ਉਤੇ ਮਹਤਵ-ਪੂਰਨ ਰੋਲ ਅਦਾ ਕਰਦੇ ਹਨ। ਹਰ ਸਕੂਲੀ ਵਰ੍ਹੇ ਮੈਂ ਇਹ ਮਿਥਦਾ ਕਿ ਵਿਦਿਆਰਥੀਆਂ ਨੇ ਐਨ ਕਿਹੜੀ ਗਲ ਜਾਣਨੀ ਅਤੇ ਆਪਣੇ ਚੇਤਿਆਂ ਵਿਚ ਸਾਂਭਣੀ ਹੈ। ਗਣਤਕ ਗਿਆਨ ਦਾ, ਜਿਸ ਉਤੇ ਅਗਲੇਰੀ ਗਣਤਕ ਵਿਦਿਆ ਆਧਾਰਤ ਹੈ, ਪ੍ਰਕਿਰਤਕ ਅੰਕਾਂ ਦੇ ਨਿਯਮਾਂ ਦਾ ਗਿਆਨ ਹੈ। ਮੈਂ ਅਜਿਹੀ ਥਾਂ ਅਪੜਨ ਦਾ ਜਤਨ ਕੀਤਾ ਜਿਥੇ ਹਰ ਬਚਾ ਪਹਿਲੀ ਸ਼੍ਰੇਣੀ ਵਿਚ ਵੀ ਸੋਚਣ ਲਈ ਰੁਕੇ ਬਿਨਾਂ ੧੦੦ ਤਕ ਰਕਮਾਂ ਨੂੰ ਜੋੜਣ ਅਤੇ ਘਟਾਉਣ ਨਾਲ ਸੰਬੰਧਤ ਕਿਸੇ ਵੀ ਪ੍ਰਸ਼ਨ ਦਾ ਉਤਰ ਛੇਤੀ ਦੇ ਸਕਦਾ। ਇਸ ਆਸ਼ੇ ਉਤੇ ਅਪੜਣ ਲਈ ਅੰਕਾਂ ਦੀ ਬਣਤਰ ਦੇ ਵਿਸ਼ਲੇਸ਼ਣ ਸੰਬੰਧੀ ਮਸ਼ਕਾਂ ਦਾ ਇਕ ਸਮੂਹ ਸਥਾਪਤ ਕੀਤਾ ਗਿਆ। ਮੈਂ ਪਹਾੜਿਆਂ ਦੇ ਨਿਗਰ ਗਿਆਨ ਤੋਂ ਬਿਨਾਂ ਮੁਢਲੀਆਂ ਸ਼੍ਰੇਣੀਆਂ ਜਾਂ ਭਵਿਖ ਵਿਚ ਰਚਨਾਤਮਕ ਕੰਮ ਦੀ ਕਲਪੱਨਾਂ ਵੀ ਨਹੀਂ ਸਾਂ ਕਰ ਸਕਦਾ। ਗਿਆਨ ਦੇ ਲੋੜੀਂਦੇ ਖੇਤਰਾਂ ਨੂੰ ਚੇਤੇ ਕਰਨਾ ਰਚਨਾਤਮਕ ਸੋਚ ਦਾ ਮਹਤਵ-ਪੂਰਨ ਸਾਧਨ ਹੈ।

ਕਮਜ਼ੋਰ ਚੇਤੇ ਵਾਲੇ ਬਚੇ ਲਈ ਸੋਚਣਾ ਜਾਂ ਕਲਪਨਾ ਕਰਨਾ ਔਖਾ ਹੈ। ਮੈਂ ਲੰਮੇ ਸਮੇਂ ਤੋਂ ਇਸ ਸੰਬੰਧੀ ਫ਼ਿਕਰ ਕਰਦਾ ਰਿਹਾ ਹਾਂ ਕਿ ਬਚਿਆਂ ਦੇ ਚੇਤੇ ਨੂੰ ਕਿਵੇਂ ਮਜ਼ਬੂਤ ਬਣਾਇਆ ਅਤੇ ਵਿਕਸਤ ਕੀਤਾ ਜਾਵੇ, ਉਹਨਾਂ ਦੀ ਸਚਾਈਆਂ ਅਤੇ ਆਮਿਆਉਣ ਦੀ ਸੂਝ ਨੂੰ, ਜਿਸਨੂੰ ਸਦਾ ਉਹਨਾਂ ਦੀ ਸੋਚ ਨੂੰ ਲੈਸ ਕਰਨ ਲਈ ਵਰਤੋਂ ਕੀਤੀ ਜਾ ਸਕਦੀ ਹੈ, ਕਿਵੇਂ ਭਰਪੂਰ ਬਣਾਇਆ ਜਾਵੇ। ਚੇਤੇ ਨੂੰ ਵਿਕਸਤ ਕਰਨ ਦਾ ਇਕ ਢੰਗ "ਹਿਸਾਬੀ ਡਬਾ" ਸੀ। ਇਹ ਇਕ ਨੀਝੀ ਸਹਾਇਕ ਸੀ ਜਿਸ ਰਾਹੀਂ ਬਚੇ ਆਪਣੇ ਹਿਸਾਬ ਦੇ ਗਿਆਨ ਦੀ ਪੜਤਾਲ ਕਰਦੇ। ਪਰਖ ਗਣਤਕ ਮੁਰਬਿਆਂ ਦਾ ਰੂਪ ਧਾਰਦੀ ਜਿਹੜੇ ਬਚੇ ਆਪ ਬਣਾਉਂਦੇ: ਮੁਰਬੇ ਦੀਆਂ ਬਾਹੀਆਂ

ਘਣਾਂ ਤੋਂ ਬਣਦੀਆਂ ਅਤੇ ਹਰ ਘਣ ਦੇ ਪਾਸਿਆਂ ਉਤੇ ਲਿਖੇ ਅੰਕ ਸਭਨਾਂ ਪਾਸਿਆਂ ਤੋਂ ਸਾਵੇਂ ਅੰਕਾਂ ਵਿਚ ਜੋੜ ਦੇਂਦੇ। "ਹਿਸਾਬੀ ਡਬੇ" ਵਿਚ ਪਹਾੜਿਆਂ ਦੀ ਦੁਹਰਾਈ ਲਈ ਬਣਾਏ ਗਏ ਵਿਸ਼ੇਸ਼ ਪ੍ਰਸ਼ਨ ਸਨ।

ਹਿਸਾਬੀ "ਇਲੈਕਟਰੀਨਾ" ਚੇਤੇ ਦੇ ਵਿਕਾਸ ਅਤੇ ਮਜ਼ਬੂਤ ਬਣਾਉਣ ਲਈ ਇਕ ਸ਼ਾਨਦਾਰ ਸਾਧਨ ਸੀ। ਇਹ ਇਕ ਅਜਿਹਾ ਪ੍ਰਕਰਣ ਸੀ ਜਿਸ ਨੂੰ ਚਾਲੂ ਕਰਨ ਲਈ ਬਿਜਲੀ ਦੇ ਇਕ ਘੋਰੇ ਦੀ ਲੋੜ ਸੀ। ਹਰ ਬਚਾ ਇਸ ਪ੍ਰਕਰਣ ਉਤੇ ਪਹਾੜੇ ਦੁਹਰਾਉਂਦਾ ਅਤੇ ਪ੍ਰਕਿਰਤਕ ਅੰਕਾਂ ਨੂੰ ਦੁਹਰਾਉਂਦਾ। ਤੀਜੀ ਸ਼੍ਰੇਣੀ ਤੋਂ ਅਸਾਂ ਆਪ ਆਪਣੇ ਗਣਤਕ "ਇਲੈਕਟਰੀਨਾ" ਬਣਾਉਣੇ ਸ਼ੁਰੂ ਕਰ ਦਿਤੇ ਅਤੇ ਚੌਥੀ ਸ਼੍ਰੇਣੀ ਦੇ ਅੰਤ ਤਕ ਅਸਾਂ ਉਹ ਚਾਰ ਬਣਾ ਲਏ। ਇਸ ਕੰਮ ਦੇ ਅਮਲ ਵਿਚ ਮੈਨੂੰ ਇਕ ਵਾਰ ਫਿਰ ਨਿਸ਼ਚਾ ਹੋ ਗਿਆ ਕਿ ਵਿਦਿਆਰਥੀਆਂ ਦੇ ਬੌਧਕ ਵਿਕਾਸ ਲਈ ਸੋਚਣ ਅਤੇ ਆਪਣੇ ਹਥਾਂ ਨਾਲ ਕੰਮ ਕਰਨ ਨੂੰ ਮਿਲਾਉਣ ਦੀ ਕਿੰਨੀ ਮਹਤਤਾ ਹੈ। ਡਾਵਾਂਡੋਲ ਚੇਤੇ ਵਾਲੇ ਬਚਿਆਂ ਦੇ ਚੇਤੇ ਨੀਝੀ ਸਹਾਇਕ ਬਣਾਉਣ ਦੇ ਦੌਰਾਨ ਮਜ਼ਬੂਤ ਹੋਏ (ਨਿਰਸੰਦੇਹ, ਇਹਨੇ ਸੋਚ ਦੇ ਅਮਲ ਉਤੇ ਪ੍ਰਭਾਵ ਪਾਉਣ ਦੇ ਹੋਰ ਸਾਧਨਾਂ ਨਾਲ ਮਿਲ ਕੇ ਨਿਸ਼ਚਿਤ ਸਿਟੇ ਦਿਤੇ)।

ਸ਼ਤਰੰਜ ਦੀ ਬਚਿਆਂ ਨੂੰ ਸੋਚਣਾ ਸਿਖਾਉਣ ਵਿਚ ਬਹੁਤ ਮਹਤਤਾ ਸੀ। ਸ਼ੂਰਾ, ਗਾਲੀਆ, ਸੇਰਯੋਜ਼ਾ, ਯੂਰਾ, ਵਾਨੀਆ, ਮੀਸ਼ਾ ਅਤੇ ਕੁਝ ਹੋਰ ਬਚਿਆਂ ਨੇ **ਮੁਸ਼ੀ ਦੇ ਸਕੂਲ** ਵਿਚ ਹੀ ਸ਼ਤਰੰਜ ਖੇਡਣੀ ਸਿਖ ਲਈ ਸੀ। ਨਿਕੇ ਮੁੰਡੇ ਅਤੇ ਕੁੜੀਆਂ ਅਕਸਰ ਦੀ ਬਸਾਤ ਲੈਕੇ ਬੈਠੇ ਦਿਸਦੇ। ਸ਼ਤਰੰਜ ਖੇਡਣਾ ਸੋਚ ਨੂੰ ਜ਼ਬਤ ਵਿਚ ਰਖਦਾ ਅਤੇ ਇਕਾਗਰਤਾ ਸਿਖਾਉਂਦਾ। ਪਰ ਇਥੇ ਮੁਖ ਗਲ ਚੇਤੇ ਦਾ ਵਿਕਾਸ ਸੀ। ਸ਼ਤਰੰਜ ਦੇ ਨਿਕੇ ਖਿਡਾਰੀਆਂ ਨੂੰ ਵੇਖਦੇ ਹੋਏ ਮੈਂ ਵੇਖਦਾ ਕਿਵੇਂ ਬਚੇ ਬੜੇ ਗਹੁ ਨਾਲ ਉਸ ਪ੍ਰਸਥਿਤੀ ਨੂੰ ਮੁੜ ਪੈਦਾ ਕਰਦੇ ਜਿਹੜੀ ਪਹਿਲਾਂ ਸੀ ਅਤੇ ਉਹਦੀ ਕਲਪਨਾ ਕਰਦੇ ਜਿਵੇਂ ਇਹ ਹੋਵੇਗੀ। ਮੇਰੀ ਬੜੀ ਤੀਬਰ ਇਛਾ ਸੀ ਕਿ ਵਾਲੀਆ, ਨੀਨਾ ਅਤੇ ਪੈਤਰਿਕ ਸ਼ਤਰੰਜ ਖੇਡਣਾ ਸਿਖ ਲੈਣ। ਮੈਂ ਬਚਿਆਂ ਨੂੰ ਖੇਡ ਖੇਡਣੀ ਸਿਖਾਈ ਅਤੇ ਬਚਿਆਂ ਨੇ ਅਗਲੀ ਚਾਲ ਸੰਬੰਧੀ ਸੋਚਿਆ। ਸ਼ਤਰੰਜ ਨੇ ਮੈਨੂੰ ਦਸਿਆ ਕਿ ਲਿਊਬਾ ਅਤੇ ਪਾਵੇਲ ਗਣਤਕ ਢੰਗ ਨਾਲ ਸੋਚ ਸਕਦੇ ਸਨ। ਤੀਜੀ ਸ਼੍ਰੇਣੀ ਵਿਚ ਉਹਨਾਂ ਦੇ ਸ਼ਤਰੰਜ ਖੇਡਣਾ ਸਿਖਣ ਤੋਂ ਪਹਿਲਾਂ ਮੈਂ ਇਹ ਗਲ ਨਹੀਂ ਸੀ ਅਨੁਭਵ ਕੀਤੀ ਕਿ ਉਹਨਾਂ ਵਿਚ ਸੋਚਣ ਦੀ ਕੋਈ ਤੀਖਣਤਾ ਜਾਂ ਸਿਰੜ ਸੀ।

ਸ਼ਤਰੰਜ ਤੋਂ ਬਿਨਾਂ ਬੌਧਕ ਯੋਗਤਾਵਾਂ ਅਤੇ ਚੇਤੇ ਦੇ ਪੂਰੇ ਵਿਕਾਸ ਦੀ ਕਲਪਨਾ ਕਰਨਾ ਅਸੰਭਵ ਹੈ। ਸ਼ਤਰੰਜ ਖੇਡਣਾ ਮੁਢਲੇ ਸਕੂਲ ਦੇ ਜੀਵਨ ਵਿਚ ਬੌਧਕ ਵਿਕਾਸ ਦੇ ਅੰਸ਼ਾਂ ਵਿਚੋਂ ਇਕ ਵਜੋਂ ਦਾਖ਼ਲ ਹੋਣਾ ਚਾਹੀਦਾ ਹੈ। ਇਥੇ ਅਸੀਂ ਵਿਸ਼ੇਸ਼ ਤੌਰ ਉਤੇ ਮੁਢਲੇ ਸਕੂਲ ਦੀ ਗਲ ਕਰ ਰਹੇ ਹਾਂ, ਜਿਥੇ ਬੌਧਕ ਵਿਦਿਆ ਦਾ ਵਿਸ਼ੇਸ਼ ਸਥਾਨ ਹੈ ਅਤੇ ਕੰਮ ਦੇ ਵਿਸ਼ੇਸ਼ ਰੂਪਾਂ ਅਤੇ ਢੰਗਾਂ ਦੀ ਮੰਗ ਕਰਦਾ ਹੈ।

ਇਹ ਲਾਜ਼ਮੀ ਹੈ ਕਿ ਮੁਢਲੇ ਸਕੂਲ ਦਾ ਅਧਿਆਪਕ ਹੌਲੀ ਹੌਲੀ ਬਚੇ ਦੇ ਦਿਮਾਗ਼ੀ ਦ੍ਰਿਸ਼ਟੀਕੋਣ ਨੂੰ ਉਹਦੇ ਵਤਨੀ ਖੇਤਾਂ ਅਤੇ ਜੰਗਲਾਂ ਤੋਂ ਆਪਣੀ ਮਾਤ-ਭੂਮੀ ਅਤੇ ਸਾਰੇ ਸੰਸਾਰ ਵਿਚ ਪ੍ਰਕਿਰਤੀ ਅਤੇ ਜੀਵਨ ਤਕ ਵਿਸ਼ਾਲ ਕਰੇ।

ਪਹਿਲੀ ਸ਼੍ਰੇਣੀ ਵਿਚ ਹੀ ਬਚੇ ਬੜੀ ਚੰਗੀ ਤਰ੍ਹਾਂ ਸਮਝ ਗਏ ਸਨ ਕਿ ਧਰਤੀ ਸੂਰਜ ਦੁਆਲੇ ਘੁੰਮਦਾ ਇਕ ਬਹੁਤ ਵਡਾ ਗੋਲਾ ਹੈ ਅਤੇ ਇਕੋ ਸਮੇਂ ਧਰਤੀ ਦੇ ਕੁਝ ਹਿਸਿਆਂ ਵਿਚ ਗਰਮ ਹੁਨਾਲ ਹੈ, ਜਿਥੇ ਕਿ ਹੋਰਨਾਂ ਵਿਚ ਸਿਆਲ ਸਿਖਰ ਉਤੇ ਹੈ; ਕੁਝ ਥਾਵਾਂ ਉਤੇ ਰਾਤ ਹੈ ਹੋਰਨਾਂ ਵਿਚ ਦਿਨ। ਦੂਜੀ ਸ਼੍ਰੇਣੀ ਵਿਚ ਅਸਾਂ ਸੰਸਾਰ ਦੁਆਲੇ "ਸਫ਼ਰ" ਕਰਨੇ ਸ਼ੁਰੂ ਕੀਤੇ। ਬਚੇ ਆਪਣੇ "ਹਰੇ ਸਕੂਲੀ ਕਮਰੇ" ਵਿਚ ਬਹਿੰਦੇ ਅਤੇ ਉਹਨਾਂ ਸਾਹਮਣੇ ਇਕ ਵਡਾ ਗੋਲਾ ਹੁੰਦਾ, ਜਿਸ ਦੇ ਨਾਲ ਕ੍ਰਿਤਮਕ ਢੰਗ ਨਾਲ ਰੁਸ਼ਨਾਇਆ ਸੂਰਜ ਹੁੰਦਾ। "ਧਰਤੀ" "ਸੂਰਜ" ਦੁਆਲੇ ਘੁੰਮਦੀ ਅਤੇ "ਚੰਨ" "ਧਰਤੀ" ਦੁਆਲੇ। "ਵੇਖੋ ਬਚਿਓ," ਮੈਂ ਆਪਣੇ ਦੇਸ ਵਲ ਇਸ਼ਾਰਾ ਕਰਦਾ ਹੋਇਆ ਕਹਿੰਦਾ, "ਅਸੀਂ ਇਥੇ ਰਹਿੰਦੇ ਹਾਂ। ਅਸੀਂ ਪਛਮੀ ਸਰਹਦ ਤੋਂ ਬਹੁਤ ਦੂਰ ਨਹੀਂ ਰਹਿੰਦੇ, ਸੋ ਅਸੀਂ ਸ਼ਹਿਰਾਂ ਅਤੇ ਪਿੰਡਾਂ ਵਿਚ ਜਾਂਦੇ ਹੋਏ, ਇਹ ਵੇਖਦੇ ਹੋਏ ਕਿ ਲੋਕ ਕਿਵੇਂ ਰਹਿੰਦੇ ਹਨ, ਪੂਰਬ ਵਲ ਲੰਮਾ ਸਫ਼ਰ ਕਰਾਂਗੇ।" ਫਿਰ ਮੈਂ ਉਹਨਾਂ ਨੂੰ ਖੇਤਾਂ ਅਤੇ ਦਰਿਆਵਾਂ ਸੰਬੰਧੀ, ਆਪਣੇ "ਸਫ਼ਰ" ਦੇ ਰਾਹ ਵਿਚ ਆਉਣ ਵਾਲੀਆਂ ਵਸੋਂ ਵਾਲੀਆਂ ਥਾਵਾਂ ਸੰਬੰਧੀ ਦਸਦਾ। ਮੇਰੀਆਂ ਗਲਾਂ ਦੇ ਨਾਲ ਨਾਲ ਚਿਤਰ ਅਤੇ ਫ਼ਿਲਮੀ ਪਟੀਆਂ ਵਿਖਾਈਆਂ ਜਾਂਦੀਆਂ।

ਸ਼ਾਮ ਹੋ ਚਲੀ ਸੀ ਅਤੇ ਸਾਡੇ "ਸਫ਼ਰ" ਦੇ ਦੋ ਘੰਟੇ ਪਤਾ ਲਗੇ ਬਿਨਾਂ ਲੰਘ ਗਏ। ਅਸਾਂ ੧੦੦ ਕਿਲੋਮੀਟਰ ਵੀ ਸਫ਼ਰ ਨਹੀਂ ਸੀ ਕੀਤਾ। ਬਚਿਆਂ ਬੇਸਬਰੀ ਨਾਲ "ਸਫ਼ਰ" ਫਿਰ ਸ਼ੁਰੂ ਹੋਣ ਦੀ ਉਡੀਕ ਕੀਤੀ।

...ਅਸੀਂ ਮੁੜ ਸ਼ਹਿਰ ਅਤੇ ਨਗਰ, ਜੰਗਲ ਅਤੇ ਦਰਿਆ, ਉਸਾਰੀ ਸਥਾਨ ਅਤੇ ਅਤੀਤ ਦੀਆਂ ਯਾਦਗਾਰਾਂ ਵੇਖਦੇ ਹਾਂ ਪਰ "ਸਫ਼ਰ" ਦੁਹਰਾਈ ਵਾਲਾ ਨਹੀਂ ਸੀ ਜਾਪਦਾ ਕਿਉਂਕਿ ਸਾਡੇ ਦੇਸ ਦੇ ਹਰ ਕੋਨੇ ਵਿਚ ਉਹ ਕੋਈ ਨਵੀਂ ਅਤੇ ਨਿਸ਼ਚਿਤ ਗਲ ਵੇਖਦੇ। "ਸਫ਼ਰ" ਦੇ ਕਈ ਦਿਨ ਲੰਘ ਗਏ ਅਤੇ ਅਸੀਂ ਵੋਲਗਾ ਦੇ ਨੇੜੇ ਅਪੜ ਰਹੇ ਸਾਂ। ਅਸੀਂ ਜਲ-ਬਿਜਲੀਘਰ ਵੇਖੇ ਅਤੇ ਵੋਲਗਾ ਦੇ ਕੰਢੇ ਸਤੈਪ-ਭੂਮੀਆਂ ਵਿਚ ਆਜੜੀਆਂ ਨੂੰ ਮਿਲੇ। ਸਾਹ ਰੋਕ ਕੇ, ਬਚਿਆਂ ਨੇ ਸਟਾਲਿਨਗਰਾਦ * ਦੀ

---

* ੧੯੪੨-੪੩ ਵਿਚ ਸਟਾਲਿਨਗਰਾਦ (ਹੁਣ ਵੋਲਗੋਗਰਾਦ) ਦੇ ਨੇੜੇ ਫ਼ੌਜੀ ਕਾਰਵਾਈਆਂ। ਸਟਾਲਿਨਗਰਾਦ ਦੇ ਨੇੜੇ ਸੋਵੀਅਤ ਫ਼ੌਜਾਂ ਦੀ ਜਿਤ ਨਾਜ਼ੀ ਹਮਲਾਵਰਾਂ ਵਿਰੁਧ ਸੋਵੀਅਤ ਯੂਨੀਅਨ ਦੇ ਮਹਾਨ ਦੇਸ-ਭਗਤਕ ਯੁਧ ਵਿਚ, ਅਤੇ

ਲੜਾਈ ਦੀ ਕਹਾਣੀ ਸੁਣੀ, ਜਿਸਨੇ ਮਨੁਖਤਾ ਦੀ ਹੋਣੀ ਮਿਥੀ। ਜੇ ਹਜ਼ਾਰਾਂ ਹਜ਼ਾਰ ਸੂਰਮੇ ਇਥੇ ਆਪਣੇ ਅਖ਼ੀਰੀ ਸਵਾਸ ਤਕ ਡਟੇ ਨਾ ਰਹੇ ਹੁੰਦੇ, ਜ਼ਾਲਮ, ਤਕੜੇ, ਦੁਸ਼ਮਣ ਦੇ ਹਮਲੇ ਦਾ ਮੂੰਹ ਨਾ ਤੋੜ ਦਿਤਾ ਹੁੰਦਾ, ਉਹਦੀ ਕੰਰੋੜ ਨਾ ਭੰਨ ਦਿਤੀ ਹੁੰਦੀ ਤਾਂ ਅਸੀਂ ਉਸ ਦਿਨ ਸੁਖਦਾਇਕ "ਸਕੂਲੀ ਕਮਰੇ" ਵਿਚ ਨਾ ਬੈਠੇ ਹੁੰਦੇ। ਛੋਟੀ ਉਮਰ ਤੋਂ ਹੀ ਬਚਿਆਂ ਨੂੰ ਮਨੁਖਜਾਤੀ ਦੀ ਹੋਣੀ ਸੰਬੰਧੀ ਚਿੰਤਾ ਅਤੇ ਫ਼ਿਕਰਮੰਦੀ ਦੇ ਸੰਸਾਰ ਵਿਚ ਲਿਜਾਇਆ ਜਾਣਾ ਚਾਹੀਦਾ ਹੈ। ਬਚਿਆਂ ਨੂੰ ਇਹ ਅਨੁਭਵ ਕਰਨ ਦਿਓ ਕਿ ਅਜ ਵੀ ਅਜਿਹੀਆਂ ਸ਼ਕਤੀਆਂ ਹਨ ਜਿਹੜੀਆਂ ਧਰਤੀ ਉਤੇ ਇਕ ਨਵਾਂ, ਖ਼ੂਨੀ ਯੁਧ ਸ਼ੁਰੂ ਕਰਨ ਦੀ ਤਿਆਰੀ ਕਰ ਰਹੀਆਂ ਹਨ। ਬਚਿਆਂ ਦੇ ਮਨਾਂ ਵਿਚ ਅਮਨ ਦੇ ਵੈਰੀਆਂ ਲਈ ਘਿਰਣਾ ਦੀ ਭਾਵਨਾ ਜਿਉਂਦੀ ਰਹਿਣ ਅਤੇ ਮਜ਼ਬੂਤ ਹੋਣ ਦਿਓ। ਉਹਨਾਂ ਦੇ ਦਾਦਿਆਂ ਪੜਦਾਦਿਆਂ ਦੇ ਸੂਰਮਾ ਕਾਰਨਾਮਿਆਂ ਨੂੰ ਬਚਿਆਂ ਨੂੰ ਇਸ ਨਿਸ਼ਚਿਤਤਾ ਤਕ ਅਪੜਾਉਣ ਦਿਓ ਕਿ ਮਨੁਖ ਹੋਣੀ ਦੇ ਵਾ-ਵਰੋਲੇ ਵਿਚ ਮਿਟੀ ਦਾ ਕਿਣਕਾ ਨਹੀਂ ਸਗੋਂ ਇਕ ਮਹਾਨ ਸ਼ਕਤੀ ਹੈ।

ਬਚੇ ਆਪਣੀ ਮਾਤ-ਭੂਮੀ ਵਿਚ ਹੋਰ ਵਧੇਰੇ ਡੂੰਘਾਈ ਨਾਲ ਦਾਖ਼ਲ ਹੋਏ ਅਤੇ ਉਹਨਾਂ ਸਾਹਮਣੇ ਇਕ ਨਵਾਂ ਚਿਤਰ ਖੁਲ੍ਹਿਆ: ਆਪਣੀਆਂ ਅਖੁਟ ਖਾਣਾਂ ਸਮੇਤ ਯੂਰਾਲ ਪ੍ਰਬਤ;, ਭੇਤ-ਭਰਿਆ ਤਾਇਗਾ ਅਤੇ ਮਹਾਨ ਸਾਇਬੇਰਿਆਈ ਦਰਿਆ।... ਅਸਾਂ ਖਣਿਜਾਂ ਦੀ ਭਾਲ ਕਰਦੇ ਹੋਏ ਭੂ-ਗਰਭ-ਵਿਗਿਆਨੀਆਂ ਨਾਲ "ਸਫ਼ਰ ਕਰਦੇ ਹੋਏ" ਯੂਰਾਲ ਦੇ ਹੀਰਿਆਂ ਦੇ ਸੁਹਣੇ ਦੇਸ ਵਿਚ ਅਨੇਕ ਦਿਨ ਲਾਏ। ਫਿਰ ਅਸਾਂ ਪਹਾੜਾਂ ਅਤੇ ਜੰਗਲਾਂ ਨੂੰ ਮਾਣਦੇ ਹੋਏ, ਰਾਤ ਧੂਣੀ ਦੁਆਲੇ ਬਿਤਾਉਂਦੇ ਹੋਏ ਭਾਫ ਦੇ ਜਹਾਜ਼ ਉਤੇ ਝੀਲ ਬੇਕਾਲ ਦੇ ਨਾਲ ਨਾਲ ਸਫ਼ਰ ਕੀਤਾ।... ਹੋਰ ਅਗੇ ਚਲਦੇ ਹੋਏ ਦੂਰ ਪੂਰਬ ਦੇ ਖ਼ਜ਼ਾਨੇ ਬਚਿਆਂ ਸਾਹਮਣੇ ਖੁਲ੍ਹ ਗਏ ਅਤੇ ਫਿਰ ਸਾਗਰ। ਅਸੀਂ ਇਕ ਸਮੁੰਦਰੀ ਜਹਾਜ਼ ਉਤੇ ਸਖਾਲੀਨ ਵਲ ਸਫ਼ਰ ਕੀਤਾ ਅਤੇ ਫਿਰ ਕੁਰੀਲ ਟਾਪੂਆਂ ਵਲ ਗਏ ਜਿਥੇ ਸਾਡੇ ਦੇਸ ਵਿਚ ਦਿਨ ਸ਼ੁਰੂ ਹੁੰਦਾ ਹੈ। ਸਾਡਾ "ਸਫ਼ਰ" ਲਗ ਭਗ ਤਿੰਨ ਮਹੀਨੇ ਜਾਰੀ ਰਿਹਾ, ਅਤੇ ਹਰ ਰੋਜ਼ ਅਸੀਂ ੧੦੦ ਕਿਲੋਮੀਟਰ ਸਫ਼ਰ ਕਰਦੇ, ਚਾਲ੍ਹੀ ਤੋਂ ਵਧ ਕੌਮੀਅਤਾਂ ਦੇ ਪ੍ਰਤਿਨਿਧਾਂ ਨੂੰ ਮਿਲਦੇ ਹੋਏ, ਸ਼ਾਨਦਾਰ ਲੋਕਾਂ—ਅਨਾਜ ਉਗਾਉਣ ਵਾਲਿਆਂ, ਉਸਰਈਆਂ, ਕੋਲੇ ਦੇ ਖਾਣਪੁਟਾਂ, ਮਾਛੀਆਂ ਅਤੇ ਭੂ-ਗਰਭ-ਵਿਗਿਆਨੀਆਂ—ਨੂੰ ਮਿਲਦੇ ਹੋਏ। ਅਤੇ ਉਹ ਸਾਰੇ ਇਸ ਲਈ ਕੰਮ ਕਰਦੇ ਸਨ ਕਿ ਅਸੀਂ ਚੰਗੀ ਤਰ੍ਹਾਂ ਜੀਵਨ ਬਿਤਾਈਏ। ਬਚਿਆਂ ਵਿਚ ਮਾਣ ਦੀ ਭਾਵਨਾ ਪੈਦਾ ਹੋ ਗਈ: ਵੇਖੋ ਸਾਡਾ ਦੇਸ ਕਿੰਨਾ ਵਡਾ, ਅਮੀਰ ਅਤੇ ਮਿਤਰ ਹੈ।

ਇਕ ਤੋਂ ਪਿਛੋਂ ਦੂਜਾ, ਅਸਾਂ ਆਪਣੇ ਮਾਤ-ਭੂਮੀ ਵਿਚ ਹੋਰ "ਸਫ਼ਰ" ਕੀਤੇ।

---

ਸਮੁਚੇ ਤੌਰ ਉਤੇ ਦੂਜੇ ਸੰਸਾਰ ਯੁਧ ਦੀਆਂ ਘਟਨਾਵਾਂ ਦੇ ਪਰਵਾਹ ਵਿਚ ਮਹਾਨ ਮੋੜ ਦਾ ਆਦਿ ਸੀ।—ਸੰਪਾ:

ਅਸੀਂ ਉਤਰ ਵਲ ਗਏ, ਜਿਥੇ ਕਰੜਾ ਸੁਹਣਾ ਟੁੰਡਰਾ ਅਤੇ ਮਹਾਨ ਉਤਰੀ ਹਿੰਮ-ਸਾਗਰ ਹੈ; ਅਸੀਂ ਧਰੁਵੀ ਖੇਤਰਾਂ ਦੇ ਦਲੇਰ ਖੋਜੀਆਂ ਨੂੰ, ਰੇਂਡੀਅਰ ਪਾਲਣ ਵਾਲਿਆਂ ਨੂੰ ਅਤੇ ਜੰਗਲ ਕਟਣ ਵਾਲਿਆਂ ਨੂੰ ਮਿਲੇ। ਪਛਮ ਵਿਚ ਅਸੀਂ ਆਪਣੇ ਸਾਥੀ ਗ਼ੁਜ਼ੁਲਾਂ ਦੇ ਜੀਵਨ ਤੋਂ ਜਾਣੂ ਹੋਏ। ਅਸਾਂ ਪਹਾੜੀ ਚਰਾਂਦਾਂ ਦਾ ਹੁਸਨ ਮਾਣਿਆ, ਅਤੇ ਦਖਣ ਵਿਚ ਅਸਾਂ ਕੱਹ ਕਾਫ਼ ਦੇ ਪਹਾੜਾਂ ਅਤੇ ਮਧ ਏਸ਼ੀਆ ਦੇ ਥਲਾਂ ਵਿਚ "ਸਫ਼ਰ ਕੀਤਾ"।

ਅਸਾਂ ਸਾਰਾ ਸਾਲ ਸਫ਼ਰ ਕਰਦੇ ਹੋਏ ਬਿਤਾਇਆ। "ਮਾਤ-ਭੂਮੀ" ਦਾ ਸ਼ਬਦ ਬਚਿਆਂ ਦੇ ਮਨਾਂ ਵਿਚ ਲਿਸ਼ਕਦੇ ਚਿਤਰਾਂ ਨਾਲ ਭਰਪੂਰ ਸੀ ਅਤੇ ਉਹਨਾਂ ਵਿਚ ਸੋਵੀਅਤ ਲੋਕਾਂ ਦੇ ਸੂਰਮਾ ਕੰਮ ਲਈ ਮਾਣ ਦੀ ਭਾਵਨਾ ਜਾਗ ਪਈ। ਸਾਡੀ ਉਦਾਹਰਣ ਵਰਤਦੇ ਹੋਏ, ਹੋਰ ਮੁਢਲੀਆਂ ਸ਼੍ਰੇਣੀਆਂ ਦੇ ਅਧਿਆਪਕਾਂ ਨੇ ਵੀ ਸਾਡੀ ਮਾਤ-ਭੂਮੀ ਦੁਆਲੇ "ਸਫ਼ਰ" ਕੀਤੇ। ਅਸਾਂ ਜਤਨ ਕੀਤਾ ਕਿ ਬਚੇ ਮਾਤ-ਭੂਮੀ ਸ਼ਬਦ ਵਿਚ ਉਹ ਸਭ ਕੁਝ ਅਨੁਭਵ ਕਰਨ ਜਿਹੜਾ ਸੋਵੀਅਤ ਲੋਕਾਂ ਨੇ ਇੰਨਾ ਮਹਿੰਗਾ ਮੁਲ ਤਾਰ ਕੇ ਜਿਤਿਆ ਹੈ, ਜਿਹੜਾ ਉਹਨਾਂ ਲਈ ਇੰਨਾ ਵਡਮੁਲਾ ਹੈ।

ਸੋਵੀਅਤ ਯੂਨੀਅਨ ਦੇ ਭਰਾਤਰੀ ਗਣ-ਰਾਜਾਂ ਦੇ ਸਾਡੇ "ਸਫ਼ਰ" ਵਿਦਿਅਕ ਦ੍ਰਿਸ਼ਟੀਕੋਣ ਤੋਂ ਬੜੇ ਰੋਚਕ ਸਨ। ਅਸਾਂ ਇਕ "ਸਫ਼ਰ" ਦਨੀਪਰ ਦੇ ਨਾਲ ਨਾਲ ਸ਼ੁਰੂ ਕੀਤਾ, ਜਿਹੜਾ ਤਿੰਨ ਭਰਾਤਰੀ ਕੌਮਾਂ — ਰੂਸੀਆਂ, ਯੂਕਰੇਨੀਆਂ ਅਤੇ ਬਾਇਲੋਰੂਸੀਆਂ ਦਾ ਦਰਿਆ ਹੈ। ਮਹਾਨ ਦਰਿਆ ਦੇ ਉਤੇ ਵਹਿੰਦੇ ਹੋਏ ਅਸੀਂ ਸ਼ਹਿਰਾਂ ਅਤੇ ਪਿੰਡਾਂ ਤੋਂ ਅਤੇ ਭਰਾਤਰੀ ਕੌਮੀਅਤਾਂ ਦੇ ਸੂਰਮਾ ਬੀਤੇ ਅਤੇ ਭਵਿਖ ਤੋਂ ਜਾਣੂ ਹੋਏ। ਸਮੋਲੈਂਸਕ ਅਤੇ ਲੋਏਵ, ਕੀਵ ਅਤੇ ਕਾਨੇਵ, ਚੇਰਕਾਸੀ ਅਤੇ ਕਰੇਮੇਨਚੁਗ, ਜ਼ਪੋਰੋਜ਼ੀ ਅਤੇ ਕਾਖੋਵਕਾ — ਇਹਨਾਂ ਵਿਚੋਂ ਹਰ ਸ਼ਹਿਰ ਨੇ ਬਚਿਆਂ ਨੂੰ ਸੋਵੀਅਤ ਲੋਕਾਂ ਦੀ ਮਹਾਨ ਬਰਾਦਰੀ ਚੇਤੇ ਕਰਵਾਈ, ਜਿਸ ਉਤੇ ਗ਼ੁਲਾਮ ਬਣਾਉਣ ਵਾਲਿਆਂ ਵਿਰੁਧ, ਲੋਟੂਆਂ ਤੋਂ ਮੁਕਤੀ ਲਈ, ਖ਼ਾਨਾ-ਜੰਗੀ ਅਤੇ ਮਹਾਨ ਦੇਸ-ਭਗਤਕ ਯੁਧ ਵਿਚ ਆਜ਼ਾਦੀ ਅਤੇ ਸੁਤੰਤਰਤਾ ਲਈ ਡੋਲ੍ਹੀ ਰਤ ਦੀ ਮੁਹਰ ਲਗੀ ਹੈ। ਦਨੀਪਰ ਦੇ ਨਾਲ ਨਾਲ ਆਪਣੇ "ਸਫ਼ਰ" ਵਿਚ ਬਚਿਆਂ ਨੇ ਇਸ ਦਰਿਆ ਦੇ ਹੁਸਨ ਅਤੇ ਮਹਾਨਤਾ ਅਤੇ ਕੌਮਾਂ ਦੀ ਮਿਤਰਤਾ ਅਤੇ ਭਰਾਤ੍ਰੀਅਤਾ ਦੇ ਸੋਹਿਲੇ ਗਾਉਂਦੇ ਹੋਏ ਯੂਕਰੇਨੀ, ਰੂਸੀ ਅਤੇ ਬਾਇਲੋਰੂਸੀ ਗੀਤ ਸੁਣੇ। ਸਾਡੇ ਗਣ-ਰਾਜ ਵਿਚ ਸੋਵੀਅਤ ਸਤਾ ਦੇ ਸਮੇ ਵਿਚ ਜੋ ਕੁਝ ਉਸਾਰਿਆ ਗਿਆ ਹੈ ਉਹਦੀ ਕਹਾਣੀ ਨੇ ਬਚਿਆਂ ਵਿਚ ਆਪਣੀ ਸੋਸ਼ਲਿਸਟ ਮਾਤ-ਭੂਮੀ ਲਈ ਡੂੰਘੇ ਮਾਣ ਦੀ ਭਾਵਨਾ ਜਗਾ ਦਿਤੀ।

ਅਸਾਂ ਮਿਤਰਤਾ ਦੀਆਂ ਯਾਦਗਾਰਾਂ ਵਾਲੀਆਂ ਥਾਵਾਂ ਵਲ "ਸਫ਼ਰਾਂ" ਵਿਚ ਕਈ ਦਿਨ ਬਿਤਾਏ। ਅਸਾਂ ਆਪਣਾ "ਸਫ਼ਰ" ਪੇਰੇਸਲਾਵ-ਖਮੇਲਨਿਤਸਕੀ ਤੋਂ ਸ਼ੁਰੂ ਕੀਤਾ ਜਿਥੇ ਯੂਕਰੇਨੀ ਲੋਕਾਂ ਨੇ ਰੂਸੀ ਲੋਕਾਂ ਨਾਲ ਸਦੀਵੀ ਏਕੇ ਦੀ ਇਛਾ ਪ੍ਰਗਟ ਕੀਤੀ ਸੀ। ਮਨ ਹੀ ਮਨ ਵਿਚ ਅਸੀਂ ਉਹਨਾਂ ਸੈਂਕੜੇ ਸ਼ਹਿਰਾਂ ਵਿਚੋਂ ਲੰਘੇ ਜਿਨ੍ਹਾਂ ਦੀਆਂ

ਹੋਣੀਆਂ ਯੂਕਰੇਨੀਆਂ ਅਤੇ ਰੂਸੀਆਂ ਦੇ ਆਪਣੀਆਂ ਮਾਤ-ਭੂਮੀਆਂ ਦੀ ਆਜ਼ਾਦੀ ਅਤੇ ਸੁਤੰਤਰਤਾ ਅਤੇ ਖ਼ਾਨਾ-ਜੰਗੀ * ਅਤੇ ਮਹਾਨ ਦੇਸ-ਭਗਤਕ ਯੁਧ ਵਿਚ ਤਬਾਹ ਹੋਈਆਂ ਸਨਅਤਾਂ ਦੀ ਮੁੜ ਉਸਾਰੀ ਲਈ ਆਮ ਘੋਲ ਨਾਲ ਜੁੜੀਆਂ ਹੋਈਆਂ ਸਨ।

ਰੂਸੀ ਫ਼ੈਡਰੇਸ਼ਨ ਵਿਚ "ਸਫ਼ਰ" ਦੇ ਕਈ ਦਿਨਾਂ ਨੇ ਬਚਿਆਂ ਉਤੇ ਅਭੁਲ ਪ੍ਰਭਾਵ ਪਾਇਆ। ਸਾਡੀਆਂ ਕੌਮਾਂ ਦੀ ਮਹਾਨ ਮਿਤਰਤਾ ਉਹਨਾਂ ਸਾਹਮਣੇ ਖੁਲ੍ਹ ਗਈ — ਰੂਸੀ ਧਰਤੀ ਉਤੇ ਸੌ ਤੋਂ ਵਧ ਕੌਮੀਅਤਾਂ ਰਹਿੰਦੀਆਂ ਹਨ। ਬਚੇ ਪੋਵੋਲਜ਼ੀ, ਉਤਰੀ ਕੋਹ ਕਾਫ਼, ਯੂਰਾਲ ਪ੍ਰਬਤਾਂ, ਸਾਇਬੇਰੀਆ, ਦੂਰ ਪੂਰਬ ਅਤੇ ਧੁਰ ਉਤਰ ਦੀਆਂ ਕੌਮਾਂ ਦੇ ਜੀਵਨਾਂ ਅਤੇ ਕੰਮ ਤੋਂ ਜਾਣੂ ਹੋਏ।

ਅਸਾਂ ਆਪਣੀ ਮਾਤ-ਭੂਮੀ ਦੇ ਨਕਸ਼ੇ ਉਤੇ ਲੈਨਿਨ ਨਾਲ ਸੰਬੰਧਤ ਕਈ ਯਾਦਗਾਰ ਥਾਵਾਂ ਵਲ "ਸਫ਼ਰ" ਕੀਤਾ। ਉਲੀਆਨੋਵਸਕ, ਕੁਈਬੀਸ਼ੇਵ, ਕਾਜ਼ਾਨ, ਲੈਨਿਨਗਰਾਦ, ਮਾਸਕੋ ਅਤੇ ਸ਼ੂਸ਼ੇਨਸਕੋਏ — ਨਕਸ਼ੇ ਉਤੇ ਇਹਨਾਂ ਵਿਚੋਂ ਹਰ ਨੁਕਤੇ ਨੇ ਬਚਿਆਂ ਦੇ ਦਿਲਾਂ ਵਿਚ ਸਪਸ਼ਟ ਚਿਤਰ ਉਘਾੜੇ: ਮੈਂ ਕਮਿਊਨਿਸਟ ਪਾਰਟੀ ਅਤੇ ਸੋਵੀਅਤ ਰਾਜ ਦੇ ਸਿਰਜਣਹਾਰੇ ਵਲਾਦੀਮੀਰ ਇਲੀਚ ਲੈਨਿਨ ਦੇ ਬਚਪਨ, ਜਵਾਨੀ ਅਤੇ ਬਾਲਗ਼ ਦਿਨਾਂ ਸੰਬੰਧੀ ਗਲਾਂ ਕੀਤੀਆਂ।

ਬਾਇਲੋਰੂਸ, ਮੋਲਦਾਵੀਆ, ਮਧ ਏਸ਼ੀਆ ਬਾਲਟਕ ਅਤੇ ਕੋਹ ਕਾਫ਼ ਤੋਂ ਪਾਰਲੇ ਭਰਾਤ੍ਰੀ ਗਣ-ਰਾਜਾਂ ਵਿਚ "ਸਫ਼ਰਾਂ" ਨੇ ਬਚਿਆਂ ਸਾਹਮਣੇ ਸਾਡੀਆਂ ਕੌਮਾਂ ਦੀ ਮਹਾਨ ਮਿਤਰਤਾ ਦੇ ਹੋਰ ਨਵੇਂ ਚਿਤਰ ਉਘਾੜੇ। ਸਾਡੇ ਕਾਲਪਨਿਕ "ਸਫ਼ਰ" ਇਸ ਲਈ ਹੋਰ ਵੀ ਸਪਸ਼ਟ ਅਤੇ ਰੋਚਕ ਸਨ ਕਿਉਂਕਿ ਸਾਡੀ ਸ਼੍ਰੇਣੀ ਦੇ ਰੂਸੀ ਅਤੇ ਬਾਇਲੋਰੂਸੀ ਚਿਠੀ-ਪਤਰੀ ਮਿਤਰ ਸਨ।

ਅਸਾਂ ਆਪਣੇ ਦੇਸ ਦੀਆਂ ਹਦਾਂ ਦੇ ਨਾਲ ਨਾਲ "ਸਫ਼ਰ" ਸ਼ੁਰੂ ਕੀਤਾ। ਮੈਂ ਧਰਤੀ ਦੇ ਵਖ ਵਖ ਹਿਸਿਆਂ ਵਿਚ ਪ੍ਰਕਿਰਤੀ ਦੀ ਵੰਨ-ਸੁਵੰਨਤਾ ਅਤੇ ਹੁਸਨ ਵਿਖਾਉਣਾ ਚਾਹੁੰਦਾ ਸਾਂ, ਸੰਸਾਰ ਦੀਆਂ ਕੌਮਾਂ ਦੇ ਜੀਵਨ ਅਤੇ ਕੰਮ ਵਿਚ ਜੋ ਕੁਝ ਸੁਹਣਾ ਹੈ ਉਸ ਸੰਬੰਧੀ ਦਸਣਾ ਚਾਹੁੰਦਾ ਸਾਂ, ਵਖ ਵਖ ਭਾਸ਼ਾਵਾਂ ਬੋਲਣ ਵਾਲੀਆਂ ਕੌਮਾਂ ਦੇ ਅਜੋਕੇ ਅਤੇ ਬੀਤੇ ਦੇ ਸਭਿਆਚਾਰ ਅਤੇ ਕਲਾ ਵਿਚ ਰੋਚਕਤਾ ਜਗਾਉਣਾ ਚਾਹੁੰਦਾ ਸਾਂ। ਮੈਂ ਸਾਰੀ ਧਰਤੀ ਉਤੇ ਚੰਗੇ ਅਤੇ ਬੁਰੇ ਵਿਚਕਾਰ ਘੋਲ ਵਿਖਾਉਣਾ ਚਾਹੁੰਦਾ ਸਾਂ। ਨੀਝੀ ਸਹਾਇਕਾਂ ਨੇ ਇਹਨਾਂ "ਸਫ਼ਰਾਂ" ਵਿਚ ਸਾਡੀ ਮਾਤ-ਭੂਮੀ ਵਿਚ "ਸਫ਼ਰਾਂ" ਨਾਲੋਂ ਵਡੇਰਾ ਰੋਲ ਅਦਾ ਕੀਤਾ: ਦੁਰਾਡੇ ਦੇਸਾਂ, ਪ੍ਰਕਿਰਤਕ

---

* **ਸੋਵੀਅਤ ਯੂਨੀਅਨ ਵਿਚ ਖਾਨਾ-ਜੰਗੀ (੧੯੧੮-੧੯੨੨)** — ਬਾਹਰਲੀਆਂ ਅਤੇ ਘਰੋਗੀ ਉਲਟ-ਇਨਕਲਾਬੀ ਸ਼ਕਤੀਆਂ ਵਿਰੁਧ, ਮਹਾਨ ਅਕਤੂਬਰ ਸੋਸ਼ਲਿਸਟ ਇਨਕਲਾਬ ਦੀਆਂ ਪ੍ਰਾਪਤੀਆਂ ਦੀ ਰਖਿਆ ਲਈ ਸੋਵੀਅਤ ਰੂਸ ਦੇ ਕਿਰਤੀਆਂ ਅਤੇ ਕਿਰਤੀ ਕਿਸਾਨਾਂ ਦਾ ਯੁਧ। — **ਸੰਪਾ:**

ਵਰਤਾਰਿਆਂ ਦਾ, ਜਿਹੜੇ ਬਚੇ ਇਥੇ ਆਪਣੇ ਵਤਨ ਵਿਚ ਨਹੀਂ ਸਨ ਵੇਖ ਸਕਦੇ, ਪ੍ਰਭਾਵ ਪੈਦਾ ਕਰਨਾ ਲਾਜ਼ਮੀ ਸੀ।

ਪਹਿਲਾਂ ਅਸੀਂ ਉਹਨਾਂ ਦੇਸਾਂ ਵਿਚ ਗਏ ਜਿਥੇ ਸਦਾ ਹੁਨਾਲ ਰਹਿੰਦਾ ਹੈ। ਇਕ ਤੋਂ ਪਿਛੋਂ ਦੂਜੇ ਦਿਨ ਬਚੇ ਮਿਸਰ, ਭਾਰਤ, ਲੰਕਾ ਅਤੇ ਇੰਡੋਨੇਸ਼ੀਆ ਦੀਆਂ ਕੌਮਾਂ ਦੀ ਪ੍ਰਕਿਰਤੀ, ਜੀਵਨ ਢੰਗ, ਕਿਰਤ ਅਤੇ ਸਭਿਆਚਾਰ ਤੋਂ ਜਾਣੂ ਹੋਏ। ਉਹਨਾਂ ਇਹਨਾਂ ਦੇਸਾਂ ਸੰਬੰਧੀ ਕਹਾਣੀਆਂ ਸੁਣੀਆਂ ਅਤੇ ਫ਼ਿਲਮਾਂ ਵੇਖੀਆਂ। ਇਉਂ ਜਾਪਦਾ ਸੀ ਜਿਵੇਂ ਉਹ ਤਾੜ ਦੇ ਰੁਖਾਂ ਵਿਚ ਚਲੇ ਗਏ ਹੋਣ, ਤਪਤ-ਖੰਡ ਦੇ ਸੂਰਜ ਦੀ ਲੂੰਹਦੀ ਗਰਮੀ ਅਤੇ ਭਾਫ਼ ਵਾਲੀਆਂ ਵਾਛੜਾਂ ਅਨੁਭਵ ਕੀਤੀਆਂ ਹੋਣ ਅਤੇ ਜਿਊਂਦੇ ਕਿਰਤੀਆਂ ਨੂੰ ਵੇਖਿਆ ਹੋਵੇ। ਅਹਿਰਾਮਾਂ ਦੇ ਦੇਸ ਵਲ, ਮਿਸਰ ਵਲ, "ਸਫ਼ਰ" ਉਤੇਜਕ ਸੀ।

ਫਿਰ ਅਸਾਂ ਗੁਆਂਢਲੇ ਦੇਸਾਂ ਦਾ "ਸਫ਼ਰ" ਕੀਤਾ। ਅਸੀਂ ਬਾਲਟਕ ਅਤੇ ਸਕੈਂਡੇਨੇਵੀਆ ਦੇ ਦੇਸਾਂ ਵਿਚ ਗਏ, ਫਿਰ ਮਧ ਯੂਰਪ ਦੇ ਦੇਸਾਂ ਅਤੇ ਤੁਰਕੀ, ਈਰਾਨ, ਅਫ਼ਗਾਨਿਸਤਾਨ ਅਤੇ ਜਾਪਾਨ ਗਏ। ਇਸ ਢੰਗ ਨਾਲ ਅਸਾਂ ਅਫ਼ਰੀਕਾ ਅਤੇ ਦਖਣੀ ਅਮਰੀਕਾ ਦੇ, ਕਨੇਡਾ ਅਤੇ ਅਮਰੀਕਾ ਦੇ, ਆਸਟਰੇਲੀਆ ਅਤੇ ਦਖਣੀ ਹਿੰਮ ਮਹਾਂ-ਦੀਪ ਦੇ "ਸਫ਼ਰ" ਕੀਤੇ।

ਸੰਸਾਰ ਦੇ ਵਖ ਵਖ ਹਿਸਿਆਂ ਵਿਚ ਲੋਕ ਜਿਸ ਤਰ੍ਹਾਂ ਕੰਮ ਕਰਦੇ ਹਨ, ਬਚਿਆਂ ਨੂੰ ਉਹ ਚੋਖੇ ਰੋਚਕ ਲਗੇ। ਜਿਥੇ ਕਿਧਰੇ ਲੋਕ ਰਹਿੰਦੇ ਹਨ, ਉਹਨਾਂ ਦੀ ਚਮੜੀ ਦਾ ਰੰਗ ਕੁਝ ਕਿਉਂ ਨਾ ਹੋਵੇ, ਉਹ ਕੋਈ ਭਾਸ਼ਾ ਕਿਉਂ ਨਾ ਬੋਲਦੇ ਹੋਣ, ਉਹ ਕੰਮ ਕਰਦੇ ਹਨ, ਬਚਿਆਂ ਨੂੰ ਪਾਲਦੇ ਹਨ ਅਤੇ ਖ਼ੁਸ਼ੀ ਦੇ ਸੁਪਨੇ ਲੈਂਦੇ ਹਨ। ਮੈਂ ਜਿੰਨੀ ਸਪਸ਼ਟਤਾ ਨਾਲ ਸੰਭਵ ਹੋ ਸਕਦਾ ਸੀ, ਆਪਣੇ ਭਰਾਵਾਂ—ਸੋਸ਼ਲਿਸਟ ਦੇਸਾਂ ਦੀਆਂ ਕੌਮਾਂ—ਦਾ ਕੰਮ ਅਤੇ ਜੀਵਨ ਵਿਖਾਉਣ ਦਾ ਜਤਨ ਕੀਤਾ ਅਤੇ ਬਚਿਆਂ ਵਿਚ ਕਿਰਤੀਆਂ ਲਈ ਮਿਤਰਤਾ ਦੀ ਭਾਵਨਾ ਉਭਾਰਨ ਦਾ ਜਤਨ ਕੀਤਾ।

ਮੈਂ ਬਚਿਆਂ ਨੂੰ ਜਰਮਨ ਜਮਹੂਰੀ ਗਣ-ਰਾਜ ਸੰਬੰਧੀ ਦਸਿਆ। ਉਹਨਾਂ ਨੂੰ ਇਸ ਗਲ ਦੀ ਸਪਸ਼ਟ ਸਮਝ ਸੀ ਕਿ ਨਾਜ਼ੀਵਾਦ ਅਤੇ ਜਰਮਨ ਲੋਕ ਇਕ ਨਹੀਂ ਅਤੇ ਇਹ ਕਿ ਜਰਮਨ ਕਿਰਤੀ ਸ਼੍ਰੇਣੀ ਦੇ ਸਰਵਉਤਮ ਪੁਤਰਾਂ ਅਤੇ ਧੀਆਂ ਨੇ ਹਿਟਲਰਸ਼ਾਹੀ ਪਿਛਾਖੜ ਦੇ ਸੋਗੀ ਦਿਨਾਂ ਵਿਚ—ਉਹੋ ਦੁਸ਼ਮਣ ਜਿਸ ਵਿਰੁਧ ਸੋਵੀਅਤ ਲੋਕ ਲੜੇ ਸਨ—ਨਾਜ਼ੀਵਾਦ ਵਿਰੁਧ ਰੋਸ ਪ੍ਰਗਟ ਕਰਦੇ ਹੋਏ ਜਾਨਾਂ ਦਿਤੀਆਂ।

ਸੰਸਾਰ ਵਿਚ "ਸਫ਼ਰ ਕਰਦੇ ਹੋਏ" ਬਚਿਆਂ ਨੇ ਵੇਖਿਆ ਕਿ ਸਾਰੀਆਂ ਕੌਮਾਂ ਕਿਸੇ ਵੀ ਤਰ੍ਹਾਂ ਖ਼ੁਸ਼ ਜ਼ਿੰਦਗੀ ਨਹੀਂ ਬਿਤਾਉਂਦੀਆਂ: ਸੰਸਾਰ ਵਿਚ ਅਜਿਹੇ ਦੇਸ ਹਨ ਜਿਥੇ ਇਕ ਬੰਦਾ ਦੂਜੇ ਉਤੇ ਜਬਰ ਕਰਦਾ ਹੈ, ਜਿਥੇ ਗ਼ਰੀਬੀ ਅਤੇ ਭੁਖ ਦਾ ਬੋਲ ਬਾਲਾ ਹੈ। ਇਸ ਬੁਰਾਈ ਦੇ ਕਾਰਨਾਂ ਦਾ ਪ੍ਰਭਾਵ ਬਚਿਆਂ ਦੇ ਮਨ ਵਿਚ ਬਣ ਗਿਆ—ਅਣਮੁਨਸਫ਼ੀ ਸਮਾਜੀ ਪ੍ਰਣਾਲੀ। ਹੌਲੀ ਹੌਲੀ ਬਚਿਆਂ ਨੂੰ ਨਿਸ਼ਚਾ ਹੋ ਗਿਆ ਕਿ

ਲੋਟੂਆਂ ਅਤੇ ਪਸਿਤਿਆਂ ਵਿਚਕਾਰ ਸੰਸਾਰ ਵਿਚ ਤਿਖਾ, ਸਮਝੌਤਾ-ਰਹਿਤ ਘੋਲ ਚਲ ਰਿਹਾ ਹੈ। ਮੈਂ ਆਪਣੇ ਵਿਦਿਆਰਥੀਆਂ ਨੂੰ ਉਹਨਾਂ ਕਿਰਤੀਆਂ ਲਈ, ਜਿਨ੍ਹਾਂ ਨੂੰ ਅਜੇ ਤਕ ਲੋਟੂਆਂ ਨੇ ਗ਼ੁਲਾਮ ਬਣਾਇਆ ਹੋਇਆ ਹੈ ਅਤੇ ਅਜੇ ਤਕ ਬੰਦੀ ਬਣੀਆਂ ਕੌਮਾਂ ਲਈ ਦੁਖ ਅਨੁਭਵ ਕਰਨਾ ਸਿਖਾਉਣ ਦਾ ਜਤਨ ਕੀਤਾ।

ਬਚਿਆਂ ਦੇ ਮਨ ਦੁਖ ਨਾਲ ਭਰੇ ਹੋਏ ਸਨ। ਉਹਨਾਂ ਆਪਣੇ ਦੇਸ ਦੇ ਨਾਗਰਕਾਂ ਦੀ ਆਜ਼ਾਦ ਕਿਰਤ ਨੂੰ ਵਖ ਵਖ ਤਰ੍ਹਾਂ ਜੋਖਿਆ, ਉਹਨਾਂ ਅਨੁਭਵ ਕੀਤਾ ਕਿ ਆਪਣੀ ਮਾਤ-ਭੂਮੀ ਲਈ, ਆਪਣੇ ਪਰਵਾਰ ਅਤੇ ਲੋਕਾਂ ਲਈ ਕਿਰਤ, ਇਕ ਮਹਾਨ ਖ਼ੁਸ਼ੀ ਹੈ।

ਜਿੰਨਾ ਚਿਰ ਸੰਸਾਰ ਵਿਚ ਮਨੁਖ ਹਥੋਂ ਮਨੁਖ ਦੀ ਲੁਟ-ਚੋਂਘ ਦੀ ਹੋਂਦ ਬਾਕੀ ਹੈ, ਬੰਦਾ ਸਾਰੀ ਮਨੁਖਜਾਤੀ ਲਈ ਪਿਆਰ ਨਹੀਂ ਸਿਖਾ ਸਕਦਾ, ਕਿਉਂਕਿ ਕੋਈ ਅਮੂਰਤ ਮਨੁਖਤਾ ਨਹੀਂ, ਪਰ ਸ਼੍ਰੇਣੀ ਭਰਾ ਹਨ—ਪਸਿਤੇ ਲੋਕ ਅਤੇ ਉਹਨਾਂ ਦੇ ਸਮਝੌਤਾ-ਰਹਿਤ ਦੁਸ਼ਮਣ—ਲੋਟੂ। ਇਹ ਗਲ ਬਹੁਤ ਮਹਤਵ-ਪੂਰਨ ਹੈ ਕਿ ਹਰ ਬਚਾ ਛੋਟੀ ਉਮਰ ਤੋਂ ਹੀ ਇਹ ਸਮਝ ਲਵੇ ਅਤੇ ਦਿਲ ਵਿਚ ਅਨੁਭਵ ਕਰੇ ਕਿ ਇਨਕਲਾਬੀ, ਕਮਿਊਨਿਸਟ ਵਿਚਾਰ ਕੀ ਹਨ। ਆਪਣੇ ਦੇਸ ਦੇ ਨੇੜੇ ਦੇ ਬੀਤੇ ਵਿਚ ਝਾਤ ਮਾਰਦਿਆਂ, ਇਹਦੀਆਂ ਕੌਮਾਂ ਦੇ ਆਜ਼ਾਦੀ ਅਤੇ ਸੁਤੰਤਰਤਾ ਲਈ ਘੋਲ ਸੰਬੰਧੀ ਦਸਦੇ ਹੋਏ, ਇਸ ਗਲ ਦੀਆਂ ਠੋਸ ਉਦਾਹਰਣਾਂ ਦੇਂਦੇ ਹੋਏ ਕਿ ਬਸਤੀਵਾਦੀ ਅਤੇ ਸਰਮਾਏਦਾਰ ਦੇਸਾਂ ਵਿਚ ਕਿਰਤੀ ਲੋਕ ਕਿਵੇਂ ਕਦੀ ਕਦੀ ਆਪਣੇ ਹਿਤਾਂ ਦੀ ਰਖਿਆ ਕਰਦੇ ਹਨ, ਮੈਂ ਹੌਲੀ ਹੌਲੀ ਬਚਿਆਂ ਨੂੰ ਇਸ ਸਿਟੇ ਉਤੇ ਲਿਆਇਆ ਕਿ ਐਨ ਇਹਨਾਂ ਵਿਚਾਰਾਂ ਲਈ ਲੋਕ ਮੌਤ ਤਕ ਜਾਂਦੇ ਹਨ—ਉਹਨਾਂ ਵਿਚਾਰਾਂ ਲਈ ਘੋਲ ਵਿਚ ਜਿਹੜੇ ਸ਼੍ਰੇਣੀ ਵਿਰੋਧਾਂ ਦੇ ਤਤ ਵਿਚ ਸਭ ਤੋਂ ਸਪਸ਼ਟ ਤੌਰ ਉਤੇ ਪ੍ਰਗਟ ਹੁੰਦੇ ਹਨ। ਇਸ ਗਲ ਦੀ ਬਹੁਤ ਮਹਤਤਾ ਹੈ ਕਿ ਜਿਨ੍ਹਾਂ ਲੋਕਾਂ ਨੇ ਉਚੇ, ਸ਼ਾਨਦਾਰ ਵਿਚਾਰਾਂ ਲਈ ਜਾਨਾਂ ਦਿਤੀਆਂ ਉਹ ਬਚਿਆਂ ਲਈ ਆਦਰਸ਼ ਬਣਨ। ਇਹਦੇ ਉਲਟ ਲਾਜ਼ਮੀ ਹੈ ਕਿ ਜਿਹੜੇ ਲੋਕ ਆਵਾਜ਼ ਉਠਾਏ ਬਿਨਾਂ ਜਬਰ ਅਗੇ ਸਿਰ ਨਿਵਾ ਦੇਂਦੇ ਹਨ ਉਹ ਘਿਰਣਾ ਦੀ ਭਾਵਨਾ ਜਗਾਉਣ। ਇਸੇ ਲਈ ਇਸ ਗਲ ਦੀ ਲੋੜ ਹੈ ਕਿ ਸੰਸਾਰ ਨੂੰ ਬਚੇ ਦੇ ਸਾਹਮਣੇ ਸਭ ਤੋਂ ਪਹਿਲਾਂ ਜੀਵਨ, ਕਿਰਤ ਅਤੇ ਖ਼ੁਸ਼ ਭਵਿਖ ਲਈ ਲੋਕਾਂ ਦੇ ਘੋਲ ਵਜੋਂ ਪੇਸ਼ ਕੀਤਾ ਜਾਵੇ।

ਕਮਿਊਨਿਸਟ ਵਿਚਾਰਾਂ ਦੀ ਸੂਝ ਤੋਂ ਮੈਂ ਹੌਲੀ ਹੌਲੀ ਬਚਿਆਂ ਨੂੰ ਕਮਿਊਨਿਸਟ ਪਾਰਟੀ ਦੀ ਸਮਝ ਵਲ ਲਿਆਇਆ। ਆਪਣੀ ਮਾਤ-ਭੂਮੀ ਦੇ ਬੀਤੇ ਸੰਬੰਧੀ ਗਲ ਕਰਦੇ ਹੋਏ ਮੈਂ ਸਪਸ਼ਟ ਉਦਾਹਰਣਾਂ ਰਾਹੀਂ ਕਿਰਤੀ ਸ਼੍ਰੇਣੀ ਦੇ ਸਰਵਉਤਮ ਪ੍ਰਤਿਨਿਧਾਂ ਦੇ ਬੇਗਰਜ਼ ਘੋਲ ਸੰਬੰਧੀ ਦਸਿਆ, ਤਾਂ ਜੁ ਮਨੁਖ ਹਥੋਂ ਮਨੁਖ ਦੀ ਲੁਟ-ਚੋਂਘ ਨਾ ਹੋਵੇ, ਤਾਂ ਜੁ ਕਿਰਤੀ ਖ਼ੁਸ਼ ਜੀਵਨ ਬਿਤਾਉਣ, ਤਾਂ ਜੁ ਦੌਲਤ ਉਹਨਾਂ ਦੀ ਮਿਲਖ ਹੋਵੇ ਜਿਹੜੇ ਇਹਨੂੰ ਸਿਰਜਦੇ ਹਨ। ਮੈਂ ਇਸ ਸੰਬੰਧੀ ਰਾਂਗਲੇ ਚਿਤਰ ਪੇਸ਼ ਕੀਤੇ

ਕਿ ਕਿਵੇਂ ਲੈਨਿਨ ਅਤੇ ਕਮਿਊਨਿਸਟ ਪਾਰਟੀ ਨੇ ਕਿਰਤੀ ਸ਼੍ਰੇਣੀ ਅਤੇ ਕਿਸਾਨਾਂ ਨੂੰ ਇਕ-ਪੁਰਖੀ ਰਾਜ ਦਾ ਤਖ਼ਤਾ ਉਲਟਾਉਣ ਅਤੇ ਸੋਵੀਅਤ ਸਤਾ ਦੀ ਸਥਾਪਤੀ ਲਈ ਤਿਆਰ ਕੀਤਾ। ਮੈਂ ਕਮਿਊਨਿਸਟਾਂ, ਮਹਾਨ ਲੈਨਿਨ ਦੇ ਨੇੜਵੇਂ ਸਾਥੀਆਂ ਦਾ ਬੇਗਰਜ਼ ਘੋਲ ਅਤੇ ਉਹ ਔਖੀਆਂ ਪ੍ਰਸਥਿਤੀਆਂ ਦਸੀਆਂ ਜਿਨ੍ਹਾਂ ਵਿਚ ਮਹਾਨ ਅਕਤੂਬਰ ਸੋਸ਼ਲਿਸਟ ਇਨਕਲਾਬ ਕੀਤਾ ਗਿਆ, ਜਿਸਨੇ ਸਾਡੀ ਮਾਤ-ਭੂਮੀ ਦੀਆਂ ਕੌਮਾਂ ਲਈ ਆਜ਼ਾਦੀ ਅਤੇ ਸੁਤੰਤਰਤਾ ਦਾ ਰਾਹ ਪਧਰਾ ਕੀਤਾ, ਜਿਸਨੇ ਸਰਮਾਏਦਾਰ ਸੰਸਾਰ ਵਿਚ ਗ਼ੁਲਾਮ ਬਣਾਏ ਕਰੋੜਾਂ ਲੋਕਾਂ ਨੂੰ ਸੁਤੰਤਰਤਾ ਦਾ ਰਾਹ ਵਿਖਾਇਆ।

ਆਪਣੀ ਮਾਤ-ਭੂਮੀ ਵਿਚ "ਸਫ਼ਰ ਕਰਦੇ ਹੋਏ" ਮੈਂ ਬਚਿਆਂ ਨੂੰ ਦਸਿਆ ਕਿਵੇਂ ਸਾਡੀ ਮਾਤ-ਭੂਮੀ ਸੋਵੀਅਤ ਸਤਾ ਦੇ ਵਰ੍ਹਿਆਂ ਵਿਚ ਇੰਨੀ ਤਬਦੀਲ ਹੋ ਗਈ ਕਿ ਪਛਾਣੀ ਨਹੀਂ ਜਾਂਦੀ, ਕਿਹੜੇ ਧੜਵੈਲ ਕਾਰਖ਼ਾਨੇ ਖੁਲ੍ਹੀਆਂ ਥਾਵਾਂ ਵਿਚ ਉਭਰ ਆਏ ਹਨ, ਕਿਹੋ ਜਿਹੇ ਚਮਤਕਾਰੀ ਪੰਚਾਇਤੀ ਫ਼ਾਰਮਾਂ ਨੇ ਸਾਡੇ ਦੇਸ ਨੂੰ ਸੁਹਣਾ ਬਣਾਇਆ ਹੈ, ਕਿਵੇਂ ਸੋਵੀਅਤ ਲੋਕਾਂ ਦਾ ਸਭਿਆਚਾਰ ਅਤੇ ਜੀਵਨ ਦਾ ਢੰਗ ਵਿਕਸਤ ਹੋਇਆ ਹੈ। ਇਹਨਾਂ ਗਲ ਬਾਤਾਂ ਵਿਚ ਮੈਂ ਬਚਿਆਂ ਦੇ ਜੀਵਨ ਵਲ, ਉਹ ਖ਼ੁਸ਼ ਬਚਪਨ ਵਲ, ਜਿਸਦੀ ਕੁਲ ਸੋਵੀਅਤ ਲੋਕ ਰਖਿਆ ਕਰਦੇ ਹਨ, ਵਿਸ਼ੇਸ਼ ਧਿਆਨ ਦਿਤਾ।

ਸੋਵੀਅਤ ਯੂਨੀਅਨ ਵਿਚ ਖਿੜੇ ਜੀਵਨ ਦੇ ਉਲਟ ਸਰਮਾਏਦਾਰ ਦੇਸਾਂ ਵਿਚ ਜੀਵਨ ਔਖਾ ਸੀ।

ਜਾਪਾਨ ਵਿਚ "ਸਫ਼ਰ ਕਰਦੇ ਹੋਏ" ਬਚਿਆਂ ਨੂੰ ੧੯੪੫ ਵਿਚ ਹੀਰੋਸ਼ੀਮਾ ਉਤੇ ਐਟਮ ਬੰਬ ਸੁਟੇ ਜਾਣ ਸਮੇਂ ਕਿਰਨ-ਪਸਾਰਤਾ ਦੇ ਰੋਗ ਦਾ ਸ਼ਿਕਾਰ ਹੋ ਗਏ ਲੋਕਾਂ ਸੰਬੰਧੀ ਅਤੇ ਨਿਕੀ ਕੁੜੀ ਸਾਦਾਕੋ ਸਾਸਾਕੀ ਸੰਬੰਧੀ ਪਤਾ ਲਗਾ ਜਿਹੜੀ ਗੰਭੀਰ ਰੋਗ ਨਾਲ ਬਿਸਤਰੇ ਉਤੇ ਪਈ ਸੀ। ਬਚਿਆਂ ਨੂੰ ਆਪਣੀ ਇਸ ਦੁਰਾਡੀ ਭੈਣ ਦੀ ਹਾਲਤ ਉਤੇ ਬਹੁਤ ਦੁਖ ਹੋਇਆ। ਉਹ ਬਿਮਾਰ ਕੁੜੀ ਦੀ ਸਹਾਇਤਾ ਕਰਨਾ ਚਾਹੁੰਦੇ ਸਨ, ਪਰ ਕਿਵੇਂ? ਜਾਪਾਨ ਦੇ "ਸਫ਼ਰ" ਤੋਂ ਕਈ ਹਫ਼ਤੇ ਪਿਛੋਂ ਮੈਂ ਬਚਿਆਂ ਨੂੰ ਅਖ਼ਬਾਰ ਵਿਚੋਂ ਇਕ ਲੇਖ ਪੜ੍ਹ ਕੇ ਸੁਣਾਇਆ ਕਿ ਕਿਵੇਂ ਸਾਦਾਕੋ ਸਾਸਾਕੀ ਨੇ ਆਪਣੇ ਸਾਹਮਣੇ ਕਾਗ਼ਜ਼ ਦੇ ਇਕ ਹਜ਼ਾਰ ਸਾਰਸ ਬਣਾਉਣ ਦਾ ਨਿਸ਼ਾਨਾ ਰਖਿਆ ਸੀ (ਜਾਪਾਨੀ ਲੋਕ ਪ੍ਰੰਪਰਾ ਅਨੁਸਾਰ ਜਿਹੜਾ ਬੰਦਾ ਆਪਣੇ ਹਥਾਂ ਨਾਲ ਇਕ ਹਜ਼ਾਰ ਸਾਰਸ ਬਣਾਏ ਉਹ ਸਦਾ ਖ਼ੁਸ਼ ਰਹਿੰਦਾ ਹੈ)। ਯੂਕਰੇਨੀ ਲੋਕਾਂ ਦੀ ਇਕ ਮਿਲਦੀ ਜੁਲਦੀ ਪ੍ਰੰਪਰਾ ਹੈ: ਪਿਆਰ ਕਰਨ ਵਾਲੀ ਮਾਂ ਆਪਣੇ ਬਿਮਾਰ ਬਚੇ ਨੂੰ ਰਾਜ਼ੀ ਕਰਨ ਲਈ ਕਾਗ਼ਜ਼ ਦੇ ਚਾਂਦੀ-ਰੰਗੇ ਚੰਡੋਲ ਬਣਾਉਂਦੀ ਹੈ। ਸੋ ਬਚਿਆਂ ਨੇ ਸਾਰਸ ਬਣਾਏ ਅਤੇ ਉਭਰਦੇ ਸੂਰਜ ਦੇ ਦੇਸ * ਭੇਜੇ।... ਕਈ ਵਰ੍ਹੇ ਲੰਘ ਗਏ, ਮੇਰੇ ਵਿਦਿਆਰਥੀ

---

* ਜਾਪਾਨ — **ਅਨੁ :**

ਗਭਰੂ ਅਤੇ ਮੁਟਿਆਰਾਂ ਬਣ ਗਏ ਪਰ ਉਹ ਸਾਦਾਕੋ ਸਾਸਾਕੀ ਦੀ ਸਿਹਤ ਸੰਬੰਧੀ ਹਰ ਖ਼ਬਰ ਨੂੰ ਬੜੇ ਧਿਆਨ ਨਾਲ ਸੁਣਦੇ। ਉਹਨਾਂ ਦੀ ਦੁਰਾਡੀ ਮਿਤਰ ਦੀ ਮੌਤ ਦੀ ਸੋਗੀ ਖ਼ਬਰ ਇਕ ਨਿਜੀ ਨੁਕਸਾਨ ਵਜੋਂ ਉਹਨਾਂ ਦੇ ਦਿਲਾਂ ਵਿਚ ਘਰ ਕਰ ਗਈ।

ਸੰਸਾਰ, ਜਿਸਦਾ ਦੁਮੇਲ ਬਚੇ ਦੇ ਸਾਹਮਣੇ ਨਿਰੰਤਰ ਚਲਦਾ ਜਾਂਦਾ ਹੈ, ਕੇਵਲ ਸਾਗਰ ਅਤੇ ਮਹਾਂ-ਸਾਗਰ, ਮਹਾਂ-ਦੀਪ ਅਤੇ ਟਾਪੂ, ਅਣਵੇਖੇ ਬੂਟੇ ਅਤੇ ਪਸ਼ੂ, ਉਤਰੀ ਧਰੂ ਦੀਆਂ ਲਿਸ਼ਕਾਂ ਅਤੇ ਤਪਤ-ਤੜਾਗ ਵਿਚ ਸਦੀਵੀ ਹੁਨਾਲ ਹੀ ਨਹੀਂ: ਸਭ ਤੋਂ ਪਹਿਲਾਂ ਇਹ ਲੋਕ ਹਨ, ਉਹਨਾਂ ਦਾ ਕੰਮ ਅਤੇ ਖ਼ੁਸ਼ ਭਵਿਖ ਲਈ ਉਹਨਾਂ ਦਾ ਘੋਲ, ਮਨੁਖਜਾਤੀ ਦਾ ਖ਼ੁਸ਼ੀ ਅਤੇ ਇਨਸਾਫ਼ ਦਾ ਸਦੀਆਂ ਪੁਰਾਣਾ ਸੁਪਨਾ ਹੈ, ਜਿਹੜਾ ਉਹਨਾਂ ਦੇਸਾਂ ਵਿਚ ਸਾਕਾਰ ਹੋਇਆ ਹੈ ਜਿਥੇ ਇਕ ਮਨੁਖ ਵਲੋਂ ਦੂਜੇ ਉਤੇ ਜਬਰ ਦਾ ਅੰਤ ਕਰ ਦਿਤਾ ਗਿਆ ਹੈ। ਬਚਿਆਂ ਨੂੰ ਬੇਪਰਵਾਹ ਦਰਸ਼ਕਾਂ ਵਜੋਂ ਨਹੀਂ, ਇਹ ਜਾਣਦੇ ਹੋਏ ਕਿ ਕਿਥੇ ਕੀ ਕੀਤਾ ਜਾਂਦਾ ਹੈ ਅਤੇ ਇਕ ਜਾਂ ਦੂਜੀ ਗਲ ਉਤੇ ਵਿਚਾਰ ਕਰਨ ਜੋਗ ਹੋਕੇ ਨਹੀਂ ਸਗੋਂ ਮਨੁਖਜਾਤੀ ਦੀ ਹੋਣੀ ਲਈ ਫ਼ਿਕਰਮੰਦੀ ਵਾਲੇ ਲੋਕਾਂ ਵਜੋਂ ਸੰਸਾਰ ਵਿਚ ਦਾਖ਼ਲ ਹੋਣਾ ਚਾਹੀਦਾ ਹੈ।

ਸਾਡੀ ਮਾਤ-ਭੂਮੀ ਵਿਚ ਅਤੇ ਇਹਦੀਆਂ ਹਦਾਂ ਤਕ "ਸਫ਼ਰਾਂ" ਵਿਚ ਮਨੁਖ ਨੂੰ ਇਕ ਖ਼ਤਰੇ ਵਲੋਂ ਸਾਵਧਾਨ ਰਹਿਣਾ ਚਾਹੀਦਾ ਹੈ—ਬਚਿਆਂ ਨੂੰ ਗਿਆਨ ਅਤੇ ਪ੍ਰਭਾਵਾਂ ਨਾਲ "ਬਦਹਜ਼ਮੀ" ਕਰਵਾ ਦੇਣਾ। "ਵਿਗਿਆਨ ਵਲੋਂ ਕਢੇ ਅਸਾਧਾਰਨ ਸਿਟਿਆਂ, ਮਿਸਾਲ ਵਜੋਂ ਧਰਤੀ ਅਤੇ ਸੂਰਜ ਦਾ ਭਾਰ ਕਿੰਨਾ ਹੈ, ਸੂਰਜ ਕਿਸ ਸ਼ੈ ਦਾ ਬਣਿਆ ਹੋਇਆ ਹੈ, ਰੁਖ ਅਤੇ ਮਨੁਖ ਕਿਹੋ ਜਿਹੇ ਅੰਕੁਰਾਂ ਦੇ ਬਣੇ ਹੋਏ ਹਨ ਅਤੇ ਲੋਕਾਂ ਨੇ ਕਿਹੋ ਜਿਹੀਆਂ ਅਸਾਧਾਰਨ ਮਸ਼ੀਨਾਂ ਬਣਾ ਲਈਆਂ ਹਨ, ਸੰਬੰਧੀ ਕਿਸੇ ਵੀ ਚਰਚੇ ਤੋਂ (ਵਿਸ਼ੇਸ਼ ਤੌਰ ਉਤੇ ਸਕੂਲਾਂ ਲਈ ਬਦੇਸੀ ਪੁਸਤਕਾਂ ਵਿਚੋਂ) ਸੰਕੋਚ ਕਰੋ," * ਲੀਓ ਟਾਲਸਟਾਈ ਨਿਕੇ ਬਚਿਆਂ ਦੇ ਅਧਿਆਪਕ ਨੂੰ ਸਲਾਹ ਦੇਂਦਾ ਹੈ। ਨਿਰੇ ਸਿਟੇ ਵਿਦਿਆਰਥੀ ਲਈ ਹਾਨੀਕਾਰਕ ਹਨ ਅਤੇ ਉਹਨੂੰ ਦਿਤੇ ਅੰਕੜਿਆਂ ਵਿਚ ਨਿਸ਼ਚਾ ਕਰਨ ਦੀ ਸਿਖਿਆ ਦੇਂਦੇ ਹਨ, ਜਿਹਾ ਕਿ ਮਹਾਨ ਲੇਖਕ ਅਤੇ ਸਿਖਿਅਕ ਦਸਦਾ ਹੈ। ਇਹ ਸ਼ਬਦ ਲਿਖੇ ਜਾਣ ਤੋਂ ਪਿਛੋਂ ਕਈ ਦਹਾਕੇ ਲੰਘ ਗਏ ਹਨ ਅਤੇ ਸੰਸਾਰ ਵਿਗਿਆਨ ਦੀਆਂ ਸਫ਼ਲਤਾਵਾਂ ਕਾਰਨ ਇੰਨਾ ਤਬਦੀਲ ਹੋ ਗਿਆ ਹੈ ਕਿ ਪਛਾਣਿਆ ਨਹੀਂ ਜਾਂਦਾ ਅਤੇ ਨਿਕੇ ਬਚਿਆਂ ਦਾ ਦ੍ਰਿਸ਼ਟੀਕੋਣ ਹੁਣ ਹੋਰ ਹੈ। ਪਰ ਟਾਲਸਟਾਈ ਦੇ ਕਥਨ ਦਾ ਸਚ ਅਜ ਵੀ ਕਾਇਮ ਹੈ। ਬੰਦੇ ਨੂੰ ਬਚਿਆਂ ਲਈ ਕਹਾਣੀਆਂ ਨੂੰ ਕਦੀ ਵੀ ਉਸ ਸੂਚਨਾ ਨਾਲ ਗੜੁਚ ਨਹੀਂ ਕਰਨਾ ਚਾਹੀਦਾ ਜਿਹੜੀ ਉਹਨਾਂ ਨੂੰ ਸ਼ਸ਼ਿਦਰ ਕਰ ਦੇਵੇ।

---

* **ਲੀਓ ਟਾਲਸਟਾਈ**, ਵਿਦਿਅਕ ਲੇਖ, ਮਾਸਕੋ, ਉਚਪੇਦਗਿਜ਼ ਪ੍ਰਕਾਸ਼ਕ, ੧੯੫੩, ਪੰਨੇ ੩੩੯-੪੦ (ਰੂਸੀ ਵਿਚ)।

## ਬਚੇ ਨੂੰ ਬੌਧਕ ਕਿਰਤ ਦੀ ਖ਼ੁਸ਼ੀ ਅਤੇ ਅਧਿਅਨ ਵਿਚ ਸਫ਼ਲਤਾ ਦੀ ਖ਼ੁਸ਼ੀ ਦਿਓ

ਵਿਦਿਆਰਥੀ ਜਾਂ ਵਿਦਿਆਰਥਣ ਲਈ ਬੌਧਕ ਕਿਰਤ, ਅਧਿਅਨ ਵਿਚ ਸਫ਼ਲਤਾਵਾਂ ਅਤੇ ਅਸਫ਼ਲਤਾਵਾਂ ਉਹਦਾ ਆਤਮਕ ਜੀਵਨ, ਅੰਦਰਲਾ ਸੰਸਾਰ ਹੈ ਅਤੇ ਉਹਨੂੰ ਅਖੋ ਉਹਲੇ ਕਰਨ ਦੇ ਸਿਟੇ ਅਭਾਗੇ ਹੋ ਸਕਦੇ ਹਨ। ਬਚਾ ਕੇਵਲ ਕੁਝ ਲਭਦਾ ਅਤੇ ਸਮਿਗਰੀ ਵਿਚ ਨਿਪੁੰਨਤਾ ਹੀ ਪ੍ਰਾਪਤ ਨਹੀਂ ਕਰਦਾ ਸਗੋ ਸਫ਼ਲਤਾ ਅਤੇ ਅਸਫ਼ਲਤਾ ਨਾਲ ਡੂੰਘਾ ਨਿਜੀ ਸੰਬੰਧ ਪ੍ਰਗਟ ਕਰਦੇ ਹੋਏ ਆਪਣੇ ਕੰਮ ਨੂੰ ਅਨੁਭਵ ਕਰਦਾ ਹੈ।

ਛੋਟੇ ਬਚੇ ਲਈ ਅਧਿਆਪਕ ਇਨਸਾਫ਼ ਦਾ ਜਿਉਂਦਾ ਅਵਤਾਰ ਹੈ। ਜ਼ਰਾ ਪਹਿਲੀ ਸ਼੍ਰੇਣੀ ਦੇ ਉਸ ਬਚੇ ਦੀਆਂ ਅਖਾਂ ਵਿਚ ਝਾਕੋ ਜਿਸਨੂੰ ਫ਼ੇਲ ਹੋਣ ਵਾਲੇ ਨੰਬਰ ਮਿਲੇ ਹਨ।... ਬਚਾ ਕੇਵਲ ਦੁਖ ਹੀ ਅਨੁਭਵ ਨਹੀਂ ਕਰਦਾ ਸਗੋ ਅਧਿਆਪਕ ਵਲ ਦਵੈਖ ਅਤੇ ਅਕਸਰ ਦੁਸ਼ਮਣੀ ਅਨੁਭਵ ਕਰਦਾ ਹੈ। ਜਿਸ ਅਧਿਆਪਕ ਨੇ ਇਸ ਲਈ ਮਾੜੇ ਨੰਬਰ ਦਿਤੇ ਹਨ ਕਿ ਬਚਾ ਕੁਝ ਸਮਝ ਨਹੀਂ ਸਕਿਆ, ਬਚੇ ਨੂੰ ਅਨਿਆਈਂ ਬੰਦਾ ਜਾਪਦਾ ਹੈ।

ਇਕ ਸਕੂਲ ਵਿਚ ਹੇਠ ਲਿਖੀ ਗਲ ਵਾਪਰੀ: ਇਕ ਬਚਾ ਇਹ ਨਾ ਸਮਝ ਸਕਿਆ ਕਿ ਬੂਟਾ ਆਪਣੇ ਆਪ ਨੂੰ ਆਹਾਰ ਕਿਵੇਂ ਪੁਚਾਉਂਦਾ ਅਤੇ ਕਿਵੇਂ ਸਾਹ ਲੈਂਦਾ ਹੈ, ਕਰੂੰਬਲਾਂ ਤੋਂ ਪਤੇ ਅਤੇ ਫੁਲ ਤੋਂ ਫਲ ਕਿਵੇਂ ਬਣ ਜਾਂਦੇ ਹਨ, ਆਦਿ। ਅਧਿਆਪਕ ਅਕਸਰ ਨਿਕੇ ਬਚੇ ਨੂੰ ਸੰਬੋਧਨ ਕਰਦਾ ਅਤੇ ਕਹਿੰਦਾ: "ਜੇ ਤੂੰ ਅਜਿਹੀਆਂ ਸਾਦੀਆਂ ਗਲਾਂ ਨਹੀਂ ਸਮਝ ਸਕਦਾ ਤਾਂ ਤੂੰ ਕੀ ਸਮਝ ਸਕਦੈ?" ਇਕ ਸਬਕ ਸਮੇਂ ਉਹਨੇ ਕਿਹਾ: "ਥੋੜ੍ਹੇ ਦਿਨਾਂ ਵਿਚ ਚੈਸਟਨਟ ਦੇ ਰੁਖਾਂ ਉਤੇ ਕਰੂੰਬਲਾਂ ਆ ਜਾਣਗੀਆਂ ਅਤੇ ਸਾਡੀ ਸਾਰੀ ਸ਼੍ਰੇਣੀ ਚੈੱਸਟਨਟਾਂ ਦੀ ਰੌਸ ਵਿਚ ਜਾਵੇਗੀ। ਜੇ ਅਲਿਓਸ਼ਾ ਸਾਨੂੰ ਉਦੋਂ ਵੀ ਉਹ ਕੁਝ ਨਾ ਦਸ ਸਕਿਆ ਜੋ ਸਾਰੇ ਜਾਣਦੇ ਹਨ ਤਾਂ ਉਹ ਬਿਲਕੁਲ ਨਿਕੰਮਾ ਹੈ।" ਅਧਿਆਪਕ ਨੂੰ ਆਪਣੇ ਰੁਖਾਂ—ਬੀਆਂ ਤੋਂ ਉਗਦੀ ਚੈਸਟਨਟਾਂ ਦੀ ਰੌਸ—ਨਾਲ ਬਹੁਤ ਪਿਆਰ ਸੀ। ਸਬਕ ਤੋਂ ਪਹਿਲਾਂ ਸ਼ਾਮ ਨੂੰ ਉਹ ਕਈ ਵਿਦਿਆਰਥੀਆਂ ਨੂੰ ਇਕ ਵਾਰ ਫਿਰ ਹਰ ਨਿਕੇ ਰੁਖ ਨੂੰ ਸਜਾਉਂਦੀਆਂ ਕਰੂੰਬਲਾਂ ਮਾਣਨ ਲਈ ਲੈ ਗਿਆ। ਅਗਲੇ ਦਿਨ ਜਦੋਂ ਸ਼੍ਰੇਣੀ ਚੈਸਟਨਟਾਂ ਦੀ ਰੌਸ ਵਿਚ ਗਈ ਅਧਿਆਪਕ ਨੂੰ ਸਖ਼ਤ ਯਕਾ ਲਗਾ, ਰੁਖਾਂ ਤੋਂ ਸਾਰੀਆਂ ਕਰੂੰਬਲਾਂ ਤੋੜ ਦਿਤੀਆਂ ਗਈਆਂ ਸਨ। ਬਚੇ ਉਦਾਸ ਹੋ ਗਏ। ਅਧਿਆਪਕ ਨੇ ਅਲਿਓਸ਼ਾ ਦੀਆਂ ਅਖਾਂ ਵਿਚ ਖੋਰੀ ਖ਼ੁਸ਼ੀ ਵੇਖੀ।

ਇਸ ਕੰਮ ਪਿਛੇ ਬਚੇ ਦੀ ਅੰਦਰਲੀ ਸ਼ਕਤੀ ਦੇ ਜ਼ਬਰਦਸਤ ਉਭਾਰ ਦਾ ਧਮਾਕਾ ਸੀ—ਬਹੁਤ ਡੂੰਘੀ ਦਿਲੋਂ ਅਨੁਭਵ ਕੀਤੀ ਪੀੜ ਦਾ। ਮੁੰਡਾ ਆਪਣੀਆਂ ਯੋਗਤਾਵਾਂ

ਵਿਚ ਭਰੋਸੇ ਦੀ ਘਾਟ ਵਿਰੁਧ ਰੋਸ ਪ੍ਰਗਟ ਕਰ ਰਿਹਾ ਸੀ। ਪਰ ਵਿਦਿਅਕ ਕੰਮ ਵਿਚ ਅਜਿਹੀਆਂ ਗਲਾਂ ਅਕਸਰ ਹੁੰਦੀਆਂ ਹਨ—ਬਚੇ ਇਕ ਤੋਂ ਪਿਛੋਂ ਦੂਜੀ ਵਾਰ ਮਾੜੇ ਨੰਬਰ ਮਿਲਣ ਨੂੰ ਇਉਂ ਲੈਂਦੇ ਹਨ ਜਿਵੇਂ ਉਹਨਾਂ ਨੂੰ ਕੋਈ ਪਰਵਾਹ ਨਾ ਹੋਵੇ। ਕਈ ਵਾਰ ਬਚੇ ਦੇ ਮਾੜੇ ਨੰਬਰ ਉਹਦੇ ਸਾਥੀਆਂ ਲਈ ਹਾਸੇ ਦਾ ਵਿਸ਼ਾ ਬਣ ਜਾਂਦੇ ਹਨ ਅਤੇ ਹੌਲੀ ਹੌਲੀ ਬਚੇ ਇਸ ਤਥ ਦੇ ਆਦੀ ਹੋ ਜਾਂਦੇ ਹਨ ਕਿ ਵਾਨੀਆ ਜਾਂ ਪੇਤੀਆ ਨੂੰ ਬਸ ਫ਼ੇਲ ਹੋਣ ਵਾਲੇ ਨੰਬਰ ਹੀ ਮਿਲ ਸਕਦੇ ਹਨ। ਇਹ ਬਣ ਰਹੀ ਸ਼ਖ਼ਸੀਅਤ ਲਈ ਕਲਪਨਾ ਕੀਤੀ ਜਾ ਸਕਦੀ ਮਾੜੀ ਤੋਂ ਮਾੜੀ ਗਲ ਹੈ। ਜਿਹੜੇ ਮਨੁਖ ਦਾ ਸਵੈ-ਯੋਗਤਾ ਦਾ ਅਨੁਭਵ ਬਚਪਨ ਵਿਚ ਹੀ ਖੁੰਢਾ ਕਰ ਦਿਤਾ ਗਿਆ ਹੋਵੇ ਉਸਤੋਂ ਕੀ ਆਸ ਕੀਤੀ ਜਾ ਸਕਦੀ ਹੈ?

ਵਿਦਿਅਕ ਕਾਰਜਾਂ ਵਿਚੋਂ ਇਕ ਸਭ ਤੋਂ ਮਹਤਵਪੂਰਨ ਇਹ ਵੇਖਣਾ ਹੈ ਕਿ ਹਰ ਬਚਾ ਗਿਆਨ ਪ੍ਰਾਪਤੀ ਦੇ ਅਮਲ ਵਿਚ ਮਨੁਖੀ ਕੁਰਬ ਅਤੇ ਮਾਣ ਦੀ ਭਾਵਨਾ ਅਨੁਭਵ ਕਰੇ। ਅਧਿਆਪਕ ਬਚੇ ਸਾਹਮਣੇ ਸੰਸਾਰ ਨੂੰ ਖੋਹਲਦਾ ਹੀ ਨਹੀਂ ਸਗੋਂ ਬਚੇ ਨੂੰ ਸੰਸਾਰ ਵਿਚ ਅਜਿਹੇ ਰਚਣਹਾਰੇ ਵਜੋਂ ਸਥਾਪਤ ਕਰਦਾ ਹੈ ਜਿਹੜਾ ਆਪਣੀਆਂ ਪ੍ਰਾਪਤੀਆਂ ਵਿਚ ਮਾਣ ਅਨੁਭਵ ਕਰਦਾ ਹੈ। ਪੜ੍ਹਨਾ ਸਮੂਹ ਦੇ ਅੰਦਰ ਹੁੰਦਾ ਹੈ ਪਰ ਬਚੇ ਗਿਆਨ ਦੇ ਰਾਹ ਉਤੇ ਹਰ ਕਦਮ ਸੁਤੰਤਰ ਤੌਰ ਉਤੇ ਪੁਟਦੇ ਹਨ। ਬੌਧਕ ਕਿਰਤ ਡੂੰਘੀ ਤਰ੍ਹਾਂ ਵਿਅਕਤੀਗਤ ਅਮਲ ਹੈ ਜਿਹੜਾ ਕੇਵਲ ਯੋਗਤਾਵਾਂ ਉਤੇ ਨਹੀਂ ਸਗੋਂ ਬਚੇ ਦੇ ਖ਼ਾਸੇ ਅਤੇ ਕਈ ਹੋਰ ਪ੍ਰਸਥਿਤੀਆਂ ਉਤੇ ਨਿਰਭਰ ਹੈ, ਜਿਹੜੀਆਂ ਅਕਸਰ ਅਣਗੌਲੀਆਂ ਰਹਿ ਜਾਂਦੀਆਂ ਹਨ।

ਬਚੇ ਖੁਲ੍ਹੀਆਂ ਆਤਮਾਵਾਂ ਨਾਲ, ਚੰਗੀ ਤਰ੍ਹਾਂ ਪੜ੍ਹਣ ਦੀ ਸਚੀ ਇਛਾ ਨਾਲ ਸਕੂਲ ਆਉਂਦੇ ਹਨ। ਉਹ ਇਸ ਵਿਚਾਰ ਤੋਂ ਹੀ ਡਰਦੇ ਹਨ ਕਿ ਉਹਨਾਂ ਨੂੰ ਸੁਸਤ ਜਾਂ ਅਸਫ਼ਲ ਸਮਝਿਆ ਜਾਵੇ। ਚੰਗੀ ਤਰ੍ਹਾਂ ਪੜ੍ਹਨ ਦੀ ਇਛਾ ਇਕ ਨਰੋਈ ਮਨੁਖੀ ਇਛਾ ਹੈ ਅਤੇ, ਮੈਨੂੰ ਜਾਪਦਾ ਹੈ, ਬਚੇ ਦੇ ਜੀਵਨ ਦੇ ਸਾਰੇ ਵਿਚਾਰ ਨੂੰ, ਬਚਿਆਂ ਦੀ ਖ਼ੁਸ਼ੀ ਦੇ ਸੰਸਾਰ ਰੁਸ਼ਨਾਉਣ ਵਾਲੀ ਦਗ਼ਦੀ ਲਾਟ ਹੈ। ਇਹ ਲਾਟ ਕਮਜ਼ੋਰ ਅਤੇ ਨਿਆਸਰੀ ਅਸੀਮ ਭਰੋਸੇ ਨਾਲ ਅਧਿਆਪਕ ਕੋਲ ਲਿਆਈ ਜਾਂਦੀ ਹੈ ਅਤੇ ਜੇ ਅਧਿਆਪਕ ਬਚੇ ਦੀ ਇਛਾ ਵਲ ਧਿਆਨ ਨਹੀਂ ਦੇਂਦਾ, ਇਹਦਾ ਅਰਥ ਹੈ ਅਧਿਆਪਕ ਨੂੰ ਸ਼ਗਿਰਦ ਦੇ ਵਰਤਮਾਨ ਅਤੇ ਭਵਿਖ ਸੰਬੰਧੀ ਫ਼ਿਕਰਮੰਦੀ ਨਹੀਂ । ਬਚੇ ਦੇ ਦਿਲ ਨੂੰ ਅਚੇਤੰਨ ਛੁਹ —ਗ਼ੁਸਾ ਜਾਂ ਬੇਪਰਵਾਹੀ ਪੈਦਾ ਕਰਨ ਵਾਲੀ ਕੋਈ ਅਸਾਵਧਾਨ ਗਲ—ਇਸ ਲਾਟ ਨੂੰ ਮਧਮ ਕਰ ਸਕਦੀ ਹੈ। ਇਸ ਮਾੜੀ ਲਾਟ ਲਈ ਜੀਵਨ-ਦਾਤੀ ਪੌਣ ਗਿਆਨ ਲਈ ਉਹ ਪਿਆਸ ਹੈ ਜਿਹੜੀ ਤਾਂ ਹੀ ਪੈਦਾ ਹੁੰਦੀ ਹੈ ਜੇ ਬਚਾ ਆਪਣੀ ਪੜ੍ਹਾਈ ਵਿਚ ਸਫ਼ਲ ਰਹੇ, ਤਾਂ ਹੀ ਜੇ ਇਸ ਅਨੁਭਵ ਵਿਚ ਮਾਣ ਹੋਵੇ ਕਿ ਉਹ ਗਿਆਨ ਵਲ ਸੁਖੜ ਰਾਹ ਉਤੇ ਅਗੇ ਵਧ ਰਿਹਾ ਹੈ।

ਵਿਅਰਥ ਅਤੇ ਸਿਟਿਆਂ ਤੋਂ ਬਿਨਾਂ ਕੰਮ ਕਰਨਾ ਬਾਲਗਾਂ ਲਈ ਘਿਰਣਤ,

ਬੇਦਲਾਉਣ ਵਾਲਾ ਅਤੇ ਅਰਥਹੀਣ ਬਣ ਜਾਂਦਾ ਹੈ ਅਤੇ, ਅਖੀਰ, ਸਾਡਾ ਵਾਹ ਬਚਿਆਂ ਨਾਲ ਹੈ। ਜੇ ਬਚਾ ਆਪਣੇ ਕੰਮ ਦੇ ਸਿਟੇ ਨਹੀਂ ਵੇਖਦਾ ਤਾਂ ਗਿਆਨ ਲਈ ਪਿਆਸ ਮੁਕ ਜਾਂਦੀ ਹੈ, ਬਚੇ ਦਾ ਦਿਲ ਠੰਢਾ ਅਤੇ ਵੈਰਾਗਵਾਨ ਹੋ ਜਾਂਦਾ ਹੈ, ਜਦੋਂ ਤਕ ਲਾਟ ਮੁੜਕੇ ਨਾ ਮਘਾਈ ਜਾਵੇ ਉਹ ਕਿਸੇ ਗਲ ਲਈ ਉਤੇਜਨਾ ਅਨੁਭਵ ਨਹੀਂ ਕਰਦਾ, (ਅਤੇ ਓਹ, ਲਾਟ ਦੂਜੀ ਵਾਰ ਬਾਲਣੀ ਕਿੰਨੀ ਔਖੀ ਹੈ!) ਬਚੇ ਦਾ ਆਪਣੀ ਸ਼ਕਤੀ ਵਿਚ ਭਰੋਸਾ ਜਾਂਦਾ ਰਹਿੰਦਾ ਹੈ; ਅਲੰਕਾਰਕ ਭਾਸ਼ਾ ਵਿਚ ਉਹ "ਆਪਣੇ ਬੁਲ੍ਹ ਸੀ ਲੈਂਦਾ ਹੈ" ਅਤੇ ਸੁਚੇਤ, ਤੜਿੰਗ ਹੋ ਜਾਂਦਾ ਹੈ ਅਤੇ ਅਧਿਆਪਕ ਦੀ ਨਸੀਹਤ ਅਤੇ ਗਲਾਂ ਦਾ ਉਤਰ ਗੁਸਤਾਖ਼ੀ ਨਾਲ ਦੇਂਦਾ ਹੈ। ਜਾਂ ਇਸ ਤੋਂ ਵੀ ਮਾੜੀ ਗਲ, ਉਹਦੀ ਨਿਜੀ ਕੁਰਬ ਦੀ ਭਾਵਨਾ ਖੁੰਢੀ ਹੋ ਜਾਂਦੀ ਹੈ ਅਤੇ ਉਹ ਇਸ ਵਿਚਾਰ ਦਾ ਆਦੀ ਹੋ ਜਾਂਦਾ ਹੈ ਕਿ ਉਹ ਕੁਝ ਨਹੀਂ ਕਰ ਸਕਦਾ। ਅਜਿਹੇ ਬੇਪਰਵਾਹ, ਹੋਣੀ ਮੰਨਣ ਵਾਲੇ ਬਚੇ ਨੂੰ ਵੇਖ ਕੇ, ਜਿਹੜਾ ਪੂਰਾ ਇਕ ਘੰਟਾ ਅਧਿਆਪਕ ਦੀ ਸਿਖਿਆ ਸੁਣਨ ਲਈ ਤਿਆਰ ਹੈ ਅਤੇ ਜਿਸ ਉਤੇ ਆਪਣੇ ਸਾਥੀਆਂ ਦੀ ਗਲ ਦਾ ਕੋਈ ਅਸਰ ਨਹੀਂ ਹੁੰਦਾ: ਤੂੰ ਪਛੜ ਰਿਹੈਂ ਅਤੇ ਤੈਨੂੰ ਅਗਲੇ ਵਰ੍ਹੇ ਇਸੇ ਸ਼੍ਰੇਣੀ ਵਿਚ ਰਹਿਣਾ ਪਵੇਗਾ, ਵੇਖਕੇ ਕਿਸੇ ਨੂੰ ਵੀ ਗੁਸਾ ਆ ਜਾਵੇਗਾ।... ਕਿਸੇ ਬੰਦੇ ਤੋਂ ਉਹਦੀ ਸਵੈ-ਮਾਣ ਦੀ ਭਾਵਨਾ ਖੋਹ ਲੈਣ ਨਾਲੋਂ ਬਦਕਾਰ ਗਲ ਕਿਹੜੀ ਹੋ ਸਕਦੀ ਹੈ!

ਵਿਦਿਆਰਥੀ ਬਚਪਨ ਅਤੇ ਗਭਰੇਟ ਦਿਨਾਂ ਵਿਚ ਆਪਣੇ ਸੰਬੰਧੀ ਜੋ ਰਾਏ ਬਣਾਉਂਦਾ ਹੈ, ਕੰਮ ਦੇ ਸੰਸਾਰ ਵਿਚ ਉਹ ਆਪਣੇ ਆਪ ਨੂੰ ਜਿਸ ਢੰਗ ਨਾਲ ਵੇਖਦਾ ਹੈ, ਵਧੇਰੇ ਹਦ ਤਕ ਉਹਦਾ ਸਦਾਚਾਰਕ ਦ੍ਰਿਸ਼ਟੀਕੋਣ ਮਿਥਦੇ ਹਨ। ਕ. ਉਸ਼ਿੰਸਕੀ ਲਿਖਦਾ ਹੈ ਕਿ ਆਪਣੇ ਖ਼ਾਸੇ ਕਾਰਨ ਬਚੇ ਵਿਚ ਸਦਾਚਾਰਕ ਸੁਸਤੀ ਨਹੀਂ ਹੁੰਦੀ, ਉਹ ਸੁਤੰਤਰ ਸਰਗਰਮੀ ਨੂੰ ਪਿਆਰ ਕਰਦਾ ਹੈ ਅਤੇ ਸਭ ਕੁਝ ਆਪ ਕਰਨਾ ਚਾਹੁੰਦਾ ਹੈ। ਇਹ ਲਾਜ਼ਮੀ ਹੈ ਕਿ ਬਚਿਆਂ ਨੂੰ ਕੰਮ ਕਰਨਾ, ਸੋਚਣਾ, ਗਹੁ ਨਾਲ ਵੇਖਣਾ, ਇਹ ਸਮਝਣਾ ਕਿ ਬੰਧਕ ਕਿਰਤ ਕੀ ਹੈ ਅਤੇ ਚੰਗੀ ਤਰ੍ਹਾਂ ਕੰਮ ਕਰਨ ਦੇ ਅਰਥ ਕੀ ਹਨ, ਸਿਖਾਇਆ ਜਾਵੇ—ਅਤੇ ਤਾਂ ਹੀ ਬੰਦਾ ਸਫ਼ਲਤਾ ਲਈ ਨੰਬਰ ਦੇ ਸਕਦਾ ਹੈ। ਜਿਸ ਬਚੇ ਨੇ ਪੜ੍ਹਣ ਵਿਚ ਕਿਰਤ ਦੀ ਖ਼ੁਸ਼ੀ ਕਦੀ ਅਨੁਭਵ ਨਹੀਂ ਕੀਤੀ, ਜਿਸਨੇ ਔਕੜਾਂ ਉਤੇ ਕਾਬੂ ਪਾਉਣ ਵਿਚ ਮਾਣ ਅਨੁਭਵ ਨਹੀਂ ਕੀਤਾ, ਉਹ ਉਦਾਸ ਬੰਦਾ ਹੈ। ਉਦਾਸ ਬੰਦਾ ਸਾਡੇ ਸਮਾਜ ਲਈ ਬਹੁਤ ਵਡੀ ਬਦਕਿਸਮਤੀ ਹੈ ਅਤੇ ਉਦਾਸ ਬਚਾ ਉਸ ਤੋਂ ਵੀ ਵਧ। ਮੈਂ ਬਚਪਨ ਨੂੰ ਆਦਰਸ਼ਿਆਉਣ ਵਾਲਾ ਕਿਸੇ ਵੀ ਤਰ੍ਹਾਂ ਨਹੀਂ ਪਰ ਇਹ ਵਿਚਾਰ ਮੈਨੂੰ ਚੈਨ ਨਹੀਂ ਲੈਣ ਦੇਂਦਾ ਕਿ ਬਚਪਨ ਦੇ ਵਰ੍ਹਿਆਂ ਵਿਚ ਲੋਕ ਅਕਸਰ ਸੁਸਤ ਹੋ ਜਾਂਦੇ ਹਨ ਅਤੇ ਕੰਮ ਕਰਨ ਨੂੰ ਘਿਰਣਾ ਕਰਦੇ ਹਨ, ਇਥੋਂ ਤਕ ਕਿ ਇਸ ਵਿਚਾਰ ਨੂੰ ਘਿਰਣਾ ਕਰਦੇ ਹਨ ਕਿ ਉਹ ਆਪਣੀ ਯੋਗਤਾ ਅਨੁਸਾਰ ਚੰਗੇ ਤੋਂ ਚੰਗਾ ਕੰਮ ਕਰਨ। ਪਰ

ਬਚਾ ਕੰਮਚੋਰ ਕਿਉਂ ਬਣ ਜਾਂਦਾ ਹੈ? ਮੇਰੇ ਪਿਆਰੇ ਸਾਥੀ ਅਧਿਆਪਕੋ, ਇਸ ਲਈ ਕਿ ਉਹ **ਕਿਰਤ ਦੀ ਖ਼ੁਸ਼ੀ** ਤੋਂ ਜਾਣੂ ਨਹੀਂ। ਉਹਨੂੰ ਇਹ ਖ਼ੁਸ਼ੀ ਦਿਓ, ਉਹਨੂੰ ਇਸ ਖ਼ੁਸ਼ੀ ਦੀ ਕਦਰ ਕਰਨਾ ਸਿਖਾਓ ਅਤੇ ਉਹ ਆਪਣੇ ਮਾਣ ਦੀ ਕਦਰ ਕਰੇਗਾ ਅਤੇ ਕੰਮ ਕਰਨ ਨੂੰ ਪਿਆਰ ਕਰੇਗਾ।

ਬਚਿਆਂ ਨੂੰ ਕਿਰਤ ਵਿਚ ਖ਼ੁਸ਼ੀ ਅਤੇ ਪੜ੍ਹਾਈ ਵਿਚ ਸਫ਼ਲਤਾ ਦੇਣਾ, ਉਹਨਾਂ ਦੇ ਦਿਲਾਂ ਵਿਚ ਮਾਣ ਅਤੇ ਨਿਜੀ ਕੁਰਬ ਦੀ ਭਾਵਨਾ ਪੈਦਾ ਕਰਨਾ ਵਿਦਿਆ ਦਾ ਪਹਿਲਾ ਨਿਯਮ ਹੈ। ਸਾਡੇ ਸਕੂਲਾਂ ਵਿਚ ਕੋਈ ਉਦਾਸ ਬਚੇ ਨਹੀਂ ਹੋਣੇ ਚਾਹੀਦੇ — ਅਜਿਹੇ ਬਚੇ ਜਿਨ੍ਹਾਂ ਦੀ ਆਤਮਾ ਇਸ ਵਿਚਾਰ ਨਾਲ ਕੁਤਰੀ ਹੋਈ ਹੈ ਕਿ ਉਹਨਾਂ ਵਿਚ ਕੋਈ ਯੋਗਤਾਵਾਂ ਨਹੀਂ। ਪੜ੍ਹਾਈ ਵਿਚ ਸਫ਼ਲਤਾ ਬਚੇ ਦੀ ਅੰਦਰਲੀ ਸ਼ਕਤੀ ਦਾ ਇਕੋ ਇਕ ਸੋਮਾ ਹੈ, ਅਜਿਹਾ ਸੋਮਾ ਜਿਹੜਾ ਅੰਕੜਾਂ ਉਤੇ ਕਾਬੂ ਪਾਉਣ ਲਈ ਸ਼ਕਤੀ ਨੂੰ ਅਤੇ ਪੜ੍ਹਣ ਦੀ ਇਛਾ ਨੂੰ ਜਨਮ ਦੇਂਦਾ ਹੈ।

ਸਾਡੀਆਂ ਸਾਰੀਆਂ ਪਲਾਨਾਂ, ਭਾਲਾਂ ਅਤੇ ਉਸਾਰੀਆਂ ਮਿਟੀ ਬਣ ਜਾਂਦੀਆਂ ਹਨ, ਇਕ ਬੇਜਾਨ ਲਾਸ਼ ਬਣ ਜਾਂਦੀਆਂ ਹਨ ਜੇ ਬਚੇ ਵਿਚ ਪੜ੍ਹਣ ਦੀ ਇਛਾ ਨਾ ਹੋਵੇ। ਇਹ ਇਛਾ ਕੇਵਲ ਪੜ੍ਹਾਈ ਵਿਚ ਸਫ਼ਲਤਾ ਨਾਲ ਆਉਂਦੀ ਹੈ। ਇਹ ਗਲ ਉਲਟ-ਭਾਸ਼ ਜਾਪਦੀ ਹੈ ਕਿ ਬਚੇ ਦੇ ਸਫ਼ਲ ਰਹਿਣ ਲਈ ਲਾਜ਼ਮੀ ਹੈ ਕਿ ਉਹ ਪਛੜ ਨਾ ਜਾਵੇ। ਇਹ ਉਲਟ-ਭਾਸ਼ ਨਹੀਂ ਸਗੋਂ ਬੌਧਕ ਕਿਰਤ ਦੇ ਅਮਲ ਦੀ ਦਵੰਦਵਾਦੀ ਏਕਤਾ ਹੈ। ਪੜ੍ਹਾਈ ਵਿਚ ਰੋਚਕਤਾ ਉਦੋਂ ਹੀ ਪੈਦਾ ਹੁੰਦੀ ਹੈ ਜਦੋਂ ਗਿਆਨ ਵਿਚ ਨਿਪੁੰਨਤਾ ਵਿਚੋਂ ਪੈਦਾ ਹੋਇਆ ਉਤਸ਼ਾਹ ਹੋਵੇ। ਉਤਸ਼ਾਹ ਤੋਂ ਬਿਨਾਂ ਪੜ੍ਹਾਈ ਬਚੇ ਲਈ ਬੋਝ ਵਿਚ ਤਬਦੀਲ ਹੋ ਜਾਂਦੀ ਹੈ। ਪੂਰੇ ਧਿਆਨ ਨੂੰ ਮੈਂ ਉਤਸ਼ਾਹ ਨੂੰ ਬਚੇ ਦੇ ਇਸ ਪਕ ਨਾਲ ਕਿ ਉਹ ਸਫ਼ਲ ਰਹੇਗਾ ਗੁਣਨ ਕਹਿੰਦਾ ਹਾਂ।

ਪਹਿਲੀ ਨਜ਼ਰੇ ਬਚੇ ਨੂੰ ਮਿਲਣ ਵਾਲੇ ਨੰਬਰਾਂ ਜਿਹਾ ਸਾਦਾ ਮਾਮਲਾ, ਅਧਿਆਪਕ ਦੀ ਹਰ ਬਚੇ ਤਕ ਯੋਗ ਰਾਹ ਲਭ ਲੈਣ ਦੀ ਯੋਗਤਾ ਦਾ, ਉਹਦੀ ਆਤਮਾ ਵਿਚ ਗਿਆਨ ਲਈ ਪਿਆਸ ਦੀ ਲਾਟ ਦੀ ਪਰਵਈ ਕਰਨ ਦੀ ਯੋਗਤਾ ਦਾ ਚਿੰਨ੍ਹ ਹੈ। ਜਿਹੜੇ ਚਾਰ ਵਰ੍ਹੇ ਬਚੇ ਮੁਢਲੀਆਂ ਸ਼੍ਰੇਣੀਆਂ ਵਿਚ ਪੜ੍ਹੇ ਮੈਂ ਲਿਖਤੀ ਕੰਮ ਜਾਂ ਜ਼ਬਾਨੀ ਉਤਰਾਂ ਲਈ ਕਦੀ ਫ਼ੇਲ੍ਹ ਹੋਣ ਵਾਲੇ ਨੰਬਰ ਨਾ ਦਿਤੇ। ਬਚਿਆਂ ਪੜ੍ਹਣਾ, ਲਿਖਣਾ ਅਤੇ ਹਿਸਾਬ ਕਰਨਾ ਸਿਖਿਆ। ਇਕ ਬਚੇ ਨੇ ਆਪਣੀ ਬੌਧਕ ਕਿਰਤ ਵਿਚ ਪਹਿਲਾਂ ਹੀ ਕੁਝ ਹਾਂ-ਪਖੀ ਸਿਟੇ ਪ੍ਰਾਪਤ ਕਰ ਲਏ ਹਨ ਅਤੇ ਇਕ ਹੋਰ ਨੇ ਅਜੇ ਕੋਈ ਸਿਟੇ ਪ੍ਰਾਪਤ ਨਹੀਂ ਕੀਤੇ। ਇਕ ਪਹਿਲਾਂ ਹੀ ਉਹ ਕੁਝ ਸਮਝਦਾ ਸੀ ਜੋ ਮੈਂ ਉਹਨੂੰ ਪੜ੍ਹਾਉਣਾ ਚਾਹੁੰਦਾ ਸਾਂ; ਇਕ ਹੋਰ ਅਜੇ ਨਹੀਂ ਸੀ ਸਮਝਦਾ ਪਰ ਇਹਦੇ ਅਰਥ ਇਹ ਨਹੀਂ ਕਿ ਉਹਦੇ ਵਿਚ ਸਿਖਣ ਦੀ ਇਛਾ ਨਹੀਂ ਸੀ। ਮੈਂ ਬੌਧਕ ਕਿਰਤ ਲਈ ਨੰਬਰ ਉਦੋਂ ਹੀ ਦੇਂਦਾ ਜਦੋਂ ਇਹ ਬਚੇ ਲਈ ਹਾਂ-ਪਖੀ ਸਿਟੇ ਲਿਆ ਚੁਕੀ ਹੁੰਦੀ। ਜੇ ਬਚੇ ਨੇ ਅਜੇ ਉਹ ਸਿਟੇ ਪ੍ਰਾਪਤ ਨਾ ਕੀਤੇ ਹੁੰਦੇ ਜਿਹੜੇ ਆਪਣੇ ਕੰਮ ਵਿਚ ਪ੍ਰਾਪਤ

ਕਰਨ ਦਾ ਉਹ ਜਤਨ ਕਰ ਰਿਹਾ ਸੀ, ਮੈਂ ਉਕਾ ਹੀ ਕਿਸੇ ਤਰ੍ਹਾਂ ਦੇ ਨੰਬਰ ਨਾ ਦੇਂਦਾ। ਬਚੇ ਨੂੰ ਸੋਚਣਾ ਪੈਂਦਾ ਸੀ, ਆਪਣੇ ਵਿਚਾਰ ਇਕਤਰ ਕਰਨੇ ਪੈਂਦੇ ਸਨ ਅਤੇ ਆਪਣਾ ਕੰਮ ਦੋਬਾਰਾ ਕਰਨਾ ਪੈਂਦਾ ਸੀ।

ਪਹਿਲੀ ਸ਼੍ਰੇਣੀ ਵਿਚ ਮੈਂ ਪਹਿਲੇ ਨੰਬਰ ਪੜ੍ਹਾਈ ਸ਼ੁਰੂ ਹੋਣ ਤੋਂ ਚਾਰ ਮਹੀਨੇ ਪਿਛੋਂ ਦਿਤੇ। ਇਥੇ, ਸਭ ਤੋਂ ਪਹਿਲਾਂ ਮਹਤਵ-ਪੂਰਨ ਗਲ ਇਹ ਸੀ ਕਿ ਬਚਾ ਇਹ ਸਮਝੇ ਕਿ ਪੂਰੇ ਧਿਆਨ ਵਾਲਾ, ਮਿਹਨਤੀ ਕੰਮ ਕੀ ਹੁੰਦਾ ਹੈ। ਬਚਾ ਆਪਣਾ ਕੰਮ ਮਾੜੀ ਤਰ੍ਹਾਂ ਕਰਦਾ ਹੈ ਇਸ ਲਈ ਨਹੀਂ ਕਿ ਉਹ ਅਜਿਹਾ ਕਰਨਾ ਚਾਹੁੰਦਾ ਹੈ ਸਗੋਂ ਇਸ ਲਈ ਕਿ ਉਹਨੂੰ ਚੰਗੇ ਅਤੇ ਮਾੜੇ ਕੰਮ ਵਿਚ ਫ਼ਰਕ ਕਰਨਾ ਨਹੀਂ ਆਉਂਦਾ: ਇਸ ਗਲ ਲਈ ਉਹਨੂੰ ਨੰਬਰ ਕਿਉਂ ਮਿਲਣ? ਮੈਂ ਬਚੇ ਤੋਂ ਉਹੋ ਕੰਮ ਕਈ ਵਾਰ ਕਰਾਉਣ ਦਾ ਜਤਨ ਕੀਤਾ ਤਾਂ ਜੁ ਉਹਨੂੰ ਨਿਜੀ ਅਨੁਭਵ ਤੋਂ ਵਿਸ਼ਵਾਸ ਹੋ ਜਾਵੇ ਕਿ ਉਹ ਉਸ ਨਾਲੋਂ ਬਹੁਤ ਚੰਗੀ ਤਰ੍ਹਾਂ ਕੰਮ ਕਰ ਸਕਦਾ ਹੈ ਜਿਵੇਂ ਉਹਨੇ ਪਹਿਲੀ ਵਾਰ ਕੀਤਾ ਸੀ। ਇਹਦੀ ਬਹੁਤ ਵਿਦਿਅਕ ਮਹਤਤਾ ਹੈ: ਇਸ ਢੰਗ ਨਾਲ ਵਿਦਿਆਰਥੀ ਨੂੰ ਆਪਣੀ ਰਚਨਾਤਮਕ ਸ਼ਕਤੀ ਦਾ ਪਤਾ ਲਗਦਾ ਹੈ। ਬਚਾ ਨਿਜੀ ਸਫ਼ਲਤਾ ਵੇਖ ਕੇ ਖ਼ੁਸ਼ ਹੁੰਦਾ ਹੈ ਅਤੇ ਉਹ ਹੋਰ ਵੀ ਚੰਗਾ ਕੰਮ ਕਰਨ ਦਾ ਜਤਨ ਕਰਦਾ ਹੈ। ਆਪਣੇ ਅਖ਼ੀਰੀ ਕੰਮ ਦਾ ਉਸ ਨਾਲ ਮੁਕਾਬਲਾ ਕਰਦੇ ਹੋਏ ਜਿਸ ਵਿਚ ਗ਼ਲਤੀਆਂ ਸਨ, ਬਚੇ ਨੂੰ ਉਤਸ਼ਾਹ ਦੀ ਭਾਵਨਾ ਅਨੁਭਵ ਹੁੰਦੀ ਹੈ।

ਪਹਿਲੀ ਸ਼੍ਰੇਣੀ ਦੇ ਬਚਿਆਂ ਦਾ ਕੰਮ ਵੇਖਦੇ ਹੋਏ ਮੈਂ ਵੇਖਿਆ ਕਿ ਬਚੇ ਸਗਵੇਂ ਢੰਗ ਨਾਲ ਨਹੀਂ ਸੋਚਦੇ ਅਤੇ ਆਪਣੇ ਕੰਮ ਦਾ ਵਖ ਵਖ ਤਰ੍ਹਾਂ ਮੁਲੰਗਣ ਕਰਦੇ ਹਨ। ਉਦਾਹਰਣ ਵਜੋਂ ਉਹਨਾਂ ਸ਼ਬਦ **ਭੁੰਡ** ਲਿਖਿਆ। ਲੀਦਾ, ਸੇਰਯੋਜ਼ਾ, ਕਾਤੀਆ, ਸਾਨੀਆ ਅਤੇ ਪਾਵੇਲ ਦੇ ਅਖਰ ਸੁਹਣੇ ਅਤੇ ਇਕਸਾਰ ਸਨ। ਯੂਰਾ ਦੇ ਅਖਰ ਸਤਰ ਤੋਂ ਬਾਹਰ ਜਾਂਦੇ ਅਤੇ ਵਿੰਗੇ ਟੇਢੇ ਹੁੰਦੇ। ਕੋਲੀਆ ਅਤੇ ਤੋਲੀਆ ਨੇ ਅਖਰ ਲਿਖੇ ਨਾ, ਉਹਨਾਂ ਉਸ ਢੰਗ ਨਾਲ ਵਾਹੇ ਜਿਸ ਢੰਗ ਦੇ ਉਹਨਾਂ ਚਿਤਰਾਂ ਵਾਲੀ ਉਸ ਪੁਸਤਕ ਵਿਚ ਵੇਖੇ ਸਨ, ਜਿਸ ਵਿਚ ਉਹਨਾਂ ਪ੍ਰਕਿਰਤੀ ਸੰਬੰਧੀ ਆਪਣੀਆਂ ਪਹਿਲੀਆਂ ਲਿਖਤਾਂ ਲਿਖੀਆਂ ਸਨ। ਪੈਂਤਰਿਕ ਦੀ ਕਾਪੀ ਵਿਚ ਕਿਸੇ ਤਰ੍ਹਾਂ ਦੇ ਕੁੰਡੇ ਬਣੇ ਹੋਏ ਸਨ। ਮੈਂ ਅਗਲੀ ਮਸ਼ਕ ਵਲ ਨਾ ਗਿਆ। ਬਚਿਆਂ ਨੇ ਉਹੋ ਸ਼ਬਦ ਕਈ ਵਾਰ ਲਿਖਿਆ। ਉਸੇ ਗਲ ਦਾ ਹਰ ਦੁਹਰਾਓ ਬਚੇ ਲਈ ਉਪਰ ਚੜ੍ਹਣ ਦਾ ਇਕ ਨਵਾਂ ਪੌੜ ਬਣ ਗਿਆ, ਉਹਨਾਂ ਲੂਈ ਵੀ ਜਿਨ੍ਹਾਂ ਦੀ ਲਿਖਤ ਮਾੜੀ ਸੀ ਅਤੇ ਉਹਨਾਂ ਲਈ ਵੀ ਜਿਹੜੇ ਸੁਹਣੀ ਤਰ੍ਹਾਂ ਲਿਖਦੇ। ਬਚਾ ਇਸ ਗਲ ਉਤੇ ਖ਼ੁਸ਼, ਪ੍ਰਸੰਨ ਹੁੰਦਾ ਹੈ ਕਿ ਉਹਨੇ ਪਹਿਲੀ ਵਾਰ ਨਾਲੋਂ ਚੰਗਾ ਕੰਮ ਕੀਤਾ ਹੈ।

ਮਾਣ ਅਤੇ ਸਵੈ-ਮਾਣ ਦੀ ਭਾਵਨਾ ਇਸ ਖ਼ੁਸ਼ੀ ਤੋਂ ਪੈਦਾ ਹੁੰਦੀ ਹੈ। ਜਿਹੜਾ ਬਚਾ ਅਜਿਹੀ ਭਾਵਨਾ ਕਈ ਵਾਰ ਅਨੁਭਵ ਕਰੇ, ਉਹ ਸੌਖਾ ਰਾਹ ਲਭਣ ਦਾ ਜਤਨ ਨਹੀਂ ਕਰਦਾ ਅਤੇ ਕਿਸੇ ਹੋਰ ਦਾ ਕੰਮ ਨਕਲ ਨਹੀਂ ਕਰ ਲੈਂਦਾ। ਕੇਵਲ ਉਦੋਂ ਜਦੋ

ਬਚਿਆਂ ਨੇ ਆਪਣਾ ਕੰਮ ਮੁੜ ਕਰਨਾ ਸਿਖ ਲਿਆ ਅਤੇ ਇਸ ਸੰਬੰਧ ਵਿਚ ਖ਼ੁਸ਼ੀ ਅਤੇ ਸਵੈ-ਮਾਣ ਦੀ ਭਾਵਨਾ ਅਨੁਭਵ ਕੀਤੀ ਮੈਂ ਉਹਨਾਂ ਨੂੰ ਨੰਬਰ ਦੇਣੇ ਸ਼ੁਰੂ ਕੀਤੇ — ਨਿਰਸੰਦੇਹ ਕੇਵਲ ਹਾਂ-ਪਖੀ ਨਤੀਜਿਆਂ ਲਈ। ਕੁਝ ਬਚਿਆਂ ਨੂੰ ਪੜ੍ਹਾਈ ਸ਼ੁਰੂ ਹੋਣ ਤੋਂ ਚਾਰ ਮਹੀਨੇ ਅਤੇ ਹੋਰਨਾਂ ਨੂੰ ਛੇ ਮਹੀਨੇ ਪਿਛੋਂ ਨੰਬਰ ਮਿਲਣੇ ਸ਼ੁਰੂ ਹੋਏ। ਪੈਤਰਿਕ ਅਤੇ ਮੀਸ਼ਾ ਨੂੰ ਪਹਿਲੇ ਨੰਬਰ ਸਕੂਲ ਦਾ ਦੂਜਾ ਵਰ੍ਹਾ ਸ਼ੁਰੂ ਹੋਣ ਸਮੇਂ ਮਿਲੇ। ਮੈਂ ਉਹਨਾਂ ਨਾਲ ਵਾਧੂ ਕੰਮ ਕੀਤਾ ਇਥੋਂ ਤਕ ਕਿ ਉਹਨਾਂ ਹਰ ਰੋਜ਼ ਕੁਝ ਉਨਤੀ ਕੀਤੀ ਅਤੇ ਆਪਣੀ ਯੋਗਤਾ ਵਿਚ ਭਰੋਸਾ ਨਾ ਗੁਆਇਆ।

ਪੜ੍ਹਨਾ ਗਿਆਨ ਦੀ ਅਧਿਆਪਕ ਤੋਂ ਬਚੇ ਨੂੰ ਮਸ਼ੀਨੀ ਤਬਦੀਲੀ ਨਹੀਂ, ਸਗੋਂ ਸਭ ਤੋਂ ਪਹਿਲਾਂ ਮਨੁਖੀ ਸੰਬੰਧ ਹੈ। ਗਿਆਨ ਅਤੇ ਪੜ੍ਹਾਈ ਵਲ ਬਚੇ ਦਾ ਵਤੀਰਾ ਬਹੁਤ ਵਡੀ ਹਦ ਤਕ ਇਸ ਗਲ ਉਤੇ ਨਿਰਭਰ ਹੈ ਕਿ ਉਹ ਅਧਿਆਪਕ ਸੰਬੰਧੀ ਕਿਵੇਂ ਸੋਚਦਾ ਹੈ। ਜੇ ਵਿਦਿਆਰਥੀ ਬੇਇਨਸਾਫ਼ੀ ਅਨੁਭਵ ਕਰਦਾ ਹੈ ਤਾਂ ਉਹਨੂੰ ਧਕਾ ਲਗਦਾ ਹੈ। ਅਤੇ ਛੋਟੇ ਬਚੇ ਸਦਾ ਫ਼ੇਲ ਹੋਣ ਵਾਲੇ ਨੰਬਰ ਬੇਇਨਸਾਫ਼ੀ ਸਮਝਦੇ ਹਨ, ਅਤੇ ਦ੍ਰਿੜ੍ਹ ਅਨੁਭਵ ਕਰਦੇ ਹਨ ਕਿਉਂਕਿ ਅਜਿਹਾ ਕਦੀ ਨਹੀਂ ਹੁੰਦਾ ਕਿ ਬਚਾ ਸਿਖਣਾ ਨਹੀਂ ਸੀ ਚਾਹੁੰਦਾ। ਉਹ ਸਿਖਣਾ ਚਾਹੁੰਦਾ ਹੈ ਪਰ ਸਿਖ ਨਹੀਂ ਸਕਦਾ; ਉਹਦੇ ਕੋਲ ਇਕਾਗਰ ਧਿਆਨ ਦੇਣ, ਆਪਣੇ ਆਪ ਤੋਂ ਕੰਮ ਲੈਣ ਦੀ ਯੋਗਤਾ ਨਹੀਂ।

ਜੇ ਬਚੇ ਇਕ ਤੋਂ ਪਿਛੋ ਦੂਜੇ ਦਿਨ, ਸਾਰੇ ਵਰ੍ਹੇ ਦੇ ਦੌਰਾਨ ਬੇਇਨਸਾਫ਼ੀ ਅਨੁਭਵ ਕਰਨ, ਉਹਨਾਂ ਦੀਆਂ ਤੰਤੂ ਪ੍ਰਣਾਲੀਆਂ ਪਹਿਲਾਂ ਉਤੇਜਤ ਹੁੰਦੀਆਂ ਹਨ, ਪਰ ਫਿਰ ਬੰਧੇਜ ਆ ਜਾਂਦਾ ਹੈ — ਉਦਾਸੀ, ਕਮਜ਼ੋਰੀ ਅਤੇ ਬੇਪਰਵਾਹੀ। ਉਤੇਜਨਾ ਅਤੇ ਬੰਧੇਜ ਵਿਚਕਾਰ ਇਹ ਤਿਖੀਆਂ ਛਾਲਾਂ ਉਸ ਪੜਾਅ ਉਤੇ ਅਪੜਾ ਦੇਂਦੀਆਂ ਹਨ ਜਿਥੇ ਬਚਾ ਬਿਮਾਰ ਹੋ ਜਾਂਦਾ ਹੈ। ਇਹ ਪਹਿਲੀ ਨਜ਼ਰੇ ਅਜੀਬ ਜਾਪਦੀਆਂ ਬਿਮਾਰੀਆਂ ਅਕਸਰ ਬੇਚੈਨੀ ਹੈ ਜਾਂ ਸਿਖਿਆਵਾਦ ਵਲ ਮਾੜੇ ਪ੍ਰਤਿਕਰਮ ਹਨ। ਸਿਖਿਆਵਾਦ ਇਸ ਪ੍ਰਤਿਕਰਮ ਦੀ ਵਿਰੋਧ-ਭਾਸ਼ੀ ਗਲ ਇਹ ਹੈ ਕਿ ਇਹ ਕੇਵਲ ਸਕੂਲ ਵਿਚ ਹੁੰਦਾ ਹੈ — ਉਸ ਪਵਿਤਰ ਥਾਂ ਜਿਥੇ ਮਾਨਵਤਾਵਾਦ ਸ਼ਾਗਿਰਦ ਅਤੇ ਅਧਿਆਪਕ ਵਿਚਕਾਰ ਪ੍ਰਸਪਰ ਸੰਬੰਧ ਮਿਥਣ ਵਾਲੇ ਅਤਿ-ਅੰਤ ਮਹਤਵ-ਪੂਰਨ ਅੰਸ਼ਾਂ ਵਿਚੋਂ ਇਕ ਬਣ ਜਾਣਾ ਚਾਹੀਦਾ ਹੈ। ਸਿਖਿਆਵਾਦ ਵਲ ਇਹ ਪ੍ਰਤਿਕਰਮ ਬੇਇਨਸਾਫ਼ੀ ਦੇ ਅਨੁਭਵ ਤੋਂ ਪੈਦਾ ਹੁੰਦਾ ਹੈ। ਮਾਤਾ ਪਿਤਾ ਜਾਂ ਅਧਿਆਪਕਾਂ ਦੇ ਬਚਿਆਂ ਵਲ ਅਣ-ਮੁਨਸਫ਼ੀ ਸੰਬੰਧਾਂ ਦੀਆਂ ਕਈ ਭਾਹਾਂ ਹਨ, ਜਿਨ੍ਹਾਂ ਵਿਚੋਂ ਪਹਿਲੀ ਬੇਪਰਵਾਹੀ ਹੈ। ਬਚੇ ਦੀ ਸਦਾਚਾਰਕ ਅਤੇ ਸੰਕਲਪੀ ਸ਼ਕਤੀ ਦੇ ਬਣਨ ਲਈ ਉਹਦੀ ਉਨਤੀ ਵਲ ਅਧਿਆਪਕ ਦੀ ਲਾਪਰਵਾਹੀ ਤੋਂ ਵਧ ਖ਼ਤਰਨਾਕ ਗਲ ਹੋਰ ਕੋਈ ਨਹੀਂ। ਫਿਰ ਝਾੜ ਪਾਉਣਾ, ਧਮਕੀਆਂ ਅਤੇ ਗ਼ੁਸਾ ਆਉਂਦੇ ਹਨ ਅਤੇ ਉਹਨਾਂ ਲੋਕਾਂ ਵਿਚ ਜਿਹੜੇ ਅਸਲੀ ਸਿਖਿਅਕ ਨਹੀਂ ਇਸ ਤਥ ਉਤੇ ਖੋਰੀ ਖ਼ੁਸ਼ੀ ਵੀ ਆਉਂਦੀ ਹੈ ਕਿ ਬਚਾ ਕੋਈ ਗਲ

ਨਹੀਂ ਜਾਣਦਾ, ਫ਼ੇਲ੍ਹ ਹੋਣ ਵਾਲੇ ਨੰਬਰ ਦੇਣ ਉਤੇ ਖ਼ੁਸ਼ੀ ਆਉਂਦੀ ਹੈ ਤਾਂ ਜੁ ਮਾਤਾ ਪਿਤਾ ਨੂੰ ਪਤਾ ਲਗ ਜਾਵੇ ਕਿ ਉਹਨਾਂ ਦਾ ਬਚਾ ਕਿਹੋ ਜਿਹਾ ਹੈ।...

ਮੈਂ ਸਕੂਲ ਨਾਲ ਸੰਬੰਧਤ ਮਾਨਸਕ ਬੇਚੈਨੀ ਦਾ ਕਈ ਵਰ੍ਹਿਆਂ ਤਕ ਅਧਿਅਨ ਕੀਤਾ। ਅਧਿਆਪਕ ਵਲੋਂ ਬੇਇਨਸਾਫ਼ੀ ਦਾ ਬਚਿਆਂ ਦੀ ਤੰਤੂ ਪ੍ਰਣਾਲੀ ਕਈ ਢੰਗਾਂ ਨਾਲ ਪ੍ਰਤਿਕਰਮ ਕਰਦੀ ਹੈ: ਉਹ ਪਰਾ-ਸਰਗਰਮੀ, ਤਦੀ ਦੇ ਮਾਨਸਕ ਵਹਿਮ, ਬਨਾਵਟੀ ਜਾਂ ਗ਼ੈਰ-ਬਨਾਵਟੀ ਲਾਪਰਵਾਹੀ, ਨਿਰਉਤਸ਼ਾਹਕਤਾ ਜਾਂ ਡੂੰਘੀ ਉਦਾਸੀ, ਆਪਣੇ ਅਧਿਆਪਕਾਂ ਅਤੇ ਪਰਵਾਰਾਂ ਵਲੋਂ ਸਜ਼ਾ ਦਿਤੇ ਜਾਣ ਦਾ ਡਰ, ਭੰਡਪੁਣੇ ਅਤੇ ਖਰੂਦ ਕਰਨ ਜਾਂ ਜ਼ੁਲਮ, ਜਿਸ ਵਿਚ ਰੋਗੀ ਪ੍ਰਗਟਾ ਹੁੰਦੇ ਹਨ (ਅਜਿਹਾ ਬਹੁਤ ਘਟ ਹੁੰਦਾ ਹੈ ਪਰ ਇਹਨੂੰ ਅਖੋਂ ਉਹਲੇ ਨਹੀਂ ਕੀਤਾ ਜਾ ਸਕਦਾ) ਨਾਲ ਪ੍ਰਤਿਕਰਮ ਕਰਦੇ ਹਨ। ਸਿਖਿਆਵਾਦ ਵਲ ਪ੍ਰਤਿਕਰਮ ਤੋਂ ਬਚਣਾ ਮਾਤਾ ਪਿਤਾ ਅਤੇ ਅਧਿਆਪਕ ਦੀ ਵਿਦਿਅਕ ਯੋਗਤਾ ਉਤੇ ਨਿਰਭਰ ਹੈ। ਵਿਦਿਅਕ ਯੋਗਤਾ ਦਾ ਸਭ ਤੋਂ ਮਹਤਵ-ਪੂਰਨ ਪਖ ਹੋਣਾ ਚਾਹੀਦਾ ਹੈ, ਹਰ ਬਚੇ ਦੇ ਆਤਮਕ ਜੀਵਨ ਲਈ **ਜਜ਼ਬਾ**, ਬਚੇ ਨੂੰ ਇਹ ਅਨੁਭਵ ਦੇਣ ਲਈ ਕਿ ਉਹਨੂੰ ਅਖੋਂ ਉਹਲੇ ਨਹੀਂ ਕੀਤਾ ਜਾ ਰਿਹਾ, ਕਿ ਉਹਦੇ ਗ਼ਮ, ਸ਼ਿਕਾਇਤਾਂ ਅਤੇ ਦੁਖਾਂ ਵਿਚ ਕਿਸੇ ਦੀ ਸਾਂਝ ਹੈ, ਜਿੰਨਾਂ ਧਿਆਨ ਅਤੇ ਆਤਮਕ ਸ਼ਕਤੀ ਦੇਣ ਦੀ ਲੋੜ ਹੋਵੇ ਉਨੀ ਦੇਣ ਦੀ ਯੋਗਤਾ।

ਬਚੇ ਦੇ ਦ੍ਰਿਸ਼ਟੀਕੋਣ ਤੋਂ ਅਧਿਆਪਕ ਜਿਹੜੀ ਵਧ ਤੋਂ ਵਧ ਬੇਇਨਸਾਫ਼ੀ ਕਰ ਸਕਦਾ ਹੈ ਉਹ ਹੈ ਨਿਹਕੀ ਤੌਰ ਉਤੇ ਫ਼ੇਲ੍ਹ ਹੋਣ ਵਾਲੇ ਨੰਬਰ ਦੇਣਾ ਅਤੇ ਇਸ ਲਈ ਮਾਤਾ ਪਿਤਾ ਤੋਂ ਸਜ਼ਾ ਦਿਵਾਉਣਾ। ਜੇ ਬਚਾ ਵੇਖਦਾ ਹੈ ਕਿ ਅਧਿਆਪਕ ਮਾਤਾ ਪਿਤਾ ਨੂੰ ਮਾੜੇ ਨੰਬਰਾਂ ਦੀ ਖ਼ਬਰ ਦੇਣ ਉਤੇ ਤੁਲਿਆ ਹੋਇਆ ਹੈ ਤਾਂ ਉਹਦੇ ਮਨ ਵਿਚ ਅਧਿਆਪਕ ਅਤੇ ਸਕੂਲ ਵਿਰੁਧ ਕੁੜਿਤਣ ਭਰ ਜਾਂਦੀ ਹੈ। ਬੌਧਕ ਕਿਰਤ ਉਹਦੇ ਲਈ ਇਕ ਘਿਰਣਤ ਕਾਰਜ ਬਣ ਜਾਂਦਾ ਹੈ। ਜਜ਼ਬਿਆਂ ਦਾ ਇਹ ਖਰ੍ਹਵਾ ਹੋਣਾ ਹੋਰਾਂ ਲੋਕਾਂ ਨਾਲ ਉਹਦੇ ਸੰਬੰਧਾਂ ਵਿਚ ਚਲਾ ਜਾਂਦਾ ਹੈ, ਸਭ ਤੋਂ ਪਹਿਲਾਂ ਮਾਤਾ ਪਿਤਾ ਨਾਲ ਸੰਬੰਧਾਂ ਵਿਚ।

ਇਸ ਭਾਵੁਕ ਛੇਤੀ ਵਿਟਰ ਜਾਣ ਨਾਲੋਂ, ਜਿਸਨੂੰ ਬੇਇਨਸਾਫ਼ੀ ਜਨਮ ਦੇਂਦੀ ਹੈ, ਬਚੇ ਦੀ ਆਤਮਾ ਨੂੰ ਵਧੇਰੇ ਕਰੂਪ ਬਣਾਉਣ ਵਾਲੀ ਕਿਸੇ ਗਲ ਦੀ ਕਲਪਨਾ ਕਰਨਾ ਅਸੰਭਵ ਹੈ। ਬੇਪਰਵਾਹੀ ਦੀ ਇਸ ਭਾਵਨਾ ਕਾਰਨ ਬਚਾ ਚੰਗੇ ਅਤੇ ਭੈੜੇ ਵਲ ਆਪਣੀ ਅਨੁਭਵਤਾ ਗੁਆ ਬਹਿੰਦਾ ਹੈ। ਉਹ ਇਹ ਨਹੀਂ ਸਮਝਦਾ ਕਿ ਉਹਦੇ ਦੁਆਲੇ ਚੰਗੇ ਅਤੇ ਭੈੜੇ ਲੋਕ ਹਨ। ਉਹਦੇ ਦਿਲ ਵਿਚ ਸ਼ਕੀਪੁਣਾ ਅਤੇ ਲੋਕਾਂ ਵਲ ਬੇਭਰੋਸਗੀ ਪੈਦਾ ਹੋ ਜਾਂਦੀ ਹੈ ਅਤੇ ਇਹੋ ਕੁੜਿਤਣ ਦਾ ਮੁਖ ਸੋਮਾ ਹੈ।

ਸਿਖਿਆਕਾਂ ਵਿਚਕਾਰ ਬੰਦਾ ਅਜ ਕਲ ਅਕਸਰ ਉਤਸ਼ਾਹ ਦੇਣ ਅਤੇ ਸਜ਼ਾ ਦੇਣ ਦੀਆਂ ਗਲਾਂ ਸੁਣਦਾ ਹੈ। ਇਕ ਲੁਭਾਉਣੇ ਸਿਧਾਂਤ ਇਕ ਦਿਨ ਜਿਉਣ ਵਾਲੇ ਭੰਬਟਾਂ ਵਾਂਗ ਜੰਮਦੇ ਅਤੇ ਮਰ ਜਾਂਦੇ ਹਨ।... ਉਹਨਾਂ ਵਿਚ ਵਿਦਿਅਕ

ਕੰਮ ਵਿਚ ਸਭ ਤੋਂ ਮਹਤਵ-ਪੂਰਨ ਉਤਸ਼ਾਹ ਅਤੇ ਸਭ ਤੋਂ ਸਖ਼ਤ (ਪਰ ਇਹ ਸਦਾ ਸਰਗਰਮ ਨਹੀਂ ਹੁੰਦੀ) ਸਜ਼ਾ ਨੰਬਰ ਹਨ। ਇਹ ਸਭ ਤੋਂ ਤਿਖਾ ਸੰਦ ਹੈ ਜਿਸਦੀ ਵਰਤੋਂ ਅਥਾਹ ਚਤੁਰਾਈ ਅਤੇ ਯੋਗਤਾ ਦੀ ਮੰਗ ਕਰਦੀ ਹੈ।

ਇਸ ਸੰਦ ਨੂੰ ਯੋਗ ਢੰਗ ਨਾਲ ਵਰਤਣ ਲਈ ਇਹ ਲਾਜ਼ਮੀ ਹੈ ਕਿ ਬੰਦਾ ਬਚੇ ਨੂੰ ਪਿਆਰ ਕਰੇ। ਉਹਨੂੰ ਇਹ ਨਾ ਦਸੋ ਕਿ ਤੁਸੀਂ ਉਹਨੂੰ ਪਸੰਦ ਕਰਦੇ ਹੋ ਸਗੋਂ ਆਪਣਾ ਪਿਆਰ ਉਹਦੇ ਲਈ ਆਪਣੀ ਫ਼ਿਕਰਮੰਦੀ ਵਿਚ ਪ੍ਰਗਟ ਕਰੋ। "ਜੇ ਅਧਿਆਪਕ ਕੇਵਲ ਆਪਣੇ ਕੰਮ ਨੂੰ ਪਿਆਰ ਕਰ ਸਕਦਾ ਹੈ ਤਾਂ ਉਹ ਚੰਗਾ ਅਧਿਆਪਕ ਹੋਵੇਗਾ। ਜੇ ਅਧਿਆਪਕ ਵਿਚ ਆਪਣੇ ਵਿਦਿਆਰਥੀਆਂ ਲਈ, ਮਾਤਾ ਜਾਂ ਪਿਤਾ ਵਾਂਗ, ਪਿਆਰ ਹੈ ਤਾਂ ਉਹ ਉਸ ਅਧਿਆਪਕ ਨਾਲੋਂ ਚੰਗਾ ਹੋਵੇਗਾ ਜਿਸਨੇ ਸਾਰੀਆਂ ਪੁਸਤਕਾਂ ਪੜ੍ਹੀਆਂ ਹਨ ਪਰ ਆਪਣੇ ਕੰਮ ਜਾਂ ਵਿਦਿਆਰਥੀਆਂ ਨੂੰ ਪਿਆਰ ਨਹੀਂ ਕਰਦਾ। ਉਹ ਪ੍ਰਬੀਨ ਅਧਿਆਪਕ ਹੋਵੇਗਾ," ਟਾਲਸਟਾਈ ਨੇ ਲਿਖਿਆ ਹੈ।*

ਭਾਵੁਕਤਾ ਇਕ ਅਜਿਹਾ ਗੁਣ ਹੈ ਜਿਹੜਾ ਕੇਵਲ ਅਧਿਅਨ ਰਾਹੀਂ ਹੀ ਪ੍ਰਾਪਤ ਨਹੀਂ ਕੀਤਾ ਜਾ ਸਕਦਾ। ਸਿਖਿਅਕ ਵਿਚ ਮਨੁਖੀ ਭਾਵੁਕਤਾ ਦਾ ਆਧਾਰ ਆਮ ਬੌਧਕ, ਸਦਾਚਾਰਕ, ਸੁਹਜ-ਸੁਆਦੀ ਅਤੇ ਭਾਵੁਕ ਵਿਕਾਸ ਦੀ ਜੀਵੀ ਏਕਤਾ ਹੈ ਅਤੇ ਇਹ ਏਕਤਾ ਉਚ ਵਿਦਿਅਕ ਪਧਰ ਅਤੇ ਸਮੂਹ ਦੇ ਅੰਦਰ ਸਦਾਚਾਰਕ ਸੰਬੰਧਾਂ ਦੇ ਸਮਾਜੀ ਅਨੁਭਵ ਉਤੇ ਅਧਿਕਾਰੀ ਹੈ। ਅਧਿਆਪਕ ਨੂੰ ਜਾਣਨਾ ਅਤੇ ਅਨੁਭਵ ਕਰਨਾ ਚਾਹੀਦਾ ਹੈ ਕਿ ਹਰ ਬਚੇ ਦੀ ਹੋਣੀ ਦਾ ਭਾਰ ਉਹਦੇ ਅੰਤਹਕਰਣ ਉਤੇ ਹੈ, ਕਿ ਉਹ ਸਕੂਲ ਵਿਚ ਜਿਨ੍ਹਾਂ ਲੋਕਾਂ ਨੂੰ ਪੜ੍ਹਾਉਂਦਾ ਹੈ ਉਹਨਾਂ ਦਾ ਤਰਕ, ਸਿਹਤ ਅਤੇ ਖ਼ੁਸ਼ੀ ਉਹਦੀ ਆਤਮਕ ਅਤੇ ਬੌਧਕ ਭਰਪੂਰਤਾ ਉਤੇ ਨਿਰਭਰ ਹੈ।

...ਦੂਜੀ ਸ਼੍ਰੇਣੀ ਵਿਚ ਵਿਆਕਰਣ ਦਾ ਸਬਕ। ਨਿਯਮਾਂ ਦੇ ਅਧਿਅਨ ਅਤੇ ਮਸ਼ਕਾਂ ਦੇ ਵਿਸ਼ਲੇਸ਼ਣ ਤੋਂ ਪਿਛੋਂ ਬਚਿਆਂ ਨੇ ਸੁਤੰਤਰ ਕੰਮ ਕਰਨਾ ਸੀ, ਜਿਸਦਾ ਮੰਤਵ ਉਹਨਾਂ ਦੇ ਗਿਆਨ ਦੀ ਪੜਤਾਲ ਕਰਨਾ ਅਤੇ ਇਹਨੂੰ ਡੂੰਘੇਰਾ ਬਣਾਉਣਾ ਸੀ। ਇਸ ਕੰਮ ਲਈ ਨੰਬਰ ਦਿਤੇ ਜਾਣਗੇ। ਕੰਮ ਦੀ ਪੜਤਾਲ ਕਰਦਾ ਹੋਇਆ ਮੈਂ ਵੇਖਦਾ ਹਾਂ ਕਿ ਮੀਸ਼ਾ ਅਤੇ ਪੈਤਰਿਕ ਨੇ ਕੰਮ ਮਾੜੀ ਤਰ੍ਹਾਂ ਕੀਤਾ ਹੈ। ਜੇ ਮੈਂ ਉਹਨਾਂ ਨੂੰ ਫ਼ੇਲ ਹੋਣ ਵਾਲੇ ਨੰਬਰ ਦਿਆਂ ਤਾਂ ਬਚੇ, ਜਿਹੜੇ ਪੂਰੇ ਦਿਲ ਜਾਨ ਨਾਲ ਸਿਖਣਾ ਚਾਹੁੰਦੇ ਹਨ, ਇਹਨੂੰ ਇਕ ਸਜ਼ਾ ਵਜੋ ਲੈਣਗੇ: "ਤੁਹਾਡੇ ਸਾਥੀਆਂ ਨੇ ਇਕ ਕਦਮ ਅਗੇ ਵਲ ਚੁਕਿਆ ਹੈ ਪਰ ਤੁਸਾਂ ਨਹੀਂ ਚੁਕਿਆ।" ਮੈਂ ਗ਼ਲਤੀਆਂ ਠੀਕ ਕੀਤੀਆਂ, ਸੁਹਣੀ ਲਿਖਾਈ ਦੀਆਂ ਉਦਾਹਰਣਾਂ ਦਿਤੀਆਂ, ਪਰ ਮੀਸ਼ਾ ਜਾਂ ਪੈਤਰਿਕ ਨੂੰ ਕੋਈ ਨੰਬਰ ਨਾ ਦਿਤੇ। ਕਾਪੀਆਂ ਮੋੜਦੇ ਹੋਏ ਮੈਂ ਬਚਿਆਂ ਨੂੰ ਕਿਹਾ:

---

* **ਲੀਓ ਟਾਲਸਟਾਈ**, ਮੁਕੰਮਲ ਕਿਰਤਾਂ, ਸੰਚੀ ੪, ਮਾਸਕੋ, ਗ ਇ ਹ ਲ, ਪੰਨਾ ੨੬ (ਰੂਸੀ ਵਿਚ)।

"ਮੀਸ਼ਾ ਅਤੇ ਪੈਤਰਿਕ ਨੇ ਨੰਬਰ ਪ੍ਰਾਪਤ ਨਹੀਂ ਕੀਤੇ। ਬਚਿਓ ਤੁਹਾਨੂੰ ਜ਼ਰੂਰ ਹੀ ਚੰਗੀ ਤਰ੍ਹਾਂ ਕੰਮ ਕਰਨਾ ਚਾਹੀਦਾ ਹੈ। ਆਪਣੀ ਮਰਜ਼ੀ ਨਾਲ ਇਕ ਹੋਰ ਮਸ਼ਕ ਕਰੋ ਅਤੇ ਨੰਬਰ ਪ੍ਰਾਪਤ ਕਰਨ ਦਾ ਜਤਨ ਕਰੋ।"

ਬਚੇ ਪਹਿਲਾਂ ਹੀ ਇਸ ਗਲ ਦੇ ਆਦੀ ਸਨ ਕਿ ਮਾੜੇ ਕੰਮ ਲਈ ਉਹਨਾਂ ਨੂੰ ਨੰਬਰ ਨਹੀਂ ਸਨ ਮਿਲਦੇ। ਇਹ ਨਿਸ਼ਚਾ ਕਿ ਮੁਕੰਮਲ ਕੀਤਾ ਕੰਮ ਲਾਜ਼ਮੀ ਤੌਰ ਉਤੇ ਅਗੇ ਵਲ ਕਦਮ ਨਹੀਂ ਜਿਸ ਸੰਬੰਧੀ ਅਧਿਆਪਕ "ਸਜ਼ਾ" ਦਾ ਨਿਰਣਾਇਕ ਫ਼ੈਸਲਾ ਕਰਦਾ, ਉਹਨਾਂ ਦੇ ਮਨਾਂ ਵਿਚ ਹੌਲੀ ਹੌਲੀ ਰੂਪ ਧਾਰ ਗਿਆ। ਬਚੇ ਲਈ ਉਨਤੀ ਦਾ ਰਾਹ ਬੰਦ ਨਾ ਹੋ ਗਿਆ: ਜੋ ਕੁਝ ਉਹ ਅਜੇ ਨਹੀਂ ਕਰ ਸਕਦਾ ਉਹ ਭਵਿਖ ਵਿਚ ਕਰੇਗਾ, ਹੋ ਸਕਦਾ ਹੈ ਅਜ ਹੀ ਜਾਂ ਭਲਕੇ। ਮੀਸ਼ਾ ਅਤੇ ਪੈਤਰਿਕ ਨੇ ਉਸ ਤਰ੍ਹਾਂ ਦੀ ਬਦਕਿਸਮਤੀ ਅਨੁਭਵ ਨਾ ਕੀਤੀ ਜਿਹੋ ਜਿਹੀ ਫ਼ੇਲ ਹੋਣ ਵਾਲੇ ਨੰਬਰ ਪ੍ਰਾਪਤ ਕਰਨ ਵਾਲਾ ਬਚਾ ਅਨੁਭਵ ਕਰਦਾ ਹੈ, ਇਹ ਅਨੁਭਵ ਕਿ ਉਹ ਆਪਣੇ ਸਾਥੀਆਂ ਤੋਂ ਇਕ ਕਦਮ ਪਿਛੇ ਰਹਿ ਗਿਆ ਹੈ। ਇਥੇ ਸਬਕਾਂ ਸਮੇਂ ਬਚੇ ਕਹਿੰਦੇ ਹਨ: "ਕ੍ਰਿਪਾ ਕਰਕੇ ਸਾਨੂੰ ਇਕ ਮਸ਼ਕ ਦਿਓ।" ਸੋ ਮੈਂ ਉਹਨ ਨੂੰ ਦੇ ਦੇਂਦਾ ਹਾਂ। ਸਕੂਲੀ ਦਿਨ ਦੇ ਦੌਰਾਨ ਉਹ ਇਹਨੂੰ ਕਰਨ ਲਈ ਸਮਾਂ ਲਭ ਲੈਂਦੇ ਹਾਂ। ਸਾਡੇ ਸਕੂਲੀ ਦਿਨ ਨੂੰ ਇਉਂ ਨਮਿਤਿਆ ਗਿਆ ਸੀ ਕਿ ਹਰ ਵਿਦਿਆਰਥੀ ਨੂੰ ਦਿਨ ਵਿਚ ਉਹ ਕੰਮ ਕਰਨ ਲਈ ਅਧਾ ਘੰਟਾ ਮਿਲ ਜਾਂਦਾ ਜਿਸਨੂੰ ਉਹ ਸਭ ਤੋਂ ਵਧ ਲੋੜੀਂਦਾ ਸਮਝਦਾ। ਨਿਕੇ ਮੁੰਡੇ ਨੰਬਰ ਪ੍ਰਾਪਤ ਕਰਨ ਲਈ ਪੂਰੀ ਵਾਹ ਲਾਉਂਦੇ, ਇਹ ਵਿਖਾਉਣ ਲਈ ਕਿ ਉਹ ਬਾਕੀਆਂ ਤੋਂ ਮਾੜੇ ਨਹੀਂ। ਮੈਂ ਉਹਨਾਂ ਦੇ ਕੰਮ ਦੀ ਪੜਤਾਲ ਕਰਦਾ ਅਤੇ ਜਿਹਾ ਕਿ ਅਜਿਹੀਆਂ ਹਾਲਤਾਂ ਵਿਚ ਲਗ ਭਗ ਹਮੇਸ਼ਾ ਹੁੰਦਾ ਹੈ ਉਹ ਚੰਗੇ ਨੰਬਰਾਂ ਦੇ ਹਕਦਾਰ ਹੁੰਦੇ।

ਜਿਨ੍ਹਾਂ ਹਾਲਤਾਂ ਵਿਚ ਕੰਮ ਰਚਨਾਤਮਕ ਬੌਧਕ ਸ਼ਕਤੀ, ਤਰਕ ਅਤੇ ਖੋਜ ਦੀ ਮੰਗ ਕਰਦਾ ਹੈ ਉਥੇ ਕੰਮ ਲਈ ਇਛਾ ਜਗਾਉਣ ਲਈ ਨੰਬਰਾਂ ਦੀ ਉਤੇਜਕ ਵਜੋ ਸਾਵਧਾਨੀ ਨਾਲ ਵਰਤੋਂ ਕਰਨਾ ਵਿਸ਼ੇਸ਼ ਤੌਰ ਉਤੇ ਮਹਤਵ-ਪੂਰਨ ਹੈ। ਇਕ ਵਿਦਿਆਰਥੀ ਵਿਚ ਸੋਚਣ ਦਾ ਅਮਲ ਤੇਜ਼ੀ ਨਾਲ ਅਤੇ ਨਿਰਣਾਇਕ ਢੰਗ ਨਾਲ ਚਲਦਾ ਹੈ; ਇਕ ਹੋਰ ਵਿਚ ਹੌਲੀ ਹੌਲੀ; ਪਰ ਇਹਦਾ ਅਰਥ ਇਹ ਨਹੀਂ ਕਿ ਇਕ ਬਚਾ ਦੂਜੇ ਨਾਲੋਂ ਚੁਸਤ ਹੈ ਜਾਂ ਵਧੇਰੇ ਕੰਮ ਕਰਦਾ ਹੈ। ਮੁਢਲੇ ਸਕੂਲ ਵਿਚ ਹਿਸਾਬ ਦੇ ਸਵਾਲ, ਪ੍ਰਸ਼ਨ ਹਲ ਕਰਨਾ, ਵਿਦਿਆ ਦੇ ਪਹਿਲੇ ਅਸੂਲਾਂ ਦੀ ਪਰਖ ਹੈ; ਬਚਿਆਂ ਨੂੰ ਬੌਧਕ ਕਿਰਤ ਦੀ ਸਫ਼ਲਤਾ ਦੀ ਖ਼ੁਸ਼ੀ ਦੇਣਾ, ਉਹਨਾਂ ਵਿਚ ਮਾਣ ਅਤੇ ਸਵੈ-ਮਾਣ ਦਾ ਅਨੁਭਵ ਪੈਦਾ ਕਰਨਾ। ਬੰਦੇ ਨੂੰ ਇਹ ਗਲ ਨਿਸ਼ਚਿਤ ਬਣਾਉਣੀ ਚਾਹੀਦੀ ਹੈ ਕਿ ਪਹਿਲੀਆਂ ਔਕੜਾਂ ਬਚੇ ਲਈ ਠੋਕਰਾਂ ਨਾ ਬਣ ਜਾਣ। ਮੈਂ ਪ੍ਰਸ਼ਨ ਹਲ ਕਰਨ ਲਈ ਉਦੋਂ ਤਕ ਨੰਬਰ ਦੇਣੇ ਸ਼ੁਰੂ ਨਾ ਕੀਤੇ ਜਦੋਂ ਤਕ ਬਚਿਆਂ ਨੇ ਸੁਤੰਤਰ ਤੌਰ ਉਤੇ ਸੋਚਣਾ, ਪ੍ਰਸ਼ਨ ਦੀਆਂ ਸ਼ਰਤਾਂ ਸਮਝਣਾ, ਇਹਦੇ ਹਲ ਵਲ

ਰਾਹ ਲਭਣਾ—ਦੂਜੇ ਸ਼ਬਦਾਂ ਵਿਚ ਕਾਰਜ ਵਿਚ ਸਫ਼ਲ ਰਹਿਣ ਉਤੇ ਖ਼ੁਸ਼ੀ ਅਨੁਭਵ ਕਰਨਾ ਨਾ ਸਿਖ ਲਿਆ। ਇਥੇ ਨਿਤਾ-ਪ੍ਰਤੀ ਦੀ ਪਹੁੰਚ ਦੀ ਆਗਿਆ ਨਹੀਂ ਦਿਤੀ ਜਾ ਸਕਦੀ, ਹੋ ਸਕਦਾ ਹੈ ਇਕ ਬਚੇ ਨੂੰ ਮਹੀਨੇ ਵਿਚ ਹਿਸਾਬ ਵਿਚ ਤਿੰਨ ਵਾਰ ਨੰਬਰ ਮਿਲਣ ਅਤੇ ਇਕ ਹੋਰ ਨੂੰ ਇਕ ਵਾਰ ਵੀ ਨਾ ਮਿਲਣਾ ਪਰ ਇਹਦਾ ਅਰਥ ਇਹ ਨਹੀਂ ਕਿ ਪਿਛਲੇਰੇ ਨੇ ਕੰਮ ਨਹੀਂ ਕੀਤਾ ਅਤੇ ਕੋਈ ਉਨਤੀ ਨਹੀਂ ਕੀਤੀ। ਮੈਂ ਮਸਲੇ ਨੂੰ ਸਮਝਣਾ ਸਿਖ ਲਿਆ ਅਤੇ ਹਿਸਾਬ ਦਾ ਜਿਹੜਾ ਪਹਿਲਾ ਪੇਚਦਾਰ ਪ੍ਰਸ਼ਨ ਵਿਦਿਆਰਥੀ ਸੁਤੰਤਰ ਤੌਰ ਉਤੇ ਹਲ ਕਰਦਾ ਹੈ ਉਹ ਬਚੇ ਦੇ ਵਿਕਾਸ ਵਿਚ ਮਹਤਵ-ਪੂਰਨ ਕਦਮ ਹੈ।

ਜਿਹੜੇ ਬਚੇ ਹਿਸਾਬ ਵਿਚ ਸਫ਼ਲ ਨਾ ਹੋਏ ਮੈਂ ਵਰ੍ਹਿਆਂ ਬਧੀ ਉਹਨਾਂ ਦਾ ਅਧਿਅਨ ਕੀਤਾ ਅਤੇ ਮੈਨੂੰ ਨਿਸ਼ਚਾ ਹੈ ਕਿ ਜਿਹੜੇ ਬਚੇ ਮੁਢਲੇ ਅਤੇ ਸੈਕੰਡਰੀ ਸਕੂਲ ਵਿਚ ਪਿਛੇ ਰਹਿ ਜਾਂਦੇ ਹਨ ਉਹ ਸੁਤੰਤਰ ਤੌਰ ਉਤੇ ਇਕ ਵੀ ਪ੍ਰਸ਼ਨ ਹਲ ਨਹੀਂ ਕਰ ਸਕਦੇ। ਉਹ ਵਹਿਣ ਨਾਲ ਵਹਿੰਦੇ ਜਾਂਦੇ ਹਨ, ਆਪਣੇ ਪੈਰ ਉਥੇ ਰਖਦੇ ਹਨ ਜਿਥੇ ਉਹਨਾਂ ਦੇ ਸਾਥੀ ਪਹਿਲਾਂ ਖੜੇ ਹੋਏ ਸਨ: ਉਹ ਉਹਨਾਂ ਪ੍ਰਸ਼ਨਾਂ ਦੀ ਨਕਲ ਕਰਦੇ ਹਨ ਜਿਹੜੇ ਬੋਰਡ ਉਤੇ ਜਾਂ ਉਹਨਾਂ ਦੇ ਸਾਥੀਆਂ ਵਲੋਂ ਹਲ ਕੀਤੇ ਜਾ ਚੁਕੇ ਹਨ, ਪਰ ਬੁਨਿਆਦੀ ਤੌਰ ਉਤੇ ਉਹਨਾਂ ਨੂੰ ਆਪ ਮਸਲੇ ਹਲ ਕਰਨ ਦੀ ਸੂਝ ਨਹੀਂ ਹੁੰਦੀ।

ਸਿਖਿਆਵਾਦੀ ਨਿਪੁੰਨਤਾ ਨੂੰ ਚੰਗੇਰਾ ਬਣਾਉਣ ਦਾ ਕਿਸੇ ਕਿਸਮ ਦਾ ਢੰਗ ਲਭਣ ਨਾਲ ਇਸ ਔਕੜ ਨੂੰ ਦੂਰ ਕਰਨਾ ਅਸੰਭਵ ਹੈ। ਗਣਤ ਦੇ ਪ੍ਰਸ਼ਨਾਂ ਵਿਚ ਬੋਧਕ ਕਿਰਤ ਚਿੰਤਨ ਦੀ ਕਸਵਟੀ ਹੈ। ਮਸਲੇ ਦਾ ਕਾਰਨ ਇਹ ਹੈ ਕਿ ਬਚੇ ਨੇ ਸੋਚਣਾ ਨਹੀਂ ਸਿਖਿਆ; ਆਲੇ ਦੁਆਲੇ ਦਾ ਸੰਸਾਰ ਆਪਣੀਆਂ ਵਸਤਾਂ, ਨਿਰਭਰਤਾਵਾਂ ਅਤੇ ਅੰਤਰ-ਸੰਬੰਧਾਂ ਸਹਿਤ ਉਹਦੇ ਲਈ ਸੋਚ ਦਾ ਸੋਮਾ ਨਹੀਂ ਬਣਿਆ। ਅਨੁਭਵ ਨੇ ਦਰਸਾਇਆ ਹੈ ਕਿ ਜੇ, ਬਚਪਨ ਦੇ ਮੁਢ ਤੋਂ ਹੀ, ਪ੍ਰਕਿਰਤੀ ਵਿਚ "ਸਫ਼ਰ" ਬੌਧਕ ਕਿਰਤ ਦਾ ਸਚਾ ਸਕੂਲ ਬਣ ਜਾਣ ਤਾਂ ਇਕ ਵੀ ਬਚਾ ਗਣਤ ਵਿਚ ਫ਼ੇਲ੍ਹ ਨਹੀਂ ਹੋਵੇਗਾ। ਇਹ ਲਾਜ਼ਮੀ ਹੈ ਕਿ ਵਸਤਾਂ ਬਚੇ ਨੂੰ ਸੋਚਣਾ ਸਿਖਾਉਣ: ਇਹ ਨਿਸ਼ਚਿਤ ਬਣਾਉਣ ਲਈ ਕਿ ਸਾਰੇ ਸਾਧਾਰਨ ਬਚੇ ਸਿਆਣੇ, ਲਾਇਕ, ਖੋਜੀ ਅਤੇ ਪੁਛ-ਪੜਤਾਲ ਕਰਨ ਵਾਲੇ ਬਣ, ਇਹ ਅਸਾਧਾਰਨ ਮਹਤਤਾ ਵਾਲੀ ਸ਼ਰਤ ਹੈ। ਮੈਂ ਅਧਿਆਪਕਾਂ ਨੂੰ ਸਲਾਹ ਦਿਤੀ ਕਿ ਜੇ ਵਿਦਿਆਰਥੀ ਕੋਈ ਗਲ ਨਹੀਂ ਸਮਝਦਾ, ਜੇ ਉਹਦੇ ਵਿਚਾਰ ਪਾਣੀ ਵਿਚੋਂ ਬਾਹਰ ਨਿਕਲੀ ਮਛੀ ਵਾਂਗ ਬੇਬਸ ਤੜਫ਼ ਰਹੇ ਹਨ ਤਾਂ ਖ਼ੁਦ ਆਪਣੇ ਕੰਮ ਉਤੇ ਨੇੜਵੀਂ ਝਾਤ ਮਾਰਨ: ਕੀ ਉਹਨਾਂ ਦੇ ਵਿਦਿਆਰਥੀਆਂ ਦੇ ਮਨ ਚਿੰਤਨ ਦੇ ਮਹਾਨ, ਜੀਵਨਦਾਤੇ ਪਰਵਾਹ—ਪ੍ਰਕਿਰਤੀ ਦੀਆਂ ਵਸਤਾਂ ਅਤੇ ਵਰਤਾਰਿਆਂ ਦੇ ਸੰਸਾਰ—ਤੋਂ ਕਟੀ ਹੋਈ, ਸੁਕ ਰਹੀ ਨਿਕੀ ਝੀਲ ਜਿਹੇ ਹੋ ਗਏ ਹਨ? ਇਸ ਨਿਕੀ ਝੀਲ ਨੂੰ ਪ੍ਰਕਿਰਤੀ, ਵਸਤਾਂ ਅਤੇ ਆਲੇ ਦੁਆਲੇ ਦੇ ਸੰਸਾਰ ਦੇ

ਮਹਾਨ ਸਾਗਰ ਨਾਲ ਜੋੜੋ ਅਤੇ ਫਿਰ ਵੇਖੋ ਕਿ ਜਿਊਂਦੇ ਚਿੰਤਨ ਦਾ ਚਸ਼ਮਾ ਕਿਵੇਂ ਫੁਟ ਪੈਂਦਾ ਹੈ।

ਪਰ ਇਹ ਸੋਚਣਾ ਗ਼ਲਤੀ ਹੋਵੇਗੀ ਕਿ ਆਲੇ ਦੁਆਲੇ ਦਾ ਜੀਵਨ ਆਪਣੇ ਆਪ ਬਚੇ ਨੂੰ ਸੋਚਣਾ ਸਿਖਾਉਂਦਾ ਹੈ। ਸਿਧਾਂਤਕ ਸੋਚ ਤੋਂ ਬਿਨਾਂ ਵਸਤਾਂ ਬਚਿਆਂ ਦੀਆਂ ਅਖਾਂ ਤੋਂ ਇਕ ਅਣਛਿਦ ਕੰਧ ਪਿਛੇ ਲੁਕੀਆਂ ਰਹਿੰਦੀਆਂ ਹਨ। ਪ੍ਰਕਿਰਤੀ ਬੰਧਕ ਕਿਰਤ ਲਈ ਤਾਂ ਹੀ ਸਕੂਲ ਬਣਦੀ ਹੈ ਜੇ ਬਚਾ ਵਾਤਾਵਰਣ ਦੇ ਆਲੇ ਦੁਆਲੇ ਵਿਚੋਂ ਅਮੂਰਤ ਖ਼ਿਆਲ ਕਢਦਾ ਹੈ। ਬਚੇ ਲਈ ਇਹ ਲਾਜ਼ਮੀ ਹੈ ਕਿ ਉਹ ਯਥਾਰਥ ਦੇ ਸਪਸ਼ਟ ਬਿੰਬ ਸਮੋਏ ਅਤੇ ਪ੍ਰਸਪਰ ਪ੍ਰਭਾਵ ਨੂੰ ਆਲੇ ਦੁਆਲੇ ਦੇ ਸੰਸਾਰ ਦੇ ਮਹਤਵ-ਪੂਰਨ ਅੰਸ਼ ਵਜੋਂ ਸਮਝੇ। ਹੀਗਲ ਦੇ ਇਸ ਵਿਚਾਰ ਨੂੰ ਆਮਿਆਉਂਦੇ ਹੋਏ ਕਿ ਅੰਤਰਸੰਬੰਧ ਕੁਲ ਹੋਂਦ ਦਾ causa finalis * ਹੈ ਏਂਗਲਜ਼ ਨੇ ਲਿਖਿਆ, "ਅਸੀਂ ਇਸ ਪ੍ਰਸਪਰ ਅਮਲ ਤੋਂ ਵਧੇਰੇ ਪਿਛੇ ਨਹੀਂ ਜਾ ਸਕਦੇ, ਇਸ ਸਾਦੇ ਕਾਰਨ ਕਰਕੇ ਕਿ ਇਸ ਤੋਂ ਪਿਛੇ ਜਾਣਨ ਲਈ ਕੁਝ ਹੈ ਹੀ ਨਹੀਂ"। ** ਪ੍ਰਸਪਰ ਅਮਲ ਦਾ ਬੋਧ ਅਮੂਰਤ ਸੋਚ ਲਈ ਸਿਧੀ ਤਿਆਰੀ ਵਜੋਂ ਗਣਤਕ ਸੋਚ ਲਈ ਇਕ ਮਹਤਵ-ਪੂਰਨ ਸ਼ਰਤ ਹੈ। ਸਫਲਤਾ ਨਾਲ ਪ੍ਰਸ਼ਨ ਹਲ ਕਰਨਾ ਇਸ ਗਲ ਉਤੇ ਨਿਰਭਰ ਹੈ ਕਿ ਬਚਿਆਂ ਨੇ ਵਸਤਾਂ ਅਤੇ ਵਰਤਾਰਿਆਂ ਵਿਚਕਾਰ ਪ੍ਰਸਪਰ ਅਮਲ ਵੇਖ ਲਿਆ ਹੈ ਜਾਂ ਨਹੀਂ।

ਪ੍ਰਸ਼ਨ ਹਲ ਕਰਨ ਦੇ ਅਮਲ ਵਿਚ ਸੁਤੰਤਰ ਬੰਧਕ ਕਿਰਤ ਉਦੋਂ ਵੀ ਫਲ ਦੇਂਦੀ ਹੈ ਜਦੋਂ ਉਹ ਆਮਿਆਉਣੇ, ਜਿਨ੍ਹਾਂ ਤੋਂ ਬਿਨਾਂ ਸੋਚਣਾ ਬੇਅਰਥ ਹੈ (ਪਹਾੜੇ ਜਾਂ ਪ੍ਰਕਿਰਤਕ ਅੰਕਾਂ ਦੀ ਲੜੀ) ਬਚੇ ਦੇ ਚੇਤੇ ਵਿਚ ਸਦਾ ਲਈ ਅਤੇ ਪਕੇ ਤੌਰ ਉਤੇ ਜਮ੍ਹਾਂ ਹੋ ਜਾਂਦੇ ਹਨ।

ਪੈਤਰਿਕ ਹਿਸਾਬ ਦੇ ਸਵਾਲ ਦੀਆਂ ਸ਼ਰਤਾਂ ਬਹੁਤ ਦੇਰ ਚੇਤੇ ਨਹੀਂ ਸੀ ਰਖ ਸਕਦਾ। ਮੈਂ ਵਿਆਖਿਆ ਕਰਨ ਦੀ ਕਾਹਲ ਨਾਂ ਕੀਤੀ। ਮੁਖ ਗਲ ਇਹ ਸੀ ਕਿ ਨਿਕਾ ਮੁੰਡਾ ਨਿਜੀ ਦਿਮਾਗ਼ੀ ਜਤਨ ਰਾਹੀਂ ਵਸਤਾਂ ਅਤੇ ਵਰਤਾਰਿਆਂ ਦੀ ਅੰਤਰ-ਸੰਬੰਧਤਾ ਦੇ ਤਤ ਨੂੰ ਸਮਝੇ। ਪਰ ਜੇ ਬਚਾ ਸਿਧਾਂਤਕ ਤੌਰ ਉਤੇ ਸੋਚਣ ਲਈ ਤਿਆਰ ਨਾ ਹੋਵੇ, ਜੇ ਉਹ ਤੁਲਨਾ ਅਤੇ ਵਿਸ਼ਲੇਸ਼ਣ ਨਾ ਕਰ ਸਕਦਾ ਹੋਵੇ ਤਾਂ ਜਿਊਂਦੀ ਸੋਚ ਫੁਟ ਨਹੀਂ ਸਕਦੀ। ਮੈਂ ਬਚਿਆਂ ਨੂੰ ਪ੍ਰਕਿਰਤੀ ਵਲ ਲੈ ਗਿਆ, ਉਹਨਾਂ ਨੂੰ ਘੜੀ ਮੁੜੀ ਧਿਆਨ ਨਾਲ ਵੇਖਣਾ, ਵਸਤਾਂ, ਸਿਫ਼ਤਾਂ ਅਤੇ ਵਰਤਾਰਿਆਂ ਦਾ ਮੁਕਾਬਲਾ ਕਰਨਾ ਸਿਖਾਇਆ — ਉਹਨਾਂ ਨੂੰ ਅੰਤਰ-ਸੰਬੰਧ ਸਮਝਣਾ ਸਿਖਾਇਆ। ਮੈਂ

---

* ਅੰਤਮ ਕਾਰਨ। — ਅਨੁ:

** **ਫ਼ਰੈਡਰਿਕ ਏਂਗਲਜ਼**, "ਪ੍ਰਕਿਰਤੀ ਦਾ ਦਵੰਦਵਾਦ," ਪ੍ਰਗਤੀ ਪ੍ਰਕਾਸ਼ਨ, ਮਾਸਕੋ, ੧੯੭੪, ਪੰਨੇ ੨੩੧-੩੨।

ਪੈਤਰਿਕ ਦਾ ਧਿਆਨ ਆਲੇ ਦੁਆਲੇ ਦੇ ਸੰਸਾਰ ਦੇ ਉਹਨਾਂ ਵਰਤਾਰਿਆਂ ਵਲ ਦਿਵਾਇਆ ਜਿਨ੍ਹਾਂ ਨੇ ਬਚੇ ਦੀ ਚੇਤਨਤਾ ਵਿਚ ਗੁਣਾ ਦੇ, ਅੰਕੜੇ ਦੇ ਆਮ ਤੌਰ ਉਤੇ ਵਸਤਾਂ ਦੀਆਂ ਅਤਿ-ਅੰਤ ਮਹਤਵ-ਪੂਰਨ ਸਿਫ਼ਤਾਂ ਵਜੋਂ ਪ੍ਰਭਾਵ ਬਣਾਏ। ਮੈਂ ਅਜਿਹੇ ਪੜਾ ਉਤੇ ਅਪੜ ਗਿਆ, ਜਿਥੇ ਬਚਾ ਅੰਕਕ ਨਿਰਭਰਤਾ ਸਮਝ ਗਿਆ, ਜਿਥੇ ਉਹਨੂੰ ਨਿਸ਼ਚਾ ਹੋ ਗਿਆ ਕਿ ਬਸ ਕਿਸੇ ਨੇ ਉਹਨਾਂ ਦੀ ਕਲਪਨਾ ਹੀ ਨਹੀਂ ਸੀ ਕਰ ਲਈ, ਸਗੋਂ ਉਹਨਾਂ ਦੀ ਸਚ ਮੁਚ ਹੋਂਦ ਸੀ। ਇਥੇ ਇਸ ਗਲ ਦੀ ਬਹੁਤ ਮਹਾਨਤਾ ਨਹੀਂ ਕਿ ਵਿਦਿਆਰਥੀ ਨੇ ਇਕ ਦਮ ਹਿਸਾਬ ਕਰਨਾ ਸਿਖ ਲਿਆ, ਅੰਕੜਿਆਂ ਨੂੰ ਵਰਤਣਾ ਸਿਖ ਲਿਆ, ਸਗੋਂ ਇਹ ਕਿ ਉਹਨੇ ਨਿਰਭਰਤਾ ਦੇ ਐਨ ਤਤ ਵਿਚੋਂ ਸੋਚਣਾ ਸਿਖ ਲਿਆ।

ਅਸੀਂ ਹਦਵਾਣਿਆਂ ਦੇ ਖੇਤ ਵਿਚ ਬੈਠੇ ਇਹ ਵੇਖ ਰਹੇ ਕਿ ਕੰਬਾਈਨ ਕਣਕ ਕਿਵੇਂ ਇਕਠੀ ਕਰਦੇ ਹਨ। ਸਮੇਂ ਸਮੇਂ ਅਨਾਜ ਨਾਲ ਭਰੀ ਲਾਰੀ ਕੰਬਾਈਨ ਕੋਲੋਂ ਚਲੀ ਜਾਂਦੀ। ਕੰਬਾਈਨ ਦੇ ਭੰਡਾਰ ਨੂੰ ਭਰਨ ਵਿਚ ਕਿੰਨੀ ਦੇਰ ਲਗਦੀ? ਬਚਿਆਂ ਆਪਣੀਆਂ ਘੜੀਆਂ ਰੋਚਕਤਾ ਨਾਲ ਵੇਖੀਆਂ ਅਤੇ ਵੇਖਿਆ ਕਿ ਇਸ ਕੰਮ ਉਤੇ ਸਤਾਰਾਂ ਮਿੰਟ ਲਗਦੇ ਸਨ। ਲੋਕ ਆਪਣੇ ਕੰਮ ਦਾ ਹਿਸਾਬ ਕਿਵੇਂ ਲਾਉਂਦੇ ਸਨ ਕਿ ਕੰਬਾਈਨ ਨੂੰ ਰੁਕਣਾ ਨਾ ਪਵੇ। ਭੰਡਾਰ ਦੇ ਭਰਨ ਵਿਚ ਪੰਜ, ਫਿਰ ਚਾਰ ਅਤੇ ਫਿਰ ਤਿੰਨ ਮਿੰਟ ਰਹਿ ਗਏ—ਬਚਿਆਂ ਨੂੰ ਤੌਖਲਾ ਲਗ ਗਿਆ: ਅਖ਼ੀਰ ਕੰਬਾਈਨ ਨੂੰ ਸ਼ਾਇਦ ਰੁਕਣਾ ਹੀ ਪਵੇਗਾ। ਜਦੋਂ ਦੋ ਮਿੰਟ ਰਹਿੰਦੇ ਸਨ ਤਾਂ ਟਰਕ ਜੰਗਲ ਵਿਚੋਂ ਆਇਆ। ਪਰ ਉਹਨੂੰ ਅਨਾਜ ਸਾਂਭ ਕੇ ਰਖਣ ਵਾਲੀ ਥਾਂ ਉਤੇ ਅਪੜਨ ਵਿਚ ਇਕ ਘੰਟਾ ਲਗਦਾ ਸੀ। ਇਹਦਾ ਅਰਥ ਇਹ ਹੈ ਕਿ ਲੋਕਾਂ ਨੇ ਫਾਸਲਿਆਂ ਅਤੇ ਸਮੇਂ ਦੀ ਨਿਰਭਰਤਾ ਦਾ ਹਿਸਾਬ ਲਾਇਆ ਸੀ। ਉਹਨਾਂ ਉਨੇ ਟਰਕ ਕੰਮ ਉਤੇ ਲਾਏ ਸਨ ਜਿੰਨਿਆਂ ਦੀ ਕੰਬਾਈਨ ਦੇ ਰੁਕੇ ਬਿਨਾਂ ਕੰਮ ਕਰਦੇ ਰਹਿਣ ਲਈ ਲੋੜ ਸੀ। ਪਰ ਜੇ ਅਨਾਜ ਸਾਂਭ ਕੇ ਰਖਣ ਵਾਲੀ ਥਾਂ ਅਪੜਨ ਉਤੇ ਇਕ ਦੀ ਥਾਂ ਦੋ ਘੰਟੇ ਲਗਦੇ ਤਾਂ ਅਨਾਜ ਲਿਜਾਣ ਲਈ ਵਧੇਰੇ ਟਰਕਾਂ ਦੀ ਲੋੜ ਹੁੰਦੀ ਜਾਂ ਘਟ ਦੀ?

"ਪਕੀ ਗਲ ਏ ਵਧੇਰੇ ਦੀ ਲੋੜ ਹੁੰਦੀ," ਪੈਤਰਿਕ ਨੇ ਕਿਹਾ, ਉਹਦੀਆਂ ਅਖਾਂ ਖ਼ੁਸ਼ੀ ਨਾਲ ਚਮਕ ਰਹੀਆਂ ਸਨ। "ਹੁਣ ਤਿੰਨ ਟਰਕ ਸਾਰਾ ਸਮਾਂ ਕੰਮ ਕਰਦੇ ਨੇ। ਇਕ ਲਦਿਆ ਜਾ ਰਿਹੈ, ਇਕ ਖ਼ਾਲੀ ਕੀਤਾ ਜਾ ਰਿਹੈ। ਜੇ ਸੜਕ ਲੰਮੇਰੀ ਹੁੰਦੀ ਤਾਂ ਉਹਨਾਂ ਨੂੰ ਰਾਹ ਵਿਚ ਵਧੇਰੇ ਟਰਕਾਂ ਦੀ ਲੋੜ ਹੁੰਦੀ।"

ਬਚਾ ਆਪਣੀ ਦਿਮਾਗ਼ੀ ਸ਼ਕਤੀ ਵਰਤ ਰਿਹਾ ਸੀ ਅਤੇ ਮੈਂ ਵੇਖ ਸਕਦਾ ਸਾਂ ਕਿ ਉਹਨੇ ਪਹਿਲਾਂ ਹੀ ਇਸ ਸੰਬੰਧੀ ਸੋਚਣਾ ਸ਼ੁਰੂ ਕਰ ਦਿਤਾ ਸੀ ਕਿ ਸੜਕ ਦੁਗਣੀ ਲੰਮੀ ਹੁੰਦੀ ਤਾਂ ਕਿੰਨੇ ਟਰਕਾਂ ਦੀ ਲੋੜ ਹੁੰਦੀ। ਪਰ ਉਸ ਸਮੇਂ ਮਹਤਵ-ਪੂਰਨ ਗਲ ਇਹ ਨਹੀਂ ਸੀ। ਮੁਖ ਗਲ ਇਹ ਸੀ ਕਿ ਉਹਨੇ ਸਮਝ ਲਿਆ ਸੀ ਕਿ ਪ੍ਰਸ਼ਨ

ਕਿਸੇ ਦੀ ਕਲਪਨਾ ਦੀ ਘਾੜਤ ਨਹੀਂ ਸਨ। ਪ੍ਰਸ਼ਨਾਂ ਦੀ ਸਾਡੇ ਆਲੇ ਦੁਆਲੇ ਦੇ ਸੰਸਾਰ ਵਿਚ ਹੋਂਦ ਹੈ ਕਿਉਂਕਿ ਗਤੀ, ਜੀਵਨ ਅਤੇ ਮਨੁਖੀ ਕਿਰਤੀ ਦੀ ਹੋਂਦ ਹੈ।

ਪੈਤਰਿਕ ਪਹਿਲਾਂ ਹੀ ਤੀਜੀ ਸ਼੍ਰੇਣੀ ਵਿਚ ਸੀ ਪਰ ਉਹਨੂੰ ਪ੍ਰਸ਼ਨ ਹਲ ਕਰਨ ਵਿਚ ਉਕਾ ਹੀ ਸਫ਼ਲਤਾ ਨਹੀਂ ਸੀ ਹੋਈ। ਉਹਨੇ ਆਪਣੇ ਸਾਥੀਆਂ ਜਾਂ ਅਧਿਆਪਕ ਦੀ ਸਹਾਇਤਾ ਤੋਂ ਬਿਨਾਂ ਸੁਤੰਤਰ ਤੌਰ ਉਤੇ ਇਕ ਪ੍ਰਸ਼ਨ ਵੀ ਹਲ ਨਹੀਂ ਸੀ ਕੀਤਾ ਅਤੇ ਮੈਨੂੰ ਇਸ ਸੰਬੰਧੀ ਚਿੰਤਾ ਸੀ। ਪਰ ਫਿਰ ਵੀ ਮੈਨੂੰ ਨਿਸ਼ਚਾ ਸੀ ਕਿ ਬਚੇ ਨੇ ਸੋਚਣਾ ਸ਼ੁਰੂ ਕਰ ਦਿਤਾ ਸੀ। ਮੈਂ ਉਹਨੂੰ ਕੇਵਲ ਹਿਸਾਬ ਦੇ ਪ੍ਰਸ਼ਨਾਂ ਦਾ ਆਧਾਰ ਵਰਤਾਰਿਆਂ ਦੇ ਸੋਚਵਾਨ ਵਿਸ਼ਲੇਸ਼ਣ ਰਾਹੀਂ ਹੀ ਅਮੂਰਤੀਕਰਨ ਲਈ ਤਿਆਰ ਕੀਤਾ। ਜੇ ਵਿਚਾਰਕ ਗਿਣ ਨਹੀਂ ਸਕਦਾ ਤਾਂ ਉਹ ਗਿਆਨ ਵਿਚ ਨਿਪੁੰਨਤਾ ਪ੍ਰਾਪਤ ਨਹੀਂ ਕਰ ਸਕਦਾ। ਇਹ ਬਹੁਤ ਮਹਤਵ-ਪੂਰਨ ਸੀ ਕਿ ਪੈਤਰਿਕ ਹੌਲੀ ਹੌਲੀ ਮੁਢਲੀਆਂ ਗਲਾਂ ਸੰਬੰਧੀ ਆਪਣੀ ਯਾਦ-ਸ਼ਕਤੀ ਨੂੰ ਮਜ਼ਬੂਤ ਬਣਾਵੇ, ਜਿਸ ਤੋਂ ਬਿਨਾਂ ਸੋਚਣਾ ਅਸੰਭਵ ਹੈ। ਬਚਾ "ਹਿਸਾਬ ਦੇ ਡਬੇ" ਕੋਲ ਬੈਠਾ ਹੋਇਆ ਅਤੇ ਆਪਣੀ ਪੜਤਾਲ ਕਰਦੇ ਹੋਏ ਮਸ਼ਕ ਕਰਦਾ ਰਿਹਾ। ਮੈਂ ਇਸ ਸੰਬੰਧੀ ਫ਼ਿਕਰ ਕਰਨ ਨਾਲੋਂ ਕਿ ੧੨–੮, ੧੯+੧੩ ਜਾਂ ੪੧–੧੯ ਕਿੰਨੇ ਹੁੰਦੇ ਹਨ, ਉਹਨੂੰ ਪ੍ਰਸ਼ਨ ਦੀਆਂ ਸ਼ਰਤਾਂ ਸਮਝਾਉਣ ਦਾ ਜਤਨ ਕੀਤਾ। (ਜੇ ਤੀਜੀ ਸ਼੍ਰੇਣੀ ਦਾ ਕੋਈ ਬਚਾ ਇਹਨਾਂ ਗਲਾਂ ਸੰਬੰਧੀ ਸੋਚੇ ਤਾਂ ਉਹ ਪ੍ਰਸ਼ਨ ਹਲ ਕਰਨ ਦੇ ਯੋਗ ਨਹੀਂ ਹੋਵੇਗਾ।)

ਜੀਵਨ ਨੇ ਮੈਨੂੰ ਇਸ ਗਲ ਸੰਬੰਧੀ ਨਿਸ਼ਚਾ ਕਰਵਾ ਦਿਤਾ ਕਿ ਬਚੇ ਅਕਸਰ ਬੀਜ-ਗਣਤ ਵਿਚ ਕੇਵਲ ਇਸ ਲਈ ਕਮਜ਼ੋਰ ਹੁੰਦੇ ਹਨ ਕਿ ਉਹਨਾਂ ਪ੍ਰਕਿਰਤਕ ਅੰਕਾਂ ਦੀ ਪਾਲ ਵਿਚੋਂ ਉਸ ਥਾਂ ਤਕ ਨਹੀਂ ਸੋਚਿਆ ਜਿਥੇ ਮੁਢਲੀਆਂ ਗਲਾਂ ਸੰਬੰਧੀ ਹੋਰ ਸੋਚਣ ਦੀ ਲੋੜ ਨਹੀਂ ਹੁੰਦੀ ਅਤੇ ਸਾਰੀ ਬੌਧਕ ਸ਼ਕਤੀ ਅਮੂਰਤ ਸੋਚ ਵਲ ਮੋੜੀ ਜਾ ਸਕਦੀ ਹੈ। ਐਨ ਉਸੇ ਤਰ੍ਹਾਂ ਜਿਵੇਂ ਜੇ ਬਚੇ ਨੇ ਉਹਨਾਂ ਸ਼ਬਦਾਂਗਾਂ ਨੂੰ, ਜਿਨ੍ਹਾਂ ਤੋਂ ਸ਼ਬਦ ਬਣਦੇ ਹਨ ਹਜ਼ਾਰ ਵਾਰ ਨਾ ਪੜ੍ਹਿਆ ਹੋਵੇ, ਤਾਂ ਪੜ੍ਹਣਾ ਅਰਥ-ਸਵੈਚਾਲਕ ਅਮਲ ਨਹੀਂ ਬਣ ਸਕਦਾ, ਉਸੇ ਤਰ੍ਹਾਂ ਜੇ ਉਹ ਉਹਨਾਂ ਦਰਜਨਾਂ ਅਤੇ ਸੈਕੜੇ ਉਦਾਹਰਣਾਂ ਨੂੰ ਯਾਦ ਨਾ ਰਖੇ, ਜਿਨ੍ਹਾਂ ਸੰਬੰਧੀ ਲੋਕ ਨਿਤ ਦੇ ਅਮਲ ਵਿਚ ਨਹੀਂ ਸੋਚਦੇ ਕਿਉਂਕਿ ਉਹਨਾਂ ਨੂੰ ਉਹਨਾਂ ਉਦਾਹਰਣਾਂ ਦੇ ਅਰਥ ਸਦਾ ਚੇਤੇ ਹੁੰਦੇ ਹਨ, ਤਾਂ ਅਮੂਰਤ ਗਣਤਕ ਸੋਚਣਾ ਸਤਾਂ ਜੰਦਰਿਆਂ ਨਾਲ ਬੰਦ ਬਕਸਾ ਰਹਿੰਦਾ ਹੈ। ਮੈਂ ਹੌਲੀ ਸਿਖਣ ਵਾਲਿਆਂ, ਵਿਸ਼ੇਸ਼ ਤੌਰ ਉਤੇ ਪੈਤਰਿਕ ਨੂੰ, ਗਣਤਕ ਸੋਚ ਦੇ ਸਾਦਾ ਸੰਦਾਂ ਦੀ ਹੋਰ ਵਡੀ ਗਿਣਤੀ ਵਿਚ ਨਿਪੁੰਨਤਾ ਪ੍ਰਾਪਤ ਕਰਾਉਣ ਦਾ ਜਤਨ ਕੀਤਾ — ਸਾਦਾ ਜੋੜ, ਘਟਾਉਣਾ, ਗੁਣਾ ਅਤੇ ਵੰਡ ਦੇ ਪ੍ਰਸ਼ਨ।

ਅਸੀਂ ਪ੍ਰਕਿਰਤੀ ਵਲ ਗਏ ਅਤੇ ਮੈਂ ਬਚੇ ਦਾ ਧਿਆਨ ਉਹਨਾਂ ਪ੍ਰਸ਼ਨਾਂ ਦੇ ਸਮੂਹ ਵਲ ਦਿਵਾਇਆ ਜਿਹੜੇ ਲੋਕ ਕੰਮ ਦੇ ਅਮਲ ਵਿਚ ਹਲ ਕਰਦੇ ਹਨ। ਅਖ਼ੀਰ ਉਹ ਦਿਨ ਆ ਗਿਆ ਜਦੋਂ ਮੈਨੂੰ ਨਿਸ਼ਚਾ ਸੀ ਕਿ ਪੈਤਰਿਕ ਸਹਾਇਤਾ ਤੋਂ ਬਿਨਾਂ ਪ੍ਰਸ਼ਨ

ਹਲ ਕਰ ਸਕਦਾ ਹੈ। ਬਚੇ ਦੀਆਂ ਅਖਾਂ ਚਮਕ ਪਈਆਂ। ਉਹਨੇ ਇਸ ਗਲ ਦੀ ਵਿਆਖਿਆ ਕਰਨੀ ਸ਼ੁਰੂ ਕੀਤੀ ਕਿ ਪ੍ਰਸ਼ਨ ਕਿਸ ਸੰਬੰਧੀ ਸੀ। ਉਹਦੀ ਵਿਆਖਿਆ ਗਡ-ਮਡ ਸੀ, ਪਰ ਮੈਂ ਇਹ ਵੇਖ ਲਿਆ ਕਿ ਬਚੇ ਸਾਹਮਣੇ ਉਹ ਕੁਝ ਖੁਲ੍ਹ ਗਿਆ ਸੀ ਜਿਹੜਾ ਪਹਿਲਾਂ ਉਕਾ ਹੀ ਧੁੰਦ ਨਾਲ ਕਜਿਆ ਹੋਇਆ ਸੀ। ਪੈਤਰਿਕ ਖ਼ੁਸ਼ ਸੀ। ਮੈਂ ਵੀ ਸੁਖ ਦਾ ਸਾਹ ਲਿਆ—ਅਖ਼ੀਰ। ਬਚਾ ਉਸ ਸਮੇਂ ਦੀ ਉਡੀਕ ਵਿਚ ਹਦੋ ਵਧ ਉਤਾਵਲਾ ਸੀ ਜਦੋਂ ਛੁਟੀ ਹੋਵੇ ਅਤੇ ਉਹ ਘਰ ਜਾਕੇ ਆਪਣੀ ਮਾਂ ਨੂੰ ਦਸੇ। ਉਹਦੀ ਮਾਂ ਘਰ ਨਹੀਂ ਸੀ ਅਤੇ ਉਹਨੇ ਮਾਣ ਨਾਲ ਆਪਣੇ ਦਾਦੇ ਨੂੰ ਦਸਿਆ, "ਮੈਂ ਅਜ ਆਪ ਇਕਲੇ ਹੀ ਇਕ ਪ੍ਰਸ਼ਨ ਹਲ ਕੀਤਾ"। ਪੈਤਰਿਕ ਨੂੰ ਆਪਣੀ ਸਫ਼ਲਤਾ ਉਤੇ ਮਾਣ ਸੀ, ਅਤੇ ਖ਼ਾਲਸ ਸਦਾਚਾਰਕ ਮਾਣ ਮਨੁਖੀ ਪ੍ਰਾਪਤੀ ਦਾ ਸੋਮਾ ਹੈ। ਆਪਣੇ ਕੰਮ ਵਿਚ ਮਾਣ ਤੋਂ ਬਿਨਾਂ ਬੰਦਾ ਅਸਲੀ ਮਨੁਖ ਨਹੀਂ।

ਇਹ ਮਾਮਲਾ ਸਾਡੇ ਵਿਦਿਅਕ ਸਮੂਹ ਲਈ ਸੋਚਣ ਦਾ ਵਿਸ਼ਾ ਸੀ। ਅਸਾਂ ਉਹਨਾਂ ਸਾਰੇ ਬਚਿਆਂ ਨੂੰ ਜਿਹੜੇ ਸਿਖਣ ਵਿਚ ਧੀਮੇ ਸਨ ਨਵੀਂ ਲੋਅ ਵਿਚ ਵੇਖਿਆ। ਕਦੀ ਇਸ ਦੋ ਟੁਕ ਸਿਟੇ ਉਤੇ ਨਾ ਅਪੜੇ ਕਿ ਬਚਾ ਬਸ ਕੁਝ ਵੀ ਨਹੀਂ ਸਿਖ ਸਕਦਾ ਅਤੇ ਉਹਨੂੰ ਇਸੇ ਤਰ੍ਹਾਂ ਜੀਵਨ ਬਿਤਾਉਣਾ ਪਵੇਗਾ। ਹੋ ਸਕਦਾ ਹੈ ਦੋ ਜਾਂ ਤਿੰਨ ਵਰ੍ਹੇ ਉਹ ਨਾ ਸਮਝੇ, ਪਰ ਜਿਉਂ ਜਿਉਂ ਸਮਾਂ ਲੰਘੇਗਾ ਉਹ ਸਮਝਣ ਲਗ ਪਵੇਗਾ। ਸੋਚਣਾ ਉਸ ਫੁਲ ਵਾਂਗ ਹੈ ਜਿਹੜਾ ਜੀਵਨਦਾਤੇ ਰਸ ਇਕਠੇ ਕਰਦਾ ਹੈ। ਜੇ ਅਸੀਂ ਜੜ੍ਹਾਂ ਨੂੰ ਉਹ ਰਸ ਦਈਏ ਅਤੇ ਫੁਲ ਨੂੰ ਧੁਪ ਵਿਚ ਰਖੀਏ ਤਾਂ ਉਹ ਖਿੜ ਪਵੇਗਾ। ਅਸੀਂ ਸੋਚਣ ਦੇ ਸੋਮੇ—ਉਹਦੇ ਆਲੇ ਦੁਆਲੇ ਦੇ ਸੰਸਾਰ—ਨੂੰ ਖੋਹਲਦੇ ਹੋਏ ਬਚੇ ਨੂੰ ਸੋਚਣਾ ਸਿਖਾਵਾਂਗੇ। ਉਹਨੂੰ ਸਭ ਤੋਂ ਵਡੀ ਮਨੁਖੀ ਖ਼ੁਸ਼ੀ—ਬੋਧ ਦੀ ਖ਼ੁਸ਼ੀ ਦੇਵਾਂਗੇ।

ਮੁਢਲੇ ਸਕੂਲ ਦੇ ਅਧਿਆਪਕ ਕਈ ਸ਼ਾਮਾਂ ਨੂੰ ਇਹਨਾਂ ਔਖਿਆਈਆਂ, ਗੰਭੀਰ ਵਿਦਿਅਕ ਮਸਲਿਆਂ ਸੰਬੰਧੀ ਸੋਚਣ ਲਈ ਜੁੜਦੇ: ਬੰਦਾ ਬਚੇ ਨੂੰ ਪਦਾਰਥਾਂ ਅਤੇ ਵਸਤਾਂ ਦੀ ਸਥੂਲ ਗਿਣਤੀ ਤੋਂ, ਪ੍ਰਤਖ, ਸਥੂਲ ਅੰਤਰ-ਨਿਰਭਰਤਾ ਤੋਂ ਅਮੂਰਤ ਆਮਿਆਉਣ ਵਲ—ਨਿਯਮਾਂ ਅਤੇ ਗੁਰਾਂ ਵਲ ਕਿਵੇ ਲਿਜਾਵੇ। ਅਸਾਂ ਉਸ ਨੁਕਤੇ ਤਕ ਇਹਨਾਂ ਰੋਚਕ ਤਥਾਂ ਸੰਬੰਧੀ ਦਸਿਆ ਕਿ ਸਾਰੇ ਬਚੇ ਇਹ ਤਬਦੀਲੀ ਸੌਖੀ ਤਰ੍ਹਾਂ ਅਤੇ ਔਖ ਤੋਂ ਬਿਨਾਂ ਨਹੀਂ ਕਰ ਸਕਦੇ। ਅਜਿਹੇ ਬਚੇ ਹਨ ਜਿਹੜੇ ਹਿਸਾਬ ਕਰਨ ਦੇ ਤਕਨੀਕ ਨੂੰ ਚੰਗੀ ਤਰ੍ਹਾਂ ਵਰਤਦੇ ਹਨ—ਉਹ ਛੇਤੀ ਹਿਸਾਬ ਕਰ ਸਕਦੇ ਹਨ—ਪਰ ਉਹ ਪ੍ਰਸ਼ਨ ਦੀਆਂ ਸ਼ਰਤਾਂ ਔਖ ਨਾਲ ਸਮਝਦੇ ਹਨ। ਕੁਝ ਬਚਿਆਂ ਲਈ ਜਿਹੜੇ ਸਪਸ਼ਟ, ਸਮਰਸ਼ੀ ਸਥੂਲ ਪਟੀਆਂ ਵਿਚ ਸੋਚਦੇ ਹਨ, ਹਥਲੇ ਪ੍ਰਸ਼ਨ ਦੇ ਸਥੂਲ ਅੰਕਾਂ ਤੋਂ ਪਰ੍ਹਾਂ ਜਾਣਾ ਔਕੜਾਂ ਪੇਸ਼ ਕਰਦਾ ਹੈ। ਉਦਾਹਰਣ ਵਜੋ, ਕੁਝ ਬਚੇ ਪ੍ਰਸ਼ਨ ਨੂੰ ਪੜ੍ਹਦੇ ਹਨ ਅਤੇ ਇਕ ਦਮ ਉਤਰ ਤਕ ਅਪੜਨ ਦਾ ਜਤਨ ਕਰਦੇ ਹਨ: ਉਹ ਹਿਸਾਬ ਕਰਨ ਦਾ ਕਾਰਨ ਸਮਝੇ ਬਿਨਾਂ ਹਿਸਾਬ ਕਰਨ ਲਗ ਪੈਂਦੇ ਹਨ।

ਸਾਡਾ ਸਾਰਿਆਂ ਦਾ ਅਜਿਹੇ ਬਚਿਆਂ ਨਾਲ ਵਾਹ ਪਿਆ ਹੈ। ਅਸਾਂ ਸਾਰਿਆਂ ਇਸ ਸੰਬੰਧੀ ਆਪਸ ਵਿਚ ਸਲਾਹ ਮਸ਼ਵਰਾ ਕੀਤਾ ਕਿ ਉਹਨਾਂ ਨੂੰ ਸਥੂਲ ਸੋਚ ਤੋਂ

ਅਮੂਰਤ ਸੋਚ ਵਲ ਕਿਵੇਂ ਲਿਜਾਇਆ ਜਾਵੇ। ਅਸੀਂ ਇਸ ਸਿਟੇ ਉਤੇ ਅਪੜੇ ਕਿ ਇਹ ਲਾਜ਼ਮੀ ਹੈ ਕਿ ਉਹ ਕੋਈ ਅੰਕ ਵਰਤੇ ਬਿਨਾਂ ਜਾਂ ਗਣਤਕ ਅਮਲ ਕੀਤੇ ਬਿਨਾਂ ਪ੍ਰਸ਼ਨ ਦੀਆਂ ਸ਼ਰਤਾਂ ਰਾਹੀਂ ਪ੍ਰਸ਼ਨ ਹਲ ਕਰਨ ਦਾ ਇਕ ਪੜਾਅ ਪੂਰਾ ਕਰਨ। ਅਸਾਂ ਇਕ ਵਿਸ਼ੇਸ਼ ਮੰਤਵ ਨਾਲ ਹਿਸਾਬ ਦੇ ਖੁਲ੍ਹੇ ਸਬਕ ਲੈਣੇ ਸ਼ੁਰੂ ਕਰ ਦਿਤੇ: ਇਹ ਵਿਖਾਉਣ ਲਈ ਕਿ ਬਚੇ ਕਿਵੇਂ ਅੰਕੜਿਆਂ ਤੋਂ ਬਿਨਾਂ ਪ੍ਰਸ਼ਨ ਸੰਬੰਧੀ ਦਲੀਲ ਦੇਂਦੇ ਹਨ ਅਤੇ ਉਹਨੂੰ ਹਲ ਕਰਦੇ ਹਨ। ਇਕ ਦੂਜੇ ਦੀਆਂ ਸ਼੍ਰੇਣੀਆਂ ਵਿਚ ਜਾਂਦੇ ਹੋਏ ਅਸਾਂ ਕੁਝ ਬਚਿਆਂ ਲਈ, ਜਿਨ੍ਹਾਂ ਸਾਹਮਣੇ ਮਸਲੇ ਸਨ, ਬੌਧਕ ਵਿਕਾਸ ਦੇ ਰਾਹ ਲਭੇ।

ਬੰਦੇ ਨੂੰ ਅਜਿਹਾ ਨਹੀਂ ਕਰਨਾ ਚਾਹੀਦਾ ਕਿ ਨੰਬਰ ਬਚੇ ਨੂੰ ਨੂੜਨ ਵਾਲੇ ਸੰਗਲ ਬਣ ਜਾਣ। ਮੈਂ ਹਮੇਸ਼ਾ ਸਭ ਤੋਂ ਕਮਜ਼ੋਰ ਬਚਿਆਂ ਨੂੰ, ਉਹਨਾਂ ਨੂੰ ਜਿਹੜੇ ਹਾਲ ਦੀ ਘੜੀ ਨਿਰਾਸ਼ਾਜਨਕ ਹਦ ਤਕ ਲਿਸੀ ਸੋਚ ਵਾਲੇ ਜਾਪਦੇ ਸਨ, ਉਸ ਸੰਬੰਧੀ ਸੋਚਣ ਦਾ ਅਵਸਰ ਦਿਤਾ ਜਿਹੜੀ ਉਹ ਹਾਲ ਦੀ ਘੜੀ ਨਹੀਂ ਸਨ ਸਮਝ ਸਕਦੇ। ਪੜ੍ਹਾਈ ਵਿਚ ਬਚਿਆਂ ਦੀ ਰੋਚਕਤਾ ਕਦੀ ਖ਼ਤਮ ਨਾ ਹੋਈ। ਮਾਣ, ਪੈਜ ਅਤੇ ਸਵੈ-ਮਾਣ ਦੀ ਭਾਵਨਾ ਜਗਾਉਂਦੇ ਹੋਏ ਮੈਂ ਵੇਖਿਆ ਕਿ ਬਚੇ ਸੁਤੰਤਰ ਤੌਰ ਉਤੇ ਕੰਮ ਕਰਨਾ ਚਾਹੁੰਦੇ ਸਨ।

**ਬਚੇ ਨੂੰ ਸੋਚਣ ਦਿਓ।**... ਇਹ ਉਨਾ ਸੌਖਾ ਨਹੀਂ ਜਿੰਨਾ ਇਹ ਜਾਪਦਾ ਹੈ। ਪਹਿਲੀ ਤੋਂ ਲੈਕੇ ਚੌਥੀ ਸ਼੍ਰੇਣੀ ਤਕ ਵਿਦਿਆਰਥੀਆਂ ਦੀ ਬੌਧਕ ਕਿਰਤ ਨੂੰ ਗਹੁ ਨਾਲ ਵੇਖੋ ਅਤੇ ਤੁਹਾਨੂੰ ਪਤਾ ਲਗੇਗਾ ਕਿ ਮਾਮਲਿਆਂ ਦੀ ਬਹੁਤ ਵਡੀ ਬਹੁ-ਗਿਣਤੀ ਦੀ ਹਾਲਤ ਵਿਚ (ਅਜਿਹਾ ਲਗ ਭਗ ਸਦਾ ਹੁੰਦਾ ਹੈ), ਬਚੇ ਨੇ ਤੁਹਾਡੇ ਪ੍ਰਸ਼ਨ ਦਾ ਉਤਰ ਨਾ ਦਿਤਾ (ਜਾਂ ਘਰ ਲਈ ਦਿਤਾ ਕੰਮ ਕਰਕੇ ਨਾ ਲਿਆਇਆ) ਕੇਵਲ ਇਸ ਲਈ ਕਿ ਉਹਨੂੰ ਸੋਚਣ ਜਾਂ ਧਿਆਨ ਕੇਂਦਰਤ ਕਰਨ ਦਾ ਅਵਸਰ ਨਾ ਮਿਲਿਆ (ਅਤੇ ਕਈ ਵਾਰ ਅਜਿਹਾ ਹੁੰਦਾ ਹੈ ਕਿ ਪ੍ਰਸ਼ਨ ਬਚੇ ਲਈ ਅਚਿੰਤਾ ਹੁੰਦਾ ਹੈ ਅਤੇ ਉਹਨੂੰ ਭੁਚਲਾ ਦੇਂਦਾ ਹੈ)। ਸਾਡੇ ਮੁਢਲੀਆਂ ਸ਼੍ਰੇਣੀਆਂ ਦੇ ਅਧਿਆਪਕ ਇਹ ਵਿਚਾਰਨ ਲਈ ਵਿਸ਼ੇਸ਼ ਤੌਰ ਉਤੇ ਇਕਠੇ ਹੋਏ ਕਿ ਬਚੇ ਨੂੰ ਸੋਚਣ ਲਈ ਸਮਾਂ ਕਿਵੇਂ ਦਿਤਾ ਜਾਵੇ। ਅਸੀਂ ਇਸ ਸਿਟੇ ਉਤੇ ਅਪੜੇ ਕਿ ਬੰਦੇ ਨੂੰ ਕਦੀ ਵੀ ਇਹ ਨਿਰਣਾ ਕਰਨ ਦੀ ਕਾਹਲ ਨਹੀਂ ਕਰਨੀ ਚਾਹੀਦੀ ਕਿ ਬਚੇ ਨੂੰ ਉਤਰ ਆਉਂਦਾ ਹੈ ਜਾਂ ਨਹੀਂ। ਅਕਸਰ ਅਜਿਹਾ ਹੁੰਦਾ ਹੈ ਕਿ ਅਧਿਆਪਕ ਬਚੇ ਨੂੰ ਐਨ ਉਸ ਸਮੇਂ ਜਦੋਂ ਉਹਨੂੰ ਉਤਰ ਅਹੁੜ ਗਿਆ ਹੁੰਦਾ ਹੈ ਇਹ ਕਹਿੰਦਾ ਹੈ, "ਬਹਿ ਜਾ, ਤੈਨੂੰ ਉਤਰ ਨਹੀਂ ਆਉਂਦਾ!" ਜਾਪਦਾ ਹੈ ਕਿ ਬਚੇ ਨੂੰ ਉਤਰ ਆਉਂਦਾ ਹੈ ਅਤੇ ਬਚਾ ਅਧਿਆਪਕ ਦੀ ਹਰਕਤ ਉਤੇ ਗ਼ੁਸੇ ਹੋ ਜਾਂਦਾ ਹੈ। ਅਜਿਹਾ ਕਿਉਂ ਹੁੰਦਾ ਹੈ? ਅਸੀਂ ਇਸ ਪ੍ਰਸ਼ਨ ਦਾ ਉਤਰ ਇਕ ਦਮ ਨਾ ਲਭ ਸਕੇ। ਸਾਨੂੰ ਬਹੁਤ ਵਾਰ ਗਹੁ ਨਾਲ ਵਿਚਾਰਨਾ ਪਿਆ ਅਤੇ ਬਹੁਤ ਸਾਰੇ ਤਥਾਂ ਦਾ ਅਧਿਅਨ ਕਰਨਾ ਪਿਆ।

ਜਿਸ ਬਚੇ ਨੇ ਨਿਸ਼ਚੇ ਅਤੇ ਸੋਚ ਦੇ ਕੇਂਦਰੀਕਰਨ ਰਾਹੀਂ ਨਿਸ਼ਾਨਾ ਪ੍ਰਾਪਤ ਕਰ ਲਿਆ ਹੈ ਉਹ ਸੁਝਾ ਦਿਤੇ ਜਾਣ ਜਾਂ ਧੋਖਾ ਦੇਣ ਨੂੰ ਘਿਰਣਾ ਕਰਦਾ ਹੈ। ਮੇਰੇ ਅਤੇ ਮੇਰੇ ਵਿਦਿਆਰਥੀਆਂ ਵਿਚਕਾਰ ਸਦਾ ਪ੍ਰਸਪਰ ਭਰੋਸੇ ਅਤੇ ਸਦਭਾਵਨਾ ਦਾ ਵਾਯੂ-ਮੰਡਲ ਰਿਹਾ। ਮੇਰੇ ਵਿਦਿਆਰਥੀ ਮੈਨੂੰ ਇਹ ਦਸਣੋਂ ਕਦੀ ਨਾ ਜਕਦੇ ਕਿ ਭਾਵੇਂ ਉਹ ਕਿੰਨੇ ਜਤਨ ਕਿਉਂ ਨਾ ਕਰਨ ਉਹ ਕੋਈ ਗਲ ਸਮਝਣੋਂ ਅਸਮਰਥ ਸਨ ਜਾਂ ਇਹ ਕਿ ਉਹਨਾਂ ਘਰ ਦਾ ਕੰਮ ਨਹੀਂ ਸੀ ਕੀਤਾ। ਵਿਦਿਆਰਥੀ ਆਪਣੀਆਂ ਸਾਰੀਆਂ ਖ਼ੁਸ਼ੀਆਂ ਅਤੇ ਗ਼ਮ ਮੇਰੇ ਕੋਲ ਲਿਆਉਂਦੇ। ਮੈਂ ਬਚਿਆਂ ਲਈ ਕਦੀ ਗ਼ਮ ਲਿਆਉਣ ਵਾਲਾ ਨਹੀਂ ਸਾਂ ਅਤੇ ਫ਼ੇਲ ਹੋਣ ਵਾਲੇ ਨੰਬਰ ਬਚੇ ਲਈ ਬਹੁਤ ਵਡਾ ਗ਼ਮ ਹਨ। ਜਦੋਂ ਅਧਿਆਪਕ ਲਗ ਭਗ ਰੋਜ਼ ਕਹਿੰਦਾ ਹੈ, "ਵੇਖ, ਤੂੰ ਫਿਰ ਫ਼ੇਲ ਹੋ ਗਿਆ," ਤਾਂ ਬਚੇ ਦੀ ਆਤਮਾ ਵਿਲੂੰਧਰੀ ਜਾਂਦੀ ਹੈ। ਬਚੇ ਨੂੰ ਦੁਖੀ ਹੋਣ ਲਈ ਬਹੁਤ ਗ਼ਮ ਦੀ ਲੋੜ ਨਹੀਂ ਹੁੰਦੀ। ਜਦੋਂ ਨਿਕਾ ਜੀਵ ਗ਼ਮ ਦਾ ਆਦੀ ਹੋ ਜਾਂਦਾ ਹੈ ਅਤੇ ਆਲੇ ਦੁਆਲੇ ਦੀ ਹਰ ਗਲ ਵਲੋਂ ਲਾਪਰਵਾਹ ਹੋ ਜਾਂਦਾ ਹੈ ਤਾਂ ਤਰਾਸਦੀ ਦੂਣੀ ਹੋ ਜਾਂਦੀ ਹੈ; ਉਹਦਾ ਦਿਲ ਕਠੋਰ ਹੋ ਜਾਂਦਾ ਹੈ। ਅਤੇ ਕਠੋਰ ਦਿਲ ਜ਼ੁਲਮ ਲਈ ਉਪਜਾਊ ਭੋ ਹੈ। ਜੇ ਸ਼੍ਰੇਣੀ ਵਿਚ ਨਾਖ਼ੁਸ਼ ਬਚੇ ਹਨ ਅਤੇ ਉਹਨਾਂ ਦੇ ਸਾਥੀ ਉਹਨਾਂ ਨੂੰ ਠੀਕ ਕਰਨ ਦਾ ਜਤਨ ਨਹੀਂ ਕਰਦੇ ਤਾਂ ਸਮੂਹ ਕਦੀ ਚੰਗਾ, ਮਿਤਰ ਅਤੇ ਸਦਭਾਵਨਾ ਵਾਲਾ ਨਹੀਂ ਹੋਵੇਗਾ।

ਬੰਦੇ ਨੂੰ ਬਚਿਆਂ ਨੂੰ ਚੰਗੇ ਨੰਬਰਾਂ ਕਾਰਨ ਵਿਗੜਨ ਦੀ ਆਗਿਆ ਨਹੀਂ ਦੇਣੀ ਚਾਹੀਦੀ, ਜਿਹਾ ਕਿ ਸਕੂਲਾਂ ਵਿਚ ਅਕਸਰ ਹੁੰਦਾ ਹੈ। ਜੇ ਬਚਾ ਇਕ ਸ਼ਬਦ ਵੀ ਕਹਿੰਦਾ ਹੈ ਤਾਂ ਉਹਨੂੰ ਇਕ ਦਮ ਸਰਵਉਚ ਨੰਬਰ ਦੇ ਦਿਤੇ ਜਾਂਦੇ ਹਨ। ਅਕਸਰ ਅਜਿਹਾ ਹੁੰਦਾ ਹੈ ਕਿ ਇਕੋ ਪ੍ਰਸ਼ਨ ਕਈ ਬਚਿਆਂ ਤੋਂ ਪੁਛਿਆ ਜਾਂਦਾ ਹੈ ਅਤੇ ਹਰ ਇਕ ਨੂੰ ਉਹਦੇ ਉਤਰ ਲਈ ਨੰਬਰ ਦਿਤੇ ਜਾਂਦੇ ਹਨ। ਇਹਦੇ ਸਿਟੇ ਵਜੋਂ ਬਚੇ ਗੰਭੀਰਤਾ ਨਾਲ ਪੜ੍ਹਣਾ ਛਡ ਦੇਂਦੇ ਹਨ। ਬਚੇ ਨੂੰ ਨੰਬਰ ਹਰ ਵਾਰ ਬੌਧਕ ਜਤਨ ਕਾਰਨ ਮਿਲਣੇ ਚਾਹੀਦੇ ਹਨ।

ਬਚੇ ਨੂੰ ਇਹ ਨਿਸ਼ਚਾ ਕਰਾਉਣਾ ਚਾਹੀਦਾ ਹੈ ਕਿ ਬੌਧਕ ਸਰਗਰਮੀ ਅਜਿਹਾ ਕੰਮ ਹੈ ਜਿਹੜਾ ਬਹੁਤ ਮਾਤਰਾ ਵਿਚ ਸ਼ਕਤੀ, ਇਛਾ ਦੇ ਕੇਂਦਰੀਣ ਅਤੇ ਆਪਣੇ ਆਪ ਨੂੰ ਕਈ ਖ਼ੁਸ਼ੀਆਂ ਰਦ ਕਰਨ ਯੋਗ ਬਣਾਉਣ ਦੀ ਮੰਗ ਕਰਦਾ ਹੈ। ਐਨ ਕਿਰਤ ਦੇ ਵਾਯੂ-ਮੰਡਲ ਵਿਚ ਹੀ ਇਛਾ ਦੀ ਦ੍ਰਿੜ੍ਹਤਾ ਅਤੇ ਸਿਰੜ ਰੂਪ ਧਾਰਦੇ ਹਨ। ਜਿਸ ਬਚੇ ਨੇ ਪ੍ਰਾਪਤ ਕੀਤੇ ਸਿਟਿਆਂ ਦਾ ਪੜਚੋਲੀ ਢੰਗ ਨਾਲ ਨਿਰਣਾ ਕਰਨਾ ਸਿਖ ਲਿਆ ਹੈ ਅਤੇ ਉਹਨੂੰ ਆਪਣੇ ਕੰਮ ਵਿਚ ਅਸਫਲਤਾ ਦਾ ਸਾਹਮਣਾ ਕਰਨਾ ਪੈਂਦਾ ਹੈ, ਉਹ ਵਧੇਰੇ ਮਿਹਨਤ ਨਾਲ ਅਤੇ ਚੰਗੇਰੀ ਤਰ੍ਹਾਂ ਕੰਮ ਕਰਨ ਦਾ ਜਤਨ ਕਰੇਗਾ ਅਤੇ ਕਦੀ ਆਲਸੀ ਨਹੀਂ ਬਣੇਗਾ।

ਨਿਜੀ ਅਨੁਭਵ ਤੋਂ ਜਾਣਦੇ ਹੋਏ ਕਿ ਬੌਧਕ ਜੀਵਨ ਵਿਚ ਕਿਵੇਂ ਸਫ਼ਲ ਹੋਣਾ

ਹੈ, ਬਚਿਆਂ ਨੂੰ ਸਵੈ-ਸੰਜਮ ਦੀ ਸਿਖਿਆ ਮਿਲਦੀ ਹੈ। ਮਿਹਨਤ ਕਰਨ ਅਤੇ ਸਰਵਉਤਮ ਸਿਟੇ ਪ੍ਰਾਪਤ ਕਰਨ ਦੀ ਆਦਤ ਬਚਿਆਂ ਨੂੰ ਲਾਪਰਵਾਹੀ ਨਾਲ ਮੁਕੰਮਲ ਕੀਤੇ ਕੰਮਾਂ, ਆਲਸ ਅਤੇ ਅਣਗਹਿਲੀ ਵਲ ਅਸਹਿਨਸ਼ੀਲਤਾ ਸਿਖਾਉਂਦੀ ਹੈ।

ਜਦੋਂ ਕਿਰਤ ਦੀ ਖ਼ੁਸ਼ੀ ਅਤੇ ਆਪਣੀ ਪੜ੍ਹਾਈ ਵਿਚ ਸਫ਼ਲਤਾ ਪੜ੍ਹਣ ਲਈ ਮੁਖ ਉਤੇਜਕ ਬਣ ਜਾਂਦੇ ਹਨ ਤਾਂ ਸ਼੍ਰੇਣੀ ਵਿਚ ਕੋਈ ਆਲਸੀ ਬਚੇ ਨਹੀਂ ਰਹਿਣਗੇ। ਵਿਦਿਆ ਦੀ ਕਲਾ ਵਿਚ ਸਚ ਮੁਚ ਨਿਪੁੰਨ ਲੋਕ ਕਦੀ ਕਦਾਈਂ ਹੀ ਆਲਸ ਦੀਆਂ ਵਖ ਵਖ ਘਟਨਾਵਾਂ ਨਾਲ ਨਿਬੜਨ ਲਈ ਘੋਲ ਕਰਦੇ ਹਨ, ਸਗੋਂ ਉਹ ਆਲਸ ਨੂੰ ਮਨ ਦੇ ਨਿੰਦਰਾਵਲੇ ਹੋਣ ਦਾ ਸਿਟਾ ਸਮਝਦੇ ਹਨ ਅਤੇ ਉਸ ਵਿਰੁਧ ਘੋਲ ਕਰਦੇ ਹਨ।

ਉਹ ਪ੍ਰਣਾਲੀ, ਜਿਸਦਾ ਆਧਾਰ ਬੰਧਕ ਕਿਰਤ ਦੇ ਕੇਵਲ ਹਾਂ-ਪਖੀ ਸਿਟਿਆਂ ਲਈ ਨੰਬਰ ਸਨ, ਹੌਲੀ ਹੌਲੀ ਸਾਰੇ ਸਕੂਲ ਵਿਚ ਜੜ੍ਹ ਪਕੜ ਗਈ, ਮੁਢਲੀਆਂ ਦਰਮਿਆਨੀਆਂ ਅਤੇ ਉਚੇਰੀਆਂ ਸ਼੍ਰੇਣੀਆਂ ਦੇ ਅਧਿਆਪਕਾਂ ਵਿਚ ਵੀ। ਪਾਠਕ ਪੁਛ ਸਕਦਾ ਹੈ ਕਿ ਜੇ ਤਿਮਾਹੀ ਦੇ ਜਾਂ ਵਿਦਿਅਕ ਵਰ੍ਹੇ ਦੇ ਅਖ਼ੀਰ ਉਤੇ ਵੀ ਕਿਸੇ ਵਿਦਿਆਰਥੀ ਦੇ ਕਿਸੇ ਇਕ ਜਾਂ ਦੂਜੇ ਵਿਸ਼ੇ ਵਿਚ ਕੋਈ ਨੰਬਰ ਨਾ ਹੁੰਦੇ ਤਾਂ ਕੀ ਹੁੰਦਾ? ਤਥ ਇਹ ਹੈ ਕਿ ਕਿਸੇ ਬਚੇ ਦੇ ਨੰਬਰ ਨਾ ਹੋਣ ਦੀ ਫ਼ੇਲ ਹੋਣ ਵਾਲੇ ਨੰਬਰ ਮਿਲਣ ਨਾਲ ਤੁਲਨਾ ਨਹੀਂ ਕੀਤੀ ਜਾ ਸਕਦੀ। ਵਿਦਿਆਰਥੀਆਂ ਨੂੰ ਬਸ ਨਿਸ਼ਚਾ ਹੋ ਜਾਂਦਾ ਕਿ ਜੇ ਉਹਨਾਂ ਨੂੰ ਅਜੇ ਤਕ ਕੋਈ ਨੰਬਰ ਨਹੀਂ ਮਿਲੇ ਤਾਂ ਉਹਨਾਂ ਉਸ ਤਰ੍ਹਾਂ ਕੰਮ ਨਹੀਂ ਕੀਤਾ ਜਿਵੇਂ ਉਹਨਾਂ ਨੂੰ ਕਰਨਾ ਚਾਹੀਦਾ ਸੀ। ਇਸ ਲਈ ਅਜਿਹਾ ਲਗ ਭਗ ਕਦੀ ਨਾ ਹੁੰਦਾ ਕਿ ਵਿਦਿਅਕ ਵਰ੍ਹੇ ਦੇ ਅਖ਼ੀਰ ਤਕ ਕਿਸੇ ਵਿਦਿਆਰਥੀ ਦੇ ਕੋਈ ਨੰਬਰ ਨਾ ਹੁੰਦੇ। ਚਾਰ ਵਰ੍ਹਿਆਂ ਵਿਚ ਕੇਵਲ ਛੇ ਹਾਲਤਾਂ ਵਿਚ ਅਜਿਹਾ ਹੋਇਆ ਕਿ ਮੈਂ ਤਿਮਾਹੀ ਦੇ ਅੰਤ ਉਤੇ ਕੋਈ ਨੰਬਰ ਨਾ ਦਿਤੇ। ਮਾਤਾ ਪਿਤਾ ਨੂੰ ਪਤਾ ਸੀ ਕਿ ਜੇ ਉਹਨਾਂ ਦੇ ਪੁਤਰ ਜਾਂ ਧੀ ਨੂੰ ਨੰਬਰ ਨਹੀਂ ਮਿਲੇ ਤਾਂ ਇਹਦਾ ਅਰਥ ਇਹ ਹੈ ਕਿ ਮਾਮਲਾ ਠੀਕ ਨਹੀਂ। ਇਹਦਾ ਅਰਥ ਇਹ ਸੀ ਕਿ ਕੁਝ ਅਸੰਤੋਖਜਨਕ ਸੀ। ਉਹ ਇਹ ਵੀ ਜਾਣਦੇ ਸਨ ਕਿ ਨੰਬਰਾਂ ਦੀ ਅਣਹੋਂਦ ਬਚੇ ਦਾ ਕਸੂਰ ਨਹੀਂ ਸੀ ਸਗੋਂ ਉਹਦੀ ਬਦਕਿਸਮਤੀ ਸੀ। ਅਤੇ ਅਜਿਹੀਆਂ ਹਾਲਤਾਂ ਵਿਚ ਇਹ ਲਾਜ਼ਮੀ ਹੈ ਬਚੇ ਨੂੰ ਸਹਾਇਤਾ ਦੇਣ, ਸੋ ਅਸੀਂ ਸਾਰੇ ਇਕਠੇ ਵਿਦਿਆਰਥੀ ਦੀ ਸਹਾਇਤਾ ਕਰਦੇ। ਮੈਂ ਮਾਤਾ ਪਿਤਾ ਨੂੰ ਰਜ਼ਾਮੰਦ ਕਰ ਲਿਆ ਕਿ ਉਹ ਆਪਣੇ ਬਚਿਆਂ ਤੋਂ ਸਰਵਉਚ ਨੰਬਰਾਂ ਦੀ ਮੰਗ ਨਾ ਕਰਨ ਅਤੇ ਫੇਲ ਹੋਣ ਵਾਲੇ ਨੰਬਰਾਂ ਨੂੰ ਆਲਸ, ਅਣਗਹਿਲੀ ਜਾਂ ਲੋੜੋਂ ਘਟ ਮਿਹਨਤ ਦਾ ਸਿਟਾ ਨਾ ਸਮਝਣ।

ਕਈ ਅਧਿਆਪਕ ਨੰਬਰਾਂ — ਇਕ ਸੂਖਮ ਵਿਦਿਅਕ ਸੰਦ — ਦੀ ਵਰਤੋਂ ਬੇਪਰਵਾਹੀ ਨਾਲ ਵਰਤੋਂ ਕਰਦੇ ਹਨ। ਕਈ ਸਕੂਲਾਂ ਵਿਚ ਔਸਤ * ਨੰਬਰਾਂ ਨੂੰ ਤੌਖਲੇ ਨਾਲ

---

* ਤਿੰਨ। — **ਅਨੁ:**

ਵੇਖਿਆ ਜਾਂਦਾ ਹੈ। "ਅਸੀਂ ਅੱਸਤ ਨੰਬਰਾਂ ਤੋਂ ਬਿਨਾਂ ਪੜ੍ਹਾਂਗੇ!"—ਇਹ ਸਦਾਂ ਕੇਵਲ ਨੰਨ੍ਹੇ ਪਾਉਨੀਅਰਾਂ ਦੀਆਂ ਇਕੱਤ੍ਰਾਵਾਂ ਵਿਚ ਹੀ ਨਹੀਂ ਸੁਣੀਆਂ ਜਾਂਦੀਆਂ। ਇਹ ਬਚਿਆਂ ਦੇ ਅਖ਼ਬਾਰਾਂ ਵਿਚ ਵੀ ਦਿਸਦੀਆਂ ਹਨ। ਵਿਦਿਆਰਥੀਆਂ ਵਿਚ ਸੰਤੋਖਜਨਕ ਕੰਮ ਸੰਬੰਧੀ ਅਜਿਹੇ ਵਤੀਰੇ ਨੂੰ ਉਤਸ਼ਾਹ ਦੇਂਦੇ ਹੋਏ ਅਧਿਆਪਕ ਆਪਣੇ ਮੂੰਹ ਨਾਲ ਖੁਣਸ ਕਾਰਨ ਆਪਣਾ ਨਕ ਵਢ ਰਿਹਾ ਹੁੰਦਾ ਹੈ: ਉਹ ਬਚਿਆਂ ਨੂੰ ਪੇਤਲਾ ਅਤੇ ਅਣ-ਗੰਭੀਰ ਹੋਣਾ ਸਿਖਾ ਰਿਹਾ ਹੁੰਦਾ ਹੈ।

ਦੂਜੀ ਸ਼੍ਰੇਣੀ ਸ਼ੁਰੂ ਹੋਣ ਤੋਂ ਕਈ ਹਫ਼ਤੇ ਪਿਛੋਂ ਬਚਿਆਂ ਨੇ ਆਪ ਕਾਪੀਆਂ ਬਣਾਈਆਂ, ਜਿਨ੍ਹਾਂ ਵਿਚ ਉਹਨਾਂ ਨੂੰ ਸਬਕਾਂ ਸਮੇਂ ਮਿਲੇ ਨੰਬਰ ਲਿਖੇ ਜਾਣੇ ਸਨ। ਇਕ ਵਾਰ ਵੀ ਅਜਿਹਾ ਨਾ ਹੋਇਆ ਕਿ ਬਚੇ ਨੇ ਆਪਣੇ ਮਾਤਾ ਪਿਤਾ ਤੋਂ ਨੰਬਰ ਛੁਪਾਏ। ਜੇ ਨੰਬਰ ਸਫ਼ਲਤਾ ਦੀ ਖ਼ੁਸ਼ੀ ਨੂੰ ਪ੍ਰਤਿਬਿੰਬ ਕਰਨ ਤਾਂ ਹੋਰ ਤਰ੍ਹਾਂ ਹੋ ਵੀ ਨਹੀਂ ਸਕਦਾ। ਅਧਿਆਪਕ ਦੇ ਦਸਖ਼ਤ ਦੀ ਲੋੜ ਨਹੀ—ਇਹ ਪੁਰਾਣੀ ਸਕੂਲੀ ਪ੍ਰਣਾਲੀ ਦੀ ਰਹਿੰਦ-ਖੂੰਹਦ ਹੈ ਜਦੋਂ ਸਕੂਲ ਵਿਚ ਵਾਯੂ-ਮੰਡਲ ਅਧਿਆਪਕ ਅਤੇ ਵਿਦਿਆਰਥੀ ਵਿਚਕਾਰ ਪ੍ਰਸਪਰ ਬੇਭਰੋਸਗੀ ਅਤੇ ਸ਼ਕ ਦਾ ਸੀ। ਜੇ ਸ਼੍ਰੇਣੀ ਵਿਚ ਪ੍ਰਸਪਰ ਭਰੋਸੇ ਦੀ ਅਣਹੋਂਦ ਹੈ, ਜੇ ਬਚਾ ਅਧਿਆਪਕ ਅਗੇ ਝੂਠ ਬੋਲਣ ਦਾ ਜਤਨ ਕਰਦਾ ਹੈ, ਜੇ ਨੰਬਰਾਂ ਨੂੰ ਉਸ ਚਾਬਕ ਵਿਚ ਤਬਦੀਲ ਕਰ ਦਿਤਾ ਜਾਂਦਾ ਹੈ ਜਿਸ ਨਾਲ ਬਾਲਗ ਬਚੇ ਨੂੰ ਚੰਡਦਾ ਹੈ, ਠੀਕ ਵਿਦਿਆ ਦਾ ਐਨ ਆਧਾਰ ਹੀ ਤਬਾਹ ਹੋ ਜਾਂਦਾ ਹੈ।

ਅਣਮੁਨਸਫ਼ੀ ਤੌਰ ਉਤੇ ਫ਼ੇਲ੍ਹ ਹੋਣ ਵਾਲੇ ਨੰਬਰ ਦਿਤੇ ਜਾਣ ਨਾਲ ਸਕੂਲ ਦੀ ਸਭ ਤੋਂ ਵਡੀ ਬੁਰਾਈ ਦਾ ਮੁਢ ਬਝਦਾ ਹੈ —ਬਚੇ ਵਿਚ ਬੇਇਨਸਾਫ਼ੀ ਅਤੇ ਅਧਿਆਪਕਾਂ ਅਤੇ ਮਾਤਾ ਪਿਤਾ ਅਗੇ ਝੂਠ ਬੋਲਣ। ਬਚੇ ਕੇਵਲ ਸਕੂਲ ਵਿਚ ਆਪਣੀਆਂ ਅਸਫ਼ਲਤਾਵਾਂ ਮਾਤਾ ਪਿਤਾ ਤੋਂ ਅਤੇ ਅਣਗਹਿਲੀ ਆਪਣੇ ਅਧਿਆਪਕਾਂ ਤੋਂ ਲੁਕਾਉਣ ਲਈ ਅਜਿਹੀਆਂ ਚਾਲਾਂ ਦਾ ਸਹਾਰਾ ਲੈਂਦੇ ਹਨ। ਜਿੰਨਾ ਘਟ ਤੁਸੀਂ ਬਚੇ ਉਤੇ ਭਰੋਸਾ ਕਰਦੇ ਹੋ, ਉਨਾ ਹੀ ਉਹ ਤੁਹਾਨੂੰ ਧੋਖਾ ਦੇਣ ਦਾ ਜਤਨ ਕਰਦਾ ਹੈ। ਮੇਰੇ ਵਿਦਿਆਰਥੀ ਸਭ ਤੋਂ ਪਹਿਲਾਂ ਜਿਉਂਦੇ ਮਨੁਖ, ਬਚੇ ਅਤੇ ਉਸ ਤੋਂ ਪਿਛੋਂ ਵਿਦਿਆਰਥੀ ਹਨ। ਮੈਂ ਉਹਨਾਂ ਨੂੰ ਜਿਹੜੇ ਨੰਬਰ ਦੇਂਦਾ ਹਾਂ ਉਹ ਕੇਵਲ ਉਹਨਾਂ ਦੇ ਗਿਆਨ ਦਾ ਹੀ ਨਾਪ ਨਹੀਂ ਸਗੋਂ, ਸਭ ਤੋਂ ਪਹਿਲਾਂ, ਮਨੁਖਾਂ ਵਜੋਂ ਉਹਨਾਂ ਦੇ ਸਬੰਧਾਂ ਦਾ ਵੀ ਗਜ਼ ਹਨ।

ਮੈਂ ਸਾਰੇ ਅਧਿਆਪਕਾਂ ਨੂੰ ਸਲਾਹ ਦਿਤੀ ਕਿ ਉਹ ਬਚੇ ਵਿਚ ਪੁਛ-ਪੜਤਾਲ ਅਤੇ ਖੋਜ ਦੀ ਜਵਾਲਾ ਦੀ, ਗਿਆਨ ਲਈ ਉਹਦੀ ਪਿਆਸ ਦੀ ਪਰਵਈ ਕਰਨਾ। ਇਕੋ ਇਕ ਗਲ ਜਿਹੜੀ ਇਸ ਜਵਾਲਾ ਨੂੰ ਭੜਕਾ ਸਕਦੀ ਹੈ, ਕਿਰਤ ਵਿਚ ਖ਼ੁਸ਼ੀ ਹੈ, ਕਿਰਤ ਕਰਨ ਵਾਲੇ ਵਿਚ ਮਾਣ ਹੈ। ਮੈਂ ਉਹਨਾਂ ਨੂੰ ਕਿਹਾ ਕਿ ਉਹ ਹਰ ਸਫ਼ਲਤਾ ਲਈ, ਅੱਖਿਆਈਆਂ ਉਤੇ ਹਰ ਕਾਬੂ ਪਾਉਣ ਲਈ ਯੋਗ ਨੰਬਰ ਦੇਣ

ਪਰ ਨੰਬਰਾਂ ਦੀ ਗ਼ਲਤ ਵਰਤੋਂ ਨਾ ਕਰਨ, ਅਤੇ ਇਹ ਨਾ ਭੁਲਣ ਕਿ ਜਿਸ ਧਰਤੀ ਉਤੇ ਸਾਡੀ ਵਿਦਿਅਕ ਯੋਗਤਾ ਉਸਰਨੀ ਹੈ ਉਹ ਖ਼ੁਦ ਬਚਾ ਅਤੇ ਗਿਆਨ ਅਤੇ ਅਧਿਆਪਕ ਵਲ ਉਹਦਾ ਵਤੀਰਾ ਹੈ। ਇਹ ਸਿਖਣ ਲਈ ਇਛਾ, ਪ੍ਰੇਰਨਾ ਅਤੇ ਔਕੜਾਂ ਉਤੇ ਕਾਬੂ ਪਾਉਣ ਲਈ ਤਤਪਰਤਾ ਹੈ। ਇਹ ਲਾਜ਼ਮੀ ਹੈ ਕਿ ਇਸ ਭੋਂ ਨੂੰ ਧਿਆਨ ਨਾਲ ਉਪਜਾਊ ਬਣਾਇਆ ਜਾਵੇ, ਕਿਉਂਕਿ, ਇਹਦੇ ਤੋਂ ਬਿਨਾਂ ਕੋਈ ਸਕੂਲ ਨਹੀਂ।

## ਪਰੀ-ਕਹਾਣੀਆਂ ਦਾ ਕਮਰਾ

ਪਰੀ-ਕਹਾਣੀਆਂ, ਖੇਡਾਂ ਅਤੇ ਖ਼ਿਆਲ ਉਡਾਰੀ ਬਚਿਆਂ ਦੇ ਚਿੰਤਨ ਦਾ, ਦਿਆਲ ਭਾਵਨਾਵਾਂ ਅਤੇ ਨੀਅਤਾਂ ਦੇ ਜੀਵਨ ਦਾਤੇ ਸੋਮੇ ਹਨ। ਕਈ ਵਰ੍ਹਿਆਂ ਦਾ ਅਨੁਭਵ ਦਰਸਾਉਂਦਾ ਹੈ ਕਿ ਪਰੀ-ਕਹਾਣੀਆਂ ਦੇ ਪ੍ਰਭਾਵ ਅਧੀਨ ਸੁਹਜ-ਸੁਆਦੀ, ਸਦਾਚਾਰਕ ਅਤੇ ਬੌਧਕ ਭਾਵਨਾਵਾਂ ਪੈਦਾ ਹੁੰਦੀਆਂ ਹਨ ਜਿਹੜੀਆਂ ਚਿੰਤਨ ਦੇ ਪਰਵਾਹਾਂ ਨੂੰ ਸੋਚਣ ਦੇ ਜਿਊਂਦੇ ਟਾਪੂਆਂ ਨਾਲ ਜੋੜਦੀਆਂ ਹੋਈਆਂ, ਚਿੰਤਨ ਦੇ ਵਹਿਣ ਨੂੰ ਸਰਗਰਮ ਬਣਾਉਂਦੀਆਂ ਅਤੇ ਦਿਮਾਗ਼ ਨੂੰ ਜਗਾਉਂਦੀਆਂ ਹਨ। ਪਰੀ-ਕਹਾਣੀ ਬਿੰਬਾਂ ਰਾਹੀਂ ਬਚਿਆਂ ਦੇ ਮਨਾਂ ਵਿਚ ਸ਼ਬਦਾਂ ਦੀਆਂ ਸੂਖਮ ਭਾਹਾਂ ਪ੍ਰਗਟ ਕੀਤੀਆਂ ਜਾਂਦੀਆਂ ਹਨ; ਉਹ ਬਚੇ ਦੇ ਆਤਮਕ ਜੀਵਨ ਦਾ ਇਕ ਖੇਤਰ, ਵਿਚਾਰ ਅਤੇ ਭਾਵਨਾਵਾਂ ਪ੍ਰਗਟ ਕਰਨ ਦਾ ਇਕ ਸਾਧਨ, ਚਿੰਤਨ ਦਾ ਇਕ ਯਥਾਰਥ ਬਣ ਜਾਂਦੇ ਹਨ। ਪਰੀ-ਕਹਾਣੀ ਬਿੰਬਾਂ ਰਾਹੀਂ ਉਸਾਰੀ ਭਾਵਨਾ ਦੇ ਪ੍ਰਭਾਵ ਅਧੀਨ ਬਚਾ ਸ਼ਬਦਾਂ ਵਿਚ ਸੋਚਣਾ ਸਿਖਦਾ ਹੈ। ਸਪਸ਼ਟ ਅਤੇ ਜਿਊਂਦੀਆਂ ਪਰੀ-ਕਹਾਣੀਆਂ ਤੋਂ ਬਿਨਾਂ, ਜਿਹੜੀਆਂ ਬਚਿਆਂ ਦੇ ਮਨਾਂ ਅਤੇ ਭਾਵਨਾਵਾਂ ਨੂੰ ਕੀਲ ਲੈਂਦੀਆਂ ਹਨ, ਮਨੁਖੀ ਚਿੰਤਨ ਅਤੇ ਬੋਲਣ ਵਿਚ ਇਕ ਨਿਸ਼ਚਿਤ ਪੜਾਅ ਵਜੋਂ ਬਚਿਆਂ ਦੇ ਚਿੰਤਨ ਅਤੇ ਬੋਲਣ ਦੀ ਕਲਪਨਾ ਕਰਨਾ ਅਸੰਭਵ ਹੈ।

ਬਚਿਆਂ ਨੂੰ ਇਸ ਤਥ ਤੋਂ ਬਹੁਤ ਖ਼ੁਸ਼ੀ ਪ੍ਰਾਪਤ ਹੁੰਦੀ ਹੈ ਕਿ ਉਹਨਾਂ ਦੇ ਵਿਚਾਰ ਪਰੀ-ਕਹਾਣੀ ਬਿੰਬਾਂ ਦੇ ਸੰਸਾਰ ਵਿਚ ਜਿਊਂਦੇ ਹਨ। ਬਚਾ ਇਕੋ ਇਕ ਪਰੀ-ਕਹਾਣੀ ਨੂੰ ਦਰਜਨਾਂ ਵਾਰ ਸੁਣ ਸਕਦਾ ਹੈ ਅਤੇ ਹਰ ਵਾਰ ਉਹਨੂੰ ਇਸ ਵਿਚ ਕੁਝ ਨਵਾਂ ਲਭੇਗਾ। ਸਪਸ਼ਟ, ਜਿਊਂਦੇ ਅਤੇ ਸਥੂਲ ਵਲੋਂ ਅਮੂਰਤ ਵਲ ਪਹਿਲਾ ਕਦਮ ਪਰੀ-ਕਹਾਣੀਆਂ ਦੇ ਬਿੰਬਾਂ ਵਿਚ ਹੈ। ਜੇ ਉਹਨਾਂ ਦੇ ਆਤਮਕ ਜੀਵਨਾਂ ਵਿਚ ਪਰੀ-ਕਹਾਣੀਆਂ ਦਾ ਇਕ ਪੂਰਾ ਸਮਾਂ ਨਾ ਹੁੰਦਾ ਤਾਂ ਮੇਰੇ ਵਿਦਿਆਰਥੀ ਅਮੂਰਤ ਤੌਰ ਉਤੇ ਨਾ ਸੋਚ ਸਕਦੇ। ਬਚਾ ਚੰਗੀ ਤਰ੍ਹਾਂ ਜਾਣਦਾ ਹੈ ਕਿ ਸੰਸਾਰ ਵਿਚ ਕੋਈ ਜਾਦੂਗਰਨੀ ਬਾਬਾ-ਯਾਗਾ, ਡਡੂ ਸ਼ਹਿਜ਼ਾਦੀ ਜਾਂ ਅਮਰ ਦੈਂਤ ਨਹੀਂ ਪਰ ਉਹ ਆਪਣੇ ਚੰਗੇ ਅਤੇ ਮਾੜੇ ਦੇ ਸੰਕਲਪਾਂ ਨੂੰ ਇਹਨਾਂ ਬਿੰਬਾਂ ਵਿਚ ਰੂਪਮਾਨ ਕਰਦਾ ਹੈ ਅਤੇ ਜਿੰਨੀ ਵਾਰ ਉਹ ਇਕ ਹੀ ਕਹਾਣੀ ਸੁਣਾਉਂਦਾ ਹੈ, ਚੰਗੇ ਅਤੇ ਮਾੜੇ ਵਲ ਉਹਦੇ ਨਿਜੀ ਵਿਚਾਰ ਪ੍ਰਗਟ ਹੁੰਦੇ ਹਨ।

ਪਰੀ-ਕਹਾਣੀਆਂ ਹੁਸਨ ਤੋਂ ਅਵੰਡ ਹਨ ਅਤੇ ਸੁਹਜ-ਸੁਆਦੀ ਭਾਵਨਾਵਾਂ ਦੇ ਵਿਕਾਸ ਵਿਚ ਸਹਾਇਤਾ ਦੇਂਦੀਆਂ ਹਨ, ਜਿਨ੍ਹਾਂ ਤੋਂ ਬਿਨਾਂ ਆਤਮਾ ਦੀ ਉਚਤਾ ਅਤੇ ਮਨੁਖੀ ਨਾਖ਼ੁਸ਼ੀ, ਗ਼ਮ ਅਤੇ ਦੁਖਾਂ ਲਈ ਭਾਵੁਕਤਾ ਸੰਬੰਧੀ ਸੋਚਿਆ ਵੀ ਨਹੀਂ ਜਾ ਸਕਦਾ। ਪਰੀ-ਕਹਾਣੀਆਂ ਸਦਕਾ ਬਚਾ ਸੰਸਾਰ ਨੂੰ ਕੇਵਲ ਆਪਣੇ ਮਨ ਨਾਲ ਨਹੀਂ ਸਗੋਂ ਦਿਲ ਨਾਲ ਵੀ ਜਾਣਨ ਲਗ ਪੈਂਦਾ ਹੈ। ਨਾ ਕੇਵਲ ਉਹ ਆਪਣੇ ਆਲੇ ਦੁਆਲੇ ਦੇ ਸੰਸਾਰ ਦੀਆਂ ਘਟਨਾਵਾਂ ਅਤੇ ਵਰਤਾਰਿਆਂ ਨੂੰ ਜਾਣਦਾ ਹੈ ਸਗੋਂ, ਚੰਗੇ ਅਤੇ ਮਾੜੇ ਵਲ ਆਪਣਾ ਵਤੀਰਾ ਪ੍ਰਗਟ ਕਰਦੇ ਹੋਏ, ਪ੍ਰਤਿਕ੍ਰਮ ਵੀ ਕਰਦਾ ਹੈ। ਪਰੀ-ਕਹਾਣੀਆਂ ਵਿਚ ਇਨਸਾਫ਼ ਅਤੇ ਬੇਇਨਸਾਫ਼ੀ ਦੇ ਪਹਿਲੇ ਪ੍ਰਭਾਵ ਗ੍ਰਹਿਣ ਕੀਤੇ ਜਾਂਦੇ ਹਨ। ਵਿਚਾਰਧਾਰਕ ਵਿਦਿਆ ਵਲ ਪਹਿਲਾ ਕਦਮ ਵੀ ਪਰੀ-ਕਹਾਣੀਆਂ ਦੀ ਸਹਾਇਤਾ ਨਾਲ ਪੁਟਿਆ ਜਾਂਦਾ ਹੈ। ਬਚੇ ਕਿਸੇ ਵਿਚਾਰ ਨੂੰ ਤਾਂ ਹੀ ਸਮਝਦੇ ਹਨ ਜੇ ਉਹ ਸਪਸ਼ਟ ਬਿੰਬਾਂ ਵਿਚ ਰੂਪਮਾਨ ਕੀਤਾ ਜਾਵੇ।

ਪਰੀ-ਕਹਾਣੀਆਂ ਮਾਤ-ਭੂਮੀ ਲਈ ਪਿਆਰ ਪੈਦਾ ਕਰਨ ਦਾ ਸ਼ਾਨਦਾਰ ਸਾਧਨ ਹੈ, ਜਿਸਦੀ ਥਾਂ ਹੋਰ ਕੁਝ ਨਹੀਂ ਲੈ ਸਕਦਾ। ਪਰੀ-ਕਹਾਣੀਆਂ ਵਿਚ ਦੇਸ-ਭਗਤ ਵਿਚਾਰ ਉਹਨਾਂ ਦੀ ਬਣਤਰ ਵਿਚ ਡੂੰਘੇ ਲੁਕੇ ਹੁੰਦੇ ਹਨ; ਲੋਕਾਂ ਵਲੋਂ, ਜਿਹੜੇ ਹਜ਼ਾਰਾਂ ਵਰ੍ਹਿਆਂ ਤੋਂ ਜਿਉਂਦੇ ਹਨ, ਸਿਰਜੇ ਪਰੀ-ਕਹਾਣੀ ਬਿੰਬ ਕਿਰਤੀ ਲੋਕਾਂ ਦੀ ਮਹਾਨ ਰਚਨਾਤਮਕ ਭਾਵਨਾ, ਜੀਵਨ ਵਲ ਉਹਦੇ ਵਤੀਰੇ, ਆਦਰਸ਼ਾਂ ਅਤੇ ਆਸ਼ਿਆਂ ਨੂੰ ਬਚੇ ਦੇ ਦਿਲ ਅਤੇ ਮਨ ਵਿਚ ਲਿਆਉਂਦੀਆਂ ਹਨ। ਪਰੀ-ਕਹਾਣੀ ਆਪਣੀ ਮਾਤ-ਭੂਮੀ ਲਈ ਪਿਆਰ ਸਿਖਾਉਂਦੀ ਹੈ ਕਿਉਂਕਿ ਇਹ ਲੋਕਾਂ ਦੀ ਰਚਨਾ ਹੈ। ਜਦੋਂ ਅਸੀਂ ਕੀਵ ਵਿਖੇ ਸੇਂਟ ਸੋਫ਼ੀਆ * ਦੇ ਅਦਭੁਤ ਮੁਹਰਾਕਸ਼ੀ ਚਿਤਰਾਂ ਨੂੰ ਵੇਖਦੇ ਹਾਂ ਅਸੀਂ ਉਹਨਾਂ ਦੀ ਕਲਪਨਾ ਲੋਕਾਂ ਦੇ ਜੀਵਨ ਦੇ ਹਿਸੇ ਵਜੋਂ ਕਰਦੇ ਹਾਂ, ਜਿਨ੍ਹਾਂ ਨੂੰ ਉਹਨਾਂ ਦੀ ਮਹਾਨ ਯੋਗਤਾ ਨੇ ਸਿਰਜਿਆ ਹੈ ਅਤੇ ਸਾਡੀਆਂ ਆਤਮਾਵਾਂ ਵਿਚ ਉਹਨਾਂ ਦੀ ਰਚਨਾਤਮਕ ਭਾਵਨਾ, ਵਿਚਾਰ ਅਤੇ ਕਾਰੀਗਰੀ ਲਈ ਮਾਣ ਦੀ ਭਾਵਨਾ ਜਾਗ ਪੈਂਦੀ ਹੈ। ਲੋਕ ਕਥਾਵਾਂ ਦੇ ਬਚੇ ਦੀ ਆਤਮਾ ਉਤੇ ਸਗਵਾਂ ਪ੍ਰਭਾਵ ਪਾਉਂਦੀਆਂ ਹਨ। ਜਾਪਦਾ ਹੈ ਕਿ ਲੋਕ ਕਥਾਵਾਂ ਸਾਦੇ "ਨਿਤ ਦੇ" ਪਲਾਟਾਂ ਨਾਲ ਘੜੀਆਂ ਜਾਂਦੀਆਂ ਹਨ: ਦਾਦਾ ਅਤੇ ਦਾਦੀ ਗੋਗਲੂ ਬੀਜਦੇ ਹਨ;... ਦਾਦੇ ਨੇ ਬਘਿਆੜ ਨੂੰ ਧੋਖਾ ਦੇਣ ਦਾ ਨਿਰਣਾ ਕੀਤਾ ਅਤੇ ਤੂੜੀ ਦਾ ਬਲਦ ਬਣਾਇਆ;... ਪਰ ਇਹਨਾਂ ਕਥਾਵਾਂ ਦਾ ਹਰ ਸ਼ਬਦ ਇਹਨਾਂ ਸਦੀਵੀ ਮੁਹਰਾਕਸ਼ੀ ਚਿਤਰਾਂ ਦੀਆਂ ਕੋਮਲ ਬੁਰਸ਼ ਛੋਹਾਂ ਜਿਹਾ ਹੈ — ਜਨਤਾ ਦੀ ਭਾਵਨਾ ਦੀ ਰਚਨਾਤਮਕ ਸ਼ਕਤੀ ਹਰ ਸ਼ਬਦ ਅਤੇ ਬਿੰਬ ਵਿਚ ਪ੍ਰਗਟ ਹੁੰਦੀ ਹੈ। ਪਰੀ-ਕਹਾਣੀਆਂ ਲੋਕ ਸਭਿਆਚਾਰ ਦੀਆਂ

---

* ਕੀਵ ਵਿਚ ਇਕ ਬਹੁਤ ਵਡਾ ਗਿਰਜਾ। ਅਜ ਕਲ ਇਹ ਇਕ ਸੰਗ੍ਰਹਿਆਲੇ ਹੈ। — **ਅਨੁ:**

ਆਤਮਕ ਦੌਲਤਾਂ ਵਿਚੋਂ ਇਕ ਹਨ, ਜਿਨ੍ਹਾਂ ਨੂੰ ਸਮਝਣ ਨਾਲ ਬਚੇ ਨੂੰ ਆਪਣੇ ਲੋਕਾਂ ਦੀ ਸਮਝ ਆਉਂਦੀ ਹੈ।

**ਖੁਸ਼ੀ ਦੇ ਸਕੂਲ** ਦੇ ਸ਼ੁਰੂ ਹੋਣ ਤੋਂ ਤਿੰਨ ਮਹੀਨੇ ਪਿਛੋਂ ਅਸਾਂ **ਪਰੀ-ਕਹਾਣੀਆਂ ਦਾ ਕਮਰਾ** ਸ਼ੁਰੂ ਕੀਤਾ। ਵਡੇਰੇ ਬਚਿਆਂ ਨੇ ਸਾਨੂੰ ਉਹ ਵਾਯੂ-ਮੰਡਲ ਪੈਦਾ ਕਰਨ ਵਿਚ ਸਹਾਇਤਾ ਦਿਤੀ ਜਿਸ ਵਿਚ ਬਚੇ ਅਨੁਭਵ ਕਰਦੇ ਕਿ ਉਹ ਪਰੀ-ਕਹਾਣੀ ਬਿੰਬਾਂ ਦੇ ਜਗਤ ਵਿਚ ਹਨ। ਸਾਨੂੰ ਬਹੁਤ ਕੰਮ ਕਰਨਾ ਪਿਆ ਤਾਂ ਜੁ ਬਚੇ ਕਹਾਣੀਆਂ ਦੇ ਉਸ ਮੰਤਰ ਦੇ ਮੁਗਧ ਹੋ ਜਾਣ ਜਿਸ ਦੇ ਉਹ ਉਸ ਸਮੇ ਸਨ ਜਦੋਂ ਉਹਨਾਂ ਦੀਆਂ ਮਾਵਾਂ ਨੇ ਉਹਨਾਂ ਨੂੰ ਇਹ ਸੁਣਾਈਆਂ ਸਨ—ਸ਼ਾਮਾਂ ਦੇ ਧੁੰਦਲਕੇ ਅਤੇ ਅੰਗੀਠੀ ਵਿਚ ਮਘਦੀਆਂ ਟਹਿਕਦੀਆਂ ਲਾਟਾਂ ਦਾ ਰੋਂ। ਇਕ ਨੁਕਰੇ ਮੁਰਗ਼ੇ ਦੀਆਂ ਲਤਾਂ ਦੇ ਬਣੀ, ਉਚੇ ਰੁਖਾਂ ਅਤੇ ਮੁਢਾਂ ਨਾਲ ਘਿਰੀ ਜਾਦੂਈ ਕੁਲੀ ਵਿਚ ਦੁਸ਼ਟ ਬਾਬਾ-ਯਾਗਾ ਰਹਿੰਦੀ ਸੀ। ਉਹਦੀ ਕੁਲੀ ਦੇ ਨੇੜੇ ਹੋਰ ਪਰੀ-ਕਹਾਣੀ ਪਾਤਰਾਂ ਦੇ ਆਕਾਰ ਸਨ: ਚਲਾਕ ਲੂੰਮੜ, ਭੂਰਾ ਬਘਿਆੜ ਅਤੇ ਸਿਆਣਾ ਉਲੂ। ਇਕ ਹੋਰ ਨੁਕਰ ਵਿਚ ਦਾਦੇ ਅਤੇ ਦਾਦੀ ਦੀ ਕੁਲੀ ਸੀ, ਜਿਸ ਦੇ ਉਤੇ ਅਸਮਾਨ ਵਿਚ ਹੰਸ ਉਡ ਰਹੇ ਸਨ, ਜਿਨ੍ਹਾਂ ਦੀ ਪਿਠ ਉਤੇ ਛੋਟਾ ਲੜਕਾ ਇਵਾਸਿਕ-ਤੇਲੇਸਿਕ—ਯੂਕਰੇਨੀ ਲੋਕ ਕਥਾ ਦਾ ਨਾਇਕ—ਬੈਠਾ ਸੀ। ਤੀਜੀ ਨੁਕਰੇ ਨੀਲਾ ਸਾਗਰ ਸੀ, ਜਿਸਦੇ ਕੰਢੇ ਚੰਗੇ ਬੁਢੇ ਅਤੇ ਦੁਸ਼ਟ ਬੁਢੀ ਦੀ ਕੁਲੀ ਸੀ। ਬੂਹੇ ਕੋਲ ਇਕ ਪੁਰਾਣਾ ਅਉਲੂ ਸੀ ਅਤੇ ਬੁਢਾ ਅਤੇ ਬੁਢੀ ਘਰ ਦੇ ਨੇੜੇ ਮਿਟੀ ਦੇ ਇਕ ਟਿਬੇ ਉਤੇ ਬੈਠੇ ਸਨ। ਸੁਨਹਿਰੀ ਮਛੀ ਸਾਗਰ ਵਿਚ ਤੈਰ ਰਹੀ ਸੀ। ਚੌਥੀ ਨੁਕਰੇ ਬਰਫ਼ ਦੇ ਢੇਰਾਂ ਵਾਲਾ ਸਿਆਲੀ ਜੰਗਲ ਸੀ, ਜਿਸੇ ਦੇ ਵਿਚਕਾਰ ਬਰਫ਼ ਨਾਲ ਕਜੀ ਇਕ ਨਿਕੀ ਕੁੜੀ ਸੀ—ਉਹਦੀ ਮਤਰੇਈ ਮਾਂ ਨੇ ਉਹਨੂੰ ਯਖ਼ ਹੋਏ ਸਿਆਲੀ ਜੰਗਲ ਵਿਚ ਬੇਰ ਚੁਗਣ ਲਈ ਭੇਜਿਆ ਸੀ।... ਇਕ ਮੇਮਣਾ ਕੁਲੀ ਦੀ ਇਕ ਬਾਰੀ ਵਿਚੋਂ ਬਾਹਰ ਝਾਕ ਰਿਹਾ ਸੀ। ਇਕ ਵਡਾ ਬੇਉਂਗਲ ਦਸਤਾਨਾ ਸੀ, ਜਿਸ ਵਿਚ ਇਕ ਨਿਕਾ ਚੂਹਾ ਰਹਿੰਦਾ ਸੀ; ਉਹਦੇ ਕੁਝ ਅਣਕਿਆਸੇ ਮਹਿਮਾਨ ਆਉਣ ਵਾਲੇ ਸਨ। ਪਲਾਈ ਵੁਡ ਦਾ ਬਣਿਆ ਇਕ ਵਡਾ ਮੁਢ ਸੀ, ਜਿਸ ਉਤੇ ਗੁਡੀਆਂ ਸਨ —ਇਕ ਨਿਕੀ ਕੁੜੀ, ਇਕ ਭੂਰਾ ਸਹਿਆ, ਭੈਣ ਲੂੰਮੜੀ, ਰਿਛ, ਬਘਿਆੜ, ਮੇਮਣਾ, ਤੂੜੀ ਦਾ ਬਣਿਆ ਬਲਦ, ਅਤੇ ਘੁੜ-ਸਵਾਰੀ ਦੀ ਲਾਲ ਟੋਪੀ ਵਾਲੀ ਕੁੜੀ।

ਅਸੀਂ ਕਾਫ਼ੀ ਸਮਾਂ ਲਾਕੇ ਇਹ ਸਾਰੀਆਂ ਚੀਜ਼ਾਂ ਆਪੇ ਬਣਾਈਆਂ। ਮੈਂ ਸ਼ਕਲਾਂ ਵਾਹੀਆਂ, ਕਟੀਆਂ ਅਤੇ ਗੂੰਦ ਨਾਲ ਜੋੜੀਆਂ, ਅਤੇ ਬਚਿਆਂ ਨੇ ਮੇਰੀ ਸਹਾਇਤਾ ਕੀਤੀ। ਮੈਂ ਉਸ ਵਾਯੂ-ਮੰਡਲ ਦੇ ਸੁਹਜ-ਸੁਆਦੀ ਖ਼ਾਸੇ ਨੂੰ ਮਹਤਤਾ ਦਿਤੀ ਜਿਸ ਵਿਚ ਬਚੇ ਪਰੀ-ਕਹਾਣੀਆਂ ਸੁਣਦੇ। ਹਰ ਚਿਤਰ, ਹਰ ਨੀਝੀ ਬਿੰਬ ਕਲਾਤਮਕ ਸ਼ਬਦ ਵਲ ਗ੍ਰਾਹੀਣਤਾ ਵਧਾਉਂਦਾ ਅਤੇ ਹਰ ਪਰੀ-ਕਹਾਣੀ ਦੇ ਵਿਚਾਰ ਨੂੰ ਵਧੇਰੇ ਡੂੰਘਾਈ ਨਾਲ ਪ੍ਰਗਟ ਕਰਦਾ। **ਪਰੀ-ਕਹਾਣੀਆਂ ਦੇ ਕਮਰੇ** ਵਿਚ ਲੋਅ ਨੇ ਵੀ ਵਡਾ

ਰੋਲ ਅਦਾ ਕੀਤਾ। ਮੈਂ ਡਡੂ ਸ਼ਹਿਜ਼ਾਦੀ ਦੀ ਕਹਾਣੀ ਸੁਣਾਈ, ਜੰਗਲ ਝੰਗੀ ਵਿਚ ਨਿਕੀਆਂ ਬਤੀਆਂ ਜਗ ਪਈਆਂ ਅਤੇ ਕਮਰੇ ਵਿਚ ਹਰੀ ਧੁੰਦ ਛਾ ਗਈ, ਇਹਨੇ ਬੜੀ ਸਪਸ਼ਟਤਾ ਨਾਲ ਉਹ ਪ੍ਰਸਥਿਤੀ ਪੈਦਾ ਕੀਤੀ ਜਿਸ ਵਿਚ ਕਹਾਣੀ ਵਾਪਰੀ ਸੀ।

ਮੈਂ ਬਚਿਆਂ ਨੂੰ **ਪਰੀ-ਕਹਾਣੀਆਂ ਦੇ ਕਮਰੇ** ਵਿਚ ਬਹੁਤ ਵਾਰ ਨਾ ਲਿਜਾਂਦਾ—ਹਫ਼ਤੇ ਵਿਚ ਇਕ ਵਾਰ ਜਾਂ ਦੋ ਹਫ਼ਤਿਆਂ ਵਿਚ ਇਕ ਵਾਰ। ਸੁਹਜ-ਸੁਆਦੀ ਮੰਗਾਂ ਰਜ ਦੀ ਹਦ ਤਕ ਪੂਰੀਆਂ ਨਹੀਂ ਕਰਨੀਆਂ ਚਾਹੀਦੀਆਂ। ਜਿਥੇ ਰਜ ਹੋਵੇ ਉਥੇ ਟੈ ਪੈਦਾ ਹੋ ਜਾਂਦੀ—ਨਿਕ-ਬੁਰਜੂਆ ਨਿਰਾਸ਼ਾ, ਅਕੇਵਾਂ, ਅਤੇ "ਸਮਾਂ ਲੰਘਾਉਣ" ਦੇ ਢੰਗਾਂ ਦੀ ਭਾਲ।... ਅਸੀਂ ਪਤ-ਝੜ ਅਤੇ ਸਿਆਲੇ ਦੇ ਧੁੰਦਲਕੇ ਵਿਚ ਉਥੇ ਗਏ—ਉਸ ਸਮੇਂ ਬਚਿਆਂ ਲਈ ਪਰੀ-ਕਹਾਣੀਆਂ ਦੀ ਧੁਪਿਆਲੇ ਦਿਨਾਂ ਨਾਲੋਂ ਵਖਰੀ ਹੀ ਟੁਣਕਾਰ ਹੁੰਦੀ ਹੈ। ਵਿਹੜੇ ਵਿਚ ਹਨੇਰਾ ਹੋ ਗਿਆ, ਅਸਾਂ ਬਤੀ ਨਾ ਬਾਲੀ ਅਤੇ ਘੁਸ-ਮੁਸੇ ਵਿਚ ਬੈਠੇ ਰਹੇ। ਅਚਾਨਕ ਪਰੀ-ਕਹਾਣੀ ਕੁਲੀ ਵਿਚ ਬਤੀਆਂ ਟਿਮਟਿਮਾਉਣ ਲਗ ਪਈਆਂ ਅਤੇ ਅਸਮਾਨ ਵਿਚ ਤਾਰੇ ਆ ਗਏ। ਜੰਗਲ ਦੇ ਰੁਖਾਂ ਦੇ ਉਪਰ ਚੰਨ ਚੜ੍ਹ ਆਇਆ। ਕਮਰੇ ਵਿਚ ਮਧਮ ਲੋਅ ਸੀ ਅਤੇ ਨੁਕਰਾਂ ਵਿਚ ਹਨੇਰਾ ਸੀ। ਮੈਂ ਬਚਿਆਂ ਨੂੰ ਹਡੀ ਦੀ ਲਤ ਵਾਲੀ ਬਾਬਾ-ਯਾਗਾ ਸੰਬੰਧੀ ਇਕ ਲੋਕ ਕਥਾ ਸੁਣਾਈ। ਜਾਪਦਾ ਇਹ ਸੀ ਕਿ ਮੇਰੀ ਗਲ ਵਿਚ ਬਚਿਆਂ ਲਈ ਕੁਝ ਵੀ ਨਵਾਂ ਨਹੀਂ ਸੀ ਪਰ ਉਹਨਾਂ ਦੀਆਂ ਅਖਾਂ ਸ਼ਲਾਘਾ ਨਾਲ ਚਮਕ ਉਠੀਆਂ। ਬਚੇ ਬੁਰਾਈ ਨੂੰ ਘਿਰਣਾ ਕਰਦੇ ਹੋਏ ਅਤੇ ਚੰਗਿਆਈ ਲਈ ਡੂੰਘੀ ਭਾਵਨਾ ਰਖਦੇ ਹੋਏ ਨਾਇਕਾਂ ਨਵਾਂ ਹੋਣੀਆਂ ਜੀਵੇ। ਦੁਸ਼ਟ ਇਸਤ੍ਰੀ ਅਤੇ ਇਤਬਾਰ ਕਰਨ ਵਾਲੀ ਅਲਯੋਨਕਾ, ਦਿਆਲ ਹੰਸ ਦੇ ਰੂਪ ਬਚਿਆਂ ਦੀ ਕਲਪਨਾ ਵਿਚ ਸਜੀਵ ਹੋ ਗਏ; ਉਹ ਤਰਕ ਅਤੇ ਭਾਵਨਾ ਨਾਲ ਭਰੇ ਹੋਏ ਜਿਉਂਦੇ ਹੋ ਗਏ। ਨਿਕੇ ਬਚਿਆਂ ਲਈ ਪਰੀ-ਕਹਾਣੀਆਂ ਕੇਵਲ ਅਣੋਖੀਆਂ ਘਟਨਾਵਾਂ ਵਾਲੀਆਂ ਕਹਾਣੀਆਂ ਹੀ ਨਹੀਂ ਹੁੰਦੀਆਂ, ਉਹ ਪੂਰੇ ਸੰਸਾਰ ਹੁੰਦੇ ਹਨ, ਜਿਨ੍ਹਾਂ ਵਿਚ ਬਚਾ ਜਿਉਂਦਾ, ਜੂਝਦਾ ਅਤੇ ਆਪਣੀ ਸਦਭਾਵਨਾ ਨਾਲ ਬੁਰਾਈ ਦਾ ਮੁਕਾਬਲਾ ਕਰਦਾ ਹੈ। ਪਰੀ-ਕਹਾਣੀ ਦੇ ਸ਼ਬਦ ਬਚੇ ਦੀ ਆਤਮਕ ਸ਼ਕਤੀ ਦੇ ਪ੍ਰਗਟਾਅ ਦਾ ਅਸਲੀ ਰੂਪ ਹਨ, ਜਿਵੇਂ ਖੇਡਾਂ ਹਰਕਤ ਨੂੰ ਅਤੇ ਸੰਗੀਤ ਲੈ ਨੂੰ ਪ੍ਰਗਟ ਕਰਦੇ ਹਨ। ਬਚਾ ਪਰੀ-ਕਹਾਣੀਆਂ ਕੇਵਲ ਸੁਣਨਾ ਹੀ ਨਹੀਂ ਚਾਹੁੰਦਾ, ਉਹ ਆਪ ਸੁਣਾਉਣਾ ਚਾਹੁੰਦਾ ਹੈ, ਉਸੇ ਤਰ੍ਹਾਂ ਜਿਵੇਂ ਉਹ ਸੁਣਨ ਦੇ ਨਾਲ ਨਾਲ ਗੀਤ ਗਾਉਣਾ ਵੀ ਚਾਹੁੰਦਾ ਹੈ, ਖੇਡਾਂ ਵੇਖਣ ਦੇ ਨਾਲ ਨਾਲ ਖੇਡਣਾ ਵੀ ਚਾਹੁੰਦਾ ਹੈ।

ਕਈ ਦਿਨ ਲੰਘ ਗਏ ਅਤੇ ਬਚਿਆਂ ਨੇ ਪੁਛਿਆ: "ਅਸੀਂ **ਪਰੀ-ਕਹਾਣੀਆਂ ਦੇ ਕਮਰੇ** ਵਿਚ ਕਦੋਂ ਮੁੜ ਜਾਵਾਂਗੇ?" ਖੁਸ਼ੀ ਭਰੇ ਛਿਣਾਂ ਦੀ ਆਸ ਨੇ ਬਚਿਆਂ ਨੂੰ ਉਤੇਜਤ ਕੀਤਾ ਅਤੇ ਅਸੀਂ ਸ਼ਾਮ ਦੇ ਧੁੰਦਲਕੇ ਵਿਚ ਇਕ ਵਾਰ ਫਿਰ ਉਥੇ ਇਕਠੇ

ਹੋਏ। ਇਕ ਵਾਰ ਫਿਰ ਮੈਂ ਇਕ ਕਹਾਣੀ ਸੁਣਾਈ ਅਤੇ ਬਚਿਆਂ ਨੇ ਉਹ ਮੁੜ ਸੁਣਾਈ। ਉਸ ਛਿਣ ਸਭ ਤੋਂ ਸੰਗਾਊ ਬਚੇ ਦਲੇਰ ਅਤੇ ਨਿਰਣਾਇਕ ਬਣ ਗਏ। ਹੋਰਨਾਂ ਪ੍ਰਸਥਿਤੀਆਂ ਵਿਚ ਜਿਹੜੇ ਬੋਲ ਗਡ-ਮਡ ਹੋਏ ਅਤੇ ਅਣਜੋੜ ਸਨ, ਇਥੇ ਰਵਾਂ, ਸੁਰੀਲੇ ਅਤੇ ਪ੍ਰਗਟਾਊ ਬਣ ਜਾਂਦੇ। ਨੀਨਾ, ਪੈਤਰਿਕ, ਲਿਊਦਾ, ਸਲਾਵਾ ਅਤੇ ਵਾਲੀਆ, ਜਿਹੜੇ ਬਚਿਆਂ ਨੂੰ ਬੋਲਣ ਅਤੇ ਸੋਚ ਦੇ ਵਿਕਾਸ ਵਿਚ ਔਖ ਹੁੰਦਾ ਸੀ, ਉਹਨਾਂ ਸਾਰਿਆਂ ਨੇ ਕਹਾਣੀਆਂ ਸੁਣਾਈਆਂ।

ਹਰ ਵਾਰ ਜਦੋਂ ਅਸੀਂ **ਪਰੀ-ਕਹਾਣੀਆਂ ਦੇ ਕਮਰੇ** ਵਿਚ ਆਉਂਦੇ ਬਚੇ ਖੇਡਣਾ ਚਾਹੁੰਦੇ। ਹਰ ਇਕ ਦਾ, ਮੁੰਡਿਆਂ ਅਤੇ ਕੁੜੀਆਂ ਦੁਹਾਂ ਦਾ ਮਨ-ਭਾਉਂਦਾ ਖਿਡੌਣਾ ਜਾਂ ਗੁਡੀ ਸੀ। ਖੇਡਾਂ ਰਚਨਾਤਮਕਤਾ ਦਾ ਰੂਪ ਧਾਰਦੀਆਂ ਹਨ: ਬਚਾ ਕਿਸੇ ਪਰੀ-ਕਹਾਣੀ ਦਾ ਨਾਇਕ ਬਣ ਜਾਂਦਾ ਹੈ ਅਤੇ ਉਹਦੇ ਹਥਾਂ ਵਿਚ ਫੜੀ ਗੁਡੀ ਉਹਨੂੰ ਆਪਣੇ ਵਿਚਾਰ ਅਤੇ ਭਾਵਨਾਵਾਂ ਵਧੇਰੇ ਸਪਸ਼ਟਤਾ ਨਾਲ ਪ੍ਰਗਟ ਕਰਨ ਵਿਚ ਸਹਾਇਤਾ ਦੇਂਦੀ ਹੈ। ਇਕ ਬਚੇ ਨੇ ਤੂੜੀ ਦਾ ਬਲਦ (ਬਚਿਆਂ ਲਈ ਇਕ ਪ੍ਰਸਿਧ ਯੂਕਰੇਨੀ ਕਹਾਣੀ ਦਾ ਨਾਇਕ) ਖੇਡਣ ਲਈ ਲਿਆ, ਇਕ ਹੋਰ ਨੇ ਦਾਦੀ ਗੁਡੀ ਲਈ, ਜਿਥੇ ਕਿ ਤੀਜੇ ਨੇ ਦਾਦਾ ਗੁਡੀ ਲਈ। ਇਉਂ ਬਚੇ ਪਹਿਲਾਂ ਹੀ ਕਲਪਨਾ ਦੇ ਸੰਸਾਰ ਵਿਚ ਰਹਿੰਦੇ। ਉਹ ਕੇਵਲ ਪਾਤਰਾਂ ਦੇ ਸ਼ਬਦ ਹੀ ਨਾ ਦੁਹਰਾਉਂਦੇ ਸਗੋਂ ਰਚਨਾ ਕਰਦੇ, ਪਰੀ-ਕਹਾਣੀ ਵਿਚ ਆਪਣੀਆਂ ਕਲਪਨਾਵਾਂ ਦੀ ਘਾੜਤ ਸ਼ਾਮਲ ਕਰ ਦੇਂਦੇ। ਕੁਝ ਕੁੜੀਆਂ ਬਸ ਗੁਡੀਆਂ ਨਾਲ ਖੇਡਣਾ ਹੀ ਚਾਹੁੰਦੀਆਂ। ਇਕ ਬਚੇ ਨੇ ਗੁਡੀ ਨੂੰ ਇਕ ਨਿਕੇ ਦੀਵਾਨ ਉਤੇ ਬਿਠਾਇਆ ਅਤੇ ਸੁਰੀਲੀ ਆਵਾਜ਼ ਵਿਚ ਉਹਨੂੰ ਪਿਆਰ ਭਰੇ, ਪਲੋਸਦੇ ਸ਼ਬਦ ਕਹਿਣ ਲਗ ਪਿਆ। ਗੁਡੀ ਬਿਮਾਰ ਹੋ ਗਈ ਅਤੇ ਇਕ ਹੋਰ ਨਿਕੀ ਕੁੜੀ ਗੁਡੀ ਨੂੰ ਵਲ ਕਰਨ ਦਾ ਜਤਨ ਕਰਦੇ ਹੋਏ ਉਹਦਾ ਧਿਆਨ ਰਖ ਰਹੀ ਸੀ।

ਮੈਨੂੰ ਇਸ ਗਲ ਨੇ ਪ੍ਰੇਸ਼ਾਨ ਨਾ ਕੀਤਾ ਕਿ ਮੁੰਡੇ ਅਤੇ ਕੁੜੀਆਂ ਗੁਡੀਆਂ ਨਾਲ ਕਈ ਵਰ੍ਹੇ ਖੇਡਦੇ ਰਹੇ। ਇਹ "ਇਆਣਪੁਣਾ" ਨਹੀਂ, ਜਿਹਾ ਕਿ ਕੁਝ ਅਧਿਆਪਕਾਂ ਦੀ ਸੋਚਣ ਦੀ ਪ੍ਰਵਿਰਤੀ ਹੁੰਦੀ ਹੈ, ਪਰ ਉਹੋ ਕਹਾਣੀਆਂ ਦੀਆਂ ਵਸਤਾਂ ਵਿਚ ਜਿਊਂਦੀ ਰੂਹ ਪਾਉਂਦਾ ਹੈ ਜਿਹੜਾ ਪਰੀ-ਕਹਾਣੀਆਂ ਸੁਣਨ ਅਤੇ ਘੜਣ ਦੇ ਰਚਨਾਤਮਕ ਅਮਲ ਵਿਚੋਂ ਲੰਘਦਾ ਹੈ। ਉਸ ਅਣੱਖੇ ਬਿੰਬ ਦੀ, ਜਿਸਨੂੰ ਬਚੇ **ਪਾਲਤੂ ਬਣਾਉਣ** ਦਾ ਜਤਨ ਕਰ ਰਹੇ ਹਨ, ਫ਼ਰਾਂਸੀਸੀ ਲੇਖਕ ਅਨਤੋਇਨ ਸਾਂ-ਐਕਸੂਪਰੇ (੧੯੦੦-੧੯੪੪) ਦੇ ਸ਼ਬਦਾਂ ਵਿਚ, ਗੁਡੀਆਂ ਵਿਚ ਹੋਂਦ ਹੈ। ਮੈਂ ਬੜੇ ਗਹੁ ਨਾਲ ਉਹਨਾਂ ਸੰਬੰਧਾਂ ਨੂੰ ਵੇਖਿਆ ਜਿਹੜੇ ਸਮਾਂ ਪਾਕੇ ਬਚਿਆਂ ਅਤੇ ਉਹਨਾਂ ਦੀਆਂ ਮਨ-ਭਾਉਂਦੀਆਂ ਗੁਡੀਆਂ ਵਿਚਕਾਰ ਪੈਦਾ ਹੋ ਗਏ ਸਨ। ਮੈਂ ਇਸ ਗਲ ਉਤੇ ਖ਼ੁਸ਼ ਸਾਂ ਕਿ ਲੰਮਾ ਸਮਾਂ ਲੰਘਣ ਪਿਛੋਂ ਮੁੰਡੇ ਗੁਡੀਆਂ ਦੇ ਮਿਤਰ ਬਣ ਗਏ। ਕੋਸਤੀਆ ਦੀ ਗੁਡੀ ਵਿਚ ਕੋਈ ਵਿਸ਼ੇਸ਼ਤਾ ਨਹੀਂ ਸੀ—ਸੋਟਾ ਲਈ ਇਕ ਬੁਢਾ ਮਾਛੀ। ਗੁਡੀ ਦੀ

ਲਤ ਕਈ ਵਾਰ ਟੂਟ ਗਈ ਅਤੇ ਅਖ਼ੀਰ ਕੋਸਤੀਆ ਨੇ ਉਹਦੇ ਲਈ ਲਕੜ ਦੀ ਇਕ ਲਤ ਬਣਾਈ ਅਤੇ ਇਕ ਗੰਢਲ ਖੂੰਡੀ ਵੀ ਜਿਸ ਨਾਲ ਮਾਛੀ ਦਰਿਆ ਵਲ ਚਲ ਸਕਦਾ ਸੀ। ਨਿਕੇ ਮੁੰਡਾ ਆਪਣੇ ਬੁਢੇ ਮਿਤਰ ਨਾਲ ਗਲਾਂ ਕਰਨੀਆਂ ਪਸੰਦ ਕਰਦਾ: ਉਹ ਉਹਨੂੰ ਦਸਦਾ ਕਿ ਕਾਰਪ ਅਤੇ ਬਰੀਮ ਮਛੀਆਂ ਕਿਥੇ ਫੜੀਆਂ ਜਾ ਸਕਦੀਆਂ ਹਨ।... ਲਾਰੀਸਾ ਦੀਆਂ ਮਨ-ਪਸੰਦ ਗੁਡੀਆਂ ਦਾਦੀ ਅਤੇ ਪੋਤਰੀ ਸਨ। ਨਿਕੀ ਕੁੜੀ ਨੇ ਦਾਦੀ ਲਈ ਐਨਕ ਬਣਾਈ, ਉਹਦੇ ਪੈਰਾਂ ਹੇਠ ਨਿਘਾ ਕੰਬਲ ਰਖਿਆ ਅਤੇ ਉਹਦੇ ਮੋਢਿਆਂ ਦੁਆਲੇ ਸ਼ਾਲ ਲਪੇਟੀ। ਵਾਲੀਆ ਦੀਆਂ ਵੀ ਦੋ ਗੁਡੀਆਂ ਸਨ—ਇਕ ਬਿਲੂੰਗੜਾ ਅਤੇ ਇਕ ਚੂਹਾ। ਹਰ ਹਫ਼ਤੇ ਉਹ ਬਿਲੂੰਗੜੇ ਦੇ ਗਲੇ ਦੁਆਲੇ ਥੋ ਬਦਲਦੀ ਅਤੇ ਕਿਸੇ ਕਾਰਨ ਉਹ ਚੂਹੇ ਲਈ ਹਰਾ ਕੰਬਲ ਲਿਆਈ।...

**ਪਰੀ-ਕਹਾਣੀਆਂ ਦੇ ਕਮਰੇ** ਵਿਚ ਬਚਿਆਂ ਦੀਆਂ ਖ਼ਿਆਲ-ਉਡਾਰੀਆਂ ਅਖੁਟ ਸਨ। ਬਚਾ ਕਿਸੇ ਨਵੀਂ ਵਸਤ ਨੂੰ ਵੇਖਣ ਲਈ ਰੁਕਦਾ, ਜਿਸਨੂੰ ਉਹ ਆਪਣੇ ਮਨ ਵਿਚ ਕਿਸੇ ਹੋਰ ਵਸਤ ਨਾਲ ਜੋੜਣ ਲਗ ਪੈਂਦਾ ਅਤੇ ਇਕ ਨਵਾਂ ਅਣੋਖਾ ਪ੍ਰਭਾਵ ਪੈਂਦਾ ਹੋ ਜਾਂਦਾ। ਬਚੇ ਦੀ ਕਲਪਨਾ ਹਰਕਤ ਵਿਚ ਆਉਂਦੀ; ਉਹਦੇ ਵਿਚਾਰ ਲਰਜ਼ਦੇ; ਉਹਦੀਆਂ ਅਖਾਂ ਚਮਕਣ ਲਗ ਪੈਂਦੀਆਂ ਅਤੇ ਉਹਦੇ ਬੋਲ ਇਕਸਾਰ ਵਹਿਣ ਵਿਚ ਵਗਣ ਲਗ ਪੈਂਦੇ। ਇਸ ਗਲ ਨੂੰ ਮੁਖ ਰਖਦੇ ਹੋਏ ਮੈਂ ਅਜਿਹਾ ਕਰਨ ਦਾ ਜਤਨ ਕੀਤਾ ਕਿ ਕਮਰੇ ਵਿਚ ਵਖ ਵਖ ਨੁਕਰਾਂ ਅਤਿ-ਅੰਤ ਵਖ ਵਖ ਵਸਤਾਂ ਨਾਲ ਭਰੀਆਂ ਹੋਣ ਜਿਨ੍ਹਾਂ ਵਿਚਕਾਰ ਕਿਸੇ ਤਰ੍ਹਾਂ ਦੀਆਂ ਅਸਲੀ ਜਾਂ ਖ਼ਿਆਲੀ ਚੀਜ਼ਾਂ ਜੁੜੀਆਂ ਹੋਣ। ਮੈਂ ਇਸ ਸੰਬੰਧੀ ਫ਼ਿਕਰਮੰਦ ਸਾਂ ਕਿ ਬਚੇ ਖ਼ਿਆਲ-ਉਡਾਰੀ ਲਾਉਣ, ਨਵੀਆਂ ਕਹਾਣੀਆਂ ਰਚਣ ਅਤੇ ਘੜਣ। ਇਕ ਟੰਗ ਉਤੇ ਖੜੇ ਬਗਲੇ ਦੇ ਨਾਲ ਇਕ ਨਿਕਾ ਸਹਿਮਿਆ ਬਿਲੂੰਗੜਾ ਖੜਾ ਸੀ, ਜਿਸਤੋਂ ਬਚੇ ਦੀ ਕਲਪਨਾ ਕਈ ਰੋਚਕ ਕਹਾਣੀਆਂ ਘੜਦੀ ਜਿਸਦੇ ਨਾਇਕ ਬਗਲਾ ਅਤੇ ਬਿਲੂੰਗੜਾ ਸਨ। ਫਿਰ ਇਕ ਚਪੂ ਵਾਲੀ ਬੇੜੀ ਸੀ ਜਿਸਦੇ ਕੋਲ ਇਕ ਡਡੂ ਸੀ, ਜਿਹੜਾ ਸਭ ਕੁਝ ਕਹਾਣੀ ਘੜਣ ਲਈ ਕਹਿੰਦਾ। ਇਕ ਬਹੁਤ ਵਡੀਆਂ ਮਖੀਆਂ ਅਤੇ ਮਛਰਾਂ ਵਾਲੀ ਖੋਹ (ਪਰੀ-ਕਹਾਣੀਆਂ ਵਿਚ ਇਹਦੀ ਆਗਿਆ ਹੁੰਦੀ ਹੈ) ਵਿਚੋਂ ਬਾਹਰ ਝਾਕਦਾ ਰਿਛ ਦਾ ਬਚਾ, ਇਕ ਨਿਕਾ ਸੂਰ ਅਤੇ ਸਾਬਣ ਸਹਿਤ ਇਕ ਘੜਵੰਜੀ—ਇਹ ਸਭ ਕੁਝ ਬਚਿਆਂ ਦੇ ਮੂੰਹ ਉਤੇ ਮੁਸਕਾਨ ਹੀ ਨਹੀਂ ਲਿਆਉਂਦਾ ਸਗੋਂ ਉਹਨਾਂ ਦੀ ਕਲਪਨਾ ਨੂੰ ਜਗਾਉਂਦਾ ਹੈ।

ਜੇ ਮੈਂ ਇਸ ਸਭ ਕੁਝ ਨਾਲ ਬਚੇ ਨੂੰ, ਸੋਚਣ ਦੇ ਵਿਕਾਸ ਦੇ ਦੌਰਾਨ, ਜਿਸ ਵਿਚ ਗੰਭੀਰ ਔਕੜਾਂ ਪੇਸ਼ ਆਉਂਦੀਆਂ ਹਨ, ਆਲੇ ਦੁਆਲੇ ਦੇ ਸੰਸਾਰ ਦੀਆਂ ਕਈ ਵਸਤਾਂ ਨਾਲ ਸੰਬੰਧਤ ਕਹਾਣੀ ਘੜਣ ਵਲ ਲਾ ਸਕਦਾ ਤਾਂ ਮੈਂ ਨਿਸ਼ਚੇ ਨਾਲ ਕਹਿ ਸਕਦਾ ਸਾਂ ਕਿ ਬਚੇ ਨੇ ਸੋਚਣਾ ਸਿਖ ਲਿਆ ਹੈ। ਮੈਂ ਪਹਿਲਾਂ ਹੀ ਉਹ ਔਖ

ਦਸ ਚੁਕਾ ਹਾਂ ਜਿਸ ਨਾਲ ਵਾਲੀਆ ਦੀ ਸੋਚ ਜਗਾਈ ਗਈ ਅਤੇ ਉਹਦਾ ਚੇਤਾ ਮਜ਼ਬੂਤ ਬਣਾਇਆ ਗਿਆ : ਉਹਦੀ ਸੋਚ ਜਗਾਉਣ ਦਾ ਇਕ ਸਾਧਨ ਆਲੇ ਦੁਆਲੇ ਦੇ ਸੰਸਾਰ ਦੀਆਂ ਵਸਤਾਂ ਅਤੇ ਵਰਤਾਰਿਆਂ ਵਿਚਕਾਰ ਅਚਣਚੇਤੀ ਪ੍ਰਗਟ ਹੋਈਆਂ ਕੜੀਆਂ ਨੂੰ ਵੇਖ ਕੇ ਹੈਰਾਨੀ ਸੀ। ਕਹਾਣੀਆਂ ਇਕ ਹੋਰ ਅਤੇ ਕੋਈ ਘਟ ਸਾਧਨ ਨਹੀਂ ਸਨ। ਲੰਮੇ ਸਮੇਂ ਤਕ ਵਾਲੀਆ ਕੋਈ ਕਹਾਣੀਆਂ ਨਾ ਘੜ ਸਕੀ ਅਤੇ ਇਸ ਉਤੇ ਮੈਨੂੰ ਚਿੰਤਾ ਹੋਈ। ਅਖ਼ੀਰ ਤੀਜੀ ਸ਼੍ਰੇਣੀ ਵਿਚ ਹੀ ਉਹਨੇ ਇਕ ਡਡੂ, ਇਕ ਬੇੜੀ ਅਤੇ ਇਕ ਮਛੀ ਸੰਬੰਧੀ ਕਹਾਣੀ ਘੜੀ। ਇਹ ਹੈ ਉਹ ਕਹਾਣੀ ਜੋ ਉਹਨੇ ਘੜੀ : "ਇਕ ਡਡੂ ਨੇ ਦਰਿਆ ਦੇ ਕੰਢੇ ਇਕ ਬੇੜੀ ਵੇਖੀ। ਦਾਦਾ-ਮਾਛੀ ਬੇੜੀ ਉਥੇ ਛਡ ਗਿਆ ਸੀ ਅਤੇ ਰੋਟੀ ਖਾਣ ਘਰ ਗਿਆ ਸੀ। ਡਡੂ ਸੈਰ ਕਰਨ ਜਾਣਾ ਚਾਹੁੰਦਾ ਸੀ। ਉਹ ਚਲ੍ਹੇ ਵਿਚੋਂ ਬਾਹਰ ਆਇਆ ਅਤੇ ਛਾਲ ਮਾਰਕੇ ਬੇੜੀ ਵਿਚ ਬਹਿ ਗਿਆ। ਉਹਨੇ ਚਪੂ ਵੀ ਫੜ ਲਿਆ ਅਤੇ ਫਿਰ ਇਕ ਮਛੀ ਤੁਰਦੀ ਹੋਈ ਉਹਦੇ ਕੋਲ ਆਈ ਅਤੇ ਬੋਲੀ : 'ਇਹ ਤੂੰ ਕੀ ਕਰਨ ਲਗੈਂ ? ਤੂੰ ਤਾਂ ਬਸ ਚਲ੍ਹਿਆਂ ਵਿਚ ਤਰਨੈਂ ਪਰ ਬੇੜੀਆਂ ਡੂੰਘੇ ਪਾਣੀ ਨੂੰ ਪਿਆਰ ਕਰਦੀਆਂ ਨੇ।' ਡਡੂ ਨੇ ਮਛੀ ਦੀ ਨਸੀਹਤ ਉਤੇ ਅਮਲ ਨਾ ਕੀਤਾ ਅਤੇ ਆਪਣੇ ਨਿਕੇ ਚਲ੍ਹੇ ਵਲ ਚਲ ਪਿਆ। ਡਡੂ ਤੈਰਨ ਲਗ ਪਿਆ ਅਤੇ ਬੇੜੀ ਨੇ ਕਿਹਾ : 'ਡਡੂ, ਡਡੂ ਤੂੰ ਮੈਨੂੰ ਖਿਚ ਕੇ ਕਿਥੇ ਲਿਜਾ ਰਿਹੈਂ ?' ਡਡੂ ਨੇ ਜਵਾਬ ਦਿਤਾ : 'ਆਪਣੇ ਚਲ੍ਹੇ ਵਿਚ ਤਾਂ ਜੁ ਮੇਰੇ ਸਾਰੇ ਰਿਸ਼ਤੇਦਾਰ ਵੇਖ ਸਕਣ ਕਿ ਮੈਂ ਕਿਸ ਤਰ੍ਹਾਂ ਬੇੜੀ ਚਲਾ ਸਕਦਾ ਹਾਂ'। ਬੇੜੀ ਮੁਸਕਰਾਈ ਅਤੇ ਮਨ ਹੀ ਮਨ ਵਿਚ ਸੋਚਿਆ : 'ਜਦੋਂ ਦਾਦਾ ਮੁੜ ਆਇਆ ਤਾਂ ਉਹ ਤੈਨੂੰ ਬੇੜੀ ਚਲਾਉਣਾ ਸਿਖਾਵੇਗਾ।' ਡਡੂ ਮਸਾਂ ਹੀ ਬੇੜੀ ਨੂੰ ਖਿਚ ਕੇ ਚਲ੍ਹੇ ਤਕ ਲਿਜਾ ਸਕਿਆ। ਉਹ ਚਿਕੜ ਵਿਚ ਫਸ ਗਈ ਅਤੇ ਅਗੇ ਨਾ ਚਲੇ। ਡਡੂ ਨੇ ਜ਼ੋਰ ਲਾਇਆ, ਜ਼ੋਰ ਲਾਇਆ ਪਰ ਬੇੜੀ ਹਿਲੀ ਹੀ ਨਾ। ਅਤੇ ਚਲ੍ਹੇ ਵਿਚੋਂ ਸਾਰੇ ਡਡੂ ਆ ਗਏ ਅਤੇ ਉਹਦੇ ਵਲ ਵੇਖਣ ਲਗ ਪਏ, ਕਿਉਂਕਿ ਡਡੂ ਨੇ ਉਚੀ ਉਚੀ ਸਾਰੇ ਚਲ੍ਹੇ ਨੂੰ ਸੁਣਾਇਆ : 'ਵੇਖੋ ਮੈਂ ਕਿੰਨੀ ਸੁਹਣੀ ਤਰ੍ਹਾਂ ਬੇੜੀ ਚਲਾ ਸਕਦਾ ਹਾਂ।' ਡਡੂ ਸ਼ਰਮਿੰਦਾ ਹੋ ਗਿਆ ਅਤੇ ਚਲ੍ਹੇ ਵਿਚ ਛਾਲ ਮਾਰ ਦਿਤੀ ਅਤੇ ਚਿਕੜ ਦੇ ਥੱਬੇ ਹਰ ਪਾਸੇ ਉਡੇ। ਡਡੂਆਂ ਦਾ ਸਾਰਾ ਟਬਰ ਹਸਣ ਲਗ ਪਿਆ, 'ਹਾ! ਹਾ! ਹਾ!' ਫਿਰ ਦਾਦਾ-ਮਾਛੀ ਮੁੜ ਆਇਆ ਅਤੇ ਬੇੜੀ ਚਲ੍ਹੇ ਵਿਚੋਂ ਕਢੀ। ਡਡੂ ਡਰ ਗਿਆ ਅਤੇ ਹਰੇ ਚਿਕੜ ਵਿਚ ਲੁਕ ਗਿਆ। ਸ਼ਾਮ ਨੂੰ ਉਹਨੇ ਹਿੰਮਤ ਕੀਤੀ ਅਤੇ ਬਾਹਰ ਨਿਕਲਿਆ — ਸਾਰੇ ਕਿੰਨਾ ਹਸੇ। ਉਦੋਂ ਤੋਂ ਉਹ ਰੋਜ਼ ਰਾਤ ਨੂੰ ਹਸਦੇ ਹਨ, ਸ਼ਾਮ ਤੋਂ ਸਵੇਰ ਤਕ ਉਹਨਾਂ ਦੀ ਗੜੈ ਗੜੈ ਸੁਣਾਈ ਦੇਂਦੀ ਹੈ। ਉਹ ਸ਼ੇਖੀ-ਖੋਰੇ ਡਡੂ ਦਾ ਠਠਾ ਉਡਾ ਰਹੇ ਹੁੰਦੇ ਹਨ।"

ਕਹਾਣੀਆਂ ਘੜਨਾ ਬਚਿਆਂ ਲਈ ਕਾਵਿਕ ਰਚਨਾਤਮਕਤਾ ਦੀਆਂ ਸਭ ਤੋਂ ਵਧ ਰੋਚਕ ਕਿਸਮਾਂ ਵਿਚੋਂ ਇਕ ਹੈ। ਇਹਦੇ ਨਾਲ ਹੀ ਨਾਲ ਇਹ ਬੌਧਕ ਵਿਕਾਸ

ਦੇ ਮਹਤਵ-ਪੂਰਨ ਸਾਧਨਾਂ ਵਿਚੋਂ ਇਕ ਸਾਧਨ ਹੈ। ਜੇ ਤੁਸੀਂ ਚਾਹੁੰਦੇ ਹੋ ਕਿ ਬਚੇ ਰਚਨਾ ਕਰਨ, ਕਲਾਤਮਕ ਬਿੰਬ ਸਿਰਜਣ ਤਾਂ ਆਪਣੀ ਰਚਨਾਤਮਕਤਾ ਦੀ ਇਕ ਨਿਕੀ ਜਿਹੀ ਚੰਗਿਆੜੀ ਬਚੇ ਦੇ ਮਨ ਵਿਚ ਪਾ ਦਿਓ। ਜੇ ਤੁਸੀਂ ਆਪ ਰਚਨਾ ਨਹੀਂ ਕਰ ਸਕਦੇ, ਜਾਂ ਬਚਿਆਂ ਦੇ ਹਿਤਾਂ ਵਲ ਨਿਵਾਜਵਾਂ ਵਤੀਰਾ ਅਪਣਾਉਂਦੇ ਹੋ, ਜੇ ਇਹ ਤੁਹਾਨੂੰ ਵਿਹਲਾ ਸ਼ੁਗਲ ਜਾਪਦਾ ਹੈ, ਤਾਂ ਅਸੀਂ ਕਿਸੇ ਥਾਂ ਨਹੀਂ ਅਪੜਣ ਲਗੇ।

ਤੀਨਾ ਦੀ **ਪਰੀ-ਕਹਾਣੀਆਂ ਦੇ ਕਮਰੇ** ਵਿਚ ਇਕ ਮਨ-ਪਸੰਦ ਗੁਡੀ ਸੀ — ਇਕ ਧਾਤ ਗਾਲਣ ਵਾਲਾ ਕਿਰਤੀ ਜਿਸਦਾ ਮੂੰਹ ਧਾਤ ਗਾਲਣ ਕਰਕੇ ਚਮਕ ਰਿਹਾ ਸੀ। ਉਹਨੂੰ ਫ਼ਾਊਂਡਰੀ ਵਿਚ ਧਾਤ ਦੇ ਕਾਮਿਆਂ ਨਾਲ ਆਪਣੀ ਮਿਲਣੀ ਚੇਤੇ ਆਈ ਅਤੇ ਹੁਣ, ਤਿੰਨ ਵਰ੍ਹੇ ਪਿਛੋ, ਉਹਨੇ ਅਗ ਦੇ ਦਰਿਆ ਸੰਬੰਧੀ ਇਕ ਕਹਾਣੀ ਘੜੀ:

"ਇਕ ਯੋਧਾ ਇਕ ਬਹੁਤ ਵਡੀ ਭਠੀ ਦੇ ਸਾਹਮਣੇ ਖੜਾ ਸੀ। ਉਹ ਲੋਹਾ ਗਾਲ ਰਿਹਾ ਸੀ। ਲੋਹਾ ਬੁਲਬਲੇ ਛਡਦਾ ਅਤੇ ਉਬਲਦਾ। ਯੋਧਾ ਭਠੀ ਕੋਲ ਆਇਆ ਅਤੇ ਬੂਹਾ ਖੋਹਲ ਦਿਤਾ — ਅਗ ਦਾ ਦਰਿਆ ਵਗ ਨਿਕਲਿਆ। ਉਹ ਵਹਿ ਨਿਕਲਿਆ ਅਤੇ ਬੋਲਿਆ: 'ਲੋਕੋ ਕਾਹਲ ਕਰੋ, ਭਖਦਾ ਲੋਹਾ ਲੈ ਲਓ ਅਤੇ ਤੁਹਾਨੂੰ ਜਿਸ ਸ਼ੈ ਦੀ ਲੋੜ ਹੈ ਬਣਾ ਲਓ।' ਸਿਆਣੇ ਉਸਤਾਦ ਅਗ ਦੇ ਦਰਿਆ ਕੋਲ ਆਏ ਅਤੇ ਕੜਛੇ ਨਾਲ ਗਾਲਿਆ ਲੋਹਾ ਕਢਿਆ, ਇਹਨੂੰ ਰੇਤ ਵਿਚ ਡੋਹਲਿਆ ਅਤੇ ਲੋਕਾਂ ਦੀ ਲੋੜ ਦੀ ਹਰ ਸ਼ੈ ਬਣਾ ਦਿਤੀ।"

ਬਚਿਆਂ ਦੇ ਮਨਾਂ ਵਿਚ ਸਮਕਾਲੀ ਯੋਧਿਆਂ ਦੇ ਬਿੰਬ ਉਭਰਦੇ ਹਨ — ਸੋਵੀਅਤ ਮਾਤ-ਭੂਮੀ ਦੇ ਰਾਖਿਆਂ ਦੇ। ਨਾਜ਼ੀਆਂ ਵਿਰੁਧ ਯੁਧ ਸੋਵੀਅਤ ਲੋਕਾਂ ਦੀ ਸੂਰਮਾ ਜਿਤ ਨੇ ਸਾਡੇ ਲੋਕਾਂ ਦੇ ਚੇਤੇ ਅਤੇ ਸਾਰੇ ਆਤਮਕ ਜੀਵਨ ਉਤੇ ਅਮਿਟ ਛਾਪ ਲਾਈ। ਆਪਣੀ ਮਾਤ-ਭੂਮੀ ਦੀ ਰਖਿਆ ਕਰਨ ਵਾਲੇ ਸੂਰਮੇ ਬਚਿਆਂ ਦੀਆਂ ਕਲਪਨਾਵਾਂ ਵਿਚ ਪਰੀ-ਕਹਾਣੀਆਂ ਦੇ ਨਾਇਕ ਬਣ ਗਏ: ਉਹਨਾਂ ਨੇ ਉਹਨਾਂ ਸੰਬੰਧੀ ਸਪਸ਼ਟ, ਉਤੇਜਤ ਕਰਨ ਵਾਲੀਆਂ ਕਹਾਣੀਆਂ ਘੜੀਆਂ। ਬਚਿਆਂ ਨੇ ਸਾਡੇ ਲੋਕਾਂ ਦੇ ਸੂਰਮਿਆਂ ਸੰਬੰਧੀ ਜਿਹੜੀਆਂ ਕਹਾਣੀਆਂ ਘੜੀਆਂ, ਉਹਨਾਂ ਦਾ ਮੁਖ ਵਿਚਾਰ ਸੋਵੀਅਤ ਮਨੁਖ ਦੀ ਦਲੇਰੀ, ਅਜਿਤਤਾ ਅਤੇ ਉਤਮਤਾ ਸੀ। ਇਹ ਸੀ ਦਾਨਕੋ ਦੀ ਕਹਾਣੀ:

"ਇਕ ਮਾਂ ਨੇ ਆਪਣੇ ਪੁਤਰ ਨੂੰ ਫ਼ੌਜ ਲਈ ਟੋਰਿਆ। ਉਹਨੂੰ ਕਿਹਾ, 'ਆਪਣੇ ਵਤਨ ਦੀ ਮਿਟੀ ਦੀ ਇਕ ਮੁਠੀ ਨਾਲ ਲੈ ਜਾ। ਯਾਦ ਰਖ ਤੂੰ ਇਹਦਾ ਰਾਖਾ ਏਂ।' ਪੁਤਰ ਨੇ ਮੁਠੀ ਭਰ ਮਿਟੀ ਲਈ, ਇਕ ਲਾਲ ਰੇਸ਼ਮੀ ਥੈਲੇ ਵਿਚ ਪਾਈ ਅਤੇ ਕਦੀ ਉਸਤੋਂ ਨਾ ਵਿਛੜਿਆ। ਦੁਸ਼ਮਣ ਨੇ ਸਾਡੇ ਵਤਨ ਵਿਰੁਧ ਯੁਧ ਛੇੜ ਦਿਤਾ। ਪੁਤਰ ਦਾ ਸਾਹਮਣਾ ਸਰਹਦ ਉਤੇ ਦੁਸ਼ਮਣ ਦੇ ਫ਼ੌਜੀਆਂ ਨਾਲ ਹੋਇਆ, ਉਹਨੇ ਮਸ਼ੀਨਗਨ ਤੋਂ ਉਹਨਾਂ ਉਤੇ ਗੋਲੀਆਂ ਚਲਾਈਆਂ ਅਤੇ ਉਹ ਦਰਿਆ ਵਿਚ ਡਿਗ

ਗਏ। ਪੁਤਰ ਇਕ ਕਦਮ ਵੀ ਪਿਛੇ ਨਾ ਹਟਿਆ। ਦੁਸ਼ਮਣ ਦੀ ਇਕ ਗੋਲੀ ਨੇ ਉਹਦੇ ਸਿਰ ਵਿਚ ਫਟ ਕਰ ਦਿਤਾ ਅਤੇ ਲਹੂ ਵਗ ਕੇ ਉਹਦੀਆਂ ਅਖਾਂ ਵਿਚ ਪੈਣ ਲਗ ਪਿਆ। ਉਹਦੇ ਹਥ ਕਮਜ਼ੋਰ ਹੋ ਗਏ। ਦੁਸ਼ਮਣ ਨੇੜੇ ਆਇਆ ਅਤੇ ਸੋਚਣ ਲਗਾ: ਅਸੀਂ ਉਹਨੂੰ ਕੈਦੀ ਬਣਾ ਲਵਾਂਗੇ। ਪੁਤਰ ਨੂੰ ਆਪਣੇ ਵਤਨ ਦੀ ਮਿਟੀ ਦਾ ਭਲਾ ਚੇਤੇ ਆਇਆ। ਉਹਨੇ ਲਾਲ ਥੈਲੇ ਨੂੰ ਛੁਹਿਆ ਅਤੇ ਇਕ ਦਮ ਬਲਵਾਨ ਸ਼ਕਤੀ ਉਹਦੇ ਹਥਾਂ ਵਿਚ ਫੈਲ ਗਈ। ਜਵਾਨ ਯੋਧੇ ਨੇ ਫਿਰ ਗੋਲੀ ਚਲਾਉਣੀ ਸ਼ੁਰੂ ਕਰ ਦਿਤੀ ਅਤੇ ਦੁਸ਼ਮਣ ਦਰਿਆ ਵਿਚ ਡੁਬ ਗਿਆ, ਫਿਰ ਉਸ ਘੜੀ ਕੁਮਕ ਅਪੜ ਗਈ—ਤਿਖੇ ਖੰਭਾਂ ਵਾਲੇ ਹਵਾਈਜਹਾਜ਼ ਅਤੇ ਬਲਵਾਨ ਟੈਂਕ।"

ਮੈਂ ਧੁੰਦਲਕੇ ਵਿਚ ਬਚਿਆਂ ਵਲੋਂ ਘੜੀਆਂ ਕਹਾਣੀਆਂ ਲਿਖ ਲਈਆਂ। ਕਹਾਣੀਆਂ ਮੈਨੂੰ ਸੋਚਣ ਦੀਆਂ ਉਹਨਾਂ ਉਜਲ ਲਾਟਾਂ ਜਿਹੀਆਂ ਹੀ ਪਿਆਰੀਆਂ ਹਨ ਜਿਹੜੀਆਂ ਮੈਂ ਬਚਿਆਂ ਵਿਚ ਜਗਾ ਸਕਿਆ। ਰਚਨਾਤਮਕਤਾ ਤੋਂ ਬਿਨਾਂ, ਕਹਾਣੀਆਂ ਘੜਣ ਤੋਂ ਬਿਨਾਂ, ਕਈ ਬਚਿਆਂ ਦਾ ਬੋਲ ਭੰਦਲਿਆ ਅਤੇ ਗਡ-ਮਡ ਹੋਵੇਗਾ ਅਤੇ ਉਹਨਾਂ ਦੀ ਸੋਚ ਉਗੜ ਦੁਗੜ ਹੋਵੇਗੀ। ਮੈਨੂੰ ਨਿਸ਼ਚਾ ਹੈ ਕਿ ਸੁਹਜ-ਸੁਆਦੀ ਭਾਵਨਾਵਾਂ ਅਤੇ ਬਚਿਆਂ ਦੇ ਬੋਲ ਦੀ ਭਰਪੂਰਤਾ ਵਿਚ ਸਿਧੀਆਂ ਕੜੀਆਂ ਹਨ। ਸੁਹਜ-ਸੁਆਦੀ ਭਾਵਨਾ ਸ਼ਬਦਾਂ ਨੂੰ ਭਾਵੁਕ ਰੰਗਣ ਦੇਂਦੀ ਹੈ। ਜਿੰਨੀ ਵਧੇਰੇ ਕਹਾਣੀ ਰੋਚਕ ਹੁੰਦੀ ਹੈ ਅਤੇ ਜਿੰਨੀ ਉਹ ਪ੍ਰਸਥਿਤੀ ਅਸਾਧਾਰਨ ਹੁੰਦੀ ਹੈ ਜਿਸ ਵਿਚ ਬਚੇ ਆਪਣੇ ਆਪ ਨੂੰ ਖੜਾ ਵੇਖਦੇ ਹਨ, ਬਚੇ ਦੀ ਕਲਪਨਾ ਦੀ ਉਡਾਰੀ ਉਨੀ ਹੀ ਵਧੇਰੇ ਬਲਵਾਨ ਹੁੰਦੀ ਹੈ ਅਤੇ ਉਨੇ ਹੀ ਆਸੋਂ ਬਾਹਰੇ ਉਹ ਬਿੰਬ ਹੁੰਦੇ ਹਨ ਜਿਹੜੇ ਉਹ ਸਿਰਜਦਾ ਹੈ। ਧੁੰਦਲਕੇ ਦੀਆਂ ਘੜੀਆਂ ਵਿਚ ਮੇਰੇ ਵਿਦਿਆਰਥੀਆਂ ਨੇ ਦਰਜਨਾਂ ਕਹਾਣੀਆਂ ਘੜੀਆਂ ਜਿਹੜੀਆਂ ਅਸਾਂ "ਧੁੰਦਲਕੇ ਦੀਆਂ ਕਹਾਣੀਆਂ" ਨਾਂ ਦੇ ਖਰੜੇ ਵਿਚ ਇਕਤ੍ਰ ਕੀਤੀਆਂ।

"ਧੁੰਦਲਕੇ ਦੀਆਂ ਕਹਾਣੀਆਂ" ਵਿਚ ਜਾਨਵਰਾਂ ਅਤੇ ਪੰਛੀਆਂ, ਰੁਖਾਂ ਅਤੇ ਫੁਲਾਂ ਦੀਆਂ ਰੋਚਕ ਕਹਾਣੀਆਂ ਹਨ। ਫੁਲਾਂ ਸੰਬੰਧੀ ਕਹਾਣੀਆਂ ਘੜਨਾ ਮੇਰੇ ਅਤੇ ਬਚਿਆਂ ਦੁਹਾਂ ਲਈ ਖੁਸ਼ੀ-ਭਰੀ ਘਟਨਾ ਸੀ। ਮੈਂ ਮੁੰਡਿਆਂ ਅਤੇ ਕੁੜੀਆਂ ਨੂੰ ਮਨੁਖ ਦੇ ਭਾਵੁਕ ਜੀਵਨ ਸੰਬੰਧੀ, ਫੁਲਾਂ ਸੰਬੰਧੀ ਗੀਤਾਂ ਅਤੇ ਉਪਾਖਿਆਨਾਂ ਵਿਚ ਭਾਵਨਾ ਦੇ ਸਜੀਵ ਹੋਣ ਸੰਬੰਧੀ ਦਸਦਾ। ਮੈਂ ਉਹਨਾਂ ਨੂੰ ਕਹਾਣੀ ਦਾ ਮੁਢ ਦਸਦਾ ਅਤੇ ਬਚਿਆਂ ਦੀ ਖਿਆਲ-ਉਡਾਰੀ ਜਿਉਂਦੇ ਬਿੰਬ ਘੜਦੀ। ਹਰ ੨-੩ ਮਹੀਨਿਆਂ ਪਿਛੋ ਅਸੀਂ **ਪਰੀ-ਕਹਾਣੀਆਂ ਦੇ ਕਮਰੇ** ਦੀ ਹਰ ਨੁਕਰ ਦੀ ਸਜਾਵਟ ਤਬਦੀਲ ਕਰ ਦੇਂਦੇ—ਪਲਾਈਵੁਡ ਤੋਂ ਨਵੇ ਆਕਾਰ ਬਣਾਉਂਦੇ, ਰੁਖ, ਝਾੜੀਆਂ, ਮੁਨਾਰੇ ਅਤੇ ਮਹਲ, ਮਾਛੀਆਂ ਦੇ ਹਟ। ਬਚਿਆਂ ਨੇ ਪੇਪਰ-ਮੇਸ਼ੀ ਤੋਂ ਆਕਾਰ ਬਣਾਉਣੇ ਸਿਖ ਲਏ। ਇਹ ਸਭ ਕੁਝ ਪਰੀ-ਕਹਾਣੀਆਂ ਦੇ ਜੀਵਨ ਨੂੰ ਭਰਪੂਰ ਬਣਾਉਂਦਾ। ਅਸਾਂ ਕਈ ਪਰੀ-ਕਹਾਣੀਆਂ ਨੂੰ ਇਸ ਢੰਗ ਨਾਲ ਸਚਿਤਰ ਬਣਾਇਆ। ਇਸ ਸਭ ਕੁਝ ਨੇ ਪਰੀ-

ਕਹਾਣੀਆਂ ਨੂੰ ਬਚਿਆਂ ਦੇ ਜੀਵਨ ਵਿਚ ਅਜਿਹੇ ਪਿਆਰੇ ਬੰਦੇ ਦੇ ਬਿੰਬ ਵਜੋਂ ਦਾਖ਼ਲ ਕੀਤਾ ਜਿਹੜਾ ਸਾਡੀ ਚੇਤਨਤਾ ਵਿਚ ਖ਼ੁਸ਼ੀ ਲਿਆਇਆ ਸੀ। ਇਸ ਗਲ ਦੇ ਬਾਵਜੂਦ ਕਿ ਕਿਸੇ ਨੇ ਉਹਨਾਂ ਤੋਂ ਇਸ ਗਲ ਦੀ ਮੰਗ ਨਾ ਕੀਤੀ ਉਹਨਾਂ ਸਾਰੀ ਉਮਰ ਅਖਰ ਅਖਰ ਉਹ ਗਲਾਂ ਚੇਤੇ ਰਖੀਆਂ ਜਿਹੜੀਆਂ ਉਹਨਾਂ ਸੁਣੀਆਂ। ਜਦੋਂ ਸ਼ਬਦ ਆਪਣੇ ਹੁਸਨ ਨਾਲ ਬਚੇ ਨੂੰ ਉਤੇਜਤ ਕਰਦਾ ਹੈ ਉਹ ਇਹਦੇ ਹੁਸਨ ਨੂੰ ਸਦਾ ਚੇਤੇ ਰਖੇਗਾ ਅਤੇ ਉਸ ਚੇਤੇ ਰਖਣ ਤੋਂ ਕੋਈ ਬੋਝ ਨਹੀਂ ਪਵੇਗਾ, ਇਹਦੇ ਉਲਟ ਚੇਤਾ ਹੋਰ ਤਿਖਾ ਹੋ ਜਾਂਦਾ ਹੈ।

ਕਹਾਣੀ ਦਾ ਪਹਿਲੀ ਵਾਰ ਸੁਣਾਇਆ ਜਾਣਾ ਬਚਿਆਂ ਦੇ ਜੀਵਨ ਵਿਚ ਇਕ ਵਡੀ ਘਟਨਾ ਹੁੰਦਾ। ਮੈਂ ਉਸ ਉਤੇਜਨਾ ਨੂੰ ਕਦੀ ਨਹੀਂ ਭੁਲਣ ਲਗਾ ਜਿਸ ਨਾਲ ਅਸਾਂ ਹਾਨਜ਼ ਕ੍ਰਿਸਚੀਆਨ ਐਂਡਰਸਨ ਦੀ ਕਹਾਣੀ "ਹਿੰਮ ਰਾਣੀ" ਲਈ ਮੰਚ ਤਿਆਰ ਕੀਤਾ। ਇਹ ਸਕੂਲ ਦੇ ਦੂਜੇ ਵਰ੍ਹੇ ਦੀ ਗਲ ਹੈ। ਸਿਆਲ ਦਾ ਛੇਤੀ ਸ਼ੁਰੂ ਹੋਣ ਵਾਲਾ ਧੁੰਦਲਕਾ ਢਲ ਚੁਕਾ ਸੀ ਅਤੇ ਬਚੇ **ਪਰੀ-ਕਹਾਣੀਆਂ ਦੇ ਕਮਰੇ** ਵਿਚ ਆਏ। ਜਿਸ ਆਲੇ ਦੁਆਲੇ ਵਿਚ ਕਹਾਣੀ ਦਾ ਅਮਲ ਚਲਦਾ ਹੈ ਉਹ ਹੈ ਤਿਖੀਆਂ ਢਾਲਵੀਆਂ ਛਤਾਂ ਵਾਲੇ ਮਕਾਨ, ਉਚੀ ਟੀਕਰੀ ਉਤੇ ਪਰੀ-ਕਹਾਣੀ ਮਹਲ, ਇਕ ਤੇਜ਼ ਨਠਣ ਵਾਲੇ ਹਿਰਨ ਅਤੇ ਬਰਫ਼ ਦੇ ਢੇਰ। ਬਚਿਆਂ ਨੇ ਇਹ ਸਭ ਕੁਝ ਆਪਣੇ ਹਥਾਂ ਨਾਲ ਬਣਾਇਆ ਪਰ ਉਹਨਾਂ ਸਾਰਿਆਂ ਨੇ ਕਹਾਣੀ ਨਹੀਂ ਸੀ ਸੁਣੀ ਹੋਈ। ਨਿਕੇ ਮਕਾਨਾਂ ਦੀਆਂ ਬਾਰੀਆਂ ਵਿਚ ਰੋਸ਼ਨੀਆਂ ਲਿਸ਼ਕਣ ਲਗ ਪਈਆਂ ਅਤੇ ਅਸਮਾਨ ਤੋਂ ਬਰਫ਼ ਦੇ ਗੋੜ੍ਹੇ ਡਿਗ ਰਹੇ ਸਨ। ਸਾਡੇ ਆਲੇ ਦੁਆਲੇ ਸ਼ਾਮ ਦਾ ਪਲਾਤਾ ਹਨੇਰਾ ਸੀ। ਬਚਿਆਂ ਨੇ ਮੇਰੀ ਗਲ ਸੁਣਦੇ ਹੋਏ ਸਾਹ ਰੋਕ ਲਏ। ਕਹਾਣੀ ਖ਼ਤਮ ਹੋ ਗਈ ਪਰ ਬਚਿਆਂ ਨੇ ਮੈਨੂੰ ਦੁਬਾਰਾ ਸੁਣਾਉਣ ਲਈ ਕਿਹਾ। ਸ਼ਬਦਾਂ ਨਾਲ ਇਹ ਮੋਹ ਮੈਨੂੰ ਬਹੁਤ ਪਿਆਰਾ ਸੀ। ਜਿੰਨੀ ਵਾਰ ਬਚਿਆਂ ਨੇ ਕਿਹਾ ਮੈਂ ਕਹਾਣੀ ਦੁਹਰਾਈ। ਅਤੇ ਉਹਨਾਂ ਮੈਨੂੰ "ਹਿੰਮ ਰਾਣੀ" ਦੀ ਕਹਾਣੀ ਘੜੀ ਮੁੜੀ ਸੁਣਾਉਣ ਲਈ ਕਿਹਾ, ਇਸ ਲਈ ਨਹੀਂ ਕਿ ਉਹਨਾਂ ਸ਼ਬਦ ਚੇਤੇ ਰਖਣੇ ਸਨ ਸਗੋ ਇਸ ਲਈ ਕਿ ਸ਼ਬਦ ਉਹਨਾਂ ਲਈ ਸੰਗੀਤ ਵਾਂਗ ਸਨ।

ਅਧਿਆਪਕ ਸਦਾ ਇਹ ਸੋਚਦਾ ਰਹਿੰਦਾ ਹੈ ਕਿ ਬਚਿਆਂ ਨੂੰ ਆਪਣੀ ਮਾਤ-ਭਾਸ਼ਾ ਦਾ ਡੂੰਘਾ ਗਿਆਨ ਕਿਵੇ ਦਿਤਾ ਜਾਵੇ ਤਾਂ ਜੁ ਉਹਨਾਂ ਦੀ ਮਾਤ-ਭਾਸ਼ਾ ਉਹਨਾਂ ਦੇ ਆਤਮਕ ਜੀਵਨ ਦਾ ਹਿਸਾ ਬਣ ਜਾਵੇ ਅਤੇ ਤੇਜ਼ ਛੈਣੀਆਂ ਅਤੇ ਰਾਂਗਲੀ ਰੰਗਦਾਨੀਆਂ ਅਤੇ ਸਚ ਸਮਝਣ ਦਾ ਸ਼ੁਧ ਸਾਧਨ ਬਣ ਜਾਵੇ। ਭਾਸ਼ਾ ਚਿੰਤਨ ਦਾ ਪਦਾਰਥਕ ਪ੍ਰਗਟਾਅ ਹੈ ਅਤੇ ਬਚਾ ਇਹਨੂੰ ਉਦੋਂ ਹੀ ਜਾਣ ਸਕੇਗਾ ਜਦੋਂ ਸੋਚਣ ਦੇ ਨਾਲ ਨਾਲ ਉਹ ਸਪਸ਼ਟ ਭਾਵੁਕ ਰੰਗਣਾਂ—ਮਾਤ-ਭਾਸ਼ਾ ਦੀ ਥਰਥਰਾਹਟ ਦੇ ਜਿਊਂਦੇ ਸੰਗੀਤ—ਨੂੰ ਵੀ ਅਨੁਭਵ ਕਰਦਾ ਹੈ। ਸ਼ਬਦਾਂ ਦੇ ਸੁਹਪਣ ਦੇ ਅਨੁਭਵ ਤੋਂ ਬਿਨਾਂ ਬਚੇ ਦਾ ਮਨ ਉਹਨਾਂ ਦੇ ਅਰਥਾਂ ਦੇ ਬਾਹਰਲੇ ਕਿਨਾਰੇ ਅਨੁਭਵ ਨਹੀਂ ਕਰ ਸਕਦਾ।

ਅਤੇ ਖ਼ਿਆਲ-ਉਡਾਰੀ ਤੋਂ ਬਿਨਾਂ, ਰਚਨਾਤਮਕਤਾ ਵਿਚ, ਜਿਸਦਾ ਨਾਂ "ਪਰੀ-ਕਹਾਣੀ" ਹੈ ਨਿਜੀ ਸ਼ਮੂਲੀ ਤੋਂ ਬਿਨਾਂ ਸੁਹਪਣ ਦੇ ਅਨੁਭਵ ਸੰਬੰਧੀ ਸੋਚਿਆ ਵੀ ਨਹੀਂ ਜਾ ਸਕਦਾ। ਕਹਾਣੀਆਂ ਸਰਗਰਮ ਸੁਹਜ-ਸੁਆਦੀ ਰਚਨਾਤਮਕਤਾ ਹਨ ਜਿਹੜੀ ਬਚੇ ਦੇ ਆਤਮਕ ਜੀਵਨ ਦੇ ਸਾਰੇ ਖੇਤਰਾਂ—ਉਹਦੇ ਮਨ, ਭਾਵਨਾਵਾਂ, ਕਲਪਨਾ ਅਤੇ ਇਛਾ—ਨੂੰ ਉਤੇਜਤ ਕਰਦੀ ਹੈ। ਇਹ ਪਹਿਲਾਂ ਹੀ ਸੁਣਾਉਣ ਨਾਲ ਸ਼ੁਰੂ ਹੁੰਦੀ ਹੈ ਪਰ ਕਹਾਣੀ ਨੂੰ ਖੇਡਣਾ ਪਹਿਲਾਂ ਹੀ ਹੋਰ ਵੀ ਉਚੇਰਾ ਪੜਾਅ ਹੈ।

**ਪਰੀ-ਕਹਾਣੀਆਂ ਦੇ ਕਮਰੇ** ਵਿਚ ਇਕ ਕਠ-ਪੁਤਲੀ ਥੇਟਰ ਅਤੇ ਨਾਟਕ ਕਲਬ ਨੇ ਜਨਮ ਲਿਆ। ਉਥੇ ਬਚਿਆਂ ਨੇ ਪਹਿਲੀ ਵਾਰ ਰੁਕਾਵਿਚਕਾ (ਨਿਕੇ ਮਿਟਨ*) ਸੰਬੰਧੀ, ਜਿਸ ਵਿਚ ਸੂਰਮਾ ਪਸ਼ੂਆਂ ਨੇ ਆਪਣਾ ਘਰ ਬਣਾਇਆ ਸੀ, ਯੂਕਰੇਨੀ ਲੋਕ ਕਥਾ ਮੰਚ ਉਤੇ ਖੇਡੀ। ਫਿਰ ਉਹਨਾਂ ਬਹਤ ਦਿਲਚਸਪੀ ਨਾਲ ਡਡੂ ਸ਼ਹਿਜ਼ਾਦੀ ਅਤੇ ਨਿਕੀ ਕੁਬੀ ਚਿੜੀ ਸੰਬੰਧੀ ਜਾਪਾਨੀ ਲੋਕ ਕਥਾ ਵੀ ਖੇਡੀ। ਚੌਥੀ ਸ਼੍ਰੇਣੀ ਵਿਚ ਉਹਨਾਂ ਸਮੂਹਕ ਤੌਰ ਉਤੇ ਸਾਰੇ ਪਾਤਰਾਂ ਦਾ ਚਿਤਰਨ ਕਰਦੇ ਹੋਏ ਡਰੈਗਨਫ਼ਲਾਈ** ਸੰਗੀਤ-ਨਾਟ ਖੇਡਿਆ।

**ਪਰੀ-ਕਹਾਣੀਆਂ ਦੇ ਕਮਰੇ** ਵਿਚ ਮੈਂ ਪਹਿਲੀ ਵਾਰ ਉਹਨਾਂ ਨੂੰ ਰਾਬਿਨਸਨ ਕਰੂਸੋ ਦੀ ਕਹਾਣੀ, "ਬੈਰਨ ਮੁਨਚਨਹਾਊਸਨ ਦੇ ਕਾਰਨਾਮੇ", "ਗੁਲੀਵਰ ਦਾ ਸਫ਼ਰ", "ਜ਼ਾਰ ਸੁਲਤਾਨ ਦੀ ਕਹਾਣੀ" ਅਤੇ "ਸੰਗੀਤਕਾਰ ਯਾਂਕੋ" ਦੀ ਕਹਾਣੀ ਪੜ੍ਹ ਕੇ ਸੁਣਾਈ। ਬਚੇ ਸਿਆਲ ਦੀਆਂ ਉਹਨਾਂ ਸ਼ਾਮਾਂ ਦੀ ਖਿਚ ਕਦੀ ਨਾ ਭੁਲੇ, ਜਦੋਂ ਬਾਰੀਆਂ ਤੋਂ ਬਾਹਰ ਬਰਫ਼ ਦੇ ਝਖੜ ਚਲ ਰਹੇ ਹੁੰਦੇ ਅਤੇ ਉਹ ਰਾਬਿਨਸਨ ਕਰੂਸੋ ਨਾਲ ਤਬਾਹ ਹੋਏ ਜਹਾਜ਼ ਵਿਚੋਂ ਨਿਕਲ ਮਾਰੂ-ਥਲ ਟਾਪੂ ਉਤੇ ਜਾਂਦੇ ਅਤੇ ਉਹਦੇ ਨਾਲ ਪ੍ਰਕਿਰਤੀ ਵਿਰੁਧ ਕਰੜੇ ਘੋਲ ਦੇ ਭਾਰ ਸਾਂਝੇ ਕਰਦੇ। **ਪਰੀ-ਕਹਾਣੀਆਂ ਦੇ ਕਮਰੇ** ਵਿਚ ਅਸਾਂ ਹਾਨਜ਼ ਕਰਿਸਚੀਆਨ ਐਂਡਰਸਨ, ਲਿਓ ਟਾਲਸਟਾਈ, ਕ. ਉਸ਼ਿੰਸਕੀ, ਗ੍ਰਿਮ ਭਰਾਵਾਂ ਅਤੇ ਬਚਿਆਂ ਲਈ ਲਿਖਣ ਵਾਲੇ ਸੋਵੀਅਤ ਲੇਖਕਾਂ ਕ. ਚੁਕੋਵਸਕੀ ਅਤੇ ਸ. ਮਰਸ਼ਾਕ ਦੀਆਂ ਸਾਰੀਆਂ ਕਹਾਣੀਆਂ ਪੜ੍ਹੀਆਂ। ਕਈ ਵਰ੍ਹਿਆਂ ਦਾ ਅਨੁਭਵ ਦਰਸਾਉਂਦਾ ਹੈ ਕਿ ਇਹਨਾਂ ਕਿਰਤਾਂ ਵਿਚ ਚੰਗੇ ਅਤੇ ਭੈੜੇ, ਸਚ ਅਤੇ ਬੇਈਮਾਨੀ, ਮਾਣ ਅਤੇ ਨਿਰਲਜਤਾ ਸੰਬੰਧੀ ਜਿਹੜੇ ਵਿਚਾਰ ਹਨ ਉਹ ਬੰਦੇ ਦੀ ਮਿਲਖ ਬਣ ਜਾਂਦੇ ਹਨ ਜੇ ਇਹ ਕਿਰਤਾਂ ਬਚਪਨ ਵਿਚ ਪੜ੍ਹੀਆਂ ਜਾਣ। ਪਰੀ-ਕਹਾਣੀਆਂ ਬਚਪਨ ਲਈ ਹੁੰਦੀਆਂ ਹਨ।

---

*ਅਜਿਹਾ ਦਸਤਾਨਾ ਜਿਸ ਦਾ ਸਿਰਫ਼ ਅੰਗੂਠਾ ਵਖਰਾ ਹੁੰਦਾ ਹੈ, ਬਾਕੀ ਚਾਰ ਉਂਗਲਾਂ ਲਈ ਇਕੋ ਖ਼ਾਨਾ ਹੁੰਦਾ ਹੈ।—**ਅਨੁ:**

**ਇਕ ਲੰਮੀ ਸ਼ਿਕਾਰੀ ਮਖੀ, ਜਿਸਦਾ ਅਕਸਰ ਬਹੁਤ ਸ਼ੋਖ਼ ਰੰਗ ਹੁੰਦਾ ਹੈ।—**ਅਨੁ:**

ਸਾਡਾ ਪੜ੍ਹਨਾ ਵੰਨ-ਸੁਵੰਨਾ ਸੀ: ਪਰੀ-ਕਹਾਣੀਆਂ ਅਤੇ ਮੈਂ ਇਥੇ ਜਿਹੜੀਆਂ ਕਹਾਣੀਆਂ ਦਾ ਜ਼ਿਕਰ ਕੀਤਾ ਹੈ ਉਹ ਮੈਨੂੰ ਜ਼ਬਾਨੀ ਯਾਦ ਸਨ। ਮੈਂ ਕੇਵਲ ਤਸਵੀਰਾਂ ਬਚਿਆਂ ਨੂੰ ਵਿਖਾਉਣ ਲਈ ਪੁਸਤਕ ਹਥ ਵਿਚ ਲੈਂਦਾ। ਅਤੇ ਇਉਂ ਪਰੀ-ਕਹਾਣੀਆਂ ਸੁਣਾਉਣਾ ਅਤੇ ਪੜ੍ਹਨਾ, ਤਰਕ ਅਤੇ ਦਿਆਲ, ਮਾਨਵੀ ਭਾਵਨਾਵਾਂ ਸਿਖਾਉਣ ਦਾ ਬਲਵਾਨ ਸਾਧਨ ਹਨ।

ਅਤਿ-ਕਥਨੀ ਤੋਂ ਬਿਨਾਂ ਇਹ ਕਿਹਾ ਜਾ ਸਕਦਾ ਹੈ ਕਿ ਬਚਪਨ ਵਿਚ ਪੜ੍ਹਨਾ ਦਿਲ ਦੀ ਸਿਖਿਆ ਹੈ, ਬਚੇ ਦੀ ਆਤਮਾ ਦੀਆਂ ਧੁਰ ਅੰਦਰਲੀਆਂ ਨੁਕਰਾਂ ਨੂੰ ਮਾਨਵੀ ਉਚਤਾ ਨਾਲ ਛੁਹਣਾ ਹੈ। ਜਿਹੜਾ ਸ਼ਬਦ ਉਚ ਵਿਚਾਰ ਪ੍ਰਗਟ ਕਰਦਾ ਹੈ ਉਹ ਬਚੇ ਦੇ ਦਿਲ ਵਿਚ ਸਦਾ ਮਾਨਵਤਾ ਦੀ ਕਣੀ ਵਜੋ ਰਹਿੰਦਾ ਹੈ, ਜਿਸਤੋ ਅੰਤਹਕਰਣ ਬਣਿਆ ਹੈ।

## ਪਰੀ-ਕਹਾਣੀਆਂ ਜਾਰੀ ਰਖਣਾ —<br>ਸਾਡਾ "ਜਾਦੂਈ ਟਾਪੂ"

ਬਚੇ ਅਸਾਧਾਰਨ ਵਲ, ਰੋਮਾਂਚਕ ਸਫ਼ਰਾਂ ਅਤੇ ਕਾਰਨਾਮਿਆਂ ਵਲ, ਪ੍ਰਕਿਰਤੀ ਦੀਆਂ ਆਦਿ-ਅਨਾਦੀ ਸ਼ਕਤੀਆਂ ਵਿਰੁਧ ਘੋਲ ਵਲ ਖਿਚੇ ਜਾਂਦੇ ਹਨ। ਜਦੋਂ ਮੈਂ ਉਹਨਾਂ ਨੂੰ ਪਹਿਲਾਂ ਪਹਿਲ ਰਾਬਿਨਸਨ ਕਰੂਸੋ ਦੀ ਕਹਾਣੀ ਸੁਣਾਈ ਤਾਂ ਉਹ ਸੈਲਾਨੀ ਹੋਣ ਦੀ ਖੇਡ ਖੇਡਣਾ ਚਾਹੁੰਦੇ ਸਨ, ਸਮੁੰਦਰੀ ਲਹਿਰਾਂ ਦੇ ਸ਼ੋਰ ਅਤੇ ਆਬਸ਼ਾਰ ਦੀ ਗਰਜ ਸੁਣਨਾ ਚਾਹੁੰਦੇ ਸਨ। ਉਹਨਾਂ ਇਕ **ਜਾਦੂਈ ਟਾਪੂ** ਬਣਾਉਣ ਦਾ ਨਿਰਣਾ ਕੀਤਾ — ਇਕ ਗੁਪਤ ਨੁਕਰ ਜਿਥੇ ਉਹ ਖੇਡਾਂ ਦਾ ਸੰਸਾਰ ਜਿਉ ਸਕਦੇ ਸਨ। ਅਸਾਂ ਪਲਾਹ ਅਤੇ ਕਿਕਰ ਦੀਆਂ ਝੰਗੀਆਂ ਵਿਚ ਇਹ ਟਾਪੂ ਬਣਾਇਆ। ਅਸਾਂ ਜੰਗਲੇ ਦੀਆਂ ਫਟੀਆਂ ਨਾਲ ਰਾਬਿਨਸਨ ਕਰੂਸੋ ਦੇ ਰਹਿਣ ਦੀ ਥਾਂ ਬਣਾਈ ਤਾਂ ਜੁ ਜੰਗਲੀ ਜਾਨਵਰਾਂ ਵਿਰੁਧ ਉਹਦੀ ਰਖਿਆ ਕੀਤੀ ਜਾ ਸਕੇ, ਇਸ ਵਿਚ ਉਹੋ ਜਿਹਾ ਚੁਲ੍ਹਾ ਸੀ ਜਿਹੋ ਜਿਹਾ ਉਹਦਾ ਸੀ; ਅਸਾਂ ਇਕ ਨਿਕੀ ਜਿਹੀ ਬਾਰੀ ਬਣਾਈ ਜਿਸ ਵਿਚੋਂ ਅਸੀਂ "ਸਾਗਰ" ਦੀਆਂ ਅਸੀਮ ਚੁੜਿਤਣਾਂ ਵੇਖ ਸਕਦੇ ਸਾਂ। ਅਸਾਂ ਭੋ ਦੇ ਇਕ ਟੱਟੇ ਨੂੰ ਪੋਲਾ ਕੀਤਾ ਅਤੇ ਉਹਦੇ ਵਿਚ ਕਣਕ ਅਤੇ ਜੌ ਦੇ ਦਰਜਨਾਂ ਬੀਜ ਬੀਜੇ। ਕੋਲੀਆ ਤਾਂ ਘਰੋਂ ਇਕ ਮੇਮਣਾ ਵੀ ਲੈ ਆਇਆ ਕਿਉਂਕਿ ਰਾਬਿਨਸਨ ਕਰੂਸੋ ਕੋਲ ਇਕ ਬਕਰੀ ਸੀ। ਅਸੀਂ ਪੁਰਾਣੇ ਢੋਲ, ਰਸੇ ਅਤੇ ਇਟਾਂ ਲਿਆਏ। ਅਸਾਂ ਢੋਲਾਂ ਦੇ ਕੜਿਆਂ ਦੀ ਧਾਤ ਤੋਂ ਛੁਰੀਆਂ ਬਣਾਈਆਂ ਅਤੇ ਮਛੀਆਂ ਫੜਨ ਲਈ ਜਾਲ ਬਣਾਏ। ਆਦਿ-ਕਾਲੀਨ ਸ਼ਿਕਾਰੀਆਂ ਵਾਂਗ ਅਸਾਂ ਸੁਕੀ ਲਕੜੀ ਦੇ ਦੋ ਟੋਟਿਆਂ ਨੂੰ ਰਗੜ ਕੇ ਅਗ ਬਾਲੀ ਕਿਉਂਕਿ ਹੋ ਸਕਦਾ ਸੀ ਕਰੂਸੋ ਕੋਲ ਅਗ ਬਾਲਣ ਦਾ ਹੋਰ ਕੋਈ ਸਾਧਨ ਨਹੀਂ ਸੀ।

ਮੀਂਹ ਦੇ ਦਿਨੀਂ, ਉਹ ਟੋਆ ਜਿਥੋਂ ਅਸਾਂ ਕੁਲੀ ਬਣਾਉਣ ਲਈ ਮਿਟੀ ਪੁਟੀ

ਸੀ ਪਾਣੀ ਨਾਲ ਭਰ ਜਾਂਦਾ ਅਤੇ ਨਿਕਾ ਜਿਹਾ ਛਪੜ ਬਣ ਜਾਂਦਾ। ਬਚੇ ਇਸ ਪਾਣੀ ਵਿਚ ਛਲਪ ਛਲਪ ਫਿਰਦੇ, ਆਪਣੀਆਂ ਕਲਪਨਾਵਾਂ ਵਿਚ ਉਹ ਸਾਗਰ ਦੀਆਂ ਅਸੀਮ ਚੁੜਿਤਣਾ ਵੇਖਦੇ। ਅਤੇ ਜੇ ਸਾਗਰ ਹੋਵੇ ਤਾਂ ਜਹਾਜ਼ਾਂ ਦਾ ਹੋਣਾ ਲਾਜ਼ਮੀ ਹੈ; ਬਚਿਆਂ ਨੂੰ ਕਹੂ ਦੀ ਲਕੜ ਦਾ ਇਕ ਟੋਟਾ ਲਭਾ ਅਤੇ ਉਹਨਾਂ ਇਕ ਬੇੜੀ ਬਣਾਉਣੀ ਸ਼ੁਰੂ ਕਰ ਦਿਤੀ। ਇਹ ਕਰੜਾ ਕੰਮ ਸੀ ਪਰ ਉਹਨਾਂ ਦੇ ਜਤਨਾਂ ਨੂੰ ਸਫ਼ਲਤਾ ਨਸੀਬ ਹੋਈ; ਉਹਨਾਂ ਬੇੜੀ ਨੂੰ ਪਾਲ ਲਾ ਦਿਤਾ ਅਤੇ ਉਹ ਸਾਗਰ ਵਿਚ ਚਲ ਪਈ।

ਇਕ ਨਿਕੀ ਜਿਹੀ ਪਹਾੜੀ ਤੋਂ ਪਾਰ, ਜਿਹੜੀ ਬਚਿਆਂ ਦੀ ਕਲਪਨਾ ਵਿਚ ਉਚਾ ਪ੍ਰਬਤ ਬਣ ਗਈ ਸੀ, ਅਸਾਂ ਲਿਲੀਪੁਤੀਆ* ਦਾ ਦੇਸ ਬਣਾਇਆ। ਅਸਾਂ ਪਲਾਈਵੁਡ ਅਤੇ ਬੈਂਤ ਤੋਂ ਦੇਸ ਦੀ ਰਾਜਧਾਨੀ ਬਣਾਈ। ਅਸਾਂ ਚੀਕਣੀ ਮਿਟੀ ਤੋਂ ਘੋੜੇ, ਗਊਆਂ ਅਤੇ ਭੇਡਾਂ ਬਣਾਈਆਂ। ਅਸਾਂ ਮਹਾਂ-ਕਾਵਿਕ ਸੂਰਮੇ ਇਲੀਆ ਮੂਰੋਮੇਤਸ ਅਤੇ ਉਹਦੇ ਵੈਰੀ ਡਾਕੂ ਸੋਲੋਵੇਈ ਦੇ ਆਕਾਰ ਵੀ ਬਣਾਏ। ਅਸਾਂ ਇਹ ਆਕਾਰ ਝਾੜੀਆਂ ਵਿਚ ਰਖ ਦਿਤੇ। ਇਹ ਪੁਰਾਣੇ ਰੂਸ ਦਾ ਘਣਾ ਜੰਗਲ ਸੀ। ਅਸੀਂ ਹੁਨਾਲ ਦੀਆਂ ਸ਼ਾਂਤ ਸ਼ਾਮਾਂ ਨੂੰ ਉਥੇ ਜਾਂਦੇ ਅਤੇ ਹਰ ਇਕ ਦਲੇਰ, ਸਾਹਸੀ ਸੂਰਮਿਆਂ ਦੇ ਕਿਸੇ ਸੁਣਾਉਣਾ ਚਾਹੁੰਦਾ।

ਅਲੰਘ ਝਾੜੀਆਂ ਵਿਚ ਬਹੁਤ ਅਗੇ ਜਾਕੇ ਅਸਾਂ ਦਰੁਗ ਦੀ ਢਾਲ ਉਤੇ ਇਕ ਨਿਕਾ ਜਿਹਾ ਟੋਇਆ ਲਭਿਆ—ਇਹ ਅਮਰ ਅਜਗਰ ਦੀ ਖੋਹ ਸੀ ਅਤੇ ਕਿਧਰੇ ਗੁਪਤ ਡੂੰਘਾਈਆਂ ਵਿਚ ਸੁਹਣੀ ਰਾਜਕੁਮਾਰੀ ਕੈਦ ਪਈ ਸੀ।

ਨਿਘੇ ਮੌਸਮ ਵਿਚ ਜਦੋਂ ਕਦੀ ਅਸੀਂ ਲੰਮੇਰੇ ਸਫ਼ਰ ਨਾ ਕਰ ਸਕਦੇ ਅਸੀਂ ਆਪਣੇ ਵਿਹਲੇ ਦਿਨ **ਜਾਦੂਈ ਟਾਪੂ** ਉਤੇ ਬਿਤਾਉਂਦੇ। ਅਸਾਂ ਰਾਬਿਨਸਨ ਕਰੂਸੋ ਦੇ ਘਰ ਦੇ ਨੇੜੇ ਇਕ ਕੁਲੀ ਉਸਾਰੀ। ਇਹ ਖ਼ਿਆਲ-ਉਡਾਰੀ ਦੇ ਖੰਭਾਂ ਲਈ ਸਾਨੂੰ ਪਰੀ-ਕਹਾਣੀਆਂ ਦੇ ਦੇਸ ਵਿਚ ਉਡਾ ਕੇ ਲੈ ਜਾਣ ਲਈ ਮਨ-ਭਾਉਂਦੀ ਥਾਂ ਸੀ। ਸਾਡੇ ਪਰੀ-ਕਹਾਣੀ ਸੂਰਮੇ ਸਾਡੇ ਕੋਲ ਸਨ, ਅਤੇ ਜਦੋਂ ਧਰਤੀ ਉਤੇ ਰਾਤ ਹੋ ਜਾਂਦੀ ਤਾਂ ਅਸੀਂ ਡਾਕੂ ਸੋਲੋਵੇਈ ਦੀ ਸੀਟੀ, ਅਮਰ ਅਜਗਰ ਦਾ ਘਰਕਣਾ ਅਤੇ ਸ਼ੂਕਣਾ ਅਤੇ ਬੂਟਾ-ਵਾਲੀ-ਮਾਣੋ ਦੇ ਸੋਘੀ ਪੈਰਾਂ ਦੀ ਆਵਾਜ਼ ਸਣਦੇ। ਬਚਿਆਂ ਦੀ ਖ਼ਿਆਲ-ਉਡਾਰੀ ਦੀ ਜਵਾਲਾ ਇਥੇ ਤੇਜ਼ੀ ਨਾਲ ਭੜਕਦੀ। ਯੂਰਾ, ਗਾਲੀਆ, ਤੀਨਾ ਅਤੇ ਵਿਤੀਆ ਨੇ ਇਸ ਨੁਕਰ ਵਿਚ ਅਦਭੁਤ ਕਹਾਣੀਆਂ ਘੜੀਆਂ। ਐਨ

---

*ਜਾਨਾਥਨ ਸਵਿਫ਼ਟ ਦੀ ਪ੍ਰਸਿਧ ਰਚਨਾ "ਗੁਲੀਵਰਜ਼ ਟਰੈਵਲਜ਼" (ਗੁਲੀਵਰ ਦੇ ਸਫ਼ਰ) ਵਿਚਲਾ ਇਕ ਦੇਸ, ਜਿਸਦੇ ਵਸਨੀਕ ਕੁਝ ਸੈਂਟੀਮੀਟਰ ਕਦ ਦੇ ਸਨ। —**ਅਨੁ:**

ਵਾਯੂ-ਮੰਡਲ ਹੀ ਕਲਪਨਾ ਦੀ ਖੇਡ ਨੂੰ ਉਕਸਾਉਂਦਾ, ਵਿਚਾਰ ਇਕਸਾਰ ਅਤੇ ਅਰੂਕ ਤੌਰ ਉਤੇ ਵਹਿ ਨਿਕਲਦੇ; ਬਚਿਆਂ ਨੂੰ ਆਪਣੀਆਂ ਭਾਵਨਾਵਾਂ ਲਈ ਸਪਸ਼ਟ ਸ਼ਬਦਾਂ ਵਿਚ ਪ੍ਰਗਟਾਅ ਮਿਲਦਾ। ਇਹ ਹੈ ਸੁਨਹਿਰੀ ਸਤ-ਰੰਗੀ ਪੀਂਘ ਦੀ ਕਹਾਣੀ ਜਿਹੜੀ ਸੇਰਯੋਜ਼ਾ ਨੇ ਘੜੀ:

"ਇਕ ਦਿਨ ਧੜਵੈਲ ਲੁਹਾਰ ਸੂਰਜ ਕੋਲ ਗਏ ਅਤੇ ਕਿਹਾ, 'ਸ੍ਰੀ ਸੂਰਜ, ਸ੍ਰੀ ਸੂਰਜ, ਸਾਡੇ ਲੋਹੇ ਦੇ ਹਥੌੜੇ ਟੂਟ ਗਏ ਨੇ ਤੇ ਛੇਤੀ ਹੀ ਚਾਂਦੀ ਦੀਆਂ ਤਾਰਾਂ ਬਣਾਉਣ ਲਈ ਕੁਝ ਨਹੀਂ ਰਹਿਣ ਲਗਾ। ਅਹਿਰਣਾਂ ਵੀ ਪੁਰਾਣੀਆਂ ਹੋ ਗਈਆਂ ਨੇ। ਸਾਨੂੰ ਹੋਰ ਲੋਹਾ ਲਿਆਉਣ ਲਈ ਧਰਤੀ ਤੇ ਭੇਜੋ।' ਸੂਰਜ ਨੇ ਲੁਹਾਰਾਂ ਨੂੰ ਉਹਨਾਂ ਦੇ ਰਾਹ ਟੋਰ ਦਿਤਾ। ਲੁਹਾਰ ਲੋਕਾਂ ਕੋਲ ਗਏ ਪਰ ਕਾਲੇ ਬਦਲਾਂ ਨੇ ਉਹਨਾਂ ਦਾ ਰਾਹ ਰੋਕਿਆ ਹੋਇਆ ਸੀ। ਲੁਹਾਰਾਂ ਨੇ ਬਦਲਾਂ ਵਿਚ ਧਰਤੀ ਵਲ ਵੇਖਿਆ — ਉਹ ਉਚਾਈ, ਬਹੁਤ ਉਚਾਈ ਉਤੇ ਸਨ ਅਤੇ ਉਹਨਾਂ ਇਹ ਫ਼ੈਸਲਾ ਕਰਨਾ ਸੀ ਕਿ ਹੇਠਾਂ ਕਿਵੇ ਜਾਇਆ ਜਾਵੇ। ਉਹ ਸੂਰਜ ਕੋਲ ਮੁੜ ਗਏ ਅਤੇ ਕਿਹਾ, 'ਸ੍ਰੀ ਸਰਜ, ਸ੍ਰੀ ਸੂਰਜ, ਅਸੀਂ ਧਰਤੀ ਉਤੇ ਕਿਵੇ ਪਹੁੰਚ ਸਕਦੇ ਹਾਂ? ਸਾਡੇ ਲਈ ਇਕ ਪੁਲ ਬਣਾ ਦੇ।' ਸੂਰਜ ਨੇ ਆਪਣੀਆਂ ਕਿਰਨਾਂ ਕਾਲੇ ਬਦਲਾਂ ਵਿਚੋਂ ਸੁਟੀਆਂ ਅਤੇ ਅਸਮਾਨ ਵਿਚ ਧੂਪ ਦਾ ਪੁਲ ਲਿਸ਼ਕਣ ਲਗ ਪਿਆ। ਧਰਤੀ ਉਤੇ ਲੋਕਾਂ ਨੇ ਸੁਨਹਿਰੀ ਸਤ-ਰੰਗੀ ਪੀਂਘ ਵੇਖੀ। ਲੁਹਾਰ ਹੇਠਾਂ ਧਰਤੀ ਉਤੇ ਗਏ, ਲੋਕਾਂ ਤੋਂ ਲੋਹਾ ਲਿਆ ਅਤੇ ਧੂਪ ਦੇ ਪੁਲ ਉਤੇ ਸੂਰਜ ਵਲ ਮੁੜ ਆਏ। ਜਿਉਂ ਹੀ ਸਰਜ ਨੇ ਉਹਨਾਂ ਦੀਆਂ ਚਿਟੀਆਂ ਦਾੜ੍ਹੀਆਂ ਵੇਖੀਆਂ, ਉਹਨੇ ਆਪਣੀਆਂ ਸੁਨਹਿਰੀ ਕਿਰਨਾਂ ਵਾਪਸ ਲੈ ਲਈਆਂ ਅਤੇ ਸਤ-ਰੰਗੀ ਪੀਂਘ ਗ਼ਾਇਬ ਹੋ ਗਈ। ਉਸ ਸਮੇ ਤੋ ਜਦੋ ਕਦੀ ਅਸਮਾਨ ਵਿਚ ਕਾਲੇ ਬਦਲ ਆਉਂਦੇ ਹਨ ਸੂਰਜ ਆਪਣੇ ਲੁਹਾਰਾਂ ਨੂੰ ਲੋਹਾ ਲੈਣ ਲਈ ਧਰਤੀ ਉਤੇ ਭੇਜਦਾ ਹੈ। ਪਰ ਸਿਲਆ ਵਿਚ ਸਤ-ਰੰਗੀ ਪੀਂਘ ਨਹੀਂ ਹੁੰਦੀ ਕਿਉਂਕਿ ਦਿਨ ਛੋਟੇ ਹੁੰਦੇ ਹਨ ਅਤੇ ਲੁਹਾਰ ਆਪਣੇ ਹਥੌੜਿਆਂ ਦੀ ਬਹੁਤੀ ਵਰਤੋ ਨਹੀਂ ਕਰਦੇ।"

ਮੈਨੂੰ ਇਸ ਗਲ ਉਤੇ ਹਦੋ ਵਧ ਖ਼ੁਸ਼ੀ ਹੋਈ ਕਿ ਉਥੇ ਹਰ ਬਚੇ ਨੇ ਕਹਾਣੀ ਘੜੀ। ਮੈਨੂੰ ਸ਼ਾਂਤ ਹੁਨਾਲੀ ਸ਼ਾਮਾਂ ਸਦਾ ਚੇਤੇ ਰਹੀਆਂ, ਸਰਜ ਅਸਤ ਹੋਣ ਪਿਛੋ ਜਦੋ ਅਸਮਾਨ ਉਤੇ ਸੁਆਹ-ਰੰਗੀ ਭਾਹ ਆਉਣ ਲਗ ਪੈਂਦੀ ਹੈ। ਜਦੋ ਹੁਨਾਲ ਆਪਣੀ ਸਿਖਰ ਉਤੇ ਹੁੰਦਾ ਹੈ ਤਾਂ ਸਾਲ ਵਿਚ ਅਜਿਹੇ ਕਈ ਦਿਨ ਹੁੰਦੇ ਹਨ। ਇਉਂ ਜਾਪਦਾ ਹੈ ਕਿ ਅਸਮਾਨ ਮਧਮ ਲਿਸ਼ਕ ਰਿਹਾ ਹੈ, ਸ਼ਾਮ ਦਾ ਧੁੰਦਲਕਾ ਸਾਧਾਰਨ ਨਾਲੋ ਲੰਮੇਰਾ ਹੁੰਦਾ ਹੈ ਅਤੇ ਤਾਰੇ ਲੰਮੇ ਸਮੇ ਤਕ ਨਹੀਂ ਆਉਂਦੇ।... ਬਚੇ ਪ੍ਰਕਿਰਤੀ ਦੇ ਹੁਸਨ ਨੂੰ ਮਾਣਦੇ ਚੁਪ ਸਨ। ਅਜਿਹੀਆਂ ਘੜੀਆਂ ਵਿਚ ਖ਼ਿਆਲ-ਉਡਾਰੀ ਦੀ ਲਾਟ ਵਿਸ਼ੇਸ਼ ਤੌਰ ਉਤੇ ਉਚੀ ਭੜਕਦੀ ਹੈ। ਅਸਾਂ ਉਹ ਕਹਾਣੀ ਸੁਣੀ ਜਿਹੜੀ ਨੀਨਾ ਨੇ ਘੜੀ ਸੀ:

"ਸੂਰਜ ਸੌਣ ਲਈ ਆਪਣੇ ਜਾਦਈ ਬਾਗ਼ ਵਿਚ ਗਿਆ। ਉਹ ਲੇਟ ਗਿਆ ਪਰ ਆਪਣੀਆਂ ਅਖਾਂ ਬੰਦ ਕਰਨੀਆਂ ਭੁਲ ਗਿਆ। ਲੁਹਾਰਾਂ ਸਮਝਿਆ ਅਜੇ ਦਿਨ ਹੈ। ਉਹ ਚਾਂਦੀ ਦੇ ਤਾਰ ਬਣਾਈ ਗਏ, ਬਣਾਈ ਗਏ। ਤਾਰ ਡੁਲ੍ਹ ਗਏ ਅਤੇ ਮਿਟੀ ਬਣ ਗਏ। ਸਾਰੇ ਅਸਮਾਨ ਉਤੇ ਚਾਂਦੀ-ਰੰਗੀ ਮਿਟੀ ਖਿਲਰ ਗਈ। ਉਹ ਬਲਦੀ ਅਤੇ ਚਮਕਦੀ ਹੈ।..."

ਜਦੋਂ ਮੈਂ ਇਹ ਅਦਭੁਤ ਕਹਾਣੀ ਸੁਣੀ ਤਾਂ ਮੇਰੇ ਦਿਲ ਦੀ ਧੜਕਣ ਤਿਖੀ ਹੋ ਗਈ। ਜਦੋਂ ਪ੍ਰਕਿਰਤੀ ਦਾ ਕੀਲਣ ਵਾਲਾ ਹੁਸਨ ਅਤੇ ਪਰੀ-ਕਹਾਣੀਆਂ ਦੇ ਅਣੋਖੇ ਬਿੰਬ ਸਾਰੇ ਬਚਿਆਂ ਦੀ ਚੇਤਨਤਾ ਵਿਚ ਚਿੰਤਨ ਦੇ ਸੋਮੇ ਖੋਹਲਦੇ ਹਨ ਤਾਂ ਮੈਂ ਖ਼ੁਸ਼ੀ ਮਨਾਏ ਬਿਨਾਂ ਕਿਵੇਂ ਰਹਿ ਸਕਦਾ ਸਾਂ। ਮੈਨੂੰ ਕਾਰਨ ਦਾ ਪਤਾ ਨਹੀਂ ਪਰ ਜੂਨ ਦੀਆਂ ਸਭ ਤੋਂ ਲੰਮੀਆਂ ਸ਼ਾਮਾਂ ਨੂੰ ਜਦੋਂ ਸੁਆਹ-ਰੰਗੇ ਅਸਮਾਨ ਉਤੇ ਕਿਸੇ ਤਰ੍ਹਾਂ ਦਾ ਭੇਦ-ਭਰਿਆ ਪਰਦਾ ਪਿਆ ਹੁੰਦਾ ਹੈ—ਉਹਨਾਂ ਘੜੀਆਂ ਵਿਚ ਬਚਿਆਂ ਦੀਆਂ ਕਲਪਨਾਵਾਂ ਦੀ ਲਗਾਮ ਢਿਲੀ ਹੋ ਜਾਂਦੀ।

ਤੀਜੀ ਸ਼੍ਰੇਣੀ ਮੁਕਾਉਣ ਤੋਂ ਪਿਛੋਂ ਬਚੇ **ਜਾਦੂਈ ਟਾਪੂ** ਉਤੇ ਛਾਪਾਮਾਰ ਦਸਤੇ ਦਾ ਸਦਰ ਸਥਾਪਤ ਕਰਨਾ ਚਾਹੁੰਦੇ ਸਨ। ਜਿਹਾ ਕਿ ਰਿਵਾਜ ਹੈ, ਸਦਰ ਇਕ ਭੋਰੇ ਵਿਚ ਸਥਾਪਤ ਕੀਤਾ ਗਿਆ, ਜਿਸਨੂੰ ਪੁਟਣ ਅਤੇ ਸਾਮਾਨ ਰਖਣ ਵਿਚ ਵਡੇਰੇ ਬਚਿਆਂ ਨੇ ਸਾਡੀ ਸਹਾਇਤਾ ਕੀਤੀ। ਇਕ ਰੋਚਕ ਖੇਡ ਸ਼ੁਰੂ ਹੋ ਗਈ ਜਿਹੜੀ ਕਈ ਮਹੀਨੇ ਚਲਦੀ ਰਹੀ। ਬਚੇ ਰਾਤ ਨੂੰ ਖੇਡਣਾ ਚਾਹੁੰਦੇ ਸਨ ਅਤੇ ਉਹਨਾਂ ਨੂੰ ਇਸ ਤੋਂ ਰੋਕਣਾ ਔਖਾ ਸੀ। ਉਹ ਵੇਖ-ਭਾਲ ਦੀਆਂ ਮੁਹਿੰਮਾਂ ਉਤੇ ਗਏ ਅਤੇ ਕੰਪਾਸ ਵਰਤਣੀ ਸਿਖ ਲਈ । ਉਹਨਾਂ ਲਕੜ ਦੀਆਂ ਮਸ਼ੀਨਗਨਾਂ ਅਤੇ ਸਵੈਕਾਰ ਰਾਈਫ਼ਲਾਂ ਵਰਤੀਆਂ। ਫ਼ੌਜੀ ਮੁਹਿੰਮਾਂ ਉਤੇ ਜਾਣ ਤੋਂ ਪਹਿਲਾਂ ਉਹ ਹੁਕਮ ਦੇਂਦੇ।

ਸਕੂਲ ਦੇ ਅਖ਼ੀਰੀ ਵਰ੍ਹੇ ਉਹਨਾਂ ਰੂਸੀ ਲੇਖਕ ਅਤੇ ਕਥਾ-ਵਾਚਕ ਪ. ਬਾਜ਼ੋਵ ਦੀ ਕਿਤਾਬ "ਮੈਲਾਕਾਈਟ* ਦਾ ਡਬਾ" ਪੜ੍ਹੀ। ਜਦੋਂ ਮੈਂ ਯੂਰਾਲ ਪ੍ਰਬਤਾਂ ਦੀਆਂ ਮਣੀਆਂ ਸੰਬੰਧੀ, ਉਹਨਾਂ ਖੋਹਾਂ ਦੇ ਅਦਭੁਤ ਸੁਹਪਣ ਸੰਬੰਧੀ ਜਿਨ੍ਹਾਂ ਵਿਚ ਤਾਂਬਾ ਪਹਾੜ ਦੀ ਮਾਲਕਣ ਦੇ ਅਣ-ਗਿਣਤ ਖ਼ਜ਼ਾਨੇ ਰਖੇ ਹੋਏ ਹਨ ਅਤੇ ਮੈਲਾਕਾਈਟ ਦੇ ਸੁਹਣੇ ਟੋਟਿਆਂ ਸੰਬੰਧੀ ਪੜ੍ਹਿਆ ਤਾਂ ਬਚਿਆਂ ਦੀਆਂ ਅਖਾਂ ਲਿਸ਼ਕ ਪਈਆਂ। ਉਹਨੀਂ ਦਿਨੀਂ ਬਚੇ ਕੁਝ ਸੁਹਣਾ, ਗੁਪਤ ਅਤੇ ਰੋਮਾਂਚਕ ਕਰਨਾ ਚਾਹੁੰਦੇ ਸਨ। ਕਿਸੇ ਨੂੰ ਵਿਚਾਰ ਅਹੁੜਿਆ ਕਿ ਧਰਤੀ ਹੇਠ ਪੰਨੇ ਦਾ ਦੇਸ ਉਸਾਰਿਆ ਜਾਵੇ। ਅਸਾਂ ਸ਼ੀਸ਼ੇ ਦੇ ਹਰੇ, ਗੂੜ੍ਹੇ ਨੀਲੇ, ਅਸਮਾਨੀ, ਸੰਤਰੀ, ਲਾਲ ਅਤੇ ਜਾਮਨੀ ਟੋਟੇ ਇਕਠੇ ਕਰਨੇ ਸ਼ੁਰੂ ਕਰ ਦਿਤੇ ਅਤੇ ਉਹਨਾਂ ਨੂੰ ਆਪਣੀ ਖੋਹ ਦੀਆਂ ਕੰਧਾਂ ਵਿਚ ਜੜਿਆ। ਜਦੋਂ ਖੋਹ ਵਿਚ ਬਿਜਲੀ ਦੀ ਇਕ ਛੋਟੀ ਬਤੀ ਬਾਲੀ ਗਈ ਅਤੇ ਰੰਗਾਂ

---

*ਸੰਗ-ਮਰਮਰ ਨਾਲ ਮਿਲਦਾ ਇਕ ਹਰੇ ਰੰਗ ਦਾ ਪਥਰ।—**ਅਨੁ:**

ਦੀ ਸਤ-ਰੰਗੀ ਪੀਂਘ ਲਿਸ਼ਕ ਪਈ ਤਾਂ ਸੁਹਪਣ ਅਤੇ ਅਚਰਜਕਤਾ ਦੀ ਸ਼ੂਰਨਾ ਦੀ ਜਿਹੜੀ ਭਾਵਨਾ ਬਚਿਆਂ ਨੇ ਅਨੁਭਵ ਕੀਤੀ ਉਹਨੂੰ ਬਿਆਨ ਕਰਨਾ ਔਖਾ ਹੈ। ਇਥੇ ਨਵੀਆਂ ਕਹਾਣੀਆਂ ਜੰਮੀਆਂ ਅਤੇ ਇਥੇ ਮੈਨੂੰ ਬੌਧਕ ਯੋਗਤਾ ਵਿਕਸਤ ਕਰਨ ਵਿਚ ਸੁਹਜ-ਸੁਆਦੀ ਸਿਖਿਆ ਦੀ ਮਹਤਤਾ ਸੰਬੰਧੀ ਇਕ ਵਾਰ ਫਿਰ ਨਿਸ਼ਚਾ ਹੋ ਗਿਆ। ਮੈਂ ਵੇਖਿਆ ਕਿ ਵਾਲੀਆ, ਪੈਤਰਿਕ ਅਤੇ ਨੀਨਾ ਦੀ ਸੋਚ ਤਿਖੀ ਉਨਤੀ ਕਰ ਰਹੀ ਸੀ: ਉਹਨਾਂ ਕਹਾਣੀਆਂ ਘੜੀਆਂ ਜਿਨ੍ਹਾਂ ਆਪਣੀ ਪ੍ਰਗਟਾ ਦੀ ਭਰਪੂਰਤਾ ਨਾਲ ਮੈਨੂੰ ਸ਼ਸ਼ਿਦਰ ਕਰ ਦਿਤਾ। ਇਥੇ ਲਿਉਦਾ ਨੇ ਇਕ ਕਹਾਣੀ ਘੜੀ। ਮੈਨੂੰ ਨਿਸ਼ਚਾ ਹੋ ਗਿਆ ਕਿ ਨਿਕੀ ਬਚੀ ਦੀ ਚੁਪ ਦਾ ਕਾਰਨ ਧੀਮਾ ਦਿਮਾਗ਼ੀ ਵਿਕਾਸ ਨਹੀਂ ਸੀ ਸਗੋ ਅਲਸੇਟ ਅਤੇ ਸੋਚਣਾ ਸੀ।

## ਗੀਤ ਬਚੇ ਨੂੰ ਸੰਸਾਰ ਦਾ ਸੁਹਪਣ ਵਿਖਾਉਂਦੇ ਹਨ

**ਖ਼ੁਸ਼ੀ ਦੇ ਸਕੂਲ** ਦੀਆਂ ਅਤੇ ਮੁਢਲੀਆਂ ਸ਼੍ਰੇਣੀਆਂ ਵਿਚ ਅਸਾਂ ਪ੍ਰਕਿਰਤੀ ਦਾ ਸੰਗੀਤ ਸੁਣਿਆ, ਜਿਹੜਾ ਸ਼ਬਦਾਂ ਦੀ ਭਾਵੁਕ ਰੰਗਣ ਦਾ ਮਹਤਵ-ਪੂਰਨ ਸੋਮਾ ਅਤੇ ਲੈ ਦੇ ਸੁਹਪਣ ਨੂੰ ਸਮਝਣ ਅਤੇ ਅਨੁਭਵ ਕਰਨ ਦੀ ਕੁੰਜੀ ਹੈ। ਪ੍ਰਕਿਰਤੀ ਦਾ ਸੰਗੀਤ ਸੁਣਦੇ ਹੋਏ ਬਚੇ ਭਾਵੁਕ ਤੌਰ ਉਤੇ ਸਮੂਹ ਗਾਣ ਲਈ ਤਿਆਰ ਹੋ ਗਏ। ਮੈ ਉਹਨਾਂ ਤੋ ਪ੍ਰਕਿਰਤੀ ਵਿਚ ਉਸ ਗੀਤ ਦੀਆਂ ਸੁਰਾਂ ਦੀ ਪਛਾਣ ਕਰਵਾਈ ਜਿਹੜਾ ਅਸਾਂ ਗਾਉਣਾ ਸੀ।

ਸਾਡੇ ਸਕੂਲ ਦੇ ਨੇੜੇ ਹੀ ਇਕ ਸੁਹਣੀ ਨੁਕਰ ਸੀ। ਸ਼ਾਮ ਦਾ ਅਸਮਾਨ ਛਪੜ ਵਿਚ ਪ੍ਰਤਿਬਿੰਬਤ ਹੁੰਦਾ ਅਤੇ ਜੂਹ ਤੋ ਪੰਛੀਆਂ ਦੀ ਚਹਿਕ ਆ ਰਹੀ ਸੀ; ਸ਼ਾਮ ਦੀ ਠੰਢੀਰ ਵਿਚ ਟਿਡੀਆਂ ਦੀ ਚਰ ਚਰ ਸੁਣੀ ਜਾ ਸਕਦੀ ਸੀ। ਯੂਕਰੇਨੀ ਸਵਰਕਾਰ ਯਾ. ਸਤੇਪੋਵੋਈ ਦਾ ਗੀਤ "ਮੇਰੀ ਸ਼ਾਮ ਦਾ ਸੂਰਯ ਅਸਤ" ਗਾਉਣ ਸਿਖਣ ਤੋ ਪਹਿਲਾਂ ਅਸਾਂ ਕਈ ਵਾਰ ਇਥੇ ਪ੍ਰਕਿਰਤੀ ਦਾ ਸੰਗੀਤ ਸੁਣਿਆ। ਸੂਰਜ ਡੁਬਣ ਦੇ ਸਮੇ ਦਾ ਸੁਹਪਣ ਇਸ ਗੀਤ ਵਿਚ ਬਹੁਤ ਸੁਹਣੀ ਤਰ੍ਹਾਂ ਬਿਆਨ ਕੀਤਾ ਗਿਆ ਹੈ। ਹੁਨਾਲੀ ਸ਼ਾਮਾਂ ਦੀ ਚੁਪ ਵਿਚ ਇਹਦੀ ਲੈ ਕੀਲਣ ਵਾਲੀ ਸੀ। ਅਸਾਂ ਇਹ ਗੀਤ ਇਸ ਨਿਕੀ ਨੁਕਰ ਵਿਚ ਸਿਖਿਆ। ਅਤੇ ਕਈ ਹਫ਼ਤੇ ਪਿਛੋ ਬਚਿਆਂ ਨੇ ਗਾਉਂਦੇ ਅਤੇ ਲੋਕ ਸਾਜ਼ ਵਜਾਉਂਦੇ ਹੋਏ ਇਹ ਸੰਗੀਤ ਸੁਣਨ ਲਈ ਕਮਰੇ ਵਿਚ ਦਹਰਾਇਆ। ਗੀਤ ਨੇ ਉਹਨਾਂ ਨੂੰ ਸੂਰਜ ਡੁਬਣ ਸਮੇ ਦਾ ਸੁਹਪਣ ਯਾਦ ਦਿਵਾਇਆ ਅਤੇ ਉਹਨਾਂ ਦੇ ਮੂੰਹ ਖ਼ੁਸ਼ੀ ਨਾਲ ਚਮਕ ਉਠੇ।

ਜੰਗਲ ਵਿਚ ਅਸਾਂ **ਧੁਪਿਆਲੀ ਦੁਪਹਿਰ ਦਾ ਸੰਗੀਤ** ਸੁਣਿਆ। ਉਚੇ ਰੁਖਾਂ ਉਤੇ ਪਤੇ ਸ਼ਾਂਤੀ ਨਾਲ ਸਰ ਸਰ ਕਰ ਰਹੇ ਸਨ, ਚਕੀ-ਰਾਹ ਠਕ ਠਕ ਕਰ ਰਹੇ ਸਨ ਅਤੇ ਕਿਧਰੇ ਜੰਗਲੀ ਕੋਇਲ ਕੂਕ ਰਹੀ ਸੀ। ਇਸ ਸੰਗੀਤ ਨੇ ਜਾਦੂ ਕੀਤਾ।

ਉਹਨੇ ਬਚਿਆਂ ਨੂੰ ਰੂਸੀ ਸਵਰਕਾਰ ਅ. ਅਰੇਨਸਕੀ ਦਾ ਗੀਤ "ਕੁਕੁਸ਼ਕਾ" ਸਮਝਣ ਵਿਚ ਸਹਾਇਤਾ ਦਿਤੀ।

ਬਚਿਆਂ ਨੇ ਵ. ਮੱਜ਼ਾਰਤ ਦੀ "ਲੋਰੀ" ਪਿਆਰ ਨਾਲ ਗਾਈ, ਫਿਰ ਉਹਨਾਂ ਚੈਕੋਸਲੋਵਾਕੀਆ ਦਾ ਲੋਕ ਗੀਤ "ਸੋਰੋਕਾ", ਚਾਏਕੋਵਸਕੀ ਦਾ "ਬਚਿਆਂ ਦਾ ਗੀਤ" ਗਾਇਆ ਅਤੇ ਕਈ ਹੋਰ ਲੋਕ ਅਤੇ ਬਚਿਆਂ ਦੇ ਗੀਤ ਗਾਏ। ਆਮ ਤੌਰ ਉਤੇ ਉਹਨਾਂ ਦੀ ਸੰਗੀਤ-ਮੰਡਲੀ a capella * ਗਾਉਂਦੀ। ਮੈਨੂੰ ਇਸ ਗਲ ਉਤੇ ਬਹੁਤ ਖ਼ੁਸ਼ੀ ਸੀ ਕਿ ਹਰ ਇਕ ਗਾਉਣਾ ਪਸੰਦ ਕਰਦਾ।

ਬਚਿਆਂ ਇਕਠੇ ਹੋਕੇ ਗਾਉਣ ਦੀ ਲੋੜ ਅਨੁਭਵ ਕਰਨੀ ਸ਼ੁਰੂ ਕਰ ਦਿਤੀ। ਗੀਤ ਉਹਨਾਂ ਦੇ ਆਤਮਕ ਜੀਵਨ ਵਿਚ ਸ਼ਾਮਲ ਹੋ ਗਏ ਅਤੇ ਉਹਨਾਂ ਅੰਦਰ ਆਪਣੀ ਮਾਤ-ਭੂਮੀ ਅਤੇ ਆਲੇ ਦੁਆਲੇ ਦੀ ਪ੍ਰਕਿਰਤੀ ਲਈ ਪਿਆਰ ਦੀ ਭਾਵਨਾ ਜਗਾਉਂਦੇ ਹੋਏ ਉਹਨਾਂ ਦੇ ਵਿਚਾਰਾਂ ਨੂੰ ਲਿਸ਼ਕਦੀ ਭਾਵੁਕ ਰੰਗਣ ਦਿਤੀ।

ਯੂਕਰੇਨੀ ਲੋਕ ਗੀਤ "ਅਸੀਂ ਖੇਤ ਵਿਚ ਕਣਕ ਵਢਦੇ ਲਾਵੇ ਸਾਂ" ਨੇ ਬਚਿਆਂ ਉਤੇ ਬਹੁਤ ਪ੍ਰਭਾਵ ਪਾਇਆ। ਇਹਨੇ ਸਾਡੇ ਲੋਕਾਂ ਦੇ ਦੁਰਾਡੇ ਅਤੀਤ ਅਤੇ ਹਮਲਾਵਰਾਂ ਵਿਰੁਧ ਉਹਨਾਂ ਦੇ ਘੋਲ ਦਾ ਬਿੰਬ ਉਭਾਰਿਆ। ਗੀਤ ਦੀ ਲੈ ਬਚਿਆਂ ਨੂੰ ਉਹਨਾਂ ਦੀ ਮਾਤ-ਭੂਮੀ ਦੀ ਸੁਤੰਤਰਤਾ ਲਈ ਘੋਲ ਦੇ ਦਿਨਾਂ ਵਿਚ ਲੈ ਗਈ ਜਾਪਦੀ; ਉਹਨਾਂ ਸੰਸਾਰ ਨੂੰ ਉਸੇ ਰੂਪ ਵਿਚ ਵੇਖਿਆ ਜਿਸ ਰੂਪ ਵਿਚ ਸਾਡੇ ਦੁਰਾਡੇ ਵਡੇਰਿਆਂ ਨੇ ਕਈ ਸਦੀਆਂ ਪਹਿਲਾਂ ਵੇਖਿਆ ਸੀ। ਲਾਵੇ ਖੇਤ ਵਿਚ ਕਣਕ ਵਢ ਰਹੇ ਸਨ ਅਤੇ ਸਮੇ ਸਮੇ ਮਰਦ ਅਤੇ ਔਰਤਾਂ ਦੁਮੇਲ ਵਲ ਵੇਖਦੇ। ਦੁਸ਼ਮਣ ਕਿਸੇ ਵੀ ਛਿਣ ਆ ਸਕਦਾ ਸੀ ਅਤੇ ਫਿਰ ਦਾਤਰੀਆਂ ਦੀ ਥਾਂ ਸੈਫ਼ਾਂ ਨੇ ਲੈ ਲੈਣੀ ਸੀ, ਜਿਨ੍ਹਾਂ ਆਪਣੀ ਮਾਤ-ਭੂਮੀ ਅਤੇ ਕਣਕ ਦੀਆਂ ਭਰੀਆਂ ਦੀ ਛਾਂਵੇ ਲੇਟੇ ਬਚਿਆਂ ਦੀ ਰਖਿਆ ਕਰਨੀ ਸੀ। ਕੇਵਲ ਗੀਤ ਦੀ ਕੀਲਣ ਵਾਲੀ ਲੈ ਹੀ ਇਹ ਬਿੰਬ ਬਚੇ ਦੇ ਦਿਲ ਅਤੇ ਮਨ ਤਕ ਲਿਜਾ ਸਕਦੀ ਹੈ। ਕੇਵਲ ਗੀਤ ਹੀ ਲੋਕਾਂ ਦੀ ਆਤਮਾ ਦਾ ਸੁਹਪਣ ਪ੍ਰਗਟ ਕਰ ਸਕਦੇ ਹਨ। ਬੰਦੇ ਦੀ ਮਾਤ-ਭੂਮੀ ਦੇ ਗੀਤਾਂ ਦੀ ਲੈ ਅਤੇ ਸ਼ਬਦ ਇਕ ਬਲਵਾਨ ਵਿਦਿਅਕ ਸ਼ਕਤੀ ਹਨ, ਜਿਹੜੇ ਲੋਕਾਂ ਦੇ ਆਸ਼ਿਆਂ ਅਤੇ ਆਸਾਂ ਨੂੰ ਬਚੇ ਅਗੇ ਪ੍ਰਗਟ ਕਰਦੇ ਹਨ।

ਭਾਵੁਕਤਾ ਅਤੇ ਤਰੰਗਤਾ ਜਿਹੀਆਂ ਮਨੁਖੀ ਸਿਫ਼ਤਾਂ ਹਨ। ਜਦੋਂ ਆਲੇ ਦੁਆਲੇ ਦਾ ਸੰਸਾਰ ਬਚੇ ਦੀ ਹਰ ਸ਼ੈ ਨੂੰ ਤੀਖਣਤਾ ਨਾਲ ਅਨੁਭਵ ਕਰਾਉਣ ਦੀ ਯੋਗਤਾ ਤਿਖੀ ਕਰ ਦੇਵੇ ਤਾਂ ਉਹਨਾਂ ਦਾ ਪ੍ਰਗਟਾਅ ਹੁੰਦਾ ਹੈ। ਭਾਵੁਕ, ਤਰੰਗੀ ਖ਼ਾਸੇ ਵਾਲਾ ਮਨੁਖ ਕਿਸੇ ਹੋਰ ਜੀਅ ਦਾ ਗ਼ਮ, ਦੁਖ ਅਤੇ ਨਾਖ਼ੁਸ਼ੀ ਕੁਲ ਨਹੀਂ ਸਕਦਾ; ਉਹਦਾ

---

*ਸਾਜ਼ਾਂ ਦੀ ਸੰਗੀਤ ਤੋਂ ਬਿਨਾਂ। — ਅਨੁ:

ਅੰਤਹਕਰਣ ਉਹਨੂੰ ਸਹਾਇਤਾ ਦੇਣ ਉਤੇ ਮਜਬੂਰ ਕਰਦਾ ਹੈ। ਸੰਗੀਤ ਅਤੇ ਗੀਤ ਲੋਕਾਂ ਵਿਚ ਇਸ ਸਿਫ਼ਤ ਨੂੰ ਸਾਹਮਣੇ ਲਿਆਉਂਦੇ ਹਨ।

ਸਦਾਚਾਰਕ ਅਤੇ ਸੁਹਜ-ਸੁਆਦੀ ਪਖੋਂ ਸਿਖਿਅਤ ਮਨੁਖ ਦੀ ਲਖਣਾਇਕ ਤਰੰਗਤਾ ਇਸ ਗਲ ਵਿਚ ਪ੍ਰਗਟ ਹੁੰਦੇ ਹਨ ਕਿ ਦਿਲ ਦਿਆਲ ਸ਼ਬਦਾਂ, ਨਸੀਹਤ, ਸਲਾਹ ਅਤੇ ਵਿਦਾਇਗੀ ਦੇ ਸ਼ਬਦਾਂ ਵਲ ਵਧੇਰੇ ਪ੍ਰਭਾਵ-ਪਾਤਰ ਬਣ ਜਾਂਦਾ ਹੈ। ਜੇ ਤੁਸੀਂ ਚਾਹੁੰਦੇ ਹੋ ਕਿ ਸ਼ਬਦ ਤੁਹਾਡੇ ਸ਼ਗਿਰਦਾਂ ਨੂੰ **ਸਿਖਾਉਣ ਕਿ ਉਹ ਕਿਵੇਂ ਜਿਉਣ**, ਜੇ ਤੁਸੀਂ ਚਾਹੁੰਦੇ ਹੋ ਕਿ ਉਹ ਚੰਗਿਆਈ ਲਈ ਜਤਨ ਕਰਨ, ਉਹਨਾਂ ਨੂੰ ਕੋਮਲਤਾ ਅਤੇ ਭਾਵੁਕ ਤਰੰਗਤਾ ਸਿਖਾਓ। ਨਿਕੇ ਦਿਲ ਉਤੇ ਪੈਣ ਵਾਲੇ ਅਨੇਕ ਪ੍ਰਭਾਵਾਂ ਵਿਚ ਸੰਗੀਤ ਨੂੰ ਮਹਤਵ-ਪੂਰਨ ਸਥਾਨ ਪ੍ਰਾਪਤ ਹੈ। **ਸੰਗੀਤ ਅਤੇ ਸਦਾਚਾਰ** ਗੰਭੀਰ ਅਧਿਅਨ ਅਤੇ ਖੋਜ ਦੇ ਯੋਗ ਖੇਤਰ ਹੈ।

ਗੀਤ ਸੰਸਾਰ ਦੀ ਕਾਵਕ ਸੂਝ ਨੂੰ ਮਜ਼ਬੂਤ ਬਣਾਉਂਦਾ ਹੈ। ਮੈਨੂੰ ਚੇਤੇ ਹੈ ਇਕ ਦਿਨ ਉਹ ਗੀਤ ਗਾਉਣ ਪਿਛੋਂ ਜਿਸ ਵਿਚ ਲੋਕਾਂ ਨੇ ਬਹੁਤ ਸਾਰੀ ਭਾਵਨਾ ਭਰ ਦਿਤੀ ਸੀ, ਬਚੇ ਸਤੋਪ-ਭੂਮੀ ਵਿਚ ਗਏ। ਕਣਕ ਦਾ ਅਸੀਮ ਸਾਗਰ ਸਾਡੇ ਸਾਹਮਣੇ ਸੀ ਅਤੇ ਦੁਮੇਲ ਉਤੇ ਪੁਰਾਣੇ ਦਫ਼ਨਾਉਣ ਵਾਲੇ ਟਿਬਿਆਂ ਦੀ ਨੀਲੀ ਧੁੰਦ ਸੀ। ਇਕ ਤੰਗ ਸੜਕ ਵਲ ਖਾਂਦੀ ਹੋਈ ਸੁਨਹਿਰੀ ਖੇਤਾਂ ਵਿਚੋਂ ਲੰਘ ਰਹੀ ਸੀ ਅਤੇ ਨੀਲੇ ਅਸਮਾਨ ਵਿਚ ਇਕ ਚੰਡੋਲ ਤਾਨਾਂ ਲਾ ਰਿਹਾ ਸੀ। ਬਚੇ ਰੁਕ ਗਏ — ਇਉਂ ਜਾਪਦਾ ਸੀ ਜਿਵੇਂ ਉਹ ਆਪਣੀ ਮਾਤ-ਭੂਮੀ ਦੇ ਇਸ ਟੋਟੇ ਨੂੰ ਪਹਿਲੀ ਵਾਰ ਵੇਖ ਰਹੇ ਹੋਣ। "ਇਹ ਤਾਂ ਲਾਵਿਆਂ ਸੰਬੰਧੀ ਗੀਤ ਜਿਹਾ ਹੈ," ਤਰੰਗੀ, ਪ੍ਰਭਾਵੁਕ ਵਾਰੀਆ ਨੇ ਕਿਹਾ। ਮੈਂ ਅਨੁਭਵ ਕੀਤਾ ਕਿ ਉਹਨਾਂ ਛਿਣਾਂ ਵਿਚ ਲੋਕ ਗੀਤ ਦੇ ਸ਼ਬਦ ਹਰ ਬਚੇ ਦੀ ਆਤਮਾ ਵਿਚ ਗੂੰਜ ਰਹੇ ਸਨ। ਗੀਤ ਆਪਣੀ ਮਾਤ-ਭੂਮੀ ਦੇ ਸੁਹਪਣ ਵਲ ਬੰਦੇ ਦੀਆਂ ਅਖਾਂ ਖੋਹਲ ਦੇਂਦਾ ਹੈ ਅਤੇ ਉਹ ਹੁਸਨ ਵਧੇਰੇ ਮਨੁਖ ਦਾ ਆਪਣਾ, ਹੋਰ ਵਧੇਰੇ ਪਿਆਰਾ ਹੋ ਜਾਂਦਾ ਹੈ।

ਯੂਕਰੇਨੀ ਗੀਤਾਂ ਨੇ ਬਚਿਆਂ ਲਈ ਉਹਨਾਂ ਦੀ ਮਾਤ-ਭਾਸ਼ਾ ਨੂੰ ਲੋਕਾਂ ਦੇ ਇਕ ਅਮੋਲ ਖ਼ਜ਼ਾਨੇ ਵਜੋਂ ਪ੍ਰਗਟ ਕੀਤਾ। ਗੀਤਾਂ ਸਦਕਾ ਬਚਿਆਂ ਨੇ ਉਸ ਢੰਗ ਦੀ ਕੋਮਲਤਾ ਅਨੁਭਵ ਕੀਤੀ ਜਿਵੇਂ ਸ਼ਬਦ ਧਵਨੀ ਦੇਂਦੇ ਹਨ।

ਪਹਿਲਾਂ ਪਹਿਲ ਸਾਡੇ ਕੋਲ ਸਾਜ਼ ਸੰਗੀਤ ਦੇ ਥੋੜ੍ਹੇ ਜਿਹੇ ਰੀਕਾਰਡ ਸਨ ਜਿਨ੍ਹਾਂ ਨੂੰ ਮੈਂ ਉਸੇ ਤਰ੍ਹਾਂ ਜ਼ਰੂਰੀ ਸਮਝਦਾ ਜਿਵੇਂ ਰੂਸੀ ਲੇਖਕਾਂ ਟਾਲਸਟਾਈ ਅਤੇ ਚੈਖੋਵ, ਗੋਰਕੀ ਅਤੇ ਕੋਰੋਲੈਨਕੋ, ਗੈਦਰ ਅਤੇ ਚੁਕੋਵਸਕੀ, ਪੋਲਿਸਤਾਨੀ ਲੇਖਕ ਸੈਨਕੀਵਿਸਜ਼, ਅਮਰੀਕੀ ਲੇਖਕ ਜੈਕ ਲੰਡਨ ਦੀਆਂ ਕਹਾਣੀਆਂ ਨੂੰ, ਪੁਸ਼ਕਿਨ ਅਤੇ ਸ਼ੇਵਚੈਨਕੋ ਦੀ ਕਵਿਤਾ ਨੂੰ ਅਤੇ ਹਾਨਜ਼ ਕ੍ਰਿਸਚੀਅਨ ਐਂਡਰਸਨ ਅਤੇ ਗ੍ਰਿਮ ਭਰਾਵਾਂ ਦੀਆਂ ਪਰੀ-ਕਹਾਣੀਆਂ ਨੂੰ। ਮੈਂ ਸੰਗੀਤ ਸੁਣੇ ਬਿਨਾਂ, ਬਚੇ ਜਾਂ ਬਚੀ ਦਾ ਬਚਪਨ ਦੇ ਵਰ੍ਹਿਆਂ ਤੋਂ ਆਪਣਾ ਮਨ-ਪਸੰਦ ਸੰਗੀਤ ਹੋਏ ਬਿਨਾਂ ਵਿਦਿਆ ਦੇ ਅਮਲ ਦੀ ਕਲਪਨਾ ਵੀ

ਨਹੀਂ ਸਾਂ ਕਰ ਸਕਦਾ। **ਖ਼ੁਸ਼ੀ ਦਾ ਸਕੂਲ** ਸ਼ੁਰੂ ਹੋਣ ਤੋਂ ਪਹਿਲਾਂ ਸਾਡੇ ਅਧਿਆਪਕਾਂ ਨੇ ਕਈ ਰੀਕਾਰਡ ਅਤੇ ਟੇਪ ਪ੍ਰਾਪਤ ਕਰ ਲਏ। ਅਸੀਂ ਇਹਨੂੰ ਖ਼ਜ਼ਾਨਾ ਸਮਝਦੇ ਸਾਂ ਅਤੇ ਸਾਨੂੰ ਇਸ ਗਲ ਉਤੇ ਦੁਖ ਹੁੰਦਾ ਕਿ ਇਹ ਖ਼ਜ਼ਾਨਾ ਬਚਿਆਂ ਨੂੰ ਮਨੁਖਜਾਤੀ ਦੀ ਕਲਾਤਮਕ ਦੌਲਤ ਦਾ ਪੂਰਾ ਪ੍ਰਭਾਵ ਨਹੀਂ ਸੀ ਦੇ ਸਕਦਾ। ਮੇਰੇ ਵਿਦਿਆਰਥੀਆਂ ਦੇ ਪਹਿਲਾ ਵਰ੍ਹਾ ਮੁਕੰਮਲ ਕਰਨ ਤੋਂ ਪਹਿਲਾਂ ਸਾਡੇ ਕੋਲ ੨੭ ਕਿਰਤਾਂ ਸਨ, ਸਤ ਗਾਣਿਆਂ ਦੀਆਂ ਅਤੇ ਵੀਹ ਸਾਜ਼ਾਂ ਦੀਆਂ। ਅਸੀਂ ਹਫ਼ਤੇ ਵਿਚ ਦੋ ਵਾਰ ਸੰਗੀਤ ਸੁਣਨ ਲਈ ਵਿਸ਼ੇਸ਼ ਤੌਰ ਉਤੇ ਸੰਗੀਤ ਦੇ ਕਮਰੇ ਵਿਚ ਜਾਂਤੇ। ਕਈ ਲੈਅਾਂ ਅਤੇ ਗੀਤਾਂ ਤੋਂ ਬਚੇ ਜਾਣੂ ਸਨ ਅਤੇ **ਖ਼ੁਸ਼ੀ ਦੇ ਸਕੂਲ** ਵਿਚ ਇਹ ਉਹਨਾਂ ਦੇ ਅੰਦਰਲੇ ਜੀਵਨ ਦਾ ਹਿਸਾ ਬਣ ਗਏ ਸਨ। ਉਹਨਾਂ ਚਾਏਕੋਵਸਕੀ ਦਾ "ਚੰਡੋਲ ਦਾ ਗੀਤ" ਅਤੇ "ਸਨੋ-ਡਰਾਪ ਦਾ ਗੀਤ", ਮੋਜ਼ਾਰਤ ਦੀ "ਲੋਰੀ", ਸ਼ੂਮਾਨ ਦਾ "ਦਲੇਰ ਘੁੜ-ਸਵਾਰ" ਅਤੇ ਗਰੀਗ ਦਾ "ਪਹਾੜੀ ਬਾਦਸ਼ਾਹ ਦੇ ਹਾਲ ਵਿਚ" ਕਈ ਵਾਰ ਸੁਣੇ ਸਨ। ਉਹ ਲਾਈਸੈਨਕੋ ਦੇ ਬਚਿਆਂ ਲਈ ਸੰਗੀਤ-ਨਾਟ "ਕੋਜ਼ਾ-ਦੇਰੇਜ਼ਾ" ਵਿਚੋਂ ਲੂਮੜ ਦਾ ਗੀਤ, **ਬਕਰੀ** ਦਾ ਗੀਤ ਅਤੇ ਬਘਿਆੜ ਦਾ ਗੀਤ, ਅਤੇ ਯੂਕਰੇਨੀ ਗੀਤਾਂ "ਮੈਂ ਅਸਮਾਨ ਵਲ ਵੇਖਦਾ ਹਾਂ," "ਵਿਸ਼ਾਲ ਗਰਜਦਾ ਦਨੀਪਰ" ਅਤੇ "ਸੂਰਜ ਡੁਬਦਾ ਹੈ ਅਤੇ ਪਹਾੜ ਹਨੇਰੇ ਹੋ ਜਾਂਦੇ ਹਨ" ਤੋਂ ਵੀ ਜਾਣੂ ਸਨ।

ਬਚਿਆਂ ਨਾਲ ਕੀਤੇ ਕੰਮ ਦੇ ਚਾਰ ਵਰ੍ਹਿਆਂ ਵਿਚ ਸਾਡੀ ਰੀਕਾਰਡਾਂ ਦੀ ਲਾਇਬ੍ਰੇਰੀ ਲਗ ਭਗ ਦੂਣੀ ਹੋ ਗਈ। ਇਹ ਬਹੁਤ ਨਹੀਂ ਸੀ, ਪਰ ਮੈਨੂੰ ਗਿਣਤੀ ਸੰਬੰਧੀ ਇੰਨੀ ਫ਼ਿਕਰਮੰਦੀ ਨਹੀਂ ਸੀ ਜਿੰਨੀ ਇਸ ਗਲ ਸੰਬੰਧੀ ਕਿ ਮਨੁਖਜਾਤੀ ਦੇ ਸੰਗੀਤ ਦੇ ਖ਼ਜ਼ਾਨੇ (ਸਭ ਤੋਂ ਪਹਿਲਾਂ ਯੂਕਰੇਨੀ ਅਤੇ ਰੂਸੀ ਕਿਰਤਾਂ) ਵਿਚ ਜੋ ਕੁਝ ਸਰਵਉਤਮ ਹੈ ਉਹ ਬਚਿਆਂ ਦੇ ਜੀਵਨ ਵਿਚ ਦਾਖ਼ਲ ਹੋ ਜਾਵੇ ਤਾਂ ਜੁ ਇਕੋ ਇਕ ਕਿਰਤ ਨੂੰ ਘੜੀ ਮੁੜੀ ਸੁਣਦੇ ਹੋਏ ਉਹਨਾਂ ਨੂੰ ਸੁਹਜ-ਸੁਆਦੀ ਸੰਤੋਖ ਮਿਲੇ ਅਤੇ ਇਹ ਬਚਿਆਂ ਦੇ ਬੌਧਕ ਅਤੇ ਭਾਵੁਕ ਜੀਵਨਾਂ ਉਤੇ ਆਪਣੀ ਛਾਪ ਛਡ ਜਾਵੇ।

ਬੇਸ਼ਕ ਬਚੇ ਮਹੀਨੇ ਵਿਚ ਇਕ ਹੀ ਨਵੀਂ ਲੈ ਸੁਣਨ ਪਰ ਉਹ ਲੈ ਉਹਨਾਂ ਦੀਆਂ ਸਾਰੀਆਂ ਜ਼ਿੰਦਗੀਆਂ ਲਈ ਆਤਮਕ ਸੰਤੋਖ ਦਾ ਸੋਮਾ ਬਣ ਜਾਵੇ। ਮੈਂ ਬਚਿਆਂ ਨੂੰ ਨਵੀਆਂ ਕਿਰਤਾਂ ਵਿਚ ਡਬੋ ਦੇਣੋ ਡਰਦਾ ਸਾਂ, ਜਿਹੜੀਆਂ ਉਹਨਾਂ ਦਿਲਾਂ ਉਤੇ ਕੋਈ ਪ੍ਰਭਾਵ ਛਡੇ ਬਿਨਾਂ ਉਹਨਾਂ ਦਾ ਜੀਅ ਪਰਚਾਵਾ ਕਰਦੀਆਂ।

ਉਪਰ ਜਿਸ ਕੁਝ ਦਾ ਜ਼ਿਕਰ ਕੀਤਾ ਗਿਆ ਹੈ ਚਾਰ ਵਰ੍ਹਿਆਂ ਦੇ ਸਮੇਂ ਵਿਚ ਮੇਰੇ ਬਚਿਆਂ ਨੇ ਗਲਿਨਕਾ ਦੇ ਸੰਗੀਤ-ਨਾਟ "ਰੁਸਲਾਨ ਅਤੇ ਲਿਉਦਮੀਲਾ" ਵਿਚੋਂ "ਕਾਲੇ ਸਾਗਰ ਦੇ ਯੋਧੇ ਦਾ ਕੂਚ"; ਗਊਨੋਦ ਦੇ ਸੰਗੀਤ-ਨਾਟ "ਫ਼ਾਸਟ" ਵਿਚੋਂ ਕੂਚ; ਐਡਵਰਡ ਗਰੀਗ ਦਾ "ਨਾਰਵਿਜਿਆਈ ਨਾਚ" ਅਤੇ "ਕੋਬੋਲਡਟ"; ਨ੍ਰਿਤ-ਨਾਟਾਂ "ਨਟਕਰੈਕਰ" ਅਤੇ "ਹੰਸਾਂ ਦਾ ਛੰਭ" ਵਿਚੋਂ ਹਿਸੇ; ਰਿਮਸਕੀ-ਕੋਰਸਾਕੋਵ ਦੇ ਸੰਗੀਤ-ਨਾਟ "ਜ਼ਾਰ ਸੁਲਤਾਨ ਦੀ ਕਥਾ" ਵਿਚੋਂ "ਭੌਰੇ ਦੀ ਉਡਾਰੀ"

ਅਤੇ "ਤਿੰਨ ਚਮਤਕਾਰ"; ਸ਼ੂਮਾਨ ਦਾ "ਮੰਜੀ ਕਿਸਾਨ"; ਗਰੀਗ ਦਾ "ਵਣ-ਬੰਣਿਆਂ ਦਾ ਨਾਚ"; ਦੁਨੇਵਸਕੀ ਦਾ "ਤਿਲੀਅਰ ਉਡਦੇ ਆਏ"; ਲਾਦੀਸੈਨਕੋ ਦੇ ਸੰਗੀਤ-ਨਾਟ "ਸਿਆਲ ਅਤੇ ਬਸੰਤ" ਦੇ ਚੁਣੇ ਹੋਏ ਹਿਸੇ; ਸਤੇਸੇਨਕੋ ਦੇ ਸੰਗੀਤ-ਨਾਟ "ਲੂਮੜ, ਬਿਲੀ ਅਤੇ ਮੁਰਗਾ" ਦੇ ਹਿਸੇ; ਬੀਥੋਵਨ ਦਾ "ਬਾਬਾਕ"; ਸਵਿਟਜ਼ਰਲੈਂਡ ਦੇ ਗੀਤ "ਕੋਇਲ"; ਪੋਲਿਸਤਾਨੀ ਗੀਤ "ਗਾਉਣ ਵਾਲੇ ਪੰਛੀ"; ਕਈ ਯੂਕਰੇਨੀ ਗੀਤ; ਹੰਗੇਰਵੀ ਲੋਕ-ਗੀਤ "ਬੁਲਬੁਲ" ਰੂਸੀ ਲੋਕ ਗੀਤ "ਬਰਚੇ ਦਾ ਇਕ ਰੁਖ ਖੜਾ ਸੀ"; ਕਬਾਲੇਵਸਕੀ ਦਾ "ਨਨ੍ਹਾ ਪਾਉਨੀਅਰ ਦਸਤਾ"; ਓਸਤਰੋਵਸਕੀ ਦਾ "ਨਨ੍ਹਾ ਪਾਉਨੀਅਰ"; ਮੁਰਾਦੇਲੀ ਦਾ "ਪਾਉਨੀਅਰਾਂ ਦੀ ਧੂਨੀ"; ਲੋਬਾਚੇਵ ਵਲੋਂ ਨਵੇਂ ਰੂਪ ਵਿਚ ਲਿਖਿਆ ਇਕ ਪੁਰਾਣਾ ਇਨਕਲਾਬੀ ਗੀਤ "ਸਾਥੀਓ, ਦਲੇਰੀ ਨਾਲ ਕਦਮ ਮਿਲਾ ਕੇ ਕੂਚ ਕਰੋ"; ਅਤੇ ਲੈਨਿਨ ਦੇ ਮਨ-ਪਸੰਦ ਗੀਤ "ਕੈਦ ਵਿਚ ਤਸੀਹੇ," ਜਿਹੀਆਂ ਕਿਰਤਾਂ ਸੁਣੀਆਂ।

ਸੰਗੀਤ ਸੁਣਨ ਤੋਂ ਪਹਿਲਾਂ ਮੈਂ ਅਸਲ ਘਟਨਾਵਾਂ ਜਾਂ ਸੰਗੀਤਕ ਬਿੰਬਾਂ ਵਿਚ ਪ੍ਰਤਿਬਿੰਬਤ ਕੀਤੇ ਅਣੱਖੇ ਚਿਤਰਾਂ ਸੰਬੰਧੀ ਦਸਦਾ। ਮੈਂ ਇਹਨਾਂ ਕਹਾਣੀਆਂ ਨੂੰ ਬਹੁਤ ਮਹਤਤਾ ਦੇਦਾ: ਉਹ ਸੰਗੀਤ ਸੁਣਨ ਲਈ ਬਚਿਆਂ ਦਾ ਰੌਂ ਠੀਕ ਬਣਾ ਦੇਦੀਆਂ। ਇਉਂ, "ਪਰੀ ਦਰਾਜ਼ੇ ਦਾ ਨਾਚ" ਸੁਣਨ ਤੋਂ ਪਹਿਲਾਂ ਮੈਂ ਬਚਿਆਂ ਨੂੰ ਹਾਫਮੈਨ ਦੀ ਪੁਰਾਣੀ ਪਰੀ-ਕਹਾਣੀ ਸੁਣਾਈ ਜਿਹੜੀ ਇਸ ਨ੍ਰਿਤ-ਨਾਟ ਦਾ ਆਧਾਰ ਬਣੀ ਸੀ। ਮੈਂ ਸਪਸ਼ਟ ਪ੍ਰਗਟਾਉ ਸ਼ਬਦਾਂ ਵਿਚ ਦਿਆਲ ਪਰੀ ਦਾ ਚਿਤਰ ਪੇਸ਼ ਕਰਨ ਦਾ ਜਤਨ ਕੀਤਾ—ਉਹਦੀ ਫੁਹਲਤਾ, ਚੁਸਤੀ ਅਤੇ ਛਬ। "ਤੁਸੀਂ ਬਿਲੌਰੀ ਘੰਟੀਆਂ ਵਜਦੀਆਂ ਸੁਣੋਗੇ," ਮੈਂ ਬਚਿਆਂ ਨੂੰ ਕਿਹਾ। "ਇਹ ਸੰਗੀਤ ਸੁਹਣੀ ਪਰੀ ਦੇ ਆਲੇ ਦੁਆਲੇ ਵਲ ਸੰਕੇਤ ਕਰਦਾ ਹੈ। ਮੈਂ ਜਾਦੂਈ ਗੜ੍ਹੀ ਦੇ ਹੌਲੇ, ਪਤਲੇ ਥੰਮ੍ਹਾਂ ਦੇ ਤਿਖੀ ਲੌਅ ਨਾਲ ਰੁਸ਼ਨਾਏ ਹੌਣ ਦੀ ਕਲਪਨਾ ਕਰਦਾ ਹਾਂ।" ਬਚਿਆਂ ਸੰਗੀਤ ਸੁਣਿਆ ਅਤੇ ਫਿਰ ਇਸ ਸੰਬੰਧੀ ਗਲ ਬਾਤ ਕੀਤੀ ਕਿ ਉਹ ਪਰੀ ਦੀ ਗੜ੍ਹੀ ਦੀ ਕਲਪਨਾ ਕਿਵੇਂ ਕਰਦੇ ਸਨ। ਉਹਨਾਂ ਆਪਣੀਆਂ ਕਲਪਨਾਵਾਂ ਵਿਚ ਤਲਾਆਂ, ਫੁਹਾਰਿਆਂ, ਛਾਂਦਾਰ ਝੰਗੀਆਂ ਅਤੇ ਭੇਤ-ਭਰੀਆਂ ਖੋਹਾਂ ਦੇ ਚਿਤਰ ਬਣਾਏ। ਅਣੱਖੇ ਬਿੰਬਾਂ ਨੇ ਸੰਗੀਤ ਮੁੜ ਸੁਣਨ ਦੀ ਇਛਾ ਜਗਾ ਦਿਤੀ।

ਸੰਗੀਤ ਦੀ ਕਿਰਤ ਦੀ, ਵਿਸ਼ੇਸ਼ ਤੌਰ ਉਤੇ ਅਜਿਹੀਆਂ ਕਿਰਤਾਂ ਦੀ ਜਿਨ੍ਹਾਂ ਨੂੰ ਬਚੇ ਨਹੀਂ ਜਾਣਦੇ, ਵਿਆਖਿਆ ਅਧਿਆਪਕ ਤੋਂ ਅਥਾਹ ਸੁਚਜ ਅਤੇ ਯੋਗਤਾ ਦੀ ਮੰਗ ਕਰਦਾ ਹੈ। ਬੰਦੇ ਨੂੰ ਇਹ ਕਦੀ ਨਹੀਂ ਭੁਲਣਾ ਚਾਹੀਦਾ ਕਿ ਸੰਗੀਤ ਦੀ ਭਾਸ਼ਾ ਭਾਵਾਂ ਦੀ ਭਾਸ਼ਾ ਹੈ। ਇਥੋਂ ਤਕ ਕਿ ਸਾਦੇ, ਕਈ ਵਾਰ ਮੂਲਕ ਸ਼ਬਦਾਂ ਵਾਲੇ ਲੋਕ ਗੀਤ ਵੀ ਕੇਵਲ ਲੈ ਸਦਕਾ ਹੀ ਕਲਾ ਕਿਰਤਾਂ ਸਮਝੇ ਜਾਂਦੇ ਹਨ। ਸੰਗੀਤ ਦੀ ਕਿਰਤ ਵਿਚ ਕਲਾਤਮਕ ਬਿੰਬਾਂ ਦੀ ਵਿਆਖਿਆ ਕਰਨ ਲਈ ਇਹ ਲਾਜ਼ਮੀ ਹੈ ਕਿ ਅਧਿਆਪਕ ਸਵਰਕਾਰ ਦੇ ਪ੍ਰਗਟਾਅ ਦੇ ਨਿਸ਼ਚਿਤ ਢੰਗਾਂ ਨੂੰ ਸਮਝੇ। ਵਿਆਖਿਆ

ਲਾਜ਼ਮੀ ਤੌਰ ਉਤੇ ਸਪਸ਼ਟ, ਸੰਵਰੀ ਹੋਈ ਕਲਾਤਮਕ ਕਹਾਣੀ ਹੋਣੀ ਚਾਹੀਦੀ ਹੈ। ਇਹ ਲਾਜ਼ਮੀ ਹੈ ਕਿ ਖ਼ੁਦ ਕਹਾਣੀ ਭਾਵਨਾਵਾਂ ਜਗਾਏ ਅਤੇ ਕਲਪਨਾ ਵਿਚ ਸਪਸ਼ਟ ਚਿਤਰ ਉਘਾੜੇ।

ਮੈਨੂੰ ਪਕਾ ਨਿਸ਼ਚਾ ਹੈ ਕਿ ਸੰਗੀਤ ਦਾ ਸੁਹਪਣ ਚਿੰਤਨ ਦਾ ਬਲਵਾਨ ਸੋਮਾ ਹੈ। ਸੰਗੀਤ ਦੇ ਪ੍ਰਭਾਵ ਅਧੀਨ ਬਚੇ ਦੀ ਕਲਪਨਾ ਵਿਚ ਉਭਰੇ ਸਪਸ਼ਟ ਬਿੰਬ, ਇਹਦੀਆਂ ਅਨੇਕ ਧਾਰਾਂ ਨੂੰ ਦਰਿਆ ਦੇ ਇਕੋ ਵਹਿਣ ਵਲ ਮੋੜਦੇ ਹੋਏ, ਚਿੰਤਨ ਵਿਚ ਜਾਨ ਪਾ ਦੇਂਦੇ ਹਨ। ਜੋ ਕੁਝ ਉਹਨਾਂ ਦੀਆਂ ਕਲਪਨਾਵਾਂ ਸਿਰਜਦੀਆਂ ਹਨ ਅਤੇ ਜੋ ਉਹ ਅਨੁਭਵ ਕਰਦੇ ਹਨ, ਬਚੇ ਸ਼ਬਦਾਂ ਵਿਚ ਉਹਨਾਂ ਦਾ ਚਿਤਰ ਬਣਾਉਣ ਦਾ ਜਤਨ ਕਰਦੇ ਹਨ। ਸੰਗੀਤ ਸੁਣਨਾ ਨਿਸ਼ਚੇ ਹੀ ਧੀਮੀ ਸੋਚ ਵਾਲੇ ਬਚਿਆਂ ਲਈ ਦਿਮਾਗ਼ੀ ਵਿਕਾਸ ਦਾ ਬਲਵਾਨ ਸੋਮਾ ਸੀ। ਮੈਂ ਅਜਿਹਾ ਕਰਨ ਦਾ ਜਤਨ ਕੀਤਾ ਕਿ ਸੰਗੀਤ ਸੁਣਨ ਪਿਛੋਂ ਬਚੇ ਸੰਗ ਤੋਂ ਬਿਨਾਂ ਆਪਣੇ ਪ੍ਰਭਾਵ ਦਸਣ।

ਅਸਾਂ ਸੰਗੀਤ ਦੇ ਕਮਰੇ ਵਿਚ ਆਪਣੀਆਂ ਬੰਸਰੀਆਂ ਵਜਾਈਆਂ ਅਤੇ ਆਪਣੀਆਂ ਮਨ-ਪਸੰਦ ਧੁਨਾਂ ਸਿਖੀਆਂ। ਦੂਜੀ ਸ਼੍ਰੇਣੀ ਵਿਚ ਬੰਸਰੀ ਵਜਾਉਣ ਵਾਲੇ ਕਲਬ ਵਿਚ ਮੇਰੇ ਨੇੜੇ ਅਤੇ ਹੋਰ ਸ਼੍ਰੇਣੀਆਂ ਵਿਚੋਂ ਚਾਰ ਵਿਦਿਆਰਥੀ ਸਨ। ਬਚਿਆਂ ਬੰਸਰੀਆਂ ਆਪ ਬਣਾਈਆਂ। ਸੇਰਯੋਜ਼ਾ, ਯੂਰਾ, ਤੀਨਾ ਅਤੇ ਲੀਦਾ ਬੰਸਰੀਆਂ ਬਣਾਉਣ ਦੇ ਅਸਲੀ ਉਸਤਾਦ ਸਨ। ਉਹ ਝੰਗੀ ਵਿਚ ਜਾਂਦੇ ਅਤੇ ਬੰਸਰੀਆ ਬਣਾਉਣ ਲਈ ਯੋਗ ਸਮਿਗਰੀ ਇਕਠੀ ਕਰਦੇ, ਫਿਰ ਉਹ ਕਟੀਆਂ ਟਹਿਣੀਆਂ ਨੂੰ ਛਾਂ ਵਿਚ ਰਸਾਉਂਦੇ, ਸਾਜ਼ ਦੀ ਆਵਾਜ਼ ਪਰਖਦੇ ਅਤੇ ਅਖ਼ੀਰ ਉਹਨਾਂ ਕੋਲ ਖ਼ਾਲਸ, ਸੁਰੀਲੀਆਂ ਧੁਨਾਂ ਵਾਲੇ ਸਾਜ਼ ਹੁੰਦੇ। ਤੀਜੀ ਸ਼੍ਰੇਣੀ ਵਿਚ ਸਾਡੇ ਵਿਚ ਦੋ ਅਕਾਰਡੀਅਨ ਅਤੇ ਤਿੰਨ ਵਾਇਲਨ ਵਜਾਉਣ ਵਾਲੇ ਆ ਗਏ। ਯੂਰਾ, ਸੇਰਯੋਜ਼ਾ, ਫ਼ੈਦੀਆ, ਲੀਦਾ, ਕੋਲੀਆ, ਤੀਨਾ, ਲਾਰੀਸਾ, ਸਾਨੀਆ ਅਤੇ ਸ਼ੂਰਾ ਨੇ ਅਕਾਰਡੀਅਨ ਅਤੇ ਵਾਇਲਨ ਵਜਾਉਣਾ ਸਿਖ ਲਿਆ। ਮੁਢਲੇ ਸਕੂਲ ਦੀ ਪੜ੍ਹਾਈ ਮੁਕਾਉਣ ਦੇ ਸਮੇਂ ਤਕ ੧੯ ਬਚਿਆਂ ਕੋਲ ਘਰਾਂ ਵਿਚ ਸਾਜ਼ ਸਨ—ਅਕਾਰਡੀਅਨਾਂ ਅਤੇ ਵਾਇਲਨਾਂ। ਪਰ ਬਚਿਆਂ ਨੂੰ ਆਪਣੀਆਂ ਬੰਸਰੀਆਂ ਨਾ ਭੁਲੀਆਂ। ਕਈ ਬਚਿਆਂ ਦੀ ਸੰਗੀਤ ਵਲ ਪ੍ਰਵਿਰਤੀ ਸੀ; ਪਰ ਮੈਂ ਵਿਅਕਤੀਗਤ ਯੋਗਤਾ ਨੂੰ ਵਿਕਸਤ ਕਰਨਾ ਆਪਣਾ ਮੁਖ ਆਸ਼ਾ ਨਾ ਸਮਝਿਆ ਸਗੋਂ ਇਹ ਨਿਸ਼ਚਿਤ ਕਰਾਉਣਾ ਸਮਝਿਆ ਕਿ ਸਾਰੇ ਬਚਿਆਂ ਨੂੰ ਸੰਗੀਤ ਨਾਲ ਪ੍ਰਿਆਰ ਹੋਵੇ ਅਤੇ ਉਹ ਇਹਦੀ ਅੰਦਰਲੀ ਲੋੜ ਅਨੁਭਵ ਕਰਨ।

ਜਿਹੜੀ ਗਲ ਬਚਪਨ ਵਿਚ ਅਖੋ ਉਹਲੇ ਕੀਤੀ ਜਾਂਦੀ ਹੈ ਉਹਦਾ ਘਾਟਾ ਗਭਰੇਟ ਵਰ੍ਹਿਆਂ ਵਿਚ ਕਦੀ ਪੂਰਾ ਨਹੀਂ ਕੀਤਾ ਜਾ ਸਕਦਾ, ਜਵਾਨੀ ਦੀ ਤਾਂ ਗਲ ਹੀ ਨਾ ਕਰੋ। ਇਹ ਗਲ ਬਚੇ ਦੇ ਅੰਦਰਲੇ ਜੀਵਨ ਦੇ ਸਾਰੇ ਪਖਾਂ, ਅਤੇ ਵਿਸ਼ੇਸ਼ ਤੌਰ ਉਤੇ ਸੁਹਜ-ਸੁਆਦੀ ਵਿਦਿਆ ਉਤੇ ਲਾਗੂ ਹੁੰਦੀ ਹੈ। ਭਾਵੁਕਤਾ ਅਤੇ ਸੁਹਪਣ ਲਈ ਕ੍ਰਿਹਣ-ਸ਼ਕਤੀ ਸ਼ਖ਼ਸੀਅਤ ਦੇ ਵਿਕਾਸ ਦੇ ਪਿਛੋਂ ਦੇ ਸਮਿਆਂ ਨਾਲੋਂ ਬਚਪਨ

ਵਿਚ ਬੇਮਿਸਾਲ ਤੌਰ ਉਤੇ ਵਧੇਰੇ ਡੂੰਘੀ ਹੁੰਦੀ ਹੈ। ਮੁਢਲੇ ਸਕੂਲ ਦੇ ਅਧਿਆਪਕ ਦੇ ਮੁਖ ਕਾਰਜਾਂ ਵਿਚੋਂ ਇਕ ਬਚਿਆਂ ਵਿਚ ਸੁਹਪਣ ਵੀ ਲੋੜ ਦਾ ਸ਼ੌਕ ਪੈਦਾ ਕਰਨਾ ਹੈ, ਜਿਹੜਾ ਕਈ ਢੰਗਾਂ ਨਾਲ ਬਚੇ ਦੇ ਅੰਦਰਲੇ ਜੀਵਨ ਦੀ ਸਾਰੀ ਪ੍ਰਣਾਲੀ ਅਤੇ ਸਮੂਹ ਨਾਲ ਉਹਦੇ ਸੰਬੰਧ ਮਿਥਦਾ ਹੈ। ਸੁਹਣੇ ਦੀ ਲੋੜ ਸਦਾਚਾਰਕ ਸੁਹਪਣ ਅਤੇ ਤੁਛਤਾ ਅਤੇ ਕੋਝ ਲਈ ਅਸਹਿਨਸ਼ੀਲਤਾ ਦੀ ਪਰਵਈ ਕਰਦੀ ਹੈ।

"ਜਦੋਂ ਕਿਸੇ ਬੰਦੇ ਨੇ ਹਥਾਂ ਵਿਚ ਵਾਇਲਨ ਫੜੀ ਹੁੰਦੀ ਹੈ ਤਾਂ ਉਹ ਕੋਈ ਮਾੜਾ ਕੰਮ ਨਹੀਂ ਕਰ ਸਕਦਾ," ਇਹ ਇਕ ਪੁਰਾਣਾ ਯੂਕਰੇਨੀ ਅਖਾਣ ਹੈ ਜਿਹੜਾ ਗਿਆਰਗੀ ਸਕੋਵੋਰੋਦਾ (੧੭੨੨-੯੪) ਦਾ ਦਸਿਆ ਜਾਂਦਾ ਹੈ। ਬੁਰਾਈ ਅਤੇ ਸਚਾ ਸੁਹਪਣ ਅਣਮੇਲ ਹਨ। ਅਲੰਕਾਰਕ ਭਾਸ਼ਾ ਵਿਚ ਹਰ ਅਧਿਆਪਕ ਦੇ ਸਭ ਤੋਂ ਵਧ ਮਹਤਵ-ਪੂਰਨ ਕੰਮਾਂ ਵਿਚੋਂ ਇਕ ਇਹ ਹੈ ਕਿ ਉਹ ਹਰ ਬਚੇ ਦੇ ਹਥ ਵਿਚ ਵਾਇਲਨ ਫੜਾਏ ਤਾਂ ਜੁ ਸੰਗੀਤ ਲਈ ਭਾਵਨਾ ਪੈਦਾ ਹੋਵੇ। ਸਾਡੇ ਸਮੇਂ ਵਿਚ ਜਦੋਂ ਸੰਗੀਤ ਨੂੰ ਰੀਕਾਰਡ ਕਰਨ ਅਤੇ ਵਿਸ਼ਾਲ ਪਧਰ ਉਤੇ ਵੰਡਣ ਦੇ ਟੈਕਨੀਕਲ ਸਾਧਨਾਂ ਨੇ ਇਹਨੂੰ ਸਰਬ-ਵਿਆਪਕ ਖ਼ਾਸਾ ਦੇ ਦਿਤਾ ਹੈ, ਇਸ ਵਿਦਿਅਕ ਕਾਰਜ ਦੇ ਵਿਸ਼ੇਸ਼ ਅਰਥ ਬਣ ਜਾਂਦੇ ਹਨ। ਇਹ ਗਲ ਨਿਸ਼ਚਿਤ ਬਣਾਓ ਕਿ ਛੁਟੇਰੀ ਪੀੜ੍ਹੀ ਕੇਵਲ ਸੁਹਪਣ ਦੀ ਖਪਤਕਾਰ ਹੀ ਨਹੀਂ; ਇਹ ਸੁਹਜ-ਸੁਆਦੀ ਵਿਦਿਆ ਦੇ ਨਾਲ ਹੀ ਨਾਲ ਸਦਾਚਾਰਕ ਵਿਦਿਆ ਦਾ ਵੀ ਮਸਲਾ ਹੈ।

## ਪੁਸਤਕ ਬਚੇ ਦੇ ਅੰਦਰਲੇ ਜੀਵਨ ਵਿਚ

ਪੁਸਤਕਾਂ ਬਚੇ ਦੇ ਅੰਦਰਲੇ ਜੀਵਨ ਵਿਚ ਤਾਂ ਹੀ ਵਡਾ ਰੋਲ ਅਦਾ ਕਰਦੀਆਂ ਹਨ ਜੇ ਉਹ ਚੰਗੀ ਤਰ੍ਹਾਂ ਪੜ੍ਹਨਾ ਜਾਣਦਾ ਹੋਵੇ। "ਚੰਗੀ ਤਰ੍ਹਾਂ ਪੜ੍ਹਣ" ਦੇ ਅਰਥ ਕੀ ਹਨ? ਸਭ ਤੋਂ ਪਹਿਲਾਂ ਇਹਦੇ ਅਰਥ ਪੜ੍ਹਣ ਦੀਆਂ ਮੁਢਲੀਆਂ ਯੋਗਤਾਵਾਂ ਵਿਚ ਨਿਪੁੰਨਤਾ ਪ੍ਰਾਪਤੀ ਹੈ। ਮੈਂ ਪੜ੍ਹਨ ਨੂੰ ਹਰ ਬਚੇ ਦੀ ਅੰਦਰਲੀ ਲੋੜ ਬਣਾਉਣ ਦਾ ਜਤਨ ਕੀਤਾ। ਪਹਿਲੀ ਅਤੇ ਦੂਜੀ ਸ਼੍ਰੇਣੀ ਵਿਚ ਬਚੇ ਹਰ ਹਫ਼ਤੇ ਜਾਂ ਦੋ ਹਫ਼ਤਿਆਂ ਪਿਛੋਂ ਲਾਇਬ੍ਰੇਰੀ ਤੋਂ ਇਕ ਪੁਸਤਕ ਲੈਂਦੇ ਅਤੇ ਉਹਨੂੰ ਉਚੀ ਉਚੀ ਪੜ੍ਹਦੇ। ਇਸਤੋਂ ਬਿਨਾਂ ਰਵਾਂ ਢੰਗ ਨਾਲ ਪੜ੍ਹਣ ਅਤੇ ਜੋ ਕੁਝ ਪੜ੍ਹਿਆ ਗਿਆ ਹੈ ਉਹਨੂੰ ਚੰਗੀ ਤਰ੍ਹਾਂ ਸਮਝਣ ਦੀ ਨਿਗਰ, ਸਥਿਰ ਯੋਗਤਾ ਸਥਾਪਤ ਕਰਨਾ ਅਸੰਭਵ ਹੈ।

ਦੂਜੀ ਸ਼੍ਰੇਣੀ ਵਿਚ ਹਰ ਬਚੇ ਕੋਲ ਇਕ ਕਾਪੀ ਹੁੰਦੀ, ਇਕ "ਸ਼ਾਬਦਕ ਭੰਡਾਰ" ਜਿਸ ਵਿਚ ਹਰ ਬਚਾ ਉਹ ਸ਼ਬਦ ਲਿਖ ਲੈਂਦਾ ਜਿਹੜੇ ਉਹਨੂੰ ਰੋਚਕ ਲਗਦੇ ਜਾਂ ਸਮਝ ਨਾ ਆਉਂਦੇ। ਫਿਰ ਮੈਂ ਇਹਨਾਂ ਸ਼ਬਦਾਂ ਦੀਆਂ ਭਾਵੁਕ ਭਾਹਾਂ ਸਮਝਾਉਂਦਾ। ਤੀਜੀ ਅਤੇ ਚੌਥੀ ਸ਼੍ਰੇਣੀਆਂ ਵਿਚ ਕੁਝ ਸ਼ਬਦਾਂ ਦੀ ਛੋਟ ਨਾਲ, ਇਹ ਕਾਪੀਆਂ ਅਜਿਹੇ ਮੁਹਾਵਰੇਦਾਰ ਵਾਕਾਂ, ਵਾਕਅੰਸ਼ਾਂ ਅਤੇ ਵਾਕਾਂ ਨਾਲ ਭਰ ਗਈਆਂ ਜਿਹੜੇ ਬਚੇ ਨੂੰ ਪਸੰਦ ਆਏ।

ਭਰਪੂਰਤਾ ਦੇ ਇਕ ਸਾਧਨ ਵਜੋਂ ਪੜ੍ਹਣ ਨੂੰ ਕੇਵਲ ਪੜ੍ਹਣ ਦੀ ਯੋਗਤਾ ਤਕ ਨਹੀਂ ਘਟਾਇਆ ਜਾ ਸਕਦਾ; ਇਹ ਯੋਗਤਾ ਕੇਵਲ ਪੜ੍ਹਣ ਦਾ ਮੁਢ ਹੈ। ਹੋ ਸਕਦਾ ਹੈ ਬਚਾ ਰਵਾਂ ਢੰਗ ਨਾਲ ਅਤੇ ਗ਼ਲਤੀ ਤੋਂ ਬਿਨਾਂ ਪੜ੍ਹਦਾ ਹੈ, ਪਰ—ਅਤੇ ਅਜਿਹਾ ਅਕਸਰ ਹੁੰਦਾ ਹੈ—ਪੜ੍ਹਣਾ ਉਹ ਰਾਹ ਨਹੀਂ ਬਣਿਆ ਜਿਹੜਾ ਬੌਧਕ, ਸਦਾਚਾਰਕ ਅਤੇ ਸੁਹਜ-ਸੁਆਦੀ ਵਿਕਾਸ ਦੀਆਂ ਉਚਾਈਆਂ ਵਲ ਲੈ ਜਾਂਦਾ ਹੈ। ਪੜ੍ਹਣ ਯੋਗ ਹੋਣ ਦੇ ਅਰਥ ਹਨ ਸ਼ਬਦਾਂ ਦੇ ਅਰਥਾਂ ਅਤੇ ਸੁਹਪਣ ਅਤੇ ਸੂਖਮ ਭਾਹਾਂ ਵਲ ਭਾਵੁਕ ਹੋਣਾ। ਕੇਵਲ ਉਹ ਵਿਦਿਆਰਥੀ "ਪੜ੍ਹਦਾ" ਹੈ ਜਿਸਦੇ ਮਨ ਵਿਚ ਸ਼ਬਦ ਆਲੇ ਦੁਆਲੇ ਦੇ ਸੰਸਾਰ ਦੇ ਰੰਗਾਂ ਅਤੇ ਲੈਆਂ ਨਾਲ ਖੇਡਦੇ ਹਨ। ਪੜ੍ਹਣਾ ਇਕ ਬਾਰੀ ਹੈ ਜਿਸ ਵਿਚੋਂ ਬਚੇ ਸੰਸਾਰ ਅਤੇ ਆਪਣੇ ਆਪ ਨੂੰ ਵੇਖਦੇ ਅਤੇ ਜਾਣਨ ਲਗ ਪੈਂਦੇ ਹਨ। ਇਹ ਬਚੇ ਸਾਹਮਣੇ ਉਦੋਂ ਖੁਲ੍ਹਦੀ ਹੈ ਜਦੋਂ ਪੜ੍ਹਣ ਦੇ ਨਾਲ ਹੀ ਨਾਲ ਜਾਂ ਪਹਿਲੀ ਪੁਸਤਕ ਖੋਹਲਣ ਤੋਂ ਪਹਿਲਾਂ ਸ਼ਬਦ-ਭੰਡਾਰ ਵਿਚ ਨਿਪੁੰਨਤਾ ਪ੍ਰਾਪਤ ਕਰਨ ਲਈ ਜ਼ੋਰਦਾਰ ਜਤਨ ਕੀਤੇ ਜਾਂਦੇ ਹਨ, ਜਿਸ ਵਿਚ ਬਚੇ ਦੀ ਸਰਗਰਮੀ ਅਤੇ ਅੰਦਰਲੇ ਜੀਵਨ ਦੇ ਸਾਰੇ ਖੇਤਰਾਂ—ਕੰਮ, ਖੇਡ ਅਤੇ ਪ੍ਰਕਿਰਤੀ, ਸੰਗੀਤ ਅਤੇ ਰਚਨਾਤਮਕਤਾ ਨਾਲ ਪ੍ਰਸਪਰ ਅਮਲ ਨੂੰ ਵਲਗਣ ਵਿਚ ਲੈਣਾ ਲਾਜ਼ਮੀ ਹੈ। ਸੁਹਪਣ ਪੈਦਾ ਕਰਨ ਵਾਲੇ ਕੰਮ ਤੋਂ ਬਿਨਾਂ, ਕਹਾਣੀਆਂ ਅਤੇ ਖ਼ਿਆਲ-ਉਡਾਰੀ, ਖੇਡਾਂ ਅਤੇ ਸੰਗੀਤ ਅਤੇ ਰਚਨਾਤਮਕਤਾ ਤੋਂ ਬਿਨਾਂ ਬਚੇ ਦੇ ਬੌਧਕ ਜੀਵਨ ਦੇ ਖੇਤਰਾਂ ਵਿਚੋਂ ਇਕ ਵਜੋਂ ਪੜ੍ਹਣ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਬੋਲਣ ਅਤੇ ਸੋਚਣ ਦੇ ਵਿਕਾਸ ਦਾ ਆਧਾਰ ਚਿੰਤਨ ਦੇ ਜਿਉਂਦੇ ਸੋਮੇ ਤਕ "ਸਫ਼ਰ" ਅਤੇ ਸ਼ਬਦਾਂ ਦੀ ਭਾਵੁਕ-ਸੁਹਜ-ਸੁਆਦੀ ਰੰਗਣ ਹੈ, ਜਿਹੜੇ ਕੇਵਲ ਬੋਲੀ ਦੇ ਸੁਹਪਣ ਅਤੇ ਪੁਸਤਕਾਂ ਵਿਚ ਸਜੀਵ ਹੋਏ ਕਲਾਤਮਕ ਗੁਣਾਂ ਨੂੰ ਅਨੁਭਵ ਕਰਨ ਦੀ ਯੋਗਤਾ ਸਦਕਾ ਹੀ ਸਮਝੀ ਜਾ ਸਕਦੀ ਹੈ।

ਪਹਿਲਾ ਸ਼ਬਦ ਪੜ੍ਹਣ ਤੋਂ ਪਹਿਲਾਂ ਇਹ ਲਾਜ਼ਮੀ ਹੈ ਕਿ ਬਚਾ ਅਧਿਆਪਕ, ਆਪਣੀ ਮਾਂ ਅਤੇ ਆਪਣੇ ਪਿਤਾ ਨੂੰ ਪੜ੍ਹਦਿਆਂ ਸੁਣੇ ਤਾਂ ਜੁ ਉਹ ਕਲਾਤਮਕ ਬਿੰਬਾਂ ਦਾ ਸੁਹਪਣ ਅਨੁਭਵ ਕਰ ਸਕੇ। ਪ੍ਰਕਿਰਤੀ ਵਿਚ "ਸਫ਼ਰਾਂ" ਦੀ ਪੁਸਤਕਾਂ ਤੋ ਕੁਝ ਵਧ ਵਜੋਂ ਕਲਪਨਾ ਕਰਨਾ ਅਸੰਭਵ ਹੈ। ਜੇ ਬਚਾ ਪੁਸਤਕ ਵਿਚੋਂ ਪੜ੍ਹੇ ਸ਼ਬਦਾਂ ਦਾ ਸੁਹਪਣ ਅਨੁਭਵ ਨਹੀਂ ਕਰਦਾ ਤਾਂ ਉਹ ਆਲੇ ਦੁਆਲੇ ਦੇ ਸੰਸਾਰ ਦਾ ਸੁਹਪਣ ਅਨੁਭਵ ਨਹੀਂ ਕਰੇਗਾ। ਬਚੇ ਦੇ ਦਿਲ ਅਤੇ ਚੇਤਨਤਾ ਵਲ ਰਾਹ ਦੇ ਦੋ ਪਖ ਹਨ ਜਿਹੜੇ ਪਹਿਲਾਂ ਪਹਿਲ ਵਿਰੋਧੀ ਜਾਪਦੇ ਹਨ: ਪੁਸਤਕਾਂ ਅਤੇ ਉਚੀ ਪੜ੍ਹੇ ਗਏ ਸ਼ਬਦ ਤੋਂ ਬੋਲੇ ਗਏ ਸ਼ਬਦ ਤਕ ਅਤੇ ਜਿਉਂਦੇ ਸ਼ਬਦ ਤੋਂ, ਜਿਹੜਾ ਪਹਿਲਾਂ ਹੀ ਬਚੇ ਦੇ ਅੰਦਰਲੇ ਜੀਵਨ ਵਿਚ ਸ਼ਾਮਲ ਹੈ, ਪੁਸਤਕਾਂ ਪੜ੍ਹਣ ਅਤੇ ਲਿਖਣ ਵਲ। ਲਿਖਣ ਅਤੇ ਪੜ੍ਹਣ ਲਈ ਭਾਵੁਕ ਅਤੇ ਸੁਹਜ-ਸੁਆਦੀ ਤਿਆਰੀ ਇਕ ਮਹਤਵ-ਪੂਰਨ ਸ਼ਰਤ ਹੈ ਤਾਂ ਜੁ ਬਚਾ ਪੜ੍ਹਨਾ ਅਤੇ ਲਿਖਣਾ ਨੰਬਰਾਂ ਲਈ ਨਹੀਂ ਸਗੋਂ ਇਸ ਲਈ ਸਿਖੇ

ਕਿ ਪੜ੍ਹਣਾ ਅਤੇ ਲਿਖਣਾ ਉਹਦੇ ਅੰਦਰਲੇ ਜੀਵਨ ਲਈ ਲੋੜੀਂਦੇ ਹਨ — ਕਿਉਂਕਿ ਪੜ੍ਹ ਅਤੇ ਲਿਖ ਨਾ ਸਕਣਾ ਉਹਨੂੰ ਅਨੇਕ ਖ਼ੁਸ਼ੀਆਂ ਤੋਂ ਵਿਰਵਾ ਕਰਦਾ ਹੈ।

**ਖ਼ੁਸ਼ੀ ਦੇ ਸਕੂਲ** ਵਿਚ ਵੀ ਮੇਰੇ ਵਿਦਿਆਰਥੀਆਂ ਨੇ ਆਲੇ ਦੁਆਲੇ ਦੇ ਸੰਸਾਰ ਲਈ ਆਪਣੀਆਂ ਭਾਵਨਾਵਾਂ ਅਤੇ ਵਿਚਾਰਾਂ ਦਾ ਪ੍ਰਗਟਾ ਪੜ੍ਹਣ ਅਤੇ ਲਿਖਣ ਲਈ ਭਾਵੁਕ ਅਤੇ ਸੁਹਜ-ਸੁਆਦੀ ਤਿਆਰੀ ਵਜੋਂ ਚਿਤਰਾਂ ਅਤੇ ਉਹਨਾਂ ਲਈ ਪ੍ਰਗਟਾਊ ਸਿਰਲੇਖਾਂ ਰਾਹੀਂ ਕੀਤਾ। ਪ੍ਰਕਿਰਤੀ ਵਿਚ "ਸਫ਼ਰ" ਸਾਡੀ ਵਿਦਿਅਕ ਪ੍ਰਣਾਲੀ ਵਿਚ ਆਪਣੇ ਆਪ ਵਿਚ ਕੋਈ ਨਿਸ਼ਾਨਾ ਨਹੀਂ ਸਨ ਸਗੋਂ ਸ਼ਬਦਾਂ ਰਾਹੀਂ ਬਚੇ ਦੇ ਬੌਧਕ ਵਿਕਾਸ ਦਾ ਇਕ ਸਾਧਨ ਸਨ। ਸ਼ਬਦਾਂ ਤੋਂ ਬਿਨਾਂ, ਬੌਧਕ ਵਿਦਿਆ ਅਤੇ ਵਿਦਿਆ ਦੇ ਮੁਖ ਆਸ਼ੇ — ਬਚੇ ਨੂੰ ਸੋਚਣਾ, ਵਸਤਾਂ ਅਤੇ ਵਰਤਾਰਿਆਂ ਅਤੇ ਉਹਨਾਂ ਦੇ ਪ੍ਰਸਪਰ ਅਮਲ, ਆਮਿਆਉਣ ਅਤੇ ਪ੍ਰਕਿਰਤੀ ਅਤੇ ਦਿਸਦੀਆਂ ਵਸਤਾਂ ਅਤੇ ਪ੍ਰਭਾਵਾਂ ਤੋਂ ਸਿਟੇ ਕਢਣ — ਲਈ ਜਤਨਾਂ ਤੋਂ ਬਿਨਾਂ ਬਚੇ ਪ੍ਰਕਿਰਤੀ ਦੇ ਸੁਹਪਣ, ਰੰਗਾਂ ਅਤੇ ਆਵਾਜ਼ਾਂ ਦੀ ਖੇਡ ਅਤੇ ਜੀਵਨ ਦੀ ਅਖੁਟ ਵੰਨ-ਸੁਵੰਨਤਾ ਵਲੋਂ ਬੇਪਰਵਾਰ ਹੁੰਦੇ।

ਮੈਂ ਵੇਖਿਆ ਕਿ ਪਹਿਲੀ ਸ਼੍ਰੇਣੀ ਵਿਚ ਪੜ੍ਹਣਾ ਬਚੇ ਦੇ ਅੰਦਰਲੇ ਜੀਵਨ ਦਾ ਹਿਸਾ ਬਣ ਗਿਆ ਸੀ, ਇਥੋਂ ਤਕ ਕਿ ਇਹ ਕੇਵਲ ਰਵਾਂ ਪੜ੍ਹਣ ਦੀ ਸੂਝ ਲਈ ਮਸ਼ਕਾਂ ਤਿਆਰ ਕਰਨਾ ਨਾ ਰਿਹਾ। ਕੇਵਲ ਉਹੋ ਜਿਹੜਾ ਬਚੇ ਦੇ ਬੌਧਕ, ਭਾਵੁਕ ਅਤੇ ਸੁਹਜ-ਸੁਆਦੀ ਵਿਕਾਸ ਦੀ ਪਧਰ ਨਾਲ ਇਕਸੁਰ ਹੈ ਅਤੇ ਇਹਦੇ ਨਾਲ ਹੀ ਨਾਲ ਹੋਰ ਵਿਕਾਸ ਨਾਲ ਇਕਸੁਰ ਹੈ, ਬਚੇ ਦੇ ਆਤਮਕ ਜੀਵਨ ਵਿਚ ਸ਼ਾਮਲ ਹੋ ਸਕਦਾ ਹੈ। ਅਧਿਆਪਕ ਲਈ ਇਸ ਗਲ ਦੀ ਅਸਾਧਾਰਨ ਮਹਤਤਾ ਹੈ ਕਿ ਉਹ ਪੜ੍ਹਣ ਲਈ ਸਮਿਗਰੀ ਯੋਗ ਢੰਗ ਨਾਲ ਚੁਣੇ। ਮੰਦੇ ਭਾਗੀਂ ਮੁਢਲੀਆਂ ਪਾਠ-ਪੁਸਤਕਾਂ ਵਿਚ ਬਹੁਤ ਸਾਰੀਆਂ ਕਲਾਤਮਕ ਕਦਰਾਂ ਦੀ, ਜਿਹੜੀਆਂ ਬਚਾ ਸਮਝ ਸਕਦਾ ਹੈ, ਅਣਹੋਂਦ ਹੁੰਦੀ ਹੈ। ਸਕੂਲੀ ਵਰ੍ਹਾ ਸ਼ੁਰੂ ਕਰਨ ਤੋਂ ਤਿੰਨ ਮਹੀਨੇ ਪਿਛੋਂ ਅਸਾਂ ਉਹ ਰੋਚਕ ਕਹਾਣੀਆਂ ਅਤੇ ਪਰੀ-ਕਹਾਣੀਆਂ ਪੜ੍ਹਣੀਆਂ ਸ਼ੁਰੂ ਕਰ ਦਿਤੀਆਂ ਜਿਹੜੀਆਂ ਕਿਸੇ ਪਾਠ ਪੁਸਤਕ ਵਿਚ ਨਹੀਂ ਸਨ।

ਮੈਂ "ਯੂਕਰੇਨੀ ਅਤੇ ਰੂਸੀ ਪਰੀ-ਕਹਾਣੀਆਂ" ਨਾਂ ਦੀ ਪੁਸਤਕ ਬਚਿਆਂ ਵਿਚ ਵੰਡੀ। ਮੈਂ ਉਹਨਾਂ ਨੂੰ ਯੂਕਰੇਨੀ ਪਰੀ-ਕਹਾਣੀ, "ਤੂੜੀ ਦਾ ਨਿਕਾ ਬਲਦ" ਪੜ੍ਹਣ ਲਈ ਤਿਆਰ ਕੀਤਾ, ਮੈਂ ਆਪਣੀ ਗਲ ਦੇ ਨਾਲ ਨਾਲ ਚਿਤਰ ਵਿਖਾਉਂਦੇ ਹੋਏ ਦਸਿਆ ਕਿ ਕਹਾਣੀ ਕਾਹਦੇ ਸੰਬੰਧੀ ਸੀ। ਬਚਿਆਂ ਨੇ ਪੁਸਤਕ ਖੋਹਲੀ। ਪਹਿਲੇ ਵਿਦਿਆਰਥੀ ਨੇ ਕਹਾਣੀ ਪੜ੍ਹੀ, ਫਿਰ ਦੂਜੇ ਅਤੇ ਫਿਰ ਤੀਜੇ ਨੇ। ਅਸਾਂ ਕਹਾਣੀ ਘੜੀ ਮੁੜੀ ਪੜ੍ਹੀ ਪਰ ਉਹ ਇਸ ਤੋਂ ਅਕੇ ਨਾ ਕਿਉਂਕਿ ਉਹਨਾਂ ਵਿਚੋਂ ਹਰ ਇਕ ਲਈ ਪੜ੍ਹਣਾ ਦੁਹਰਾਉਣ ਵਾਲੀ ਮਸ਼ਕ ਨਹੀਂ ਸੀ ਸਗੋਂ ਉਘੜੇ ਬਿੰਬਾਂ ਵਾਲਾ ਡੂੰਘਾ ਨਿਜੀ ਅਨੁਭਵ ਸੀ; ਹਰ ਬਚੇ ਨੇ ਸ਼ਬਦਾਂ ਵਿਚ ਆਪਣੀਆਂ ਵਿਅਕਤੀਗਤ ਸੂਝਾਂ ਸ਼ਾਮਲ ਕੀਤੀਆਂ। ਬਚਿਆਂ ਨੇ ਇਉਂ ਧਿਆਨ ਨਾਲ ਪੜ੍ਹਣ ਨੂੰ ਸੁਣਿਆ ਜਿਵੇਂ ਉਹ

ਸਾਰੇ, ਇਕ ਤੋਂ ਪਿਛੋਂ ਦੂਜਾ, ਇਕੋ ਇਕ ਗੀਤ ਗਾ ਰਹੇ ਸਨ, ਜਿਸਦੇ ਸ਼ਬਦ ਅਤੇ ਲੈ ਬੜੇ ਉਤੇਜਕ ਸਨ। ਹਰ ਇਕ ਆਪਣੇ ਢੰਗ ਨਾਲ ਗਾਉਂਦਾ ਅਤੇ ਅਨੁਭਵ, ਸੂਝ ਅਤੇ ਪ੍ਰਭਾਵਾਂ ਦੀਆਂ ਸੂਖਮਤਾਵਾਂ ਦੇਂਦੇ ਹੋਏ ਸ਼ਬਦ ਹਰ ਇਕ ਲਈ ਵਿਸ਼ੇਸ਼ ਰੰਗਣ ਅਪਣਾ ਲੈਂਦੇ। ਅਜਿਹੇ ਪੜ੍ਹਣ ਦੀ ਧਵਨੀ ਸੰਗੀਤ ਜਿਹੀ ਹੁੰਦੀ ਹੈ; ਸ਼ਬਦ ਲੈ ਜਿਹੇ ਹੁੰਦੇ ਹਨ।

ਭਾਵੁਕ, ਵਿਅਕਤੀਗਤ ਪੜ੍ਹਣ ਲਈ ਤਿਆਰੀ ਦੇ ਸਮੇਂ ਇਹ ਵਿਸ਼ੇਸ਼ ਤੌਰ ਉਤੇ ਲਾਜ਼ਮੀ ਹੈ ਕਿ ਬਚਾ ਅਨੇਕ ਵਾਰ ਚਿੰਤਨ ਦੇ ਸੋਮੇ ਵਲ ਹਥ ਵਧਾਏ ਅਤੇ ਭਾਸ਼ਾ ਦਾ ਸੁਹਪਣ ਅਨੁਭਵ ਕਰੇ। ਇਕ ਬਚਾ ਇਕ ਵਾਕ ਪੜ੍ਹਦਾ ਹੈ: "ਨਿਕਾ ਬਲਦ ਹਨੇਰੇ ਜੰਗਲ ਵਿਚ ਗਿਆ ਅਤੇ ਉਥੇ ਇਕ ਭੂਰੇ ਬਘਿਆੜ ਨੂੰ ਮਿਲਿਆ।" "ਹਨੇਰਾ ਜੰਗਲ" ਸ਼ਬਦਾਂ ਨਾਲ ਬਚੇ ਦਾ ਮਨ ਅਭੁਲ ਚਿਤਰਾਂ ਨਾਲ ਘਿਰ ਜਾਂਦਾ ਹੈ; ਜੰਗਲ ਵਿਚ ਸ਼ਾਮ ਦਾ ਧੁੰਦਲਕਾ, ਰਾਤ ਦੀਆਂ ਭੇਤ-ਭਰੀਆਂ ਆਵਾਜ਼ਾਂ ਅਤੇ ਝਖੜ ਤੋਂ ਪਹਿਲਾਂ ਪਤਿਆਂ ਦੀ ਪ੍ਰੇਸ਼ਾਨ ਕਰਨ ਵਾਲੀ ਸਰ ਸਰ। ਜਦੋਂ ਬਚਾ "ਹਨੇਰਾ ਜੰਗਲ" ਸੁਣਦਾ ਹੈ ਤਾਂ ਇਹ ਸਭ ਕੁਝ ਉਹਦੇ ਅੰਦਰਲੇ ਜੀਵਨ ਵਿਚ ਦਾਖ਼ਲ ਹੋ ਗਿਆ ਹੈ ਅਤੇ ਪ੍ਰਕਿਰਤੀ ਦੇ ਲਿਸ਼ਕਦੇ ਰੰਗਾਂ, ਆਵਾਜ਼ਾਂ ਅਤੇ ਸੰਗੀਤ ਵਿਚ ਖੇਡਦਾ ਹੈ। ਜੇ ਉਹ ਜਿਊਂਦੇ ਸ਼ਬਦ ਅਤੇ ਚਿੰਤਨ ਦੇ ਸੋਮੇ ਤਕ ਰਾਹ ਨਹੀਂ ਜਾਣਦਾ ਤਾਂ ਅਧਿਆਪਕ ਵਲੋਂ ਦਿਤੀ ਕੋਈ ਵਿਆਖਿਆ—ਕਿਵੇਂ ਪੜ੍ਹਣਾ ਹੈ, ਸ਼ਬਦਾਂ ਦਾ ਉਚਾਰਨ ਕਿਵੇਂ ਕਰਨਾ ਹੈ, ਕਿਹੋ ਜਿਹਾ ਅਲਾਪ ਕਰਨਾ ਹੈ—ਬਚੇ ਨੂੰ ਸੰਭਵ ਤੌਰ ਉਤੇ ਪ੍ਰਗਟਾਊ ਪੜ੍ਹਣਾ ਨਹੀਂ ਸਿਖਾ ਸਕਦੀ।

ਸਕੂਲ ਵਿਚ ਕੰਮ ਦੇ ਪਹਿਲੇ ਦਿਨ ਤੋਂ ਮੇਰੀ ਚਿੰਤਾ ਦਾ ਵਿਸ਼ਾ ਇਹ ਸੀ ਕਿ ਕੋਈ ਮਾੜੀ ਪੁਸਤਕ ਬਚਿਆਂ ਦੇ ਹਥਾਂ ਤਕ ਨਾ ਅਪੜੇ ਤਾਂ ਜੁ ਬਚੇ ਰੋਚਕ ਕਿਰਤਾਂ ਦੇ ਸੰਸਾਰ ਵਿਚ ਰਹਿਣ, ਉਹਨਾਂ ਦੇ ਜਿਹੜੀਆਂ ਕੌਮੀ ਅਤੇ ਆਮ ਮਨੁਖੀ ਸਭਿਆਚਾਰ ਹਿਸਾ ਬਣ ਗਈਆਂ ਹਨ। ਇਹ ਇਕ ਅਸਾਧਾਰਨ ਮਹਤਤਾ ਵਾਲਾ ਕਾਰਜ ਹੈ: ਬੰਦਾ ਆਪਣੇ ਸਾਰੇ ਜੀਵਨ ਕਾਲ ਵਿਚ ਲਗ ਭਗ ੨,੦੦੦ ਤੋਂ ਵਧ ਪੁਸਤਕਾਂ ਨਹੀਂ ਪੜ੍ਹਦਾ—ਇਸ ਤੋਂ ਇਹ ਸਿਟਾ ਨਿਕਲਦਾ ਹੈ ਕਿ ਬਚਪਨ ਅਤੇ ਮੁਢਲੀ ਜਵਾਨੀ ਵਿਚ ਪੜ੍ਹਣ ਲਈ ਸਮਿਗਰੀ ਧਿਆਨ ਨਾਲ ਚੁਣਨੀ ਚਾਹੀਦੀ ਹੈ। ਇਹ ਗਲ ਚੰਗੇਰੀ ਹੈ ਕਿ ਬੰਦਾ ਥੋੜ੍ਹਾ ਹੀ ਪੜ੍ਹੇ, ਪਰ ਇਹ ਕਿ ਹਰ ਪੁਸਤਕ ਉਹਨੂੰ ਭਾਵੁਕ ਅਤੇ ਬੌਧਕ ਤੌਰ ਉਤੇ ਪ੍ਰਭਾਵਤ ਕਰੇ ਤਾਂ ਜੁ ਬੰਦਾ ਕਈ ਵਾਰ ਇਹਦੇ ਵਲ ਮੁੜੇ ਅਤੇ ਸਦਾ ਉਹਦੇ ਵਿਚੋਂ ਨਵੀਆਂ ਕਦਰਾਂ ਲਭੇ। ਇਥੇ ਇਹ ਗਲ ਬਹੁਤ ਮਹਤਵ-ਪੂਰਨ ਹੈ ਕਿ ਬਚਾ ਸ਼ਬਦ ਦੀ ਭਾਵੁਕ ਰੰਗਣ ਅਤੇ ਉਹ ਯੋਗਤਾ ਸਮਝੇ, ਜਿਹੜੀ ਸੁਣਨ ਦੀ ਸੂਝ, ਅਰਥਾਤ, ਪ੍ਰਗਟਾਊ ਪੜ੍ਹਣ ਤੋਂ ਆਉਂਦੀ ਹੈ।

ਪਹਿਲੀ ਸ਼੍ਰੇਣੀ ਵਿਚ ਹੀ ਸਾਡੀ ਬਚਿਆਂ ਦੀ ਲਾਇਬ੍ਰੇਰੀ ਸੀ, ਜਿਸ ਵਿਚ ਚਾਰ ਭਾਗ ਸਨ: (੧) ਕਹਾਣੀਆਂ, ਜਿਹੜੀਆਂ ਮੇਰੇ ਵਿਚਾਰ ਅਨੁਸਾਰ ਬਚਿਆਂ ਦੀ

ਸਦਾਚਾਰਕ, ਬੰਧਕ ਅਤੇ ਸੁਹਜ-ਸੁਆਦੀ ਵਿਦਿਆ ਲਈ ਅਤਿ-ਅੰਤ ਵਡਮੁਲੀਆਂ ਸਨ (ਅਸੀਂ ਹਰ ਪੁਸਤਕ ਦੀਆਂ ੧੫ ਪਰਤੀਆਂ ਮੁਲ ਲੈਂਦੇ ਤਾਂ ਜੁ ਪੜ੍ਹਣ ਦੇ ਸਬਕਾਂ ਵਿਚ ਵਿਦਿਆਰਥੀਆਂ ਦੀ ਹਰ ਜੋੜੀ ਲਈ ਇਕ ਪਰਤੀ ਹੋਵੇ)। ਇਹ ਭਾਗ ਮੁਢਲੇ ਸਕੂਲ ਵਿਚ ਪੜ੍ਹਣ ਦੇ ਚਾਰ ਵਰ੍ਹਿਆਂ ਲਈ ਸੀ। ਇਸ ਲਈ ਅਜਿਹੀਆਂ ਕਹਾਣੀਆਂ ਚੁਣੀਆਂ ਗਈਆਂ ਜਿਹੜੀਆਂ ਬਚੇ ਸਮਝ ਸਕਦੇ ਸਨ ਅਤੇ ਜਿਨ੍ਹਾਂ ਵਿਚ ਸਪਸ਼ਟ ਕਲਾਤਮਕ ਬਿੰਬ ਸਾਕਾਰ ਹੋਏ ਸਨ। ਇਹ ਟਾਲਸਟਾਈ, ਜ਼ੂਹਕੋਵਸਕੀ, ਹਾਨਜ਼ ਕ੍ਰਿਸਚੀਅਨ ਐਂਡਰਸਨ, ਹਿਊਗੋ, ਗ੍ਰਿਮ ਭਰਾਵਾਂ, ਪੁਸ਼ਕਿਨ, ਕੋਰੋਲੈਨਕੋ, ਨੇਕਰਾਸੋਵ, ਤੁਰਗੇਨੇਵ, ਚੈਖੋਵ, ਸੇਨਕੀਵਿਚਜ਼, ਲੰਡਨ, ਮਾਰਕ ਟਵੇਨ, ਗੋਰਕੀ, ਫ਼ਰੈਨਕੋ, ਕਾਤਾਏਵ ਅਤੇ ਹੋਰਨਾਂ ਦੀਆਂ ਕਹਾਣੀਆਂ ਅਤੇ ਕਥਾਵਾਂ ਸਨ।

ਇਹਨਾਂ ਕਿਰਤਾਂ ਨੂੰ ਪੜ੍ਹਣਾ ਬਚਿਆਂ ਵਲੋਂ ਸੰਸਾਰ ਤੋਂ ਜਾਣੂ ਹੋਣ ਦੇ ਅਮਲ ਦਾ ਹਿਸਾ ਹੀ ਨਹੀਂ ਸਨ, ਨੇਮ-ਬਧ ਆਦਤਾਂ ਅਤੇ ਯੋਗਤਾਵਾਂ ਨੂੰ ਵਧਾਉਣ ਲਈ ਮਸ਼ਕਾਂ ਹੀ ਨਹੀਂ ਸਨ ਸਗੋਂ ਉਹਨਾਂ ਦੀ ਭਾਵੁਕ ਅਤੇ ਸਦਾਚਾਰਕ ਵਿਦਿਆ ਦਾ ਹਿਸਾ ਸਨ। ਹਰ ਪੁਸਤਕ ਨੇ ਬਚਿਆਂ ਉਤੇ ਡੂੰਘਾ ਪ੍ਰਭਾਵ ਪਾਇਆ। ਮਾਮਿਨ-ਸਿਬਿਰਯਾਕ ਦੀ ਅਦਭੁਤ ਕਹਾਣੀ, "ਦਰਿਆ ਸਤੁਦੇਨਾਯਾ ਦੇ ਕੰਢੇ ਸਿਆਲੀ ਕੁਲੀ" ਨੇ ਬਚਿਆਂ ਨੂੰ ਬਹੁਤ ਪ੍ਰਭਾਵਤ ਕੀਤਾ। ਇਹ ਕਹਾਣੀ ਇਕ ਅਜਿਹੇ ਬੁਢੇ ਸੰਬੰਧੀ ਹੈ ਜਿਹੜਾ ਇਕਲਾ ਰਹਿੰਦਾ ਹੈ ਅਤੇ ਜਿਸਨੂੰ ਸਭਨਾਂ ਨੇ ਭੁਲਾ ਦਿਤਾ ਹੈ। ਉਹ ਤਾਇਗਾ ਦੇ ਇਕ ਦੁਰਾਡੇ ਹਿਸੇ ਵਿਚ ਇਕ ਕੁਲੀ ਵਿਚ ਸਮਾਂ ਬਿਤਾ ਰਿਹਾ ਹੈ। ਮੈਂ ਵੇਖਿਆ ਕਿ ਇਹ ਪੁਸਤਕ ਪੜ੍ਹਣ ਪਿਛੋਂ ਕਿਵੇਂ ਆਲੇ ਦੁਆਲੇ ਦੇ ਸੰਸਾਰ ਦੇ ਵਰਤਾਰਿਆਂ ਵਲ ਬਚਿਆਂ ਦੀ ਭਾਵੁਕਤਾ ਵਧ ਗਈ।

ਅਸੀਂ ਸਬਕਾਂ ਸਮੇਂ ਅਤੇ ਸ਼੍ਰੇਣੀ ਤੋਂ ਬਾਹਰ ਦੁਹੀਂ ਥਾਈਂ ਪੁਸਤਕਾਂ ਪੜ੍ਹਦੇ। ਸਾਡੀ ਲਾਇਬ੍ਰੇਰੀ ਦੇ ਇਸ ਭਾਗ ਦੀ ਤੁਲਨਾ ਸਮੂਹਕ ਤੌਰ ਉਤੇ ਸੁਣਨ ਲਈ ਰੀਕਾਰਡ ਕੀਤੀਆਂ ਸੰਗੀਤ ਰਚਨਾਵਾਂ ਨਾਲ ਕੀਤੀ ਜਾ ਸਕਦੀ ਹੈ।

ਸਾਡੀ ਸ਼੍ਰੇਣੀ ਦੀ ਲਾਇਬ੍ਰੇਰੀ ਦਾ ਦੂਜਾ ਭਾਗ ਵਰਤਮਾਨ ਸਮੇਂ ਸੰਬੰਧੀ, ਸੋਵੀਅਤ ਲੋਕਾਂ ਦੀ ਕਿਰਤ ਸੰਬੰਧੀ, ਅਮਨ ਲਈ ਘੋਲ ਸੰਬੰਧੀ, ਮਹਾਨ ਦੇਸ-ਭਗਤਕ ਯੁਧ ਵਿਚ ਸੂਰਮਿਆਂ ਦੇ ਕਾਰਨਾਮਿਆਂ ਸੰਬੰਧੀ ਅਤੇ ਉਹਨਾਂ ਬਚਿਆਂ ਸੰਬੰਧੀ, ਜਿਹੜੇ ਸੂਰਮੇ ਸਨ, ਸਮਕਾਲੀ ਰੂਸੀ ਅਤੇ ਯੂਕਰੇਨੀ ਲੇਖਕਾਂ ਦੀਆਂ ਕਿਰਤਾਂ ਦਾ ਸੀ। ਮੇਰੇ ਵਿਦਿਆਰਥੀਆਂ ਨੇ ਸੋਵੀਅਤ ਲੇਖਕਾਂ ਮਿਖ਼ਾਲਕੋਵ ਅਤੇ ਮਰਸ਼ਾਕ ਦੀਆਂ ਕਵਿਤਾਵਾਂ ਬਹੁਤ ਰੋਚਕਤਾ ਨਾਲ ਪੜ੍ਹੀਆਂ ਅਤੇ ਗੈਦਰ, ਕਾਸਿਲ, ਨੋਸੋਵ, ਪ੍ਰੀਲੇਜ਼ਾਯੇਵਾ, ਤਰੁਬਲੈਨੀ, ਯਾਨੋਵਸਕੀ, ਜ਼ਬਾਨਾਤਸਕੀ, ਲਿਨਕੋਵ, ਇਵਾਨੈਨਕੋ, ਵੋਰੋਨਕੋਵਾ, ਜ਼ਿਤਕੋਵ ਅਤੇ ਅਲੈਕਸਾਂਦਰੋਵਾ ਦੀਆਂ ਕਹਾਣੀਆਂ ਵੀ।

ਤੀਜਾ ਭਾਗ ਸੀ ਪਰੀ-ਕਹਾਣੀਆਂ, ਕਵਿਤਾ ਅਤੇ ਕਥਾਵਾਂ। ਇਹ ਪੁਸਤਕਾਂ ਕੇਵਲ ਸਕੂਲ ਤੋਂ ਬਾਹਰ ਪੜ੍ਹਣ ਲਈ ਸਨ। ਹਰ ਬਚਾ ਉਹ ਕਿਰਤ ਚੁਣਦਾ ਜਿਹੜੀ

ਉਹਨੂੰ ਸਭ ਤੋਂ ਵਧ ਰੋਚਕ ਲਗਦੀ (ਅਤੇ ਰੋਚਕਤਾ ਚੰਗੇ ਚਿਤਰਾਂ ਜਾਂ ਜੋ ਕੁਝ ਅਧਿਆਪਕ ਜਾਂ ਸਾਥੀ ਵਿਦਿਆਰਥੀਆਂ ਨੇ ਪੜ੍ਹ ਕੇ ਸੁਣਾਇਆ ਹੁੰਦਾ, ਉਹਨੂੰ ਦੁਹਰਾਉਣ ਨਾਲ ਪੈਦਾ ਹੁੰਦੀ)।

ਸ੍ਰੇਣੀ ਦੀ ਲਾਇਬ੍ਰੇਰੀ ਦਾ ਚੌਥਾ ਭਾਗ ਯੂਨਾਨੀ ਮਿਥਿਹਾਸ ਸੀ। ਇਹ ਪੁਸਤਕਾਂ ਬੜੇ ਔਖ ਨਾਲ ਲਭੀਆਂ ਅਤੇ ਇਹਨਾਂ ਵਿਚ ਯੂਨਾਨੀ ਮਿਥਿਹਾਸਕ ਕਹਾਣੀਆਂ ਉਸ ਰੂਪ ਵਿਚ ਲਿਖੀਆਂ ਗਈਆਂ ਸਨ ਜਿਸ ਵਿਚ ਬਚੇ ਉਹਨਾਂ ਨੂੰ ਸਮਝ ਸਕਦੇ। ਪ੍ਰਾਚੀਨ ਮਿਥਿਹਾਸ ਬਚਿਆਂ ਦੀ ਬੌਧਕ ਅਤੇ ਭਾਵੁਕ ਪਾਲਣਾ ਵਿਚ ਮਹਤਵ-ਪੂਰਨ ਰੋਲ ਅਦਾ ਕਰਦਾ ਹੈ। ਮਿਥਿਹਾਸ ਬਚਿਆਂ ਲਈ ਮਨੁਖਜਾਤੀ ਦੇ ਸਭਿਆਚਾਰ ਵਿਚ ਇਕ ਅਦਭੁਤ ਪੰਨਾ ਹੀ ਨਹੀਂ ਖੋਹਲਦਾ ਸਗੋਂ ਕਲਪਨਾ ਨੂੰ ਜਗਾਉਂਦਾ ਹੈ, ਮਨ ਨੂੰ ਵਿਕਸਤ ਕਰਦਾ ਹੈ ਅਤੇ ਦੁਰਾਡੇ ਬੀਤੇ ਵਿਚ ਰੋਚਕਤਾ ਜਗਾਉਂਦਾ ਹੈ।

ਪੜ੍ਹਾਈ ਦੇ ਪਹਿਲੇ ਵਰ੍ਹੇ ਦੇ ਮਧ ਤੋਂ ਅਸਾਂ ਸਮੂਹਕ ਪੜ੍ਹਣ ਦੀਆਂ ਬੈਠਕਾਂ ਸ਼ੁਰੂ ਕੀਤੀਆਂ। ਮੈਂ ਇਕ ਪੁਸਤਕ ਦੀਆਂ ਸਾਰੀਆਂ ਪਰਤੀਆਂ ਬਚਿਆਂ ਵਿਚ ਵੰਡ ਦਿਤੀਆਂ ਤਾਂ ਜੁ ਉਹ ਘਰ ਵਿਚ ਉਹਨਾਂ ਨੂੰ ਪੜ੍ਹ ਸਕਣ। ਇਹ ਸਮੂਹਕ ਪੜ੍ਹਣ ਲਈ ਤਿਆਰੀ ਸੀ। ਅਸੀਂ ਉਹ ਕਹਾਣੀ ਪੜ੍ਹਣ ਲਈ **ਪਰੀ-ਕਹਾਣੀਆਂ ਦੇ ਕਮਰੇ** ਵਿਚ ਕਿਉਂ ਜਾਈਏ ਜਿਹੜੀਆਂ ਅਸੀਂ ਪਹਿਲਾਂ ਹੀ ਜਾਣਦੇ ਸਾਂ? ਇਹ ਇਛਾ ਕਿਥੋਂ ਪੈਦਾ ਹੁੰਦੀ ਹੈ ਅਤੇ ਉਹ ਅਜਿਹਾ ਕਿਉਂ ਕਰਦੇ? ਕੀ ਕੁਝ ਨਵਾਂ ਪੜ੍ਹਣਾ ਚੰਗੇਰਾ ਨਹੀਂ ਹੋਵੇਗਾ?

ਹਾਂ, ਨਵੀਆਂ, ਅਣਜਾਣੀਆਂ ਚੀਜ਼ਾਂ ਵੀ ਪੜ੍ਹਨੀਆਂ ਲਾਜ਼ਮੀ ਹਨ ਅਤੇ ਅਸਾਂ ਉਹ ਪੁਸਤਕਾਂ ਪੜ੍ਹੀਆਂ ਜਿਹੜੀਆਂ ਸਾਡੇ ਲਈ ਨਵੀਆਂ ਸਨ। ਪਰ ਪੁਸਤਕਾਂ ਬਚੇ ਦੇ ਅੰਦਰਲੇ ਜੀਵਨ ਦਾ ਹਿਸਾ ਤਾਂ ਹੀ ਬਣਦੀਆਂ ਹਨ ਜਦੋਂ ਉਹ ਆਪਣੇ ਸਾਥੀਆਂ ਨੂੰ ਉਹ ਕੁਝ ਪੜ੍ਹ ਕੇ ਸੁਣਾਉਣਾ ਚਾਹੁੰਦਾ ਹੈ ਜਿਸਨੇ ਉਹਨੂੰ ਉਤੇਜਤ ਕੀਤਾ ਅਤੇ ਆਪਣੇ ਵਿਚਾਰ ਅਤੇ ਭਾਵਨਾਵਾਂ ਸ਼ਬਦਾਂ ਵਿਚ ਖੇਸ਼ ਕਰਨਾ ਚਾਹੁੰਦਾ ਹੈ। ਅਸਾਂ ਲਾਇਬ੍ਰੇਰੀ ਦੇ ਪਹਿਲੇ ਭਾਗ ਦੀ ਹਰ ਪੁਸਤਕ ਘਟੋ ਘਟ ਦਸ ਵਾਰ ਉਚੀ ਉਚੀ ਪੜ੍ਹੀ ਪਰ ਇਹਨਾਂ ਦੁਹਰਾਈਆਂ ਕਾਰਨ ਰੋਚਕਤਾ ਨਾ ਘਟੀ। ਬਚੇ ਉਸ ਪੁਸਤਕ ਨੂੰ ਨਾ ਭੁਲਦੇ ਜਿਹੜੀ ਦੋ ਜਾਂ ਤਿੰਨ ਹਫਤੇ ਪਹਿਲਾਂ ਪੜ੍ਹੀ ਗਈ ਸੀ ਅਤੇ ਉਹਨੂੰ ਫਿਰ ਪੜ੍ਹਣ ਦਾ ਜਤਨ ਕਰਦੇ, ਅਕਸਰ ਇਸ ਮੰਤਵ ਲਈ ਖ਼ਾਸ ਤੌਰ ਉਤੇ ਸਕੂਲ ਆਉਂਦੇ। ਤਿੰਨ ਜਾਂ ਚਾਰ ਮਹੀਨੇ ਲੰਘ ਜਾਂਦੇ ਅਤੇ ਬਚੇ ਮਨ-ਪਸੰਦ ਪੁਸਤਕ ਫਿਰ ਪੜ੍ਹਣਾ ਚਾਹੁੰਦੇ, ਸੋ ਇਹ ਸਮੂਹਕ ਪਾਠ ਲਈ ਸਾਰਣੀ ਵਿਚ ਫਿਰ ਆ ਜਾਂਦੀ।

ਕਿਸੇ ਕਿਰਤ ਦਾ ਸੁਹਪਣ ਅਤੇ ਬਲ ਦਿਲ ਅਤੇ ਮਨ ਨੂੰ ਤਾਂ ਹੀ ਪ੍ਰਭਾਵਤ ਕਰਦੇ ਹਨ ਜੇ ਬਚੇ ਨੇ ਪੜ੍ਹਣਾ ਸਿਖਣ ਤੋਂ ਵੀ ਪਹਿਲਾਂ ਸ਼ਬਦਾਂ ਦੀਆਂ ਸੂਖਮ ਭਾਹਾਂ ਨੂੰ ਪਛਾਣਨਾ ਸਿਖ ਲਿਆ ਹੋਵੇ। ਜਿਨ੍ਹਾਂ ਨੇ ਚਿੰਤਨ ਦੇ ਸੋਮਿਆਂ ਤਕ "ਸਫ਼ਰਾਂ" ਸਮੇ ਸ਼ਬਦਾਂ ਦੀ ਕੀਲਣ ਵਾਲੀ ਸੁੰਦਰਤਾ ਅਨੁਭਵ ਨਹੀਂ ਕੀਤੀ ਉਹ ਉਹਨੂੰ ਦੂਜੀ,

ਤੀਜੀ ਜਾਂ ਦਸਵੀਂ ਵਾਰ ਕਦੀ ਸੁਣਨਾ ਨਹੀਂ ਚਾਹੁਣਗੇ ਜਿਸਨੂੰ ਉਹ ਪਹਿਲਾਂ ਹੀ ਜਾਣਦੇ ਹਨ।

ਅਸਾਂ ਕਈ ਸਬਕ ਆਪਣੀਆਂ ਮਨ-ਪਸੰਦ ਕਹਾਣੀਆਂ ਨੂੰ ਅਰਪਤ ਕੀਤੇ। ਬਚਿਆਂ ਨੇ ਸੁਯੋਗਤਾ ਨਾਲ ਪੜ੍ਹਣ ਦੀ ਤਿਆਰੀ ਕੀਤੀ। ਹਰ ਇਕ ਉਹ ਕੁਝ ਪੜ੍ਹਦਾ ਜੋ ਉਹਨੂੰ ਸਭ ਤੋਂ ਵਧ ਪਸੰਦ ਸੀ, ਜੋ ਉਹਨੂੰ ਸਭ ਤੋਂ ਵਧ ਉਤੇਜਕ ਲਗਦਾ।

ਕਵਿਤਾ ਦੇ ਪੜ੍ਹਣ ਦਾ ਸਾਡੇ ਲਈ ਵਿਸ਼ੇਸ਼ ਸਥਾਨ ਸੀ। ਮੈਂ ਕਵਿਤਾ ਦੀਆਂ ਸਰਵਉਤਮ ਵੰਨਗੀਆ ਪੜ੍ਹੀਆਂ, ਜਿਹੜੀਆਂ ਮਨੁਖੀ ਸਭਿਆਚਾਰ ਦੀਆਂ ਸੰਸਾਰ ਭਰ ਦੀਆਂ ਨਿਧੀਆਂ ਸਨ। ਪੁਸ਼ਕਿਨ, ਲੇਰਮਨਤੋਵ, ਜ਼ੂਕੋਵਸਕੀ, ਨੇਕਰਾਸੋਵ, ਫੇਤ, ਸ਼ੇਵਚੈਨਕੋ, ਲੇਸੀਆ ਯੂਕਰਾਇਨਕਾ, ਸ਼ਿਲਰ, ਮਿਸਕੀਵਿਸਜ਼, ਹਾਇਨੇ, ਬੇਰਾਂਜ਼ੇ ਅਤੇ ਹੋਰ ਕਵੀਆਂ ਦੀਆਂ ਕਵਿਤਾਵਾਂ। ਬਚਿਆਂ ਵਿਚ ਆਪਣੀਆਂ ਮਨ-ਪਸੰਦ ਕਵਿਤਾਵਾਂ ਜ਼ਬਾਨੀ ਯਾਦ ਕਰਨ ਦੀ ਇਛਾ ਪੈਦਾ ਹੋ ਗਈ। ਚਾਰ ਵਰ੍ਹਿਆਂ ਵਿਚ ਉਹਨਾਂ ਬਹੁਤ ਸਾਰੀਆਂ ਕਵਿਤਾਵਾਂ ਯਾਦ ਕਰ ਲਈਆਂ ਪਰ ਉਹਨਾਂ ਕਾਵਮਈ ਭਾਸ਼ਾ ਦੀਆਂ ਅਦਭੁਤ ਧਵਨੀਆਂ ਨਾਲ ਪਿਆਰ ਪੈ ਜਾਣ ਤੋਂ ਪਹਿਲਾਂ ਅਜਿਹਾ ਕਦੀ ਨਾ ਕੀਤਾ।

ਚੰਗੀ ਕਵਿਤਾ ਸ਼ਬਦਾਂ ਦੇ ਸੁਹਪਣ ਅਤੇ ਬਿੰਬਾਂ ਨੂੰ ਲੈ ਨਾਲ ਲਿਆਉਂਦੀ ਹੈ। ਮੈਂ ਇਸ ਗਲ ਦਾ ਖ਼ਿਆਲ ਰਖਿਆ ਕਿ ਬਚੇ ਛੋਟੀ ਉਮਰ ਤੋਂ ਹੀ ਇਸ ਸੁਹਜ-ਸੁਆਦੀ ਸੁਰਮੇਲ ਨੂੰ ਵੇਖਣ: ਮੈਂ ਯੂਕਰੇਨੀ ਅਤੇ ਰੂਸੀ ਕਵੀਆਂ ਦੀਆਂ ਕਵਿਤਾਵਾਂ ਸੁਣਾਈਆਂ। ਅਸਾਂ ਪੁਸ਼ਕਿਨ ਦਾ "ਅਗੰਮੀ ਓਲੇਗ ਸੰਬੰਧੀ ਗੀਤ" ਅਤੇ ਸ਼ੇਵਚੈਨਕੋ ਦੀ "ਨੌਕਰਾਣੀ" ਕਈ ਵਾਰ ਸੁਣੀ। ਲਗ ਭਗ ਸਾਰੇ ਬਚਿਆਂ ਨੇ ਜਤਨ ਕੀਤੇ ਬਿਨਾਂ ਇਹ ਯਾਦ ਕਰ ਲਈਆਂ। ਇਸੇ ਤਰ੍ਹਾਂ ਬਚਿਆਂ ਨੇ ਕਈ ਸਰੋਦੀ ਕਵਿਤਾਵਾਂ ਚੇਤੇ ਕਰ ਲਈਆਂ ਜਿਹੜੀਆਂ ਪ੍ਰਕਿਰਤੀ ਦੇ ਹੁਸਨ ਨੂੰ ਬਿਆਨ ਕਰਦੀਆਂ ਹਨ। ਜੋ ਕੁਝ ਪੜ੍ਹਿਆ ਜਾ ਰਿਹਾ ਹੈ ਉਹ ਉਹਦੇ ਇਕ ਹਿਸੇ ਨੂੰ ਅਗਲੇ ਦਿਨ ਜਾਰੀ ਰਖਣ ਲਈ ਛਡ ਦੇਣਾ ਪਸੰਦ ਕਰਦੇ। "ਸੁਪਨਿਆਂ ਦੀ ਨੁਕਰ" ਵਿਰ ਅਸਾਂ "ਟਾਮ ਸਾਇਰ ਦੇ ਕਾਰਨਾਮੇ" ਕਈ ਹਫ਼ਤਿਆਂ ਦੇ ਦੌਰਾਨ ਪੜ੍ਹੇ। ਬਚਿਆਂ ਦੇ ਆਲੇ ਦੁਆਲੇ ਦੇ ਵਾਯੂ-ਮੰਡਲ ਨੇ ਉਸ ਪ੍ਰਭਾਵ ਨੂੰ ਮਜ਼ਬੂਤ ਕੀਤਾ ਜਿਹੜਾ ਪੁਸਤਕ ਨੇ ਬਚਿਆਂ ਉਤੇ ਪਾਇਆ। ਇਸ ਢੰਗ ਨਾਲ ਅਸਾਂ ਗੋਰਕੀ ਦੀ "ਬਚਪਨ", ਕਾਤਾਏਵ ਦੀ "ਕਲ-ਮੁਕਲਾ ਪਾਲ ਚਮਕਦਾ ਹੈ" ਅਤੇ ਬਾਜ਼ੋਵ ਦੀ "ਮੈਲਾਕਾਈਟ ਦਾ ਡਬਾ" ਪੜ੍ਹੀ।

ਸਮਾਂ ਪਾਕੇ ਅਸਾਂ ਨਾਟਕੀ ਪਾਠ ਦੀਆਂ ਸ਼ਾਮ ਅਤੇ ਸਵੇਰ ਦੀਆਂ ਸਭਾਵਾਂ ਲਾਉਣ ਲਗ ਪਏ। ਜਿਹੜਾ ਕੋਈ ਹਿਸਾ ਲੈਣਾ ਚਾਹੁੰਦਾ, ਪੜ੍ਹਣ ਦੀ ਤਿਆਰੀ ਕਰਦਾ ਜਾਂ ਆਪਣੀ ਮਨ-ਪਸੰਦ ਕਹਾਣੀ ਜਾਂ ਕਵਿਤਾ ਸੁਣਾਉਂਦਾ। ਹੋਰਨਾਂ ਸ਼੍ਰੇਣੀਆਂ ਦੇ ਬਹੁਤ ਸਾਰੇ ਬਚੇ ਇਹਨਾਂ ਸਭਾਵਾਂ ਵਿਚ ਆਉਂਦੇ ਅਤੇ ਹੌਲੀ ਹੌਲੀ ਅਜਿਹੇ ਪਾਠ ਸਾਰੇ ਸਕੂਲ ਵਿਚ ਹੋਣ ਲਗ ਪਏ।

ਦੋ ਵਾਰ — ਪਹਿਲੀ ਛਿਮਾਹੀ ਮੁਕਣ ਉਤੇ ਅਤੇ ਸਕੂਲੀ ਵਰ੍ਹੇ ਦੇ ਅੰਤ ਉਤੇ — ਅਸਾਂ ਮਾਤ-ਭਾਸ਼ਾ ਦਾ ਮੇਲਾ ਮਨਾਇਆ। ਕਈ ਰੀਤਾਂ ਇਸ ਮੇਲੇ ਵਿਚ ਪ੍ਰੰਪਰਾਵਾਂ ਬਣ ਗਈਆਂ। ਬਚੇ ਪਿੰਡ ਦੇ ਵਡੇ ਲੋਕਾਂ ਨੂੰ ਇਹ ਨਿਰਣਾ ਕਰਨ ਲਈ ਬੁਲਾਉਂਦੇ ਕਿ ਕੌਣ ਆਪਣੀ ਕਹਾਣੀ ਜਾਂ ਕਵਿਤਾ ਸਭ ਤੋਂ ਚੰਗੀ ਤਰ੍ਹਾਂ ਸੁਣਾਉਂਦਾ ਹੈ। ਇਹ ਇਕ ਅਭਰਿਠ ਮੁਕਾਬਲਾ ਸੀ, ਜਿਸ ਦੇ ਜੇਤੂਆਂ ਨੂੰ ਪੁਸਤਕਾਂ ਇਨਾਮ ਦਿਤੀਆਂ ਜਾਂਦੀਆਂ। ਉਹ ਵਡੇ ਪੰਚਾਇਤੀ ਕਿਸਾਨ ਜਿਹੜੇ ਆਪਣੀ ਮਾਤ-ਭਾਸ਼ਾ ਦੇ ਪ੍ਰਸੰਸਕ ਜਾਂ ਰਸੀਏ ਸਨ ਇਨਾਮ ਵੰਡਦੇ। ਉਹ ਵੀ ਕਹਾਣੀਆਂ ਅਤੇ ਕਵਿਤਾਵਾਂ ਸੁਣਾਉਂਦੇ , ਕਈ ਵਾਰ ਅਜਿਹਾ ਹੁੰਦਾ ਕਿ ਕੋਈ ਵਿਦਿਆਰਥੀ ਅਤੇ ਇਕ ਵਡੇਰੀ ਉਮਰ ਦਾ ਬੰਦਾ ਇਕੋ ਚੀਜ਼ ਸੁਣਾਉਂਦੇ। ਪੜ੍ਹਾਈ ਦੇ ਚੌਥੇ ਵਰ੍ਹੇ ਬਸੰਤ ਦਾ ਮੇਲਾ ਦੋ ਦਿਨ ਜਾਰੀ ਰਿਹਾ ਕਿਉਂਕਿ ਕਹਾਣੀਆਂ, ਕਵਿਤਾਵਾਂ ਅਤੇ ਕਥਾਵਾਂ ਸੁਣਾਉਣ ਦੇ ਚਾਹਵਾਨਾਂ ਦੀ ਗਿਣਤੀ ਬਹੁਤ ਵਡੀ ਸੀ।

ਉਹਨਾਂ ਦੇ ਵਡੇਰਿਆਂ — ਮਾਵਾਂ, ਪਿਤਾਵਾਂ, ਦਾਦਿਆਂ, ਦਾਦੀਆਂ, ਨਾਨਿਆਂ, ਨਾਨੀਆਂ — ਨਾਲ ਮੇਲ-ਜੋਲ ਨੇ ਇਕ ਤੋਂ ਵਧ ਰੋਚਕ ਪ੍ਰੰਪਰਾ ਨੂੰ ਸੁਰਜੀਤ ਕੀਤਾ। ਸਾਡੇ ਸਭ ਤੋਂ ਚੰਗਾ ਪੜ੍ਹਣ ਵਾਲਿਆਂ ਨੇ ਘਰਾਂ ਵਿਚ ਆਪਣੇ ਮਾਤਾ ਪਿਤਾ ਨੂੰ ਪੜ੍ਹ ਕੇ ਸੁਣਾਉਣਾ ਸ਼ੁਰੂ ਕਰ ਦਿਤਾ ਅਤੇ ਬਾਲਗ਼ ਲੋਕ ਬਚਿਆਂ ਦੇ ਪੜ੍ਹਣ ਦਾ ਢੰਗ ਸੁਣਨ ਲਈ ਸਕੂਲ ਆਉਣ ਲਗ ਪਏ। ਪੜ੍ਹਣ ਵਾਲਿਆ ਦੇ ਕਈ ਕਲਬ ਸਥਾਪਤ ਹੋ ਗਏ ਅਤੇ ਬਾਲਗ਼, ਬਹੁਤ ਸਤਿਕਾਰੇ ਲੋਕ ਉਹਨਾਂ ਵਿਚ ਸ਼ਾਮਲ ਹੋ ਗਏ। ਇਹਨਾਂ ਕਲਬਾਂ ਨੂੰ ਜਥੇਬੰਦ ਕਰਨ ਦੀ ਸਰਗਰਮੀ ਨੇ ਪੁਸਤਕਾਂ ਅਤੇ ਪੜ੍ਹਣ ਵਿਚ ਬਚਿਆਂ ਦੀ ਰੋਚਕਤਾ ਨੂੰ ਵਧਾਇਆ।

ਪੁਸਤਕ ਦਾ ਮੇਲਾ ਪ੍ਰੰਪਰਾਗਤ ਬਣ ਗਿਆ ਜਿਸ ਵਿਚ ਸਾਰਾ ਸਕੂਲ ਹਿਸਾ ਲੈਂਦਾ। ੩੧ ਅਗਸਤ * ਨੂੰ, ਸਕੂਲ ਦੀ ਪੜ੍ਹਾਈ ਸ਼ੁਰੂ ਹੋਣ ਤੋਂ ਪਹਿਲੇ ਦਿਨ, ਬਚੇ ਅਤੇ ਉਹਨਾਂ ਦੇ ਮਾਤਾ ਪਿਤਾ ਸਕੂਲ ਆਉਂਦੇ। ਉਸ ਦਿਨ ਸਾਰੇ ਪੁਸਤਕਾਂ ਦੀਆਂ ਸੁਗ਼ਾਤਾਂ ਦੇਦੇ — ਬਚੇ ਇਕ ਦੂਜੇ ਨੂੰ ਅਤੇ ਮਾਤਾ ਪਿਤਾ ਬਚਿਆਂ ਨੂੰ। ਇਹ ਇਕ ਨਿਯਮ ਬਣ ਗਿਆ ਕਿ ਪੰਚਾਇਤੀ ਫ਼ਾਰਮ ਦੇ ਪ੍ਰਬੰਧਕ ਉਸ ਦਿਨ ਪੜ੍ਹਣ ਵਾਲਿਆਂ ਦੇ ਕਲਬਾਂ ਵਿਚ ਸਭ ਤੋਂ ਚੰਗੇ ਪਾਠਕਾਂ ਨੂੰ ਪੁਸਤਕਾਂ ਦੇਣ।

ਮੈਂ ਜਤਨ ਕੀਤਾ ਕਿ ਹਰ ਬਚਾ ਆਪਣੀ ਨਿਜੀ ਲਾਇਬ੍ਰੇਰੀ ਸਥਾਪਤ ਕਰੇ ਤਾਂ ਜੁ ਪੜ੍ਹਨਾ ਇਕ ਮਹਤਵ-ਪੂਰਨ ਅੰਦਰਲੀ ਸ਼ਰਤ ਬਣ ਜਾਣੇ। ਮੈਂ ਇਹ ਨਿਸ਼ਚਿਤ ਬਣਾਇਆ ਕਿ ਪੜ੍ਹਾਈ ਦੇ ਪਹਿਲੇ ਦੋ ਵਰ੍ਹਿਆਂ ਵਿਚ ਹਰ ਪਰਵਾਰ ਕੋਲ ਲਾਇਬ੍ਰੇਰੀ ਹੋਵੇ। ਕਿਸੇ ਪਰਵਾਰ ਕੋਲ ਪੰਜ ਸੌ ਪੁਸਤਕਾਂ ਸਨ, ਕਿਸੇ ਕੋਲ ਘਟ ਪਰ ਹਰ

---

* ਸੋਵੀਅਤ ਯੂਨੀਆਨ ਵਿਚ ਸਕੂਲਾਂ ਵਿਚ ਪੜ੍ਹਾਈ ਪਹਿਲੀ ਸਤੰਬਰ ਨੂੰ ਸ਼ੁਰੂ ਹੁੰਦੀ ਹੈ। — **ਅਨੁ:**

ਪਰਵਾਰ ਆਪਣੇ ਸੰਗ੍ਰਹਿ ਵਿਚ ਹਰ ਮਹੀਨੇ ਵਾਧਾ ਕਰਦਾ। ਜੇ ਕਿਸੇ ਪਰਵਾਰ ਦੀ ਲਾਇਬ੍ਰੇਰੀ ਵਿਚ ਕਿਸੇ ਮਹੀਨੇ ਨਵੀਆਂ ਪੁਸਤਕਾਂ ਨਾ ਆਉਂਦੀਆਂ ਤਾਂ ਮੈਂ ਇਹਨੂੰ ਤੋਖਲੇ ਵਾਲੀ ਗਲ ਸਮਝਦਾ।

ਸਵੈ-ਵਿਦਿਆ ਅਤੇ ਵਿਅਕਤੀਗਤ ਬੰਧਕ ਜੀਵਨ ਪੁਸਤਕਾਂ ਨਾਲ ਆਰੰਭ ਹੁੰਦੇ ਹਨ। ਵਿਦਿਅਕ ਅਮਲ ਦੇ ਦੌਰਾਨ ਇਕ ਛਿਣ ਆਉਂਦਾ ਹੈ ਜਦੋਂ ਅਧਿਆਪਕ, ਜਿਸਨੇ ਮਜ਼ਬੂਤੀ ਨਾਲ ਬਚੇ ਦਾ ਹਥ ਫੜਿਆ ਹੁੰਦਾ ਹੈ, ਇਹਨੂੰ ਛਡ ਸਕਦਾ ਹੈ ਅਤੇ ਕਹਿ ਸਕਦਾ ਹੈ, "ਆਪਣੇ ਆਪ ਜਾ ਅਤੇ ਜਿਊਣਾ ਸਿਖ"। ਅਜਿਹਾ ਕਦਮ ਚੁਕਣ ਲਈ ਮਹਾਨ ਵਿਦਿਅਕ ਸਿਆਣਪ ਦੀ ਲੋੜ ਹੈ। ਬੰਦੇ ਨੂੰ ਬੰਧਕ ਅਤੇ ਸਦਾਚਾਰਕ ਪਖ ਤੋਂ ਸੁਤੰਤਰ ਜੀਵਨ ਲਈ ਤਿਆਰ ਕਰਨ ਲਈ ਇਹ ਲਾਜ਼ਮੀ ਹੈ ਕਿ ਬੰਦਾ ਉਹਨੂੰ ਪੁਸਤਕਾਂ ਦੇ ਸੰਸਾਰ ਵਿਚ ਲਿਜਾਵੇ। ਇਹ ਲਾਜ਼ਮੀ ਹੈ ਕਿ ਪੁਸਤਕਾਂ ਹਰ ਵਿਦਿਆਰਥੀ ਦੀਆਂ ਮਿਤਰ, ਨਿਗਾਹਬਾਨ ਅਤੇ ਸਿਆਣਾ ਅਧਿਆਪਕ ਬਣ ਜਾਣ। ਮੈਂ ਹਰ ਮੁੰਡੇ ਜਾਂ ਕੁੜੀ ਵਲੋਂ ਪ੍ਰਾਇਮਰੀ ਸਕੂਲ ਮੁਕਾਉਣ ਤੋਂ ਪਹਿਲਾਂ ਪੜ੍ਹਨ, ਸੋਚਣ ਅਤੇ ਵਿਚਾਰ ਕਰਨ ਲਈ ਇਕਲ ਪ੍ਰਾਪਤ ਕਰਨ ਦੇ ਜਤਨ ਕਰਨ ਵਲ ਲਾਉਣ ਨੂੰ ਮਹਤਵ-ਪੂਰਨ ਵਿਦਿਅਕ ਕੰਮ ਸਮਝਿਆ। ਇਕਲ ਇਕਲਾਪਾ ਨਹੀਂ। ਇਹ ਵਿਚਾਰਾਂ, ਭਾਵਨਾਵਾਂ, ਨਿਸ਼ਚੇ ਅਤੇ ਦ੍ਰਿਸ਼ਟੀਕੋਣ ਦੀ ਸਵੈ-ਵਿਦਿਆ ਦਾ ਮੁਢ ਹੈ। ਇਹ ਤਾਂ ਹੀ ਸੰਭਵ ਹੈ ਜੇ ਪੁਸਤਕਾਂ ਨਿਕੇ ਬੰਦੇ ਦੇ ਜੀਵਨ ਵਿਚ ਆਤਮਕ ਲੋੜ ਵਜੋ ਘਰ ਕਰ ਗਈਆਂ ਹੋਣ। ਵਿਅਕਤੀਗਤ ਗਲ ਬਾਤ ਵਿਚ ਮੈਂ ਇਹ ਪਤਾ ਕਢਿਆ ਕਿ ਨਿਕੇ ਮੁੰਡੇ ਜਾਂ ਕੁੜੀ ਨੂੰ ਕਿਹੋ ਜਿਹੀਆਂ ਪੁਸਤਕਾਂ ਵਿਚ ਰੋਚਕਤਾ ਹੈ ਅਤੇ ਉਹ ਪੁਸਤਕਾਂ ਤੋਂ ਕਿਹੋ ਜਿਹੇ ਪ੍ਰਸ਼ਨਾਂ ਦੇ ਉਤਰ ਦੀ ਆਸ ਰਖਦੇ ਹਨ। ਸਿਆਣੀ ਸਲਾਹ ਦੇਣ ਲਈ ਅਤੇ ਬਚਿਆਂ ਨੂੰ ਉਹ ਪੁਸਤਕਾਂ ਲਭਣ ਵਿਚ ਸਹਾਇਤਾ ਦੇਣ ਲਈ ਜਿਸਦੀ ਉਹਨਾਂ ਨੂੰ ਲੋੜ ਸੀ, ਮੈਨੂੰ ਇਹ ਜਾਣਨ ਦੀ ਲੋੜ ਸੀ।

ਜੇ ਇਸ ਵਿਚ ਚਾਰ ਗਲਾਂ ਦਾ ਰਾਜ ਹੋਵੇ ਤਾਂ ਹੀ ਸਕੂਲ ਸਭਿਆਚਾਰ ਦਾ ਸਚਾ ਸੋਮਾ ਬਣ ਸਕਦਾ ਹੈ: ਮਾਤ-ਭੂਮੀ ਲਈ ਪਿਆਰ, ਹੋਰ ਲੋਕਾਂ ਲਈ ਸਤਿਕਾਰ, ਪੁਸਤਕਾਂ ਲਈ ਪਿਆਰ ਅਤੇ ਆਪਣੀ ਮਾਤ-ਭਾਸ਼ਾ ਨਾਲ ਪਿਆਰ।

ਆਪਣੇ ਵਿਦਿਆਰਥੀਆਂ ਨਾਲ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਵੀ ਮੈਂ ਗਭਰੇਟਾਂ ਨਾਲ ਕੰਮ ਕਰਨ ਦੀਆਂ ਔਖਿਆਈਆਂ ਸੰਬੰਧੀ ਬਹੁਤ ਕੁਝ ਪੜ੍ਹਿਆ ਸੀ। "ਛੋਟੇ ਬਚਿਆਂ ਨਾਲ ਕੰਮ ਕਰਨਾ ਸਭ ਤੋਂ ਸੌਖੀ ਗਲ ਹੈ। ਪਰ ਜਿਉਂ ਹੀ ਬਚਾ ਗਭਰੇਟ ਬਣਦਾ ਹੈ ਉਹ ਪਛਾਣੋ ਬਾਹਰਲੀ ਹਦ ਤਕ ਤਬਦੀਲ ਹੋ ਜਾਂਦਾ ਹੈ। ਦਿਆਲਤਾ, ਭਾਵੁਕਤਾ ਅਤੇ ਨਿਮਰਤਾ ਲੋਪ ਹੋ ਜਾਂਦੀਆਂ ਹਨ। ਗੁਸਤਾਖ਼ੀ ਅਤੇ ਲਾਪਰਵਾਹੀ ਆ ਜਾਂਦੀ ਹੈ।" ਮੈਨੂੰ ਨਿਸ਼ਚਾ ਹੋ ਗਿਆ ਕਿ ਇਹ ਗਲਾਂ ਉਕਾ ਹੀ ਸਚ ਨਹੀਂ। ਚੰਗਿਆਈ ਤਾਂ ਹੀ "ਲੋਪ ਹੁੰਦੀ ਹੈ" ਜੇ ਇਹ ਅਧਿਆਪਕ ਨੇ ਉਹਦੇ ਵਿਚ ਪੈਦਾ

ਨਾ ਕੀਤੀ ਹੋਵੇ — ਜੇ ਅਧਿਆਪਕ ਨੇ ਇਹ ਸੋਚਿਆ ਹੋਵੇ ਕਿ ਬਚਾ ਸੁਭਾਵਕ ਹੀ ਚੰਗਾ ਹੈ। ਜੇ ਬਚੇ ਨੂੰ ਬਚਪਨ ਤੋਂ ਪੁਸਤਕਾਂ ਨੂੰ ਪਿਆਰ ਕਰਨਾ ਨਹੀਂ ਸਿਖਾਇਆ ਗਿਆ, ਜੇ ਪੜ੍ਹਨਾ ਕੋਈ ਅਜਿਹੀ ਗਲ ਨਹੀਂ ਬਣ ਗਿਆ ਜਿਸਦੀ ਬਚੇ ਨੂੰ ਆਪਣੀ ਬਾਕੀ ਦੀ ਸਾਰੀ ਉਮਰ ਲੋੜ ਰਹੇਗੀ ਤਾਂ ਗਭਰੇਟ ਅਵਸਥਾ ਦੇ ਵਰ੍ਹੇ ਸਖਣੇ ਹੋਣਗੇ ਅਤੇ ਬੁਰਾਈ ਪਤਾ ਨਹੀਂ ਕਿਧਰੋਂ ਆ ਜਾਵੇਗੀ।

## ਮਾਤ-ਭਾਸ਼ਾ

ਯੂਕਰੇਨੀ ਯੂਕਰੇਨੀਆਂ ਦੀ ਮਾਤ-ਭਾਸ਼ਾ ਹੈ ਅਤੇ ਇਹਨੂੰ ਬੋਲਣ ਵਾਲੇ ਤਿੰਨ ਕਰੋੜ ੬੦ ਲਖ * ਤੋਂ ਵਧ ਲੋਕ ਹਨ। ਪਰ ਸਾਡੀ ਕੌਮ ਦਾ ਇਤਿਹਾਸ ਇਉਂ ਵਿਕਸਤ ਹੋਇਆ ਹੈ ਕਿ ਭਰਾਤਰੀ ਰੂਸੀ ਲੋਕ ਦੀ ਭਾਸ਼ਾ ਸਾਡੇ ਬਹੁਤ ਨੇੜੇ ਹੈ। ਦੁਹਾਂ ਭਾਸ਼ਾਵਾਂ ਵਿਚਕਾਰ ਨੇੜਵਾਂ ਸੰਬੰਧ ਹੈ ਅਤੇ ਇਹ ਗਲ ਨਾ ਕੇਵਲ ਯੂਕਰੇਨੀ ਅਤੇ ਰੂਸੀ ਵਿਚ ਨਿਪੁੰਨਤਾ ਨੂੰ ਸੌਖਾ ਨਹੀਂ ਸਗੋਂ ਇਹਦੇ ਉਲਟ ਔਖਾ ਬਣਾਉਂਦੀ ਹੈ। ਸੈਂਕੜੇ ਸ਼ਬਦ ਅਜਿਹੇ ਹਨ ਜਿਹੜੇ ਦੁਹਾਂ ਭਾਸ਼ਾਵਾਂ ਵਿਚ ਇਕੋ ਢੰਗ ਨਾਲ ਬੋਲੇ ਜਾਂਦੇ ਹਨ ਪਰ ਜਿਨ੍ਹਾਂ ਦੇ ਅਰਥ ਵਖ ਵਖ ਹਨ। ਕਈ ਹੋਰ ਹਾਲਤਾਂ ਵਿਚ ਇਕੋ ਇਕ ਸ਼ਬਦ ਦੀ ਵਖ ਵਖ ਭਾਵੁਕ ਰੰਗਣ ਹੈ। ਇਕ ਸ਼ਬਦ ਜਿਹੜਾ ਇਕ ਭਾਸ਼ਾ ਵਿਚ ਕਰੁਣਾਮਈ ਅਰਥ ਦੇਂਦਾ ਹੈ, ਉਹ ਦੂਜੀ ਵਿਚ ਵਿਅੰਗਾਤਮਕ ਅਰਥ ਅਖ਼ਤਿਆਰ ਕਰ ਲੈਂਦਾ ਹੈ। ਦੁਹਾਂ ਭਾਸ਼ਾਵਾਂ ਵਿਚ ਭਾਹਾਂ ਦੀ ਖੇਡ, ਸ਼ਬਦਾਂ ਦੀ ਸੂਖਮ ਭਾਵੁਕ ਅਤੇ ਸੁਹਜ-ਸੁਆਦੀ ਰੰਗਣ ਉਹ ਆਤਮਕ ਖ਼ਜ਼ਾਨਾ ਹੈ ਜਿਹੜਾ ਯੂਕਰੇਨੀ ਸਕੂਲਾਂ ਵਿਚ ਅਧਿਆਪਕਾਂ ਨੂੰ ਛੁਟੇਰੀ ਪੀੜ੍ਹੀ ਦੇ ਹਵਾਲੇ ਕਰਨ ਲਈ ਕਿਹਾ ਜਾਂਦਾ ਹੈ।

ਭਾਸ਼ਾ ਕੌਮ ਦੀ ਦੌਲਤ ਦਾ ਹਿਸਾ ਹੈ। ਜਿਹਾ ਕਿ ਅਖਾਣ ਹੈ, "ਮੈਂ ਉਨੇ ਹੀ ਲੋਕ ਹਾਂ ਜਿੰਨੀਆਂ ਭਾਸ਼ਾਵਾਂ ਮੈਂ ਜਾਣਦਾ ਹਾਂ।" ਪਰ ਜਿਸ ਬੰਦੇ ਨੇ ਆਪਣੀ ਮਾਤ-ਭਾਸ਼ਾ ਵਿਚ ਨਿਪੁੰਨਤਾ ਪ੍ਰਾਪਤ ਨਹੀਂ ਕੀਤੀ, ਜਿਹੜਾ ਉਹਦਾ ਸੁਹਪਣ ਅਨੁਭਵ ਨਹੀਂ ਕਰਦਾ, ਉਹਦੇ ਲਈ ਹੋਰ ਕੌਮਾਂ ਦੀਆਂ ਭਾਸ਼ਾਵਾਂ ਦੇ ਖ਼ਜ਼ਾਨੇ ਪਹੁੰਚ ਤੋਂ ਬਾਹਰ ਹਨ। ਜਿੰਨੀ ਡੂੰਘਾਈ ਨਾਲ ਕੋਈ ਬੰਦਾ ਆਪਣੀ ਮਾਤ-ਭਾਸ਼ਾ ਦੀਆਂ ਸੂਖਮਤਾਈਆਂ ਨੂੰ ਜਾਣ ਲੈਂਦਾ ਹੈ, ਜਿੰਨੀ ਆਪਣੀ ਮਾਤ-ਭਾਸ਼ਾ ਦੀਆਂ ਭਾਹਾਂ ਦੀ ਖੇਡ ਲਈ ਉਹਦੀ ਗ੍ਰਾਹੀਣਤਾ ਹੁੰਦੀ ਹੈ, ਉਨਾ ਹੀ ਵਧੇਰੇ ਉਹਦਾ ਮਨ ਹੋਰ ਕੌਮਾਂ ਦੀਆਂ ਭਾਸ਼ਾਵਾਂ ਵਿਚ ਨਿਪੁੰਨਤਾ ਪ੍ਰਾਪਤ ਕਰਨ ਲਈ ਤਿਆਰ ਹੁੰਦਾ ਹੈ ਅਤੇ ਉਨੀ ਹੀ ਵਧੇਰੇ ਸਰਗਰਮੀ ਨਾਲ ਉਹ ਭਾਸ਼ਾ ਦਾ ਸੁਹਪਣ ਅਨੁਭਵ ਕਰੇਗਾ।

---

*ਇਹ ਪੁਸਤਕ ਲਿਖੇ ਜਾਣ ਸਮੇਂ ਦੀ ਗਿਣਤੀ ਹੈ, ਅਜ ਇਹ ਗਿਣਤੀ ਵਧੇਰੇ ਹੈ। — ਅਨੁ:

ਮੈਂ ਇਸ ਗਲ ਦਾ ਜਤਨ ਕੀਤਾ ਕਿ ਇਹ ਜੀਵਨਦਾਤਾ ਸੰਮਾ — ਆਪਣੀ ਮਾਤ-ਭਾਸ਼ਾ ਦੀ ਅਮੀਰੀ — ਸਕੂਲੀ ਜੀਵਨ ਦੇ ਪਹਿਲੇ ਕਦਮਾਂ ਤੋਂ ਹੀ ਬਚਿਆਂ ਲਈ ਵਹਿਣ ਲਗ ਪਵੇ। ਚਿੰਤਨ ਅਤੇ ਭਾਸ਼ਾ ਦੇ ਜਿਉਂਦੇ ਸੋਮਿਆਂ ਵਲ "ਸਫ਼ਰਾਂ" ਦੇ ਦੌਰਾਨ ਮੇਰੇ ਵਿਦਿਆਰਥੀ ਯੂਕਰੇਨੀ ਅਤੇ ਰੂਸੀ ਦੀਆਂ ਭਾਵੁਕ, ਸੁਹਜ-ਸੁਆਦੀ ਅਤੇ ਅਰਥ-ਵਿਚਾਰਕ ਭਾਹਾਂ ਨਾਲੋਂ ਨਾਲ ਸਮਝ ਲੈਣ। ਮੈਂ ਉਹਨਾਂ ਨੂੰ ਭਾਸ਼ਾ ਦਾ ਸੁਹਪਣ ਅਨੁਭਵ ਕਰਨਾ, ਸ਼ਬਦਾਂ ਵਲ ਚੇਤੰਨ ਵਤੀਰਾ ਅਪਣਾਉਣਾ ਅਤੇ ਉਹਨਾਂ ਦੀ ਸ਼ੁਧਤਾ ਲਈ ਫ਼ਿਕਰਮੰਦੀ ਵਿਖਾਉਣਾ ਸਿਖਾਇਆ।

ਕਿਸੇ ਬੰਦੇ ਦਾ ਮੌਖਕ ਵਿਕਾਸ ਉਹਦੇ ਬੌਧਕ ਵਿਕਾਸ ਦਾ ਦਰਪਨ ਹੈ। ਮਾਤ-ਭਾਸ਼ਾ ਦਾ ਸੁਹਪਣ ਅਤੇ ਮਹਾਨਤਾ, ਬਲ ਅਤੇ ਪ੍ਰਗਟਾਊ ਸ਼ਕਤੀ ਬਚੇ ਉਤੇ ਪ੍ਰਭਾਵ ਪਾਉਣ ਦਾ, ਉਹਦੇ ਭਾਵ ਅਤੇ ਵਿਚਾਰ ਵਿਕਸਤ ਕਰਨ ਦਾ ਮਹਤਵ-ਪੂਰਨ ਸਾਧਨ ਹੈ। ਮੁਢਲੇ ਸਕੂਲ ਵਿਚ, ਜਿਥੇ ਆਲੇ ਦੁਆਲੇ ਦੇ ਹਰ ਵਰਤਾਰੇ ਦਾ ਸਾਹਮਣਾ ਹੋਣਾ ਬਚੇ ਨੂੰ ਡਗਮਗਾ ਦੇਂਦਾ ਹੈ, ਇਸ ਸਾਧਨ ਦੀ ਮਹਤਤਾ ਵਧਾ ਕੇ ਨਹੀਂ ਵੇਖੀ ਜਾ ਸਕਦੀ।

ਅਸੀਂ ਪ੍ਰਕਿਰਤੀ ਵਲ ਗਏ — ਜੰਗਲ, ਬਾਗ, ਖੇਤ ਅਤੇ ਜੂਹ ਅਤੇ ਦਰਿਆ ਦੇ ਕੰਢੇ ਵਲ — ਅਤੇ ਸ਼ਬਦ ਆਲੇ ਦੁਆਲੇ ਦੇ ਸੰਸਾਰ ਦੀ ਅਮੀਰੀ ਵਲ ਬਚਿਆਂ ਦੀਆਂ ਅਖਾਂ ਖੋਹਲਣ ਵਿਚ ਮੈਨੂੰ ਸਹਾਇਤਾ ਦੇਣ ਵਾਲੇ ਸੰਦ ਬਣ ਗਏ। ਉਹਨਾਂ ਜੋ ਕੁਝ ਵੇਖਿਆ ਅਤੇ ਸੁਣਿਆ ਉਹਦਾ ਸੁਹਪਣ ਅਨੁਭਵ ਕਰਦੇ ਹੋਏ ਬਚਿਆਂ ਨੇ ਸ਼ਬਦਾਂ ਦੀਆਂ ਸੂਖਮ ਭਾਹਾਂ ਅਨੁਭਵ ਕੀਤੀਆਂ ਅਤੇ ਸ਼ਬਦਾਂ ਰਾਹੀਂ ਸੁਹਪਣ ਉਹਨਾਂ ਦੀਆਂ ਆਤਮਾਵਾਂ ਵਿਚ ਦਾਖ਼ਲ ਹੋ ਗਿਆ। ਪ੍ਰਕਿਰਤੀ ਵਿਚ "ਸਫ਼ਰ" ਰਚਨਾਤਮਕਤਾ ਲਈ ਪਹਿਲਾ ਉਤੇਜਕ ਸੀ। ਬਚਿਆਂ ਵਿਚ ਆਪਣੀਆਂ ਭਾਵਨਾਵਾਂ ਅਤੇ ਪ੍ਰਭਾਵ ਲਿਖਣ ਦੀ — ਸੁਹਪਣ ਸੰਬੰਧੀ ਗਲ ਕਰਨ ਦੀ ਇਛਾ ਪੈਦਾ ਹੋ ਗਈ। ਉਹ ਪ੍ਰਕਿਰਤੀ ਸੰਬੰਧੀ ਨਿਕੇ ਨਿਕੇ ਲੇਖ ਲਿਖਣਾ ਚਾਹੁੰਦੇ ਸਨ। ਇਹ ਲੇਖ ਉਹਨਾਂ ਦੀ ਬੋਲੀ ਅਤੇ ਸੋਚ ਨੂੰ ਵਿਕਸਤ ਕਰਨ ਦਾ ਇਕ ਮਹਤਵ-ਪੂਰਨ ਢੰਗ ਸਨ। ਹਰ ਬਚੇ ਨੇ ਆਪਣਾ ਲੇਖ ਸੋਚਿਆ ਅਤੇ ਫ਼ਿਰ ਸ਼ੁੱਧ ਲਿਖੀ ਵਿਚ ਬਹਿਕੇ ਲਿਖਿਆ। ਮੈਂ ਉਹਨਾਂ ਲਘੂ-ਲੇਖਾਂ ਦੀਆਂ ਕਈ ਉਦਾਹਰਣਾਂ ਦਿਆਂਗਾ ਜਿਹੜੇ ਬਚਿਆਂ ਨੇ ਜ਼ਬਾਨੀ ਬਣਾਏ ਅਤੇ ਫਿਰ "ਸਾਡੀ ਮਾਤ-ਭਾਸ਼ਾ" ਨਾਂ ਦੀ ਕਾਪੀ ਵਿਚ ਜਾਂ ਆਪਣੀਆਂ ਵਿਅਕਤੀਗਤ ਕਾਪੀਆਂ ਵਿਚ ਲਿਖੇ।

**ਚੰਡੋਲ ਦਾ ਗੀਤ (ਲਾਰੀਸਾ)**

ਨੀਲੇ ਅਸਮਾਨ ਵਿਚ ਇਕ ਭੂਰਾ ਢੇਲਾ ਲੁੜ੍ਹਕ ਰਿਹਾ ਹੈ। ਇਹ ਚੰਡੋਲ ਹੈ। ਮੈਂ ਇਹਨੂੰ ਇਕ ਅਦਭੁਤ ਗੀਤ ਗਾਉਂਦੇ ਸੁਣਦੀ ਹਾਂ — ਮੈਂ ਇਸ ਤੋਂ

ਕਦੀ ਨਹੀਂ ਅਕਦੀ। ਇਹ ਇਉਂ ਹੈ ਜਿਵੇਂ ਚੰਡੋਲ ਨਾਜ਼ਕ, ਨਾਜ਼ਕ ਗੁਪਹਿਲੀਆਂ ਤਰਬਾਂ ਛੇੜ ਰਿਹਾ ਹੋਵੇ। ਤਰਬਾਂ ਸੁਨਹਿਰੀ ਕਣਕ ਤੋਂ ਸੂਰਜ ਤਕ ਫੈਲੀਆਂ ਹੋਈਆਂ ਹਨ। ਕਣਕ ਦੇ ਸਿਟੇ ਧਿਆਨ ਨਾਲ ਇਹਦੇ ਗੀਤ ਨੂੰ ਸੁਣਦੇ ਹਨ।

## ਸੂਰਜ ਡੁਬ ਗਿਆ (ਸੇਰਯੋਜ਼ਾ)

ਸੂਰਜ ਡੁਬ ਗਿਆ। ਖੇਤ ਵਿਚ ਹਨੇਰਾ ਹੋ ਗਿਆ। ਧੁੰਦਲਕਾ ਰਿੜ੍ਹਦਾ ਹੋਇਆ ਦਰੁਗ ਵਿਚੋਂ ਨਿਕਲਿਆ ਅਤੇ ਖੇਤਾਂ ਅਤੇ ਜੂਹਾਂ ਉਤੇ ਫੈਲ ਗਿਆ। ਇਹ ਦਰਿਆ ਵਾਂਗ ਫੈਲਿਆ। ਪਰ ਸਫ਼ੈਦੇ ਦੇ ਰੁਖਾਂ ਦੀਆਂ ਚੋਟੀਆਂ ਉਤੇ ਸੁਨਹਿਰੀ ਚੰਗਿਆੜੀਆਂ ਚਮਕੀਆਂ। ਇਹ ਸੂਰਜ ਆਪਣਾ ਅਖ਼ੀਰੀ ਵਿਦੇਗੀ ਸੁਨੇਹਾ ਭੇਜ ਰਿਹਾ ਸੀ। ਉਹ ਚਮਕੀਆਂ ਅਤੇ ਬੁਝ ਗਈਆਂ। ਵਿਦਿਆ, ਸ੍ਰੀ ਸੂਰਜ!

## ਮਖਿਆਰੀ ਪਾਣੀ ਪੀਂਦੀ ਹੈ (ਗਾਲੀਆ)

ਮੈਂ ਵੇਖਿਆ ਮਖਿਆਰੀਆਂ ਪਾਣੀ ਕਿਵੇਂ ਪੀਂਦੀਆਂ ਹਨ। ਪਾਣੀ ਦੇ ਕਤਰੇ ਘਾਹ ਦੀ ਪਤਲੀ ਤਿੜ ਉਤੋਂ ਕਹੂ ਦੇ ਠੁੰਢ ਵਿਚ ਤਿਲਕ ਜਾਂਦੇ ਹਨ। ਠੁੰਢ ਗਿਲਾ ਹੈ। ਮਖਿਆਰੀਆਂ ਨੂੰ ਕਹੂ ਦੀ ਖੁਸ਼ਬੋ ਪਸੰਦ ਹੈ। ਉਹ ਉਡਦੀਆਂ ਹੋਈਆਂ ਠੁੰਢ ਤਕ ਆਉਂਦੀਆਂ ਹਨ ਅਤੇ ਪਾਣੀ ਪੀਂਦੀਆਂ ਹਨ। ਉਹ ਆਪਣੇ ਸੁਨਹਿਰੀ ਪਰ ਫੜਫੜਾਉਂਦੀਆਂ ਹਨ। ਥੋੜ੍ਹੀ ਦੇਰ ਸਾਹ ਲੈ ਲਓ, ਨਿਕੀ ਮਖਿਆਰੀਓ; ਤੁਸਾਂ ਬੜੀ ਦੂਰ ਉਡ ਕੇ ਜਾਣਾ ਹੈ।

## ਦੜਊ ਖਿੜ ਰਿਹਾ ਹੈ (ਵਾਰੀਆ)

ਦੜਊ ਦੇ ਬੂਟੇ ਖਿੜ ਰਹੇ ਹਨ। ਖੇਤ ਇਉਂ ਜਾਪਦਾ ਹੈ ਜਿਵੇਂ ਉਹ ਚਿਟੇ ਕੰਬਲ ਨਾਲ ਕਜਿਆ ਹੋਵੇ। ਪਰ ਇਹ ਕੰਬਲ ਜਿਉਂਦਾ ਸੀ ਅਤੇ ਇਹਦੇ ਵਿਚੋਂ ਕਿੰਨੀ ਸੁਹਣੀ ਵਾਸ਼ਨਾ ਆਉਂਦੀ ਹੈ। ਹਰ ਫੁਲ ਉਤੇ ਇਕ ਮਖਿਆਰੀ ਸੀ। ਕੰਬਲ ਭਿਣਭਿਣਾ ਰਿਹਾ ਸੀ—ਇਹ ਮਖਿਆਰੀਆਂ ਦੇ ਭੀਂ ਭੀਂ ਕਰਨ ਕਾਰਨ ਸੀ। ਇਕ ਵਡਾ ਜਤਲ ਭੰਵਰਾ ਇਕ ਨਿਕੇ ਫੁਲ ਉਤੇ ਬਹਿ ਗਿਆ। ਨੜ ਕੰਬਣ ਲਗ ਪਿਆ ਅਤੇ ਝੁਕ ਗਿਆ। ਭੰਵਰਾ ਉਹਨੂੰ ਕਾਬੂ ਨਾ ਰਖ ਸਕਿਆ। ਉਹ ਭਿਗ ਪਿਆ ਅਤੇ ਗ਼ੁਸੇ ਨਾਲ ਭੀਂ ਭੀਂ ਕਰਨ ਲਗ ਪਿਆ।

**ਕੰਬਾਈਨ ਡਰਾਈਵਰ (ਯੂਰਾ)**

ਮੇਰਾ ਚਾਚਾ ਇਕ ਬਹੁਤ ਵਡਾ ਕੰਬਾਈਨ ਚਲਾਉਂਦਾ ਹੈ। ਕਣਕ ਉਹਦੇ ਸਾਹਮਣੇ ਖੜੀ ਹੁੰਦੀ ਹੈ। ਤਿਖੇ ਫਲ ਕਣਕ ਵਢਦੇ ਹਨ ਅਤੇ ਫਲ੍ਹੇ ਨੂੰ ਦੇ ਦੇਂਦੇ ਹਨ। ਗਾਹਣ ਵਾਲੀ ਮਸ਼ੀਨ ਕਣਕ ਨੂੰ ਗਾਂਹਦੀ ਹੈ। ਦਾਣੇ ਇਕ ਨਿਕੀ ਨਦੀ ਦੇ ਰੂਪ ਵਿਚ ਭੰਡਾਰ ਵਿਚ ਚਲੇ ਜਾਂਦੇ ਹਨ। ਟਰਕ ਭੰਡਾਰ ਹੇਠ ਆਉਂਦਾ ਹੈ ਅਤੇ ਕਣਕ ਗਾਹ ਦੇ ਪਿੜ ਵਿਚ ਲੈ ਜਾਂਦਾ ਹੈ। ਬਹੁਤ ਸਾਰੀ ਚਿਟੀ ਰੋਟੀ ਹੋਵੇਗੀ।

**ਸਾਡਾ ਥਰੈਸ਼ਰ (ਵਾਨੀਆ)**

ਸਾਡੇ ਸਕੂਲ ਵਿਚ ਇਕ ਨਿਕਾ, ਨਿਕਾ ਜਿਹਾ ਥਰੈਸ਼ਰ ਹੈ—ਉਹਦੀ ਸ਼ਕਲ ਇਹੋ ਜਿਹੀ ਹੈ।... ਵਿਦਿਆਰਥੀਆਂ ਨੇ ਸਕੂਲ ਦੇ ਪਲਾਟ ਵਿਚੋਂ ਕਣਕ ਵਢੀ। ਉਹਨਾਂ ਇਹਦੀਆਂ ਪੰਜ ਭਰੀਆਂ ਬਣਾਈਆਂ। ਨਿਕਾ ਥਰੈਸ਼ਰ ਭੀਂ ਭੀਂ ਕਰਨ ਲਗ ਪਿਆ। ਉਹਨੇ ਕਣਕ ਗਾਹੀ। ਉਹਨਾਂ ਕਣਕ ਇਕ ਬੋਰੀ ਵਿਚ ਪਾਈ। ਅਸੀਂ ਬੀਅ ਬੀਜਾਂਗੇ।

**ਸਿਉ ਦੇ ਰੁਖਾਂ ਉਤੇ ਫੁਲ ਆਏ ਹਨ (ਪਾਵਲੋ)**

ਜਦੋਂ ਸਿਉ ਦੇ ਰੁਖਾਂ ਉਤੇ ਫੁਲ ਆਉਂਦੇ ਹਨ ਤਾਂ ਫਲਾਂ ਦਾ ਬਾਗ਼ ਕਿੰਨਾ ਸੁਹਣਾ ਲਗਦਾ ਹੈ। ਚਿਟੇ ਫੁਲ ਆਪਣੀਆਂ ਪੰਖੜੀਆਂ ਸੂਰਜ ਵਲ ਖੋਹਲਦੇ ਹਨ। ਰੁਮਕਦੀ ਪੌਣ ਫੁਲਾਂ ਨੂੰ ਪਲੋਸਦੀ ਹੈ ਅਤੇ ਉਹ ਚਾਂਦੀ ਦੀਆਂ ਨਿਕੀਆਂ ਘੰਟੀਆਂ ਵਾਂਗ ਵਜਣ ਲਗ ਪੈਂਦੇ ਹਨ। ਫਲਾਂ ਦਾ ਸਾਰਾ ਬਾਗ਼ ਟੁਣਕਦਾ ਅਤੇ ਸੂਰਜ ਵਲ ਵੇਖਕੇ ਮੁਸਕ੍ਰਾਉਂਦਾ ਹੈ। ਅਤੇ ਜਦੋਂ ਪੌਣ ਬੰਦ ਹੋ ਜਾਂਦੀ ਹੈ ਤਾਂ ਮਖਿਆਰੀਆਂ ਦੀ ਭੀਂ ਭੀਂ ਸੁਣਾਈ ਪੈਂਦੀ ਹੈ। ਉਹ ਰੁਖਾਂ ਦੇ ਉਤੇ ਉਡਦੀਆਂ ਹਨ। ਸਭ ਤੋਂ ਉਚੀਆਂ ਟੁਣਕਣ ਵਾਲੀਆਂ ਘੰਟੀਆਂ ਨੂੰ ਲਭਦੀਆਂ ਹਨ। ਅਤੇ ਫਲਾਂ ਦਾ ਬਾਗ਼ ਇਕ ਹਜ਼ਾਰ ਤਰਬਾਂ ਵਾਂਗ ਗੂੰਜਦਾ ਹੈ। ਮਖਿਆਰੀ ਇਕ ਕੋਮਲ ਘੰਟੀ ਉਤੇ ਉਤਰਦੀ ਹੈ, ਆਪਣੇ ਨਿਕੇ ਪੈਰ ਹਿਲਾਉਂਦੀ ਹੈ ਅਤੇ ਆਪਣੇ ਨਿਕੇ ਖੰਭ ਫੜਫੜਾਉਂਦੀ ਹੈ। ਸੁਨਹਿਰੀ ਪਰਾਗ ਘੰਟੀ ਦੇ ਉਤੇ ਬਦਲ ਵਾਂਗ ਉਡਦਾ ਹੈ।

## ਮਾਸੀ ਦਾਸ਼ਾ ਨਾਲ ਫ਼ਾਰਮ ਵਿਚ (ਕੋਲੀਆ)

ਅਸੀਂ ਉਸ ਫ਼ਾਰਮ ਵਿਚ ਸਾਂ ਜਿਥੇ ਮਾਸੀ ਦਾਸ਼ਾ ਕੰਮ ਕਰਦੀ ਹੈ। ਉਹ ੩੦ ਗਊਆਂ ਚੋਂਦੀ ਹੈ। ਦੁਧ ਲਈ ਵਡੇ ਵਡੇ ਦੋਹਣੇ ਹਨ। ਉਹ ਦੁਧ ਮਖਣ ਬਣਾਉਣ ਵਾਲੀ ਥਾਂ ਲੈ ਜਾਂਦੇ ਹਨ। ਉਥੇ ਇਹ ਇਸਤੋਂ ਮਖਣ ਬਣਾਉਂਦੇ ਹਨ।

## ਸਾਰਸ ਸ਼ਾਮ ਨੂੰ ਗਾਉਂਦੇ ਹਨ (ਤੀਨਾ)

ਸੂਰਜ ਪਹਾੜ ਦੇ ਪਿਛੇ ਡੁਬਦਾ ਹੈ। ਸਾਰਸ ਨੀਲੇ ਆਕਾਸ਼ ਵਿਚ ਉਡਦੇ ਹਨ। ਉਹ ਗਾਉਂਦੇ ਹਨ: "ਹੈਲੋ, ਹਰੀ ਜੂਹ, ਅਸੀਂ ਨਿਘੇ ਸਾਗਰ ਤੋ ਆਏ ਹਾਂ"। ਰੁਖਾਂ ਦੀਆਂ ਟਹਿਣੀਆਂ ਹਿਲਣ ਲਗ ਪਈਆਂ। ਹਰਾ ਘਾਹ ਸਰ ਸਰ ਕਰਨ ਲਗ ਪਿਆ। ਛਪੜ ਗੂੰਜਦਾ ਹੈ—ਹੈਲੋ ਸਾਰਸੋ, ਸਾਨੂੰ ਦਸੋ ਤੁਸਾਂ ਨਿਘੇ ਸਾਗਰ ਉਤੇ ਕੀ ਵੇਖਿਆ?

## ਦਿਆਲ ਦਾਦਾ ਧੁੰਦਲਕਾ (ਸਾਨੀਆ)

ਅਸਮਾਨ ਵਿਚ ਤਾਰੇ ਟਿਮਟਿਮਾਉਂਦੇ ਹਨ। ਦਿਆਲ ਦਾਦਾ ਧੁੰਦਲਕਾ ਦਰੁਗ ਵਿਚੋ ਬਾਹਰ ਆਉਂਦਾ ਹੈ। ਉਹ ਬੁਢਾ ਅਤੇ ਜਤਲ ਹੈ। ਉਹ ਖੂੰਡੀ ਫੜ ਕੇ ਚਲਦਾ ਹੈ। ਉਹ ਪਿੰਡ ਵਿਚ ਜਾਂਦਾ ਹੈ। ਉਹ ਇਕ ਘਰ ਵਿਚ ਦਾਖ਼ਲ ਹੁੰਦਾ ਹੈ। ਉਹ ਬਚਿਆਂ ਨੂੰ ਆਪਣੀਆਂ ਨਿਘੀਆਂ, ਨਰਮ ਤਲੀਆਂ ਵਿਚ ਲੈ ਲੈਂਦਾ ਹੈ ਅਤੇ ਉਹ ਸੌਣਾ ਚਾਹੁੰਦੇ ਹਨ। ਉਹਨਾਂ ਨੂੰ ਮਿਠੇ ਸੁਪਨੇ ਆਉਂਦੇ ਹਨ।

(ਸਾਨੀਆ ਨੇ ਹੀ **ਖ਼ੁਸ਼ੀ ਦੇ ਸਕੂਲ** ਵਿਚ ਧੁੰਦਲਕੇ ਸੰਬੰਧੀ ਕਹਾਣੀ ਘੜੀ ਸੀ ਅਤੇ ਹੁਣ ਇਹ ਕਹਾਣੀ ਬਚੇ ਦੇ ਚੇਤੇ ਵਿਚ ਫਿਰ ਜਾਗ ਪਈ।)

## ਚਾਚਾ ਕੁਜ਼ਮਾ (ਡੇਦੀਆ)

ਅਸੀਂ ਚਾਚਾ ਕੁਜ਼ਮਾ ਦੇ ਘਰ ਸਾਂ। ਉਹ ਉਸਾਰੀ ਦਾ ਕੰਮ ਕਰਨ ਵਾਲਾ ਕਿਰਤੀ ਹੈ। ਉਹ ਇਟਾਂ ਦੇ ਮਕਾਨ ਬਣਾਉਂਦਾ ਹੈ। ਹੁਣ ਉਹ ਇਕ ਦੁਕਾਨ ਉਸਾਰ ਰਿਹਾ ਹੈ। ਚਾਚਾ ਕੁਜ਼ਮਾ ਨੇ ਪਹਿਲਾਂ ਹੀ ਪੰਜਾਹ ਇਮਾਰਤਾਂ ਬਣਾਈਆਂ ਹਨ। ਬਹੁਤ ਸਾਰੇ ਲੋਕ ਉਹਨਾਂ ਵਿਚ ਰਹਿੰਦੇ ਹਨ। ਉਹ ਕਹਿੰਦਾ ਹੈ, "ਮੇਰੀਆਂ ਇਮਾਰਤਾਂ ਦੋ ਸੌ ਸਾਲ ਤਕ ਤਗਣਗੀਆਂ। ਬਹੁਤ ਲੋਕ ਚੇਤੇ ਰਖਣਗੇ ਕਿ ਚਾਚਾ ਕੁਜ਼ਮਾ ਕਿੰਨਾ ਚੰਗਾ ਉਸਰਈਆ ਸੀ।"

**ਕਰਾਕਸ ਦਾ ਬੂਟਾ (ਕਾਤੀਆ)**

ਸੂਰਜ ਨੇ ਜੰਗਲ ਨੂੰ ਜਗਾਇਆ। ਉਹਨੇ ਕੇਲੋਂ ਦੇ ਰੁਖਾਂ ਦੀਆਂ ਚੋਟੀਆਂ ਤੋਂ ਬਰਫ਼ ਪਿਘਲਾ ਦਿਤੀ। ਗਰਮ ਤੁਪਕੇ ਬਰਫ ਉਤੇ ਡਿਗੇ। ਇਹਨੇ ਬਰਫ਼ ਦੇ ਢੇਰਾਂ ਅਤੇ ਸੁਕੇ ਪਤਿਆਂ ਵਿਚ ਛੇਕ ਕਰ ਦਿਤੇ। ਜਿਥੇ ਕਿਧਰੇ ਇਹ ਪਿਆ ਉਥੇ ਹਰੇ ਤੀਰ ਪ੍ਰਗਟ ਹੋਏ। ਅਤੇ ਉਥੇ ਕਰਾਕਸ ਦੇ ਫੁਲ ਖਿੜ ਪਏ। ਉਹਨਾਂ ਹੈਰਾਨੀ ਨਾਲ ਬਰਫ਼ ਵਲ ਵੇਖਿਆ ਅਤੇ ਪੁਛਿਆ, "ਕੀ ਅਸਾਂ ਤੈਨੂੰ ਬਹੁਤ ਛੇਤੀ ਜਗਾ ਦਿਤੈ?" "ਨਹੀਂ ਤੁਸੀਂ ਛੇਤੀ ਨਹੀਂ ਆਏ, ਤੁਸੀਂ ਐਨ ਸਮੇਂ ਸਿਰ ਆਏ ਹੋ," ਪੰਛੀ ਚਹਿਕੇ। ਅਤੇ ਬਸੰਤ ਰੁਤ ਸ਼ੁਰੂ ਹੋ ਗਈ।

**ਸੂਰਜ ਅਤੇ ਗਰਜਦਾ ਬਦਲ (ਤੋਲੀਆ)**

ਇਕ ਸੁਨਹਿਰੀ ਖੇਤ ਸੀ ਅਤੇ ਸੂਰਜ ਅਨਾਜ ਦੇ ਹਰ ਸਿਟੇ ਨਾਲ ਖੇਡਦਾ। ਓਹ ਖੇਤ, ਖੇਤ, ਤੂੰ ਕਿੰਨਾ ਸੁਹਣਾ ਏਂ। ਪਰ ਵੇਖ ਇਕ ਗਰਜਦਾ ਬਦਲ ਤੇਰੇ ਉਤੇ ਆ ਗਿਆ ਹੈ। ਉਹਨੇ ਸੂਰਜ ਨੂੰ ਲੁਕਾ ਰਿਹਾ ਹੈ। ਅਨਾਜ ਦੇ ਸਿਟਿਆਂ ਦੀਆਂ ਸੁਨਹਿਰੀ ਚਿਣਗਾਂ ਬੁਝ ਗਈਆਂ ਹਨ। ਖੇਤ ਭੂਰਾ ਹੋ ਗਿਆ ਹੈ, ਜਿਵੇਂ ਕਿਸੇ ਨੇ ਧਰਤੀ ਨੂੰ ਭੂਰੇ ਕੰਬਲ ਨਾਲ ਕਜ ਦਿਤਾ ਹੋਵੇ। ਸੂਰਜਾ, ਜਿੰਨੀ ਛੇਤੀ ਹੋ ਸਕੇ ਗਰਜਦੇ ਬਦਲ ਪਿਛੋ ਨਿਕਲ ਆ। ਸ਼੍ਰੀ ਧੁਪ! ਅਸੀਂ ਤੈਨੂੰ ਉਡੀਕ ਰਹੇ ਹਾਂ, ਸ਼੍ਰੀ ਸੂਰਜ!

**ਨਿਕੇ ਤਾਰੇ ਅਸਮਾਨ ਤੋਂ ਡਿਗਦੇ ਹਨ (ਲਿਊਬਾ)**

ਅਗਸਤ ਵਿਚ ਨਿਕੇ ਤਾਰੇ ਅਸਮਾਨ ਤੋਂ ਡਿਗਦੇ ਹਨ। ਘਣੇ ਜੰਗਲ ਵਿਚ ਇਕ ਹਰਾ ਮੈਦਾਨ ਹੈ, ਨਿਕੇ ਤਾਰੇ ਉਹਦੇ ਉਤੇ ਡਿਗਦੇ ਹਨ। ਕਿਰਮਚੀ ਫੁਲ ਖਿੜਦੇ ਹਨ।

**ਸਾਡੀ ਸ਼੍ਰੇਣੀ ਦਾ ਕਮਰਾ ਨਿਘਾ ਹੈ (ਸਾਸ਼ਾ)**

ਸਾਡੀ ਸ਼੍ਰੇਣੀ ਦਾ ਕਮਰਾ ਨਿਘਾ ਅਤੇ ਸੁਖਦਾਇਕ ਹੈ। ਉਥੇ ਗਰਮ ਰੇਡੀਏਟਰ ਹਨ ਜਿਨ੍ਹਾਂ ਵਿਚ ਗਰਮ ਪਾਣੀ ਚਲਦਾ ਹੈ। ਭੱਠੇ ਵਿਚ ਇਕ ਵਡਾ ਬਾਇਲਰ ਹੈ। ਵਡੀ ਭਠੀ ਵਿਚ ਕੋਲਾ ਬਲਦਾ ਹੈ। ਕੋਲਾ ਧਰਤੀ ਹੇਠ ਡੂੰਘੀਆਂ ਖਾਣਾਂ ਵਿਚੋਂ ਪੁਟਿਆ ਜਾਂਦਾ ਹੈ ਅਤੇ ਫਿਰ ਰੇਲ ਗਡੀ ਰਾਹੀਂ ਸਾਡੇ ਤਕ ਲਿਆ-ਇਆ ਜਾਂਦਾ ਹੈ। ਇਹ ਧਰਤੀ ਉਤੇ ਉਤਾਰਿਆ ਜਾਂਦਾ ਹੈ। ਫਿਰ ਇਕ ਟਰਕ

ਇਹਨੂੰ ਸਕੂਲੇ ਲਿਆਉਂਦਾ ਹੈ। ਅਸੀਂ ਨਿਘੇ ਹਾਂ ਕਿਉਂਕਿ ਖਾਣ-ਪੂਟ ਅਤੇ ਰੇਲਵਾਈ ਕਿਰਤ ਕਰਦੇ ਹਨ।

## ਸਿਆਲੀ ਤਿਲੀਅਰ (ਮੀਸ਼ਾ)

ਪਿਛਲੇ ਸਿਆਲ ਤਿਲੀਅਰ ਉਡ ਕੇ ਦਖਣ ਨਾ ਗਏ। ਉਹਨਾਂ ਨੂੰ ਕਿਵੇਂ ਪਤਾ ਲਗ ਗਿਆ ਕਿ ਸਾਡੇ ਕੋਈ ਸਖਤ ਕਕਰ ਨਹੀਂ ਪੈਣ ਲਗਾ? ਸ਼ਾਮ ਨੂੰ ਉਹ ਕਿਵੇਂ ਡਾਰ ਵਿਚ ਇਕਠੇ ਹੁੰਦੇ ਅਤੇ ਇਕ ਰੁਖ ਤੋ ਦੂਜੇ ਵਲ ਉਡਦੇ ਜਾਂਦੇ। ਉਹ ਨਿਘੀ ਥਾਂ ਲਭ ਰਹੇ ਸਨ। ਅਤੇ ਉਹ ਫ਼ਿਕਰ ਨਾਲ ਸ਼ੋਰ ਕਰ ਰਹੇ ਸਨ। ਉਹ ਹਰ ਥਾਂ ਉਤਰੇ, ਇਥੋ ਤਕ ਕਿ ਗਊ ਉਤੇ ਵੀ। ਪਰ ਧੁਪਿਆਲੇ ਠੰਢੇ ਦਿਨਾਂ ਨੂੰ ਉਹ ਬਰਫ਼ ਉਤੇ ਬਹਿ ਕੇ ਧੁਪ ਸੇਕਦੇ। ਇਕ ਤਿਲੀਅਰ ਕਿਸੇ ਨਿਕੇ ਪਥਰ ਵਾਂਗ ਬਰਫ਼ ਦੇ ਢੇਰ ਉਤੇ ਡਿਗ ਜਾਂਦਾ ਅਤੇ ਬਰਫ਼ ਵਿਚ ਖੁਡ ਬਣਾਉਂਦਾ। ਫਿਰ ਉਹ ਬਰਫ਼ ਦੇ ਢੇਰ ਵਿਚੋ ਬਾਹਰ ਨਿਕਲ ਆਉਂਦਾ ਅਤੇ ਖੁਸ਼ੀ ਨਾਲ ਚੂਕਦਾ।

## ਨਵੇਂ ਸਾਲ ਦਾ ਰੁਖ (ਦਾਨਕੋ)

ਅੰਮਾਂ ਨੇ ਅਤੇ ਮੈਂ ਨਵੇਂ ਸਾਲ ਦਾ ਰੁਖ ਮੇਜ਼ ਉਤੇ ਰਖਿਆ। ਅਸਾਂ ਉਹਨੂੰ ਸਜਾਇਆ। ਅਸਾਂ ਉਹਦੇ ਹੇਠਾਂ ਕਕਰ ਦਾਦਾ ਰਖਿਆ। ਰਾਤ ਪੈ ਗਈ। ਬਾਹਰ ਚੰਨ ਦੀ ਚਾਨਣੀ ਖਿੜੀ ਹੋਈ ਸੀ। ਮੈਂ ਵੇਖਣਾ ਚਾਹੁੰਦਾ ਸਾਂ ਕਕਰ ਦਾਦਾ ਕੀ ਕਰੇਗਾ। ਉਹਨੇ ਆਪਣੀ ਖੁੰਡੀ ਚੁਕੀ, ਰੁਖ ਦੇ ਹੇਠੋਂ ਨਿਕਲਿਆ ਅਤੇ ਮੇਜ਼ ਉਤੇ ਘੁੰਮਣ ਲਗ ਪਿਆ। ਅਤੇ ਟਹਿਣੀਆਂ ਉਤੇ ਬਰਫ਼ ਦੇ ਚਿਟੇ ਗੋਲ਼ੇ ਕਿਸੇ ਗਲ ਸੰਬੰਧੀ ਘੁਸੁਰ-ਮੁਸਰ ਕਰ ਰਹੇ ਸਨ। ਭੂਰਾ ਸਹਿਆ ਇਕ ਟਹਿਣੀ ਉਤੇ ਚੁਪ ਚਾਪ ਬੈਠਾ ਸੀ। ਉਹ ਰੁਖ ਤੋ ਛਾਲ ਮਾਰਕੇ ਕਕਰ ਦਾਦੇ ਦੀ ਬੋਰੀ ਵਿਚ ਵੜ ਗਿਆ। ਇਹ ਨਵੇਂ ਸਾਲ ਦੀ ਸੁਗ਼ਾਤ ਹੋਵੇਗਾ।

## ਦਾਦਾ ਯੁਖਿਮ (ਲਿਊਦਾ)

ਮੇਰਾ ਦਾਦਾ ਯੁਖਿਮ ਜੰਗਲ ਦਾ ਰਾਖਾ ਹੈ। ਉਹ ਪੰਝੀ ਵਰ੍ਹਿਆਂ ਤੋ ਪੰਚਾਇਤੀ ਫ਼ਾਰਮ ਵਿਚ ਕੰਮ ਕਰ ਰਿਹਾ ਹੈ। ਸਾਡੇ ਪਿੰਡ ਦੇ ਪਿਛੇ ਬਲੂਤਾਂ ਦੀ ਇਕ ਝੰਗੀ ਹੈ। ਇਹ ਉਹਦੇ ਬਲੂਤ ਨੇ; ਉਹਨੇ ਉਹ ਲਾਏ ਸਨ। ਦਾਦਾ ਕਹਿੰਦਾ ਹੈ ਉਹਦੇ ਬਲੂਤ ਤਿੰਨ ਸੌ ਵਰ੍ਹੇ ਜਿਊਂਦੇ ਰਹਿਣਗੇ। ਮੈਂ ਵੀ ਆਪਣਾ ਬਲੂਤ ਦਾ ਰੁਖ ਲਾਵਾਂਗਾ।

**ਦੁਸ਼ਟ ਮਕੜਾ (ਕੋਸਤੀਆ)**

ਇਕ ਦੁਸ਼ਟ ਮਕੜੇ ਨੇ ਮੋਦੀਖਾਨੇ ਦੀ ਹਨੇਰੀ ਨੁਕਰੇ ਆਪਣਾ ਜਾਲਾ ਲਾਇਆ। ਮੈਂ ਇਹ ਵੇਖਣ ਲਈ ਰੁਕ ਗਿਆ ਕਿ ਉਹ ਕੀ ਕਰੇਗਾ। ਮਕੜਾ ਛਹਿੜ ਕੇ ਕੰਧ ਨਾਲ ਲਗ ਗਿਆ ਅਤੇ ਆਪਣੀਆਂ ਲਤਾਂ ਮਲੀਆਂ। ਇਉਂ ਜਾਪਦਾ ਸੀ ਜਿਵੇਂ ਉਹ ਆਪਣਾ ਜਾਲਾ ਹਿਲਾ ਰਿਹਾ ਹੋਵੇ। ਭੀਂ ਭੀਂ ਕਰਦੀ ਇਕ ਮਖੀ ਉਡਦੀ ਆਈ। ਮਕੜੇ ਨੇ ਸੁਣਨ ਲਈ ਪਾਸਾ ਪਰਤਿਆ। ਭੀਂ ਭੀਂ ਉਚੀ ਅਤੇ ਚਿੰਤਾਤੁਰ ਹੋ ਗਈ। ਮਕੜਾ ਪਹਿਲਾਂ ਹੀ ਕਾਹਲੀ ਕਾਹਲੀ ਮਖੀ ਵਲ ਜਾ ਰਿਹਾ ਸੀ। ਦੁਸ਼ਟ ਮਕੜੇ ਤੈਨੂੰ ਮਖੀ ਨਹੀਂ ਮਿਲਣ ਲਗੀ। ਮੈਂ ਤੇਰਾ ਜਾਲਾ ਤੋੜ ਦਿਆਂਗਾ ਅਤੇ ਮੁਖੀ ਨੂੰ ਆਜ਼ਾਦ ਕਰਵਾ ਦਿਆਂਗਾ। ਉਡ ਜਾ ਮਖੀਏ ਅਤੇ ਫਿਰ ਮਕੜੇ ਦੇ ਜਾਲੇ ਵਿਚ ਨਾ ਫਸੀਂ।

**ਟਮਾਟਰ (ਸਲਾਦ)**

ਗਰਮਖ਼ਾਨਿਆਂ ਵਿਚ ਲਾਲ ਟਮਾਟਰ ਹਨ। ਸਵੇਰੇ ਟਮਾਟਰਾਂ ਉਤੇ ਤਰੇਲ ਦੇ ਤੁਪਕੇ ਹੁੰਦੇ ਹਨ। ਸੁਨਹਿਰੀ ਸੂਰਜ ਹਰ ਤੁਪਕੇ ਨਾਲ ਖੇਡਦਾ ਹੈ। ਇਕ ਚਿਟੀ ਤਿਤਲੀ ਇਕ ਲਾਲ ਟਮਾਟਰ ਉਤੇ ਬੈਠੀ। ਇਕ ਮਖਿਆਰੀ ਭਿਣ-ਭਿਣਾਈ। ਉਹਨੇ ਸੋਚਿਆ ਟਮਾਟਰ ਇਕ ਵਡਾ ਲਾਲ ਫੁਲ ਹੈ। ਉਹ ਟਮਾਟਰ ਦੁਆਲੇ ਚਕਰ ਕਟੇ ਅਤੇ ਉਡ ਕੇ ਚਲੀ ਗਈ।

ਬਚਿਆਂ ਦੇ ਲੇਖ ਬਹੁਤ ਕੰਮ ਦਾ ਸਿਟਾ ਹਨ। ਇਹ ਲਾਜ਼ਮੀ ਹੈ ਕਿ ਉਹ ਸੋਚ ਅਤੇ ਸ਼ਬਦ ਦੇ ਜਿਉਂਦੇ ਸੋਮੇ ਵਲ ਜਾਣ ਤਾਂ ਕਿ ਉਹਨਾਂ ਨੂੰ ਆਲੇ ਦੁਆਲੇ ਦੇ ਸੰਸਾਰ ਦੇ ਵਰਤਾਰੇ ਵਿਖਾਏ ਜਾਣ ਤਾਂ ਜੁ ਉਹ ਉਹਨਾਂ ਦੇ ਮਨਾਂ ਵਿਚ ਕੇਵਲ ਬੋਲੀ ਰਾਹੀਂ ਹੀ ਨਹੀਂ ਸਗੋਂ ਉਹਨਾਂ ਦੇ ਦਿਲਾਂ ਅਤੇ ਰੂਹਾਂ ਵਿਚ ਵੀ ਅਪੜ ਜਾਣ। ਭਾਸ਼ਾ ਦੀ ਭਾਵੁਕ ਅਤੇ ਸੁਹਜ-ਸੁਆਦੀ ਰੰਗਣ, ਇਹਦੀਆਂ ਸੂਖਮ ਭਾਹਾਂ, ਬਚਿਆਂ ਦੀ ਰਚਨਾਤਮਕਤਾ ਦਾ ਜੀਵਨ-ਦਾਤਾ ਸੋਮਾ ਹਨ। ਸ਼ਬਦ ਸਪਸ਼ਟ ਬਿੰਬਾਂ ਵਾਂਗ ਬਚੇ ਦੇ ਮਨ ਵਿਚ ਰਹਿੰਦੇ ਹਨ ਅਤੇ ਇਸੇ ਲਈ, ਸ਼੍ਰੇਣੀ ਵਿਚ ਲੇਖ ਲਿਖਦੇ ਹੋਏ ਬਚਿਆਂ ਨੇ ਪਾਠ ਦੇ ਨਾਲ ਮੂਰਤਾਂ ਦਾ ਵਾਧਾ ਕੀਤਾ।

ਇਹ ਸਮਝਣਾ ਸਿਧੜ ਗਲ ਹੋਵੇਗੀ ਕਿ ਆਲੇ ਦੁਆਲੇ ਦੇ ਸੰਸਾਰ ਦੇ ਪ੍ਰਭਾਵ ਅਧੀਨ ਬਚੇ ਇਕ ਦਮ ਲੇਖ ਲਿਖਣ ਲਗ ਪੈਣਗੇ। ਰਚਨਾਤਮਕਤਾ ਬਚਿਆਂ ਵਿਚ ਕੋਈ ਸੁਭਾਵਕ ਗਲ ਨਹੀਂ। ਇਹ ਸਿਖਾਉਣੀ ਪੈਂਦੀ ਹੈ। ਬਚਾ ਤਾਂ ਹੀ ਲੇਖ ਲਿਖੇਗਾ ਜੇ ਉਹ ਆਪਣੇ ਅਧਿਆਪਕ ਤੋਂ ਪ੍ਰਕਿਰਤੀ ਦਾ ਬ੍ਰਿਤਾਂਤ ਸੁਣਦਾ ਹੈ। ਮੈਂ ਬਚਿਆਂ

ਨੂੰ ਜਿਹੜਾ ਪਹਿਲਾ ਲੇਖ ਸੁਣਾਇਆ ਉਹ ਸ਼ਾਮ ਦੀ ਚੁਪ ਵਿਚ ਛਪੜ ਦੇ ਕੰਢੇ ਘੜਿਆ ਗਿਆ ਸੀ। ਮੈਂ ਜਤਨ ਕੀਤਾ ਕਿ ਬਚੇ ਇਹ ਸਮਝਣ ਅਤੇ ਅਨੁਭਵ ਕਰਨ ਕਿ ਕਿਵੇਂ ਇਕ ਨੀਝੀ ਬਿੰਬ ਸ਼ਬਦਾਂ ਵਿਚ ਬਿਆਨ ਕੀਤਾ ਜਾ ਸਕਦਾ ਹੈ। ਪਹਿਲਾਂ ਉਹ ਲੇਖ ਦੁਹਰਾਉਂਦੇ ਜਿਹੜੇ ਮੈਂ ਲਿਖੇ ਸਨ। ਫਿਰ ਹੌਲੀ ਹੌਲੀ ਉਹਨਾਂ ਆਪਣੇ ਆਪ ਪ੍ਰਕਿਰਤੀ ਦੇ ਉਹ ਚਿਤਰ ਬਿਆਨ ਕਰਨੇ ਸ਼ੁਰੂ ਕਰ ਦਿਤੇ ਜਿਹੜੇ ਉਹਨਾਂ ਨੂੰ ਸਭ ਤੋਂ ਵਧ ਉਤੇਜਤ ਕਰਦੇ ਸਨ। ਬਚਿਆਂ ਲਈ ਵਿਅਕਤੀਗਤ ਰਚਨਾਤਮਕਤਾ ਦਾ ਅਮਲ ਸ਼ੁਰੂ ਹੋ ਗਿਆ ਸੀ। ਇਸ ਅਮਲ ਵਿਚ ਸ਼ਬਦਾਂ ਦੀਆਂ ਭਾਹਾਂ ਅਨੁਭਵ ਕਰਨਾ ਬਹੁਤ ਮਹਤਵ-ਪੂਰਨ ਹੈ। ਬਚਾ ਤਾਂ ਹੀ ਲੇਖ ਲਿਖਣੇ ਸ਼ੁਰੂ ਕਰਦਾ ਹੈ ਜੇ ਹਰ ਸ਼ਬਦ ਨੂੰ ਬਣੀ-ਬਣਾਈ ਇਟ ਸਮਝਣ ਲਗ ਪਵੇ, ਜਿਸਦੀ ਆਪਣੀ ਮਿਥੀ ਥਾਂ ਹੈ। ਅਤੇ ਬਚੇ ਉਹ ਇਟ ਚੁਣਨਗੇ ਜਿਹੜੀ ਹਥਲੀ ਪ੍ਰਸਥਿਤੀ ਲਈ ਯੋਗ ਹੈ। ਉਹ ਬਸ ਉਸ ਪਹਿਲੇ ਸ਼ਬਦ ਉਤੇ ਝਪਟ ਹੀ ਨਹੀਂ ਸਕਦੇ ਜਿਹੜਾ ਉਹਨਾਂ ਨੂੰ ਅਹੁੜੇ। ਉਹਨਾਂ ਦੀ ਭਾਵੁਕਤਾ ਉਹਨਾਂ ਨੂੰ ਅਜਿਹਾ ਨਹੀਂ ਕਰਨ ਦੇਂਦੀ।

ਲੇਖ ਲਿਖਣਾ ਮੇਰੇ ਵਿਦਿਆਰਥੀਆਂ ਦੇ ਮਨ-ਭਾਉਂਦੇ ਸ਼ੁਗਲਾਂ ਵਿਚੋਂ ਇਕ ਬਣ ਗਿਆ। ਉਹਨਾਂ ਹਰ ਉਸ ਸ਼ੈ ਸੰਬੰਧੀ ਦਸਣ ਦਾ ਜਤਨ ਕੀਤਾ ਜਿਹੜੀ ਉਹਨਾਂ ਵੇਖੀ ਜਾਂ ਅਨੁਭਵ ਕੀਤੀ ਸੀ। ਦੂਜੀ, ਤੀਜੀ ਅਤੇ ਚੌਥੀ ਸ਼੍ਰੇਣੀ ਵਿਚ ਬਚਿਆਂ ਨੇ ਆਪਣੇ ਵਡੇਰੇ ਸਾਥੀਆਂ — ਪੰਚਾਇਤੀ ਕਿਸਾਨਾਂ ਅਤੇ ਕਿਰਤੀਆਂ — ਸੰਬੰਧੀ ਲੇਖ ਲਿਖਣੇ ਸ਼ੁਰੂ ਕਰ ਦਿਤੇ, ਸੋਂਵੀਅਤ ਲੋਕਾਂ ਤੇ ਕੰਮ ਸੰਬੰਧੀ, ਸਿਉ ਦੇ ਰੁਖਾਂ ਉਤੇ ਕਲੀਆਂ ਦੇ ਪ੍ਰਗਟ ਹੋਣ ਅਤੇ ਗੁਲ-ਬਹਾਰ ਦੇ ਫੁਲਾਂ ਦੇ ਮੁਰਝਾਣ ਸੰਬੰਧੀ, ਨਿਘੀ ਪਤ-ਝੜ ਵਿਚ ਮਕੜੀ ਦੇ ਜਾਲਿਆਂ ਦੀਆਂ ਸੁਨਹਿਰੀ ਤਾਰਾਂ ਸੰਬੰਧੀ ਅਤੇ ਪੰਚਾਇਤੀ ਫ਼ਾਰਮ ਦੇ ਫਲਾਂ ਦੇ ਬਾਗ਼ ਵਿਚ ਸਿਉ ਇਕਠੇ ਕਰਨ ਸੰਬੰਧੀ। ਚਾਰ ਵਰ੍ਹਿਆਂ ਦੇ ਸਮੇਂ ਵਿਚ ਹਰ ਵਿਦਿਆਰਥੀ ਨੇ ਚਾਲ੍ਹੀ ਅਤੇ ਪੰਜਾਹ ਦੇ ਦਰਮਿਆਨ ਲਘੂ-ਲੇਖ ਲਿਖੇ। ਇਹ ਹਨ ਉਹ ਕੁਝ ਲੇਖ ਜਿਹੜੇ ਬਚਿਆਂ ਨੇ ਪੜ੍ਹਾਈ ਦੇ ਦੂਜੇ, ਤੀਜੇ ਅਤੇ ਚੌਥੇ ਵਰ੍ਹੇ ਵਿਚ ਲਿਖੇ।

ਸੁਹਪਣ ਸਿਰਜਣ ਦੇ ਜਤਨ ਨਾਲੋਂ ਕੋਈ ਹੋਰ ਉਤੇਜਕ ਲਭਣਾ ਔਖਾ ਹੈ ਜਿਹੜਾ ਲੋਕਾਂ ਤੋਂ ਇੰਨੀ ਮਿਹਨਤ ਕਰਵਾਏ। ਇਸ ਜਤਨ ਨੇ ਸਾਰੇ ਸਮੂਹ ਨੂੰ ਉਤਸ਼ਾਹ ਦਿਤਾ। ਇਕ ਵੀ ਬਚਾ ਅਜਿਹਾ ਨਹੀਂ ਸੀ ਜਿਸਨੇ ਫੁਲਾਂ ਦਾ ਧਿਆਨ ਰਖਣ ਵਿਚ ਹਿਸਾ ਨਾ ਲਿਆ ਹੋਵੇ। ਪਹਿਲੇ ਹੁਨਾਲ ਪ੍ਰਕਿਰਤੀ ਨੇ ਸਾਡੇ ਜਤਨਾਂ ਦਾ ਫਲ ਨਾ ਦਿਤਾ ਪਰ ਬਚਿਆਂ ਨੇ ਸਫ਼ਲੱਤਾ ਦਾ ਸੁਪਨਾ ਸਜੀਵ ਰਖਿਆ। ਦੂਜੀ ਬਸੰਤ ਰੁਤੇ ਵਿਹੜਾ ਪਧਰਾ, ਹਰਾ ਕੰਬਲ ਬਣ ਗਿਆ ਜਿਹੜਾ ਖਿੜੇ ਜੰਗਲੀ ਫੁਲਾਂ ਨਾਲ ਕਜਿਆ ਹੋਇਆ ਸੀ। ਤੀਜੇ ਸਾਲ ਸਾਡੀ ਨੁਕਰ ਹਰਿਆਲੀ ਅਤੇ ਫੁਲਾਂ ਦਾ ਜਗਤ ਬਣ ਗਈ। ਬਚੇ ਅਕਸਰ ਪੜ੍ਹਣ ਅਤੇ ਕਹਾਣੀਆਂ ਸੁਣਾਉਣ ਲਈ ਉਥੇ ਇਕਠੇ ਹੁੰਦੇ।

## ਬਾਰੀ ਦੇ ਸ਼ੀਸ਼ਿਆਂ ਉਤੇ ਬਰਫ਼ ਦੇ ਫੁਲ ਕਿਥੋਂ ਆਉਂਦੇ ਹਨ ? (ਤਾਨੀਆ, ਚੌਥੀ ਸ਼੍ਰੇਣੀ)

ਮੈਂ ਅੰਮਾਂ ਤੋਂ ਪੁਛਿਆ : "ਬਾਰੀ ਦੇ ਸ਼ੀਸ਼ਿਆਂ ਉਤੇ ਬਰਫ਼ ਦੇ ਫੁਲ ਕਿਥੋਂ ਆਉਂਦੇ ਹਨ ?" ਅੰਮਾਂ ਨੇ ਕਿਹਾ : "ਕਕਰ ਦਾਦੇ ਦਾ ਇਕ ਨਿਕਾ ਪੋਤਰਾ ਉਹਨਾਂ ਨੂੰ ਵਾਹੁੰਦਾ ਹੈ। ਉਹ ਰਾਤ ਨੂੰ ਆਪਣੇ ਦਾਦੇ ਦੇ ਨਾਲ ਥਾਉਂ ਥਾਈਂ ਜਾਂਦਾ ਹੈ ਅਤੇ ਬਾਰੀਆਂ ਦੇ ਸ਼ੀਸ਼ਿਆਂ ਉਤੇ ਫੁਲ ਵਾਹ ਦੇਂਦਾ ਹੈ।..." ਮੈਂ ਇਹ ਵੇਖਣਾ ਚਾਹਿਆ ਉਹ ਅਜਿਹਾ ਕਿਵੇਂ ਕਰਦਾ ਹੈ। ਮੈਂ ਸੌਣ ਲਈ ਲੇਟ ਗਈ ਪਰ ਮੈਂ ਆਪਣੀਆਂ ਅਖਾਂ ਬੰਦ ਨਾ ਕੀਤੀਆਂ। ਬਾਰੀ ਤੋਂ ਪਰ੍ਹੇ ਰੁਖ ਚੁਕ ਰਿਹਾ ਸੀ। ਨਿਕਾ ਮੁੰਡਾ ਬਾਰੀ ਕੋਲ ਆਇਆ। ਉਹਨੇ ਸ਼ੀਸ਼ੇ ਉਤੇ ਚਾਂਦੀ ਦੀ ਪੈਨਸਲ ਨਾਲ ਫੁਲ ਵਾਹੇ ਅਤੇ ਹੌਲੀ ਹੌਲੀ ਗਾਉਂਦਾ ਰਿਹਾ। ਮੈਂ ਵੇਖਿਆ ਕਿ ਉਹਨੇ ਅਦਭੁਤ ਫੁਲ ਵਾਹਿਆ ਹੈ। ਇਹ ਚੌੜਾ ਸੀ, ਚੌੜੇ ਪਤੇ ਅਤੇ ਨਿਕੀਆਂ ਪੰਖੜੀਆਂ। ਸਵੇਰੇ ਸੂਰਜ ਚਮਕਣ ਲਗ ਪਿਆ ਅਤੇ ਇਉਂ ਜਾਪਿਆ ਜਿਵੇਂ ਫੁਲ ਜੀ ਰਿਹਾ ਹੋਵੇ। ਪਤਾ ਨਹੀਂ ਮੈਂ ਇਹ ਸੁਪਨਾ ਲਿਆ ਜਾਂ ਸਚ ਮੁਚ ਵੇਖਿਆ।

## ਸਿਆਲ ਦੇ ਮਧ ਵਿਚ ਫੁਲਾਂ ਦਾ ਸੰਸਾਰ (ਗਾਲੀਆ, ਤੀਜੀ ਸ਼੍ਰੇਣੀ)

ਪਤ-ਝੜ ਦੀ ਰੁਤੇ ਗਰਮਖ਼ਾਨੇ ਦੇ ਨੇੜੇ ਗੁਲ-ਦਾਊਦੀ ਦੇ ਫੁਲ ਖਿੜੇ। ਉਹ ਠੰਢੀਆਂ ਧੁੰਦਾਂ ਤੋਂ ਨਹੀਂ ਸਨ ਡਰਦੇ। ਪਰ ਫਿਰ ਉਤਰ ਤੋਂ ਕਕਰ ਆਇਆ। ਬਾਲਟੀ ਵਿਚ ਪਾਣੀ ਜੰਮ ਗਿਆ। ਸਾਨੂੰ ਗੁਲ-ਦਾਊਦੀਆਂ ਨੂੰ ਠੰਢ ਤੋਂ ਬਚਾਉਣਾ ਪੈਣਾ ਸੀ। ਅਸਾਂ ਉਹਨਾਂ ਨੂੰ ਗਮਲਿਆਂ ਵਿਚ ਲਾਇਆ ਅਤੇ ਉਹਨਾਂ ਨੂੰ ਗਰਮਖ਼ਾਨੇ ਵਿਚ ਰਖ ਦਿਤਾ। ਗੁਲ-ਦਾਊਦੀ ਦੇ ਬੂਟੇ ਫਿਰ ਹਰੇ ਹੋ ਗਏ ਅਤੇ ਖਿੜ ਪਏ। ਜਦੋਂ ਮੈਂ ਸਵੇਰੇ ਜਾਗੀ ਤਾਂ ਮੈਂ ਧਰਤੀ ਉਤੇ ਬਰਫ਼ ਵੇਖੀ। ਬਰਫ਼ ਅਤੇ ਧੁਪ। ਮੈਂ ਕਾਹਲੀ ਕਾਹਲੀ ਨਠਦੀ ਹੋਈ ਗਰਮਖ਼ਾਨੇ ਵਲ ਗਈ। ਗੁਲ-ਦਾਊਦੀ ਦੇ ਫੁਲ ਖਿੜੇ ਹੋਏ ਸਨ : ਚਿਟੇ, ਅਸਮਾਨੀ ਅਤੇ ਗੂੜ੍ਹੇ ਨੀਲੇ। ਅਤੇ ਸ਼ੀਸ਼ਿਆਂ ਤੋਂ ਪਾਰ ਬਰਫ਼ ਸੀ। ਲਿਸ਼ਕਦੀ ਧੁਪ ਨੂੰ ਵੇਖ ਕੇ ਗੁਲ-ਦਾਊਦੀ ਦੇ ਫੁਲ ਹਸੇ।

## ਅਸੀਂ ਖੇਤ ਵਿਚੋਂ ਕਿਵੇਂ ਗਏ (ਪਾਵਲੋ, ਦੂਜੀ ਸ਼੍ਰੇਣੀ)

ਹੁਨਾਲ ਵਿਚ ਅੰਮਾਂ ਅਤੇ ਮੈਂ ਚਾਰਾ ਕਟਣ ਲਈ ਖੇਤ ਵਿਚ ਗਏ। ਮਾਮਾ ਨੇ ਚਾਰਾ ਇਕ ਵਡੇ ਗਡੇ ਉਤੇ ਲੇਟਿਆ। ਉਹਨੇ ਚਾਰੇ ਨੂੰ ਰਸੀ ਨਾਲ

ਬੰਨ੍ਹ ਦਿਤਾ। ਘੋੜੇ ਹੌਲੀ ਹੌਲੀ ਚਲ ਰਹੇ ਸਨ। ਅਸੀਂ ਉਚੇ, ਉਚੇ ਚਾਰੇ ਦੇ ਉਤੇ ਬੈਠੇ ਸਾਂ। ਸੂਰਜ ਡੁਬ ਗਿਆ ਅਤੇ ਅਸਮਾਨ ਵਿਚ ਤਾਰੇ ਨਿਕਲ ਆਏ। ਮੈਂ ਚਾਰੇ ਉਤੇ ਲੇਟ ਗਿਆ। ਸਾਡਾ ਗਡਾ ਇਕ ਵਡੀ ਬੇੜੀ ਬਣ ਗਿਆ। ਅਸੀਂ ਸਮੁੰਦਰ ਦੇ ਸਫ਼ਰ ਉਤੇ ਗਏ। ਤਾਰੇ ਸਾਡੇ ਸਿਰਾਂ ਉਤੇ ਸਨ। ਤੁਸੀਂ ਹਥ ਵਧਾਕੇ ਇਕ ਨਿਕਾ ਤਾਰਾ ਫੜ ਸਕਦੇ ਧਾਓ। ਹਰਾ ਤਟ ਕਿਧਰੇ ਦੂਰ ਸੀ। ਉਥੇ ਇਕ ਬਟੇਰਾ ਗੁਟਕ ਰਿਹਾ ਸੀ ਅਤੇ ਟਿਡੇ ਆਪਣੀਆਂ ਵਾਇਲਨਾਂ ਵਜਾ ਰਹੇ ਸਨ। ਸਾਡੀ ਬੇੜੀ ਰੁਕ ਗਈ ਅਤੇ ਤਾਰੇ ਟਿਮਕਣ ਲਗ ਪਏ। ਬੇੜੀ ਤਟ ਤੇ ਅਪੜ ਗਈ। ਅੰਮਾਂ ਖੜੀ ਹੋ ਗਈ ਪਰ ਮੈਂ ਅਜੇ ਕੁਝ ਦੇਰ ਲੇਟਿਆ ਰਹਿਣਾ ਚਾਹੁੰਦਾ ਸਾਂ।

## ਪਤ-ਝੜ ਦਾ ਬਦਲਵਾਈ ਦਾ ਦਿਨ
## (ਸ਼ੁਰਾ, ਤੀਜੀ ਸ਼੍ਰੇਣੀ)

ਦਿਨ ਛੁਟੇਰੇ ਅਤੇ ਰਾਤਾਂ ਲੰਮੇਰੀਆਂ ਹੁੰਦੀਆਂ ਗਈਆਂ। ਸਵੇਰਾਂ ਨੂੰ ਦਰਿਆ ਉਤੇ ਧੁੰਦ ਤੈਰਦੀ ਸੀ। ਸੂਰਜ ਕਿਥੇ ਗਿਆ ? ਉਹ ਵਿਲ੍ਹੂੰਧਰੇ ਬਦਲਾਂ ਨੂੰ ਖਿੰਡਾਉਂਦਾ ਕਿਉਂ ਨਹੀਂ ? ਅਸਮਾਨ ਤੋਂ ਪਤ-ਝੜ ਦੀ ਬੂਰ ਪੈ ਰਹੀ ਸੀ। ਰੁਖ ਟਹਿਣੀਆਂ ਹੇਠ ਲਟਕਾਕੇ ਖੜੇ ਸਨ। ਪਤੇ ਡਿਗ ਗਏ। ਟਹਿਣੀਆਂ ਉਤੇ ਵਡੇ ਤੁਪਕੇ ਲਟਕੇ ਹੋਏ ਸਨ। ਦੂਰ ਧੁੰਦ ਵਿਚ ਇਕ ਸਮੁੰਦਰੀ ਅਬਾਬੀਲ ਕੂਕੀ। ਸ਼ਾਇਦ ਉਹ ਉਡਕੇ ਦਖਣ ਨਹੀਂ ਸੀ ਜਾ ਸਕਦੀ ਅਤੇ ਲੋਕਾਂ ਅਗੇ ਸ਼ਿਕਾਇਤ ਕਰ ਰਹੀ ਸੀ। ਜੰਗਲ ਵਿਚ ਕਿੰਨੀ ਚੁਪ ਸੀ। ਚਕੀਰਾਹ ਦੇ ਠੁੰਗੇ ਜੰਗਲ ਵਿਚ ਕਈ ਵਾਰ ਗੂੰਜੇ ਅਤੇ ਫਿਰ ਖ਼ਤਮ ਹੋ ਗਏ। ਪਤਿਆਂ ਉਤੇ ਬਲੂਤ ਦੇ ਸੁਨਹਿਰੀ ਫਲ ਡਿਗੇ। ਸਾਰੀ ਦੁਨੀਆਂ ਚਿਟੀ ਕੁਹੀਰ ਨਾਲ ਕਜੀ ਹੋਈ ਸੀ।

## ਪਤ-ਝੜ ਕਦੋਂ ਸ਼ੁਰੂ ਹੁੰਦੀ ਹੈ
## (ਸੇਰਯੋਜ਼ਾ, ਚੌਥੀ ਸ਼੍ਰੇਣੀ)

ਸਵੇਰੇ ਉਤੇਜਤ ਹੋਈਆਂ ਅਬਾਬੀਲਾਂ ਪਿੰਡ ਉਤੇ ਉਡਦੀਆਂ ਰਹੀਆਂ। ਫਿਰ ਉਹ ਇਕ ਵਡੀ ਡਾਰ ਵਿਚ ਇਕਠੀਆਂ ਹੋ ਗਈਆਂ। ਉਹ ਇਕ ਪਾਲ ਵਿਚ ਟੈਲੀਫੋਨ ਦੀਆਂ ਤਾਰਾਂ ਉਤੇ ਬੈਠੀਆਂ ਅਤੇ ਕਿਸੇ ਗਲ ਸੰਬੰਧੀ ਮਧਮ ਜਿਹੀ ਚੀਂ ਚੀਂ ਕੀਤੀ। ਉਹ ਸਿਆਲ ਲਈ ਦਖਣ ਵਲ ਉਡ ਜਾਣ ਬਾਬਤ ਫ਼ੈਸਲਾ ਕਰ ਰਹੀਆਂ ਸਨ। ਅਗਲੇ ਦਿਨ ਉਹ ਚਲੀਆਂ ਵੀ ਗਈਆਂ ਸਨ। ਉਹ ਕਿਥੇ ਗਈਆਂ ਸਨ ? ਅਤੇ ਉਹਨਾਂ ਨੂੰ ਕਿਵੇਂ ਪਤਾ ਲਗ ਗਿਆ ਕਿ

ਪਤ-ਝੜ ਨੇੜੇ ਆ ਰਹੀ ਹੈ ਕਿਉਂਕਿ ਦਿਨ ਅਜੇ ਨਿਘੇ ਸਨ। ਸੂਰਜ ਪਲੋਸਦਾ ਹੋਇਆ ਹਸਦਾ ਸੀ। ਮੈਨੂੰ ਪਤ-ਝੜ ਦੀਆਂ ਲਿਸ਼ਕਦੀਆਂ ਸ਼ਾਮਾਂ ਨਾਲ ਪਿਆਰ ਹੈ। ਧੁੰਦਲਕੇ ਦੇ ਕਿਰਮਚੀ ਰੰਗ ਵਧੇਰੇ ਸਮਾਂ ਚਹਿਕਦੇ ਹਨ। ਅਤੇ ਸਫ਼ੇਦੇ ਦੇ ਪਤੇ ਕਿਰਮਚੀ ਦਿਸਦੇ ਹਨ। ਉਹ ਸੂਰਜ ਡੁਬਣ ਦਾ ਪ੍ਰਤਿਬਿੰਬ ਹਨ। ਕੇਵਲ ਛਪੜ ਉਤੇ ਹੀ ਸ਼ਾਮ ਨੂੰ ਖਪ ਹੁੰਦੀ ਹੈ: ਦਖਣ ਵਲ ਉਡ ਰਹੇ ਪੰਛੀ ਉਥੇ ਸੌਂਦੇ ਹਨ। ਸਵੇਰੇ ਦੇ ਨੇੜੇ ਛਪੜ ਉਤੇ ਧੁੰਦ ਦਾ ਕਜਣ ਪਿਆ ਹੁੰਦਾ ਹੈ। ਤ੍ਰੇਲ ਕੁਝ ਕੁਝ ਭੂਰੀ ਹੁੰਦੀ ਹੈ, ਹੁਨਾਲ ਜਿਹੀ ਨਹੀਂ ਹੁੰਦੀ। ਪਤ-ਝੜ ਸ਼ੁਰੂ ਹੋ ਰਹੀ ਹੈ।

## ਜੀਵਨ ਵਿਚ ਮੁਖ ਗਲ ਕੀ ਹੈ
## (ਵਾਰੀਆ, ਚੌਥੀ ਸ਼੍ਰੇਣੀ)

ਜੀਵਨ ਵਿਚ ਮੁਖ ਗਲ ਕੀ ਹੈ? ਖਾਣ-ਪੁਟ ਕਹਿੰਦੇ ਹਨ ਮੁਖ ਗਲ ਕੋਲਾ ਹੈ। ਜੇ ਕੋਲਾ ਨਾ ਹੋਵੇ ਤਾਂ ਮਸ਼ੀਨਾਂ ਰੁਕ ਜਾਣਗੀਆਂ; ਧਾਤ ਨਹੀਂ ਹੋਵੇਗੀ ਅਤੇ ਲੋਕ ਯਖ਼ ਹੋ ਜਾਣਗੇ।

ਧਾਤਾਂ ਦੇ ਕਿਰਤੀ ਕਹਿੰਦੇ ਹਨ ਮੁਖ ਗਲ ਧਾਤ ਹੈ। ਧਾਤ ਤੋਂ ਬਿਨਾਂ ਨਾ ਮਸ਼ੀਨਾਂ ਹੁੰਦੀਆਂ, ਨਾ ਕੋਲਾ, ਨਾ ਰੋਟੀ ਅਤੇ ਨਾ ਕਪੜੇ।

ਕਿਸਾਨ ਕਹਿੰਦੇ ਹਨ ਮੁਖ ਗਲ ਖਾਣਾ ਹੈ। ਖਾਣੇ ਤੋਂ ਬਿਨਾਂ ਕੋਈ ਵੀ ਕੰਮ ਨਾ ਕਰ ਸਕਦਾ—ਨਾ ਖਾਣ-ਪੁਟ, ਜਾਂ ਧਾਤਾਂ ਦੇ ਕਿਰਤੀ, ਜਾਂ ਪਾਈਲਾਟ ਜਾਂ ਸਰਹਦਾਂ ਦੇ ਰਾਖੇ।

ਉਹਨਾਂ ਵਿਚੋਂ ਕੌਣ ਠੀਕ ਹੈ? ਜੀਵਨ ਵਿਚ ਮੁਖ ਗਲ ਕੀ ਹੈ? ਮੁਖ ਗਲ ਕਿਰਤ ਹੈ। ਕਿਰਤ ਤੋਂ ਬਿਨਾਂ ਨਾ ਕੋਲਾ ਹੋਵੇਗਾ, ਨਾ ਧਾਤ ਅਤੇ ਨਾ ਖਾਣਾ।

## ਅਗ ਦਾ ਘੋੜਾ (ਸਾਨੀਆ, ਚੌਥੀ ਸ਼੍ਰੇਣੀ)

ਅੰਮਾਂ ਨੇ ਇਹ ਗਲ ਮੈਨੂੰ ਦਸੀ। ਜਦੋਂ ਪਿੰਡ ਵਿਚ ਪਹਿਲਾ ਪੰਚਾਇਤੀ ਫ਼ਾਰਮ ਬਣਾਇਆ ਗਿਆ ਤਾਂ ਕਿਸਾਨਾਂ ਨੇ ਇਕ ਘੋੜਾ ਖ਼ਰੀਦਿਆ। ਉਹਦਾ ਨਾਂ ਅਗ ਸੀ। ਕੋਈ ਉਹਨੂੰ ਕਾਬੂ ਨਾ ਕਰ ਸਕਿਆ। ਸਭ ਤੋਂ ਦਲੇਰ ਅਤੇ ਅਨੁਭਵੀ ਲੋਕ ਅਗ ਦੇ ਨੇੜੇ ਜਾਣੋਂ ਡਰਦੇ। ਉਹ ਆਪਣੇ ਸੁੰਮ ਧਰਤੀ ਉਤੇ ਮਾਰਦਾ, ਦੰਦਾਂ ਨਾਲ ਵਢਦਾ ਅਤੇ ਹਿਣ-ਹਿਣਾਉਂਦਾ।

ਇਹਦੇ ਬਾਵਜੂਦ ਜੁਆਨਾਂ ਵਿਚੋਂ ਇਕ ਨੇ ਜਿਸਦਾ ਨਾਂ ਯੁਰਕੋ ਸੀ ਅਥਰੇ, ਘੋੜੇ ਉਤੇ ਕਾਠੀ ਪਾ ਹੀ ਲਈ। ਉਹ ਗਰਜਿਆ ਅਤੇ ਹਿਣ-ਹਿਣਾਇਆ,

ਸੜਕ ਉਤੇ ਛਾਲ ਮਾਰੀ ਅਤੇ ਯੂਰਕੋ ਨੂੰ ਹੇਠਾਂ ਸੁਟ ਦਿਤਾ। ਉਹ ਕਈ ਵੇਰਸਤ * ਨਠਦਾ ਗਿਆ ਅਤੇ ਪਿੰਡ ਦੇ ਕੰਢੇ ਖੜਾ ਹੋ ਗਿਆ। ਦੋ ਨਿਕੇ ਬਚੇ ਸੜਕ ਦੇ ਵਿਚਕਾਰ ਖੇਡ ਰਹੇ ਸਨ। ਉਹ ਨਠ ਕੇ ਘੋੜੇ ਕੋਲ ਗਏ ਅਤੇ ਉਹਦੀਆਂ ਅਗਲੀਆਂ ਲਤਾਂ ਦੁਆਲੇ ਕਲਾਵੇ ਪਾ ਲਏ। ਉਹਨਾਂ ਦੀ ਮਾਂ ਦਾ ਦਿਲ ਡਰ ਨਾਲ ਸਹਿਮ ਗਿਆ। ਉਹਨੇ ਸੋਚਿਆ ਕਿ ਘੋੜਾ ਉਹਦੇ ਬਚਿਆਂ ਨੂੰ ਮਾਰ ਦੇਵੇਗਾ ਜਾਂ ਪੈਰਾਂ ਹੇਠ ਮਧੋਲ ਦੇਵੇਗਾ। ਪਰ ਘੋੜਾ ਚੁਪ ਚਾਪ ਖੜਾ ਰਿਹਾ। ਉਹਨੇ ਆਪਣੀਆਂ ਲਤਾਂ ਹਿਲਾਈਆਂ ਅਤੇ ਫਿਰ ਖੜਾ ਹੋ ਗਿਆ। ਉਹਨੇ ਕਾਣੀ ਅਖ ਨਾਲ ਬਚਿਆਂ ਵਲ ਵੇਖਿਆ ਜਿਵੇਂ ਉਹਨਾਂ ਨੂੰ ਛੂਹਣੋਂ ਡਰਦਾ ਹੋਵੇ। ਪਰ ਬਚੇ ਖੇਡੀ ਗਏ। ਅਗ ਧਿਆਨ ਨਾਲ ਬਚਿਆਂ ਦੁਆਲਿਓਂ ਲੰਘਿਆ ਅਤੇ ਪਿੰਡ ਵਿਚੋਂ ਨਠਦਾ ਗਿਆ। ਉਹਨਾਂ ਉਹਨੂੰ ਫੜ ਲਿਆ ਅਤੇ ਅਸਤਬਲ ਵਿਚ ਬੰਦ ਕਰ ਦਿਤਾ।

## ਝਾਉ (ਛੇਵੀਆ, ਚੌਥੀ ਸ਼੍ਰੇਣੀ)

ਸਾਡੀ ਬਰਸਾਤੀ ਹੇਠ ਕੁਝ ਝਾਉ ਰਹਿੰਦੇ ਸਨ। ਸ਼ਾਮ ਨੂੰ ਸਾਰਾ ਟਬਰ ਨਿਕੇ ਘੁਰਨੇ ਵਿਚੋਂ ਬਾਹਰ ਆਉਂਦਾ ਹੈ ਅਤੇ ਛਪੜ ਵਲ ਚਲ ਪੈਂਦਾ ਹੈ। ਬੁਢਾ ਝਾਉ ਅਗੇ ਲਗੇ ਜਾਂਦਾ ਹੈ ਅਤੇ ਪੰਜ ਨਿਕੇ ਝਾਉ ਉਹਦੇ ਪਿਛੇ ਪਿਛੇ ਜਾਂਦੇ ਹਨ। ਝਾਉ ਅੰਮਾਂ ਅਖ਼ੀਰ ਉਤੇ ਹੁੰਦੀ ਹੈ। ਉਹ ਉਥੇ ਜਾਕੇ ਕੀ ਕਰਦੇ ਹਨ? ਮੈਂ ਧਿਆਨ ਨਾਲ ਵੇਖਿਆ ਅਤੇ ਪਤਾ ਲਗਾ ਕਿ ਉਥੇ ਉਹ ਪਾਣੀ ਪੀਂਦੇ ਅਤੇ ਮੂੰਹ ਹਥ ਧੋਂਦੇ ਹਨ। ਫਿਰ ਉਹ ਆਪਣੇ ਨਿਕੇ ਪੰਜਿਆਂ ਨਾਲ ਧਰਤੀ ਪੁਟਦੇ ਹਨ ਅਤੇ ਖਾਣ ਲਈ ਕੁਝ ਜੜ੍ਹਾਂ ਲਭ ਲੈਂਦੇ ਹਨ। ਅਬਾ ਅਤੇ ਅੰਮਾਂ ਝਾਉ ਇਹ ਕੰਮ ਕਰਦੇ ਹਨ। ਪਰ ਨਿਕੇ ਝਾਉ ਖੇਡਦੇ ਅਤੇ ਕਲੋਲ ਕਰਦੇ ਹਨ। ਉਹਨਾਂ ਇਕ ਸ਼ਾਂਤ ਨੁਕਰ ਲਭ ਲਈ ਹੈ ਜਿਥੇ ਕੋਈ ਨਹੀਂ ਜਾਂਦਾ।

ਇਕ ਦਿਨ ਇਕ ਕੁਤਾ ਆਇਆ। ਉਹ ਨਠ ਕੇ ਬੁਢੇ ਝਾਉ ਕੋਲ ਗਿਆ। ਉਹ ਗੁਛਾ-ਮੁਛਾ ਹੋਕੇ ਗੋਂਦ ਬਣ ਗਿਆ ਅਤੇ ਚੁਪ ਚਾਪ ਬੈਠਾ ਰਿਹਾ। ਅਤੇ ਸਾਰੇ ਝਾਉ ਗੋਂਦ ਬਣ ਗਏ। ਕੁਤੇ ਨੇ ਬੁਢੇ ਝਾਉ ਨੂੰ ਫੜ ਲਿਆ ਅਤੇ ਝਪੜ ਵਿਚ ਸੁਟ ਦਿਤਾ, ਪਰ ਝਾਉ ਤੈਰ ਕੇ ਬਾਹਰ ਆ ਗਿਆ। ਫਿਰ ਕੁਤਾ ਉਹਦੇ ਨਾਲ ਛੇੜ ਛਾੜ ਕਰਨ ਲਗ ਪਿਆ ਪਰ ਮੈਂ ਕੁਤੇ ਨੂੰ ਭਜਾ ਦਿਤਾ।

---

* ਫ਼ਾਸਲੇ ਦਾ ਇਕ ਪੁਰਾਣਾ ਰੂਸੀ ਨਾਪ ਜਿਹੜਾ ਇਕ ਕਿਲੋਮੀਟਰ ਨਾਲੋਂ ਕੁਝ ਵਧ ਹੁੰਦਾ ਸੀ। — ਅਨੁ:

ਅਗਲੀ ਬਸੰਤ ਰੁਤੇ ਕੇਵਲ ਬੁਢਾ ਝਾਊ ਹੀ ਬਰਸਾਤੀ ਹੇਠ ਰਹਿ ਰਿਹਾ ਸੀ। ਬਾਕੀ ਕਿਥੇ ਗਏ ? ਸ਼ਾਇਦ ਉਹ ਹੋਰ ਥਾਵਾਂ ਉਤੇ ਚਲੇ ਗਏ ਸਨ। ਪਰ ਬੁਢਾ ਝਾਊ ਉਥੋਂ ਜਾਣਾ ਨਹੀਂ ਸੀ ਚਾਹੁੰਦਾ। ਮੈਂ ਬਰਸਾਤੀ ਦੇ ਨੇੜੇ ਦੁਧ ਨਾਲ ਭਰੀ ਇਕ ਪਿਰਚ ਰਖ ਦਿਤੀ। ਝਾਊ ਨੇ ਦੁਧ ਪੀ ਲਿਆ। ਉਹਨੇ ਮੈਥੋਂ ਡਰਨਾ ਛਡ ਦਿਤਾ। ਮੈਂ ਉਹਨੂੰ ਹੌਲੀ ਹੌਲੀ ਅੰਦਰ ਲੈ ਆਇਆ। ਮੈਂ ਲੈਂਪ ਬਾਲਿਆ। ਝਾਊ ਲੌਅ ਦੇ ਸਾਹਮਣੇ ਖੜਾ ਹੋ ਗਿਆ ਅਤੇ ਵੇਖਣ ਲਗ ਪਿਆ। ਮੈਂ ਇਕ ਪੁਰਾਣਾ ਅਖ਼ਬਾਰ ਫ਼ਰਸ਼ ਉਤੇ ਰਖ ਦਿਤਾ। ਝਾਊ ਉਹਦੇ ਨਾਲ ਖੇਡਣ ਲਗ ਪਿਆ। ਰਾਤ ਨੂੰ ਉਹ ਬਰਸਾਤੀ ਹੇਠਾਂ ਆਪਣੇ ਘਰ ਚਲਾ ਗਿਆ।

## ਆਰਤੇਮ ਮਿਖ਼ਾਈਲੋਵਿਚ — ਬੁਦਿਓਨੀ ਦਾ ਇਕ ਫ਼ੌਜੀ
## (ਦਾਨਕੋ, ਚੌਥੀ ਸ਼੍ਰੇਣੀ)

ਆਰਤੇਮ ਮਿਖ਼ਾਈਲੋਵਿਚ ਸਾਡੇ ਨਨ੍ਹੇ ਪਾਉਨੀਅਰਾਂ ਦੀ ਇਕ ਇਕਤ੍ਰਤਾ ਵਿਚ ਆਇਆ। ਉਹ ਪੰਚਾਇਤੀ ਫ਼ਾਰਮ ਦੇ ਸਬਜ਼ੀਆਂ ਦੇ ਖੇਤਾਂ ਵਿਚ ਕੰਮ ਕਰਦਾ ਹੈ। ਅਸੀਂ ਸਮਝਦੇ ਸਾਂ ਕਿ ਉਹ ਨਿਰਾ ਪੂਰਾ ਦਾਦਾ ਹੀ ਹੈ ਪਰ ਉਹ ਬੁਦਿਓਨੀ ਦਾ ਇਕ ਫ਼ੌਜੀ ਸੀ, ੧੯੧੯-੨੨ ਦੀ ਖ਼ਾਨਾ-ਜੰਗੀ ਦਾ ਸੂਰਮਾ। ਉਹਨੇ ਦਸਿਆ ਕਿਵੇਂ ਉਹ ਸੂਹ ਕਢਣ ਗਿਆ ਅਤੇ ਚਿਟੇ ਗਾਰਡਾਂ ਉਤੇ ਹਮਲਾ ਕੀਤਾ ਸੀ। ਇਕ ਦਿਨ ਉਹ ਫਟੜ ਹੋ ਗਿਆ ਅਤੇ ਜਰਨੈਲ ਦੇਨੀਕਿਨ ਦੇ ਫ਼ੌਜੀਆਂ ਨੇ ਉਹਨੂੰ ਕੈਦੀ ਬਣਾ ਲਿਆ। ਉਹ ਗੋਲੀ ਮਾਰਨ ਲਈ ਉਹਨੂੰ ਬਾਹਰ ਲੈ ਗਏ। ਪਰ ਉਹਨਾਂ ਉਹਨੂੰ ਕਤਲ ਨਾ ਕੀਤਾ, ਸਖ਼ਤ ਫਟੜ ਕਰਕੇ ਛਡ ਗਏ। ਰਾਤ ਨੂੰ ਉਹ ਰਿੜ੍ਹ ਕੇ ਉਥੋਂ ਚਲਾ ਗਿਆ ਅਤੇ ਇਕ ਕਿਸਾਨ ਦੀ ਕੁਲੀ ਵਿਚ ਸਹਾਇਤਾ ਮੰਗੀ। ਉਹ ਉਹਨੂੰ ਮਿਆਨੀ ਵਿਚ ਲੈ ਗਏ ਅਤੇ ਉਹਨੂੰ ਰਾਜ਼ੀ ਕੀਤਾ। ਉਹ ਇਕ ਵਾਰ ਫਿਰ ਚਿਟੇ ਗਾਰਡਾਂ ਵਿਰੁਧ ਲੜਣ ਗਿਆ। ਸਾਡਾ ਦਾਦਾ ਆਰਤੇਮ ਸਿਖ਼ਾਈਲੋਵਿਚ ਅਜਿਹਾ ਬੰਦਾ ਏ। ਮੈਂ ਉਹਦੇ ਜਿਹਾ ਬਣਨਾ ਚਾਹੁੰਦਾ ਹਾਂ।

## ਜਿਤ ਦਿਵਸ ਦੇ ਜਸ਼ਨ
## (ਵੋਲੋਦੀਆ, ਤੀਜੀ ਸ਼੍ਰੇਣੀ)

ਜਿਤ ਦਿਵਸ ਆਇਆ। ਇਸ ਦਿਨ ਯੁਧ ਖ਼ਤਮ ਹੋਇਆ ਸੀ। ਸਾਡੀ ਸੋਵੀਅਤ ਫ਼ੌਜ ਫ਼ਾਸ਼ਿਸਟਾਂ ਉਤੇ ਜੇਤੂ ਹੋਈ ਸੀ। ਬੰਬ ਅਤੇ ਗੋਲੇ ਫਟਣੇ ਬੰਦ

ਹੋ ਗਏ। ਹੁਣ ਹਰ ਵਰ੍ਹੇ ਇਸ ਦਿਨ ਲੋਕ ਆਪਣੀ ਜਿਤ ਦਾ ਜਸ਼ਨ ਮਨਾਉਂਦੇ ਹਨ ਅਤੇ ਉਹਨਾਂ ਨੂੰ ਯਾਦ ਕਰਦੇ ਹਨ ਜਿਹੜੇ ਮਾਰੇ ਗਏ। ਵ. ਇ. ਲੈਨਿਨ ਨੇ ਸਾਡੀ ਕਮਿਊਨਿਸਟ ਪਾਰਟੀ ਦੀ ਨੀਂਹ ਰਖੀ ਅਤੇ ਆਮ ਲੋਕਾਂ ਨੂੰ ਕਿਹਾ: "ਯੂਕਰੇਨੀਓ, ਰੂਸੀਓ, ਬਾਇਲੋਰੂਸੀਓ, ਜਾਰਜੀਆਇਓ ਅਤੇ ਮੋਲਦਾਵੀ-ਆਈਓ — ਅਮਨ ਨਾਲ ਰਹੋ ਤਾਂ ਕੋਈ ਤੁਹਾਨੂੰ ਹਰਾ ਨਹੀਂ ਸਕਦਾ।"

ਅਸਾਂ ਸਮੂਹਕ ਲੇਖ ਲਿਖੇ। ਇਕ ਬਦਲਵਾਈ ਵਾਲੇ ਦਿਨ ਬਚੇ ਮਘਦੀ ਅੰਗੀਠੀ ਦੁਆਲੇ ਸੁਪਨਿਆਂ ਦੀ ਨੁਕਰ ਵਿਚ ਬੈਠੇ ਸਨ। ਮੈਂ ਤਪਤ-ਤੜਾਗ ਦੇ ਦੁਰਾਡੇ ਟਾਪੂਆਂ ਸੰਬੰਧੀ ਦਸਿਆ। ਇਹਨਾਂ ਯਾਦਾਂ ਤੋਂ ਇਕ ਲੇਖ ਨੇ ਜਨਮ ਲਿਆ ਅਤੇ ਪਿਛੋਂ ਬਚਿਆਂ ਨੇ ਇਹਨੂੰ "ਸਾਡੀ ਮਾਤ-ਭਾਸ਼ਾ" ਨਾਂ ਦੀ ਕਾਪੀ ਵਿਚ ਲਿਖਿਆ।

## ਅਸੀਂ ਹਦਵਾਣਿਆਂ ਦੇ ਖੇਤ ਵਿਚ ਕਿਵੇਂ ਰਹਿੰਦੇ ਹਾਂ

ਵਡੇ ਹਦਵਾਣੇ ਗਰਮ ਧਰਤੀ ਉਤੇ ਪਏ ਸਨ। ਨੀਲੇ, ਹਰੇ ਅਤੇ ਹਲਕੇ ਨੀਲੇ। ਸਵੇਰੇ ਉਹ ਤ੍ਰੇਲ-ਤੁਪਕਿਆਂ ਨਾਲ ਕਜੇ ਹੁੰਦੇ। ਅਤੇ ਘਾਹ ਉਤੇ ਅਤੇ ਸਾਡੀ ਕੁਲੀ ਉਤੇ ਤ੍ਰੇਲ ਸੀ। ਦਾਨਕੋ ਸਵੇਰੇ ਬਹੁਤ ਛੇਤੀ ਜਾਗ ਪਿਆ ਅਤੇ ਇਕ ਵਡਾ ਹਦਵਾਣਾ ਲਿਆਇਆ। ਉਹਨੇ ਇਹਦੇ ਟੋਟੇ ਕੀਤੇ। ਜਿਉਂ ਹੀ ਕੋਈ ਜਾਗਦਾ ਉਹ ਉਹਨੂੰ ਠੰਢਾ ਹਦਵਾਣਾ ਦੇਂਦਾ। ਉਹਨੇ ਕਿਹਾ "ਜਿਹੜਾ ਸਭ ਤੋਂ ਪਿਛੋਂ ਜਾਗੇਗਾ ਉਹਨੂੰ 'ਬੁਢਾ', ਹਦਵਾਣੇ ਦੀ ਗੁਲੀ, ਮਿਲੇਗੀ।" ਸਾਸ਼ਾ ਤੋਂ ਬਿਨਾਂ ਸਾਰੇ ਜਾਗ ਪਏ। ਅਸੀਂ ਬਹਿਕੇ ਉਡੀਕਦੇ ਰਹੇ — ਉਹ ਕਦੋਂ ਜਾਗੇਗਾ? ਅਸੀਂ ਉਡੀਕਦੇ ਥਕ ਗਏ ਅਤੇ 'ਬੁਢਾ' ਖਾ ਲਿਆ। ਅਸੀਂ ਇਕ ਹੋਰ ਹਦਵਾਣਾ ਲਿਆਏ। ਉਹਦੀ ਗੁਲੀ ਅਸਾਂ ਉਹਨੂੰ ਦਿਤੀ।

ਸਵੇਰ ਸ਼ਾਂਤ ਅਤੇ ਧੁੰਦਲੀ ਸੀ। ਧੁੰਦ ਦਰੁਗ ਵਿਚੋਂ ਤੈਰਦੀ ਹੋਈ ਆਈ ਅਤੇ ਹਦਵਾਣਿਆਂ ਦੇ ਸਾਰੇ ਖੇਤ ਉਤੇ ਫੈਲ ਗਈ। ਸੂਰਜ ਨੇ ਬਦਲਾਂ ਵਿਚੋਂ ਝਾਕਿਆ ਅਤੇ ਹਦਵਾਣਿਆਂ ਉਤੇ ਲਿਸ਼ਕਿਆ। ਇਉਂ ਜਾਪਿਆ ਜਿਵੇਂ ਉਹ ਹਦਵਾਣੇ ਨਹੀਂ ਸਨ ਸਗੋਂ ਚਿਟੇ ਦਰਿਆ ਵਿਚ ਤੈਰਦੇ ਗੂੜ੍ਹੇ ਨੀਲੇ, ਹਰੇ ਅਤੇ ਭੂਰੇ ਸ਼ੀਸ਼ੇ ਦੇ ਗੋਲੇ ਸਨ।

ਦਿਨੇ ਹਦਵਾਣਿਆਂ ਦੇ ਖੇਤ ਉਤੇ ਗਰਮ ਹਵਾ ਚਲਦੀ। ਨੀਲੇ ਅਸਮਾਨ ਵਿਚ ਚੰਡੋਲ ਗਾਉਂਦੇ। ਉਹ ਹਦਵਾਣਿਆਂ ਦੇ ਖੇਤ ਵਿਚ ਕਿਉਂ ਨਾ ਉਤਰਦੇ? ਚੰਡੋਲ ਕੇਵਲ ਕਣਕ, ਜੌਆਂ ਅਤੇ ਜਵੀ ਦੇ ਖੇਤਾਂ ਵਿਚ ਹੀ ਪਰ ਸਭ ਤੋਂ ਵਧ ਦੜਊ ਦੇ ਖੇਤਾਂ ਵਿਚ ਆਪਣੇ ਆਲ੍ਹਣੇ ਕਿਉਂ ਬਣਾਉਂਦੇ ਹਨ ਅਤੇ ਬਚਿਆਂ ਨੂੰ ਪਾਲਦੇ ਹਨ?

ਹਦਵਾਣਿਆਂ ਦੇ ਖੇਤ ਦੇ ਨਾਲ ਹੀ ਦਰੁਗ ਦੇ ਨੇੜੇ ਅਸਾਂ ਕੀੜਿਆਂ ਦਾ ਇਕ ਭੌਣ ਵੇਖਿਆ। ਦਾਦੇ ਨੇ ਵੇਖਿਆ ਕਿ ਕੀੜੇ ਕਿਧਰੇ ਜਾ ਰਹੇ ਸਨ। ਦਾਦੇ ਨੇ ਕਿਹਾ ਕਿ ਨੇੜੇ ਹੀ ਕਿਧਰੇ ਇਕ ਬਹੁਤ ਵਡਾ ਭੌਣ ਸੀ ਅਤੇ ਕੀੜੇ ਆਪ ਸਾਨੂੰ ਦਸਣਗੇ ਉਹ ਕਿਥੇ ਹੈ। ਉਹਨੇ ਹਦਵਾਣੇ ਦੇ ਕੁਝ ਟੋਟੇ ਕੀੜਿਆਂ ਦੇ ਰਾਹ ਵਿਚ ਰਖ ਦਿਤੇ। ਕੀੜਿਆਂ ਨੇ ਇਕ ਦਮ ਮਿਠੇ ਹਦਵਾਣੇ ਨੂੰ ਕਜ ਲਿਆ। ਅਸਾਂ ਵੇਖਿਆ ਕਿਵੇਂ ਉਹਨਾਂ ਨੇ ਖੰਡ ਦੇ ਨਿਕੇ ਨਿਕੇ ਕਿਣਕੇ ਲਏ ਅਤੇ ਲੈਕੇ ਚਲ ਪਏ। ਅਸੀਂ ਭੌਣ ਤਕ ਸਾਰਾ ਰਾਹ ਉਹਨਾਂ ਦੇ ਪਿਛੇ ਪਿਛੇ ਗਏ। ਇਕ ਝਾੜੀ ਹੇਠ ਨਿਕਾ ਜਿਹਾ ਟਿਬਾ ਇਉਂ ਜਾਪਦਾ ਸੀ ਕਿ ਉਹ ਜਿਉਂਦਾ ਹੈ। ਕੀੜੇ ਖੰਡ ਦੇ ਕਿਣਕੇ ਭੌਣ ਦੇ ਅੰਦਰ ਕਿਸੇ ਥਾਂ ਲੈ ਗਏ ਅਤੇ ਫਿਰ ਹਦਵਾਣਿਆਂ ਦੇ ਖੇਤ ਨੂੰ ਮੁੜ ਗਏ। ਦਾਦੇ ਨੇ ਸਾਨੂੰ ਦਸਿਆ ਕਿ ਕੀੜੇ ਜੰਗਲ ਅਤੇ ਲੋਕਾਂ ਲਈ ਕਿੰਨੇ ਲਾਭਦਾਇਕ ਹਨ। ਕੀੜਿਆਂ ਦਾ ਹਰ ਭੌਣ ਕਈ ਹੈਕਟੇਅਰ ਜੰਗਲ ਦੀ ਕਿਰਮਾਂ ਤੋਂ ਰਖਿਆ ਕਰਦਾ ਹੈ। ਅਸੀਂ ਭੌਣ ਦੀ ਰਖਿਆ ਕਰਨ ਲਗ ਪਏ ਅਤੇ ਫਿਰ ਦਾਦੇ ਨੇ ਸਾਨੂੰ ਸਿਖਾਇਆ ਨਵੇਂ ਭੌਣ ਕਿਵੇਂ ਬਣਾਏ ਜਾਣ। ਜਦੋਂ ਅਸੀਂ ਘਰ ਜਾ ਰਹੇ ਸਾਂ ਤਾਂ ਦਾਦੇ ਨੇ ਸਾਨੂੰ ਕੁਝ ਹਦਵਾਣੇ ਦਿਤੇ। ਉਹ ਘਰੇ ਲੰਮਾ ਸਮਾਂ ਬਾਰੀਆਂ ਉਤੇ ਪਏ ਰਹੇ। ਉਹਨਾਂ ਸਾਨੂੰ ਗਰਮ ਹਵਾ, ਵਿਸ਼ਾਲ ਸਤੈਪ ਭੂਮੀ, ਚੰਡੋਲ, ਦਾਦੇ ਅਤੇ ਬੀਂਡੇ ਦੀ ਚੀਂ ਚੀਂ ਯਾਦ ਕਰਵਾਈ। ਹੁਣ ਉਹ ਬੀਂਡਾ ਕਿਥੇ ਹੈ?

ਭਾਸ਼ਾ ਦਾ ਸੁਹਪਣ ਸਭ ਤੋਂ ਵਧ ਸਪਸ਼ਟਤਾ ਨਾਲ ਕਵਿਤਾ ਵਿਚ ਸਜੀਵ ਹੁੰਦਾ ਹੈ। ਕਵਿਤਾ ਜਾਂ ਗੀਤਾਂ ਤੋਂ ਪ੍ਰੇਰਤ ਹੋਏ ਬਚੇ ਸ਼ਬਦਾਂ ਦਾ ਸੰਗੀਤ ਸੁਣਦੇ ਜਾਪਦੇ ਹਨ। ਸਰਵਉਤਮ ਕਵਿਤਾ ਵਿਚ ਸ਼ਬਦ ਬੰਦੇ ਦੀ ਮਾਤ-ਭਾਸ਼ਾ ਦੀਆਂ ਸੂਖਮ ਭਾਵੁਕ ਭਾਹਾਂ ਪ੍ਰਗਟ ਕਰਦੇ ਹਨ। ਇਸੇ ਕਾਰਨ ਬਚੇ ਕਵਿਤਾਵਾਂ ਯਾਦ ਕਰ ਲੈਂਦੇ ਹਨ। ਜਿਹੜੇ ਸ਼ਬਦਾਂ ਨੇ ਉਹਦੀ ਰੂਹ ਵਿਚ ਡੂੰਘਾ ਘਰ ਕਰ ਲਿਆ ਹੈ ਉਹਨਾਂ ਨੂੰ ਦੁਹਰਾਕੇ ਬਚੇ ਨੂੰ ਸਚੀ ਤਸਲੀ ਹੁੰਦੀ ਹੈ।

ਮੈਂ ਜਤਨ ਕੀਤਾ ਕਿ ਬਚੇ ਕਾਵਿਕ ਭਾਸ਼ਾ ਨੂੰ ਭਾਸਣ ਅਤੇ ਅਨੁਭਵ ਕਰਨ। ਪ੍ਰਕਿਰਤੀ ਦੀ ਗੋਦ ਵਿਚ, ਉਹਨਾਂ ਛਿਣਾਂ ਵਿਚ ਜਦੋਂ ਬਚੇ ਆਲੇ ਦੁਆਲੇ ਦੇ ਸੰਸਾਰ ਦੇ ਸੁਹਪਣ ਤੋਂ ਕੀਲੇ ਹੁੰਦੇ ਸਨ, ਮੈਂ ਉਹਨਾਂ ਨੂੰ ਕਵਿਤਾ ਸੁਣਾਉਂਦਾ। ਇਕ ਦਿਨ ਅਸਾਂ ਅਚਣਚੇਤੀ ਖੇਤ ਵਲ ਨਿਗਾਹ ਮਾਰੀ; ਸਾਡੇ ਸਾਹਮਣੇ ਛਪੜ ਦਾ ਸ਼ਾਨਦਾਰ ਦ੍ਰਿਸ਼ ਖਿਲਰਿਆ ਸੀ, ਜਿਸਦੇ ਪਧਰੇ ਤਲ ਉਤੇ ਕਹੂ ਦੀਆਂ ਟਹਿਣੀਆਂ ਪ੍ਰਤਿਬਿੰਬਤ ਹੋ ਰਹੀਆਂ ਸਨ। ਮੈਂ ਬਚਿਆਂ ਨੂੰ ਪ੍ਰਕਿਰਤੀ ਸੰਬੰਧੀ ਸ਼ੇਵਚੈਨਕੋ ਦੀਆਂ ਕੁਝ ਸਤਰਾਂ ਸੁਣਾਈਆਂ।

ਉਹਨਾਂ ਉਹ ਸਤਰਾਂ ਦੁਹਰਾਈਆਂ। ਉਹਨਾਂ ਅਨੁਭਵ ਕੀਤਾ ਕਿ ਸ਼ਬਦਾਂ ਦੇ ਜੋੜ ਨੇ ਇਕ ਜਿਉਂਦਾ ਬਿੰਬ ਸਿਰਜਿਆ ਹੈ, ਅਤੇ ਇਹ ਕਿ ਇਕ ਸੰਗੀਤਕ ਧਵਨੀ ਵਾਲੀ ਆਵਾਜ਼ ਪੈਦਾ ਹੋ ਗਈ ਹੈ, ਜਿਹੜੀ ਸ਼ਬਦਾਂ ਨੂੰ ਨਾ ਕੇਵਲ ਇਕ ਨਵੇਂ ਭਾਵੁਕ ਅਰਥ ਦੇਂਦੀ ਹੈ ਸਗੋਂ ਆਲੇ ਦੁਆਲੇ ਦੇ ਸੰਸਾਰ ਨੂੰ ਨਵਾਂ ਸੁਹਪਣ ਦੇਂਦੀ ਹੈ। ਸੰਸਾਰ ਦੀ ਸਰਵਉਤਮ ਕਵਿਤਾ ਦੇ ਨਮੂਨਿਆਂ ਦੇ ਪ੍ਰਭਾਵ ਅਧੀਨ ਬਚਿਆਂ ਨੇ ਇਕ ਅਜਿਹੀ ਭਾਸ਼ਾ ਰਚਣ ਦਾ ਜਤਨ ਕੀਤਾ ਜਿਹੜੀ ਸੰਗੀਤ ਨਾਲ ਟੁਣਕੇ। ਬਸੰਤ ਦੀ ਦੀ ਰੁਤ ਦੇ ਦਿਨ ਨੂੰ ਮਾਣਦੇ ਹੋਏ ਬਚਿਆਂ ਨੇ ਇਉਂ ਬੋਲਣ ਦਾ ਜਤਨ ਕੀਤਾ ਕਿ ਸ਼ਬਦਾਂ ਦੀ ਲੈ ਟੁਣਕੇ। ਉਹਨਾਂ ਦੇ ਦਿਲਾਂ ਨੂੰ ਕਾਵਿਕ ਪ੍ਰੇਰਨਾ ਨੇ ਜਕੜ ਲਿਆ: ਨਿਕੇ ਮੁੰਡਿਆਂ ਅਤੇ ਕੁੜੀਆਂ ਨੇ ਕਵਿਤਾਵਾਂ ਘੜੀਆਂ। ਪਹਿਲਾਂ ਲਾਰੀਸਾ ਨੇ ਖੇਤ ਦੇ ਉਪਰੋਂ ਦੁਰਾਡੇ ਵੇਖਿਆ; ਉਹਦੀਆਂ ਅਖਾਂ ਭਖ ਰਹੀਆਂ ਸਨ ਅਤੇ ਧਿਆਨ ਨਾਲ ਸੁਣਦੇ ਹੋਏ ਕਿ ਉਹ ਕਿਵੇਂ ਗੂੰਜਦੇ ਹਨ, ਹੌਲੀ ਜਿਹੇ ਕੁਝ ਸ਼ਬਦ ਕਹੇ:

"ਕਣਕ ਦੇ ਪੀਲੇ ਖੇਤ ਵਿਚ ਖੇਡਣ ਲਹਿਰਾਂ।" "ਧੁੰਦਲਕੇ ਵਿਚ ਕੰਬਣ ਗੂੜ੍ਹੇ ਨੀਲੇ ਪ੍ਰਬਤ," ਸੇਰਯੋਜ਼ਾ ਨੇ ਸੋਚ ਦੀ ਡੋਰੀ ਫੜਦੇ ਹੋਏ ਕਿਹਾ।

ਹਰ ਇਕ ਖੁਸ਼ੀ ਨਾਲ ਉਤੇਜਤ ਸੀ; ਉਹ ਸਾਰੇ ਕਾਵਿਕ ਸ਼ਬਦ ਕਹਿਣਾ ਚਾਹੁੰਦੇ ਸਨ। ਅਜਿਹੇ ਛਿਣਾਂ ਵਿਚ ਜਦੋਂ ਬਚੇ ਦੀ ਆਤਮਾ ਨੂੰ ਕਾਵਿਕ ਪ੍ਰੇਰਨਾ ਜਕੜ ਲੈਂਦੀ ਹੈ, ਸ਼ਬਦ ਜਿਉਂਦਾ ਅਤੇ ਭਰਪੂਰ ਹੁੰਦਾ ਹੈ, ਸਤ-ਰੰਗੀ ਪੀਂਘ ਦੇ ਸਾਰੇ ਰੰਗਾਂ ਨਾਲ ਖੇਡਦਾ ਹੋਇਆ, ਖੇਤਾਂ ਅਤੇ ਜੂਹਾਂ ਦੀ ਮਹਿਕ ਨਾਲ ਭਰਿਆ ਹੋਇਆ ਉਹ ਬਚੇ ਦੇ ਆਤਮਕ ਜੀਵਨ ਵਿਚ ਦਾਖ਼ਲ ਹੋ ਜਾਂਦਾ ਹੈ। ਬਚੇ ਉਹਨਾਂ ਵਿਚ ਆਪਣੀਆਂ ਭਾਵਨਾਵਾਂ, ਵਿਚਾਰ ਅਤੇ ਅਨੁਭਵ ਪ੍ਰਗਟ ਕਰਨ ਦੇ ਸਾਧਨ ਭਾਲਦੇ ਅਤੇ ਲਭ ਲੈਂਦੇ ਹਨ। ਬਚੇ ਦੇ ਦਿਲ ਵਿਚ ਕਾਵਿਕ ਪ੍ਰੇਰਨਾ ਜਗਾਉਣ ਦੇ ਅਰਥ ਹਨ ਉਹਦੇ ਲਈ ਚਿੰਤਨ ਦਾ ਇਕ ਹੋਰ ਜੀਵਨ-ਦਾਤਾ ਸੋਮਾ ਖੋਹਲਣਾ। ਇਸ ਸੋਮੇ ਦੀ ਸ਼ਕਤੀ ਇਸ ਗਲ ਵਿਚ ਹੈ ਕਿ ਨਾ ਕੇਵਲ ਇਹ ਉਸ ਵਸਤ ਜਾਂ ਵਰਤਾਰੇ ਨੂੰ ਪੇਸ਼ ਕਰਦਾ ਹੈ ਜਿਸਦਾ ਇਹ ਮਨੁਖੀ ਭਾਸ਼ਾ ਵਿਚ ਲਖਾਇਕ ਹੈ ਸਗੋਂ ਭਾਵਨਾਵਾਂ ਅਤੇ ਅਨੁਭਵਾਂ ਦੀ ਡੂੰਘੀ ਨਿਜੀ ਸੂਝ ਨੂੰ ਵੀ ਪ੍ਰਗਟ ਕਰਦਾ ਹੈ।

ਕਾਵਿਕ ਰਚਨਾਤਮਕਤਾ ਸਿਖਾਉਣਾ ਵਿਦਿਆਰਥੀਆਂ ਨੂੰ ਨਿਕੇ ਕਵੀ ਬਣਾਉਣ ਲਈ ਨਹੀਂ ਸਗੋਂ ਹਰ ਨਿਕੇ ਦਿਲ ਨੂੰ ਉਚਿਆਉਣ ਲਈ ਲਾਜ਼ਮੀ ਹੈ। ਮੈਂ ਬਚਿਆਂ ਦੇ ਦਿਲਾਂ ਵਿਚ ਕਾਵਿਕ ਪ੍ਰੇਰਨਾ ਜਗਾਉਣ ਦੇ ਹਰ ਅਵਸਰ ਨੂੰ ਵਰਤਿਆ ਤਾਂ ਜੁ ਭਾਸ਼ਾ ਉਹਨਾਂ ਵਿਚੋਂ ਹਰ ਇਕ ਦੀ ਰੂਹ ਵਿਚ ਵਿਅਕਤੀਗਤ ਕਾਵਿਕ ਧਵਨੀ ਪ੍ਰਾਪਤ ਕਰ ਲਵੇ।

ਸਿਆਲ ਦੀ ਇਕ ਸ਼ਾਂਤ ਸਵੇਰ ਸੀ। ਰੁਖਾਂ ਉਤੇ ਚਿਟਾ ਕੋਰਾ ਜੰਮਿਆ ਹੋਇਆ ਸੀ। ਬਰਫ਼ ਦੀਆਂ ਨਾਜ਼ਕ ਨਿਕੀਆਂ ਸੂਈਆਂ ਨਾਲ ਕਜੀਆਂ ਟਹਿਣੀਆਂ ਚਾਂਦੀ ਤੋਂ ਘੜੀਆਂ ਜਾਪਦੀਆਂ ਹਨ। ਅਸੀਂ ਸਕੂਲ ਦੇ ਬਾਗ਼ ਵਿਚ ਗਏ ਅਤੇ ਕੀਲਣ ਵਾਲੇ,

ਦੁਹਰਾਏ ਨਾ ਜਾ ਸਕਣ ਵਾਲੇ ਸੁਹਪਣ ਨੂੰ ਵਿਗਾੜਣ ਦੇ ਡਰ ਕਾਰਨ ਟਹਿਣੀਆਂ ਨੂੰ ਨਾ ਛੁਹਣ ਦਾ ਜਤਨ ਕੀਤਾ। ਅਸੀਂ ਰੁਕ ਗਏ ਅਤੇ ਮੈਂ ਸਿਆਲ ਦੇ ਸੁਹਪਣ ਸੰਬੰਧੀ ਪੁਸ਼ਕਿਨ ਅਤੇ ਹਾਇਨੇ ਦੀਆਂ ਕਵਿਤਾਵਾਂ ਪੜ੍ਹੀਆਂ। ਕਵਿਤਾ ਅਤੇ ਸੁਹਪਣ ਦੇ ਜਾਦੂ ਦੇ ਪ੍ਰਭਾਵ ਹੇਠ ਬਚਿਆਂ ਨੇ ਕਕਰ ਨਾਲ ਕਜੇ ਰੁਖਾਂ ਨੂੰ ਬਿਆਨ ਕਰਨ ਅਤੇ ਕਵਿਤਾ ਰਚਣ ਲਈ ਸ਼ਬਦ ਲਭ ਲਏ। ਉਹਨਾਂ ਇਹ ਇਕ ਹਿਸਾ ਇਕ ਸਮੇਂ ਜੋੜਦੇ ਹੋਏ ਅਜਿਹਾ ਸਮੂਹਕ ਤੌਰ ਉਤੇ ਕੀਤਾ। ਅਸੀਂ ਕਈ ਵਾਰ ਕਕਰੀਲੇ ਬਾਗ਼ ਵਿਚ ਗਏ। ਪਹਿਲਾਂ ਘੜੀਆਂ ਕਹਾਣੀਆਂ ਵਿਚੋਂ ਅਣੋਖੇ ਬਿੰਬ ਕਵਿਤਾ ਵਿਚ ਸਜੀਵ ਹੋ ਗਏ।

ਆਇਆ ਇਕ ਜਾਦੂਈ ਲੁਹਾਰ,
ਕੋਲ ਉਹਦੇ ਸੋਨੇ ਦੀ ਭਠੀ,
ਉਸ ਵਿਚ ਗਾਲੀ ਚਾਂਦੀ ਉਹਨੇ,
ਰੁਖ ਬਾਗ਼ ਦੇ ਕਜਣ ਲਈ।
ਸਾਰੀ ਰਾਤ ਰਿਹਾ ਉਹ ਘੜਦਾ,
ਸੋਨੇ ਦੇ ਹਥੌੜੇ ਨਾਲ,
ਬਾਗ਼ ਸਾਰੇ 'ਤੇ ਚਾਂਦੀ ਖਿਲਰੀ।
ਸੂਈਆਂ ਇਕ ਦੂਜੇ ਨੂੰ ਛੁਹਣ,
ਗੂੰਜ ਰਿਹਾ ਹੈ, ਗੂੰਜ ਰਿਹਾ ਹੈ, ਬਾਗ਼ ਇਹ ਸਾਡਾ,
ਪਰ ਕਿਧਰ ਗਿਆ ਜਾਦੂਈ ਲੁਹਾਰ ?
ਸੋਨੇ ਦੇ ਖੰਭਾਂ ਦੇ ਉਤੇ,
ਮੁੜ ਗਿਐ ਉਹ ਸੂਰਜ ਵਲ।
ਚਾਂਦੀ ਉਥੋਂ ਹੋਰ ਲਿਆਉਣ,
ਮੁੜ ਆਇਆ ਉਹ ਸਾਡੇ ਕੋਲ।
ਚਾਂਦੀ ਉਹਨੇ ਫਿਰ ਹੈ ਗਾਲੀ,
ਅਤੇ ਬਾਗ਼ ਹੈ ਲਗ ਪਿਆ ਗੌਣ।...
ਪਰ ਸੂਰਜ ਪਿਆ ਕਰੇ ਉਡੀਕ,
ਕਿਧਰ ਹੈ ਉਡ ਗਿਆ ਮੇਰੇ ਮੀਤ ?
ਕਿਉਂ ਤੂੰ ਲਾਈ ਇੰਨੀ ਦੇਰ,
ਗਾਲਣ 'ਤੇ ਮੇਰੀ ਚਾਂਦੀ ਉਥੇ ?
ਕੀ ਤੂੰ ਭੁਲ ਗਿਐ ਲੁਹਾਰ,
ਘੜਨਾ ਤੂੰ ਮੇਰਾ ਹਾਰ ਜ਼ਰੂਰ ?
ਸੂਰਜ ਦੀਆਂ ਸੂਹੀਆਂ ਕਿਰਨਾਂ ਨੇ,
ਬਾਗ਼ ਵਿਚ ਸਾਡੇ ਮਾਰੀ ਝਾਤ,
ਤਕ ਕੇ ਹੁਸਨ ਬਾਗ਼ ਦਾ ਸਾਡੇ,
ਹਕਾ ਬਕਾ ਰਹਿ ਗਿਆ ਸੂਰਜ।...

ਹਰ ਬਚਾ ਕਵੀ ਹੁੰਦਾ ਹੈ। ਨਿਸ਼ਚੇ ਹੀ ਕਿਸੇ ਚਮਤਕਾਰ ਕਾਰਨ ਬਚੇ ਨੂੰ ਪ੍ਰੇਰਨਾ ਮਿਲਣ ਦੀ ਉਡੀਕ ਕਰਨਾ ਸਿਧੜ ਗਲ ਹੋਵੇਗੀ। ਮੈਂ ਪ੍ਰਕਿਰਤਕ ਯੋਗਤਾ ਸੰਬੰਧੀ ਭਾਵੁਕ ਹੋਣੋਂ ਬਹੁਤ ਪਰ੍ਹੇ ਹਾਂ, ਇਸ ਵਿਚਾਰ ਤੋ ਬਹੁਤ ਪਰ੍ਹੇ ਹਾਂ ਕਿ ਹਰ ਬਚਾ ਸੁਭਾਵਕ ਹੀ ਕਵੀ ਹੈ। ਸੁਹਪਣ ਦੀ ਮਨੁਖੀ ਭਾਵਨਾ ਆਤਮਾ ਵਿਚ ਕਵੀ ਨੂੰ ਜਗਾਉਂਦੀ ਹੈ। ਇਸ ਭਾਵਨਾ ਦੀ ਪਰਵਦੀ ਤੋਂ ਬਿਨਾਂ ਵਿਦਿਆਰਥੀ ਪ੍ਰਕਿਰਤੀ ਅਤੇ ਭਾਸ਼ਾ ਦੇ ਸੁਹਪਣ ਵਲੋਂ ਲਾਪਰਵਾਹ ਰਹੇਗਾ, ਇਕ ਅਜਿਹਾ ਜੀਵ ਰਹੇਗਾ ਜਿਸ ਲਈ ਪਥਰ ਛਪੜ ਵਿਚ ਸੁਟਣਾ ਜਾਂ ਕਿਸੇ ਗਾਉਂਦੀ ਬੁਲਬੁਲ ਨੂੰ ਮਾਰਨਾ ਇਕੋ ਗਲ ਹੈ। ਬਚੇ ਨੂੰ ਕਾਵਿਕ ਪ੍ਰੇਰਨਾ ਦੀ ਖ਼ੁਸ਼ੀ ਦੇਣਾ, ਉਹਦੇ ਦਿਲ ਵਿਚ ਕਾਵਿਕ ਰਚਨਾਤਮਕਤਾ ਦਾ ਜਿਉਂਦਾ ਸਰੋਤ ਛੇੜਨਾ, ਉਨਾ ਹੀ ਜ਼ਰੂਰੀ ਹੈ ਜਿੰਨਾ ਉਹਨੂੰ ਪੜ੍ਹਨਾ ਅਤੇ ਹਿਸਾਬ ਕਰਨਾ ਸਿਖਾਉਣਾ। ਕਈ ਬਚਿਆਂ ਵਿਚ ਇਹ ਸਰੋਤ ਹੋਰਨਾਂ ਨਾਲੋਂ ਵਧੇਰੇ ਸ਼ਕਤੀ ਨਾਲ ਵਹਿੰਦਾ ਹੈ। ਮੈਂ ਵੇਖਿਆ ਕਿ ਕੁਝ ਬਚਿਆਂ ਵਿਚ ਕਾਵਿਕ ਪ੍ਰੇਰਨਾ ਕੋਈ ਆਪ-ਮੁਹਾਰੀ, ਬੁੜ-ਚਿਰੀ ਉਡਾਰੀ ਜਾਂ ਅਗ ਦੀ ਲਾਟ ਨਹੀਂ ਸਗੋਂ ਇਕ ਨਿਰੰਤਰ ਆਤਮਕ ਲੋੜ ਹੈ।

ਕਾਵਿਕ ਰਚਨਾਤਮਕਤਾ ਭਾਸ਼ਾਈ ਵਿਕਾਸ ਦੀ ਸਰਵਉਤਮ ਪਧਰ ਹੈ, ਜਿਹੜੀ ਮਨੁਖੀ ਵਿਕਾਸ ਦੇ ਅੰਨ ਤਤ ਨੂੰ ਪ੍ਰਗਟ ਕਰਦੀ ਹੈ। ਹਰ ਇਕ ਕਾਵਿਕ ਰਚਨਾਤਮਕਤਾ ਅਨੁਭਵ ਕਰ ਸਕਦਾ ਹੈ। ਇਹਦੇ ਲਈ ਕਿਸੇ ਵਿਸ਼ੇਸ਼ ਯੋਗਤਾ ਦੀ ਲੋੜ ਨਹੀਂ ਪਰ ਇਹ ਮਨੁਖ ਨੂੰ ਉਚਿਆਉਂਦੀ ਹੈ। ਇਹ ਲਾਜ਼ਮੀ ਹੈ ਕਿ ਰਚਨਾਤਮਕਤਾ ਦਾ ਇਹ ਅਤਿ-ਅੰਤ ਸੂਖਮ ਖੇਤਰ ਡੂੰਘੀ ਤਰ੍ਹਾਂ ਨਿਜੀ ਹੋਵੇ, ਹਰ ਬਚੇ ਲਈ ਦਿਲ ਦਾ ਮਾਮਲਾ ਹੋਵੇ।

ਤੀਜੀ ਸ਼੍ਰੇਣੀ ਵਿਚ ਲਾਰੀਸਾ, ਸਾਨੀਆ, ਸੇਰਯੋਜ਼ਾ, ਕਾਤੀਆ, ਵਾਰੀਆ, ਕੋਲੀਆ, ਤਾਨੀਆ ਅਤੇ ਲੀਦਾ ਨੇ ਅੰਦਰਖਾਨੇ ਮੈਨੂੰ ਉਹ ਕਵਿਤਾਵਾਂ ਸੁਣਾਉਣੀਆਂ ਸ਼ੁਰੂ ਕਰ ਦਿਤੀਆਂ ਜਿਹੜੀਆਂ ਉਹਨਾਂ ਗੁਪਤ ਤੌਰ ਉਤੇ ਰਚੀਆਂ ਸਨ। ਮੈਨੂੰ ਪਤਾ ਸੀ ਕਿ ਕੁਝ ਹੋਰ ਬਚਿਆਂ ਨੇ ਵੀ ਕਵਿਤਾਵਾਂ ਕਹੀਆਂ ਹਨ ਪਰ ਉਹ ਆਪਣੀ ਰੋਚਕਤਾ ਦੀ ਗਲ ਕਰਨ ਲਈ ਬਹੁਤ ਸੰਗਾਊ ਸਨ। ਅਤੇ ਇਹ ਬੜੀ ਚੰਗੀ ਗਲ ਸੀ।

ਇਸ ਗਲ ਵਿਚ ਕੁਝ ਵੀ ਅਸਾਧਾਰਨ ਨਹੀਂ ਕਿ ਬਚੇ ਕਵਿਤਾਵਾਂ ਕਹਿੰਦੇ ਹਨ। ਇਹ ਆਤਮਕ ਸ਼ਕਤੀ ਦਾ ਸੁਭਾਵਕ ਪ੍ਰਗਟਾਅ ਹੈ, ਇਕ ਸਾਧਾਰਨ ਰਚਨਾਤਮਕ ਲਾਟ ਹੈ ਜਿਸਤੋਂ ਬਿਨਾਂ ਭਰਪੂਰ ਬਚਪਨ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ। ਇਹ ਤਥ ਕਿ ਬਚਿਆਂ ਦਾ ਆਤਮਕ ਜੀਵਨ ਇੰਨਾਂ ਭਰਪੂਰ ਸੀ ਮੇਰੇ ਲਈ ਖ਼ੁਸ਼ੀ ਦਾ ਸੋਮਾ ਸੀ।

ਮੈਨੂੰ ਵਿਸ਼ੇਸ਼ ਤੌਰ ਉਤੇ ਖ਼ੁਸ਼ੀ ਹੋਈ ਕਿ ਕੋਲੀਆ ਕਾਵਿਕ ਪ੍ਰੇਰਨਾ ਕਾਰਨ ਉਚਿਆਇਆ ਗਿਆ। ਸਾਡੀ ਮਿਤਰਤਾ ਪਕੇਰੀ ਹੁੰਦੀ ਜਾ ਰਹੀ ਸੀ। ਬਾਗ਼ ਦੇ

ਕਈ ਹਿਸੇ ਅਜਿਹੇ ਸਨ ਜਿਥੇ ਮੈਂ ਇਕਲਾ ਰਹਿਣਾ ਪਸੰਦ ਕਰਦਾ। ਆਪਣੀ ਵਾਇਲਨ ਵਜਾਉਂਦਾ ਹੋਇਆ ਨਿਘੇ ਮੌਸਮ ਵਿਚ ਮੈਂ ਉਥੇ ਆਰਾਮ ਕਰਦਾ। ਸਬਬ ਨਾਲ ਕੌਲੀਆ ਨੇ ਮੇਰਾ ਕੌਨਾ "ਲਭ" ਲਿਆ। ਸ਼ਾਇਦ ਉਹ ਵੀ ਇਕਲੇ ਹੋਣ ਲਈ ਕੋਈ ਥਾਂ ਲਭ ਰਿਹਾ ਸੀ। ਜਦੋਂ ਉਹਨੇ ਮੈਨੂੰ ਵੇਖਿਆ ਤਾਂ ਉਹ ਘਾਬਰ ਗਿਆ ਅਤੇ ਮੁੜਨਾ ਚਾਹੁੰਦਾ ਸੀ ਪਰ ਮੈਂ ਉਹਨੂੰ ਕਿਹਾ ਉਹ ਉਥੇ ਹੀ ਰਹੇ। ਮੈਂ ਆਵਾਜ਼ਾਂ ਵਿਚ ਹੁਨਾਲੀ ਸ਼ਾਮ ਦੇ ਸੁਹਪਣ ਲਈ ਆਪਣੀ ਸ਼ਲਾਘਾ ਪ੍ਰਗਟ ਕਰਨ ਦਾ ਜਤਨ ਕਰਦੇ ਹੋਏ ਵਾਇਲਨ ਵਜਾਈ। ਫਿਰ ਮੈਂ ਇੰਨਾ ਲੀਨ ਹੋ ਗਿਆ ਕਿ ਮੈਂ ਇਸ ਗਲ ਵਲ ਧਿਆਨ ਹੀ ਨਾ ਦਿਤਾ ਕਿ ਨਿਕਾ ਮੁੰਡਾ ਮੇਰੇ ਕੌਲ ਬੈਠਾ ਸੀ। ਮੈਂ ਉਹਨੂੰ ਵਾਇਲਨ ਦਿਤੀ। ਕੌਲੀਆ ਨੇ ਉਹ ਕੁਝ ਦੁਹਰਾਉਣ ਦਾ ਜਤਨ ਕੀਤਾ ਜੋ ਮੈਂ ਵਜਾਇਆ ਸੀ ਪਰ ਉਹ ਅਸਫ਼ਲ ਰਿਹਾ। ਉਹਨੇ ਵਜਾਉਣਾ ਬੰਦ ਕਰ ਦਿਤਾ। ਅਸੀਂ ਚੁਪ ਬੈਠੇ ਰਹੇ, ਸੂਰਜ ਡੁਬਣ ਨੂੰ ਮਾਣਦੇ ਸ਼ਾਮ ਦੀ ਚੁਪ ਨੂੰ ਸੁਣਦੇ। ਸ਼ਾਇਦ ਇਸ ਲਈ ਕਿ ਅਸੀਂ ਆਲੇ ਦੁਆਲੇ ਦੇ ਸੰਸਾਰ ਦੇ ਸੁਹਪਣ ਵਿਚ ਲੀਨ ਹੋ ਗਏ ਸਾਂ ਕੌਲੀਆ ਨੇ ਮੇਰੇ ਉਤੇ ਭਰੋਸਾ ਕੀਤਾ ਅਤੇ ਮੈਨੂੰ ਪ੍ਰਕਿਰਤੀ ਸੰਬੰਧੀ ਆਪਣੀ ਕਵਿਤਾ ਸੁਣਾਈ। ਇਹ ਹੈ ਉਹ:

ਹਰੇ ਪਤਿਆਂ ਵਾਲੇ ਗੂੜ੍ਹੇ ਨੀਲੇ ਫੁਲ;
ਫੁਲਾਂ ਉਤੇ ਉਡੇ ਮਖਿਆਰੀ।
ਬੁਲਬੁਲ ਆਵੇ ਰਾਤੀਂ ਬਾਗ਼ੀਂ,
ਡੇਕ ਦੇ ਬੂਟਿਆਂ ਵਿਚੋਂ ਗਾਵੇ।
ਸਜਰ ਸਵੇਰੇ ਬਾਗ਼ ਦੇ ਉਤੇ ਬਦਲ ਗਜੇ,
ਤੇ ਮੀਂਹ ਦਾ ਇਕ ਸ਼ਰਲਾਟਾ, ਧੋਵੇ ਮੂੰਹ ਫੁਲਾਂ ਦੇ।
ਬਾਗ਼ ਦੇ ਉਤੇ ਨਿਕਾ ਬਦਲ ਗਰਜੇ,
ਪਰ ਡੇਕ ਹੈ ਨੀਲਾ ਅੰਬਰ ਵਾਂਗ।

ਉਸ ਸ਼ਾਮ ਕੌਲੀਆ ਅਤੇ ਮੈਂ ਲੰਮੇ ਸਮੇਂ ਤਕ ਬਾਗ਼ ਵਿਚ ਬੈਠੇ ਰਹੇ। ਮੁੰਡੇ ਨੇ ਉਥੇ ਆਉਣਾ ਸ਼ੁਰੂ ਕਰ ਦਿਤਾ ਅਤੇ ਹਰ ਵਾਰ ਇਕ ਨਿਕੀ ਕਵਿਤਾ ਸੁਣਾਉਂਦਾ। ਇਹ ਹੈ ਉਹਦੀ ਇਕ ਹੋਰ ਕਵਿਤਾ ਜਿਹੜੀ ਮੇਰੇ ਚੇਤੇ ਵਿਚ ਇਉਂ ਉਕਰੀ ਗਈ ਸੀ ਕਿ ਮੈਂ ਉਹਦੇ ਵਲੋਂ ਸੁਣਾਉਣ ਤੋਂ ਇਕ ਸਾਲ ਪਿਛੋਂ ਲਿਖੀ:

ਸੂਹਾ ਸੂਰਜ ਡੁਬਿਆ ਪ੍ਰਬਤ ਪਿਛੇ:
ਲਟ ਲਟ ਕਰੇ ਲਾਲ ਅਸਮਾਨ
ਕਲ ਹੋਵੇਗਾ ਦਿਨ ਵਾਉਲਾ।
ਘਾਬਰੀ ਉਡੀ ਡਾਰ ਕਾਵਾਂ ਦੀ।

ਪਛਮ ਵਲ ਧਾ ਕੇ ਗਏ ਉਹ, ਹਨੇਰੇ ਜੰਗਲ ਵਲ।
ਸਫ਼ੇਦੇ ਦੀ ਫੁੰਗੀ ਦੇ ਪਤੇ, ਕਰਦੇ ਸਰ ਸਰ।
ਚੁਪ ਛਾ ਗਈ ਹੈ ਚਾਰੇ ਪਾਸੇ। ਸੜਕ ਦੇ ਉਤੇ
ਚੂੰ ਚੂੰ ਕਰਦੇ ਗਡੇ ਦੀ ਆਵਾਜ਼, ਹੈ ਦੂਰੋਂ ਆਉਂਦੀ।
ਕਿਰਮਚੀ ਅੰਬਰੀਂ ਪਿਆ ਹਨੇਰਾ,
ਗਰਮੀ ਉਤੇ ਛਾ ਗਈ ਬੂਰੀ ਰਾਖ।
ਇਕ ਤਾਰਾ ਟਿਮਕੇ ਵਿਚ ਅਸਮਾਨ;
ਰਾਤ ਹੈ ਪੈ ਗਈ।

ਮੈਨੂੰ ਪਤਾ ਲਗਾ ਕਿ ਕੌਲੀਆ ਆਪਣੀਆਂ ਕਵਿਤਾਵਾਂ ਲਿਖਦਾ ਨਹੀਂ ਸੀ ਉਹ ਉਹਨਾਂ ਨੂੰ ਬਸ ਜ਼ਬਾਨੀ ਯਾਦ ਕਰ ਲੈਂਦਾ। ਕਵਿਤਾਵਾਂ ਉਹਦੇ ਚੇਤੇ ਅਤੇ ਉਹਦੇ ਦਿਲ ਵਿਚ ਰਹਿੰਦੀਆਂ। ਮੇਰੇ ਵਿਦਿਆਰਥੀਆਂ ਵਿਚ ਬਹੁਤ ਸਨ ਜਿਹੜੇ ਕਾਗ਼ਜ਼ ਦਾ ਸਾਫ਼ ਟੋਟਾ ਲੈਕੇ ਕਵਿਤਾ ਲਿਖਣਾ ਸ਼ੁਰੂ ਨਹੀਂ ਸਨ ਕਰਦੇ। ਇਹ ਕਵਿਤਾਵਾਂ ਲਿਖੇ ਜਾਣ ਲਈ ਜਨਮ ਨਾ ਲੈਂਦੀਆਂ। ਬਚਿਆਂ ਨੂੰ ਕਵਿਤਾਵਾਂ ਕਹਿਣਾ ਉਸੇ ਤਰ੍ਹਾਂ ਚੰਗਾ ਲਗਦਾ ਹੈ ਜਿਵੇਂ ਚਿਤਰ ਵਾਹੁਣਾ।

ਸ਼ੂਰਾ ਨੇ ਵੀ ਆਤਮਕ ਸਾਂਝ ਦੇ ਇਕ ਛਿਣ ਆਪਣਾ ਭੇਤ ਮੇਰੇ ਨਾਲ ਸਾਂਝਾ ਕੀਤਾ। ਅਸੀਂ ਸਿਆਲ ਦੇ ਇਕ ਦਿਨ ਜੰਗਲ ਵਿਚ ਸਕੀ ਕਰਨ ਗਏ। ਸੂਹਾ ਸੂਰਜ ਡੁਬ ਰਿਹਾ ਸੀ। ਸ਼ਾਮ ਦੀ ਧੂਪ ਵਿਚ ਕੋਲੋਂ ਦੇ ਰੁਖਾਂ ਦੇ ਤਣੇ ਲੋਹੇ ਤੋਂ ਬਣਾਏ ਜਾਪਦੇ ਸਨ। ਅਸੀਂ ਜੰਗਲ ਵਿਚ ਖੁਲ੍ਹੀ ਥਾਂ ਖੜੇ ਪ੍ਰਕਿਰਤੀ ਦਾ ਸੁਹਪਣ ਮਾਣ ਰਹੇ ਸਾਂ। ਉਸ ਸਮੇਂ ਸ਼ੂਰਾ ਨੇ ਚਕੀਰਾਹ ਸੰਬੰਧੀ ਕਵਿਤਾ ਸੁਣਾਈ:

ਕੋਲੋਂ ਦੇ ਸਕ ਦੇ ਹੇਠਾਂ ਹਨ ਸਹੰਸਰ ਤਰਥਾਂ;
ਚਕੀਰਾਹ ਬੈਠਾ ਕੋਲੋਂ ਦੀ ਫੁੰਗੀ ਉਤੇ।
ਚੁੰਜ ਨਾਲ ਆਪਣੀ, ਤਰਬ ਉਹ ਛੇੜੇ ਉਪਰ ਵਾਲੀ,
ਆਵਾਜ਼ ਉਹਦੀ ਹੈ ਇੰਨੀ ਮਧਮ, ਸੁਣੀ ਨਾ ਜਾਵੇ।
ਸੂਰਜ ਹੋਵੇ ਜਿੰਨਾਂ ਨੇੜੇ, ਉਨੀ ਤਰਥ ਹੈ ਪਤਲੀ।
ਧਰਤੀ ਦੇ ਨੇੜੇ ਤਰਥ, ਤਰਥ ਨਹੀਂ ਹੁੰਦੀ,
ਧਰਤੀ ਉਤੇ ਘੰਟੀ ਸ਼ੋਰ ਮਚਾਵੇ,
ਸੂਹੇ ਸਕ ਦੇ ਹੇਠਾਂ ਕਹਿੰ ਦੀ ਘੰਟੀ।
ਚਕੀਰਾਹ ਟਪੂਸੀ ਮਾਰੇ, ਤਥਰ ਨੂੰ ਖੋਹਲੇ,
ਚੁੰਜ ਆਪਣੀ ਨਾਲ ਤਰਥ ਨੂੰ ਛੇੜੇ, ਤੇ ਲਗ ਪਵੇ ਤਰਥ ਉਹ ਗੂੰਜਣ।...
ਜੰਗਲ ਗਾਵੇ, ਪਰ ਚਕੀਰਾਹ
ਪਹਿਲਾਂ ਹੀ ਲਭ ਰਿਹਾ ਹੈ ਤਰਥ ਕੋਈ ਹੋਰ।

ਆਪਣੇ ਬਚਪਨ ਦੇ ਵਰ੍ਹਿਆਂ ਵਿਚ ਵਾਰੀਆ ਨੇ ਦਰਜਨਾਂ ਕਵਿਤਾਵਾਂ ਕਹੀਆਂ। ਉਹਦਾ ਮਨ ਭਾਵੁਕ, ਭਾਵ-ਗ੍ਰਾਹੀ ਸੀ। ਵਾਰੀਆ ਹੁਨਾਲ ਦੀ ਸ਼ਾਮ ਦੇ ਸੁਹਪਣ ਦੀ ਕੀਲੀ ਛਪੜ ਦੇ ਕੰਢੇ ਖੜੀ, ਆਪਣੇ ਸ਼ੀਸ਼ੇ ਜਿਹੇ ਤਲ ਵਿਚ ਆਕਾਸ਼ ਨੂੰ ਪ੍ਰਤਿਬਿੰਬਤ ਕਰਦੇ ਪਾਣੀ ਉਤੇ ਝੁਕੇ ਕਹੂ ਦੇ ਰੁਖਾਂ ਵਲ ਵੇਖਦੀ ਖੜੀ ਸੀ ਅਤੇ ਮੈਂ ਉਹਨੂੰ ਵੇਖ ਰਿਹਾ ਸਾਂ। ਫਿਰ ਕਈ ਦਿਨ ਪਿਛੋਂ ਉਹਨੇ ਹੁਨਾਲ ਦੀ ਸ਼ਾਮ ਸੰਬੰਧੀ ਮੈਨੂੰ ਇਕ ਕਵਿਤਾ ਸੁਣਾਈ:

ਨੀਲਾ ਅੰਬਰ, ਹਰੇ ਕਹੂ ਤੇ ਚਿਟੇ ਘਰ—
ਸਾਰੇ ਪਾਣੀ ਵਿਚ ਪਏ ਦਿਸਣ।
ਖੜੀ ਹਾਂ ਮੈਂ ਅਸਮਾਨੀ ਸ਼ੀਸ਼ੇ ਸਾਹਵੇਂ,
ਤੇ ਮੇਰੇ ਅਗੇ ਇਹ ਸੰਸਾਰ, ਦੂਰ, ਅਨੰਤ, ਅਪਾਰ,
ਕਿਰਮਚੀ ਆਥਣ ਤੇ ਚਿਟੇ ਬਦਲ,
ਉਥੇ ਤਾਰੇ ਟਿਮਕਣ, ਅਤੇ ਦੁਰਾਡੀ ਸੜਕ ਦੇ ਉਤੇ,
ਇਕ ਪੰਛੀ ਉਡਿਆ—ਉਹ ਸੂਰਜ ਤੋਂ ਵਿਦਿਆ ਹੋਇਆ।
ਇਸ ਅਦਭੁਤ ਸੰਸਾਰ ਦਾ ਹੈ, ਆਪਣਾ ਹੀ ਸੰਗੀਤ:
ਸੁਣੋ, ਕਿਸੇ ਨੇ ਆਪਣੇ ਹਥ ਦੇ ਨਾਲ
ਛੇੜੀ ਹੈ ਤਰਬ ਇਕ ਮੋਟੀ, ਅਤੇ ਨੀਲਾ ਅੰਬਰ ਲਗ ਪਿਆ ਗਾਉਣ,
ਕਹੂ ਨੇ ਗਾਂਦੇ, ਘਰ ਵੀ ਗਾਉਣ।
ਇਹ ਗੀਤ ਸੁਣਾਂ ਮੈਂ ਬਸ ਸ਼ਾਮਾਂ ਵੇਲੇ, ਛਪੜ ਕੋਲ
ਜਦੋਂ ਲਟ ਲਟ ਬਲੇ ਸੂਰਜ—ਦੂਰ ਦੁਰਾਡੇ ਸਾਗਰ ਪਿਛੇ
ਜਿਸ ਛਿਣ ਘੁਗੀਆਂ ਘਰ ਵਲ ਮੋੜਾ ਪਾਉਣ
ਅਤੇ ਖੋਹ ਵਿਚ ਆਪਣੀ ਚਮਗਾਦੜ, ਸਾਫ਼ ਕਰੇ ਪਈ ਪੰਜੇ।
ਦਿਨ ਭਰ ਵਗ ਕੇ ਵਾ ਹੈ ਥਕ ਗਈ, ਤੇ ਹੁਣ ਕਰੇ ਆਰਾਮ
ਹਨੇਰੇ ਹੁੰਦੇ ਦਰੁਗ ਦੇ ਅੰਦਰ।

ਹਰ ਵਰ੍ਹੇ ਜਦੋਂ ਪਤ-ਝੜ ਨੇੜੇ ਆਉਂਦੀ ਬਚੇ ਹੁਨਾਲ ਨੂੰ ਵਿਦਿਆ ਕਰਨਾ ਚਾਹੁੰਦੇ। ਅਸੀਂ ਆਪਣੇ ਬਲੂਤ ਦੇ ਰੁਖ ਕੋਲ ਜਾਂਦੇ ਅਤੇ ਪਿਛਲੇ ਹੁਨਾਲ, ਬਗਲਿਆਂ ਅਤੇ ਪਤ-ਝੜ ਦੇ ਨਿਘੇ ਦਿਨਾਂ ਸੰਬੰਧੀ ਕਵਿਤਾਵਾਂ ਬਣਾਉਂਦੇ। ਜਦੋਂ ਅਸਾਂ ਹੁਨਾਲ ਨੂੰ ਚੌਥੀ ਵਾਰ ਵਿਦਿਆ ਕੀਤਾ ਤਾਂ ਬਚਿਆਂ ਨੇ ਉਸ ਸੰਬੰਧੀ ਜੋ ਸਾਨੂੰ ਸਭ ਤੋਂ ਪਿਆਰਾ ਸੀ—ਸਾਡੀ ਮਾਤ-ਭੂਮੀ—ਇਕ ਸਮੂਹਕ ਕਵਿਤਾ ਕਹੀ।

ਜਿਹੜੀ ਮੁਖ ਗਲ ਧਿਆਨ ਅਤੇ ਸ਼ਲਾਘਾ ਦੀ ਪਾਤਰ ਸੀ ਉਹ ਸਪਸ਼ਟ ਬਿੰਬ ਸਨ ਜਿਹੜੇ ਬਚਿਆਂ ਦੀਆਂ ਕਲਪਨਾਵਾਂ ਰਚਦੀਆਂ। ਮੈਂ ਇਹ ਨਿਸ਼ਚਿਤ ਕਰਾਉਣ

ਦਾ ਜਤਨ ਕੀਤਾ ਕਿ ਜਿਨ੍ਹਾਂ ਬਚਿਆਂ ਦੇ ਆਤਮਕ ਜੀਵਨ ਵਿਚ ਕਾਵਿਕ ਪ੍ਰੇਰਨਾ ਇਕ ਲੋੜ ਬਣ ਗਈ ਸੀ ਉਹ ਸਰਵਉਤਮ ਕਵਿਤਾ ਪੜ੍ਹਣ। ਅਸਾਂ ਕਵਿਤਾ ਦੀ ਇਕ ਨਿਕੀ ਜਿਹੀ ਲਾਇਬ੍ਰੇਰੀ ਬਣਾਈ। ਇਹ ਉਹਨਾਂ ਲਈ ਵਿਸ਼ੇਸ਼ ਤੌਰ ਉਤੇ ਲੋੜੀਂਦੀ ਸੀ ਜਿਨ੍ਹਾਂ ਲਈ ਕਾਵਿਕ ਰਚਨਾਤਮਕਤਾ ਆਤਮਕ ਲੋੜ ਨਹੀਂ ਸੀ ਬਣ ਗਈ, ਉਹਨਾਂ ਲਈ ਜਿਨ੍ਹਾਂ ਵਿਚ ਕਾਵਿਕ ਭਾਸ਼ਾ ਲਈ ਭਾਵੁਕਤਾ ਪੈਦਾ ਕਰਨ ਦੀ ਲੋੜ ਸੀ। ਮੈਂ ਇਕ ਵਾਰ ਫਿਰ ਦੁਹਰਾਉਂਦਾ ਹਾਂ ਕਿ ਬਚਿਆਂ ਦੀ ਕਾਵਿਕ ਰਚਨਾਤਮਕਤਾ ਨੂੰ ਯੋਗਤਾ ਦਾ ਚਿੰਨ੍ਹ ਨਹੀਂ ਸਮਝਣਾ ਚਾਹੀਦਾ। ਇਹ ਉਸੇ ਤਰ੍ਹਾਂ ਦਾ ਸੁਭਾਵਕ ਵਰਤਾਰਾ ਹੈ ਜਿਹੋ ਜਿਹਾ ਚਿਤਰ ਬਣਾਉਣਾ: ਹਰ ਇਕ ਚਿਤਰ ਬਣਾਉਂਦਾ ਹੈ, ਅਤੇ ਸਾਰੇ ਬਚੇ ਇਸ ਪੜਾਅ ਵਿਚੋਂ ਲੰਘਦੇ ਹਨ। ਪਰ ਕਾਵਿਕ ਰਚਨਾਤਮਕਤਾ ਬਚਿਆਂ ਦੇ ਆਤਮਕ ਜੀਵਨ ਵਿਚ ਇਕ ਸਾਧਾਰਨ ਵਰਤਾਰਾ ਤਾਂ ਹੀ ਬਣ ਸਕਦੀ ਹੈ ਜੇ ਅਧਿਆਪਕ ਉਹਨਾਂ ਸਾਹਮਣੇ ਆਲੇ ਦੁਆਲੇ ਦੇ ਸੰਸਾਰ ਅਤੇ ਭਾਸ਼ਾ ਦਾ ਸੁਹਪਣ ਉਘਾੜਦਾ ਹੈ। ਐਨ ਉਸੇ ਤਰ੍ਹਾਂ ਜਿਵੇਂ ਸੰਗੀਤ ਤੋਂ ਬਿਨਾਂ ਸੰਗੀਤ ਲਈ ਪਿਆਰ ਸਿਖਾਉਣਾ ਅਸੰਭਵ ਹੈ ਉਸੇ ਤਰ੍ਹਾਂ ਰਚਨਾਤਮਕਤਾ ਤੋਂ ਬਿਨਾਂ ਕਾਵਿਕ ਰਚਨਾਤਮਕਤਾ ਲਈ ਪਿਆਰ ਸਿਖਾਉਣਾ ਅਸੰਭਵ ਹੈ।

ਜਿਹੜਾ ਬੰਦਾ ਪੁਸ਼ਕਿਨ ਅਤੇ ਹਾਈਨੇ, ਸ਼ੇਵਚੈਨਕੋ ਅਤੇ ਲੈਸਯਾ ਯੂਕਰਾਈਨਕਾ ਨੂੰ ਪਿਆਰ ਕਰਦਾ ਹੈ, ਉਹ ਅਜਿਹਾ ਮਨੁਖ ਹੈ। ਉਹ ਆਪਣੇ ਆਲੇ ਦੁਆਲੇ ਦੇ ਸੁਹਪਣ ਸੰਬੰਧੀ ਸੁਹਣੀਆਂ ਗਲਾਂ ਕਹਿਣਾ ਚਾਹੁੰਦਾ ਹੈ; ਇਕ ਅਜਿਹਾ ਬੰਦਾ ਜਿਸ ਲਈ ਲੋੜੀਂਦੇ ਸ਼ਬਦ ਦੀ ਭਾਲ ਉਸੇ ਤਰ੍ਹਾਂ ਦੀ ਲੋੜ ਬਣ ਗਈ ਹੈ ਜਿਹੋ ਜਿਹੀ ਸੁਹਪਣ ਰਚਣ ਦੀ ਲੋੜ; ਇਕ ਅਜਿਹਾ ਮਨੁਖ ਜਿਸ ਲਈ ਮਨੁਖਤਾ ਦੇ ਸੁਹਪਣ ਨੂੰ ਸਮਝਣਾ ਸਭ ਤੋਂ ਪਹਿਲਾਂ ਮਨੁਖੀ ਮਾਣ ਲਈ ਸਤਿਕਾਰ ਵਿਚ, ਲੋਕਾਂ ਵਿਚਕਾਰ ਸਭ ਤੋਂ ਮੁਨਸਫ਼ੀ ਸੰਬੰਧਾਂ — ਕਮਿਊਨਿਸਟ ਸੰਬੰਧਾਂ — ਦੀ ਸਥਾਪਤੀ ਵਿਚ ਪ੍ਰਗਟ ਹੁੰਦਾ ਹੈ, ਅਤੇ ਅਜਿਹਾ ਮਨੁਖ ਖਰ੍ਹਵਾ ਜਾਂ ਸੰਕੀ ਨਹੀਂ ਹੋ ਸਕਦਾ।

## ਸਾਡੀ ਸੁਹਪਣ ਦੀ ਨੁਕਰ

ਬਸੰਤ ਰੁਤੇ ਪਹਿਲੀ ਸ਼੍ਰੇਣੀ ਦੀ ਪੜ੍ਹਾਈ ਮੁਕਾਉਣ ਤੋਂ ਪਹਿਲਾਂ ਅਸਾਂ ਆਪਣੀ ਸੁਹਪਣ ਦੀ ਨੁਕਰ ਬਣਾਉਣੀ ਸ਼ੁਰੂ ਕਰ ਦਿਤੀ। ਬਚਿਆਂ ਨੇ ਚਿਰਾਂ ਤੋਂ ਇਹਦੇ ਸੁਪਨੇ ਲਏ ਸਨ। ਅਸਾਂ ਇਹਦੀ ਕਲਪਨਾ ਇਕ ਸ਼ਾਂਤ, ਇਕਲਵਾਂਜੀ ਥਾਂ ਵਜੋਂ ਕੀਤੀ ਜਿਥੇ ਆਲੇ ਦੁਆਲੇ ਦੇ ਸੰਸਾਰ ਦੇ ਸੁਹਪਣ ਵਿਚ ਮਨੁਖੀ ਹਥਾਂ ਦੀਆਂ ਕਿਰਤਾਂ ਦਾ ਵਾਧਾ ਹੋਵੇਗਾ। ਸਾਡਾ ਸੁਪਨਾ ਭਵਿਖ ਵਿਚ ਜਾਂਦਾ ਸੀ, ਅਸੀਂ ਸੋਚਦੇ ਸਾਂ ਕਿ ਕਿਵੇਂ ਅਸੀਂ ਆਪਣੀ ਨੁਕਰ ਵਿਚ ਹੋਰ ਅਤੇ ਹੋਰ ਰੁਖ ਲਾਵਾਂਗੇ। ਉਥੇ ਅਸੀਂ

ਆਰਾਮ ਅਤੇ ਕੰਮ ਕਰਾਂਗੇ, ਬਸੰਤ ਰੁਤ ਦਾ ਸੁਆਗਤ ਕਰਾਂਗੇ ਅਤੇ ਹੁਨਾਲ ਨੂੰ ਵਿਦਿਆ ਕਰਾਂਗੇ।

ਸਕੂਲ ਦੀ ਭੋਂ ਅਤੇ ਝਾੜੀਆਂ ਦੀ ਇਕ ਝੰਗੀ ਵਿਚਕਾਰ ਬਚਿਆਂ ਨੇ ਇਕ ਦਰੁਗ ਦੀ ਢਾਲ ਕੌਲ ਇਕ ਛੋਟੀ ਜਿਹੀ ਰੁਖਾਂ ਤੋਂ ਬਿਨਾਂ ਥਾਂ ਲਭ ਲਈ ਜਿਹੜੀ ਘਣੇ ਘਾਹ ਨਾਲ ਕਜੀ ਹੋਈ ਸੀ। ਮੀਂਹ ਦੇ ਛਟਿਆਂ ਪਿਛੋਂ ਉਥੇ ਬਹੁਤ ਸਿਲ ਹੋ ਜਾਂਦੀ। ਅਸਾਂ ਉਹ ਥਾਂ ਝਾੜ ਬੂਟ ਤੋਂ ਸਾਫ਼ ਕੀਤੀ ਅਤੇ ਉਹਨੂੰ ਹਰੇ ਮੈਦਾਨ ਵਿਚ ਤਬਦੀਲ ਕਰਨਾ ਸ਼ੁਰੂ ਕਰ ਦਿਤਾ।

"ਸਾਡੀ ਨੁਕਰ ਹਰਿਆਲੀ ਦਾ ਜਗਤ ਹੋਵੇਗੀ," ਮੈਂ ਬਚਿਆਂ ਨੂੰ ਕਿਹਾ। "ਦਰੁਗ ਦੀ ਢਾਲ ਹਾਪ ਦੇ ਬੂਟਿਆਂ ਦੀ ਕੰਧ ਨਾਲ ਕਜੀ ਜਾਵੇਗੀ ਅਤੇ ਝੰਗੀਆਂ ਵਿਚ ਬੁਲਬੁਲਾਂ ਅਤੇ ਪੀਲਕ ਰਹਿਣਗੇ।"

ਇਸ ਸੁਪਨੇ ਨੇ ਬਚਿਆਂ ਨੂੰ ਪ੍ਰੇਰਿਆ। ਅਸਾਂ ਰੁਖਾਂ ਤੋਂ ਬਿਨਾਂ ਉਸ ਥਾਂ ਨੂੰ ਹਰਾ ਮੈਦਾਨ ਬਣਾਉਣ ਲਈ ਬਹੁਤ ਕੰਮ ਕੀਤਾ। ਸਾਨੂੰ ਘਾਹ ਦੇ ਨਿਕੇ ਟੋਟੇ ਉਥੇ ਲਿਆਉਣੇ ਪਏ ਅਤੇ ਉਹਨਾਂ ਨੂੰ ਪਾਣੀ ਦੇਣਾ ਪਿਆ। ਬਚੇ ਉਤਸੁਕਤਾ ਨਾਲ ਮੀਂਹ ਦੇ ਛਟਿਆਂ ਦੀ ਉਡੀਕ ਕਰਦੇ ਤਾਂ ਜੁ ਘਰੇ ਘਾਹ ਨੂੰ ਪਾਣੀ ਮਿਲ ਜਾਵੇ। ਸਾਨੂੰ ਜੰਗਲ ਵਿਚ ਹਾਪ ਦੇ ਕਈ ਨਿਕੇ ਨਿਕੇ ਬੂਟੇ ਮਿਲੇ ਅਤੇ ਅਸਾਂ ਉਹ ਦਰੁਗ ਦੀ ਢਾਲ ਉਤੇ ਲੈ ਆਂਦੇ। ਅਸੀਂ ਸੁਭਾਗੇ ਸਾਂ, ਉਹ ਹੁਨਾਲ ਗਿਲਾ ਸੀ, ਸੋ ਸਾਰੇ ਬੂਟੇ ਬਚ ਗਏ। ਅਸੀਂ ਜੰਗਲ ਵਿਚੋਂ ਸੋਸਨ ਦੇ ਕੁਝ ਬੂਟੇ ਲਿਆਏ ਅਤੇ ਉਹ ਘਾਹ ਦੇ ਟੋਟੇ ਉਤੇ ਲਾ ਦਿਤੇ। ਅਸਾਂ ਚਿਲਮ ਝਾੜੀ ਦੇ ਤਿੰਨ ਬੂਟੇ ਲਾਏ ਅਤੇ ਉਹਨਾਂ ਨੂੰ ਗੁਲਾਬ ਦੀ ਪਿਉਂਦ ਲਾ ਦਿਤੀ—ਇਹ ਫੁਲਾਂ ਦਾ ਸੰਸਾਰ ਹੋਵੇਗਾ। ਅਸਾਂ ਸਾਰੇ ਮੈਦਾਨ ਵਿਚ ਹੇਜ਼ਲ-ਨਟ ਦੇ ਰੁਖ ਲਾਏ। ਬਚੇ ਚਾਹੁੰਦੇ ਸਨ ਕਿ ਉਥੇ ਜੰਗਲੀ ਫੁਲ ਉਗਣ। ਸਾਨੂੰ ਗੁਲ-ਬਹਾਰ ਲਭੇ ਅਤੇ ਅਸਾਂ ਉਹ ਉਥੇ ਲਾ ਦਿਤੇ। ਅਸਾਂ ਗੁਲ-ਦਾਊਦੀ ਦੇ ਕਈ ਬੂਟੇ ਗਰਮਖ਼ਾਨੇ ਵਿਚੋਂ ਉਥੇ ਲਾ ਦਿਤੇ ਤਾਂ ਜੁ ਉਹ ਪਤ-ਝੜ ਤਕ ਖਿੜੇ ਰਹਿਣ।

ਵਾਰੀਆ ਨੇ ਸੂਰਜਮੁਖੀ ਦਾ ਬੂਟਾ ਲਾਇਆ। ਮੈਦਾਨ ਦੀ ਇਕ ਦੁਰਾਡੀ ਨੁਕਰੇ ਬਚਿਆਂ ਨੇ ਦੜਊ ਦੇ ਬੀ ਬੀਜੇ। ਨੀਨਾ ਅਤੇ ਸਾਸ਼ਾ ਦੇ ਪਿਤਾ ਨੇ ਉਹਨਾਂ ਨੂੰ ਤਰੇਲਾਂ ਦੇ ਦੋ ਨਿਕੇ ਬੂਟੇ ਦਿਤੇ। ਵਿਤੀਆ ਨੇ ਮੈਨੂੰ ਦਸਿਆ ਕਿ ਉਹਦੀ ਨਾਨੀ ਟਿਊਲਿਪ ਦੇ ਫੁਲ ਉਗਾਉਂਦੀ ਹੈ। ਟਿਊਲਿਪ ਦੇ ਕਈ ਗੰਢੇ ਉਥੇ ਲਾਏ ਗਏ। ਇਕ ਹੁਨਾਲੀ ਦਿਨ ਬਚਿਆਂ ਨੇ ਜੰਗਲ ਵਿਚ ਲਿੰਡਨ ਦਾ ਇਕ ਵਡਾ ਖਿੜਿਆ ਰੁਖ ਵੇਖਿਆ। ਹਜ਼ਾਰਾਂ ਮਖਿਆਰੀਆਂ ਉਸ ਰੁਖ ਦੀਆਂ ਟਹਿਣੀਆਂ ਵਿਚ ਭੀਂ ਭੀਂ ਕਰ ਰਹੀਆਂ ਸਨ। ਸਾਰਾ ਜੰਗਲ ਕਿਸੇ ਚਿੰਕਾਰੇ ਵਾਂਗ ਗੂੰਜ ਰਿਹਾ ਜਾਪਦਾ ਸੀ। ਬਚੇ, ਪ੍ਰਕਿਰਤੀ ਦੇ ਸੁਹਪਣ ਦੇ ਕੀਲੇ, ਚੁਪ ਚਾਪ ਖੜੇ ਰਹੇ। ਉਹ ਆਪਣੀ **ਸੁਹਪਣ ਦੀ ਨੁਕਰ** ਦੇ ਕੌਲ ਲਿੰਡਨ ਦੇ ਕਈ ਰੁਖ ਲਾਉਣਾ ਚਾਹੁੰਦੇ ਸਨ। ਪਤ-ਝੜ ਦੀ ਰੁਤੇ ਅਸੀਂ ਜੰਗਲ

ਵਿਚ ਗਏ। ਉਥੋਂ ਲਿੰਡਨ ਦੇ ਕਈ ਨਿਕੇ ਬੂਟਿਆਂ ਦਾ ਗਚ ਕਢ ਲਿਆਏ ਅਤੇ ਉਹ ਇਕ ਰੈਂਸ ਵਿਚ ਲਾਏ। "ਜਦੋਂ ਲਿੰਡਨ ਦੇ ਰੁਖ ਵਡੇ ਹੋ ਜਾਣਗੇ," ਬਚਿਆਂ ਨੇ ਸੁਪਨਾ ਲਿਆ, "ਉਹਨਾਂ ਉਤੇ ਘਣੇ ਪਤੇ ਹੋਣਗੇ ਅਤੇ ਉਹ ਛਾਂ ਵਾਲਾ ਰਾਹ ਬਣਾਉਣਗੇ।"

ਹਰ ਸ਼੍ਰੇਣੀ ਨੇ ਦੂਜਿਆਂ ਤੋਂ ਵਖਰੀ ਆਪਣੀ **ਸੁਹਪਣ ਦੀ ਨੁਕਰ** ਬਣਾਉਣੀ ਸ਼ੁਰੂ ਕਰ ਦਿਤੀ। ੧੯੫੫ ਦੀ ਪਤ-ਝੜ ਵਿਚ ਸਕੂਲ ਨੇ ਦੇ ਸਮੂਹਕ ਤੌਰ ਉਤੇ **ਸੁਹਪਣ ਦੀ ਨੁਕਰ** ਬਣਾਉਣੀ ਸ਼ੁਰੂ ਕਰ ਦਿਤੀ। ਸਕੂਲ ਦੀ ਇਮਾਰਤ ਦੇ ਨਾਲ ਨਾਲ ਅਸਾਂ ਗੁਲਾਬ ਦਾ ਇਕ ਬਾਗ਼ ਲਾਇਆ। ਅਸਾਂ ਚਿਲਮ ਝਾੜੀਆਂ ਤੋਂ ਉਗੇ ਅਨੇਕ ਨਿਕੇ ਬੂਟੇ ਲਾਏ, ਜਿਨ੍ਹਾਂ ਨਾਲ ਵਖ ਵਖ ਤਰ੍ਹਾਂ ਦੇ ਗੁਲਾਬ ਦੀ ਪਿਉਂਦ ਲਾਈ ਗਈ ਸੀ। ਹਰ ਵਰ੍ਹੇ ਬਾਗ਼ ਵਧੇਰੇ ਸੁਹਣਾ ਹੁੰਦਾ ਗਿਆ। ਬਸੰਤ ਅਤੇ ਹੁਨਾਲ ਦੀ ਰੁਤੇ ਇਹ ਫੁਲਾਂ ਦਾ ਸਾਗਰ ਹੁੰਦਾ। ਹਰ ਕੋਈ ਪ੍ਰਕਿਰਤੀ ਹੁਸਨ ਮਾਣਨ ਅਤੇ ਕੰਮ ਕਰਨ—ਸੁਹਪਣ ਸਿਰਜਣਾ—ਆਉਂਦਾ।

ਗੁਲਾਬ ਦਾ ਬਾਗ਼ ਸਮੁਚੇ ਸਕੂਲ ਦੀ ਸਿਰਜਣਾ ਸੀ। ਜਿਹੜੀ ਸ਼੍ਰੇਣੀ ਦਾ ਸਮਾਜੀ ਤੌਰ ਉਤੇ ਲਾਹੇਵੰਦਾ ਕੰਮ ਕਰਨ ਦਾ ਸਭ ਤੋਂ ਚੰਗਾ ਰਿਕਾਰਡ ਹੁੰਦਾ ਉਹਨੂੰ ਬਾਗ਼ ਵਿਚੋਂ ਫੁਲ ਕਟਣ ਅਤੇ ਵੰਡਣ ਦਾ ਮਾਣ ਦਿਤਾ ਜਾਂਦਾ। ਅਕਸਰ ਮੁਢਲਾ ਅਤੇ ਮਿਡਲ ਸਕੂਲ ਜਿਤਦੇ। ਉਹਨਾਂ ਨੂੰ ਰੋਜ਼ ਕਈ ਦਰਜਨ ਗੁਲਾਬ ਦੇ ਫੁਲ ਕਟਣ ਦਾ ਅਧਿਕਾਰ ਸੀ। ਉਹ ਗੁਲਾਬ ਸ਼੍ਰੇਣੀ ਵਿਚ ਲਿਆਉਂਦੇ ਅਤੇ ਆਪਣੇ ਅਧਿ ਆਪਕਾਂ, ਆਪਣੀਆਂ ਮਾਵਾਂ ਅਤੇ ਪਿੰਡ ਦੇ ਸਭ ਤੋਂ ਚੰਗੇ ਕਿਰਤੀਆਂ ਨੂੰ ਦੇਂਦੇ। ਪਹਿਲੀ ਭਰੀ ਦੇ ਜਸ਼ਨ ਦੇ ਦਿਨ ਬਚਿਆਂ ਨੇ ਗੁਲਾਬ ਦਾ ਬਹੁਤ ਵਡਾ ਗੁਲਦਸਤਾ ਬਣਾਇਆ ਅਤੇ ਪੰਚਾਇਤੀ ਫ਼ਾਰਮ ਦੇ ਸਭ ਤੋਂ ਚੰਗੇ ਕਿਰਤੀਆਂ ਨੂੰ ਪੇਸ਼ ਕੀਤਾ।

ਸੁਹਪਣ ਸਿਰਜਣ ਲਈ ਕੰਮ ਕਰਨਾ ਨਨ੍ਹੇ ਦਿਲ ਨੂੰ ਉਚਿਆਉਂਦਾ ਹੈ ਅਤੇ ਲਾਪਰਵਾਹੀ ਨੂੰ ਰੋਕਦਾ ਹੈ। ਧਰਤੀ ਉਤੇ ਸੁਹਪਣ ਸਿਰਜ ਕੇ ਬਚੇ ਚੰਗੇਰੇ, ਵਧੇਰੇ ਸਾਫ਼ ਅਤੇ ਵਧੇਰੇ ਸੁਹਣੇ ਬਣ ਜਾਂਦੇ ਹਨ।

## ਜੀਵਨ ਵਿਚ ਆਦਰਸ਼ ਦੇ ਸੋਮੇ

ਮੈਂ ਆਪਣੇ ਹਰ ਇਕ ਵਿਦਿਆਰਥੀ ਦੀ ਬਾਲਗ਼ ਅਵਸਥਾ ਦੀ ਕਲਪਨਾ ਕਰਨ ਦਾ ਜਤਨ ਕੀਤਾ। ਮੈਂ ਇਸ ਖ਼ਿਆਲ ਤੋਂ ਪ੍ਰੇਸ਼ਾਨ ਸਾਂ ਕਿ ਬਚਾ ਕਿਹੋ ਜਿਹਾ ਨਾਗਰਕ, ਕਿਹੋ ਜਿਹਾ ਮਨੁਖ ਬਣੇਗਾ? ਤੂੰ ਸਮਾਜ ਨੂੰ ਕੀ ਦੇਵੇਗਾ, ਤੇਰੀਆਂ ਖ਼ੁਸ਼ੀਆਂ ਕੀ ਹੋਣਗੀਆਂ; ਤੂੰ ਕਿਸ ਸ਼ੈ ਦੀ ਸ਼ਲਾਘਾ ਕਰੇਂਗਾ ਅਤੇ ਕਿਹੜੀ ਗਲ ਤੇਰਾ ਗ਼ੁਸਾ ਉਭਾਰੇਗੀ? ਤੈਨੂੰ ਕਿਹੜੀ ਗਲ ਵਿਚ ਖ਼ੁਸ਼ੀ ਮਿਲੇਗੀ ਅਤੇ ਤੂੰ ਧਰਤੀ ਉਤੇ ਕਿਹੋ ਜਿਹਾ ਵਿਰਸਾ ਛੋਡ ਜਾਵੇਗਾ?

ਇਕ ਅਧਿਆਪਕ ਅਤੇ ਸਿਖਿਅਕ ਦੇ ਤੌਰ ਉਤੇ ਮੈਂ ਨੰਨ੍ਹੇ ਦਿਲਾਂ ਵਿਚ ਉਹ ਸਦਾਚਾਰਕ ਕਦਰਾਂ ਭਰਨ ਦਾ ਜਤਨ ਕੀਤਾ ਜਿਹੜੀਆਂ ਮਨੁਖਜਾਤੀ ਨੇ ਸਦੀਆਂ ਦੇ ਦੌਰਾਨ ਸਿਰਜੀਆਂ ਅਤੇ ਜਿਨ੍ਹਾਂ ਲਈ ਉਹਨੇ ਘੋਲ ਕੀਤਾ ਹੈ—ਮਾਤ-ਭੂਮੀ ਅਤੇ ਆਜ਼ਾਦੀ ਲਈ ਪਿਆਰ, ਜਬਰ ਅਤੇ ਇਕ ਕੌਮ ਵਲੋਂ ਦੂਜੀ ਨੂੰ ਗ਼ੁਲਾਮ ਬਣਾਏ ਜਾਣ ਵਲ ਅਸਹਿਣਸ਼ੀਲਤਾ ਲੋਕਾਂ ਦੀ ਖ਼ੁਸ਼ੀ ਅਤੇ ਆਜ਼ਾਦੀ ਲਈ ਜੀਵਨ ਅਤੇ ਬਲ ਵਾਰਨ ਲਈ ਤੱਤਪਰਤਾ। ਇਹ ਗਲ ਮਹਤਵ-ਪੂਰਨ ਹੈ ਕਿ ਆਪਣੀ ਮਾਤ-ਭੂਮੀ ਅਤੇ ਉਚ ਆਦਰਸ਼ਾਂ ਦੇ ਸ਼ਬਦ ਸਾਡੇ ਵਿਦਿਆਰਥੀਆਂ ਦੇ ਮਨਾਂ ਵਿਚ ਫੋਕੇ, ਉਚੇ ਵਾਕੰਸ਼ ਨਾ ਬਣ ਜਾਣ, ਕਿ ਅਕਸਰ ਵਰਤੇ ਜਾਣ ਕਾਰਨ ਉਹਨਾਂ ਦਾ ਬਲ ਘਟ ਜਾਂ ਖ਼ਤਮ ਨਾ ਹੋ ਜਾਵੇ। ਬਚੇ ਇਹਨਾਂ ਉਚ ਸੰਕਲਪਾਂ ਸੰਬੰਧੀ ਗਲ ਕਦੀ ਕਦਾਈਂ ਹੀ ਕਰਨ ਪਰ ਇਹ ਆਦਰਸ਼ ਅਮਲ ਲਈ ਜੋਮ ਵਿਚ, ਪਿਆਰ ਅਤੇ ਘਿਰਣਾ ਵਿਚ, ਲਗਨ ਅਤੇ ਦ੍ਰਿੜ੍ਹਤਾ ਵਿਚ ਜਿਊਂਦੇ ਰਹਿਣ।

ਜਿਹੜੇ ਸ਼ਬਦ ਉਹ ਸਮਝ ਨਹੀਂ ਸਕਦੇ ਉਹ ਸ਼ਬਦ ਉਹਨਾਂ ਤੋਂ ਅਖਵਾਉਣਾ ਵਿਸ਼ੇਸ਼ ਤੌਰ ਉਤੇ ਅਸਹਿਣਯੋਗ ਹੈ। ਜਿਹੜੀ ਗਲ ਨੂੰ ਲੋਕ ਪਵਿਤਰ ਖ਼ਿਆਲ ਕਰਦੇ ਹਨ ਉਹ ਇਸ ਕਾਰਨ ਫੋਕੀਆਂ ਆਵਾਜ਼ਾਂ ਬਣ ਜਾਂਦੇ ਹਨ।

ਜਿਸ ਤਰ੍ਹਾਂ ਕੋਈ ਸੁਚੇਤ ਮਾਲੀ ਕਿਸੇ ਅਜਿਹੇ ਬੂਟੇ ਦੀਆਂ, ਜਿਹੜਾ ਅਜੇ ਧਰਤੀ ਵਿਚੋਂ ਪੁੰਗਰਿਆ ਹੀ ਹੈ, ਜੜ੍ਹਾਂ ਮਜ਼ਬੂਤ ਕਰਕੇ ਉਹਨੂੰ ਦਹਾਕਿਆਂ ਤਕ ਜਿਉਣ ਦੀ ਯੋਗਤਾ ਦੇਂਦਾ ਹੈ ਉਸੇ ਤਰ੍ਹਾਂ ਇਹ ਲਾਜ਼ਮੀ ਹੈ ਕਿ ਅਧਿਆਪਕ ਜਾਂ ਅਧਿਆਪਕਾ ਆਪਣੇ ਬਚਿਆਂ ਦੀ ਪਾਲਣਾ ਦਾ ਧਿਆਨ ਰਖੇ, ਉਹਨਾਂ ਨੂੰ ਆਪਣੀ ਮਾਤ-ਭੂਮੀ ਲਈ ਅਸੀਮ ਪਿਆਰ, ਕਿਰਤੀ ਲੋਕਾਂ ਲਈ ਲਗਨ ਅਤੇ ਕਮਿਊਨਿਜ਼ਮ ਦੇ ਮਹਾਨ ਆਸ਼ਿਆਂ ਵਿਚ ਨਿਸ਼ਚਾ ਸਿਖਾਏ। ਇਹਨਾਂ ਸਿਫ਼ਤਾਂ ਦੀ ਸਿਖਲਾਈ ਉਦੋਂ ਸ਼ੁਰੂ ਹੁੰਦੀ ਹੈ ਜਦੋਂ ਬਚਾ ਆਪਣੇ ਆਲੇ ਦੁਆਲੇ ਦੇ ਸੰਸਾਰ ਨੂੰ ਵੇਖਣ, ਸਮਝਣ ਅਤੇ ਹਾਜ਼ਨ ਲਗ ਪੈਂਦਾ ਹੈ।

ਇਸ ਗਲ ਦੀ ਬਹੁਤ ਮਹਤਤਾ ਹੈ ਕਿ ਬਚੇ ਵਡੇਰੀਆਂ ਪੀੜ੍ਹੀਆਂ ਵਲੋਂ ਸਿਰਜੀ ਹਰ ਸ਼ੈ ਦੀ, ਆਪਣੀ ਮਾਤ-ਭੂਮੀ ਦੀ ਆਜ਼ਾਦੀ ਅਤੇ ਸੁਤੰਤਰਤਾ ਅਤੇ ਕਿਰਤੀ ਲੋਕਾਂ ਦੀ ਖ਼ੁਸ਼ੀ ਲਈ ਅੱਖੇ ਘੋਲ ਵਿਚ ਜਿਤੀ ਹਰ ਗਲ ਦੀ ਕਦਰ ਕਰਨ। ਬਚੇ ਲਈ ਮਾਤ-ਭੂਮੀ ਰੋਟੀ ਦੇ ਟੋਟੇ ਅਤੇ ਕਣਕ ਦੇ ਖੇਤ ਨਾਲ, ਜੰਗਲ ਵਿਚ ਮੈਦਾਨ ਨਾਲ ਅਤੇ ਛਪੜ ਉਤੇ ਨੀਲੇ ਆਕਾਸ਼ ਨਾਲ, ਸੌਣ ਤੋਂ ਪਹਿਲਾਂ ਮਾਂ ਦੇ ਗੀਤਾਂ ਅਤੇ ਕਹਾਣੀਆਂ ਨਾਲ ਸ਼ੁਰੂ ਹੁੰਦੀ ਹੈ। ਬਚਪਨ ਦੇ ਸੁਨਹਿਰੀ ਦਿਨਾਂ ਵਿਚ ਜਦੋਂ ਛੋਟੇ ਬਚੇ ਭਾਸ਼ਾ ਅਤੇ ਬਿੰਬਾਂ ਵਲ ਅਤੇ ਕਿਸੇ ਹੋਰ ਮਨੁਖ ਦੇ ਆਤਮਕ ਸੰਸਾਰ ਵਲ ਵਿਸ਼ੇਸ਼ ਤੌਰ ਉਤੇ ਭਾਵੁਕ ਹੁੰਦੇ ਹਨ, ਬੰਦੇ ਨੂੰ ਹਰ ਉਹ ਗਲ ਬਚੇ ਦੇ ਦਿਲ ਵਿਚ ਪਾਉਣੀ ਚਾਹੀਦੀ ਹੈ ਜਿਸ ਉਤੇ ਵਡੇਰੀ ਪੀੜ੍ਹੀ ਨੂੰ ਮਾਣ ਹੈ, ਉਹਨੂੰ ਸੁਤੰਤਰ ਕਿਰਤ

ਦੀ ਖ਼ੁਸ਼ੀ ਲਈ ਘੱਲ ਦੀ ਕਦਰ ਦਸਣੀ ਚਾਹੀਦੀ ਹੈ। ਮੈਂ ਇਸ ਗਲ ਲਈ ਉਤਸੁਕਤ ਸਾਂ ਕਿ ਸੰਸਾਰ ਦੀਆਂ ਚੰਗੀਆਂ ਵਸਤਾਂ ਸੋਚੇ ਬਿਨਾਂ ਮਾਣਨੋਂ ਬਚਿਆ ਜਾਵੇ। ਬਚੇ ਦੀ ਆਲੇ ਦੁਆਲੇ ਦੇ ਸੰਸਾਰ ਅਤੇ ਆਪਣੇ ਆਪ ਸੰਬੰਧੀ ਸੂਝ ਇਕ-ਪਾਸੜ ਨਹੀਂ ਹੋਣੀ ਚਾਹੀਦੀ। ਇਹ ਲਾਜ਼ਮੀ ਹੈ ਕਿ ਸੰਸਾਰ ਅਤੇ ਆਪਣੇ ਆਪ ਨੂੰ ਜਾਣਦੇ ਹੋਏ ਬਚੇ ਵਡੇਰੀਆਂ ਪੀੜ੍ਹੀਆਂ ਵਲੋਂ ਸਿਰਜੀਆਂ ਪਦਾਰਥਕ ਅਤੇ ਆਤਮਕ ਕਦਰਾਂ ਲਈ ਆਪਣੀ ਜ਼ਿਮੇਵਾਰੀ ਤੋਂ ਜਾਣੂ ਹੋਣ।

ਆਪਣੇ ਵਤਨੀ ਖੇਤਰ ਦੇ ਬੀਤੇ ਵਿਚ "ਸਫ਼ਰ ਕਰਦੇ ਹੋਏ", ਜਿਹਾ ਕਿ ਅਸੀਂ ਖੇਤ, ਜੰਗਲ, ਦਰਿਆ ਦੇ ਕੰਢੇ ਅਤੇ ਗੁਆਂਢਲੇ ਪਿੰਡਾਂ ਵਲ ਆਪਣੀਆਂ ਸੈਰਾਂ ਅਤੇ ਸਫ਼ਰਾਂ ਸੰਬੰਧੀ ਕਿਹਾ ਕਰਦੇ ਸਾਂ, ਮੈਂ ਬਚਿਆਂ ਨੂੰ ਉਹ ਸ਼ੈਆਂ ਵਿਖਾਉਣ ਦਾ ਜਤਨ ਕੀਤਾ ਜਿਹੜੀਆਂ ਸਾਡੇ ਲੋਕਾਂ ਦੇ ਆਤਮਕ ਜੀਵਨ ਵਿਚ ਬੀਤੇ ਅਤੇ ਵਰਤਮਾਨ ਨੂੰ ਜੋੜਦੀਆਂ ਹਨ। ਮੈਂ ਉਹਨਾਂ ਨੂੰ ਦਸਿਆ:

"ਤੁਹਾਡੇ ਸਾਹਮਣੇ ਇਕ ਉਪਜਾਊ ਖੇਤ ਹੈ, ਜਿਸ ਵਿਚ ਕਣਕ ਦੇ ਸਿਟੇ ਹਨ। ਉਸ ਖੇਤ ਉਤੇ, ਖ਼ਾਨਾ-ਜੰਗੀ ਦੇ ਵਰ੍ਹਿਆਂ ਵਿਚ ਚਿਟੇ ਗਾਰਡਾਂ ਨੇ ਇਕ ਲਾਲ ਛਾਪਾਮਾਰ ਨੂੰ ਗੋਲੀ ਨਾਲ ਉਡਾ ਦਿਤਾ ਸੀ। ਅਤੇ ਮਹਾਨ ਦੇਸ-ਭਗਤਕ ਯੁਧ ਦੇ ਔਖੇ ਪਹਿਲੇ ਹੁਨਾਲ ਵਿਚ ਸਾਡੇ ਮੁਠੀ ਭਰ ਫ਼ੌਜੀਆਂ ਅਤੇ ਨਾਜ਼ੀਆਂ ਦੀ ਇਕ ਕੰਪਨੀ ਵਿਚਕਾਰ ਘਮਸਾਨ ਦਾ ਯੁਧ ਹੋਇਆ ਸੀ। ਸਾਡੇ ਸੂਰਮੇ ਉਥੇ ਮਾਰੇ ਗਏ। ਉਸ ਚੌੜੇ ਖੇਤ ਵਲ ਵੇਖੋ ਬਚਿਓ। ਨਿਕੇ ਟਿਬੇ ਅਣਪਛਾਤੇ ਲੋਕਾਂ ਦੀਆਂ ਕਬਰਾਂ ਹਨ; ਧਰਤੀ ਉਹਨਾਂ ਦੇ ਕਾਰਨਾਮੇ ਦੀ ਯਾਦ ਸਾਂਭੀ ਬੈਠੀ ਹੈ। ਇਹ ਹਜ਼ਾਰਾਂ ਨਿਕੇ ਟਿਬੇ ਹਜ਼ਾਰਾਂ ਅਣਪਛਾਣੀਆਂ ਕਬਰਾਂ ਹਨ। ਧਰਤੀ ਨੇ ਸੂਰਮਿਆਂ ਦਾ ਉਚ ਖ਼ੂਨ ਸਾਂਭਿਆ ਹੋਇਆ ਹੈ ਅਤੇ ਲੋਕ ਉਹਨਾਂ ਦੇ ਕਾਰਨਾਮਿਆਂ ਨੂੰ ਸਦਾ ਲਈ ਯਾਦ ਰਖਣਗੇ। ਜੇ ਉਹਨਾਂ ਆਪਣੀ ਮਾਤ-ਭੂਮੀ ਲਈ ਜਾਨਾਂ ਨਾ ਦਿਤੀਆਂ ਹੁੰਦੀਆਂ, ਤੁਸੀਂ ਆਪਣੇ ਵਤਨ ਦਾ ਸੁਹਪਣ ਨਾ ਮਾਣ ਰਹੇ ਹੁੰਦੇ। ਨਾਜ਼ੀ ਤੁਹਾਨੂੰ ਗ਼ੁਲਾਮ ਬਣਾ ਕੇ ਲੈ ਗਏ ਹੁੰਦੇ।"

ਬਚੇ ਨੂੰ ਆਪਣੀ ਮਾਤ-ਭੂਮੀ ਦੀ ਹੋਣੀ ਸੰਬੰਧੀ ਸੋਚਣ ਦਿਓ। ਉਹਨੂੰ ਭਵਿਖ ਸੰਬੰਧੀ ਫ਼ਿਕਰਮੰਦੀ ਅਤੇ ਚਿੰਤਾ ਅਨੁਭਵ ਕਰਨ ਦਿਓ। ਬੀਤੇ ਦੀਆਂ ਘਟਨਾਵਾਂ ਆਪਣੇ ਆਪ ਨੂੰ ਵਰਤਮਾਨ ਦੇ ਸੋਮਿਆਂ ਵਜੋ ਪੇਸ਼ ਕਰਨ ਦਿਓ।

ਬਚਪਨ ਦੇ ਵਰ੍ਹੇ, ਜਿਨ੍ਹਾਂ ਨੂੰ ਅਸੀਂ ਬੇਫ਼ਿਕਰ ਖ਼ੁਸ਼ੀ, ਖੇਡਾਂ ਅਤੇ ਪਰੀ-ਕਹਾਣੀਆਂ ਦੇ ਵਰ੍ਹੇ ਸਮਝਦੇ ਹਾਂ, ਆਦਰਸ਼ਾਂ ਦਾ ਸੋਮਾ ਹਨ। ਐਨ ਇਸ ਸਮੇ ਹੀ ਨਾਗਰਕਤਾ ਦੀਆਂ ਜੜ੍ਹਾਂ ਪਕੀਆਂ ਹੁੰਦੀਆਂ ਹਨ। ਤੁਹਾਡੇ ਵਿਦਿਆਰਥੀ ਕਿਹੋ ਜਿਹੇ ਨਾਗਰਕ ਬਣਨਗੇ, ਇਸ ਗਲ ਉਤੇ ਨਿਰਭਰ ਹੈ ਕਿ ਬਚਪਨ ਦੇ ਵਰ੍ਹਿਆਂ ਵਿਚ ਉਹਨਾਂ ਦੇ ਆਲੇ ਦੁਆਲੇ ਤੋਂ ਉਹਨਾਂ ਸਾਹਮਣੇ ਕੀ ਖੋਹਲਿਆ ਜਾਂਦਾ ਹੈ, ਕੀ ਉਹਨਾਂ ਨੂੰ ਹੈਰਾਨ ਕਰਦਾ ਹੈ ਅਤੇ ਕੀ ਉਹਨਾਂ ਨੂੰ ਰੁਵਾ ਦੇਂਦਾ ਹੈ—ਨਿਜੀ ਹੇਠੀ ਕਾਰਨ ਨਹੀਂ

ਸਗੋਂ ਹੋਰ ਲੋਕਾਂ ਦੀਆਂ ਹੋਣੀਆਂ ਲਈ ਫ਼ਿਕਰ ਕਾਰਨ। ਆਪਣੇ ਵਿਰੋਧਾਂ ਅਤੇ ਗੁੰਝਲਾਂ ਸਹਿਤ ਬਹੁ-ਪਖੀ ਸੰਸਾਰ ਬਚੇ ਦੇ ਸਾਹਮਣੇ ਖੁਲ੍ਹਦਾ ਹੈ ਅਤੇ ਬਚਾ ਇਹਦੇ ਵਿਚ ਸੁਹਪਣ ਅਤੇ ਕੋਝ, ਖ਼ੁਸ਼ੀ ਅਤੇ ਗ਼ਮ ਵੇਖਦਾ ਹੈ। ਆਲੇ ਦੁਆਲੇ ਵਿਚ ਜੋ ਕੁਝ ਵਾਪਰਦਾ ਹੈ, ਬੀਤੇ ਅਤੇ ਵਰਤਮਾਨ ਦੀ ਹਰ ਉਹ ਗਲ ਜਿਸ ਲਈ ਲੋਕ ਜਿਊਂਦੇ ਹਨ, ਬਚਾ ਉਹਨਾਂ ਨੂੰ ਚੰਗੇ ਅਤੇ ਮਾੜੇ ਵਿਚ ਵੰਡਦਾ ਹੈ। ਬਚਪਨ ਦੇ ਵਰ੍ਹਿਆਂ ਵਿਚ ਮਾਨਵਤਾ ਅਤੇ ਨਾਗਰਕਤਾ ਦੀਆਂ ਨੀਹਾਂ ਰਖਣ ਲਈ ਇਹ ਲਾਜ਼ਮੀ ਹੈ ਕਿ ਬੰਦਾ ਬਚੇ ਨੂੰ ਚੰਗੇ ਅਤੇ ਮਾੜੇ ਦੀ ਯੋਗ ਸੂਝ ਦੇਵੇ।

ਅਤੇ ਇਸ ਤੋਂ ਮੇਰਾ ਅਰਥ ਹੇਠ ਲਿਖਿਆ ਹੈ: ਬਚੇ ਨੂੰ ਆਲੇ ਦੁਆਲੇ ਦੇ ਸੰਸਾਰ ਸੰਬੰਧੀ ਜੋ ਵਾਕਫ਼ੀ ਮਿਲਦੀ ਹੈ, ਸਭ ਸਮਾਜੀ ਘਟਨਾਵਾਂ, ਲੋਕਾਂ ਨੇ ਬੀਤੇ ਅਤੇ ਵਰਤਮਾਨ ਵਿਚ ਜੋ ਕੁਝ ਕੀਤਾ—ਇਹ ਲਾਜ਼ਮੀ ਹੈ ਕਿ ਉਹ ਸਭ ਕੁਝ ਬਚਿਆਂ ਵਿਚ ਡੂੰਘੀਆਂ ਸਦਾਚਾਰਕ ਭਾਵਨਾਵਾਂ ਜਗਾਏ। ਚੰਗੇ ਅਤੇ ਮਾੜੇ ਦੀ ਯੋਗ ਸੂਝ ਦੇ ਅਰਥ ਹਨ ਕਿ ਬਚਾ ਉਸ ਸਭ ਕੁਝ ਤੋਂ ਪ੍ਰਭਾਵਤ ਹੁੰਦਾ ਹੈ ਜੋ ਉਹਦੇ ਨੇੜੇ ਹੈ। ਚੰਗਾ ਉਹਦੇ ਵਿਚ ਖ਼ੁਸ਼ੀ ਭਰੀ ਉਤੇਜਨਾ ਜਗਾਉਂਦਾ ਹੈ, ਪ੍ਰੇਰਨਾ ਅਤੇ ਸਦਾਚਾਰਕ ਸੁੰਦਰਤਾ ਉਤੇ ਅਮਲ ਕਰਨ ਦੀ ਭਾਵਨਾ; ਮਾੜਾ ਗ਼ੁਸਾ, ਅਸਹਿਣਸ਼ੀਲਤਾ ਅਤੇ ਸਚ ਅਤੇ ਇਨਸਾਫ਼ ਲਈ ਘੋਲ ਕਰਨ ਲਈ ਆਤਮਕ ਸ਼ਕਤੀ ਦਾ ਉਭਾਰ ਪੈਦਾ ਕਰਦਾ ਹੈ। ਬਚੇ ਦੀ ਆਤਮਾ ਕਦੀ ਵੀ ਸਚਾਈਆਂ ਨੂੰ ਸਾਂਭ ਕੇ ਰਖਣ ਵਾਲੀ ਠੰਢੀ ਥਾਂ ਨਹੀਂ ਹੋਣੀ ਚਾਹੀਦੀ। ਇਕ ਗੰਭੀਰ ਨੁਕਸ ਜਿਸ ਤੋਂ ਬਚਣ ਦਾ ਮੈਂ ਜਤਨ ਕੀਤਾ ਲਾਪਰਵਾਹੀ ਅਤੇ ਕੋਰਾਪੁਣਾ ਸੀ। ਬਰਫ਼ ਜਿਹੇ ਠੰਢੇ ਦਿਲ ਵਾਲਾ ਬਚਾ ਭਵਿਖ ਦਾ ਅਸਭਿਅ ਮਨੁਖ ਹੈ। ਇਹ ਲਾਜ਼ਮੀ ਹੈ ਕਿ ਬਚਪਨ ਵਿਚ ਹੀ ਬੰਦਾ ਨਾਗਰਕਤਾ ਲਈ ਜੋਸ਼ ਦੀਆਂ ਚੰਗਿਆੜੀਆਂ ਅਤੇ ਉਸ ਲਈ ਅਸਹਿਣਸ਼ੀਲਤਾ ਜਗਾਵੇ ਜਿਹੜਾ ਆਪ ਮਾੜਾ ਹੈ ਜਾਂ ਮਾੜੇ ਨੂੰ ਜਨਮ ਦੇਂਦਾ ਹੈ।

ਬਚੇ ਨੂੰ ਇਸ ਸਚ ਸੰਬੰਧੀ ਨਿਸ਼ਚਾ ਕਰਾਉਣਾ ਔਖਾ ਨਹੀਂ ਕਿ ਇਕ ਬੰਦੇ ਵਲੋਂ ਦੂਜੇ ਉਤੇ ਜਬਰ ਬੜੀ ਵਡੀ ਬੁਰਾਈ ਹੈ। ਜਦੋਂ ਉਹਨਾਂ ਤੋਂ ਪੁਛਿਆ ਜਾਂਦਾ ਹੈ ਕਿ ਮਾੜਾ ਕੀ ਹੈ ਤਾਂ ਬਚੇ ਠੀਕ ਉਤਰ ਦੇ ਸਕਦੇ ਹਨ। ਪਰ ਜੇ ਬਚੇ ਨੂੰ ਇਕ ਬੰਦੇ ਵਲੋਂ ਦੂਜੇ ਨੂੰ ਗ਼ੁਲਾਮ ਬਣਾਉਣ ਦੇ ਪ੍ਰਗਟਾਊ ਚਿਤਰਾਂ ਉਤੇ ਘਿਣ ਨਹੀਂ ਆਈ, ਜੇ ਉਹਨੇ ਬੁਰਾਈ ਲਿਆਉਣ ਵਾਲਿਆਂ ਲਈ ਘਿਰਣਾ ਅਨੁਭਵ ਨਹੀਂ ਕੀਤੀ ਤਾਂ ਉਹ ਸਚਾ ਨਾਗਰਕ, ਉਚਤਮ ਨਿਸ਼ਾਨਿਆਂ ਵਾਲਾ ਮਨੁਖ ਨਹੀਂ ਬਣ ਸਕੇਗਾ।

ਮਨੁਖੀ ਲਾਪਰਵਾਹੀ ਖ਼ਤਰਨਾਕ ਅਤੇ ਘਿਰਣਾ ਯੋਗ ਹੈ ਅਤੇ ਬਚਿਆਂ ਵਿਚ ਲਾਪਰਵਾਹੀ ਭਿਆਨਕ ਹੈ। ਮੈਂ ਜਤਨ ਕੀਤਾ ਕਿ ਮੇਰੇ ਵਿਦਿਆਰਥੀਆਂ ਵਿਚੋਂ ਹਰ ਇਕ ਹੋਰਾਂ ਦੀਆਂ ਹੋਣੀਆਂ ਲਈ, ਜਿਹੜੇ ਦੂਰ, ਸੰਸਾਰ ਦੇ ਦੂਜੇ ਪਾਸੇ ਰਹਿੰਦੇ ਹਨ

ਜਾਂ ਸ਼ਾਇਦ ਸੌ ਵਰ੍ਹਾ ਹੋਇਆ ਜਿਊਂਦੇ ਸਨ, ਡੂੰਘੀ ਨਿਜੀ ਚਿੰਤਾ ਅਨੁਭਵ ਕਰੇ। ਇਹ ਭਾਵਨਾ ਲਾਪਰਵਾਹੀ ਦਾ ਮੁਕਾਬਲਾ ਕਰਨ ਦਾ ਕਾਰਗਰ ਸਾਧਨ ਹੈ, ਬਰਫੀਲੇ ਦਿਲਾਂ ਅਤੇ ਅਸਭਿਅਪੁਣੇ ਦੇ ਬੀਆਂ ਦਾ ਇਲਾਜ ਹੈ।

ਮੈਂ ਬਚਿਆਂ ਸਾਹਮਣੇ ਕਿਤਾਬਾਂ ਪੜ੍ਹੀਆਂ ਅਤੇ ਕਹਾਣੀਆਂ ਸੁਣਾਈਆਂ ਜਿਹੜੀਆਂ ਉਹਨਾਂ ਦੇ ਜੀਵਨਾਂ ਸੰਬੰਧੀ ਦਸਦੀਆਂ ਸਨ ਜਿਨ੍ਹਾਂ ਮਨੁਖੀ ਕਦਰ ਲਈ ਘੋਲ ਦਾ ਨਾਹਰਾ ਲਾਇਆ, ਜਿਨ੍ਹਾਂ ਇਕ ਮਨੁਖ ਵਲੋਂ ਦੂਜੇ ਉਤੇ ਜਬਰ ਦੇ ਅਸਹਿਣਸ਼ੀਲ ਹੋਣ ਦਾ ਵਿਚਾਰ ਪ੍ਰਗਟ ਕੀਤਾ। ਬਚਿਆਂ ਨੇ ਉਤੇਜਨਾ ਨਾਲ ਪੋਲਿਸਤਾਨੀ ਲੇਖਕ ਸਨਕੇਵੀਸਜ਼ ਦੀ ਕਹਾਣੀ "ਸੰਗੀਤਕਾਰ ਯਾਨਕੋ" ਘੜੀ ਮੁੜੀ ਸੁਣੀ। ਪਹਿਲੀ ਵਾਰ ਪੜ੍ਹੇ ਜਾਣ ਨੇ ਬਚਿਆਂ ਨੂੰ ਝੰਜੋੜ ਦਿਤਾ। ਜਿਹੜੇ ਜਾਗੀਰਦਾਰ ਨੇ ਬੇਆਸਰੇ ਬਚੇ ਦਾ ਜੀਵਨ ਤਬਾਹ ਕੀਤਾ ਉਹਨੂੰ ਉਹਨਾਂ ਦੰਤ ਅਤੇ ਖ਼ੂਨ ਚੂਸਣ ਵਾਲਾ ਕਿਹਾ। ਉਹਨਾਂ ਗ਼ੁਸੇ ਨਾਲ ਆਪਣੇ ਨਿਕੇ ਮੁਕੇ ਲਹਿਰਾਏ ਅਤੇ ਉਹਨਾਂ ਦੀਆਂ ਅਖਾਂ ਗ਼ੁਸੇ ਨਾਲ ਭਰ ਗਈਆਂ। ਸੰਗੀਤਕਾਰ ਯਾਨਕੋ ਸਦਾ ਲਈ ਮੇਰੇ ਵਿਦਿਆਰਥੀਆਂ ਦੇ ਜੀਵਨ ਵਿਚ ਸ਼ਾਮਲ ਹੋ ਗਿਆ। ਫਿਰ ਅਸਾਂ ਕਹਾਣੀ ਕਈ ਵਾਰ ਪੜ੍ਹੀ ਅਤੇ ਬਚਿਆਂ ਵਿਚੋਂ ਕੁਝ ਨੇ ਇਹ ਅਖਰ ਅਖਰ ਯਾਦ ਕਰ ਲਈ। ਬਚੇ ਸੰਗੀਤਕਾਰ ਯਾਨਕੋ ਦੀ ਕਹਾਣੀ ਘੜੀ ਮੁੜੀ ਕਿਉਂ ਸੁਣਨਾ ਚਾਹੁੰਦੇ ਸਨ? ਮੇਰਾ ਵਿਚਾਰ ਹੈ ਕਿ ਗ਼ੁਸੇ ਦਾ ਅਨੁਭਵ ਆਤਮਕ ਬਲ ਦੇ ਵਹਿਣ ਨੂੰ ਜਨਮ ਦੇਂਦਾ ਹੈ। ਆਪਣੇ ਆਪ ਨੂੰ ਬੁਰਾਈ ਦੇ ਕਟੜ ਦੁਸ਼ਮਣ ਸਮਝਦੇ ਹੋਏ ਬਚਾ ਬਲਵਾਨ ਬਣ ਜਾਂਦਾ ਹੈ ਅਤੇ ਇਕ ਵਾਰ ਫਿਰ ਇਹ ਨਿਸ਼ਚਾ ਹੋਣ ਲਈ ਕਿ ਉਹ ਸਚ ਲਈ ਘੋਲ ਕਰਨ ਲਈ ਤਿਆਰ ਹੈ, ਆਪਣੇ ਸਦਾਚਾਰਕ ਬਲ ਦੀ ਭਰਪੂਰਤਾ ਇਕ ਵਾਰ ਫਿਰ ਅਨੁਭਵ ਕਰਨਾ ਚਾਹੁੰਦਾ ਹੈ। ਅਜਿਹਾ ਬਚਾ ਆਪਣੇ ਆਲੇ ਦੁਆਲੇ ਦੇ ਸੰਸਾਰ ਵਿਚ ਚੰਗੇ ਅਤੇ ਮਾੜੇ ਸੰਬੰਧੀ ਭਾਵੁਕ ਹੁੰਦਾ ਹੈ।

ਗ਼ਰੀਬ ਕਿਸਾਨਾਂ ਦੇ ਬਚਿਆਂ ਦੇ ਉਦਾਸ ਬਚਪਨਾਂ ਅਤੇ ਜੁਆਨੀਆਂ ਸੰਬੰਧੀ ਉਘੇ ਯੂਕਰੇਨੀ ਲੇਖਕ ਆਰਖਿਪ ਤੇਸਲੈਨਕੋ ਦੀਆਂ ਕਹਾਣੀਆਂ ਨੇ ਬਚਿਆਂ ਉਤੇ ਉਘੜਵਾਂ ਪ੍ਰਭਾਵ ਪਾਇਆ। ਜਦੋਂ ਅਸਾਂ ਗ਼ਰੀਬੀ ਅਤੇ ਅਮੀਰਾਂ ਅਤੇ ਜ਼ਾਰਸ਼ਾਹੀ ਅਧਿਕਾਰੀਆਂ ਵਲੋਂ ਦੁਰਗਤੀ ਕੀਤੇ ਜਾਣ ਕਾਰਨ ਆਤਮ-ਹਤਿਆ ਕਰਨ ਉਤੇ ਮਜਬੂਰ ਹੋਈ ਗੂਣੀ ਕਿਸਾਨ ਕੁੜੀ ਦੀ ਕਹਾਣੀ ਪੜ੍ਹੀ ਤਾਂ ਬਚਿਆਂ ਦੀਆਂ ਅਖਾਂ ਗ਼ੁਸੇ ਨਾਲ ਭਰੀਆਂ ਹੋਈਆਂ ਸਨ।

ਤੀਜੀ ਅਤੇ ਚੌਥੀ ਸ਼੍ਰੇਣੀਆਂ ਵਿਚ ਅਸਾਂ ਹੈਰੀਅਟ ਬੀਚਰ ਸਟੋਵ ਦੀ "ਅੰਕਲ ਟਾਮਜ਼ ਕੈਬਨ" ਪੜ੍ਹੀ। ਗ਼ੁਲਾਮਾਂ ਦੀ ਹਾਲਤ ਉਤੇ ਬਚੇ ਬਹੁਤ ਦੁਖੀ ਹੋਏ। ਇਹ ਕਲਪਨਾ ਕਰਨਾ ਔਖਾ ਸੀ ਕਿ ਕਦੀ ਵੀ ਲੋਕ ਪਸ਼ੂਆਂ ਵਾਂਗ ਖ਼ਰੀਦੇ ਅਤੇ ਵੇਚੇ ਜਾ ਸਕਦੇ ਸਨ। ਅਜੋਕੇ ਸਮੇਂ ਵਿਚ ਚੰਗੇ ਅਤੇ ਮਾੜੇ ਵਿਚਕਾਰ ਘੋਲ ਸੰਬੰਧੀ ਚਿਤਰ ਨੇ ਬਚਿਆਂ ਦੇ ਮਨਾਂ ਵਿਚ ਹੌਲੀ ਹੌਲੀ ਰੂਪ ਧਾਰਿਆ: ਸਰਮਾਏਦਾਰ ਦੇਸਾਂ ਵਿਚ

ਲਖੂਖਾ ਲੋਕ ਆਪਣੇ ਲਈ ਨਹੀਂ ਸਗੋਂ ਜਾਗੀਰਦਾਰਾਂ ਅਤੇ ਸਰਮਾਏਦਾਰਾਂ ਲਈ ਕੰਮ ਕਰਦੇ ਹਨ। ਉਥੇ ਬਚੇ ਇਹ ਜਾਣੇ ਬਿਨਾਂ ਵਡੇ ਹੁੰਦੇ ਹਨ ਕਿ ਬਚਪਨ ਕੀ ਹੁੰਦਾ ਹੈ; ਉਹਨਾਂ ਵਿਚੋਂ ਸਰਵਉਤਮ ਪੁਤਰਾਂ ਅਤੇ ਧੀਆਂ ਨੂੰ, ਜਿਹੜੇ ਆਪਣੀ ਮਾਤ-ਭੂਮੀਆਂ ਦੀ ਆਜ਼ਾਦੀ ਅਤੇ ਸੁਤੰਤਰਤਾ ਲਈ ਘੋਲ ਕਰਦੇ ਹਨ ਗੋਲੀ ਨਾਲ ਉਡਾ ਦਿਤਾ ਅਤੇ ਫਾਹੇ ਲਾ ਦਿਤਾ ਜਾਂਦਾ ਹੈ ਜਾਂ ਸਖਤ ਕੈਦ ਦੀਆਂ ਸਜ਼ਾਵਾਂ ਦਿਤੀਆਂ ਜਾਂਦੀਆਂ ਹਨ।

ਬਚਿਆਂ ਨੇ ਯੂਨਾਨੀ ਲੋਕਾਂ ਦੇ ਸੂਰਮੇ ਨਿਕੋਸ ਬੇਲੋਯਾਨਿਸ ਦੀ ਹੋਣੀ ਕਦੀ ਨਾ ਭੁਲੀ। ਯੂਨਾਨ ਉਤੇ ਨਾਜ਼ੀ ਕਬਜ਼ੇ ਸਮੇਂ ਬੇਲੋਯਾਨਿਸ ਹਮਲਾਵਰਾਂ ਵਿਰੁਧ ਲੜਿਆ। ਜਦੋਂ ਉਹਦਾ ਦੇਸ ਮੁਕਤ ਕਰਵਾਇਆ ਗਿਆ ਤਾਂ ਇਕ ਬੁਰਜੂਆ ਅਦਾਲਤ ਨੇ ਆਪਣੇ ਦੇਸ ਨਾਲ ਗ਼ਦਾਰੀ ਦੇ ਦੋਸ਼ ਵਿਚ ਮੌਤ ਦੀ ਸਜ਼ਾ ਦਿਤੀ। ਨਿਕੋਸ ਬੇਲੋਯਾਨਿਸ ਹਥ ਵਿਚ ਕਾਰਨੇਸ਼ਨ ਦਾ ਲਾਲ ਫੁਲ ਲੈਕੇ ਮੌਤ ਦਾ ਸਾਹਮਣਾ ਕੀਤਾ, ਉਸੇ ਦਿਨ ਉਹਦੀ ਪਤਨੀ ਨੇ, ਉਹਨੂੰ ਵੀ ਮੌਤ ਦੀ ਸਜ਼ਾ ਦਿਤੀ ਗਈ ਸੀ, ਇਕ ਪੁਤਰ ਨੂੰ ਜਨਮ ਦਿਤਾ। ਬਚੇ ਦੀ ਹੋਣੀ ਉਤੇ ਸਖਤ ਧਕਾ ਲਗਣ ਕਾਰਨ, ਜਿਹੜਾ ਜੇਲ੍ਹ ਵਿਚ ਰਹਿੰਦਾ ਸੀ, ਬਚਿਆਂ ਨੇ ਪੁਛਿਆ ਕਿ ਉਹ ਛੋਟੇ ਨਿਕੋਸ ਬੇਲੋਯਾਨਿਸ ਲਈ ਕੀ ਕਰ ਸਕਦੇ ਹਨ। ਉਚ ਭਾਵਨਾਵਾਂ ਸਰਗਰਮੀ ਨੂੰ ਜਨਮ ਦੇਂਦੀਆਂ ਹਨ। ਬਚਿਆਂ ਨੇ ਛੋਟੇ ਨਿਕੋਸ ਬੇਲੋਯਾਨਿਸ ਦੀ ਮਾਂ ਨੂੰ ਖ਼ਤ ਲਿਖਿਆ ਅਤੇ ਇਹ ਕੌਮਾਂਤ੍ਰੀ ਰੈਡ ਕਰਾਸ ਰਾਹੀਂ ਭੇਜਿਆ। ਉਹਨਾਂ ਇਕ ਸੁਗ਼ਾਤ ਵੀ ਬਣਾਈ—ਚਿਟੇ ਰੇਸ਼ਮ ਉਤੇ ਕਢਿਆ ਕਾਰਨੇਸ਼ਨ ਦਾ ਲਾਲ ਫੁਲ। ਫਿਰ ਹਰ ਵਰ੍ਹੇ ਵਿਦਿਆਰਥੀ ਸੂਰਮੇ ਦੀ ਪਤਨੀ ਨੂੰ ਇਕ ਖ਼ਤ ਅਤੇ ਨਿਕੇ ਮੁੰਡੇ ਦੇ ਜਨਮ ਦਿਨ ਉਤੇ ਸੁਗ਼ਾਤਾਂ ਭੇਜਦੇ: ਚਿਟੇ ਰੇਸ਼ਮ ਉਤੇ ਕਢੇ ਫੁਲ—ਗੁਲਾਬ, ਪੋਸਤ ਜਾਂ ਡੇਕ। ਇਸ ਨਿਗੂਣੇ ਜਾਪਦੇ ਕੰਮ ਦਾ ਬਚਿਆਂ ਉਤੇ ਡੂੰਘਾ ਪ੍ਰਭਾਵ ਪਿਆ ਕਿਉਂਕਿ ਇਹ ਬੁਰਾਈ ਦੀ ਨਖੇਧੀ ਕਰਦਾ ਅਤੇ ਬੇਇਨਸਾਫ਼ੀ ਵਿਰੁਧ ਲੜਦਾ।

ਸਮਾਜੀ ਜੀਵਨ ਵਿਚ ਬਚਿਆਂ ਦੀ ਅਗਵਾਈ ਕਰਦੇ ਹੋਏ ਮੈਂ ਉਹਨਾਂ ਨੂੰ ਨਿਸ਼ਚਾ ਕਰਾਉਣ ਦਾ ਜਤਨ ਕੀਤਾ ਕਿ ਮਨੁਖੀ ਇਤਿਹਾਸ ਦੇ ਅਤਿ ਹਨੇਰੇ ਸਮਿਆਂ ਵਿਚ ਵੀ, ਜਦੋਂ ਬੁਰਾਈ ਦੀਆਂ ਸ਼ਕਤੀਆਂ ਲਖੂਖਾ ਲੋਕਾਂ ਉਤੇ ਜਬਰ ਕਰਦੀਆਂ, ਅਜਿਹੇ ਲੋਕ ਸਨ ਜਿਹੜੇ ਬੇਇਨਸਾਫ਼ੀ ਵਿਰੁਧ ਲੜਦੇ। ਐਨ ਇਹੋ ਲੋਕ, ਉਹਨਾਂ ਦੇ ਜੀਵਨ ਅਤੇ ਕੰਮ ਛੁਟੇਰੀ ਪੀੜ੍ਹੀ ਲਈ ਲਿਸ਼ਕਦੇ, ਰਾਹ ਵਿਖਾਊ ਤਾਰੇ ਹਨ। ਮੈਂ ਜਤਨ ਕੀਤਾ ਕਿ ਮੇਰੇ ਵਿਦਿਆਰਥੀ ਮਨੁਖਜਾਤੀ ਦੇ ਸਰਵਉਤਮ ਧੀਆਂ ਅਤੇ ਪੁਤਰਾਂ ਦੇ, ਜਿਹੜੇ ਆਪਣੀਆਂ ਮਾਤ-ਭੂਮੀਆਂ ਦੀ ਆਜ਼ਾਦੀ ਅਤੇ ਸੁਤੰਤਰਤਾ ਲਈ, ਲੁਟ-ਚੋਘ ਤੋਂ ਆਜ਼ਾਦੀ ਲਈ ਅਤੇ ਮਨੁਖੀ ਕੁਰਬ ਨੂੰ ਮਜ਼ਬੂਤ ਬਣਾਉਣ ਲਈ ਜੂਝੇ ਅਤੇ ਆਪਣੀਆਂ ਜਾਨਾਂ ਦਿਤੀਆਂ, ਜੇਰੇ, ਦਲੇਰੀ, ਸੂਰਮਤਾਈ ਅਤੇ ਨਿਸ਼ਚਿਆਂ ਵਿਚ ਯਕੀਨ ਤੋਂ ਪ੍ਰੇਰਤ ਹੋਣ।

ਮੈਂ ਅਜਿਹੇ ਨੁਕਤੇ ਉਤੇ ਅਪੜਨ ਦਾ ਜਤਨ ਕੀਤਾ ਜਿਥੇ ਬੀਤੇ ਵਿਚ ਮਨੁਖਜਾਤੀ ਵਲੋਂ ਸਿਰਜੀਆਂ ਅਤੇ ਜਿਤੀਆਂ ਅਤੇ ਸਾਡੇ ਸਮੇਂ ਵਿਚ ਸੋਸ਼ਲਿਸਟ ਸਮਾਜ ਵਿਚ ਪ੍ਰਫੁਲਤ ਹੋ ਰਹੀਆਂ ਸਦਾਚਾਰਕ ਕਦਰਾਂ ਹਰ ਬਚੇ ਦੇ ਆਤਮਕ ਖ਼ਜ਼ਾਨੇ ਦਾ ਹਿਸਾ ਬਣ ਜਾਣ, ਉਹਨੂੰ ਸਾਰੇ ਸੰਸਾਰ ਵਿਚ ਸਚ ਦੀ ਜਿਤ ਨੂੰ ਅਗੇ ਵਧਾਉਣ ਲਈ ਸਰਗਰਮੀ ਲਈ ਉਤੇਜਤ ਕਰਨ ਅਤੇ ਜਗਾਉਣ। ਅਨਤੋਨੀਓ ਗਰਾਮਸੀ ਨੇ ਕਿਹਾ ਹੈ ਕਿ ਸਚ ਸਦਾ ਇਨਕਲਾਬੀ ਹੁੰਦਾ ਹੈ। ਮੈਂ ਸਦਾਚਾਰਕ ਸਚ ਉਚੇ ਸ਼ਬਦਾਂ ਤੋਂ ਬਿਨਾਂ ਉਹਨਾਂ ਦੇ ਸਾਰੇ ਸੁਹਪਣ ਵਿਚ ਪ੍ਰਗਟ ਕਰਨ ਦਾ ਜਤਨ ਕੀਤਾ। ਸਦਾਚਾਰਕ ਕਦਰਾਂ ਅਤੇ ਅਨੁਭਵਤਾ ਦਾ ਸੁਹਪਣ ਬਚੇ ਦੀ ਆਤਮਾ ਵਿਚ ਨਿਧੀ ਤਾਂ ਹੀ ਬਣਦਾ ਹੈ ਜੇ ਇਹਦੇ ਇਨਕਲਾਬੀ ਅਰਥ ਉਹਨੂੰ ਪ੍ਰਤਖ, ਉਤੇਜਤ ਕਰਨ ਵਾਲੇ ਬਿੰਬਾਂ ਵਿਚ ਸਮਝਾਏ ਜਾਣ। ਇਕ ਲਾਤੀਨੀ ਅਖਾਣ ਹੈ, "ਸ਼ਬਦ ਸਿਖਾਉਂਦੇ ਹਨ ਪਰ ਉਦਾਹਰਣ ਕੀਲ ਲੈਂਦੀ ਹੈ।" ਉਘੀਆਂ ਜ਼ਿੰਦਗੀਆਂ ਦੀਆਂ ਉਦਾਹਰਣਾਂ, ਮਨੁਖਜਾਤੀ ਦੀ ਖ਼ੁਸ਼ੀ ਦੇ ਨਾਂ ਉਤੇ ਜਿਤਾਂ—ਇਹ ਹੈ ਉਹ ਲੌਅ ਜਿਹੜੀ ਬਚੇ ਦੇ ਜੀਵਨ ਨੂੰ ਰੁਸ਼ਨਾਉਂਦੀ ਹੈ। ਪਰ ਉਦਾਹਰਣਾਂ ਤਾਂ ਹੀ ਇਹ ਸਿਖਾਉਂਦੀਆਂ ਹਨ ਕਿ ਕਿਵੇਂ ਜੀਵਿਆ ਜਾਵੇ ਜੇ ਉਹ ਮਨੁਖਵਾਦੀ, ਅਗੇ-ਵਧੂ, ਇਨਕਲਾਬੀ ਵਿਚਾਰਾਂ ਦਾ ਸਜੀਵ ਰੂਪ ਹੋਣ। ਮਹਾਨ ਜਰਮਨ ਕਵੀ ਗੋਇਟੇ ਨੇ ਲਿਖਿਆ ਹੈ, ਹਰ ਉਹ ਬੰਦਾ ਜਿਹੜਾ ਅਖ਼ੀਰ ਵਿਚਾਰਾਂ ਤੋਂ ਪਿਛੇ ਹਟ ਜਾਂਦਾ ਹੈ ਉਹਦੇ ਕੋਲ ਕੇਵਲ ਝਰਨਾਟਾਂ ਹੀ ਰਹਿ ਜਾਂਦੀਆਂ ਹਨ।

ਮੈਂ ਬਚਿਆਂ ਨੂੰ ਉਘੇ ਲੋਕਾਂ ਸੰਬੰਧੀ ਦਸਿਆ ਜਿਨ੍ਹਾਂ ਦੇ ਨਾਂ ਕਈ ਪੀੜ੍ਹੀਆਂ ਲਈ ਰਾਹ-ਵਿਖਾਵੇ ਤਾਰੇ ਬਣ ਗਏ ਹਨ। ਨਿਰਸੰਦੇਹ ਤੁਸੀਂ ਇਕ ਨਿਕੇ ਬਚੇ ਨੂੰ ਸਭ ਕੁਝ ਨਹੀਂ ਦਸ ਸਕਦੇ। ਤੁਹਾਨੂੰ ਬਚੇ ਦੇ ਸਿਰ ਉਤੇ ਬਿੰਬਾਂ ਅਤੇ ਚਿਤਰਾਂ ਦਾ ਹੜ੍ਹ ਨਹੀਂ ਲਿਆ ਦੇਣਾ ਚਾਹੀਦਾ। ਇਹ ਲਾਜ਼ਮੀ ਹੈ ਕਿ ਤੁਸੀਂ ਉਹਦੇ ਦਿਲ ਨੂੰ ਧਕਾ ਨਾ ਪੁਚਾਓ ਅਤੇ ਉਹਦੀ ਆਤਮਾ ਨੂੰ ਅੱਨੰਤ ਉਤੇਜਤ ਨਾ ਕਰੋ। ਬਚੇ ਨੂੰ ਹਾਲ ਦੀ ਘੜੀ ਥੋੜ੍ਹਾ ਜਿਹਾ ਲਭ ਲੈਣ ਦਿਓ ਪਰ ਇਸ ਥੋੜ੍ਹੇ ਜਿਹੇ ਨੂੰ ਉਹਨੂੰ ਸਦਾਚਾਰਕ ਕਦਰਾਂ ਵਿਖਾਉਣ ਦਿਓ। ਬਚੇ ਨੂੰ ਉਸ ਸੰਬੰਧੀ ਸੋਚਣ ਦਿਓ ਜੋ ਕੁਝ ਉਹਨੂੰ ਉਤੇਜਤ ਕਰਦਾ ਹੈ; ਅਲੰਕਾਰਕ ਭਾਸ਼ਾ ਵਿਚ, ਉਹਦੇ ਵਿਚਾਰਾਂ ਅਤੇ ਭਾਵਨਾਵਾਂ ਨੂੰ ਇਕ ਹੋ ਜਾਣ ਦਿਓ, ਉਹਨਾਂ ਨੂੰ ਹਰ ਬਚੇ ਦੇ ਦਿਲ ਵਿਚ ਰਹਿਣ ਦਿਓ। ਚਾਰ ਵਰ੍ਹਿਆਂ ਵਿਚ ਮੈਂ ਆਪਣੇ ਵਿਦਿਆਰਥੀਆਂ ਨੂੰ ਉਹਨਾਂ ਸੰਬੰਧੀ ਦਸਿਆ ਜਿਹੜੇ ਮਨੁਖਜਾਤੀ ਲਈ ਜੂਝੇ—ਸਪਾਰਟਾਕਸ, ਤੋਮਾਸੋ ਕੰਪਾਨੇਲਾ, ਈਵਾਨ ਸੂਸਾਨਿਨ, ਸਤੀਪਾਨ ਖਾਲਤੂਰਿਨ, ਸੋਫ਼ੀਆ ਪੇਰੋਵਸਕਾਯਾ, ਨਿਕੋਲਾਈ ਕੀਬਾਲਚਿਚ, ਤਾਰਾਸ ਸ਼ੇਵਚੈਨਕੋ, ਤੋਮਾਸ ਮੂਨਜ਼ੇਰ, ਖ੍ਰਿਸਤੋ ਬੋਤੇਵ ਅਤੇ ਜਾਨੂਸਜ਼ ਕੋਰਸਜ਼ਾਕ। ਮੈਂ ਮਹਾਨ ਲੈਨਿਨ ਦੇ ਜੀਵਨ ਅਤੇ ਘੋਲ ਸੰਬੰਧੀ, ਕਮਿਊਨਿਸਟ ਸੂਰਮਿਆਂ ਈਵਾਨ ਬਾਬੂਸ਼ਕਿਨ, ਸਰਗੇਈ ਲਾਜ਼ੋ, ਕਾਮੋ, ਯਾਕੋਵ ਸਵੇਰਦਲੋਵ, ਫ਼ੇਲੈਕਸ ਦਜ਼ੇਰਜ਼ਿੰਸਕੀ,

ਜਲੀਅਸ ਫ਼ਿਊਚਿਕ ਅਤੇ ਅਰਨੈਸਟ ਥਾਲਮੈਨ ਅਤੇ ਮਹਾਨ ਦੇਸ-ਭਗਤਕ ਯੁਧ ਦੇ ਸੂਰਮਿਆਂ, ਨਿਕੋਲਾਈ ਗਾਸਤੈਲੋ ਅਤੇ ਅਲੈਕਸਾਂਦਰ ਮਾਤਰੋਸੋਵ, ਵਿਗਿਆਨਕ ਸੱਚ ਲਈ ਸਾਹਸੀ ਲੜਾਕੂ ਗਿਓਘਾਰਦੀਨੋ ਬਰੂਨੋ ਦੇ ਅਤੇ ਮਹਾਨ ਆਲਮ ਅਤੇ ਮਾਨਵਤਾਵਾਦੀ ਮਿਕਲੂਖੋ-ਮਕਲਾਈ ਦੇ ਜੀਵਨ ਅਤੇ ਘੋਲ ਸੰਬੰਧੀ ਦਸਿਆ।

ਉਹ ਸਪਸ਼ਟ ਉਦਾਹਰਣ ਜਿਸ ਵਿਚ ਜਿਊਂਦੇ ਮਨੁਖੀ ਜੋਮਾਂ, ਅਮਲਾਂ ਅਤੇ ਕਾਰਨਾਮਿਆਂ ਵਿਚ ਕੋਈ ਵਿਚਾਰ ਸਜੀਵ ਹੁੰਦਾ ਹੈ, ਬਚੇ ਦੇ ਅੰਦਰਲੇ ਸੰਸਾਰ ਉਤੇ ਡੂੰਘਾ ਪ੍ਰਭਾਵ ਪਾਉਂਦਾ ਹੈ। ਤੁਹਾਨੂੰ ਬਚਿਆਂ ਨੂੰ ਇਹ ਸਮਝਾਉਣ ਦੀ ਲੋੜ ਨਹੀਂ ਪੈਂਦੀ ਕਿ ਉਹ ਇਕ ਜਾਂ ਦੂਜੇ ਅਮਲ ਦੇ ਅਰਥ ਕਿਵੇਂ ਕਢਣ; ਜਦੋਂ ਵਿਚਾਰ ਅਤੇ ਬਿੰਬ ਇਕਠੇ ਕੀਤੇ ਜਾਂਦੇ ਹਨ ਤਾਂ ਬਚਾ ਵਿਚਾਰ ਨੂੰ ਚੋਖੀ ਚੰਗੀ ਤਰ੍ਹਾਂ ਸਮਝ ਲੈਂਦਾ ਹੈ। ਜਿਹੜੇ ਸੂਰਮਿਆਂ ਸੰਬੰਧੀ ਮੈਂ ਆਪਣੇ ਵਿਦਿਆਰਥੀਆਂ ਨੂੰ ਦਸਿਆ ਉਹਨਾਂ ਦਾ ਲਖਣਾਇਕ ਲਛਣ ਆਪਣਾ ਸਾਰਾ ਬਲ ਅਤੇ ਆਪਣੇ ਜੀਵਨ ਲੋਕਾਂ ਲਈ ਦੇ ਦੇਣ ਦੀ ਤਤਪਰਤਾ ਸੀ, ਜਿਹੜਾ ਸਦਾਚਾਰਕ ਸੁਹਪਣ ਦਾ ਤੱਤ ਹੈ। ਇਹ ਲਛਣ ਖੇੜਾ ਪੈਦਾ ਕਰਦਾ ਹੈ ਅਤੇ ਬਚੇ ਨੂੰ ਹੋਰ ਲੋਕਾਂ ਦੀ ਹੋਣੀ ਸੰਬੰਧੀ ਸੋਚਣ ਵਲ ਲਾਉਂਦਾ ਹੈ। ਜਿਹੜੇ ਲੋਕ ਆਪਣੀ ਖ਼ੁਸ਼ੀ ਮਨੁਖਜਾਤੀ ਦੀ ਸੇਵਾ ਵਿਚ ਲਭਦੇ ਹਨ ਉਹ ਬਚੇ ਲਈ ਸਦਾਚਾਰਕ ਆਦਰਸ਼ ਬਣ ਜਾਂਦੇ ਹਨ।

ਬਚੇ ਦੇ ਅਧੀ ਰਾਤ ਤਕ ਸਦਾਚਾਰਕ ਮਹਾਨਤਾ ਸੰਬੰਧੀ ਪੁਸਤਕਾਂ ਪੜ੍ਹਣ ਵਿਚ ਰੁਝੇ ਬਿਨਾਂ, ਇਥੋਂ ਤਕ ਕਿ ਉਹਦਾ ਦਿਲ ਉਤੇਜਨਾ ਕਾਰਨ ਵਧੇਰੇ ਤੇਜ਼ ਧੜਕਣ ਲਗ ਪੈਂਦਾ ਹੈ, ਪੂਰਨ ਵਿਦਿਆ ਦੀ ਕਲਪਨਾ ਕਰਨਾ ਔਖਾ ਹੈ। ਜਦੋਂ ਬੰਦਾ ਆਪਣੀ ਪੜਤਾਲ ਕਰਦਾ ਹੈ ਅਤੇ ਆਪਣਾ ਉਸ ਬੰਦੇ ਨਾਲ ਮੁਕਾਬਲਾ ਕਰਦਾ ਹੈ ਜਿਹੜਾ ਉਹਦੇ ਲਈ ਸੁਹਪਣ, ਨਿਸ਼ਚੇ ਦੀ ਮਜ਼ਬੂਤੀ, ਦਲੇਰੀ, ਸਿਰੜ ਅਤੇ ਦ੍ਰਿੜ੍ਹਤਾ ਦਾ ਆਦਰਸ਼ ਹੈ, ਤਾਂ ਸਦਾਚਾਰਕ ਆਦਰਸ਼ ਪੈਦਾ ਹੁੰਦੇ ਹਨ।

ਇਹ ਲਾਜ਼ਮੀ ਹੈ ਬਚਿਆਂ ਨੂੰ ਸਦਾਚਾਰਕ ਕਦਰਾਂ ਦੇ ਸੋਮੇ ਤਕ ਲਿਆਉਣ ਲਈ ਅਧਿਆਪਕ ਕਹਾਣੀਆਂ ਧਿਆਨ ਨਾਲ ਚੁਣੇ। ਇਥੇ ਮੁਖ ਗਲ ਤਥ ਅਤੇ ਘਟਨਾਵਾਂ ਹਨ ਜਿਹੜੀਆਂ ਵਿਚਾਰਧਾਰਕ ਅਰਥ ਬਣਦੀਆਂ ਹਨ। ਇਹ ਲਾਜ਼ਮੀ ਹੈ ਕਿ ਜਿਹੜੇ ਲੋਕ ਛੁਟੇਰੀ ਪੀੜ੍ਹੀ ਲਈ ਆਦਰਸ਼ ਹਨ, ਉਹਨਾਂ ਦੀ ਨਿਜੀ ਹੋਣੀ ਅਤੇ ਮਨੁਖਜਾਤੀ ਦੀ ਹੋਣੀ ਦੀ ਏਕਤਾ ਵਿਖਾਈ ਜਾਵੇ।

ਲੈਨਿਨ ਦੇ ਜੀਵਨ ਅਤੇ ਘੋਲਾਂ ਸੰਬੰਧੀ ਦਸਦੇ ਹੋਏ ਮੈਂ ਉਹਨਾਂ ਤਥਾਂ ਉਤੇ ਜ਼ੋਰ ਦਿਤਾ ਜਿਹੜੇ ਵਿਖਾਉਂਦੇ ਸਨ ਕਿ ਉਹ ਕਿਰਤੀ ਲੋਕਾਂ ਦੀਆਂ ਹੋਣੀਆਂ ਲਈ ਦੁਖ ਝੇਲਦਾ। ਮਹਾਨ ਨੇਤਾ ਨੇ ਜੋ ਕੁਝ ਕੀਤਾ ਉਹਦਾ ਮੰਤਵ ਲੋਕਾਂ ਦੀ ਖ਼ੁਸ਼ੀ ਸੀ। ਜਦੋਂ ਉਹਨਾਂ ਨੂੰ ਪਤਾ ਲਗਾ ਕਿ ਕਿਵੇਂ ਖ਼ਾਨਾ-ਜੰਗੀ ਅਤੇ ਤਬਾਹੀ ਦੇ ਔਖੇ ਵਰ੍ਹਿਆਂ ਵਿਚ ਲੈਨਿਨ ਨੇ ਯਤੀਮਾਂ ਲਈ ਫ਼ਿਕਰਮੰਦੀ ਵਿਖਾਈ ਤਾਂ ਬਚਿਆਂ ਉਤੇ ਖ਼ੁਸ਼ੀ-ਭਰੀ ਉਤੇਜਨਾ ਛਾ ਗਈ। ਮੈਂ ਚਾਹੁੰਦਾ ਸਾਂ ਕਿ ਲੈਨਿਨਵਾਦ ਮਾਨਵਤਾ ਇਕ

ਮਹਾਨ ਸਦਾਚਾਰਕ ਕਦਰ ਵਜੋ ਬਚਿਆਂ ਦੇ ਦਿਲਾਂ ਵਿਚ ਦਾਖ਼ਲ ਹੋ ਜਾਵੇ ਤਾਂ ਜੁ ਬਚੇ ਆਪਣੇ ਆਪ ਨੂੰ ਅਤੇ ਆਪਣੇ ਆਲੇ ਦੁਆਲੇ ਦੇ ਸੰਸਾਰ ਨੂੰ ਇਸ ਸਦਾਚਾਰਕ ਸੁਹਪਣ ਅਤੇ ਸਚ ਰਾਹੀਂ ਵੇਖਣ।

ਪੋਲਿਸਤਾਨੀ ਲੋਕਾਂ ਦੇ ਇਕ ਕੌਮੀ ਸੂਰਮੇ ਜਾਨੂਸਜ਼ ਕੋਰਸਜ਼ਾਕ ਸੰਬੰਧੀ ਕਹਾਣੀਆਂ ਨੇ ਬਚਿਆਂ ਉਤੇ ਡੂੰਘਾ ਪ੍ਰਭਾਵ ਪਾਇਆ। ਬਚੇ ਹੈਰਾਨ ਰਹਿ ਗਏ ਕਿ ਇਸ ਬੰਦੇ ਨੇ ਉਹਨਾਂ ਬਚਿਆਂ ਨਾਲ ਮੌਤ ਕਬੂਲ ਕੀਤੀ ਜਿਨ੍ਹਾਂ ਨੂੰ ਉਹ ਪਿਆਰ ਕਰਦਾ ਸੀ। ਉਹ ਆਪਣੇ ਆਪ ਨੂੰ ਬਚਾ ਸਕਦਾ ਸੀ, ਪਰ ਜਦੋਂ ਹਜ਼ਾਰਾਂ ਨਿਰਦੋਸ਼ ਬਚੇ ਨਾਜ਼ੀਆ ਹਥੋ ਮਾਰੇ ਜਾ ਰਹੇ ਸਨ ਤਾਂ ਉਹ ਅਜਿਹਾ ਕਰਨਾ ਬੇਅਣਖਾ ਸਮਝਦਾ ਸੀ।... ਜਾਨੂਸਜ਼ ਕੋਰਸਜ਼ਾਕ ਬਚਿਆਂ ਲਈ ਸਚੀ ਮਾਨਵਤਾ ਦਾ ਚਿੰਨ੍ਹ ਬਣ ਗਿਆ।

ਉਨ੍ਹੀਵੀਂ ਸਦੀ ਦੀ ਇਨਕਲਾਬੀ ਜਥੇਬੰਦੀ "ਨਾਰੋਦਨਾਯਾ ਵੋਲਿਆ" ਦੇ ਮੈਂਬਰਾਂ—ਸਤੀਪਾਨ ਖਾਲਤੂਰਿਨ, ਸੋਫ਼ੀਆ ਪੇਰੋਵਸਕਾਯਾ ਅਤੇ ਨਿਕੋਲਾਈ ਕੀਬਾਲਚਿਚ—ਸੰਬੰਧੀ ਕਹਾਣੀਆਂ ਸੁਣਕੇ ਬਚੇ ਦੀ ਉਤੇਜਨਾ ਵਧ ਗਈ। ਜਦੋਂ ਮੈਂ ਕਮਿਊਨਿਸਟਾਂ ਜੂਲੀਅਸ ਫ਼ਿਊਚਿਕ ਅਤੇ ਕਾਮੋ (ਤਰ-ਪਿਤਰੋਸਯਾਨ) ਦੀ ਅਡੋਲਤਾ, ਦਲੇਰੀ ਅਤੇ ਵਫ਼ਾਦਾਰੀ ਸੰਬੰਧੀ ਪੜ੍ਹਿਆ ਤਾਂ ਬਚਿਆਂ ਨੇ ਮਨੁਖਜਾਤੀ ਵਿਚ ਮਾਣ ਅਨੁਭਵ ਕੀਤਾ। ਉਹਨਾਂ ਕਿਹਾ: "ਉਹਨਾਂ ਜਿਹਾ ਹੋਣਾ ਮਹਾਨ ਗਲ ਹੋਵੇਗੀ। ਉਹ ਅਸਲੀ ਸੂਰਮੇ ਸਨ।"

ਮੈਂ ਬਚਿਆਂ ਨੂੰ ਨਨ੍ਹੇ ਪਾਉਨੀਅਰ ਸੂਰਮਿਆਂ ਸੰਬੰਧੀ ਬਹੁਤ ਕੁਝ ਦਸਿਆ, ਵਾਲੀਆ ਕੋਤਿਕ, ਵਿਤੀਆ ਕੋਰੋਬਕੋਵ, ਲੇਨਯਾ ਗੋਲੀਕੋਵ, ਵੋਲੋਦੀਆ ਦੁਬੀਨਿਨ ਅਤੇ ਵਾਸੀਆ ਸ਼ਿਸ਼ਕੋਵਸਕੀ ਦੇ ਕਾਰਨਾਮਿਆਂ ਸੰਬੰਧੀ, ਜਿਨ੍ਹਾਂ ਆਪਣੀ ਸੋਵੀਅਤ ਮਾਤ-ਭੂਮੀ ਦੀ ਆਜ਼ਾਦੀ ਅਤੇ ਸੁਤੰਤਰਤਾ ਲਈ ਘੋਲ ਵਿਚ ਜਾਨਾਂ ਦਿਤੀਆਂ। ਇਸ ਤੋ ਬਿਨਾਂ ਮੈਂ ਹੌਲੀ ਹੌਲੀ ਕਮਿਊਨਿਸਟ ਸਦਾਚਾਰ ਦੇ ਸਭ ਤੋ ਵਧ ਮਹਤਵ-ਪੂਰਨ ਲਛਣ ਬਚਿਆਂ ਅਗੇ ਪ੍ਰਗਟ ਕਰਨੇ ਸ਼ੁਰੂ ਕੀਤੇ—ਵਿਚਾਰਧਾਰਕ ਅਡੋਲਤਾ, ਦਲੇਰੀ, ਸੋਸ਼ਲਿਜ਼ਮ, ਅਮਨ, ਆਜ਼ਾਦੀ ਅਤੇ ਜਮਹੂਰੀਅਤ ਦੇ ਦੁਸ਼ਮਣਾਂ ਲਈ ਅਸਹਿਣਸ਼ੀਲਤਾ। ਸਵੈ-ਮਾਣ ਕਾਰਨ ਆਪਣੇ ਨਿਸ਼ਚਿਆਂ ਉਤੇ ਡਟਣ ਦੀ ਯੋਗਤਾ ਨੂੰ ਮਜ਼ਬੂਤ ਬਣਾਉਣਾ ਵਿਦਿਆ ਦੇ ਮਹਤਵ-ਪੂਰਨ ਕਾਰਜਾਂ ਵਿਚੋਂ ਇਕ ਹੈ, ਇਹਦੀ ਪ੍ਰਾਪਤੀ ਤਾਂ ਹੀ ਸੰਭਵ ਹੈ ਜੇ, ਨਿਕੀ ਉਮਰ ਤੋ ਹੀ, ਬੰਦਾ ਸਪਸ਼ਟ ਬਿੰਬਾਂ ਵਿਚ ਸਜੀਵ ਚੰਗੇ ਅਤੇ ਮਾੜੇ ਸੰਬੰਧੀ ਵਿਚਾਰਾਂ ਨੂੰ ਨਿਖਾਰਨ ਲਗ ਪਵੇ। ਪਰ ਇਹ ਪ੍ਰਭਾਵ ਇਕਲੇ ਕਾਫ਼ੀ ਨਹੀਂ। ਨਿਜੀ ਭਾਵੁਕ ਮੁਲੰਗਣ ਵੀ ਲੋੜੀਂਦਾ ਹੈ। ਬਚਾ ਉਸ ਵਿਚ ਜੋ ਉਹਨੂੰ ਪਿਆਰਾ ਹੈ ਅਤੇ ਜੋ ਕੁਝ ਉਹ ਸਹਾਰ ਨਹੀਂ ਸਕਦਾ ਫ਼ਰਕ ਕਰੇ। ਛੁਟੇਰੇ ਬਚਿਆਂ ਦੀ ਸਦਾਚਾਰਕ ਵਿਦਿਆ ਉਹਨਾਂ ਨੂੰ ਸਦਾਚਾਰਕ ਸੁਹਪਣ ਨਾਲ ਪ੍ਰੇਰਤ ਕਰਨ, ਲੋਕਾਂ ਲਈ ਖ਼ੁਸ਼ੀ ਸਿਰਜਣ, ਆਪਣੇ ਮਨੁਖੀ ਪੈਜ ਦੀ ਰਖਿਆ

ਕਰਨ ਅਤੇ ਕਮਿਊਨਿਜ਼ਮ ਦੇ ਸਦਾਚਾਰਕ ਨਿਯਮਾਂ ਦੀ ਰਖਿਆ ਕਰਨ ਦੀ ਇਛਾ ਜਗਾਉਣ ਵਿਚ ਹੈ।

ਨਿਕੇ ਸਕੂਲੀ ਬਚੇ ਸਦਾਚਾਰਕ ਵਿਚਾਰਾਂ ਦੇ ਸੋਮਿਆਂ ਕੋਲ ਖੜੇ ਹੁੰਦੇ ਹਨ। ਇਹ ਲਾਜ਼ਮੀ ਹੈ ਕਿ ਅਸੀਂ, ਅਧਿਆਪਕ, ਹਰ ਬਚੇ ਨੂੰ ਸਦਾਚਾਰਕ ਦਲੇਰੀ ਸੰਬੰਧੀ ਚੇਤੰਨ ਕਰਾਈਏ ਅਤੇ ਕਮਿਊਨਿਸਟ ਨਿਸ਼ਚਿਆਂ ਵਿਚ ਯਕੀਨ ਨੂੰ ਪਕਾ ਬਣਾਈਏ ਤਾਂ ਜੁ ਮੁਢਲੇ ਸਕੂਲ ਦੇ ਵਿਦਿਆਰਥੀ ਆਪਣੇ ਆਪ ਨੂੰ ਕਿਰਤੀ ਲੋਕਾਂ ਦਾ ਜਿਉਂਦਾ, ਰਚਨਾਤਮਕ ਭਾਗ ਅਨੁਭਵ ਕਰਨ।

## ਕਮਿਊਨਿਸਟ ਪਾਰਟੀ ਸੰਬੰਧੀ ਵਿਚਾਰ

ਸਕੂਲ ਦੇ ਅਤਿ-ਅੰਤ ਮਹਤਵ-ਪੂਰਨ ਕਾਰਜਾਂ ਵਿਚੋਂ ਇਕ ਸਾਡੇ ਦੇਸ ਦੀ ਕਮਿਊਨਿਸਟ ਪਾਰਟੀ ਲਈ ਪਿਆਰ, ਇਹਦੇ ਨਿਯਮਾਂ ਵਿਚ ਨਿਸ਼ਚਾ ਅਤੇ ਇਹਦੇ ਆਸ਼ਿਆਂ ਲਈ ਘੋਲ ਕਰਨ ਲਈ ਤਤਪਰਤਾ ਸਿਖਾਉਣਾ ਹੈ। ਬਚੇ **ਕਮਿਊਨਿਸਟ** ਸ਼ਬਦ ਅਕਸਰ ਸੁਣਦੇ ਹਨ। ਮੈਂ ਇਸ ਗਲ ਦਾ ਪੂਰਾ ਜਤਨ ਕੀਤਾ ਕਿ ਉਹਨਾਂ ਦੇ ਮਨਾਂ ਵਿਚ ਇਹ ਸ਼ਬਦ ਲੋਟੂਆਂ ਤੋਂ ਸਾਡੇ ਲੋਕਾਂ ਦੀ ਮੁਕਤੀ ਲਈ, ਸੋਸ਼ਲਿਜ਼ਮ ਦੀ ਉਸਾਰੀ ਲਈ, ਫ਼ਾਸ਼ਿਜ਼ਮ ਉਤੇ ਜਿਤ ਲਈ, ਸਮਾਜ ਦੀ ਕਮਿਊਨਿਸਟ ਕਾਇਆ-ਪਲਟ ਲਈ ਘੁਲਾਟੀਆਂ ਦੇ ਸਭ ਤੋਂ ਲਿਸ਼ਕਦੇ, ਸਰਵਉਚ ਬਿੰਬਾਂ ਨਾਲ ਇਕ-ਮਿਕ ਹੋ ਜਾਵੇ। ਮੈਂ ਇਹ ਵੇਖਦਾ ਕਿ ਆਪਣੇ ਪਿਤਾਵਾਂ ਅਤੇ ਦਾਦਿਆਂ ਦੇ ਕਮਿਊਨਿਸਟ ਆਦਰਸ਼ਾਂ ਦੇ ਵਾਰਸਾਂ ਦੇ ਤੌਰ ਉਤੇ ਉਹ ਉਹਨਾਂ ਉਤੇ ਮਾਣ ਕਰਨ ਅਤੇ ਆਪਣੇ ਦੇਸ ਦੇ ਸਚੇ ਮਾਲਕ, ਕਮਿਊਨਿਜ਼ਮ ਦੀ ਉਸਾਰੀ ਅਤੇ ਇਹਨੂੰ ਮਜ਼ਬੂਤ ਬਣਾਉਣ ਵਾਲੇ ਜੁਝਾਰ ਬਣਨ।

ਮੈਂ ਇਸ ਵਿਦਿਅਕ ਕਾਰਜ ਦੀ ਪ੍ਰਾਪਤੀ ਸਭ ਤੋਂ ਪਹਿਲਾਂ ਕਮਿਊਨਿਸਟਾਂ ਸੰਬੰਧੀ ਗਲ-ਬਾਤ ਵਿਚ ਵੇਖੀ। ਗਲ-ਬਾਤ ਦੇ ਇਸ ਘੇਰੇ ਨੂੰ "ਲਟ ਲਟ ਕਰਦੇ ਦਿਲਾਂ ਵਾਲੇ ਲੋਕ" ਦਾ ਨਾਂ ਦਿਤਾ ਗਿਆ। ਮੈਂ ਉਹਨਾਂ ਨੂੰ ਦੇਸ ਦੇ ਉਘੇ ਕਮਿਊਨਿਸਟਾਂ ਸੰਬੰਧੀ ਦਸਿਆ। ਕਮਿਊਨਿਸਟਾਂ—ਜ਼ਾਰਸ਼ਾਹੀ ਵਿਰੁਧ ਅਤੇ ਸੋਸ਼ਲਿਸਟ ਇਨਕਲਾਬ ਦੇ ਜੁਝਾਰਾਂ—ਦੇ ਸ਼ਾਨਦਾਰ ਜੀਵਨ ਅਤੇ ਸੂਰਮਾ ਘੋਲ ਨੇ ਬਚਿਆਂ ਨੂੰ ਨਿਸ਼ਚਾ ਕਰਵਾ ਦਿਤਾ ਕਿ ਕਮਿਊਨਿਸਟ ਲਈ ਸਰਵਉਚ ਖ਼ੁਸ਼ੀ ਲੋਕਾਂ ਲਈ ਵਫ਼ਾਦਾਰੀ, ਲੋਕਾਂ ਦੀ ਖ਼ੁਸ਼ੀ ਲਈ ਘੋਲ ਹੈ।

**ਖ਼ੁਸ਼ੀ ਦੇ ਸਕੂਲ** ਦੇ ਪਹਿਲੇ ਦਿਨ ਤੋਂ ਲੈਕੇ ਉਸ ਦਿਨ ਤਕ ਜਦੋਂ ਗਭਰੂਆਂ ਅਤੇ ਮੁਟਿਆਰਾਂ ਨੂੰ ਹਾਈ ਸਕੂਲ ਦੀਆਂ ਸਨਦਾਂ ਮਿਲੀਆਂ ਅਤੇ ਉਹਨਾਂ ਕੰਮ ਜਾਂ ਅਗੋ ਪੜ੍ਹਾਈ ਸ਼ੁਰੂ ਕੀਤੀ ਮੈਂ ਬਚਿਆਂ ਨੂੰ ਲੈਨਿਨ ਸੰਬੰਧੀ ਪੜ੍ਹ ਕੇ ਸੁਣਾਉਂਦਾ। ਮੁਢ ਵਿਚ ਮੈਂ ਲੈਨਿਨ ਦੇ ਬਚਪਨ ਅਤੇ ਗਭਰੇਟ ਦਿਨਾਂ ਸੰਬੰਧੀ ਪੜ੍ਹਿਆ। ਹਰ ਲੰਘਦੇ

ਮਹੀਨੇ ਕਹਾਣੀਆਂ ਇਤਿਹਾਸ, ਕਮਿਊਨਿਸਟ ਵਿਚਾਰਧਾਰਾ ਅਤੇ ਕਮਿਊਨਿਸਟ ਪਾਰਟੀ ਅਤੇ ਸਾਡੇ ਲੋਕਾਂ ਦੇ ਚੰਗੇਰੇ ਭਵਿਖ ਲਈ ਸਾਡੀ ਪਾਰਟੀ ਦੇ ਘੋਲ ਦੇ ਪ੍ਰਸ਼ਨਾਂ ਨਾਲ ਸੰਬੰਧਤ ਹੁੰਦੀਆਂ ਗਈਆਂ। ਬਚਿਆਂ ਨੂੰ ਨਿਸ਼ਚਾ ਹੋ ਗਿਆ ਕਿ ਕਮਿਊਨਿਸਟ ਦੁਧ ਉਤੇ ਮਲਾਈ ਵਾਂਗ ਹਨ, ਲੋਕਾਂ ਦੇ ਸਰਵਉਤਮ ਪੁਤਰ ਅਤੇ ਧੀਆਂ।

ਬਚੇ ਕਮਿਊਨਿਸਟਾਂ ਨਾਲ ਮੁਲਾਕਾਤਾਂ ਕਰਨ ਲਗੇ। ਉਹਨਾਂ ਦੇ ਜੀਵਨ ਅਤੇ ਘੋਲਾਂ ਦੀਆਂ ਕਹਾਣੀਆਂ ਬਚਿਆਂ ਲਈ ਕਮਿਊਨਿਸਟ ਪਾਰਟੀ ਦੇ ਇਤਿਹਾਸ ਦਾ ਹਿਸਾ ਬਣ ਗਈਆਂ। ਬਚੇ ਪੁਰਾਣੇ ਬਾਲਸ਼ਵਿਕਾਂ ਵ. ਮ. ਬੇਸਕੋਰੋਵੈਨੀ, ਅ. ਮ. ਰਾਦਜ਼ੀਵਿਲ ਜਾਂ ਨ. ਕ. ਗਾਏਚੁਕ ਨਾਲ ਆਪਣੀਆਂ ਮੁਲਾਕਾਤਾਂ ਕਦੀ ਨਹੀਂ ਭੁਲਣਗੇ। ਬਚੇ ਇਸ ਗਲ ਤੋਂ ਬਹੁਤ ਪ੍ਰਭਾਵਤ ਹੋਏ ਇਹ ਸਾਡੇ ਪਿੰਡ ਦੇ ਸਾਥੀ ਵਸਨੀਕ ਸੋਵੀਅਤ ਸਤਾ ਦੇ ਪੰਘੂੜੇ ਕੋਲ ਖੜੇ ਹੋਏ ਸਨ ਅਤੇ ਉਹਨਾਂ ਕਿਰਤੀਆਂ ਅਤੇ ਕਿਸਾਨਾਂ ਦੀ ਜਿਤ ਲਈ ਖ਼ੂਨ ਡੋਹਲਿਆ ਸੀ। ਬਚਿਆਂ ਨੇ ਅਨੁਭਵ ਕੀਤਾ ਕਿ ਕਮਿਊਨਿਸਟ ਦ੍ਰਿੜ੍ਹ ਨਿਸ਼ਚਿਆਂ ਵਾਲੇ ਲੋਕ ਹੁੰਦੇ ਹਨ। ਿਹਦੇ ਨਾਲ ਹੀ ਨਾਲ ਉਹ ਨਿਰਮਾਣ ਲੋਕ ਹੁੰਦੇ ਹਨ ਅਤੇ ਆਪਣੀ ਵਡੀ ਉਮਰ ਦੇ ਬਾਵਜੂਦ ਉਹ ਆਪਣਾ ਬਲ ਅਤੇ ਬੁਧੀ ਕਮਿਊਨਿਜ਼ਮ ਦੀ ਉਸਾਰੀ ਵਲ ਲਾ ਰਹੇ ਹਨ। ਬਚੇ ਰਾਦਜ਼ੀਵਿਲ ਨੂੰ ਸਭ ਤੋਂ ਚੰਗੇ ਸਬਜ਼ੀਆਂ ਉਗਾਉਣ ਵਾਲੇ ਵਜੋਂ ਅਤੇ ਬੇਸਕੋਰੋਵੈਨੀ ਨੂੰ ਸੋਨੇ ਦੇ ਹਥਾਂ ਵਾਲੇ ਮਨੁਖ ਵਜੋਂ ਜਾਣਦੇ ਸਨ — ਉਹ ਸਭ ਤੋਂ ਵਧ ਅਨੁਭਵੀ ਮਸ਼ੀਨ-ਚਾਲਕਾਂ ਵਿਚੋਂ ਇਕ ਸੀ। ਉਹਨੇ ਬਚਿਆਂ ਨੂੰ ਦਸਿਆ ਕਿਵੇਂ ਪਿੰਡ ਵਿਚ ਪੰਚਾਇਤੀ ਫ਼ਾਰਮ ਸਥਾਪਤ ਕੀਤਾ ਗਿਆ, ਕਿਵੇਂ ਕਮਿਊਨਿਸਟਾਂ ਨੇ ਟਰੈਕਟਰ ਚਲਾਉਣੇ ਸਿਖੇ, ਸਟੀਅਰਿੰਗ ਵੀਲ ਦੇ ਪਿਛੇ ਬੈਠੇ ਅਤੇ ਪੰਚਾਇਤੀ ਫ਼ਾਰਮ ਦੇ ਖੇਤਾਂ ਵਿਚ ਪਹਿਲੇ ਸਿਆੜ ਵਾਹੇ।

ਬੇਸਕੋਰੋਵੈਨੀ ਨੇ ਸੋਵੀਅਤ ਲੋਕਾਂ ਦੇ ਸਰਵਉਤਮ ਭਵਿਖ ਲਈ ਪਾਰਟੀ ਦੇ ਕੰਮ ਸੰਬੰਧੀ ਬਚਿਆਂ ਨਾਲ ਕਈ ਵਾਰ ਗਲ ਬਾਤ ਕੀਤੀ। ਉਹਨੇ ਪੰਚਾਇਤੀ ਫ਼ਾਰਮ ਦੀ ਪਾਰਟੀ ਜਥੇਬੰਦੀ ਦੇ ਕੰਮ ਸੰਬੰਧੀ ਗਲ ਕੀਤੀ। ਬਚਿਆਂ ਨੂੰ ਪਤਾ ਲਗਾ ਕਿ ਪੰਚਾਇਤੀ ਫ਼ਾਰਮ ਦੇ ਕਮਿਊਨਿਸਟ ਝਾੜ ਵਧਾਉਣ ਲਈ ਅਤੇ ਇਹ ਗਲ ਨਿਸ਼ਚਿਤ ਬਣਾਉਣ ਲਈ ਕੰਮ ਕਰਦੇ ਹਨ ਕਿ ਪਸ਼ੂ-ਪਾਲ ਫ਼ਾਰਮ ਸਾਡੇ ਲਈ ਵਧੇਰੇ ਮਾਸ, ਦੁਧ ਅਤੇ ਮਖਣ ਪੈਦਾ ਕਰੇ।

ਮਹਾਨ ਦੇਸ-ਭਗਤੀਕ ਯੁਧ ਸੰਬੰਧੀ ਕਹਾਣੀਆਂ ਵਿਸ਼ੇਸ਼ ਤੌਰ ਉਤੇ ਰੋਚਕ ਸਨ। ਬਚੇ ਸ. ਅ. ਕੋਵਪਾਕ ਦੀ ਛਾਪਾਮਾਰ ਜਥੇਬੰਦੀ ਵਿਚ ਹਿਸਾ ਲੈਣ ਵਾਲੇ ਸੋਵੀਅਤ ਯੂਨੀਅਨ ਦੇ ਸੂਰਮੇ ਅ. ਕ. ਤਸਿਮਬਲ ਨੂੰ, ਰੂਮਾਨੀਆ ਅਤੇ ਹੰਗਰੀ ਦੀ ਮੁਕਤੀ ਲਈ ਲੜਾਈਆਂ ਵਿਚ ਹਿਸਾ ਲੈਣ ਵਾਲੇ ਸੋਵੀਅਤ ਯੂਨੀਅਨ ਦੇ ਸੂਰਮੇ ਨ. ਸ. ਓਨੋਪਾ ਨੂੰ ਅਤੇ ਸਾਡੇ ਪਿੰਡ ਦੇ ਹੋਰ ਸਾਥੀ ਵਸਨੀਕਾਂ ਨੂੰ ਮਿਲੇ — ਫ਼ਾਸ਼ਿਜ਼ਮ ਤੋ ਸਾਡੀ ਮਾਤ-ਭੂਮੀ ਦੀ ਮੁਕਤੀ ਲਈ ਲੜਾਈ ਦੇ ਸੂਰਮਿਆਂ ਨੂੰ।

ਬਚਿਆਂ ਦੇ ਮਨਾਂ ਵਿਚ ਇਹ ਨਿਸ਼ਚਾ ਪਕਾ ਹੋ ਗਿਆ ਕਿ ਲੈਨਿਨਵਾਦੀ ਕਾਜ਼ ਅਤੇ ਲੈਨਿਨਵਾਦੀ ਸਚ ਕਮਿਊਨਿਸਟ ਪਾਰਟੀ ਅਤੇ ਲੋਕਾਂ ਦੀ ਕਿਰਤ ਵਿਚ ਜਿਊਂਦਾ ਹੈ।

## ਬੰਦੇ ਨੂੰ ਹੋਰਨਾਂ ਸੰਬੰਧੀ ਫ਼ਿਕਰਮੰਦੀ ਤੋਂ ਬਿਨਾਂ ਇਕ ਦਿਨ ਵੀ ਨਹੀਂ ਜਿਊਣਾ ਚਾਹੀਦਾ

ਜੀਵਨ ਦਰਸਾਉਂਦਾ ਹੈ ਕਿ ਜੇ ਬਚਾ ਇਹਦੇ ਲਈ ਕੰਮ ਕੀਤੇ ਬਿਨਾਂ, ਆਤਮਕ ਜਤਨ ਕੀਤੇ ਬਿਨਾਂ ਖ਼ੁਸ਼ੀ ਦੀ ਕੇਵਲ "ਖਪਤ" ਹੀ ਕਰੇ ਤਾਂ ਉਹਦਾ ਦਿਲ ਠੰਢਾ, ਨਿਰਦਈ ਅਤੇ ਬੇਪਰਵਾਹ ਹੋ ਜਾਂਦਾ ਹੈ।

ਬਚਿਆਂ ਨੂੰ ਉਚ ਬਣਾਉਣ ਵਾਲੀ ਇਕ ਬਹੁਤ ਵਡੀ ਸ਼ਕਤੀ ਹੋਰ ਲੋਕਾਂ ਲਈ ਚੰਗਿਆਈ ਸਿਰਜਣਾ ਹੈ। ਸੋਵੀਅਤ ਸਕੂਲ ਦੇ ਵਿਦਿਅਕ ਕਾਰਜਾਂ ਵਿਚੋਂ ਇਕ ਇਹ ਨਿਸ਼ਚਿਤ ਬਣਾਉਣਾ ਹੈ ਕਿ ਬਚਾ ਇਹ ਅਨੁਭਵ ਕਰਦਾ ਹੈ ਕਿ ਉਹਦੇ ਦੁਆਲੇ ਹੋਰ ਲੋਕ ਹਨ ਜਿਨ੍ਹਾਂ ਨੂੰ ਧਿਆਨ, ਕੋਮਲਤਾ, ਹਿਰਦੇ ਦੇ ਨਿਘ ਅਤੇ ਹਮਦਰਦੀ ਦੀ ਲੋੜ ਹੈ। ਮੁਖ ਗਲ ਇਹ ਹੈ ਕਿ ਬਚਿਆਂ ਦੀਆਂ ਆਤਮਾਵਾਂ ਇਹਨਾਂ ਲੋਕਾਂ ਤੋਂ ਇਕ ਪਾਸੇ ਹੋਕੇ ਲੰਘਣ ਦੀ ਆਗਿਆ ਨਾ ਦੇਣ, ਕਿ ਬਚਾ ਹੋਰਨਾਂ ਲਈ ਕੰਮ ਇਸ ਕਰਕੇ ਨਾ ਕਰੇ ਕਿ ਲੋਕ ਉਹਦੇ ਵਲ ਧਿਆਨ ਦੇਣਗੇ ਸਗੋਂ ਬੇਗਰਜ਼ ਮੰਤਵਾਂ ਨਾਲ ਕਰੇ।

ਬਚੇ ਦੇ ਅੰਤਹਕਰਨ, ਹੋਰਾਂ ਲਈ ਚੰਗਿਆਈ ਕਰਨ ਦੀ ਤਤਪਰਤਾ ਹੋਰ ਲੋਕਾਂ ਦੀਆਂ, ਜਿਹੜੇ ਗ਼ਮ ਅਤੇ ਮੁਸੀਬਤ ਦਾ ਸ਼ਿਕਾਰ ਹਨ, ਭਾਵਨਾਵਾਂ ਨੂੰ ਗ੍ਰਹਿਣ ਕਰ ਸਕਣ ਦੀ ਯੋਗਤਾ ਹੈ। ਬੰਦੇ ਦੇ ਅੰਦਰਲੇ ਸੰਸਾਰ ਲਈ ਭਾਵੁਕਤਾ, ਕਿਸੇ ਹੋਰ ਦੀ ਨਾਖ਼ੁਸ਼ੀ ਦਾ ਹੁੰਗਾਰਾ ਭਰਨ ਦੀ ਯੋਗਤਾ —ਇਹਦੇ ਨਾਲ ਸਰਵਉਚ ਮਨੁਖੀ ਖ਼ੁਸ਼ੀ ਸ਼ੁਰੂ ਹੁੰਦੀ ਹੈ, ਜਿਸ ਤੋਂ ਬਿਨਾਂ ਆਤਮਕ ਸੁਹਪਣ ਅਸੰਭਵ ਹੈ। **ਖ਼ੁਸ਼ੀ ਦੇ ਸਕੂਲ** ਵਿਚ ਮੇਰੇ ਵਿਦਿਆਰਥੀਆਂ ਨੇ ਪਹਿਲਾਂ ਹੀ ਮਾਨਵਤਾ ਦੇ ਵਿਗਿਆਨ ਵਲ ਪਹਿਲੇ ਕਦਮ ਪੁਟੇ ਸਨ: ਜਿਨ੍ਹਾਂ ਨੂੰ ਉਹ ਸਾਧਾਰਨ ਪ੍ਰਸਥਿਤੀਆਂ ਵਿਚ ਮਿਲਦੇ ਉਹਨਾਂ ਦੀਆਂ ਅਖਾਂ ਵਿਚ ਗ਼ਮ, ਅਫ਼ਸੋਸ, ਉਦਾਸੀ ਅਤੇ ਚਿੰਤਾ ਵੇਖਣੀ ਸਿਖ ਲਈ ਸੀ। ਇਹ ਯੋਗਤਾ ਬਾਲਗ਼ ਦੇ ਸਦਾਚਾਰਕ ਨਿਸ਼ਚਿਆਂ ਵਿਚ ਤਾਂ ਹੀ ਸ਼ਾਮਲ ਹੁੰਦੀ ਅਤੇ ਆਤਮਕ ਜੀਵਨ ਦਾ ਅਨਿਖੜਵਾਂ ਅੰਗ ਬਣ ਜਾਂਦੀ ਹੈ ਜੇ ਬਚਪਨ ਦੇ ਸਾਰੇ ਵਰ੍ਹਿਆਂ ਵਿਚ ਇਕ ਵੀ ਦਿਨ ਲੋਕਾਂ ਲਈ ਫ਼ਿਕਰਮੰਦੀ ਤੋਂ ਬਿਨਾਂ ਨਾ ਲੰਘਿਆ ਹੋਵੇ।

ਮੈਂ ਆਪਣੇ ਵਿਦਿਆਰਥੀਆਂ ਨੂੰ ਹੋਰ ਲੋਕਾਂ ਦੀਆਂ ਭਾਵਨਾਵਾਂ ਗ੍ਰਹਿਣ ਕਰਨਾ ਸਿਖਾਇਆ ਅਤੇ ਬਚੇ ਨੂੰ ਹੋਰ ਲੋਕਾਂ ਦੀ ਥਾਂ ਖੜੇ ਹੋਣ ਅਤੇ ਸਹਾਇਤਾ ਅਤੇ ਧਿਆਨ ਲਈ ਉਹਦੀ ਲੋੜ ਅਨੁਭਵ ਕਰਨਾ ਸਿਖਾਉਣ ਦਾ ਜਤਨ ਕੀਤਾ। ਇਹ

ਲਾਜ਼ਮੀ ਹੈ ਕਿ ਕਿਸੇ ਹੋਰ ਬੰਦੇ ਦਾ ਗ਼ਮ ਬਚੇ ਦਾ ਨਿਜੀ ਗ਼ਮ ਬਣ ਜਾਵੇ; ਇਹ ਲਾਜ਼ਮੀ ਹੈ ਕਿ ਉਹ ਬਚੇ ਨੂੰ ਇਸ ਸੰਬੰਧੀ ਸੋਚਣ ਵਲ ਲਾਏ ਕਿ ਉਹ ਉਹਨਾਂ ਦੀ ਸਹਾਇਤਾ ਕਿਵੇਂ ਕਰੇ ਜਿਨ੍ਹਾਂ ਨੂੰ ਲੋੜ ਹੈ। ਨਿਜੀ ਸੰਬੰਧ, ਦੋ ਲੋਕਾਂ ਵਿਚਕਾਰ ਪ੍ਰਸਪਰ ਅਮਲ, ਮਾਨਵਤਾ ਸਿਖਾਉਣ ਵਿਚ ਅਸਾਧਾਰਨ ਤੌਰ ਉਤੇ ਮਹਤਵ-ਪੂਰਨ ਹਿਸਾ ਪਾਉਂਦੇ ਹਨ। ਮਨੁਖਜਾਤੀ ਨੂੰ ਪਿਆਰ ਕਰਨਾ ਆਪਣੇ ਗੁਆਂਢੀ ਦੀ ਸਹਾਇਤਾ ਕਰਨ ਨਾਲੋਂ ਸੌਖਾ ਹੈ। ਮਨੁਖੀ ਸ਼ਖ਼ਸੀਅਤ ਦੇ ਸਥੂਲ ਗਿਆਨ ਤੋਂ ਬਿਨਾਂ ਲੋਕਾਂ ਨੂੰ ਜਾਣਨਾ ਅਸੰਭਵ ਹੈ। ਜੇ ਉਹ ਆਪਣੇ ਮਿਤਰ ਦੀਆਂ ਉਦਾਸ, ਬੇਨਤੀ ਕਰਦੀਆਂ, ਸੰਤਾਪੀਆਂ ਅਖਾਂ ਵਿਚ ਡੂੰਘਾ ਗ਼ਮ ਨਹੀਂ ਪੜ੍ਹਦਾ ਤਾਂ ਮਨੁਖੀ ਗ਼ਮ ਬਚੇ ਦੇ ਦਿਲ ਤਕ ਨਹੀਂ ਅਪੜਦਾ। ਜਿਹੜਾ ਬਚਾ ਮਨੁਖੀ ਜੀਵਨ ਦੇ ਸਾਰੇ ਪਖ ਨਹੀਂ ਵੇਖਦਾ — ਖ਼ੁਸ਼ੀ ਅਤੇ ਗ਼ਮ ਦੋਵੇਂ — ਉਹ ਕਦੀ ਭਾਵੁਕ ਅਤੇ ਹਮਦਰਦ ਨਹੀਂ ਬਣੇਗਾ।

ਸਾਡੀ ਆਪਣੀ ਸ਼੍ਰੇਣੀ ਵਿਚ ਬਹੁਤ ਗ਼ਮ ਸੀ — ਸਾਨੂੰ ਇਹਨੂੰ ਲਭਣ ਲਈ ਭਾਲ ਨਾ ਕਰਨੀ ਪਈ। ਹਾਸਾ ਛਣਕਦਾ ਅਤੇ ਖ਼ੁਸ਼ੀ ਦੀ ਭਾਵਨਾ ਦਾ ਰਾਜ ਸੀ ਪਰ ਕੁਝ ਬਚਿਆਂ ਦੀਆਂ ਅਖਾਂ ਉਦਾਸ ਸਨ। ਸਕੂਲ ਆਉਣ ਤੋਂ ਤਿੰਨ ਵਰ੍ਹੇ ਪਿਛੋਂ ਵਾਲੀਆ ਦੇ ਪਿਤਾ ਦੀ ਸਿਹਤ ਬਹੁਤ ਖ਼ਰਾਬ ਹੋ ਗਈ। ਨਿਕੀ ਕੁੜੀ ਚੁਪੀਤੀ ਅਤੇ ਉਦਾਸ ਹੋ ਗਈ। ਨੀਨਾ ਅਤੇ ਸਾਸ਼ਾ ਦੀ ਮਾਂ ਸਖ਼ਤ ਬਿਮਾਰ ਸੀ ਅਤੇ ਘਰ ਦੇ ਕੰਮ ਵਿਚ ਸਹਾਇਤਾ ਦੇਣ ਲਈ ਉਹ ਕਦੀ ਕਦੀ ਘਰੇ ਰਹਿੰਦੇ। ਸ਼ੂਰਾ ਦੀ ਦਾਦੀ ਬਿਮਾਰ ਹੋ ਗਈ ਅਤੇ ਉਹ ਕਈ ਵਾਰ ਹਸਪਤਾਲ ਵਿਚ ਦਾਖ਼ਲ ਹੋਈ, ਪਹਿਲਾਂ ਇਕ ਹਫ਼ਤੇ ਲਈ ਅਤੇ ਫਿਰ ਲਗਾਤਾਰ ਕਈ ਕਈ ਮਹੀਨੇ; ਨਿਕੇ ਬਚੇ ਲਈ ਇਹ ਬਹੁਤ ਵਡਾ ਗ਼ਮ ਸੀ। ਦਾਦੀ ਦੀ ਬਿਮਾਰੀ ਦੇ ਦਿਨੀਂ ਸ਼ੂਰਾ ਆਪਣੀ ਮਾਸੀ ਕੋਲ ਰਹਿੰਦਾ, ਉਹ ਬੜੀ ਚੰਗੀ ਇਸਤ੍ਰੀ ਸੀ ਜਿਹੜੀ ਸ਼ੂਰਾ ਦਾ ਧਿਆਨ ਰਖਦੀ ਪਰ ਦਾਦੀ ਤੋਂ ਵਖ ਹੋਣ ਕਾਰਨ ਮੁੰਡੇ ਨੂੰ ਦੁਖ ਹੁੰਦਾ। ਇਕ ਠੰਢੀ ਸਵੇਰ ਸ਼ੂਰਾ ਨੇ ਆਪਣੀ ਦਾਦੀ ਨੂੰ ਮਿਲਣ ਜਾਣ ਦਾ ਨਿਰਣਾ ਕੀਤਾ। ਮਾਸੀ ਨੂੰ ਕੁਝ ਕਹੇ ਬਿਨਾਂ ਉਹ ਹਸਪਤਾਲ ਗਿਆ। ਰਾਹ ਵਿਚ ਉਹ ਬਰਸਾਤ ਵਿਚ ਭਿਜ ਗਿਆ, ਉਹਨੂੰ ਠੰਢ ਲਗ ਗਈ ਅਤੇ ਫਿਰ ਉਹ ਗੰਭੀਰ ਤੌਰ ਉਤੇ ਬਿਮਾਰ ਹੋ ਗਿਆ। ਉਹਨੂੰ ਉਸੇ ਹਸਪਤਾਲ ਵਿਚ ਦਾਖ਼ਲ ਕੀਤਾ ਗਿਆ ਜਿਥੇ ਉਹਦੀ ਦਾਦੀ ਦਾਖ਼ਲ ਸੀ।

ਵੋਲੋਦੀਆ ਦੇ ਪਰਵਾਰ ਵਿਚ ਇਕ ਹਾਦਸਾ ਹੋਇਆ। ਉਹਦੀ ਮਾਂ ਪਲਸਤਰ ਕਰਨ ਦਾ ਕੰਮ ਕਰਦੀ ਸੀ। ਹਰ ਰੋਜ਼ ਉਹ ਬਸ ਉਤੇ ਕੰਮ ਕਰਨ ਜਾਂਦੀ। ਬਸੰਤ ਰੁਤੇ ਧਰਤੀ ਅਜੇ ਤਕ ਬਰਫ਼ ਨਾਲ ਕਜੀ ਹੋਈ ਸੀ, ਬਸ ਦੀ ਲੋਕਾਂ ਨਾਲ ਭਰੀ ਇਕ ਕਾਰ ਨਾਲ ਟਕਰ ਹੋ ਗਈ, ਵੋਲੋਦੀਆ ਦੀ ਮਾਂ ਸਖ਼ਤ ਫਟੜ ਹੋਈ। ਡਾਕਟਰ ਨੇ ਕਿਹਾ ਕਿ ਉਹ ਆਪਣੀ ਬਾਕੀ ਸਾਰੀ ਉਮਰ ਬਿਮਾਰ ਰਹੇਗੀ। ਉਹਦੇ ਨਾਲ

ਹੀ ਨਾਲ ਉਹਦਾ ਦਾਦਾ, ਜਿਸਨੇ ਇਸ ਗਲ ਦਾ ਬਹੁਤ ਖ਼ਿਆਲ ਰਖਿਆ ਸੀ ਕਿ ਵੱਲੋਂਦੀਆ ਜੀਵਨ ਵਿਚ ਠੀਕ ਰਾਹ ਉਤੇ ਚਲੇ, ਮਰ ਗਿਆ।

ਕੌਲੀਆ ਦੇ ਟਬਰ ਵਿਚ ਗ਼ਮ, ਪਰ ਇਕ ਹੋਰ ਤਰ੍ਹਾਂ ਦਾ ਗ਼ਮ ਆਇਆ। ਚੋਰੀ ਦਾ ਮਾਲ ਖ਼ਰੀਦਣ ਕਾਰਨ ਉਹਦੇ ਪਿਤਾ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਦੋ ਸਾਲ ਕੈਦ ਦੀ ਸਜ਼ਾ ਦਿਤੀ ਗਈ। ਟਬਰ ਵਿਚ ਸਦਾਚਾਰਕ ਵਾਯੂ-ਮੰਡਲ ਚੰਗੇਰਾ ਹੋ ਗਿਆ ਪਰ ਜੋ ਕੁਝ ਹੋਇਆ ਉਸ ਨਾਲ ਬਚੇ ਨੂੰ ਧਕਾ ਲਗੇ ਬਿਨਾਂ ਨਹੀਂ ਸੀ ਰਿਹਾ ਜਾ ਸਕਦਾ।

ਰੋਜ਼ ਜਦੋਂ ਮੈਂ ਬਚਿਆਂ ਨੂੰ ਮਿਲਦਾ ਤਾਂ ਮੈਂ ਉਹਨਾਂ ਦੀਆਂ ਅਖਾਂ ਵਿਚ ਝਾਕਦਾ। ਵਿਦਿਆ ਦੇ ਪੇਚਦਾਰ ਅਮਲ ਵਿਚ ਬਚੇ ਦੀਆਂ ਉਦਾਸ ਅਖਾਂ ਤੋਂ ਵਧੇਰੇ ਔਖਾ ਕੀ ਹੋ ਸਕਦਾ ਹੈ? ਜੇ ਬਚਾ ਉਦਾਸ ਹੈ ਤਾਂ ਉਹਦਾ ਧਿਆਨ ਉਸ ਪਾਸੇ ਨਹੀਂ ਲਗ ਸਕਦਾ ਜੋ ਕੁਝ ਸ਼੍ਰੇਣੀ ਵਿਚ ਚਲ ਰਿਹਾ ਹੈ। ਉਹ ਤਣੀ ਤਰਥ ਵਾਂਗ ਹੈ, ਗ਼ਲਤ ਛੁਹ ਨੁਕਸਾਨ ਪੁਚਾ ਸਕਦੀ ਹੈ। ਹਰ ਬਚਾ ਗ਼ਮ ਨੂੰ ਆਪਣੇ ਢੰਗ ਨਾਲ ਅਨੁਭਵ ਕਰਦਾ ਹੈ: ਜੇ ਤੁਸੀਂ ਇਕ ਨੂੰ ਦਿਲਾਸਾ ਦਿਓ ਤਾਂ ਉਹਦਾ ਰੋਂ ਸੁਧਰ ਜਾਂਦਾ ਹੈ; ਪਰ ਦਿਆਲ ਸ਼ਬਦ ਹੋਰਨਾਂ ਲਈ ਸਜਰੀ ਪੀੜ ਲਿਆਉਂਦੇ ਹਨ। ਅਜਿਹੀਆਂ ਹਾਲਤਾਂ ਵਿਚ ਵਿਦਿਅਕ ਯੋਗਤਾ ਸਭ ਤੋਂ ਪਹਿਲਾਂ ਮਨੁਖੀ ਸਿਆਣਪ ਵਿਚ ਹੈ: ਦੁਖੀ ਦਿਲ ਉਤੇ ਭਾਰ ਨਾ ਪਾਉਣਾ, ਬਚੇ ਲਈ ਨਵਾਂ ਗ਼ਮ ਨਾ ਲਿਆਉਣਾ, ਉਹਦੀ ਰੂਹ ਦੀਆਂ ਫਟੜ ਥਾਵਾਂ ਨੂੰ ਨਾ ਛੂਹਣਾ। ਜਿਹੜਾ ਵਿਦਿਆਰਥੀ ਗ਼ਮ ਕਾਰਨ ਬੌਂਦਲਿਆ ਹੋਇਆ ਹੈ, ਨਿਰਸੰਦੇਹ ਉਹ ਉਸ ਤਰ੍ਹਾਂ ਨਹੀਂ ਪੜ੍ਹ ਸਕਦਾ ਜਿਵੇਂ ਉਹ ਪਹਿਲਾਂ ਪੜ੍ਹਦਾ ਸੀ। ਗ਼ਮ ਸੋਚ ਉਤੇ ਦਾਗ਼ ਛਡ ਜਾਂਦਾ ਹੈ। ਅਧਿਆਪਕ ਲਈ ਮੁਖ ਗਲ ਸਭ ਤੋਂ ਪਹਿਲਾਂ ਬਚੇ ਦੇ ਗ਼ਮ, ਉਦਾਸੀ ਅਤੇ ਦੁਖ ਨੂੰ ਵੇਖਣਾ ਹੈ: ਬਚੇ ਦੀ ਰੂਹ ਨੂੰ ਵੇਖਣਾ ਅਤੇ ਅਨੁਭਵ ਕਰਨਾ ਹੈ। ਜਿਸ ਹਦ ਤਕ ਅਧਿਆਪਕ ਬਚੇ ਦੇ ਗ਼ਮ ਨਾਲ ਸੰਬੰਧਤ ਹੁੰਦਾ ਹੈ, ਜਿਸ ਹਦ ਤਕ ਉਹ ਬਚੇ ਦੀ ਆਤਮਾ ਨੂੰ ਸਮਝਣ ਅਤੇ ਅਨੁਭਵ ਕਰਨ ਦੀ ਯੋਗਤਾ ਰਖਦਾ ਜਾਂ ਰਖਦੀ ਹੈ, ਉਹ ਅਧਿਆਪਕ ਦੀ ਵਿਦਿਅਕ ਯੋਗਤਾ ਦਾ ਆਧਾਰ ਬਣਦੀ ਹੈ।

ਜਿਹੜਾ ਵਿਦਿਆਰਥੀ ਗ਼ਮ ਦਾ ਸ਼ਿਕਾਰ ਹੈ ਤੁਹਾਨੂੰ ਉਹਨੂੰ ਸ਼੍ਰੇਣੀ ਵਿਚ ਪ੍ਰਸ਼ਨ ਦਾ ਉਤਰ ਦੇਣ ਲਈ ਨਹੀਂ ਕਹਿਣਾ ਚਾਹੀਦਾ, ਨਾ ਉਸ ਤੋਂ ਇਕਾਗਰਤਾ ਅਤੇ ਮਿਹਨਤ ਦੀ ਮੰਗ ਕਰਨੀ ਚਾਹੀਦੀ ਹੈ। ਤੁਹਾਨੂੰ ਇਹ ਨਹੀਂ ਪੁਛਣਾ ਚਾਹੀਦਾ ਕਿ ਕੀ ਵਾਪਰਿਆ ਹੈ, ਬਚੇ ਲਈ ਗਲ ਕਰਨਾ ਔਖਾ ਹੋਵੇਗਾ। ਜੇ ਬਚੇ ਨੂੰ ਅਧਿਆਪਕ ਵਿਚ ਭਰੋਸਾ ਹੈ, ਜੇ ਅਧਿਆਪਕ ਉਹਦਾ ਮਿਤਰ ਹੈ ਤਾਂ ਬਚਾ ਜੋ ਕੁਝ ਕਹਿ ਸਕਦਾ ਹੈ ਦਸੇਗਾ। ਜੇ ਉਹ ਚੁਪ ਹੈ ਤਾਂ ਬਚੇ ਦੇ ਦੁਖੀ ਦਿਲ ਨੂੰ ਨਾ ਛੂਹੋ।... ਵਿਦਿਆ ਵਿਚ ਸਭ ਤੋਂ ਔਖਾ ਕੰਮ ਭਾਵਨਾ ਸਿਖਾਉਣਾ ਹੈ। ਅਤੇ ਬਚੇ ਦੀ ਉਮਰ ਜਿੰਨੀ ਵਡੇਰੀ ਹੋਵੇਗੀ, ਅਲੰਕਾਰਕ ਭਾਸ਼ਾ ਵਿਚ, ਅਧਿਆਪਕ ਲਈ ਉਹਦੇ ਦਿਲ ਦੀਆਂ

ਤਰਥਾਂ ਛੂਹਣਾ, ਜਿਨ੍ਹਾਂ ਦਾ ਛਣਕਾਉਣਾ ਇੰਨੀਆਂ ਉਚ ਭਾਵਨਾਵਾਂ ਪੈਦਾ ਕਰਦਾ ਹੈ, ਉਨਾ ਹੀ ਔਖਾ ਹੁੰਦਾ ਹੈ।

ਬਚੇ ਨੂੰ ਅਨੁਭਵ ਕਰਨਾ, ਬੰਦੇ ਦੀਆਂ ਅਖਾਂ ਵਿਚ ਉਹਦੇ ਨੇੜੇ ਕਿਸੇ ਬੰਦੇ ਦਾ ਅੰਦਰਲਾ ਸੰਸਾਰ ਵੇਖਣਾ ਸਿਖਾਉਣ ਲਈ ਇਹ ਲਾਜ਼ਮੀ ਹੈ ਕਿ ਅਧਿਆਪਕ ਬਚਿਆਂ ਦੀਆਂ ਭਾਵਨਾਵਾਂ, ਸਭ ਤੋਂ ਪਹਿਲਾਂ ਗ਼ਮ ਦਾ ਸਤਿਕਾਰ ਕਰਨ ਯੋਗ ਹੋਵੇ। ਕਿਸੇ ਵਡੇ ਬੰਦੇ ਵਲੋਂ ਕਿਸੇ ਹਲਕੀ ਫੁਲਕੀ ਦਲੀਲ ਨਾਲ, ਜਿਹਾ ਕਿ ਅਸੀਂ ਬਾਲਗ਼ ਜਾਣਦੇ ਹਾਂ ਕਿਵੇਂ ਤੁਸੀਂ ਬਚੇ ਆਪਣੇ ਗ਼ਮ ਨੂੰ ਬਹੁਤ ਵਧਾ ਚੜ੍ਹਾ ਦੇਂਦੇ ਹੋ, ਗ਼ਮ ਦੀ ਭਾਵਨਾ ਨੂੰ ਤੋੜਣ ਨਾਲੋਂ ਵਧੇਰੇ ਗੰਦੀ ਗਲ ਬਾਲਗ਼ਾਂ ਅਤੇ ਬਚਿਆਂ ਵਿਚਕਾਰ ਭਾਵੁਕ-ਸਦਾਚਾਰਕ ਸੰਬੰਧਾਂ ਵਿਚ ਹੋ ਹੀ ਨਹੀਂ ਸਕਦੀ।

ਸਭ ਤੋਂ ਪਹਿਲਾਂ ਤੁਹਾਨੂੰ ਬਚਿਆਂ ਦੀਆਂ ਭਾਵਨਾਵਾਂ ਚੇਤੇ ਰਖਣੀਆਂ ਚਾਹੀਦੀਆਂ ਹਨ। ਕਿਸੇ ਵਿਸ਼ੇਸ਼ ਢੰਗ ਨਾਲ ਇਹ ਸਿਖਾਉਣਾ ਸੰਭਵ ਨਹੀਂ। ਅਜਿਹਾ ਅਧਿਆਪਕ ਵਿਚ ਭਾਵੁਕ-ਸਦਾਚਾਰਕ ਵਿਕਾਸ ਦੀ ਉਚੀ ਪਧਰ ਕਾਰਨ ਹੁੰਦਾ ਹੈ। ਬਚੇ ਦਾ ਗ਼ਮ ਭਾਵੇਂ ਕਿਸੇ ਸੋਮੇ ਤੋਂ ਉਪਜੇ, ਉਸ ਵਿਚ ਸਦਾ ਕੁਝ ਸਾਂਝਾ ਹੁੰਦਾ ਹੈ: ਬੇਰੰਣਕ, ਉਦਾਸ ਅਖਾਂ ਜਿਹੜੀਆਂ ਗ਼ੈਰ-ਬਚਗਾਨਾ ਚਿੰਤਾ, ਬੇਪਰਵਾਹੀ, ਨਿਢਾਲਤਾ ਅਤੇ ਇਕਲਾਪੇ ਵਿਚ ਲੜਖੜਾ ਰਹੀਆਂ ਹਨ। ਨਾਖੁਸ਼ੀ ਵਿਚੋਂ ਲੰਘ ਰਿਹਾ ਬਚਾ ਆਪਣੇ ਸਾਥੀਆਂ ਦੀਆਂ ਖੇਡਾਂ ਜਾਂ ਜੀਅ-ਪਰਚਾਵਾ ਨਹੀਂ ਵੇਖਦਾ; ਕੋਈ ਗਲ ਉਹਦੇ ਮਨ ਨੂੰ ਉਦਾਸ ਵਿਚਾਰਾਂ ਤੋਂ ਪਰ੍ਹਾਂ ਨਹੀਂ ਲਿਜਾ ਸਕਦੀ। ਸਭ ਤੋਂ ਸੁਖਮ ਸਹਾਇਤਾ, ਕਰਨ ਵਾਲੀ ਸਰਵਉਤਮ ਗਲ ਬਸ ਉਹਦੇ ਧੁਰ-ਅੰਦਰਲੀ ਹੋਂਦ ਦੀਆਂ ਡੂੰਘਾਈਆਂ ਨੂੰ ਛੂਹੇ ਬਿਨਾਂ ਉਹਦੇ ਗ਼ਮ ਵਿਚ ਭਿਆਲ ਬਣਨਾ ਹੈ। ਭਦਾ ਦਖ਼ਲ ਕੁੜਿਤਣ ਪੈਦਾ ਕਰੇਗਾ ਅਤੇ ਦਿਲ ਨਾ ਦਾਉਣ, ਆਪਣੇ ਉਤੇ ਕਾਬੂ ਪਾਉਣ, ਜਿਵੇਂ ਉਹਦੇ ਪਿਛੇ ਕੋਈ ਸਚੀ ਮਨੁਖੀ ਭਾਵਨਾ ਨਾ ਹੋਵੇ, ਦੀਆਂ ਨਸੀਹਤਾਂ ਨੂੰ ਬਚੇ ਬੇਜੋੜ ਸਮਝਦੇ ਹਨ।...

ਬਚਿਆਂ ਨੂੰ ਅਨੁਭਵ ਕਰਨਾ ਸਿਖਾਉਣ ਦੇ ਅਰਥ ਹਨ ਸਭ ਤੋਂ ਪਹਿਲਾਂ ਉਹਨਾਂ ਨੂੰ ਖ਼ੁਦ ਆਪਣੀਆਂ ਭਾਵੁਕ-ਸਦਾਚਾਰਕ ਪਧਰਾਂ ਦੇਣਾ। ਬੰਦੇ ਦੀ ਆਤਮਕ ਪ੍ਰਸਥਿਤੀ ਸਮਝੇ ਬਿਨਾਂ ਭਾਵੁਕ ਪਧਰਾਂ ਅਸੰਭਵ ਹਨ। ਅਤੇ ਅਜਿਹੀ ਸੂਝ ਬਚੇ ਨੂੰ ਤਾਂ ਆਉਂਦੀ ਹੈ ਜਦੋਂ ਉਹ ਬੜੇ ਸੋਖੀ ਢੰਗ ਨਾਲ ਆਪਣੇ ਆਪ ਨੂੰ ਉਸ ਬੰਦੇ ਦੀ ਥਾਂ ਰਖਦਾ ਹੈ ਜਿਹੜਾ ਗ਼ਮ ਜਾਂ ਚਿੰਤਾ ਦਾ ਸ਼ਿਕਾਰ ਹੈ।

ਜਦੋਂ ਸਾਸ਼ਾ ਦੀ ਦਾਦੀ ਬਿਮਾਰ ਹੋਈ ਤਾਂ ਉਹ ਉਦਾਸ ਅਤੇ ਚਿੰਤਾਤੁਰ ਸੀ ਅਤੇ ਇਹਦੇ ਨਾਲ ਹੀ ਨਾਲ ਸ਼ਕੀ ਵੀ: ਜੇ ਤੁਸੀਂ ਉਹਨੂੰ ਕੁਝ ਕਹਿੰਦੇ ਤਾਂ ਉਹ ਤ੍ਰਭਕ ਪੈਂਦਾ ਕਿਵੇਂ ਕਿਸੇ ਨੇ ਉਹਦੀ ਦੁਖਦੀ ਰਗ ਛੂਹ ਦਿਤੀ ਹੋਵੇ। ਇਕ ਦਿਨ ਮੈਂ ਵੇਖਿਆ ਉਹਦੀਆਂ ਵਡੀਆਂ ਕਾਲੀਆਂ ਅਖਾਂ ਵਿਚ ਹੰਝੂ ਭਰ ਆਏ। ਬਚਿਆਂ ਮੈਨੂੰ ਕਿਹਾ: "ਸਾਸ਼ਾ ਰੋ ਰਿਹਾ ਹੈ।" ਇਹ ਆਸ ਕਰਨਾ ਕਿ ਬਚਾ ਆਪਣੇ

ਸਾਥੀਆਂ ਜਾਂ ਕਿਸੇ ਬਾਲਗ਼ ਲਈ ਕੇਵਲ ਇਸ ਕਰਕੇ ਹਮਦਰਦੀ ਨਾਲ ਭਰਿਆ ਹੋਇਆ ਹੈ ਕਿ ਉਹ ਬਚਾ ਹੈ, ਸਿਧੜ ਗਲ ਹੋਵੇਗਾ। ਜਿਵੇਂ ਬਚਿਆਂ ਨੂੰ ਪਹਿਲੇ ਕਦਮ ਪੁਟਣੇ ਸਿਖਾਏ ਜਾਂਦੇ ਹਨ ਉਸੇ ਤਰ੍ਹਾਂ ਕਿਸੇ ਦਾ ਦੁਖ ਆਪਣਾ ਬਣਾ ਕੇ ਸਮਝਣਾ ਵੀ ਸਿਖਾਉਣਾ ਪੈਂਦਾ ਹੈ। ਕਿਸੇ ਦਾ ਦੁਖ ਆਪਣਾ ਕਰਕੇ ਮੰਨਣਾ ਬੋਧ ਦੇ ਸਭ ਤੋਂ ਸੂਖਮ ਖੇਤਰਾਂ ਵਿਚੋਂ ਇਕ ਹੈ—ਬੰਦੇ ਦੇ ਦਿਲ ਅਤੇ ਮਨ ਨਾਲ ਬਧਾ। ਅਨੁਭਵੀ ਅਧਿਆਪਕ ਦੇ ਅਸਲ੍ਹਾਖ਼ਾਨੇ ਵਿਚ ਦੂਜਿਆਂ ਦਾ ਦੁਖ ਆਪਣੇ ਕਰਕੇ ਸਮਝਣਾ ਸਿਖਾਉਣ ਲਈ ਬਲਵਾਨ ਸਾਧਨ ਹੋਣਾ ਚਾਹੀਦਾ ਹੈ—ਭਾਸ਼ਾ।

ਮੈਂ ਉਹ ਘੜੀ ਚੁਣੀ ਜਦੋਂ ਸਾਸ਼ਾ ਕਮਰੇ ਵਿਚ ਨਹੀਂ ਸੀ ਅਤੇ ਬਚਿਆਂ ਨੂੰ ਕਿਹਾ: "ਜੇ ਕਿਸੇ ਬੰਦੇ ਨੂੰ ਕੋਈ ਗ਼ਮ ਹੋਵੇ ਤਾਂ ਤੁਸੀਂ ਹੈਰਾਨੀ ਪ੍ਰਗਟ ਨਾ ਕਰੋ। ਅਤੇ ਇਸ ਸਮੇਂ ਸਾਸ਼ਾ ਨੂੰ ਬਹੁਤ ਵਡਾ ਗ਼ਮ ਲਗਾ ਹੈ। ਉਹਦਾ ਇਕੋ ਇਕ ਨੇੜੇ ਦਾ ਰਿਸ਼ਤੇਦਾਰ ਉਹਦੀ ਦਾਦੀ ਹੈ। ਉਹਨੂੰ ਆਪਣੀ ਮਾਂ ਦਾ ਚੇਤਾ ਨਹੀਂ। ਅਤੇ ਉਹਦੀ ਦਾਦੀ ਬਿਮਾਰ ਹੋ ਗਈ ਹੈ। ਹੋ ਸਕਦਾ ਹੈ ਉਹ ਉਹਨੂੰ ਹਸਪਤਾਲ ਲੈ ਜਾਣ ਫਿਰ ਉਹਦੇ ਕੋਲ ਕੀ ਬਾਕੀ ਰਹਿ ਜਾਵੇਗਾ? ਉਹਦੀ ਥਾਂ ਆਪਣੇ ਆਪ ਨੂੰ ਰਖੋ ਅਤੇ ਤੁਸੀਂ ਵੇਖੋਗੇ ਕਿ ਉਹ ਕਿੰਨਾ ਦੁਖੀ ਹੈ। ਤੁਹਾਨੂੰ ਉਹ ਬੁਢਾ ਚੇਤੇ ਹੈ ਜਿਸਨੂੰ ਅਸੀਂ ਸੜਕ ਦੇ ਕੰਢੇ ਮਿਲੇ ਸਾਂ? ਕੀ ਤੁਹਾਨੂੰ ਚੇਤੇ ਹੈ ਉਹਦੀਆਂ ਅਖਾਂ ਕਿੰਨੀਆਂ ਦੁਖੀ ਸਨ? ਤੁਸਾਂ ਅਨੁਭਵ ਕੀਤਾ ਕਿ ਬੁਢਾ ਦੁਖੀ ਹੈ। ਤੁਸੀਂ ਆਪਣੀ ਮਿਤਰ ਦੀਆਂ ਅਖਾਂ ਵਿਚ ਦੁਖ ਕਿਉਂ ਨਹੀਂ ਵੇਖਦੇ? ਤੁਸਾਂ ਵੇਖਿਆ ਹੈ ਕਿ ਹੁਣ ਕੁਝ ਦਿਨਾਂ ਤੋਂ ਸਾਸ਼ਾ ਚੁਪ ਅਤੇ ਸੋਚਵਾਨ ਰਿਹਾ ਹੈ। ਉਹ ਸ਼੍ਰੇਣੀ ਦੇ ਕਮਰੇ ਵਿਚ ਬੈਠਾ ਹੁੰਦਾ ਹੈ ਪਰ ਉਹਦੇ ਵਿਚਾਰ ਆਪਣੀ ਦਾਦੀ ਦੇ ਮੰਜੇ ਕੋਲ ਹੁੰਦੇ ਹਨ। ਜੇ ਉਹ ਕੁਝ ਦਿਨ ਘਰ ਹੀ ਰਹੇ ਤਾਂ ਇਸ ਗਲ ਉਤੇ ਹੈਰਾਨ ਨਾ ਹੋਣਾ ਕਿ ਉਹ ਸਕੂਲੇ ਨਹੀਂ ਆਇਆ। ਬੰਦੇ ਲਈ ਆਪਣੇ ਗ਼ਮ ਦੀ ਗਲ ਕਰਨਾ ਔਖਾ ਹੁੰਦਾ ਹੈ। ਅਤੇ ਆਮ ਤੌਰ ਉਤੇ ਜੇ ਤੁਸੀਂ ਵੇਖੋ ਕਿ ਕੋਈ ਬੰਦਾ ਉਦਾਸ ਜਾਂ ਦੁਖੀ ਹੈ, ਘੋਖਵੇਂ ਪ੍ਰਸ਼ਨ ਨਾ ਪੁਛੋ। ਉਹਦੀ ਸਹਾਇਤਾ ਕਰਨ ਲਈ ਕੁਝ ਕਰੋ। ਕਿਸੇ ਬੰਦੇ ਦੇ ਫਟਾਂ ਉਤੇ ਲੂਣ ਨਾ ਛਿੜਕੋ। ਜੇ ਤੁਹਾਨੂੰ ਪਤਾ ਹੋਵੇ ਕਿ ਤੁਹਾਡੀ ਸ਼੍ਰੇਣੀ ਦੇ ਕਿਸੇ ਬਚੇ ਉਤੇ ਕੋਈ ਬਦਕਿਸਮਤੀ ਆ ਪਈ ਹੈ ਤਾਂ ਅਜਿਹੇ ਢੰਗ ਨਾਲ ਵਿਚਰੋ ਕਿ ਤੁਹਾਡੀ ਕੋਈ ਹਰਕਤ ਜਾਂ ਬੋਲ ਉਹਦੇ ਗ਼ਮ ਵਿਚ ਵਾਧਾ ਨਾ ਕਰੇ। ਇਕ ਗਲ ਹੋਰ—ਇਸ ਸੰਬੰਧੀ ਸੋਚੋ ਕਿ ਤੁਸੀਂ ਸਾਸ਼ਾ ਅਤੇ ਉਹਦੀ ਦਾਦੀ ਦੀ ਸਹਾਇਤਾ ਕਿਵੇਂ ਕਰ ਸਕਦੇ ਹੋ। ਪਰ ਤੁਹਾਡੀ ਸਹਾਇਤਾ ਬੜਬੋਲੀ ਨਹੀਂ ਹੋਣੀ ਚਾਹੀਦੀ: ਤੁਹਾਨੂੰ ਇਹ ਨਹੀਂ ਕਹਿਣਾ ਚਾਹੀਦਾ ਕਿ ਤੁਸੀਂ ਕਿੰਨੇ ਚੰਗੇ ਹੋ ਕਿਉਂਕਿ ਤੁਸੀਂ ਆਪਣੇ ਮਿਤਰ ਦੀ ਸਹਾਇਤਾ ਕਰ ਰਹੇ ਹੋ। ਆਪਣੀ ਚੰਗਿਆਈ ਦੀ ਨੁਮਾਇਸ਼ ਕਰਨਾ ਕਦੀ ਚੰਗੀ ਗਲ ਨਹੀਂ ਹੁੰਦੀ। ਜੇ ਤੁਹਾਡਾ ਦਿਲ ਤੁਹਾਨੂੰ ਇਹ ਨਹੀਂ ਕਹਿੰਦਾ

ਕਿ ਤੁਸੀਂ ਆਪਣੇ ਮਿਤਰ ਦੀ ਸਹਾਇਤਾ ਕਰੋ ਤਾਂ ਚੰਗਿਆਈ ਦਾ ਕੋਈ ਪ੍ਰਗਟਾਅ ਤੁਹਾਨੂੰ ਚੰਗੇ ਲੋਕ ਨਹੀਂ ਬਣਾ ਸਕਦਾ।"

ਸਾਸ਼ਾ ਕਮਰੇ ਵਿਚ ਵਾਪਸ ਆ ਗਿਆ ਅਤੇ ਮੈਂ ਉਸ ਸੰਬੰਧੀ ਹੋਰ ਗਲ ਨਾ ਕੀਤੀ। ਬਚਿਆਂ ਭਾਪ ਲਿਆ ਕਿ ਮੈਂ ਕਿਉਂ ਕਿਸੇ ਹੋਰ ਗਲ ਸੰਬੰਧੀ ਬੋਲਣ ਲਗ ਪਿਆ ਸਾਂ। ਅਧੀ ਛੁਟੀ ਸਮੇਂ ਉਹ ਵਿਚਾਰ ਕਰਨ ਲਗ ਪਏ ਕਿ ਉਹ ਮੁੰਡੇ ਅਤੇ ਉਹਦੀ ਦਾਦੀ ਦੀ ਸਹਾਇਤਾ ਕਿਵੇਂ ਕਰਨ। ਬਚੇ ਉਹਦੇ ਲਈ ਸਿਉ ਅਤੇ ਮਛੀ ਲਿਆਏ। ਅਤੇ ਜਦੋਂ ਉਹਦੀ ਦਾਦੀ ਹਸਪਤਾਲ ਲਿਜਾਈ ਗਈ ਅਤੇ ਸਾਸ਼ਾ ਆਪਣੀ ਮਾਸੀ ਕੋਲ ਰਹਿਣ ਲਗ ਪਿਆ ਤਾਂ ਬਚੇ ਅਕਸਰ ਉਹਨੂੰ ਮਿਲਣ ਜਾਂਦੇ। ਜਦੋਂ ਉਹਨਾਂ ਨੂੰ ਪਤਾ ਲਗਾ ਕਿ ਨਿਕੇ ਮੁੰਡੇ ਨੂੰ ਮੀਂਹ ਵਿਚ ਭਿਜਣ ਕਾਰਨ ਠੰਢ ਲਗ ਗਈ ਹੈ ਅਤੇ ਉਹ ਹਸਪਤਾਲ ਵਿਚ ਆਪਣੀ ਦਾਦੀ ਦੇ ਨਾਲ ਪਿਆ ਹੈ ਤਾਂ ਉਹ ਬਹੁਤ ਦੁਖੀ ਹੋਏ। ਆਪਣੇ ਸਕੂਲ ਤੋਂ ਇਕ ਵਿਹਲੇ ਦਿਨ ਅਸੀਂ ਸਾਰੇ ਹਸਪਤਾਲ ਗਏ। ਬਚੇ ਆਪਣੇ ਮਿਤਰ ਲਈ ਫਲ ਅਤੇ ਪੋਸਟਰੀਆਂ ਲਿਆਏ। ਅਤੇ ਸ਼ੂਰਾ ਇਕ ਚਾਕਲੇਟ ਲਿਆਇਆ ਜਿਹੜਾ ਉਹਦਾ ਪਿਤਾ ਉਹਦੇ ਲਈ ਲਿਆਇਆ ਸੀ। ਅਸੀਂ ਅਧਾ ਦਿਨ ਉਥੇ ਠਹਿਰੇ ਅਤੇ ਸਾਰੇ ਬਚੇ ਵਾਰਡ ਵਿਚ ਸਾਸ਼ਾ ਨੂੰ ਵੇਖਣ ਗਏ।

ਇਸ ਗਲ ਨੇ ਮੈਨੂੰ ਖ਼ੁਸ਼ ਕੀਤਾ ਪਰ ਤੌਖਲਾ ਵੀ ਜਗਾਇਆ। ਇਹ ਸਾਰਾ ਕੁਝ ਸਮੂਹਕ ਮਨੋਵੇਗ ਦਾ ਸਿਟਾ ਸੀ। ਕੁਝ ਬਚੇ ਆਪਣੇ ਮਿਤਰ ਵਲ ਇਸ ਲਈ ਜਾਣਾ ਚਾਹੁੰਦੇ ਸਨ ਕਿ ਉਹਨਾਂ ਦੇ ਚੰਗੇ ਕੰਮ ਵਲ ਧਿਆਨ ਦਿਤਾ ਜਾਵੇ। ਵੋਲੋਦੀਆ ਨੇ ਕਿਹਾ ਕਿ ਉਹ ਸਾਸ਼ਾ ਲਈ ਆਪਣੇ ਨਵੇਂ ਸਕੇਟ ਲੈ ਆਵੇਗਾ ਜਿਹੜੇ ਉਹਦੇ ਪਿਤਾ ਨੇ ਉਹਦੇ ਲਈ ਖ਼ਰੀਦੇ ਸਨ ਅਤੇ ਉਹ ਉਹਨੂੰ ਹਸਪਤਾਲ ਵਿਚ ਦੇ ਦੇਵੇਗਾ।

"ਤੇਰੇ ਪਿਤਾ ਨੇ ਕਿਹਾ ਸੀ ਕਿ ਤੂੰ ਉਹਨੂੰ ਦੇ ਸਕਦੈ?" ਮੈਂ ਪੁਛਿਆ।

"ਹਾਂ", ਉਹਨੇ ਕਿਹਾ।

"ਤਾਂ ਹਸਪਤਾਲ ਨਾਲ ਲਿਆਉਣ ਦੀ ਕੀ ਲੋੜ ਹੈ? ਅਜ ਕਲ ਤਾਂ ਸਾਸ਼ਾ ਉਹਨਾਂ ਨੂੰ ਵਰਤ ਨਹੀਂ ਸਕਦਾ ਜਦੋਂ ਉਹ ਠੀਕ ਹੋ ਗਿਆ ਤਾਂ ਉਹਨੂੰ ਘਰ ਜਾਕੇ ਦੇ ਦੇਵੀਂ।"

ਵੋਲੋਦੀਆ ਨੇ ਸਾਸ਼ਾ ਨੂੰ ਸਕੇਟ ਨਾ ਦਿਤੇ। ਅੰਦਰਲੀ ਪ੍ਰੇਰਨਾ ਬਹੁਤ ਕਮਜ਼ੋਰ ਸੀ।... ਇਸ ਘਟਨਾ ਨੇ ਮੈਨੂੰ ਦਿਆਲਤਾ, ਦਿਲ ਦਾ ਨਿਘ ਅਤੇ ਹਮਦਰਦੀ ਦੀ ਸਿਖਿਆ ਸੰਬੰਧੀ ਸੋਚਣ ਵਲ ਲਾਇਆ। ਇਹ ਬੜੀਆਂ ਸੂਖਮ ਅਤੇ ਪੇਚਦਾਰ ਗਲਾਂ ਹਨ। ਮੈਂ ਨਿਕੇ ਬੰਦੇ ਨੂੰ ਪਹਿਲਾਂ ਤੋਂ ਗਿਣੇ ਮਿਣੇ ਬਦਲੇ ਲਈ ਨਹੀਂ ਸਗੋਂ ਚੰਗਾ ਕੰਮ ਕਰਨ ਦੀ ਲੋੜ ਕਾਰਨ ਚੰਗਾ ਕਰਨ ਵਲ ਕਿਵੇਂ ਲਾ ਸਕਦਾ ਹਾਂ? ਚੰਗਿਆਈ ਲਈ ਇਸ ਮੰਨੋਵੇਗ ਦਾ ਤਤ ਕੀ ਹੈ ਅਤੇ ਇਹ ਕਿਥੋਂ ਆਉਂਦਾ ਹੈ? ਨਿਰਸੰਦੇਹ ਹਮਦਰਦੀ ਸਿਖਾਉਂਦੇ ਹੋਏ ਸਮੂਹਕ ਆਤਮ ਪ੍ਰੇਰਨਾ ਬਹੁਤ ਲਖਾਇਕ

ਹੈ। ਕੁਝ ਵੀ ਹੋਵੇ ਇਹ ਲਾਜ਼ਮੀ ਹੈ ਕਿ ਦੂਜੇ ਦੇ ਦੁਖ ਨੂੰ ਆਪਣਾ ਕਰਕੇ ਜਾਣਨਾ ਹਰ ਬਚੇ ਦੇ ਆਤਮਕ ਜੀਵਨ ਦੇ ਨਿਜੀ ਖੇਤਰ ਵਿਚ ਦਾਖ਼ਲ ਹੋ ਜਾਵੇ।

ਮੈਂ ਇਸ ਗਲ ਦਾ ਜਤਨ ਕੀਤਾ ਕਿ ਮੇਰੇ ਸਾਰੇ ਵਿਦਿਆਰਥੀ ਚੰਗੇ ਕੰਮ ਕਰਨ, ਆਪਣੇ ਸਾਥੀਆਂ, ਹੋਰ ਲੋੜਵੰਦ ਲੋਕਾਂ ਦੀ ਸਹਾਇਤਾ ਕਰਨ, ਅਜਿਹਾ ਅੰਦਰਲੀ ਲੋੜ ਅਤੇ ਸੰਤੋਖ ਦੀ ਡੂੰਘੀ ਭਾਵਨਾ ਦੇ ਅਨੁਭਵ ਕਾਰਨ ਕਰਨ। ਸ਼ਾਇਦ ਇਹ ਸਦਾਚਾਰਕ ਵਿਦਿਆ ਵਿਚ ਸਭ ਤੋਂ ਔਖੀ ਗਲ ਹੈ: ਬੰਦੇ ਨੂੰ ਚੰਗਾ ਕੰਮ ਕਰਨਾ ਸਿਖਾਉਣਾ ਅਤੇ ਅਜਿਹਾ ਇਸ ਢੰਗ ਨਾਲ ਕਰਨ ਦੀ ਖਰੀ ਸਲਾਹ ਦੇਣੋਂ ਸੰਕੋਚ ਕਰਨਾ। ਇਹ ਗਲ ਅਮਲ ਵਿਚ ਕਿਵੇਂ ਲਿਆਈ ਜਾ ਸਕਦੀ ਹੈ? ਜਾਪਦਾ ਹੈ ਮੁਖ ਗਲ ਬਚੇ ਦੀ ਅੰਦਰਲੀ ਸ਼ਕਤੀ ਨੂੰ ਵਿਕਸਤ ਕਰਨਾ ਹੈ, ਤਾਂ ਜੁ ਇਸ ਸਦਕਾ ਬੰਦਾ ਚੰਗਾ ਕੰਮ ਕੀਤੇ ਬਿਨਾਂ ਰਹਿ ਹੀ ਨਹੀਂ ਸਕਦਾ, ਅਰਥਾਤ ਉਹਨੂੰ ਦੂਜੇ ਦਾ ਗ਼ਮ ਆਪਣਾ ਬਣਾਉਣਾ ਸਿਖਾਉਣਾ। ਪਰ ਅਜਿਹਾ ਕਿਵੇਂ ਕੀਤਾ ਜਾਂਦਾ ਹੈ? ਅਜਿਹੇ ਨੁਕਤੇ ਉਤੇ ਕਿਵੇਂ ਅਪੜਿਆ ਜਾ ਸਕਦਾ ਹੈ ਕਿ ਉਹਦਾ ਗ਼ਮ ਵੇਖ ਕੇ ਬਚੇ ਆਪਣੇ ਆਪ ਨੂੰ ਉਹਦੀ ਥਾਂ ਰਖ ਦੇਂਦੇ ਹਨ ਤਾਂ ਜੁ ਨਿਕੇ ਬਚੇ ਦੀ ਸ਼ਖ਼ਸੀਅਤ ਉਸ ਬੰਦੇ ਦੀ ਸ਼ਖ਼ਸੀਅਤ ਨਾਲ ਇਕ-ਮਿਕ ਹੋ ਜਾਂਦੀ ਹੈ ਜਿਹੜਾ ਗ਼ਮ ਭੋਗ ਰਿਹਾ ਹੈ।

ਆਤਮਕ ਜੀਵਨ ਅਤੇ ਬਚਿਆਂ ਦੇ ਅੰਤਰ-ਸੰਬੰਧਾਂ ਦੇ ਸਭ ਤੋਂ ਔਖੇ ਅਤੇ ਪੇਚਦਾਰ ਖੇਤਰਾਂ ਨੂੰ ਅਰਪਤ ਸਾਡੀਆਂ ਅਧਿਆਪਕਾਂ ਦੀ ਇਕਤ੍ਰਤਾਵਾਂ ਹੌਲੀ ਹੌਲੀ ਮਨੋ-ਵਿਗਿਆਨਕ ਗੋਸ਼ਟੀ ਵਿਚ ਤਬਦੀਲ ਹੋ ਗਈਆਂ। ਨਾ ਕੇਵਲ ਮੁਢਲੀਆਂ ਸ਼੍ਰੇਣੀਆਂ ਦੇ ਅਧਿਆਪਕਾਂ ਨੇ ਹੀ ਸਗੋਂ ਮਿਡਲ ਅਤੇ ਉਚੀਆਂ ਸ਼੍ਰੇਣੀਆਂ ਦੇ ਅਧਿਆਪਕਾਂ ਨੇ ਵੀ ਹਿਸਾ ਲਿਆ। ਸਾਡੀ ਚਿੰਤਾ ਦਾ ਵਿਸ਼ਾ **ਬੰਦਾ** ਸੀ — ਬਚਾ, ਗਭਰੇਟ, ਜੁਆਨ। ਅਸਾਂ ਮਨੋ-ਵਿਗਿਆਨਕ ਗੋਸ਼ਟੀ ਵਿਚ ਰਪੋਰਟਾਂ ਪੜ੍ਹੀਆਂ ਅਤੇ ਨਿਸ਼ਚਿਤ ਬਚਿਆਂ ਦੇ ਅੰਦਰਲੇ ਸੰਸਾਰ ਸੰਬੰਧੀ, ਉਹਨਾਂ ਦੇ ਬੋਧਕ, ਸਦਾਚਾਰਕ, ਭਾਵੁਕ, ਸਰੀਰਕ ਅਤੇ ਸੁਹਜ-ਸੁਆਦੀ ਵਿਕਾਸ ਦੇ ਸੋਮਿਆਂ ਸੰਬੰਧੀ, ਇਸ ਸੰਬੰਧੀ ਸੂਚਨਾ ਦਿਤੀ ਕਿ ਉਹਨਾਂ ਸਕੂਲ ਤੋਂ ਪਹਿਲਾਂ ਦੇ ਵਰ੍ਹੇ ਕਿਹੋ ਜਿਹੇ ਵਾਯੂ-ਮੰਡਲ ਵਿਚ ਬਿਤਾਏ ਅਤੇ ਇਹਦਾ ਉਹਨਾਂ ਦੇ ਤਰਕ, ਸੋਚਣ, ਭਾਵਨਾਵਾਂ, ਇਛਾ, ਆਚਰਣ ਅਤੇ ਨਿਜੀ ਨਿਸ਼ਚਿਆਂ ਉਤੇ ਕੀ ਪ੍ਰਭਾਵ ਪੈਂਦਾ ਹੈ। ਮੁਢਲੇ ਸਕੂਲ ਦੇ ਅਧਿਆਪਕਾਂ ਦੀਆਂ ਰਪੋਰਟਾਂ ਨੇ ਮਿਡਲ ਅਤੇ ਉਪਰਲੀਆਂ ਸ਼੍ਰੇਣੀਆਂ ਦੇ ਅਧਿਆਪਕਾਂ ਨੂੰ ਤਿਆਰ ਕੀਤਾ, ਉਹਨਾਂ ਨੂੰ ਗਭਰੇਟਾਂ ਅਤੇ ਗਭਰੂਆਂ ਅਤੇ ਮੁਟਿਆਰਾਂ ਉਤੇ ਪ੍ਰਭਾਵ ਪਾਉਣ ਯੋਗ ਬਣਾਇਆ। ਹਰ ਗਲ ਇਸ ਸਮੂਹਕ ਨਿਸ਼ਚੇ ਨੂੰ ਮਜ਼ਬੂਤ ਕੀਤਾ ਕਿ ਜਿਹੜੇ ਬੰਦੇ ਨੂੰ ਅਸੀਂ ਵਿਦਿਆ ਦੇ ਰਹੇ ਹਾਂ, ਉਹਦੇ ਸਾਰੇ ਅਧਿਆਪਕਾਂ ਦੇ ਪ੍ਰਭਾਵ ਦੇ ਖੇਤਰ ਵਿਚ ਹੋਣ ਲਈ ਇਹ ਲਾਜ਼ਮੀ ਹੈ ਕਿ ਹਰ ਅਧਿਆਪਕ ਨੂੰ ਹਰ ਵਿਕੋਲਤਰੇ ਵਿਦਿਆਰਥੀ ਦਾ ਡੂੰਘਾ ਮੁਕੰਮਲ ਗਿਆਨ ਹੋਵੇ।

ਅਸਾਂ ਵੇਖਿਆ ਕਿ ਕੁਝ ਬਚਿਆਂ ਦੇ ਅੰਦਰਲੇ ਸੰਸਾਰ ਦੇ ਅਤਿ-ਅੰਤ ਪੇਚਦਾਰ

ਖੇਤਰਾਂ ਨੂੰ ਸਮਝਣ ਲਈ ਦੋ ਜਾਂ ਤਿੰਨ ਘੰਟੇ ਕਾਫ਼ੀ ਨਹੀਂ ਸਨ। ਇਉਂ ਕੋਲੀਆ ਦੀ ਸ਼ਖ਼ਸੀਅਤ ਸੰਬੰਧੀ ਮੇਰੀ ਰਪੋਰਟ ਪਿਛੋਂ ਕੁਝ ਹੋਰ ਅਧਿਆਪਕਾਂ ਨੇ ਮੇਰੇ ਲਛਣੀਕਰਨ ਵਿਚ ਕੁਝ ਵਾਧੇ ਕੀਤੇ: ਬਚਾ ਸਕੂਲ ਵਿਚ ਜੋ ਕੁਝ ਵੇਖਦਾ ਹੈ ਉਹ ਉਹਨੂੰ ਆਪਣੇ ਭਾਵੁਕ ਸੰਸਾਰ ਵਿਚ ਕਿਵੇਂ ਸਮਝਦਾ, ਦੂਜੇ ਸ਼ਬਦਾਂ ਵਿਚ, ਉਹ ਲੋਕਾਂ ਵਿਚਕਾਰ ਸੰਬੰਧਾਂ ਨੂੰ ਅਤੇ ਹੋਰ ਲੋਕਾਂ ਨਾਲ ਆਪਣੇ ਸੰਬੰਧਾਂ ਨੂੰ ਕਿਵੇਂ ਸਮਝਦਾ ਹੈ। ਅਸੀਂ ਚੰਗੇ ਕੰਮ ਕਰਨ ਦੀ ਅੰਦਰਲੀ ਪ੍ਰੇਰਨਾ ਸੰਬੰਧੀ ਅਤੇ ਇਸ ਸੰਬੰਧੀ ਕਿ ਬਚਾ ਆਪਣੇ ਆਪ ਨੂੰ ਦੂਜਿਆਂ ਲਈ ਚੰਗਾ ਕਰਨ ਵਲ ਕਿਵੇਂ ਲਾਉਂਦਾ ਹੈ ਇਕ ਬੜੇ ਰੋਚਕ ਅਤੇ, ਕਈ ਅਧਿਆਪਕਾਂ ਦੀ ਰਾਏ ਵਿਚ, ਨਵੇਂ ਸਿਟੇ ਉਤੇ ਅਪੜੇ।

ਜਿੰਨਾ ਵਧੇਰੇ ਬਚੇ ਗ਼ਮ ਦੇ ਸ਼ਿਕਾਰ ਆਪਣੇ ਮਿਤਰਾਂ ਲਈ ਹਮਦਰਦੀ ਵਿਖਾਉਂਦੇ, ਉਨਾਂ ਵਧੇਰੇ ਉਹਨਾਂ ਦੇ ਦਿਲ ਭਾਵੁਕ ਬਣ ਜਾਂਦੇ। ਫ਼ਰਵਰੀ ਦੇ ਇਕ ਠੰਢੇ ਦਿਨ, ਜਦੋਂ ਬਚੇ ਤੀਜੀ ਸ਼੍ਰੇਣੀ ਵਿਚ ਸਨ, ਮੀਸ਼ਾ, ਕੋਲੀਆ ਅਤੇ ਲਾਰੀਸਾ ਨਠਦੇ ਹੋਏ ਮੇਰੇ ਘਰ ਆਏ। ਉਹ ਕਿਸੇ ਗਲ ਸੰਬੰਧੀ ਪ੍ਰੇਸ਼ਾਨ ਸਨ।

"ਵਾਨੀਆ ਦਾ ਭਰਾ ਲੇਓਨੀਆ ਮਰ ਗਿਐ," ਕਾਤੀਆ ਨੇ ਕਿਹਾ। "ਉਹਨਾਂ ਉਹਦੇ ਪਿਤਾ ਨੂੰ ਤਾਰ ਭੇਜੀ ਏ ਅਤੇ ਉਹ ਕਜ਼ਾਖ਼ਸਤਾਨ* ਜਾ ਰਿਹੈ। ਅਸੀਂ ਕੀ ਕਰੀਏ?"

ਬਚਿਆਂ ਦੀਆਂ ਅਖਾਂ ਬੇਨਤੀ ਕਰ ਰਹੀਆਂ ਸਨ: ਸਾਨੂੰ ਸਾਡੇ ਮਿਤਰ ਦੀ ਸਹਾਇਤਾ ਕਰਨਾ ਸਿਖਾਓ!

ਉਸੇ ਦਿਨ ਸਾਨੂੰ ਪਤਾ ਲਗਾ ਕਿ ਤਰਾਸਦੀ ਕਿਵੇਂ ਵਾਪਰੀ। ਲੇਓਨੀਆ, ਜਿਹੜਾ ਅਠਾਰਾਂ ਵਰ੍ਹਿਆਂ ਦਾ ਟਰੈਕਟਰ ਡਰਾਈਵਰ ਸੀ, ਤੂੜੀ ਲੈਕੇ ਪਸ਼ੂ-ਪਾਲਣ ਵਾਲੇ ਫ਼ਾਰਮ ਵਲ ਜਾ ਰਿਹਾ ਸੀ। ਰਾਹ ਵਿਚ ਉਹ ਬਰਫ਼ਾਨੀ ਝਖੜ ਵਿਚ ਫਸ ਗਿਆ। ਉਹ ਟਰੈਕਟਰ ਉਥੇ ਹੀ ਛਡ ਕੇ ਪਿੰਡ ਜਾ ਸਕਦਾ ਸੀ, ਜਿਹੜਾ ਸੜਕ ਤੋਂ ਬਹੁਤਾ ਦੂਰ ਨਹੀਂ ਸੀ, ਪਰ ਇਹ ਸੋਚ ਕੇ ਕਿ ਝਖੜ ਛੇਤੀ ਹੀ ਖ਼ਤਮ ਹੋ ਜਾਵੇਗਾ ਅਤੇ ਉਹ ਤੂੜੀ ਸਮੇਂ ਸਿਰ ਫਾਰਮ ਤਕ ਪੁਚਾ ਦੇਵੇਗਾ, ਉਹ ਨਾ ਗਿਆ। ਪਰ ਝਖੜ ਹੋਰ ਤੇਜ਼ ਹੋ ਗਿਆ। ਲੇਓਨੀਆ ਟਰੈਕਟਰ ਦੇ ਡਬੇ ਵਿਚ ਯਖ਼ ਹੋਕੇ ਮਰ ਗਿਆ। ਕਈ ਦਿਨ ਵਾਨੀਆ ਸਕੂਲ ਵਿਚ ਨਹੀਂ ਆਇਆ ਬਚੇ ਉਦਾਸ ਸਨ: ਉਹਨਾਂ ਦਾ ਚਹਿਕਣਾ ਬੰਦ ਹੋ ਗਿਆ। ਹਰ ਇਕ ਸੋਚ ਰਿਹਾ ਸੀ ਉਹ ਆਪਣੇ ਮਿਤਰ ਦੀ ਸਹਾਇਤਾ ਕਿਵੇਂ ਕਰਨਾ? ਕਿਸੇ ਨੇ ਤਜਵੀਜ਼ ਪੇਸ਼ ਕੀਤੀ ਕਿ ਉਹਦੇ ਘਰ ਜਾਇਆ ਜਾਵੇ। ਮੈਂ ਇਹਦੇ ਵਿਰੁਧ ਸਲਾਹ ਦਿਤੀ, "ਮੁੰਡਾ ਅਤੇ ਉਹਦੀ ਮਾਂ

---

* **ਕਜ਼ਾਖ਼ਸਤਾਨ** — ਕਜ਼ਾਖ਼ ਸੋਵੀਅਤ ਸੋਸ਼ਲਿਸਟ ਗਣ-ਰਾਜ, ਦਖ਼ਣ ਵਿਚ ਇਕ ਸੰਘ ਗਣ-ਰਾਜ। — **ਸੰਪਾ:**

ਅਤੇ ਪਿਉ ਅਤੇ ਭਰਾ ਅਤੇ ਭੈਣਾਂ ਵਡੇ ਗ਼ਮ ਦਾ ਸ਼ਿਕਾਰ ਹਨ। ਜੇ ਅਸੀਂ ਉਹਨਾਂ ਦੇ ਘਰ ਗਏ ਤਾਂ ਉਹਦੀ ਮਾਂ ਚੇਤੇ ਕਰੇਗੀ ਕਿ ਕਿਵੇਂ ਲੇਓਨੀਆ ਸਕੂਲੇ ਪੜ੍ਹਦਾ ਸੀ ਅਤੇ ਉਹਨੂੰ ਵਧੇਰੇ ਗ਼ਮ ਹੋਵੇਗਾ। ਅਸੀਂ ਕੁਝ ਸਮਾਂ ਪਾਕੇ, ਜਦੋਂ ਉਹਦੀ ਮਾਂ ਦੀ ਹਾਲਤ ਸੁਧਰ ਜਾਵੇਗੀ ਵਾਨੀਆ ਨੂੰ ਮਿਲਣ ਜਾਵਾਂਗੇ। ਅਤੇ ਜਦੋਂ ਉਹ ਸਕੂਲੇ ਮੁੜ ਆਵੇ ਤਾਂ ਇਹ ਨਾ ਪੁਛਣਾ ਕਿ ਉਹਦਾ ਭਰਾ ਕਿਵੇਂ ਮਰਿਆ। ਉਹਦੇ ਲਈ ਇਸ ਸੰਬੰਧੀ ਸੋਚਣਾ ਅਤੇ ਗਲ ਕਰਨੀ ਔਖੀ ਹੋਵੇਗਾ। ਵਾਨੀਆ ਵਲ ਧਿਆਨ ਦੇਣਾ ਅਤੇ ਉਹਦੇ ਕੰਮ ਆਉਣਾ ਅਤੇ ਉਹਨੂੰ ਹੋਰ ਦੁਖ ਪੁਚਾਉਣ ਲਈ ਕੁਝ ਨਾ ਕਰਨਾ।''

ਜਦੋਂ ਵਾਨੀਆ ਦਾ ਪਿਤਾ ਕਜ਼ਾਖ਼ਸਤਾਨ ਤੋਂ ਮੁੜਿਆ ਤਾਂ ਉਹਨੇ ਮੈਨੂੰ ਦਸਿਆ ਕਿ ਨਵ-ਤੋੜ ਭੋ ਦੇ ਪਿੰਡ ਵਿਚ ਇਕ ਸੜਕ ਦਾ ਨਾਂ ਉਹਦੇ ਸਭ ਤੋਂ ਵਡੇ ਪੁਤਰ ਦੇ ਨਾਂ ਉਤੇ ਰਖਿਆ ਗਿਆ ਹੈ। ਪਿਉ ਨੇ ਮੈਨੂੰ ਇਹ ਦਸਿਆ ਅਤੇ ਮੈਂ ਇਹ ਗਲ ਬਚਿਆਂ ਅਗੇ ਦੁਹਰਾਈ। ਉਸ ਸਮੇਂ ਸਾਡੀ ਸ਼੍ਰੇਣੀ ਨਨ੍ਹੇ ਪਾਉਨੀਅਰਾਂ ਵਿਚ ਸ਼ਾਮਲ ਹੋਣ ਦੀ ਤਿਆਰੀ ਕਰ ਰਹੀ ਸੀ। ਬਚਿਆਂ ਨੇ ਇਸ ਸੰਬੰਧੀ ਸੋਚਿਆ ਕਿ ਉਹ ਆਪਣੇ ਦਸਤੇ ਅਤੇ ਉਹਦੀਆਂ ਤਿੰਨ ਟੁਕੜੀਆਂ ਨੂੰ ਕਿਸਦਾ ਨਾਂ ਦੇਣ। ਅਤੇ ਉਹਨਾਂ ਆਪ ਉਹ ਗਲ ਸੋਚੀ ਜਿਸਦੀ ਮੈਨੂੰ ਆਸ ਸੀ: ਕਿ ਜਿਸ ਟੁਕੜੀ ਵਿਚ ਵਾਨੀਆ ਹੋਵੇ, ਉਹਦਾ ਨਾਂ ਉਹਦੇ ਭਰਾ ਲਿਓਨਿਦ ਦੇ ਨਾਂ ਉਤੇ ਰਖਿਆ ਜਾਵੇ, ਜਿਹੜਾ ਆਪਣੀ ਡਿਊਟੀ ਦੇਂਦਾ ਮਰਿਆ ਸੀ। ਨਿਕਾ ਮੁੰਡਾ ਇਹ ਖ਼ਬਰ ਆਪਣੀ ਮਾਂ ਤਕ ਲੈ ਗਿਆ। ਮੈਂ ਬਚਿਆਂ ਨੂੰ ਕਿਹਾ ਕਿ ਉਹ ਇਕ ਐਲਬਮ ਤਿਆਰ ਕਰਨ ਜਿਸ ਵਿਚ ਸਾਡੇ ਵਿਚੋਂ ਹਰ ਇਕ ਸਕੂਲ ਸੰਬੰਧੀ ਕੁਝ ਨਾ ਕੁਝ ਵਾਹੇਗਾ। ਨਿਸ਼ਚੇ ਹੀ ਹਰ ਬਚਾ ਲਿਓਨਿਦ ਅਤੇ ਉਹਦੇ ਸਕੂਲੀ ਵਰ੍ਹਿਆਂ ਨਾਲ ਸੰਬੰਧਤ ਕੁਝ ਵਾਹੁਣਾ ਚਾਹੁੰਦਾ ਸੀ। ਵਡੇਰੇ ਬਚਿਆਂ ਨੇ ਸਾਨੂੰ ਸਿਉ ਦਾ ਉਹ ਰੁਖ ਵਿਖਾਇਆ ਜਿਹੜਾ ਉਹਨੇ ਉਦੋਂ ਲਾਇਆ ਸੀ ਜਦੋਂ ਉਹ ਤੀਜੀ ਸ਼੍ਰੇਣੀ ਵਿਚ ਪੜ੍ਹਦਾ ਸੀ। ਭੌਤਕ-ਵਿਗਿਆਨ ਦੇ ਕਮਰੇ ਵਿਚ ਅਸਾਂ ਕਰੇਨ ਦਾ ਉਹ ਮਾਡਲ ਵੇਖਿਆ ਜਿਹੜਾ ਲਿਓਨਿਦ ਅਤੇ ਉਹਦੇ ਮਿਤਰਾਂ ਨੇ ਬਣਾਇਆ ਸੀ। ਲਿਓਨਿਦ ਨੂੰ ਪੰਛੀਆਂ ਨਾਲ ਪਿਆਰ ਸੀ ਅਤੇ ਇਸ ਗਲ ਦਾ ਚੇਤਾ ਸਕੂਲ ਵਿਚ ਸਜਰਾ ਸੀ ਕਿ ਲਿਓਨਿਦ ਅਤੇ ਉਹਦੀ ਟੁਕੜੀ ਨੇ ਕਬੂਤਰਾਂ ਲਈ ਲਕੜੀ ਦਾ ਖੁਡਾ ਬਣਾਇਆ ਸੀ। ਬਚਿਆਂ ਨੇ ਇਹ ਸਾਰੀਆਂ ਗਲਾਂ ਐਲਬਮ ਵਿਚ ਲਿਖੀਆਂ। ਮੈਂ ਲਿਓਨਿਦ ਦਾ ਚਿਤਰ ਬਣਾਇਆ। ਅਸੀਂ ਐਲਬਮ ਉਹਦੀ ਮਾਂ ਕੋਲ ਲੈ ਗਏ। ਸੁਗ਼ਾਤ ਉਹਦੇ ਲਈ ਅਮੋਲ ਸੀ: ਉਹ ਖ਼ੁਸ਼ ਸੀ ਕਿ ਸਕੂਲ ਉਹਦੇ ਪੁਤਰ ਦੀ ਯਾਦ ਕਾਇਮ ਰਖ ਰਿਹਾ ਸੀ। ਅਸਾਂ ਜਿਹੜੀ ਟੁਕੜੀ ਦਾ ਨਾਂ ਲਿਓਨਿਦ ਦੇ ਨਾਂ ਉਤੇ ਰਖਿਆ ਉਹਦੇ ਲਈ ਵੀ ਇਹੋ ਜਿਹੀ ਹੀ ਐਲਬਮ ਬਣਾਈ।

ਇਸ ਗਲ ਦੀ ਬਹੁਤ ਮਹਤਤਾ ਹੈ ਕਿ ਦਿਆਲ ਭਾਵਨਾਵਾਂ ਅਤੇ ਚੰਗੇ ਕੰਮ

ਕੇਵਲ ਵਿਖਾਵਾ ਨਾ ਬਣਾ ਦਿਤੇ ਜਾਣ। ਜੋ ਕੁਝ ਕੀਤਾ ਗਿਆ ਹੈ ਉਸ ਸੰਬੰਧੀ ਘਟ ਤੋਂ ਘਟ ਗਲ ਕੀਤੀ ਜਾਣੀ ਚਾਹੀਦੀ ਹੈ, ਚੰਗੇ ਕੰਮਾਂ ਲਈ ਕੋਈ ਸ਼ਲਾਘਾ ਨਹੀਂ ਹੋਣੀ ਚਾਹੀਦੀ। ਵਿਦਿਅਕ ਕੰਮ ਤੋਂ ਇਹ ਮੰਗਾਂ ਕੀਤੀਆਂ ਜਾਂਦੀਆਂ ਹਨ। ਸਭ ਤੋਂ ਖ਼ਤਰਨਾਕ ਗਲ ਇਹ ਹੈ ਕਿ ਆਪਣੇ ਮਨ ਵਿਚ ਬਚਾ ਆਪਣੇ ਅਮਲਾਂ ਨੂੰ ਸੂਰਮਾ ਅਤੇ ਸ਼ਲਾਘਾਯੋਗ ਸਮਝਣ ਲਗ ਪਵੇ। ਵਧੇਰੇ ਵਾਰ ਇਥੇ ਕਸੂਰ ਸਕੂਲ ਦਾ ਹੁੰਦਾ ਹੈ। ਇਕ ਬਚੇ ਨੂੰ ਦਸ ਕੋਪੀਕ ਦਾ ਸਿਕਾ ਲਭਾ, ਜਿਹੜਾ ਕਿਸੇ ਦਾ ਡਿਗ ਪਿਆ ਸੀ ਅਤੇ ਉਹ ਇਹ ਸ੍ਰੇਣੀ ਵਿਚ ਲਿਆਇਆ ਅਤੇ ਸਾਰਿਆਂ ਨੂੰ ਪਤਾ ਲਗ ਗਿਆ ਕਿ ਉਹਨੇ ਅਜਿਹਾ ਕੀਤਾ ਹੈ। ਇਹ ਮੈਨੂੰ ਇਕ ਰੋਚਕ ਘਟਨਾ ਯਾਦ ਦਿਵਾਉਂਦੀ ਹੈ ਜਿਹੜੀ ਗੁਆਂਢਲੇ ਸਕੂਲਾਂ ਵਿਚੋਂ ਇਕ ਵਿਚ ਵਾਪਰੀ। ਇਕ ਕੁੜੀ ਪੰਜ ਕੋਪੀਕ ਲਿਆਈ ਜਿਹੜੇ ਉਹਨੂੰ ਸ੍ਰੇਣੀ ਦੇ ਕਮਰੇ ਵਿਚ ਲਭੇ ਸਨ ਅਤੇ ਅਧਿਆਪਕ ਨੇ ਉਹਦੀ ਬਹੁਤ ਸ਼ਲਾਘਾ ਕੀਤੀ।... ਫਿਰ ਅਗਲੀ ਅਧੀ ਛੁਟੀ ਸਮੇਂ ਤਿੰਨ ਕੁੜੀਆਂ ਅਤੇ ਇਕ ਮੁੰਡਾ ਨਠਦੇ ਹੋਏ ਅਧਿਆਪਕ ਕੋਲ ਆਏ, ਉਹ ਸਾਰੇ ਦਾਹਵਾ ਕਰ ਰਹੇ ਸਨ ਕਿ ਉਹਨਾਂ ਨੂੰ ਪੈਸੇ ਲਭੇ ਹਨ ਜਿਹੜੇ ਉਹਨਾਂ ਦੇ ਸਾਥੀਆਂ ਤੋਂ ਗੁਆਚ ਗਏ ਸਨ। ਇਕ ਕੋਲ ਇਕ ਕੋਪੀਕ ਸੀ ਅਤੇ ਬਾਕੀਆਂ ਕੋਲ ਦੋ ਦੋ ਸਨ। ਉਹ ਸ਼ਲਾਘਾ ਕੀਤੇ ਜਾਣ ਦੀ ਉਡੀਕ ਕਰ ਰਹੇ ਸਨ ਪਰ ਅਧਿਆਪਕ ਨੇ ਅਨੁਭਵ ਕੀਤਾ ਕਿ ਕੁਝ ਗੜ ਬੜ ਹੈ ਅਤੇ ਉਹ ਗ਼ੁਸੇ ਹੋਇਆ।... ਇਉਂ ਬਚੇ "ਨਿਕੇ ਨਿਕੇ ਚੰਗੇ ਕੰਮ" ਕਰਨ ਦਾ ਆਦੀ ਹੋ ਜਾਂਦੇ ਹਨ ਅਤੇ ਜੇ ਉਹਨਾਂ ਦੇ ਚੰਗੇ ਕੰਮਾਂ ਲਈ ਉਹਨਾਂ ਦੀ ਸ਼ਲਾਘਾ ਨਾ ਕੀਤੀ ਜਾਵੇ ਤਾਂ ਇਹਦਾ ਸਿਟਾ ਗ਼ੁਸਾ ਹੁੰਦਾ ਹੈ।

ਦਿਆਲਤਾ ਉਸੇ ਤਰ੍ਹਾਂ ਬੰਦੇ ਲਈ ਸਾਧਾਰਨ ਪ੍ਰਸਥਿਤੀ ਬਣ ਜਾਣੀ ਚਾਹੀਦੀ ਹੈ ਜਿਵੇਂ ਸੋਚਣਾ। ਇਹ ਲਾਜ਼ਮੀ ਹੈ ਕਿ ਇਹ ਆਦਤ ਬਣ ਜਾਵੇ। ਸਾਡੇ ਅਧਿਆਪਕਾਂ ਦੇ ਸਮੂਹ ਨੇ ਇਹ ਨਿਸ਼ਚਿਤ ਬਣਾਉਣ ਦਾ ਜਤਨ ਕੀਤਾ ਕਿ ਦਿਆਲ, ਸੁਹਿਰਦ ਕੰਮ ਬਚਿਆਂ ਦੇ ਦਿਲਾਂ ਵਿਚ ਡੂੰਘੀ ਤਸਲੀ ਦੀ ਭਾਵਨਾ ਛਡ ਜਾਣ। ਅਧਿਆਪਕ ਦੇ ਸ਼ਬਦਾਂ ਅਤੇ ਟੋਲੀ ਦੇ ਰੌਂ ਦੇ ਪ੍ਰਭਾਵ ਅਧੀਨ ਕਿਸੇ ਹੋਰ ਮਨੁਖ ਦੇ ਅੰਦਰਲੇ ਸੰਸਾਰ ਲਈ ਬਚਪਨ ਵਿਚ ਡੂੰਘੀ ਅਨੁਭਵਤਾ ਪੈਦਾ ਹੁੰਦੀ ਹੈ। ਸਾਰੇ ਬਚਿਆਂ ਵਿਚ ਨਿਘੇ ਤਰਸ ਦੇ ਮਨੋਵੇਗ ਅਤੇ ਚੰਗੇ ਕੰਮ ਕਰਨ ਲਈ ਤਤਪਰਤਾ ਪੈਦਾ ਕਰਨਾ ਬਹੁਤ ਮਹਤਵ-ਪੂਰਨ ਹੈ। ਪਰ ਇਹ ਮਨੋਵੇਗ ਬਚੇ ਨੂੰ ਤਾਂ ਹੀ ਉਚਿਆਉਂਦਾ ਹੈ ਜੇ ਇਹ ਵਿਅਕਤੀਗਤ ਸਰਗਰਮੀ ਦਾ ਰੂਪ ਧਾਰੇ।

ਮੇਰੇ ਵਿਦਿਆਰਥੀ ਆਪਣੇ ਪੁਰਾਣੇ ਮਿਤਰ ਦਾਦਾ ਆਂਦਰੇਈ ਨੂੰ ਨਾ ਭੁਲੇ। ਸਿਆਲ ਦੇ ਦਿਨਾਂ ਵਿਚ ਬੁਢਾ ਸਿਆਲ ਦੀ ਮਖਿਆਰੀਆਂ ਪਾਲਣ ਦੀ ਥਾਂ ਦੇ ਨੇੜੇ ਇਕ ਨਿਕੇ ਜਿਹੇ ਮਕਾਨ ਵਿਚ ਰਹਿੰਦਾ। ਬਚੇ ਉਹਨੂੰ ਸਿਉ ਅਤੇ ਚਿਤਰ ਦੇ ਆਉਂਦੇ। ਦਾਦਾ ਹਰ ਦਿਆਲ ਸ਼ਬਦ ਲਈ ਬਹਤ ਰਿਣੀ ਸੀ। ਬਚੇ ਅਨੁਭਵ ਕਰਦੇ ਕਿ ਇਕਲਾਪਾ ਕਰੜੀ ਹੋਣੀ ਹੈ ਅਤੇ ਉਹਦਾ ਭਲਾ ਕਰਨ ਦਾ ਜਤਨ ਕਰਦੇ।

ਮਾਰਚ ਦੇ ਇਕ ਨਿਘੇ ਦਿਨ ਬਚੇ ਕਾਹਲ ਨਾਲ ਦਾਦਾ ਆਂਦਰੇਈ ਵਲ ਗਏ। ਉਹ ਮਖਿਆਰੀਆਂ ਬਾਹਰ ਕਢਣ ਵਿਚ ਉਹਦੀ ਸਹਾਇਤਾ ਕਰਨ ਵਾਲੇ ਸਨ। ਉਹ ਦਿਨ ਹਰ ਇਕ ਲਈ ਜਸ਼ਨੀ ਦਿਨ ਸੀ: ਜਦੋਂ ਬਚਿਆਂ ਨੇ ਵੇਖਿਆ ਕਿਵੇਂ ਬਸੰਤ ਰੁਤ ਦੇ ਸੁਨਹਿਰੀ ਖੰਭਾਂ ਵਾਲੇ ਨਕੀਬ ਉਡਦੇ ਹਨ ਤਾਂ ਉਹ ਬਹੁਤ ਖ਼ੁਸ਼ ਹੋਏ। ਮਖਿਆਰੀਆਂ ਪਾਲਣ ਵਾਲੀ ਥਾਂ ਜਾਂਦੇ ਹੋਏ ਅਸੀਂ ਪਾਣੀ ਪੀਣ ਲਈ ਇਕ ਬੁਢੀ ਦੇ ਘਰ ਗਏ। ਉਹਨੇ ਸਾਨੂੰ ਘਰ ਦੀ ਬਣੀ ਪੇਸਟਰੀ ਦਿਤੀ ਅਤੇ ਕਿਹਾ ਕਿ ਅਸੀਂ ਵਧੇਰੇ ਵਾਰ ਉਹਨੂੰ ਮਿਲਣ ਆਇਆ ਕਰੀਏ।

ਯੁਧ ਦੇ ਵਰ੍ਹਿਆਂ ਵਿਚ ਓਲਗਾ ਫ਼ਿਓਦੋਰੋਵਨਾ ਨੇ ਅਥਾਹ ਗ਼ਮ ਝਲਿਆ ਸੀ: ਉਹਦੇ ਦੋ ਪੁਤਰ, ਪਤੀ ਅਤੇ ਭਰਾ ਮਾਰੇ ਗਏ ਅਤੇ ਉਹਦੀ ਧੀ ਫ਼ਾਸ਼ਿਸਟ ਜਰਮਨੀ ਦੀਆਂ ਕੌਲੇ ਦੀਆਂ ਖਾਣਾਂ ਵਿਚ ਹਦੋਂ ਵਧ ਕੰਮ ਕਾਰਨ ਮਰ ਗਈ। ਮੈਂ ਬਚਿਆਂ ਨੂੰ ਉਹਦੇ ਸੰਬੰਧੀ ਦਸਿਆ ਅਤੇ ਬਚੇ ਦਾਦੀ ਓਲਗਾ ਦੇ ਮਿਤਰ ਬਣਨਾ ਚਾਹੁੰਦੇ ਸਨ। ਉਹ ਅਕਸਰ ਉਹਨੂੰ ਮਿਲਣ ਜਾਂਦੇ। ਉਹਨੇ ਬਚਿਆਂ ਨੂੰ ਆਪਣੇ ਪਤੀ ਅਤੇ ਪੁਤਰਾਂ ਦੇ ਮੈਡਲ ਅਤੇ ਉਹਨਾਂ ਨੂੰ ਮਿਲੇ ਮਾਣ ਵਿਖਾਏ। ਦਾਦੀ ਓਲਗਾ ਲਈ ਖ਼ੁਸ਼ੀ ਲਿਆਉਣ ਦੀ ਇਛਾ ਬਚਿਆਂ ਵਿਚ ਪੈਦਾ ਹੋ ਗਈ। ਜਿਉਂ ਹੀ ਫਲਾਂ ਦੇ ਰੁਖ ਲਾਉਣ ਦਾ ਸਮਾਂ ਆਇਆ ਅਸਾਂ ਉਹਦੇ ਪੁਤਰਾਂ, ਧੀ, ਭਰਾ ਅਤੇ ਪਤੀ ਦੀ ਯਾਦ ਵਿਚ ਸਿਉ ਦੇ ਪੰਜ ਰੁਖ ਅਤੇ ਇੰਨੇ ਹੀ ਨਾਖਾਂ ਦੇ, ਅਤੇ ਸ਼ਾਹਦਾਣੇ ਦੇ ਅਤੇ ਅੰਗੂਰ ਦੀਆਂ ਵੇਲਾਂ ਲਾਈਆਂ। ਫਿਰ ਅਸਾਂ ਖ਼ੁਦ ਦਾਦੀ ਲਈ ਰੁਖ ਲਾਇਆ। ਓਲਗਾ ਫ਼ਿਓਦੋਰੋਵਨਾ ਨੇ ਜਿਹੜਾ ਧੰਵਾਦ ਅਨੁਭਵ ਕੀਤਾ ਉਹਦੀ ਭਾਵਨਾ ਨੂੰ ਬਿਆਨ ਕਰਨਾ ਔਖਾ ਹੈ। ਹੁਨਾਲ ਦੇ ਗਰਮ ਦਿਨਾਂ ਵਿਚ ਅਸੀਂ ਰੁਖਾਂ ਨੂੰ ਪਾਣੀ ਦੇਣ ਜਾਂਦੇ ਭਾਵੇਂ ਉਹ ਆਪ ਇਹ ਕਮ ਕਰ ਸਕਦੀ ਸੀ। ਹੁਨਾਲ ਵਿਚ ਬਚੇ ਸਾਰਾ ਸਾਰਾ ਦਿਨ ਉਹਦੇ ਨਾਲ ਬਿਤਾਉਂਦੇ।

ਦਾਦੀ ਓਲਗਾ ਬਚਿਆਂ ਦੀ ਮਿਤਰ ਬਣ ਗਈ। ਬਚਿਆਂ ਨੇ ਇਕ ਵੀ ਜਸ਼ਨ ਉਸਤੋਂ ਬਿਨਾਂ ਨਾ ਮਨਾਇਆ। ਅਸਾਂ ਉਹ ਛਿਣ ਨਾ ਖੁੰਝਾਉਣ ਦਾ ਜਤਨ ਕੀਤਾ ਜਦੋਂ ਉਹਦੇ ਸ਼ਾਹਦਾਣੇ, ਸਿਉ, ਨਾਖਾਂ ਅਤੇ ਅੰਗੂਰ ਪਕਦੇ। ਅਸੀਂ ਦਾਦੀ ਦੇ ਫਲਾਂ ਦੇ ਬਾਗ਼ ਵਿਚ ਜਾਂਦੇ, ਪਹਿਲੇ ਪਕੇ ਫਲ ਚੁਗਦੇ ਅਤੇ ਉਹਦੇ ਕੌਲ ਲਿਆਉਂਦੇ। ਜਦੋਂ ਬਚੇ ਸਤਵੀਂ ਸ਼੍ਰੇਣੀ ਵਿਚ ਸਨ ਤਾਂ ਦਾਦੀ ਓਲਗਾ ਗੰਭੀਰ ਤੌਰ ਉਤੇ ਬਿਮਾਰ ਹੋ ਗਈ। ਸਕੂਲੀ ਵਰ੍ਹਾ ਖ਼ਤਮ ਹੋਣ ਤੋਂ ਸਤ ਦਿਨ ਪਿਛੋਂ ਉਹਦੀ ਮੌਤ ਹੋ ਗਈ। ਇਹ ਬਚਿਆਂ ਲਈ ਬੜੇ ਦੁਖ ਦੀ ਗਲ ਸੀ। ਕੁਝ ਸਮਾਂ ਪਿਛੋਂ ਸਾਨੂੰ ਪਤਾ ਲਗਾ ਕਿ ਓਲਗਾ ਫ਼ਿਓਦੋਰੋਵਨਾ ਆਪਣੀ ਵਸੀਅਤ ਵਿਚ ਆਪਣਾ ਘਰ ਅਤੇ ਫਲਾਂ ਦਾ ਬਾਗ਼ ਬਚਿਆਂ ਨੂੰ ਦੇ ਗਈ ਹੈ। ਇਸ ਗਲ ਨੇ ਪੰਚਾਇਤੀ ਫ਼ਾਰਮ ਦੇ ਮੁਖੀ ਨੂੰ ਬਹੁਤ ਪ੍ਰੇਸ਼ਾਨ ਕੀਤਾ: ਇਸ ਗਲ ਦਾ ਅਰਥ ਕੀ ਲਿਆ ਜਾਵੇ ਕਿ ਬਚੇ ਮਕਾਨ ਅਤੇ ਫਲਾਂ ਦੇ ਬਾਗ਼ ਦੇ ਮਾਲਕ ਹਨ? ਪੰਚਾਇਤੀ ਫ਼ਾਰਮ ਦੇ ਮੈਂਬਰਾਂ ਨੇ ਇਹ ਪ੍ਰਸ਼ਨ

ਹਲ ਕਰਨ ਵਿਚ ਸਹਾਇਤਾ ਦਿਤੀ ਜਿਹੜਾ ਕਿਸੇ ਕਾਨੂੰਨੀ ਮਦ ਹੇਠ ਨਹੀਂ ਸੀ ਆਉਂਦਾ। ਉਹਨਾਂ ਕਿਹਾ ਕਿ ਬਚੇ ਭੋਂ ਦੇ ਨਿਕੇ ਟੋਟੇ ਨਾਲ ਚੰਗੇ ਕੰਮ ਕਰਨ। ਅਸਾਂ ਦਾਦੇ ਆਂਦਰੇਈ ਨੂੰ ਉਸ ਮਕਾਨ ਵਿਚ ਰਹਿਣ ਲਈ ਕਿਹਾ ਅਤੇ ਉਹ ਬੜੀ ਖ਼ੁਸ਼ੀ ਨਾਲ ਉਥੇ ਰਹਿਣ ਲਗ ਪਿਆ: ਇਹ ਉਹਦੀ ਮਖਿਆਰੀਆਂ ਪਾਲਣ ਵਾਲੀ ਥਾਂ ਤੋਂ ਦੂਰ ਨਹੀਂ ਸੀ। ਜਦੋਂ ਉਹ ਚੌਥੀ ਸ਼੍ਰੇਣੀ ਵਿਚ ਸਨ ਤਾਂ ਵਾਰੀਆ ਅਤੇ ਜ਼ੀਨਾ ਨੇ ਅਕਤੂਬਰਵਾਦੀ * ਬਚਿਆਂ ਨਾਲ ਮਿਤਰਤਾ ਪਾ ਲਈ ਅਤੇ ਉਹਨਾਂ ਨੂੰ ਨੰਨ੍ਹੇ ਪਾਉਨੀਅਰਾਂ ਵਿਚ ਸ਼ਾਮਲ ਹੋਣ ਲਈ ਤਿਆਰ ਕੀਤਾ। ਬਚੇ ਪੂਰਾ ਪੂਰਾ ਦਿਨ ਆਪਣੇ ਫਲਾਂ ਦੇ ਬਾਗ਼ ਵਿਚ ਬਿਤਾਉਂਦੇ।

ਮਾਂ ਲਈ ਇਹ ਬੜੇ ਗ਼ਮ ਦੀ ਗਲ ਹੈ ਕਿ ਉਹਦਾ ਪੁਤਰ ਆਪਣੀ ਮਾਤ-ਭੂਮੀ ਦੀ ਆਜ਼ਾਦੀ ਅਤੇ ਸੁਤੰਤਰਤਾ ਲਈ ਲੜਾਈ ਵਿਚ ਮਾਰਿਆ ਜਾਵੇ। ਸ਼ਾਲਾ, ਸਾਡੇ ਬਚੇ ਇਹ ਗ਼ਮ ਅਨੁਭਵ ਕਰਨ ਅਤੇ ਇਹਨੂੰ ਸਾਂਝਾ ਕਰਨ! ਸ਼ਾਲਾ ਉਹ ਹਜ਼ਾਰਾਂ ਹਜ਼ਾਰ ਮਾਵਾਂ ਜਿਨ੍ਹਾਂ ਦੇ ਪੁਤਰ ਵੋਲਗਾ ਤੋਂ ਐਲਬ ਤਕ, ਉਤਰੀ ਹਿੰਮ ਸਾਗਰ ਤੋਂ ਭੂ-ਮਧ ਸਾਗਰ ਤਕ ਗੁਮਨਾਮ ਕਬਰਾਂ ਵਿਚ ਦਫ਼ਨ ਹਨ ਬਚਿਆਂ ਨੂੰ ਪਿਆਰ ਕਰਨ! ਜੇ ਉਹਨੇ ਸਾਡੀ ਮਾਤ-ਭੂਮੀ ਦਾ ਮਹਾਨ ਗ਼ਮ — ਦੋ ਕਰੋੜ ਜਾਨਾਂ ਤਬਾਹ ਹੋਣ ਦਾ ਗ਼ਮ, ਭਿਆਨਕ ਤਸੀਹਾਂ, ਅਗਾਂ ਅਤੇ ਤਬਾਹੀ ਦਾ ਗ਼ਮ — ਜਿਨ੍ਹਾਂ ਵਿਚੋਂ ਕਿਸੇ ਨੂੰ ਸਾਡੇ ਲੋਕ ਭੁਲ ਨਹੀਂ ਸਕਦੇ ਅਤੇ ਨਾ ਹੀ ਇਹ ਕੁਝ ਕਰਨ ਵਾਲੇ ਫ਼ਾਸ਼ਿਸਟਾਂ ਨੂੰ ਮਾਫ਼ ਕਰ ਸਕਦੇ ਹਨ, ਅਨੁਭਵ ਨਹੀਂ ਕੀਤਾ ਤਾਂ ਬਚੇ ਦੇ ਦਿਲ ਨੂੰ ਉਚ ਬਣਾਉਣਾ ਅਸੰਭਵ ਹੈ।

ਜਿੰਨੀ ਡੂੰਘਾਈ ਨਾਲ ਬਚਾ ਮਾਂ ਦਾ ਗ਼ਮ ਸਮੋ ਲੈਂਦਾ ਹੈ, ਉਨਾਂ ਵਧੇਰੇ ਭਾਵੁਕ ਉਹ ਬਣੇਗਾ, ਉਨੀ ਵਧੇਰੇ ਮਜ਼ਬੂਤੀ ਨਾਲ ਨਿਕਾ ਮਨੁਖ ਆਪਣੀ ਮਾਤ-ਭੂਮੀ ਦੇ ਭਵਿਖ ਸੰਬੰਧੀ ਚਿੰਤਾ ਅਨੁਭਵ ਕਰੇਗਾ। ਇਸੇ ਲਈ ਕਿਸੇ ਅਜਿਹੀ ਮਾਂ ਨੂੰ, ਜਿਸਦਾ ਪੁਤਰ ਮਹਾਨ ਦੇਸ-ਭਗਤਕ ਯੁਧ ਵਿਚ ਮਾਰਿਆ ਗਿਆ, ਨੰਨ੍ਹੇ ਪਾਉਨੀਅਰਾਂ ਦੀ ਇਕਤ੍ਰਤਾ ਜਾਂ ਆਮ ਤੌਰ ਉਤੇ ਸਕੂਲ ਵਿਚ ਬੁਲਾਉਣ ਦਾ ਕੰਮ ਬੜੇ ਸੁਚਜ ਨਾਲ ਕਰਨਾ ਚਾਹੀਦਾ ਹੈ। ਇਹ ਆਮ ਵਿਦਿਅਕ ਅਮਲ ਵਜੋਂ ਬਚਿਆਂ ਦੇ ਸਾਹਮਣਿਉਂ ਨਹੀਂ ਲੰਘ ਜਾਣਾ ਚਾਹੀਦਾ। ਇਹ ਲਾਜ਼ਮੀ ਹੈ ਕਿ ਇਕ ਅਜਿਹੇ ਮਨੁਖ ਨਾਲ ਮਿਲਣੀ, ਜਿਸਦਾ ਨਿਜੀ ਗ਼ਮ ਸਮੁਚੀ ਕੌਮ ਦੇ ਗ਼ਮ ਦਾ ਪ੍ਰਗਟਾਅ ਹੈ ਉਹਨਾਂ ਉਤੇ ਡੂੰਘਾ ਪ੍ਰਭਾਵ ਪਾਵੇ।

ਇਕ ਚੰਗੇ ਨਾਗਰਕ ਨੂੰ ਘੜਨਾ ਅਤਿ-ਅੰਤ ਪੇਚਦਾਰ ਕੰਮਾਂ ਵਿਚੋਂ ਇਕ ਹੈ।

---

* **ਅਕਤੂਬਰਵਾਦੀ ਬਚੇ** — ਸਤ ਤੋਂ ਨੌ ਸਾਲ ਤਕ ਦੀ ਉਮਰ ਦੇ ਬਚੇ, ਪਹਿਲੀ ਤੋਂ ਤੀਜੀ ਸ਼੍ਰੇਣੀ ਵਿਚ ਪੜ੍ਹਣ ਵਾਲੇ, ਜਿਹੜੇ ਅਕਤੂਬਰਵਾਦੀ ਨਾਂ ਦੀ ਜਥੇਬੰਦੀ ਦੇ ਮੈਂਬਰ ਹੁੰਦੇ ਹਨ। — **ਅਨੁ:**

ਕੇਵਲ ਸਿਧਾਂਤ ਵਿਚ ਹੀ ਨਹੀਂ ਸਗੋਂ ਵਿਦਿਅਕ ਅਮਲ ਵਿਚ ਵੀ। ਇਸ ਖੇਤਰ ਵਿਚ ਇਸ ਗਲ ਦੀ ਸਰਵਉਚ ਮਹਤਤਾ ਹੈ ਕਿ ਗਿਆਨ ਬਚੇ ਦੇ ਦਿਲ ਵਿਚੋਂ ਲੰਘੇ ਅਤੇ ਉਹਦੇ ਨਿਜੀ ਜੀਵਨ ਦਾ ਹਿਸਾ ਬਣ ਜਾਵੇ। ਆਪਣੀ ਮਾਤ-ਭੂਮੀ ਦਾ ਗਿਆਨ ਅਤੇ ਕੀ ਕੁਝ ਸੋਵੀਅਤ ਲੋਕਾਂ ਨੂੰ ਪਿਆਰਾ ਹੈ ਕੇਵਲ ਉਹ ਵਾਕਫ਼ੀ ਹੀ ਨਹੀਂ ਜਿਹੜੀ ਸਮੋ ਲਏ ਜਾਣ ਪਿਛੋਂ, ਨਿਤ ਦੇ ਜੀਵਨ ਵਿਚ ਵਰਤੀ ਜਾ ਸਕਦੀ ਹੈ। ਇਹ ਸਚਾਈਆਂ ਹਨ ਜਿਹੜੀਆਂ ਲਾਜ਼ਮੀ ਤੌਰ ਉਤੇ ਵਿਦਿਆਰਥੀ ਦੇ ਨਿਜੀ ਜੀਵਨ ਉਤੇ ਪ੍ਰਭਾਵ ਪਾਉਣ। ਇਹ ਉਹਦੇ ਲਈ ਤਾਂ ਹੀ ਪਵਿਤਰ ਬਣਨਗੀਆਂ ਜੇ ਉਹ ਵਿਅਕਤੀ ਦੀ ਮਹਾਨਤਾ ਰਾਹੀਂ ਆਪਣੀ ਮਾਤ-ਭੂਮੀ ਦੀ ਮਹਾਨਤਾ ਸਮਝ ਲਵੇ।

"ਲੋਕਾਂ ਦਾ ਚੇਤਾ ਇਕ ਧੜਵੈਲ ਪੁਸਤਕ ਹੈ, ਜਿਸ ਵਿਚ ਸਭ ਕੁਝ ਲਿਖਿਆ ਹੋਇਆ ਹੈ।" * ਅਤੇ ਇਹ ਪੁਸਤਕ ਪੜ੍ਹੇ ਬਿਨਾਂ, ਇਹਦੇ ਹਰ ਸ਼ਬਦ ਅਤੇ ਅਖਰ ਨੂੰ ਡੂੰਘੀ ਤਰ੍ਹਾਂ ਸਮਝੇ ਬਿਨਾਂ ਚੰਗੇ ਨਾਗਰਕ ਦੀ ਵਿਦਿਆ ਅਸੰਭਵ ਹੈ। ਜਿਸਨੂੰ ਅਸੀਂ ਸਕੂਲ ਅਤੇ ਜੀਵਨ ਵਿਚਕਾਰ ਸੰਬੰਧ ਕਹਿੰਦੇ ਹਾਂ ਉਹ ਮੇਰੇ ਲਈ ਸਭ ਤੋਂ ਪਹਿਲਾਂ ਮਾਤ-ਭੂਮੀ ਲਈ ਪਿਆਰ ਅਤੇ ਵੈਰੀਆਂ ਅਤੇ ਕਾਬਜ਼ਾਂ ਲਈ, ਜਿਹੜੇ ਇੰਨੇ ਦੁਖਾਂ ਅਤੇ ਬਦਕਿਸਮਤੀ ਦਾ ਕਾਰਨ ਸਨ, ਘਿਰਣਾ ਲੋਕਾਂ ਦੇ ਮਨਾਂ ਵਿਚ, ਬਚਿਆਂ ਦੇ ਮਨਾਂ ਵਿਚ ਪਾਉਣਾ ਹੈ। ਲੋਕਾਂ ਦੇ ਚੇਤੇ ਦੀ ਮਹਾਨ ਪੁਸਤਕ ਨਾਲ ਹਰ ਛੁਹ ਮਨੁਖੀ ਸ਼ਖ਼ਸੀਅਤ ਦੇ ਬਣਨ ਵਿਚ ਅਤਿ-ਅੰਤ ਪੇਚਦਾਰ ਅਤੇ ਜ਼ਿਮੇਵਾਰ ਅਮਲ ਹੈ।

### ਉਚ ਭਾਵਨਾਵਾਂ ਨਾਲ ਗੜੁਚੀ ਕਿਰਤ

ਜਦੋਂ ਉਹ ਸਾਡੇ ਵਿਦਿਆਰਥੀਆਂ ਦੇ ਆਤਮਕ ਜੀਵਨਾਂ ਵਿਚ ਦਾਖ਼ਲ ਹੋ ਜਾਂਦੀ ਹੈ ਅਤੇ ਉਹਨਾਂ ਨੂੰ ਮਿਤਰਤਾ ਅਤੇ ਸਾਥੀਪੁਣੇ ਦੀ ਖ਼ੁਸ਼ੀ ਦੇਂਦੀ ਹੈ, ਪੁਛ-ਪੜਤਾਲ ਦਾ ਸ਼ੌਕ ਅਤੇ ਉਤਸੁਕਤਾ ਜਗਾਉਂਦੀ ਹੈ, ਔਕੜਾਂ ਉਤੇ ਕਾਬੂ ਪਾਉਣ ਉਤੇ ਉਤੇਜਨਾ ਨੂੰ ਜਨਮ ਦੇਂਦੀ ਹੈ, ਆਲੇ ਦੁਆਲੇ ਦੇ ਸੰਸਾਰ ਵਿਚ ਸਦਾ ਨਵੇ ਸੁਹਪਣਾਂ ਲਈ ਰਾਹ ਕਰ ਲੈਂਦੀ ਹੈ ਅਤੇ ਨਾਗਰਕਤਾ ਦੇ ਪਹਿਲੇ ਅਨੁਭਵ ਨੂੰ ਜਗਾਉਂਦੀ ਹੈ—ਉਹਨਾਂ ਪਦਾਰਥਕ ਕਦਰਾਂ ਦਾ ਰਚਣਹਾਰਾ ਹੋਣ ਦੀ ਭਾਵਨਾ ਨੂੰ ਜਿਨ੍ਹਾਂ ਤੋਂ ਬਿਨਾਂ ਮਨੁਖੀ ਜੀਵਨ ਅਸੰਭਵ ਹੈ, ਤਾਂ ਕਿਰਤ ਇਕ ਮਹਾਨ ਅਧਿਆਪਕ ਬਣ ਜਾਂਦੀ ਹੈ।

ਕਿਰਤ ਦੀ ਖ਼ੁਸ਼ੀ ਮਹਾਨ ਵਿਦਿਅਕ ਸ਼ਕਤੀ ਹੈ। ਇਹ ਲਾਜ਼ਮੀ ਹੈ ਕਿ ਬਚਪਨ ਦੇ ਵਰ੍ਹਿਆਂ ਵਿਚ ਹਰ ਬਚਾ ਇਹ ਉਚ ਭਾਵਨਾ ਅਨੁਭਵ ਕਰੇ।

---

* **ਲ. ਲਿਓਨੋਵ**, "ਸੂਰਮੇ ਲਈ ਹਾਰ", "ਉਪਾਖਿਆਨਕ ਲੋਕ", ਦੂਜੀ ਛਾਪ, ਗੋਸਪੋਲਿਤਇਜ਼ਦਾਤ, ੧੯੬੬, ਪੰਨਾ ੭ (ਰੂਸੀ ਵਿਚ)।—**ਸੰਪਾ:**

ਸਾਡੇ ਸਕੂਲੀ ਜੀਵਨ ਦੀ ਪਹਿਲੀ ਪਤ-ਝੜ ਵਿਚ ਵਡੇਰੇ ਵਿਦਿਆਰਥੀਆਂ ਨੇ ਸਕੂਲ ਦੇ ਪਲਾਟ ਵਿਚ ਸਾਨੂੰ ਕਈ ਦਰਜਨ ਵਰਗ ਥਾਂ ਦਿਤੀ। ਅਸਾਂ ਭੋ ਵਿਚ ਕਰਾਹ ਫੇਰਿਆ। ਇਹ ਇਕ ਅਜਿਹਾ ਕੰਮ ਸੀ ਜਿਸ ਤੋਂ ਪਿੰਡ ਦੇ ਬਚੇ ਚੰਗੀ ਤਰ੍ਹਾਂ ਜਾਣੂ ਸਨ। ਫਿਰ ਮੈਂ ਬਚਿਆਂ ਨੂੰ ਕਿਹਾ, "ਇਥੇ ਅਸੀਂ ਸਿਆਲੀ ਕਣਕ ਉਗਵਾਂਗੇ, ਫਿਰ ਅਸੀਂ ਅਨਾਜ ਸਾਂਭਾਂਗੇ ਅਤੇ ਉਹਨੂੰ ਪੀਹਾਂਗੇ। ਇਹ ਸਾਡੀ ਪਹਿਲੀ ਡਬਲ ਰੋਟੀ ਹੋਵੇਗੀ।" ਬਚਿਆਂ ਨੂੰ ਚੰਗੀ ਤਰ੍ਹਾਂ ਪਤਾ ਸੀ ਕਿ ਡਬਲ ਰੋਟੀ ਕੀ ਹੁੰਦੀ ਹੈ ਅਤੇ ਉਹਨਾਂ ਆਪਣੇ ਮਾਤਾ ਪਿਤਾ ਵਾਂਗ ਕੰਮ ਕਰਨ ਦਾ ਜਤਨ ਕੀਤਾ; ਇਹਦੇ ਨਾਲ ਹੀ ਨਾਲ ਅਸੀਂ ਜੋ ਕੁਝ ਕਰ ਰਹੇ ਸਾਂ, ਉਸ ਵਿਚ ਇਕ ਰੋਮਾਂਚਕ ਅੰਸ਼ ਵੀ ਸੀ, ਖੇਡ ਦਾ ਅੰਸ਼।

ਪਹਿਲੀ ਡਬਲ ਰੋਟੀ ਦੇ ਸੁਪਨੇ ਨੇ ਸਾਨੂੰ ਪ੍ਰੇਰਤ ਕੀਤਾ ਅਤੇ ਔਕੜਾਂ ਉਤੇ ਕਾਬੂ ਪਾਉਣ ਵਿਚ ਸਾਡੀ ਸਹਾਇਤਾ ਕੀਤੀ। ਅਤੇ ਇਹ ਚੋਖੀਆਂ ਸਨ: ਬਚੇ ਨਿਕੀਆਂ ਟੋਕਰੀਆਂ ਵਿਚ ਖਾਦ ਲਿਆਏ ਅਤੇ ਇਹ ਭੋ ਨਾਲ ਮਿਲਾਈ, ਕਣਕ ਦੀਆਂ ਪਾਲਾਂ ਲਈ ਸਿਆੜ ਪੁਟੇ ਅਤੇ ਦਾਣਾ ਦਾਣਾ ਕਰਕੇ ਬੀਅ ਚੁਣੇ। ਬਿਜਾਈ ਅਸਲੀ ਜਸ਼ਨ ਬਣ ਗਈ। ਕਿਰਤ ਦੀ ਪ੍ਰੇਰਨਾ ਸਾਰੇ ਸਕੂਲ ਵਿਚ ਫੈਲ ਗਈ। ਖੇਤ ਵਿਚ ਬਿਜਾਈ ਹੋ ਚੁਕੀ ਸੀ ਪਰ ਕੋਈ ਘਰ ਨਾ ਗਿਆ। ਉਹ ਸੁਪਨੇ ਲੈਣਾ ਚਾਹੁੰਦੇ ਸਨ ਸੋ ਅਸੀਂ ਇਕ ਰੁਖ ਹੇਠ ਬਹਿ ਗਏ ਅਤੇ ਮੈਂ ਕਣਕ ਦੇ ਸੁਨਹਿਰੀ ਦਾਣੇ ਸੰਬੰਧੀ ਇਕ ਕਹਾਣੀ ਸੁਣਾਈ। ਮੈਂ ਇਸ ਗਲ ਦਾ ਖ਼ਿਆਲ ਰਖਿਆ ਕਿ ਕਹਾਣੀ ਅਤੇ ਬਚਪਨ ਦੇ ਵਰ੍ਹਿਆਂ ਵਿਚ ਬਚੇ ਜਿਹੜੀ ਕਿਰਤ ਕਰਦੇ ਹਨ ਉਹ ਕੇਵਲ ਬਚਗਾਨਾ ਨਾ ਹੋਵੇ ਸਗੋਂ ਉਸ ਵਿਚ ਨਾਗਰਕਤਾ ਦੀਆਂ ਪਹਿਲੀਆਂ ਖ਼ੁਸ਼ੀਆਂ ਹੋਣ। ਮੈਂ ਚਾਹੁੰਦਾ ਸਾਂ ਕਿ ਬਚੇ ਇਕ ਵਿਸ਼ਾਲ ਰਾਹ ਉਤੋਂ, ਲੋਕਾਂ ਅਤੇ ਆਪਣੇ ਆਪ ਤੋਂ ਜਾਣੂ ਹੁੰਦੇ ਹੋਏ, ਨਾਗਰਕ ਦੇ ਤੌਰ ਉਤੇ ਮਾਣ ਦੀ ਪਹਿਲੀ ਭਾਵਨਾ ਅਨੁਭਵ ਕਰਦੇ ਹੋਏ, ਕਿਰਤ ਰਾਹੀਂ ਸਮਾਜੀ ਜੀਵਨ ਵਿਚ ਪ੍ਰਵੇਸ਼ ਕਰਨਾ। ਮੈਂ ਇਹ ਗਲ ਕਦੀ ਨਾ ਭੁਲਾਈ ਕਿ ਕੰਮ ਦਾ ਸੌਖਾ ਹੋਣਾ ਜ਼ਰੂਰੀ ਨਹੀਂ। ਬਚੇ ਜਿਹੜਾ ਸਰੀਰਕ ਅਤੇ ਆਤਮਕ ਜਤਨ ਕਰਨਗੇ ਉਹ ਉਸ ਬੜੇ ਮਹਤਵ-ਪੂਰਨ ਅਮਲ ਨੂੰ ਮਿਥੇਗਾ ਜਿਸਨੂੰ ਵਧਣਾ ਕਹਿੰਦੇ ਹਾਂ। ਕਿਰਤ ਰਾਹੀਂ ਬਚਾ ਬਾਲਗ਼ ਬਣ ਜਾਂਦਾ ਹੈ। ਇਸ ਔਖ ਦਾ ਪੈਮਾਨਾ ਇਸ ਢੰਗ ਨਾਲ ਲਭਣਾ ਲਾਜ਼ਮੀ ਹੈ ਕਿ ਕਿਰਤ ਬਚਗਾਨਾ ਹੋਵੇ ਪਰ ਇਹਦੇ ਨਾਲ ਨਾਲ ਹੌਲੀ ਹੌਲੀ ਬਚਾ ਬਚਾ ਨਾ ਰਹੇ। ਵਰ੍ਹਿਆਂ ਦੇ ਅਨੁਭਵ ਨੇ ਮੈਨੂੰ ਨਿਸ਼ਚਾ ਕਰਵਾ ਦਿਤਾ ਕਿ ਇਹ ਸਿਟਾ ਉਦੋਂ ਪ੍ਰਾਪਤ ਹੁੰਦਾ ਹੈ ਜਦੋਂ ਬਚਿਆਂ ਦੀ ਕਿਰਤ ਵਿਚ ਬਾਲਗ਼ਾਂ ਦੀ ਕਿਰਤ ਦਾ ਇਕ ਅੰਸ਼ ਹੁੰਦਾ ਹੈ, ਅਰਥਾਤ, ਉਹ ਪਦਾਰਥਕ ਸਿਟਾ ਜਿਹੜਾ ਟੋਲੀ ਦੇ ਜੀਆਂ ਦੇ ਸੰਬੰਧ ਵਿਚ ਸ਼ਾਮਲ ਹੁੰਦਾ ਹੈ।

ਬਚਿਆਂ ਨੇ ਬੜੀ ਉਤਾਵਲ ਨਾਲ ਕਣਕ ਦੇ ਸੂੰਏ ਨਿਕਲਣ ਦੀ ਉਡੀਕ ਕੀਤੀ: ਉਹ ਕਿਆਸ ਲਾਉਂਦੇ ਕਿ ਖੇਤ ਕਿੰਨੀ ਮੁਦਤ ਵਿਚ ਹਰਾ ਹੋ ਜਾਵੇਗਾ। ਫਿਰ ਜਦੋਂ ਸੂਏ ਨਿਕਲ ਆਏ ਤਾਂ ਬਚੇ ਰੋਜ਼ ਨਠਦੇ ਹੋਏ ਉਹਨਾਂ ਨੂੰ ਵੇਖਣ ਜਾਂਦੇ: ਉਹ ਛੇਤੀ ਛੇਤੀ ਉਗਣਗੇ ਜਾਂ ਨਹੀਂ? ਸਿਆਲ ਵਿਚ ਅਸਾਂ ਖੇਤ ਨੂੰ ਬਰਫ਼ ਨਾਲ ਕਜ ਦਿਤਾ ਤਾਂ ਜੁ ਕਣਕ ਨਿਘੀ ਰਹੇ। ਬਸੰਤ ਦੀ ਰੁਤੇ ਜਦੋਂ ਸੂਇਆਂ ਨੇ ਧਰਤੀ ਨੂੰ ਕੰਬਲ ਵਾਂਗ ਕਜ ਦਿਤਾ ਅਤੇ ਕਣਕ ਦੇ ਨੜ ਅਤੇ ਸਿਟੇ ਨਿਕਲੇ ਤਾਂ ਬਚੇ ਉਤੇਜਨਾ ਨਾਲ ਖੀਵੇ ਹੋ ਗਏ। ਬਚਿਆਂ ਨੂੰ ਹਰ ਸਿਟੇ ਦੀ ਹੋਣੀ ਸੰਬੰਧੀ ਫ਼ਿਕਰ ਸੀ।

ਵਾਢੀ ਬਿਜਾਈ ਨਾਲੋਂ ਵੀ ਵਧ ਖ਼ੁਸ਼ੀਆਂ ਭਰਿਆ ਤਿਹਾਰ ਸੀ। ਬਚੇ ਆਪਣੇ ਸਭ ਤੋਂ ਸੁਹਣੇ ਕਪੜੇ ਪਹਿਨਕੇ ਸਕੂਲ ਆਏ। ਹਰ ਬਚੇ ਨੇ ਧਿਆਨ ਨਾਲ ਕਣਕ ਵਢੀ ਅਤੇ ਨਿਕੀ ਜਿਹੀ ਭਰੀ ਬਣਾਈ। ਗਹਾਈ ਅਤੇ ਛੜਾਈ ਕਿਰਤ ਦਾ ਇਕ ਹੋਰ ਜਸ਼ਨ ਸੀ। ਉਹਨਾਂ ਅਨਾਜ ਦਾ ਅਖ਼ੀਰੀ ਦਾਣਾ ਤਕ ਇਕਠਾ ਕੀਤਾ ਅਤੇ ਇਕ ਬੋਰੀ ਵਿਚ ਪਾਇਆ। ਦਾਦਾ ਆਂਦਰੇਈ ਨੇ ਅਨਾਜ ਪੀਸਿਆ ਅਤੇ ਚਿਟਾ ਆਟਾ ਸਾਨੂੰ ਦੇ ਗਿਆ। ਅਸਾਂ ਤੀਨਾ ਦੀ ਮਾਂ ਨੂੰ ਕਿਹਾ ਕਿ ਉਹ ਸਾਡੇ ਲਈ ਡਬਲ ਰੋਟੀ ਤਿਆਰ ਕਰੇ। ਬਚਿਆਂ ਉਹਦਾ ਹਥ ਵਟਾਇਆ, ਮੁੰਡੇ ਪਾਣੀ ਲਿਆਏ ਅਤੇ ਕੁੜੀਆਂ ਬਾਲਣ ਲਈ ਲਕੜੀ। ਫਿਰ ਉਹ ਸਾਹਮਣੇ ਪਈਆਂ ਸਨ: ਚਾਰ ਵਡੀਆਂ ਗੋਲ ਚਿਟੀਆਂ ਡਬਲ ਰੋਟੀਆਂ—ਸਾਡੀ ਕਿਰਤ, ਸਾਡੀ ਫ਼ਿਕਰਮੰਦੀ ਅਤੇ ਉਤੇਜਨ। ਬਚਿਆਂ ਦੇ ਦਿਲ ਮਾਣ ਨਾਲ ਭਰ ਗਏ।

ਚਿਰ-ਉਡੀਕਿਆ ਦਿਨ ਆ ਗਿਆ—ਪਹਿਲੀਆਂ ਡਬਲ ਰੋਟੀਆਂ ਦਾ ਜਸ਼ਨ। ਬਚਿਆਂ ਨੇ ਦਾਦਾ ਆਂਦਰੇਈ ਅਤੇ ਸਾਰਿਆਂ ਦੇ ਮਾਤਾ ਪਿਤਾ ਨੂੰ ਬੁਲਾਇਆ। ਕੁੜੀਆਂ ਨੇ ਸੁਗੰਧ ਛਡਦੀ ਡਬਲ ਰੋਟੀ ਦੇ ਟੋਟੇ ਕਸ਼ੀਦਾ ਕੀਤੇ ਚਿਟੇ ਮੇਜ਼-ਪੋਸ਼ ਵਾਲੇ ਮੇਜ਼ ਉਤੇ ਰਖ ਦਿਤੇ। ਦਾਦਾ ਆਂਦਰੇਈ ਨੇ ਸ਼ਹਿਦ ਨਾਲ ਭਰੀਆਂ ਪਲੇਟਾਂ ਰਖੀਆਂ। ਮਾਤਾ ਪਿਤਾ ਨੇ ਰੋਟੀ ਖਾਧੀ ਅਤੇ ਬਚਿਆਂ ਦੀ ਸ਼ਲਾਘਾ ਕੀਤੀ ਅਤੇ ਉਹਨਾਂ ਦਾ ਕਿਰਤ ਲਈ ਧੰਨਵਾਦ ਕੀਤਾ।

ਬਚਿਆਂ ਨੂੰ ਉਹ ਦਿਨ ਕਦੀ ਨਾ ਭੁਲਿਆ। ਜਸ਼ਨ ਸਮੇਂ ਕਿਰਤ ਜਾਂ ਮਨੁਖੀ ਮਾਣ ਸੰਬੰਧੀ ਕੋਈ ਉਚੀ ਗਲ ਨਾ ਕਹੀ ਗਈ। ਜਸ਼ਨ ਸੰਬੰਧੀ ਜਿਹੜੀ ਮੁਖ ਗਲ ਬਚਿਆਂ ਨੂੰ ਉਤੇਜਤ ਕਰ ਰਹੀ ਸੀ ਉਹ ਮਾਣ ਦੀ ਭਾਵਨਾ ਸੀ: ਉਹਨਾਂ ਆਪਣੀ ਰੋਟੀ ਆਪ ਉਗਾਈ ਸੀ ਅਤੇ ਆਪਣੇ ਮਾਤਾ ਪਿਤਾ ਲਈ ਖ਼ੁਸ਼ੀ ਲਿਆਂਦੀ ਸੀ। ਅਤੇ ਆਪਣੇ ਹਥਾਂ ਦੀ ਕਿਰਤ ਉਤੇ ਮਨੁਖੀ ਮਾਣ ਸਦਾਚਾਰਕ ਪਵਿਤਰਤਾ ਅਤੇ ਉਚਤਾ ਦੇ ਸਭ ਤੋਂ ਮਹਤਵ-ਪੂਰਨ ਸੋਮਿਆਂ ਵਿਚੋਂ ਇਕ ਹੈ।

ਸਾਡੇ ਪਹਿਲੀਆਂ ਡਬਲ ਰੋਟੀਆਂ ਦੇ ਜਸ਼ਨ ਨੇ ਹੋਰ ਸ਼੍ਰੇਣੀਆਂ ਦਾ ਧਿਆਨ ਖਿਚਿਆ। ਉਹ ਸਾਰੇ ਆਪਣੀ ਰੋਟੀ ਉਗਾਣਾ ਚਾਹੁੰਦੇ ਸਨ। ਬਚਿਆਂ ਨੇ ਆਪਣੇ

ਅਧਿਆਪਕਾਂ ਨੂੰ ਉਦੋਂ ਤਕ ਚੈਨ ਨਾ ਲੈਣ ਦਿਤਾ ਜਦੋਂ ਤਕ ਉਹਨਾਂ ਇਹ ਪਤਾ ਨਾ ਕਢ ਲਿਆ ਕਿ ਹੋਰਨਾਂ ਦਾ ਡਬਲ ਰੋਟੀ ਦਾ ਜਸ਼ਨ ਕਿਉਂ ਹੈ ਅਤੇ ਉਹਨਾਂ ਦਾ ਕਿਉਂ ਨਹੀਂ।

ਇਸ ਘਟਨਾ ਨੇ ਅਧਿਆਪਕਾਂ ਨੂੰ ਸੋਚਣ ਲਈ ਸਮਿਗਰੀ ਦਿਤੀ। ਸਭ ਨੇ ਵੇਖਿਆ ਕਿ ਸਾਦੀ ਤੋਂ ਸਾਦੀ ਕਿਰਤ—ਭੋ ਤੋੜਨਾ ਜਾਂ ਖਾਦ ਪਾਉਣੀ—ਕੁਝ ਅਜਿਹਾ ਬਣ ਸਕਦਾ ਸੀ ਜਿਹੜਾ ਬਚੇ ਜੰਗਲ ਵਿਚ ਘੁੰਮਣ ਜਾਂ ਰੋਚਕ ਪੁਸਤਕ ਪੜ੍ਹਣ ਵਾਂਗ ਕਰਨਾ ਚਾਹੁੰਦੇ ਸਨ। ਅਧਿਆਪਕਾਂ ਨੇ ਕਿਹਾ ਕਿ ਆਲਸੀ ਬਚੇ ਜਿਨ੍ਹਾਂ ਨੂੰ ਕਿਸੇ ਗਲ ਵਿਚ ਦਿਲਚਸਪੀ ਨਹੀਂ ਸੀ ਜਾਪਦੀ, ਜਦੋਂ ਕਿਰਤ ਕਰਨਾ ਆਉਂਦਾ ਤਾਂ ਉਹ ਪਛਾਣੋ ਬਾਹਰਲੀ ਹਦ ਤਕ ਤਬਦੀਲ ਹੋ ਜਾਂਦੇ। ਉਹ ਕਿਰਤ ਕਰਨਾ ਚਾਹੁੰਦੇ ਸਨ। "ਇਹ ਕੀ ਹੋ ਰਿਹਾ ਹੈ?" ਅਸੀਂ ਸੋਚਣ ਲਗ ਪਏ। ਅਤੇ ਸਭ ਕੁਝ ਇਕ ਮੁਖ ਗਲ ਤਕ ਘਟ ਗਿਆ—ਪ੍ਰੇਰਨਾ ਦਾ ਅਨੁਭਵ। ਉਦਮ ਸਭ ਤੋਂ ਪਹਿਲਾਂ ਬਚੇ ਦੇ ਭਾਵੁਕ ਜੀਵਨ ਦਾ ਹਿਸਾ ਹੈ। ਜੇ ਕਿਰਤ ਉਹਨੂੰ ਖ਼ੁਸ਼ੀ ਨਾ ਦੇਵੇ ਤਾਂ ਉਹ ਕਿਰਤ ਨਹੀਂ ਕਰੇਗਾ। ਕਿਰਤ ਦੀ ਖ਼ੁਸ਼ੀ ਜਿੰਨੀ ਡੂੰਘੀ ਹੋਵੇਗੀ, ਬਚਾ ਆਪਣੀ ਨਿਜੀ ਪੈਜ ਦੀ ਜਿੰਨੀ ਵਧੇਰੇ ਕਦਰ ਕਰਦਾ ਹੈ, ਉਨੇ ਹੀ ਵਧੇਰੇ ਸਪਸ਼ਟ ਢੰਗ ਨਾਲ ਉਹ ਸਾਂਝੀ ਸਰਗਰਮੀ ਵਿਚ ਆਪਣੇ ਹਿਸੇ—ਆਪਣੇ ਜਤਨਾਂ ਅਤੇ ਆਪਣੇ ਨਾਂ—ਨੂੰ ਵੇਖਦਾ ਹੈ। ਕਿਰਤ ਦੀ ਖ਼ੁਸ਼ੀ ਵਿਦਿਆ ਦਾ ਇਕ ਬਲਵਾਨ ਸਾਧਨ ਹੈ, ਜਿਸ ਸਦਕਾ ਬਚਾ ਆਪਣੇ ਆਪ ਨੂੰ ਸਮੂਹ ਦੇ ਇਕ ਜੀਅ ਵਜੋਂ ਪਛਾਣਦਾ ਹੈ। ਇਹਦਾ ਅਰਥ ਇਹ ਨਹੀਂ ਕਿ ਕਿਰਤ ਕਿਸੇ ਤਰ੍ਹਾਂ ਦਾ ਜੀਅ-ਪਰਚਾਵਾ ਬਣ ਜਾਂਦੀ। ਇਹ ਜਤਨਾਂ ਅਤੇ ਸਿਰੜ ਦੀ ਮੰਗ ਕਰਦੀ ਹੈ। ਪਰ ਸਾਨੂੰ ਇਹ ਨਹੀਂ ਭੁਲਣਾ ਚਾਹੀਦਾ ਕਿ ਸਾਡਾ ਵਾਹ ਬਚਿਆਂ ਨਾਲ ਹੈ, ਜਿਨ੍ਹਾਂ ਲਈ ਸੰਸਾਰ ਅਜੇ ਖੁਲ੍ਹ ਹੀ ਰਿਹਾ ਹੈ।

ਬਚੇ ਪਹਿਲੀਆਂ ਡਬਲ ਰੋਟੀਆਂ ਦਾ ਜਸ਼ਨ ਹੋਰ ਵਰ੍ਹੇ ਮਨਾਉਂਦੇ। ਅਗਲੇ ਸਕੂਲੀ ਵਰ੍ਹੇ ਉਹਨਾਂ ਭੋ ਦਾ ਇਕ ਨਵਾਂ ਟੋਟਾ ਚੁਣਿਆ, ਸਿਆਲੀ ਕਣਕ ਉਗਾਈ ਅਤੇ ਆਪਣੇ ਮਾਤਾ ਪਿਤਾ ਅਤੇ ਆਪਣੇ ਸਕੂਲ ਦੀ ਉਮਰ ਤੋਂ ਛੋਟੇ ਮਿਤਰਾਂ ਨੂੰ ਸਦਾ ਦਿਤਾ। ਜਦੋਂ ਮੇਰੇ ਵਿਦਿਆਰਥੀ ਗਭਰੂ ਅਤੇ ਮੁਟਿਆਰਾਂ ਬਣ ਗਏ ਤਾਂ ਵੀ ਉਹਨਾਂ ਸਕੂਲ ਦੇ ਆਪਣੇ ਭੋ ਦੇ ਨਿਕੇ ਜਿਹੇ ਟੋਟੇ ਉਤੋਂ ਬੜੀ ਉਤੇਜਨਾ ਨਾਲ ਕਣਕ ਵਢਣ ਦਾ ਕੰਮ ਕੀਤਾ—ਉਹ ਕਣਕ ਪੀਂਹਦੇ ਅਤੇ ਡਬਲ ਰੋਟੀ ਬਣਾਉਂਦੇ—ਅਤੇ ਇਸ ਸਭ ਕੁਝ ਵਿਚ ਖੇਡ ਅਤੇ ਰੋਮਾਂਸ ਦੇ ਅੰਸ਼ ਬਾਕੀ ਰਹੇ। ਕਿਰਤ ਦੀ ਖ਼ੁਸ਼ੀ ਦਾ ਕਿਸੇ ਹੋਰ ਖ਼ੁਸ਼ੀ ਨਾਲ ਮੁਕਾਬਲਾ ਨਹੀਂ ਕੀਤਾ ਜਾ ਸਕਦਾ। ਇਹ ਸੁਹਪਣ ਦੀ ਭਾਵਨਾ ਤੋਂ ਬਿਨਾਂ ਬੇਅਰਥ ਹੈ ਪਰ ਇਥੇ ਸੁਹਪਣ ਨਾ ਕੇਵਲ ਉਹ ਹੈ ਜਿਹੜਾ ਬਚੇ ਨੂੰ ਮਿਲਦਾ ਹੈ ਸਗੋਂ ਸਭ ਤੋਂ ਪਹਿਲਾਂ ਜੋ ਕੁਝ ਉਹ ਸਿਰਜਦਾ ਹੈ। ਕਿਰਤ ਦੀ

ਖ਼ੁਸ਼ੀ ਹੋਂਦ ਦਾ ਸੁਹਪਣ ਹੈ: ਅਤੇ ਇਸ ਹੁਸਨ ਤੋਂ ਜਾਣੂ ਹੋਣ ਨਾਲ ਬਚਾ ਅੱਕੜਾਂ ਉਤੇ ਕਾਬੂ ਪਾਉਣ ਉਤੇ ਮਾਣ ਅਨੁਭਵ ਕਰਦਾ ਹੈ।

ਖ਼ੁਸ਼ੀ ਦੀ ਇਸ ਭਾਵਨਾ ਨੂੰ ਕੇਵਲ ਉਹੋ ਲੋਕ ਪ੍ਰਾਪਤ ਕਰ ਸਕਦੇ ਹਨ ਜਿਹੜੇ ਜਾਣਦੇ ਹਨ ਕਿ ਜਤਨ ਕਰਨਾ ਕੀ ਹੁੰਦਾ ਹੈ ਅਤੇ ਜਾਣਦੇ ਹਨ ਕਿ ਪਸੀਨਾ ਅਤੇ ਥਕਾਵਟ ਕੀ ਹਨ। ਬਚਪਨ ਦਾ ਇਕ ਅਨੰਤ ਜਸ਼ਨ ਹੋਣਾ ਜ਼ਰੂਰੀ ਨਹੀਂ — ਜੇ ਕੋਈ ਜਤਨ ਨਾ ਕੀਤਾ ਜਾਵੇ, ਪਰ ਅਜਿਹਾ ਜਿਹੜਾ ਬਚਿਆਂ ਦੀਆਂ ਸ਼ਕਤੀਆਂ ਤੋਂ ਬਾਹਰ ਨਾ ਹੋਵੇ, ਤਾਂ ਕਿਰਤ ਦੀ ਖ਼ੁਸ਼ੀ ਬਚੇ ਦੀ ਪਹੁੰਚ ਤੋਂ ਬਾਹਰ ਹੋਵੇਗੀ। ਉਚੇਰੀ ਵਿਦਿਅਕ ਸਿਆਣਪ ਬਚੇ ਨੂੰ ਕਿਰਤ ਦੀ ਕਦਰ ਸਿਖਾਉਣਾ ਹੈ। ਲੋਕਾਂ ਲਈ ਕਿਰਤ ਨਾ ਕੇਵਲ ਇਕ ਅਜਿਹੀ ਲੋੜ ਹੈ ਜਿਸ ਤੋਂ ਬਿਨਾਂ ਮਨੁਖੀ ਹੋਂਦ ਬੇਅਰਥ ਹੈ ਸਗੋਂ ਅੰਦਰਲੇ ਜੀਵਨ, ਆਚਰਣ ਦੀ ਭਰਪੂਰਤਾ ਦੇ ਬਹੁ-ਪਖੀ ਪ੍ਰਗਟਾਅ ਵਿਚੋਂ ਇਕ ਹੈ। ਕਿਰਤ ਵਿਚ ਮਨੁਖੀ ਸੰਬੰਧਾਂ ਦੀ ਭਰਪੂਰਤਾ ਪ੍ਰਗਟ ਕੀਤੀ ਹੈ। ਜੇ ਬਚਾ ਇਹਨਾਂ ਸੰਬੰਧਾਂ ਦਾ ਸੁਹਪਣ ਅਨੁਭਵ ਨਾ ਕਰੇ ਤਾਂ ਕਿਰਤ ਲਈ ਪਿਆਰ ਸਿਖਾਉਣਾ ਅਸੰਭਵ ਹੈ। ਕਿਰਤ ਸਰਗਰਮੀਆਂ ਵਿਚ ਲੋਕ ਸਵੈ-ਪ੍ਰਗਟਾਅ ਅਤੇ ਸਵੈ-ਨਿਸ਼ਚੇ ਦੇ ਸਭ ਤੋਂ ਵਧ ਮਹਤਵ-ਪੂਰਨ ਸਾਧਨ ਵੇਖਦੇ ਹਨ। ਜਿਹਾ ਕਿ ਅਖਾਣ ਹੈ ਕਿਰਤ ਤੋਂ ਬਿਨਾਂ ਮਨੁਖ ਇਕ ਖ਼ਾਲੀ ਥਾਂ ਹੈ। ਇਹ ਨਿਸ਼ਚਿਤ ਬਣਾਉਣਾ ਕਿ ਹਰ ਵਿਦਿਆਰਥੀ ਵਿਚ ਨਿਜੀ ਕਦਰ ਅਤੇ ਮਾਣ ਦੀ ਭਾਵਨਾ ਸਫ਼ਲ ਕਿਰਤ ਉਤੇ ਆਧਾਰਤ ਹੋਵੇ, ਇਕ ਮਹਤਵ-ਪੂਰਨ ਵਿਦਿਅਕ ਕਾਰਜ ਹੈ।

ਸਾਡੇ ਸਕੂਲੀ ਜੀਵਨ ਦੇ ਪਹਿਲੀ ਬਸੰਤ ਵਿਚ ਬਚਿਆਂ ਨੇ "ਮਾਵਾਂ ਦਾ ਫਲ-ਬਾਗ਼" ਲਾਇਆ — ਇਕਤੀ ਸਿਉ ਦੇ ਰੁਖ ਅਤੇ ਇਕਤੀ ਅੰਗੂਰ ਦੀਆਂ ਵੇਲਾਂ। "ਬਚਿਓ," ਮੈਂ ਆਪਣੇ ਵਿਦਿਆਰਥੀਆਂ ਨੂੰ ਕਿਹਾ, "ਇਹ ਸਾਡੀਆਂ ਮਾਵਾਂ ਦਾ ਫਲ-ਬਾਗ਼ ਹੋਵੇਗਾ। ਅੰਮਾਂ ਸਾਡੇ ਵਿਚੋਂ ਹਰ ਇਕ ਲਈ ਸਭ ਤੋਂ ਪਿਆਰਾ, ਨੇੜਵਾਂ ਮਨੁਖ ਹੈ। ਤਿੰਨਾਂ ਵਰ੍ਹਿਆਂ ਨੂੰ ਸਿਉ ਦੇ ਰੁਖ ਅਤੇ ਅੰਗੂਰ ਦੀਆਂ ਵੇਲਾਂ ਫਲ ਦੇਣ ਲਗ ਪੈਣਗੀਆਂ। ਪਹਿਲੇ ਸਿਉ ਅਤੇ ਅੰਗੂਰਾਂ ਦੇ ਗੁਛੇ ਸਾਡੇ ਵਲੋਂ ਮਾਵਾਂ ਨੂੰ ਸੁਗ਼ਾਤ ਹੋਣਗੇ। ਸ਼ਾਲਾ ਅਸੀਂ ਉਹਨਾਂ ਨੂੰ ਖ਼ੁਸ਼ੀ ਦੇਵੀਏ। ਯਾਦ ਰਖੋ ਤੁਹਾਡੀਆਂ ਮਾਵਾਂ ਨੂੰ ਅਨੇਕ ਫ਼ਿਕਰ ਹਨ। ਅਸੀਂ ਇਹਨਾਂ ਫ਼ਿਕਰਾਂ ਦਾ ਅਜਰ ਉਹਨਾਂ ਨੂੰ ਖ਼ੁਸ਼ੀ ਨਾਲ ਦਿਆਂਗੇ।"

"ਮਾਵਾਂ ਦੇ ਫਲ-ਬਾਗ਼" ਲਈ ਕੰਮ ਆਪਣੇ ਵਡੇਰਿਆਂ ਨੂੰ, ਆਪਣੇ ਮਾਤਾ ਪਿਤਾ ਨੂੰ ਖ਼ੁਸ਼ੀ ਦੇਣ ਦੀ ਇਛਾ ਤੋਂ ਪ੍ਰੇਰਤ ਸੀ। ਕੁਝ ਬਚਿਆਂ ਨੂੰ ਉਸ ਉਚ ਮਨੁਖੀ ਭਾਵਨਾ — ਮਾਂ ਦੇ ਪਿਆਰ — ਦੀਆਂ ਡੂੰਘਾਈਆਂ ਦਾ ਪਤਾ ਨਹੀਂ ਸੀ। ਮੈਂ ਹਰ ਬਚੇ ਵਿਚ ਉਹ ਭਾਵ ਪੈਦਾ ਕਰਨ ਦਾ ਜਤਨ ਕੀਤਾ। ਗਾਲੀਆ ਨੇ ਆਪਣੀ ਮਤਰੇਈ ਮਾਂ ਲਈ ਰੁਖ ਲਾਇਆ, ਸਾਸ਼ਾ ਨੇ ਆਪਣੀ ਦਾਦੀ ਲਈ ਅਤੇ ਵਿਤੀਆ ਨੇ ਆਪਣੀ ਮਾਸੀ ਲਈ। ਕੋਈ ਵੀ ਇਸ ਕਿਰਤ ਵਲੋਂ ਅਵੇਸਲਾ ਨਹੀਂ ਸੀ, ਬਚੇ

ਰੁਖਾਂ ਨੂੰ ਪਾਣੀ ਦੇਂਦੇ ਅਤੇ ਕੀੜਿਆਂ ਨੂੰ ਮਾਰਦੇ। ਸਿਉ ਦੇ ਰੁਖ ਅਤੇ ਅੰਗੂਰ ਦੀਆਂ ਵੇਲਾਂ ਹਰੀਆਂ ਹੋ ਗਈਆਂ। ਤੀਜੇ ਵਰ੍ਹੇ ਪਹਿਲੇ ਫੁਲ ਆਏ ਅਤੇ ਫਿਰ ਫਲ। ਹਰ ਕੋਈ ਚਾਹੁੰਦਾ ਸੀ ਉਹਦੇ ਰੁਖ ਉਤੇ ਫਲ ਛੇਤੀ ਪਕਣ।

ਮੈਂ ਖ਼ੁਸ਼ ਸਾਂ ਕਿ ਤੋਲੀਆ, ਤੀਨਾ ਅਤੇ ਕੋਲੀਆ ਨੂੰ ਇਸ ਕੰਮ ਵਿਚ ਖ਼ੁਸ਼ੀ ਪ੍ਰਾਪਤ ਹੋਈ ਅਤੇ ਉਹਨਾਂ ਦੇ ਬੂਟਿਆਂ ਉਤੇ ਰਸੀਲੇ ਸੇਬ ਅਤੇ ਅੰਗੂਰਾਂ ਦੇ ਸੁਨਹਿਰੀ ਗੁਛੇ ਪਕ ਰਹੇ ਸਨ। ਬਚਿਆਂ ਪਕੇ ਫਲ ਤੋੜੇ ਅਤੇ ਆਪਣੀਆਂ ਮਾਵਾਂ ਕੋਲ ਲੈ ਗਏ। ਇਹ ਬਚਿਆਂ ਦੇ ਜੀਵਨ ਵਿਚ ਅਭੁਲ ਦਿਨ ਸਨ। ਮੈਨੂੰ ਉਹ ਕੋਮਲਤਾ ਚੇਤੇ ਹੈ ਜਿਹੜੀ ਆਪਣੀ ਮਾਂ ਕੋਲ ਲਿਜਾਣ ਲਈ ਸਿਉ ਤੋੜਦੇ ਹੋਏ ਕੋਲੀਆ ਦੀਆਂ ਅਖਾਂ ਵਿਚ ਆ ਗਈ ਸੀ।

ਸਕੂਲ ਵਿਚ ਦੂਜੇ ਵਰ੍ਹੇ ਬਚਿਆਂ ਦੀ ਕਿਰਤ ਉਚ ਭਾਵਨਾਵਾਂ ਤੋ ਪ੍ਰੇਰਤ ਸੀ। ਹਰ ਬਚੇ ਨੇ ਘਰ ਵਿਚ ਆਪਣੇ ਮਾਤਾ ਪਿਤਾ ਦੇ ਫਲ-ਬਾਗ਼ ਵਿਚ ਫਲਾਂ ਦੇ ਰੁਖ ਲਾਏ—ਆਪਣੀ ਮਾਂ, ਪਿਤਾ, ਦਾਦੇ ਅਤੇ ਦਾਦੀ ਲਈ ਰੁਖ। "ਇਹ ਮੇਰੀ ਮਾਂ ਜਾਂ ਪਿਤਾ ਦਾ ਰੁਖ ਹੈ।" ਬਚੇ ਮਾਣ ਨਾਲ ਕਹਿੰਦੇ। ਸਾਸ਼ਾ ਨੇ ਆਪਣੀ ਮਾਂ ਅਤੇ ਪਿਤਾ ਦੀ ਯਾਦ ਵਿਚ ਸਿਉ ਦੇ ਰੁਖ ਲਾਏ। ਗਾਲੀਆ ਅਤੇ ਕੋਸਤੀਆ ਨੇ ਆਪਣੀਆਂ ਮਾਵਾਂ ਦੀ ਯਾਦ ਵਿਚ ਫਲਾਂ ਦੇ ਰੁਖ ਲਾਏ, ਪਰ ਅਜਿਹਾ ਕਰਦੇ ਹੋਏ ਉਹ ਆਪਣੀਆਂ ਮਤਰੇਈਆਂ ਮਾਵਾਂ ਨੂੰ ਨਾ ਭੁਲੇ, ਉਹਨਾਂ ਲਈ ਵੀ ਉਹਨਾਂ ਸਿਉ ਦੇ ਰੁਖ ਲਾਏ।

ਬਚੇ ਹੋਰ ਕਿਸੇ ਕੰਮ ਨਾਲੋਂ ਇਹਨਾਂ ਰੁਖਾਂ ਦਾ ਧਿਆਨ ਰਖਣ ਲਈ ਵਧੇਰੇ ਹਲ੍ਹੂਣਵਾਂ ਧਿਆਨ ਦੇਂਦੇ। ਹਰ ਇਕ ਨੇ ਸਿਉ ਦੇ ਰੁਖਾਂ ਦੇ ਖਿੜਨ ਦੀ ਬੇਸਬਰੀ ਨਾਲ ਉਡੀਕ ਕੀਤੀ। ਉਹਨਾਂ ਪਹਿਲੇ ਫਲ ਰੁਖਾਂ ਤੋਂ ਤੋੜ ਕੇ ਆਪਣੀਆਂ ਮਾਵਾਂ ਕੋਲ ਲਿਜਾਣ ਲਈ ਪਹਿਲੇ ਫਲਾਂ ਦੀ ਉਡੀਕ ਕੀਤੀ। ਇਹ ਕੇਵਲ ਕਾਰਜਾਂ ਦੀ ਇਕ ਲੜੀ ਹੀ ਨਹੀਂ ਸੀ ਜਿਹੜੇ ਬਚੇ ਵਾਰੋ ਵਾਰੀ ਪੂਰੇ ਕਰਦੇ। ਇਹ ਸਦਾਚਾਰਕ ਵਿਕਾਸ ਵਿਚ ਕਦਮ ਸਨ ਜਿਸਨੇ ਬਚਿਆਂ ਨੂੰ ਇਸ ਯੋਗ ਬਣਾਇਆ ਕਿ ਉਹਨਾਂ ਜੋ ਕੁਝ ਕੀਤਾ ਹੈ ਉਹਦਾ ਸੁਹਪਣ ਮਾਣ ਸਕਣ।

ਬੰਦੇ ਲਈ ਜੀਵਨ ਵਿਚ ਸਭ ਤੋਂ ਪਵਿਤਰ ਅਤੇ ਸੁਹਣੀ ਸ਼ੈ ਉਹਦੀ ਮਾਂ ਹੈ। ਇਹ ਗਲ ਬਹੁਤ ਮਹਤਵ-ਪੂਰਨ ਹੈ ਕਿ ਬਚੇ ਉਸ ਕਿਰਤ ਦਾ ਸਦਾਚਾਰਕ ਸੁਹਪਣ ਅਨੁਭਵ ਕਰਨ ਜਿਹੜਾ ਉਹਨਾਂ ਦੀਆਂ ਮਾਵਾਂ ਲਈ ਖ਼ੁਸ਼ੀ ਲਿਆਉਂਦਾ ਹੈ। ਹੌਲੀ ਹੌਲੀ ਸਾਡੇ ਸਮੂਹ ਵਿਚ ਇਕ ਸੁਹਣੀ ਪ੍ਰੰਪਰਾ ਦਾ ਜਨਮ ਹੋਇਆ: ਪਤ-ਝੜ ਦੀ ਰੁਤੇ, ਜਦੋਂ ਧਰਤੀ ਅਤੇ ਕਿਰਤ ਮਨੁਖ ਨੂੰ ਭਰਪੂਰ ਸੁਗਾਤਾਂ ਦੇਂਦੇ ਹਨ ਅਸੀਂ ਪਤ-ਝੜ ਦਾ ਮਾਵਾਂ ਦਾ ਤਿਹਾਰ ਮਨਾਉਂਦੇ। ਉਸ ਦਿਨ ਹਰ ਬਚਾ ਆਪਣੀ ਮਾਂ ਨੂੰ ਉਹ ਕੁਝ ਦੇਂਦਾ ਜਿਹੜਾ ਉਹਨੇ ਆਪਣੀ ਕਿਰਤ ਨਾਲ ਸਿਰਜਿਆ ਸੀ ਅਤੇ ਜਿਸਦੇ ਉਹਨੇ ਸਾਰਾ ਹੁਨਾਲ ਜਾਂ ਵਰ੍ਹਿਆਂ ਤਕ ਉਸ ਦਿਨ ਲਈ ਸੁਪਨੇ ਲਏ ਸਨ: ਸਿਉ,

ਫੁਲ ਜਾਂ ਸਕੂਲ ਦੇ ਨਿਕੇ ਜਿਹੇ ਪਲਾਟ ਵਿਚ ਉਗਾਈ ਕਣਕ ਦੇ ਬੂਟੇ (ਮਾਤਾ ਪਿਤਾ ਦੇ ਬਾਗ ਵਾਲੇ ਪਲਾਟ ਵਿਚ ਹਰ ਬਚੇ ਦੀ ਆਪਣੀ ਮਨ-ਪਸੰਦ ਕਿਰਤ ਲਈ ਨੁਕਰ ਸੀ)। ਪਤ-ਝੜ ਦੇ ਮਾਵਾਂ ਦੇ ਤਿਹਾਰ ਦੀ ਤਿਆਰੀ ਕਰਦੇ ਹੋਏ ਅਸੀਂ ਮੁੰਡਿਆਂ ਅਤੇ ਕੁੜੀਆਂ ਦੇ ਮਨਾਂ ਵਿਚ ਇਹ ਵਿਚਾਰ ਮਜ਼ਬੂਤ ਬਣਾਉਂਦੇ— "ਆਪਣੀਆਂ ਮਾਵਾਂ ਦਾ ਧਿਆਨ ਰਖੋ।" ਜਿੰਨਾ ਵਧੇਰੇ ਜਤਨ ਬਚਾ ਮਾਂ ਦੇ ਨਾਂ ਉਤੇ ਕੀਤੇ ਕੰਮ ਉਤੇ ਲਾਉਂਦਾ ਉਨਾ ਵਧੇਰੇ ਮਨੁਖ-ਦਰਦੀ ਉਹਦਾ ਦਿਲ ਬਣ ਜਾਂਦਾ।

ਅਸਾਂ ਬਸੰਤ ਰੁਤ ਦਾ ਮਾਵਾਂ ਦਾ ਤਿਹਾਰ ਵੀ ਮਨਾਉਣਾ ਸ਼ੁਰੂ ਕਰ ਦਿਤਾ। ਅਸਾਂ ਜੰਗਲ ਦਾ ਇਕ ਦੁਰਾਡਾ ਹਿਸਾ ਲਭਿਆ ਜਿਥੇ ਹੁਨਾਲ ਵਿਚ ਬਹੁਤ ਬੈਰੀਆਂ ਹੁੰਦੀਆਂ, ਸੋ ਬਚਿਆਂ ਨੇ ਇਹਦਾ ਨਾਂ ਜੰਗਲੀ ਸਟਰਾਬੈਰੀਆਂ ਦੀ ਨੁਕਰ ਰਖਿਆ। ਬਚੇ ਇਸ ਅਦਭੁਤ ਥਾਂ ਨਾਲ ਛੁਹ ਦੇ ਛਿਣਾਂ ਵਿਚ ਬਹੁਤ ਖ਼ੁਸ਼ੀ ਅਨੁਭਵ ਕਰਦੇ। ਬਚੇ ਇਹ ਖ਼ੁਸ਼ੀ ਆਪਣੀਆਂ ਮਾਵਾਂ ਨਾਲ ਸਾਂਝੀ ਕਰਨਾ ਚਾਹੁੰਦੇ ਸਨ। ਅਤੇ ਬਚਿਆਂ ਨੂੰ ਫੁਰਨਾ ਫੁਰਿਆ ਕਿ ਉਹ ਧਰਤੀ ਨੂੰ ਸੁਹਣਾ ਬਣਾਉਣ ਵਾਲੇ ਪਹਿਲੇ ਫੁਲ ਆਪਣੀਆਂ ਮਾਵਾਂ ਨੂੰ ਦੇਣ। ਇਉਂ ਬਸੰਤ ਰੁਤ ਦਾ ਮਾਵਾਂ ਦਾ ਤਿਹਾਰ ਹੋਂਦ ਵਿਚ ਆਇਆ। ਉਸ ਦਿਨ ਬਚੇ ਮਾਵਾਂ ਲਈ ਨਾ ਕੇਵਲ ਸਨੋਡਰਾਪ ਦੇ ਪਹਿਲੇ ਨਾਜ਼ਕ ਫੁਲ ਹੀ ਲਿਆਏ ਸਗੋਂ ਉਹ ਫੁਲ ਵੀ ਲਿਆਏ ਜਿਹੜੇ ਉਹਨਾਂ ਗਰਮ-ਖ਼ਾਨਿਆਂ ਵਿਚ ਆਪ ਉਗਾਏ ਸਨ। ਮਾਵਾਂ ਨੂੰ ਸਮਰਪਤ ਤਿਹਾਰ ਜਥੇਬੰਦ ਕਰਦੇ ਹੋਏ ਬੰਦੇ ਨੂੰ ਲਾਜ਼ਮੀ ਤੌਰ ਉਤੇ ਉਤੇਜਨਾ ਅਤੇ "ਜਥੇਬੰਦਕ ਕਦਮਾਂ" ਤੋਂ ਸੰਕੋਚ ਕਰਨਾ ਚਾਹੀਦਾ ਹੈ। ਅਸਾਂ ਇਹ ਨਿਸ਼ਚਿਤ ਬਣਾਉਣ ਦਾ ਜਤਨ ਕੀਤਾ ਕਿ ਮਾਵਾਂ ਦੇ ਤਿਹਾਰ ਨੇੜਵੇਂ ਪਰਵਾਰਕ ਇਕਠ ਹੋਣ। ਮੁਖ ਗਲ ਇਹ ਸੀ ਕਿ ਰੌਲਾ ਨਾ ਹੋਵੇ ਸਗੋਂ ਡੂੰਘੀਆਂ ਭਾਵਨਾਵਾਂ ਹੋਣ।

ਅਠਾਰ੍ਹਵੀਂ ਸਦੀ ਦੇ "ਜਨਤਕ ਦਾਰਸ਼ਨਿਕ" ਗ੍ਰਿਗੋਰੀ ਸਕੋਵੋਰੋਦਾ ਦਾ ਕਥਨ ਦਸਿਆ ਜਾਂਦਾ ਇਕ ਪੁਰਾਣਾ ਯੂਕਰੇਨੀ ਅਖਾਣ ਹੈ, ਆਪਣੀ ਮਾਂ ਦਾ ਭਲਾ ਕਰਨ ਨਾਲੋਂ ਮਨੁਖਜਾਤੀ ਨੂੰ ਪਿਆਰ ਕਰਨਾ ਸੌਖਾ ਹੈ। ਇਸ ਅਖਾਣ ਵਿਚ ਸਿਖਿਅਕ ਲਈ ਬਹੁਤ ਜ਼ਿਆਦਾ ਸਿਆਣਪ ਹੈ। ਜੇ ਮਨੁਖ ਦੇ ਨੇੜੇ ਅਤੇ ਪਿਆਰਿਆਂ ਲਈ ਸਨੇਹ ਨਾਲ ਦਿਲ ਨੂੰ ਮਜ਼ਬੂਤ ਨਾ ਕੀਤਾ ਗਿਆ ਹੋਵੇ ਤਾਂ ਮਾਨਵਤਾ ਸਿਖਾਉਣੀ ਅਸੰਭਵ ਹੈ। ਲੋਕਾਂ ਨੂੰ ਪਿਆਰ ਦੇ ਸ਼ਬਦ ਕਹਿਣਾ ਪਿਆਰ ਨਹੀਂ। ਅਸਲੀ ਸਕੂਲ ਜਿਹੜਾ ਦਿਆਲਤਾ ਅਤੇ ਹਮਦਰਦੀ ਸਿਖਾਉਂਦਾ ਹੈ ਉਹ ਪਰਵਾਰ ਹੈ; ਆਪਣੇ ਮਾਤਾ ਪਿਤਾ, ਦਾਦੇ ਦਾਦੀ, ਨਾਨੇ ਨਾਨੀ ਅਤੇ ਪਰਵਾਰ ਵਿਚ ਹਾਣੀਆਂ ਨਾਲ ਬੰਦੇ ਦੇ ਸੰਬੰਧ ਮਾਨਵਤਾ ਦੀ ਅਸਲੀ ਕਸਵਟੀ ਹਨ।

ਬਚਿਆਂ ਦੀ ਕਿਰਤ ਸੁਹਪਣ ਸਿਰਜਣਾ ਹੋਣੀ ਚਾਹੀਦੀ ਹੈ, ਕਿਉਂਕਿ ਅਜਿਹੀ ਹੈ ਮੰਗ ਸੁਹਜ-ਸੁਆਦੀ ਅਤੇ ਸਦਾਚਾਰਕ ਵਿਦਿਆ ਦੀ। ਸਕੂਲੀ ਜੀਵਨ ਦੀ ਪਹਿਲੀ

ਪਤ-ਝੜ ਵਿਚ ਅਸਾਂ ਚਿਲਮ-ਝਾੜੀ ਦੇ ਬੀਅ ਇਕਠੇ ਕੀਤੇ ਅਤੇ ਉਹਨਾਂ ਨੂੰ ਇਸ ਕੰਮ ਲਈ ਵਖ ਰਖੀ ਸਕੂਲ ਦੇ ਪਲਾਟ ਵਿਚ ਇਕ ਇਕਲਵਾਂਜੀ ਕਿਆਰੀ ਵਿਚ ਬੀਜ ਦਿਤਾ। ਅਸਾਂ ਚਿਲਮ-ਝਾੜੀ ਨੂੰ ਚਿਟੇ, ਲਾਲ, ਕਿਰਮਚੀ ਅਤੇ ਪੀਲੇ ਗੁਲਾਬਾਂ ਦੀ ਪਿਉਂਦ ਲਾ ਦਿਤੀ। ਅਸਾਂ ਆਪਣਾ "ਗੁਲਾਬ ਦਾ ਬਾਗ਼" ਬਣਾਇਆ। ਪਹਿਲੇ ਫੁਲ ਨਿਕਲਣ ਉਤੇ ਬਚਿਆਂ ਦੀ ਖ਼ੁਸ਼ੀ ਬਿਆਨ ਕਰਨਾ ਅਸੰਭਵ ਹੈ। ਨਿਕੇ ਮੁੰਡੇ ਅਤੇ ਕੁੜੀਆਂ ਬੂਟਿਆਂ ਨੂੰ ਹਥ ਲਾਉਣੋਂ ਡਰਦੇ ਤਾਂ ਜੁ ਕਿਤੇ ਉਹਨਾਂ ਨੂੰ ਨੁਕਸਾਨ ਨਾ ਪੁਜ ਜਾਵੇ। ਜਦੋਂ ਮੈਂ ਕਿਹਾ ਕਿ ਜੇ ਫੁਲ ਠੀਕ ਤਰ੍ਹਾਂ ਕਟੇ ਜਾਣ ਤਾਂ ਗੁਲਾਬ ਸਾਰਾ ਹੁਨਾਲ ਖਿੜਣਗੇ ਤਾਂ ਬਚੇ ਵਿਸਮਾਦ ਵਿਚ ਆ ਗਏ। ਉਹ ਸਾਰੇ ਗੁਲਾਬ ਆਪਣੀਆਂ ਮਾਵਾਂ ਕੋਲ ਲੈ ਜਾਣਾ ਚਾਹੁੰਦੇ ਸਨ। ਜਦੋਂ ਪਤ-ਝੜ ਦੇ ਮਾਵਾਂ ਦੇ ਤਿਹਾਰ ਸਮੇਂ ਉਹ ਆਪਣੀਆਂ ਮਾਵਾਂ ਨੂੰ ਸਿਉਆਂ ਦੇ ਨਾਲ ਨਾਲ ਗੁਲਾਬਾਂ ਦਾ ਇਕ ਨਿਕਾ ਜਿਹਾ ਗੁਲਦਸਤਾ ਵੀ ਦੇ ਸਕੇ ਤਾਂ ਬਚੇ ਬਹੁਤ ਖ਼ੁਸ਼ ਹੋਏ।

ਆਪਣੇ ਪਹਿਲੇ ਸਕੂਲੀ ਵਰ੍ਹੇ ਅਸਾਂ ਬਸੰਤ ਵਿਚ ਬਹੁਤ ਸਾਰੇ ਫੁਲ ਬੀਜੇ। ਸਾਨੂੰ ਸਾਰਾ ਸਮਾਂ ਉਹਨਾਂ ਦਾ ਧਿਆਨ ਰਖਣਾ ਪੈਂਦਾ ਅਤੇ ਉਹਨਾਂ ਨੂੰ ਪਾਣੀ ਦੇਣਾ ਵਿਸ਼ੇਸ਼ ਤੌਰ ਉਤੇ ਔਖਾ ਸੀ। ਉਸ ਸਮੇਂ ਵਡੇਰੇ ਬਚਿਆਂ ਨੇ ਪਾਣੀ ਵਾਲਾ ਮੁਨਾਰਾ ਬਣਾ ਦਿਤਾ, ਜਿਸਦੇ ਨਾਲ ਪੰਪ ਸੀ। ਪਾਣੀ ਕਿਆਰੀਆਂ ਵਿਚ ਆ ਜਾਂਦਾ, ਜਿਸ ਨਾਲ ਬਚਿਆਂ ਦਾ ਕੰਮ ਹੌਲਾ ਹੋ ਗਿਆ ਅਤੇ ਹਰ ਇਕ, ਇਥੋਂ ਤਕ ਕਿ ਨਿਕਾ ਦਾਨਕੋ ਵੀ ਅਧੇ ਘੰਟੇ ਵਿਚ ਸਾਰੇ ਫੁਲਾਂ ਨੂੰ ਪਾਣੀ ਦੇ ਲੈਂਦਾ।

ਮੈਂ ਚਾਹੁੰਦਾ ਸਾਂ ਕਿ ਫੁਲ ਉਗਾਉਣਾ ਹਰ ਬਚੇ ਦਾ ਨਿਜੀ ਸੁਗ਼ਲ ਬਣ ਜਾਵੇ। ਗੁਲਾਬ ਦੇ ਫੁਲਾਂ ਦਾ ਧਿਆਨ ਰਖਣ ਨਾਲ ਸੁਹਪਣ ਅਤੇ ਰਚਨਾਤਮਕਤਾ, ਸਿਰਜਣਾ ਅਤੇ ਮਾਨਵਤਾ ਦਾ ਜਿਹੜਾ ਮੇਲ ਪੈਂਦਾ ਹੁੰਦਾ ਹੈ ਸ਼ਾਇਦ ਉਸ ਤੋਂ ਵਧ ਦਿਲ ਨੂੰ ਉਚਿਆਉਣ ਵਾਲਾ ਹੋਰ ਕੋਈ ਕੰਮ ਨਹੀਂ। ਮੈਂ ਇਹ ਨਿਸ਼ਚਿਤ ਬਣਾਉਣ ਦਾ ਜਤਨ ਕੀਤਾ ਕਿ ਹਰ ਬਚਾ ਘਰ ਵਿਚ ਆਪਣੀ ਫੁਲਾਂ ਦੀ ਕਿਆਰੀ ਹੋਣ ਦੀ ਇਛਾ ਕਰੇ। ਤੀਜੀਆਂ ਅਤੇ ਚੌਥੀਆਂ ਸ਼੍ਰੇਣੀਆਂ ਵਿਚ ਬਚੇ ਪਹਿਲਾਂ ਹੀ ਉਹਨਾਂ ਗੁਲਾਬਾਂ ਦੇ ਸੁਹਪਣ ਨੂੰ ਮਾਣ ਰਹੇ ਸਨ ਜਿਹੜੇ ਉਹਨਾਂ ਘਰਾਂ ਵਿਚ ਉਗਾਏ ਸਨ।

ਜੀਵਨ ਨੇ ਮੈਨੂੰ ਨਿਸ਼ਚਾ ਕਰਵਾ ਦਿਤਾ ਹੈ ਕਿ ਜੇ ਬਚਾ ਉਹਨਾਂ ਦਾ ਸੁਹਪਣ ਮਾਣਨ ਲਈ ਗੁਲਾਬ ਉਗਾਉਂਦਾ ਹੈ, ਜੇ ਕਿਰਤ ਦਾ ਇਕੋ ਇਕ ਅਜਰ ਸੁਹਪਣ ਨੂੰ ਮਾਣਨਾ ਅਤੇ ਕਿਸੇ ਹੋਰ ਬੰਦੇ ਦੀ ਖ਼ੁਸ਼ੀ ਅਤੇ ਖੇੜੇ ਲਈ ਸੁਹਪਣ ਸਿਰਜਣਾ ਹੈ ਤਾਂ ਉਹ ਬਚਾ ਬੁਰਾਈ, ਕਮੀਨਗੀ, ਸਨਕੀਪੁਣੇ ਅਤੇ ਨਿਰਦੇਤਾ ਦੇ ਨਿਰਯੋਗ ਹੈ। ਇਹ ਸਦਾਚਾਰਕ ਵਿਦਿਆ ਦੇ ਬਹੁਤ ਪੇਚਦਾਰ ਪ੍ਰਸ਼ਨਾਂ ਵਿਚੋਂ ਇਕ ਹੈ। ਖ਼ੁਦ ਸੁਹਪਣ ਵਿਚ ਮਨੁਖ ਨੂੰ ਆਤਮਾ ਦੀ ਉਚਤਾ ਸਿਖਾਉਣ ਲਈ ਕੋਈ ਜਾਦੂਈ ਸ਼ਕਤੀ ਨਹੀਂ। ਸੁਹਪਣ ਤਾਂ ਹੀ ਸਦਾਚਾਰਕ ਪਵਿਤਰਤਾ ਅਤੇ ਮਾਨਵਤਾ ਸਿਖਾਉਂਦਾ ਹੈ ਜੇ ਉਸ ਕਿਰਤ ਦਾ ਜਿਹੜੀ ਸੁਹਪਣ ਸਿਰਜਦੀ ਹੈ ਉਚ ਸਦਾਚਾਰਕ

ਨਿਸ਼ਚਿਆਂ ਰਾਹੀਂ, ਸਭ ਤੋਂ ਪਹਿਲਾਂ ਹੋਰ ਲੋਕਾਂ ਲਈ ਸਤਿਕਾਰ ਰਾਹੀਂ ਮਾਨਵੀਕਰਨ ਕੀਤਾ ਗਿਆ ਹੋਵੇ। ਲੋਕਾਂ ਲਈ ਸੁਹਪਣ ਸਿਰਜਣ ਵਾਲੇ ਸੁਹਪਣ ਦਾ ਇਹ ਮਾਨਵੀਕਰਨ ਜਿੰਨਾ ਡੂੰਘਾ ਹੁੰਦਾ ਹੈ, ਬੰਦਾ ਆਪਣੇ ਆਪ ਦਾ ਜਿੰਨਾ ਵਧੇਰੇ ਸਤਿਕਾਰ ਕਰਦਾ ਹੈ, ਉਹ ਸਦਾਚਾਰ ਦੀਆਂ ਪਧਰਾਂ ਤੋਂ ਕੁਰਾਹੇ ਜਾਣ ਵਲ ਉਨਾ ਹੀ ਅਸਹਿਨਸ਼ੀਲ ਹੁੰਦਾ ਹੈ।

ਸਦਾਚਾਰ ਸਿਖਾਉਣ ਵਿਚ ਸੁਹਪਣ ਦਾ ਰੋਲ ਅਧਿਆਪਕਾਂ ਵਿਚ ਬਹਿਸ ਦਾ ਵਿਸ਼ਾ ਬਣ ਗਿਆ। ਅਸੀਂ ਵਿਦਿਆਰਥੀ ਦੇ ਅੰਦਰਲੇ ਜੀਵਨ, ਵਿਸ਼ੇਸ਼ ਤੌਰ ਉਤੇ ਉਹਦੀਆਂ ਭਾਵਨਾਵਾਂ ਉਤੇ ਪ੍ਰਭਾਵ ਪਾਉਣ ਦੇ ਇਕ ਸਾਧਨ ਵਜੋਂ ਸੁਹਪਣ ਨੂੰ ਬਹੁਤ ਮਹਤਤਾ ਦੇਂਦੇ, ਨਾਲ ਹੀ ਨਾਲ ਅਸੀਂ ਇਸ ਪ੍ਰਭਾਵ ਦਾ ਰੋਲ ਵਧਾ ਚੜ੍ਹਾ ਕੇ ਵੇਖਣ ਤੋਂ ਡਰਦੇ ਸਾਂ। ਕਿਹੜੀਆਂ ਪ੍ਰਸਥਿਤੀਆਂ ਅਧੀਨ ਸੁਹਪਣ **ਵਿਦਿਅਕ** ਪ੍ਰਭਾਵ ਦਾ ਸਾਧਨ ਬਣ ਜਾਂਦਾ ਹੈ। ਅਸਾਂ ਮਨੋਵਿਗਿਆਨਕ ਗੋਸ਼ਟੀ ਸਮੇ ਇਸ ਪ੍ਰਸ਼ਨ ਉਤੇ ਵਿਚਾਰ ਕੀਤੀ। ਉਤਰ ਵਿਦਿਅਕ ਅਮਲ ਦੀਆਂ ਪਧਰਾਂ ਦੇ ਆਮ ਵਿਸ਼ਲੇਸ਼ਣ ਦਾ ਸਿਟਾ ਸੀ। ਅਸਾਂ ਆਪਣਾ ਅਨੁਭਵ ਸਾਂਝਾ ਕੀਤਾ ਅਤੇ ਮੁਢਲੀਆਂ, ਮਿਡਲ ਅਤੇ ਉਚੇਰੀਆਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਦੇ ਅੰਦਰਲੇ ਜੀਵਨ ਉਤੇ ਅਧਿਆਪਕ ਦੇ ਪ੍ਰਭਾਵ ਦੇ ਢੰਗਾਂ ਅਤੇ ਤਰੀਕਿਆਂ ਉਤੇ ਵਿਚਾਰ ਕੀਤੀ ਅਤੇ ਸਾਨੂੰ ਵਧੇਰੇ ਨਿਸ਼ਚਾ ਹੋ ਗਿਆ ਕਿ ਕੋਈ ਇਕ ਸਰਬ-ਸ਼ਕਤੀਮਾਨ ਢੰਗ ਅਜਿਹਾ ਨਹੀਂ ਜਿਹੜਾ ਵਿਦਿਆ ਵਿਚ ਸਫ਼ਲਤਾ ਲਿਆਵੇ ਅਤੇ ਨਾਲ ਹੀ ਨਾਲ ਵਿਦਿਅਕ ਅਮਲ ਦੇ ਹੋਰ ਖੇਤਰਾਂ ਵਿਚ ਉਣਤਾਈਆਂ ਅਤੇ ਕਮਜ਼ੋਰ ਥਾਵਾਂ ਦੀ ਕਸਰ ਪੂਰੀ ਕਰੇ।

ਹੋ ਸਕਦਾ ਹੈ ਬੰਦਾ ਸੁਹਜ-ਸੁਆਦੀ ਵਿਦਿਆ ਦਾ ਸ਼ਾਨਦਾਰ ਕੰਮ ਕਰੇ, ਪਰ ਜੇ ਕਮਿਊਨਿਸਟ ਵਿਦਿਆ ਦੇ ਹੋਰ ਅੰਸ਼ਾਂ ਅਤੇ ਅੰਗ ਭਾਗ ਨਾਕਾਫ਼ੀ ਤੌਰ ਉਤੇ ਪੂਰੇ ਕੀਤੇ ਗਏ ਹਨ ਤਾਂ ਸੁਹਪਣ ਦਾ ਵਿਦਿਅਕ ਪ੍ਰਭਾਵ ਕਮਜ਼ੋਰ ਹੋ ਜਾਂਦਾ ਹੈ ਅਤੇ ਇਥੋਂ ਤਕ ਕੁਝ ਨਹੀਂ ਰਹਿ ਜਾਂਦਾ। ਬਚੇ ਦੇ ਅੰਦਰਲੇ ਸੰਸਾਰ ਉਤੇ ਹਰ ਪ੍ਰਭਾਵ ਤਾਂ ਹੀ ਵਿਦਿਅਕ ਸ਼ਕਤੀ ਪ੍ਰਾਪਤ ਕਰ ਸਕਦਾ ਹੈ ਜਦੋਂ ਸਾਵੀਂ ਮਹਤਤਾ ਵਾਲੇ ਅਮਲ ਇਹਦੇ ਨਾਲ ਹੀ ਨਾਲ ਕੀਤੇ ਜਾਣਾ: ਕੁਝ ਪ੍ਰਸਥਿਤੀਆਂ ਵਿਚ ਹੋ ਸਕਦਾ ਹੈ ਕਿ ਬੰਦਾ ਬੜੇ ਪਿਆਰ ਨਾਲ ਫੁਲਾਂ ਦਾ ਧਿਆਨ ਰਖੇ, ਉਹਨਾਂ ਦੇ ਸੁਹਪਣ ਦੀ ਸ਼ਲਾਘਾ ਕਰੇ ਅਤੇ ਨਾਲ ਹੀ ਨਾਲ ਸਨਕੀ, ਲਾਪਰਵਾਹ ਅਤੇ ਕਠੋਰ-ਦਿਲ ਹੋਵੇ। ਹਰ ਗਲ ਸ਼ਖ਼ਸੀਅਤ ਦੇ ਅੰਦਰਲੇ ਸੰਸਾਰ ਉਤੇ ਪ੍ਰਭਾਵ ਪਾਉਣ ਦੇ ਹੋਰ ਸਾਧਨਾਂ ਉਤੇ ਨਿਰਭਰ ਹੈ ਜਿਸਦੀ ਉਸ ਪ੍ਰਭਾਵ ਦੇ ਨਾਲ ਨਾਲ ਹੋਂਦ ਹੈ ਜਿਸ ਉਤੇ ਸਿਖਿਅਕ ਆਪਣੀਆਂ ਆਸਾਂ ਟਿਕਾਉਂਦੇ ਹਨ।

ਅਧਿਆਪਕਾਂ ਨੂੰ ਇਹਨਾਂ ਸੋਮਿਆਂ ਦਾ ਨਿਸ਼ਚਾ ਹੋ ਗਿਆ। ਸਥੂਲ, ਅਸਲੀ ਜੀਵਨ ਦੀਆਂ ਪ੍ਰਸਥਿਤੀਆਂ ਉਤੇ ਵਿਚਾਰ ਸਾਨੂੰ **ਵਿਦਿਅਕ ਪ੍ਰਭਾਵਾਂ ਦੇ ਸੁਰਮੇਲ** ਦੇ ਮਸਲੇ ਤਕ ਲਿਆਈ। ਮੇਰੀ ਰਾਏ ਵਿਚ ਇਹ ਵਿਦਿਆ ਦੀਆਂ ਬੁਨਿਆਦੀ

ਪਧਰਾਂ ਵਿਚੋਂ ਇਕ ਹੈ। ਮੈਂ ਇਹ ਤਾਂ ਉਕਾ ਹੀ ਨਹੀਂ ਸੋਚਦਾ ਕਿ ਇਹ ਪ੍ਰਸ਼ਨ ਸਾਡੇ ਸਕੂਲ ਦੇ ਵਿਦਿਅਕ ਕੰਮ ਦੇ ਅਮਲ ਵਿਚ ਹਲ ਕਰ ਲਿਆ ਗਿਆ ਹੈ ਪਰ ਤਾਂ ਵੀ ਇਹਦੇ ਹਲ ਅਤੇ ਖੋਜ ਲਈ ਬਹੁਤ ਕੁਝ ਕੀਤਾ ਗਿਆ ਹੈ। ਇਸ ਮਸਲੇ ਦਾ ਤਤ ਆਪਣੇ ਆਪ ਨੂੰ ਵਿਦਿਆ ਦੀਆਂ ਅਤਿ-ਅੰਤ ਮਹਤਵ-ਪੂਰਨ ਪਧਰਾਂ ਵਿਚੋਂ ਇਕ ਵਿਚ ਪ੍ਰਗਟ ਕਰਦਾ ਹੈ ਜੋ ਹੇਠ ਲਿਖੇ ਤੋਂ ਬਣਦੀ ਹੈ: ਸ਼ਖ਼ਸੀਅਤ ਉਤੇ ਪ੍ਰਭਾਵ ਪਾਉਣ ਦੇ ਹਰ ਸਾਧਨ ਦਾ ਵਿਦਿਅਕ ਪ੍ਰਭਾਵ ਇਸ ਗਲ ਉਤੇ ਨਿਰਭਰ ਹੈ ਕਿ ਪ੍ਰਭਾਵ ਪਾਉਣ ਦੇ ਹੋਰ ਸਾਧਨ ਕਿੰਨੇ ਚੰਗੀ ਤਰ੍ਹਾਂ ਵਿਚਾਰੇ, ਮਨੋਰਥ-ਭਰਪੂਰ ਅਤੇ ਕਾਰਗਰ ਹਨ। ਵਿਦਿਆ ਦੇ ਇਕ ਸਾਧਨ ਵਜੋਂ ਸੁਹਪਣ ਦਾ ਬਲ ਇਸ ਗਲ ਉਤੇ ਨਿਰਭਰ ਹੈ ਕਿ ਇਕ ਵਿਦਿਅਕ ਢੰਗ ਵਜੋਂ ਕਿਰਤ ਦਾ ਬਲ ਕਿਸ ਹਦ ਤਕ ਪ੍ਰਗਟ ਕੀਤਾ ਜਾ ਸਕਦਾ ਹੈ ਅਤੇ ਤਰਕ ਅਤੇ ਭਾਵਨਾਵਾਂ ਦੀ ਵਿਦਿਆ ਕਿੰਨੀ ਡੂੰਘੀ ਅਤੇ ਚੰਗੀ ਤਰ੍ਹਾਂ ਵਿਚਾਰੀ ਹੋਈ ਹੈ। ਅਧਿਆਪਕ ਦੇ ਸ਼ਬਦ ਤਾਂ ਹੀ ਵਿਦਿਅਕ ਸ਼ਕਤੀ ਪ੍ਰਾਪਤ ਕਰ ਸਕਦੇ ਹਨ ਜੇ ਬਚੇ ਦੇ ਮਨ ਵਿਚ ਇਛਾ ਹੋਵੇ ਕਿ ਉਹ ਵਡਿਆਂ ਦੀ ਉਦਾਹਰਣ ਉਤੇ ਅਮਲ ਕਰੇ ਅਤੇ ਜਦੋਂ ਹੋਰ ਸਾਰੇ ਵਿਦਿਅਕ ਢੰਗ ਸਦਾਚਾਰਕ ਪਵਿਤਰਤਾ ਅਤੇ ਉਚਤਾ ਨਾਲ ਗੜੁਚੇ ਹੋਣ।

ਵਿਦਿਅਕ ਪ੍ਰਭਾਵਾਂ ਵਿਚ ਸੈਂਕੜੇ ਅਤੇ ਹਜ਼ਾਰਾਂ ਨਿਰਭਰਤਾਵਾਂ ਅਤੇ ਸ਼ਰਤੀਤਾਵਾਂ ਹਨ। ਅੰਤਲੇ ਵਿਸ਼ਲੇਸ਼ਣ ਵਿਚ ਵਿਦਿਆ ਦੀ ਕਾਰਗਰਤਾ ਉਸ ਢੰਗ ਰਾਹੀਂ ਮਿਥੀ ਜਾਂਦੀ ਹੈ ਜਿਸ ਵਿਚ ਇਹਨਾਂ ਨਿਰਭਰਤਾਵਾਂ ਅਤੇ ਸ਼ਰਤੀਤਾਵਾਂ ਨੂੰ ਮੁਖ ਰਖਿਆ ਜਾਂਦਾ ਹੈ ਜਾਂ, ਵਧੇਰੇ ਸ਼ੁਧਤਾ ਨਾਲ ਅਮਲ ਵਿਚ ਪੂਰਾ ਕੀਤਾ ਜਾਂਦਾ ਹੈ। ਮੇਰੀ ਰਾਏ ਵਿਚ ਸਾਰੇ ਅਕਾਊ ਅਲਜ਼ਾਮ ਕਿ ਵਿਦਿਆ ਦਾ ਵਿਗਿਆਨ ਜੀਵਨ ਨਾਲ ਪੈਰ ਮਿਲਾਕੇ ਨਹੀਂ ਚਲਦਾ ਇਸ ਤਥ ਨੂੰ ਅਖੋਂ ਉਹਲੇ ਕਰਨ ਤੋਂ ਪੈਦਾ ਹੁੰਦਾ ਹੈ ਕਿ ਸ਼ਖ਼ਸੀਅਤ ਉਤੇ ਹਰ ਪ੍ਰਭਾਵ ਆਪਣਾ ਬਲ ਗੁਆ ਬਹਿੰਦਾ ਹੈ ਜੇ ਹੋਰ ਅਜਿਹੇ ਸੈਂਕੜੇ ਪ੍ਰਭਾਵ ਨਾ ਹੋਣ ਅਤੇ ਜੇ ਹੋਰ ਸੈਂਕੜੇ ਪਧਰਾਂ ਨੂੰ ਪੂਰਾ ਨਹੀਂ ਕੀਤਾ ਜਾਂਦਾ ਤਾਂ ਕੋਈ ਵੀ ਪਧਰ ਥੱਥੇ ਸ਼ਬਦ ਬਣਕੇ ਰਹਿ ਜਾਂਦੀ ਹੈ। ਵਿਦਿਆ ਦਾ ਵਿਗਿਆਨ ਇਸ ਗਲ ਵਿਚ ਪਛੜਿਆ ਹੈ ਕਿ ਇਹ ਵਿਅਕਤੀ ਉਤੇ ਦਰਜਨਾਂ ਅਤੇ ਸੈਂਕੜੇ ਨਿਰਭਰਤਾਵਾਂ ਅਤੇ ਅੰਤਰ-ਨਿਰਭਰਤਾਵਾਂ ਦੇ ਪ੍ਰਭਾਵ ਦੀ ਪੜਤਾਲ ਕਰਨ ਵਿਚ ਅਸਫਲ ਰਿਹਾ ਹੈ। ਇਹ ਨਿਸ਼ਚਿਤ ਵਿਗਿਆਨ ਤਾਂ ਹੀ ਬਣੇਗਾ ਜਦੋਂ ਇਹ ਵਿਦਿਅਕ ਵਰਤਾਰਿਆਂ ਦੀਆਂ ਸੂਖਮ ਨਿਰਭਰਤਾਵਾਂ ਅਤੇ ਸ਼ਰਤੀਤਾਵਾਂ ਦੀ ਖੋਜ ਕਰੇਗਾ ਅਤੇ ਉਹਨਾਂ ਦੀ ਵਿਆਖਿਆ ਕਰੇਗਾ।

...ਫੁਲਾਂ ਦੇ ਕਈ ਤਿਹਾਰ ਸਥਾਪਤ ਹੋ ਗਏ। ਫੁਲਾਂ ਦਾ ਬਸੰਤ ਰੁਤ ਦਾ ਤਿਹਾਰ ਸੋਸਨ, ਗੁਲ-ਲਾਲਾ ਅਤੇ ਡੇਕ ਦੇ ਫੁਲਾਂ ਦਾ ਤਿਹਾਰ ਸੀ। ਉਸ ਦਿਨ ਅਸੀਂ ਜੰਗਲ ਵਿਚ ਅਤੇ ਡੇਕ ਦੇ ਉਸ ਬਾਗ਼ ਵਿਚ ਜਾਂਦੇ ਜਿਹੜਾ ਅਸਾਂ ਆਪਣੇ ਸਕੂਲੀ ਜੀਵਨ ਦੀ ਪਹਿਲੀ ਪਤ-ਝੜ ਵਿਚ ਲਾਇਆ ਸੀ; ਹਰ ਬਚਾ ਰੰਗਾਂ ਦਾ

ਦੁਹਰਾਇਆ ਨਾ ਜਾ ਸਕਣ ਵਾਲਾ ਸੁਮੇਲ ਸਥਾਪਤ ਕਰਦੇ ਹੋਏ ਇਕ ਨਿਕਾ ਗੁਲਦਸਤਾ ਤਿਆਰ ਕਰਦਾ। ਅਸੀਂ ਘਾਹ ਦੇ ਤਖ਼ਤੇ ਉਤੇ ਗਏ ਅਤੇ ਗੁਲਦਸਤਿਆਂ ਦੇ ਸੁਹਪਣ ਨੂੰ ਮਾਣਿਆ। ਅਸਾਂ ਇਹ ਆਪਣੀਆਂ ਮਾਵਾਂ ਅਤੇ ਆਪਣੇ ਮਿਤਰਾਂ ਦਾਦੇ ਆਂਦਰੇਈ ਅਤੇ ਦਾਦੀ ਓਲਗਾ ਨੂੰ ਦਿਤੇ। ਅਸਾਂ ਸਕੂਲ ਤੋਂ ਛੋਟੀ ਉਮਰ ਦੇ ਬਚਿਆਂ ਨੂੰ ਬੁਲਾਇਆ ਅਤੇ ਉਹਨਾਂ ਨੂੰ ਨਿਕੇ ਗੁਲਦਸਤੇ ਦਿਤੇ।

ਦੂਜਾ ਤਿਹਾਰ ਗੁਲਾਬਾਂ ਦਾ ਤਿਹਾਰ ਸੀ। ਅਸੀਂ ਸਕੂਲ ਦੇ ਗੁਲਾਬ ਦੇ ਬਾਗ਼ ਅਤੇ ਬਾਗ਼ਾਂ ਵਾਲੇ ਪਲਾਟਾਂ ਵਿਚੋਂ ਗੁਲਾਬ ਦੇ ਗੁਲਦਸਤੇ ਇਕਠੇ ਕਰਦੇ। ਪੜ੍ਹਾਈ ਦੇ ਦੂਜੇ ਵਰ੍ਹੇ ਲਗ ਭਗ ਸਾਰੇ ਬਚਿਆਂ ਦੇ ਘਰਾਂ ਵਿਚ ਗੁਲਾਬ ਸਨ। ਗੁਲਾਬਾਂ ਦੇ ਸਭ ਤੋਂ ਸੁਹਣੇ ਗੁਛੇ ਅਸੀਂ ਦਾਦਾ ਆਂਦਰੇਈ ਅਤੇ ਦਾਦੀ ਓਲਗਾ ਨੂੰ ਦੇਂਦੇ।

ਤੀਜਾ ਤਿਹਾਰ ਜੰਗਲੀ ਫੁਲਾਂ ਦਾ ਤਿਹਾਰ ਸੀ। ਇਹ ਬਚਿਆਂ ਨੂੰ ਸਭ ਤੋਂ ਵਧ ਖ਼ੁਸ਼ੀ ਦੇਂਦਾ। ਅਸੀਂ ਸਵੇਰੇ ਖੇਤ ਵਿਚ ਜਾਂਦੇ ਜਿਥੇ ਫੁਲ ਵਿਸ਼ੇਸ਼ ਤੌਰ ਉਤੇ ਸੁਹਣੇ ਸਨ। ਜੰਗਲੀ ਫੁਲਾਂ ਦਾ ਸੁਹਣਾ ਗੁਲਦਸਤਾ ਇਕਠਾ ਕਰਨਾ ਸਚੀ ਰਚਨਾਤਮਕਤਾ ਹੈ। ਅਸੀਂ ਗੁਲਦਸਤੇ ਸਕੂਲ ਲਿਆਉਂਦੇ, ਆਰਾਮ ਕਰਦੇ ਹੋਏ ਅਤੇ ਆਪਣੇ ਬਾਗ਼ ਵਿਚ ਫੁਲਾਂ ਦੇ ਖਿੜਣ ਦੇ ਸੁਪਨੇ ਲੈਂਦੇ। ਅਸਾਂ ਉਹਨਾਂ ਥਾਵਾਂ ਵਲ ਵਿਸ਼ੇਸ਼ ਧਿਆਨ ਦਿਤਾ ਜਿਥੇ ਸਭ ਤੋਂ ਸੁਹਣੇ ਫੁਲ ਉਗਦੇ ਸਨ ਅਤੇ ਪਤ-ਝੜ ਦੀ ਰੁਤੇ ਉਥੋਂ ਬੀਅ ਅਤੇ ਗੰਢੇ ਇਕਠੇ ਕੀਤੇ। ਫਿਰ ਅਸਾਂ ਉਹ ਆਪਣੇ ਬਾਗ਼ ਵਿਚ ਲਾਏ ਅਤੇ ਸਾਡੇ ਬਾਗ਼ ਵਿਚ ਕਾਰਨ-ਫ਼ਲਾਵਰ ਅਤੇ ਗੁਲ-ਬਹਾਰ ਖਿੜ ਪਏ।

ਪਤ-ਝੜ ਦਾ ਫੁਲਾਂ ਦਾ ਤਿਆਰ, ਜਾਂ ਗੁਲ-ਦਾਊਦੀ ਦਾ ਤਿਹਾਰ ਹੁਨਾਲ ਨੂੰ ਸੋਗੀ ਵਿਦਿਆ ਕਹਿਣਾ ਸੀ। ਅਸੀਂ ਇਹਨੂੰ ਵਧ ਤੋਂ ਵਧ ਦੇਰ ਨਾਲ ਮਨਾਉਣ ਲਈ ਬਹੁਤ ਮਿਹਨਤ ਕਰਦੇ।... ਅਸੀਂ ਗੁਲ-ਦਾਊਦੀ ਦੇ ਬੂਟਿਆਂ ਦੀ ਹਵਾ ਅਤੇ ਕਕਰਾਂ ਤੋਂ ਰਖਿਆ ਕਰਦੇ ਅਤੇ ਰਾਤਾਂ ਨੂੰ ਉਹਨਾਂ ਨੂੰ ਕਾਗ਼ਜ਼ ਦੀਆਂ ਟੋਪੀਆਂ ਨਾਲ ਕਜ ਦੇਂਦੇ। ਪਤ-ਝੜ ਦੇ ਫੁਲਾਂ ਦੇ ਤਿਹਾਰ ਤੋਂ ਪਿਛੋਂ ਅਸੀਂ ਬੂਟਿਆਂ ਦਾ ਗਚ ਕਢ ਕੇ ਉਹਨਾਂ ਨੂੰ ਗਰਮਖਾਨਿਆਂ ਵਿਚ ਲਾ ਦੇਂਦੇ।

ਤੀਜੀ ਸ਼੍ਰੇਣੀ ਵਿਚ ਬਚਿਆਂ ਨੇ ਸਨੋ-ਡਰਾਪ ਦਾ ਤਿਹਾਰ ਪਹਿਲੀ ਵਾਰ ਮਨਾਇਆ। ਜੰਗਲ ਵਿਚ ਭੋਂ ਉਤੇ ਅਜੇ ਬਰਫ਼ ਹੈ ਸੀ ਪਰ ਧਰਤੀ ਆਪਣੀ ਸਿਆਲੀ ਨੀਂਦ ਤੋਂ ਜਾਗ ਪਈ ਸੀ। ਜਿਥੋਂ ਰੁਖ ਕਟ ਦਿਤੇ ਗਏ ਸਨ ਉਥੇ ਪਹਿਲੇ ਜਾਮਨੀ, ਨੀਲੇ ਅਤੇ ਚਿਟੇ ਬਿਲਿਊਬੈਨ ਦੇ ਫੁਲ ਉਗ ਪਏ। ਉਸ ਦਿਨ ਬਚੇ ਇਹਨਾਂ ਦੇ ਗੁਲਦਸਤੇ ਆਪਣੀਆਂ ਮਾਵਾਂ ਨੂੰ ਦਿਤੇ।

ਮੈਂ ਜਤਨ ਕੀਤਾ ਕਿ ਬਚੇ ਕੰਮ ਵਿਚ ਖ਼ੁਸ਼ੀ ਅਨੁਭਵ ਕਰਨਾ। ਬੰਦੇ ਨੂੰ ਕੇਵਲ ਸਿਰ ਲੁਕਾਉਣ ਲਈ ਛਤ ਖੜੀ ਕਰਨ ਲਈ ਹੀ ਕੰਮ ਨਹੀਂ ਕਰਨਾ ਚਾਹੀਦਾ ਸਗੋਂ ਇਸ ਲਈ ਵੀ ਕਰਨਾ ਚਾਹੀਦਾ ਹੈ ਕਿ ਉਹਨੇ ਜਿਹੜਾ ਮਕਾਨ ਬਣਾਇਆ ਹੈ ਉਹਦੇ ਨੇੜੇ ਫੁਲ ਖਿੜੇ ਹੋਣ—ਫੁਲ ਜਿਹੜੇ ਉਹਨੂੰ ਅਤੇ ਹੋਰਨਾਂ ਨੂੰ ਖ਼ੁਸ਼ੀ ਦੇਂਦੇ

ਹਨ। ਬਚਪਨ ਤੋਂ ਬੰਦੇ ਨੂੰ ਖ਼ੁਸ਼ੀ ਸਿਰਜਣ ਲਈ ਕੰਮ ਕਰਨਾ ਚਾਹੀਦਾ ਹੈ।

ਬਚਿਆਂ ਦੇ ਸਕੂਲ ਦੀ ਪੜ੍ਹਾਈ ਸ਼ੁਰੂ ਕਰਨ ਤੋਂ ਇਕ ਵਰ੍ਹਾ ਪਿਛੋਂ ਉਹਨਾਂ ਦੇ ਮਾਤਾ ਪਿਤਾ ਦੇ ਬਾਗ਼ ਵਾਲੇ ਪਲਾਟਾਂ ਵਿਚ ਸੁਹਪਣ ਦੀ ਇਕ ਨੁਕਰ ਆ ਗਈ। ਲਗ ਭਗ ਸਾਰੇ ਬਚਿਆਂ ਨੇ ਗੁਲਾਬ ਲਾਏ। ਇਸ ਤੋਂ ਬਿਨਾਂ ਹਰ ਬਚੇ ਦਾ ਆਪਣਾ ਮੰਨ-ਪਸੰਦ ਫੁਲ ਸੀ। ਵਾਰੀਆ, ਲੀਦਾ, ਪਾਵਲੋ, ਸੇਰਯੋਜ਼ਾ, ਕਾਤੀਆ, ਲਾਰੀਸਾ ਅਤੇ ਕੋਸਤੀਆ ਨੂੰ ਗੁਲ-ਦਾਊਦੀ ਪਸੰਦ ਸਨ। ਸਾਨੀਆ, ਜ਼ੀਨਾ, ਲਿਊਬਾ, ਲਿਊਦਾ ਅਤੇ ਸਾਸ਼ਾ ਕਾਰਨੇਸ਼ਨ ਅਤੇ ਗੁਲ-ਲਾਲਾ ਉਗਾਉਂਦੇ। ਵਾਨੀਆ, ਵਿਤੀਆ ਅਤੇ ਪੈਤਰਿਕ ਕੋਲ ਡੇਕ ਦੇ ਕਈ ਬੂਟੇ ਸਨ। ਮੈਂ ਬਚਿਆਂ ਨੂੰ ਸਿਖਾਇਆ ਕਿ ਫੁਲਾਂ ਦਾ ਧਿਆਨ ਕਿਵੇਂ ਰਖਣਾ ਚਾਹੀਦਾ ਹੈ, ਕਿਵੇਂ ਪੌਦ ਉਗਾਈ ਦੀ ਹੈ ਅਤੇ ਬੂਟਿਆਂ ਲਈ ਸਭ ਤੋਂ ਚੰਗੀ ਥਾਂ ਕਿਵੇਂ ਚੁਣੀ ਜਾਂਦੀ ਹੈ।

ਫੁਲਾਂ ਲਈ ਪਿਆਰ ਕੋਲੀਆ ਅਤੇ ਉਹਦੀ ਮਾਂ ਵਿਚਕਾਰ ਬੋਲ-ਬੁਲਾਰੇ ਦਾ ਕਾਰਨ ਬਣ ਗਿਆ। ਬਚਾ ਗਰਮਖ਼ਾਨੇ ਵਿਚ ਕੰਮ ਕਰਨਾ ਪਸੰਦ ਕਰਦਾ। ਮੈਂ ਉਹਨੂੰ ਗੁਲ-ਦਾਊਦੀ ਦੇ ਤਿੰਨ ਬੂਟੇ ਦਿਤੇ ਅਤੇ ਉਹਨੂੰ ਸਿਖਾਇਆ ਕਿ ਉਹਨਾਂ ਨੂੰ ਕਿਵੇਂ ਲਾਉਣਾ ਹੈ। ਇਹਦੇ ਨਾਲ ਹੀ ਨਾਲ ਅਸਾਂ ਬਚਿਆਂ ਵਿਚ ਚੰਗੀ ਨਸਲ ਦੇ ਟਮਾਟਰਾਂ ਦੇ ਨਿਕੇ ਬੂਟੇ ਦਿਤੇ। ਕੋਲੀਆ ਗੁਲ-ਦਾਊਦੀ ਦੇ ਨਾਲ ਨਾਲ ਟਮਾਟਰ ਦੇ ਇਕ ਦਰਜਨ ਬੂਟੇ ਘਰ ਲੈ ਗਿਆ। ਮਾਂ ਨੇ ਟਮਾਟਰ ਲਾਏ ਅਤੇ ਕੋਲੀਆ ਨੇ ਗੁਲ-ਦਾਊਦੀ। ਦੋ ਹਫ਼ਤੇ ਪਿਛੋਂ ਮਾਂ ਨੇ ਗੁਲ-ਦਾਊਦੀ ਦੇ ਬੂਟੇ ਵੇਖੇ ਜਿਨ੍ਹਾਂ ਚੰਗੀ ਜੜ੍ਹ ਫੜ ਲਈ ਸੀ ਅਤੇ ਉਹਨਾਂ ਨੂੰ ਬਾਹਰ ਸੁਟ ਦਿਤਾ। ਬਚੇ ਨੇ ਜੰਗਲੇ ਕੋਲ ਸੁਟੇ ਹੋਏ ਫੁਲ ਵੇਖੇ, ਰੋਣ ਲਗ ਪਿਆ ਅਤੇ ਨਠਦਾ ਹੋਇਆ ਆਪਣੀ ਮਾਂ ਕੋਲ ਗਿਆ। ਇਸਤ੍ਰੀ ਹਸਣ ਲਗ ਪਈ: "ਕੀ ਮਤਲਬ ਤੈਨੂੰ ਹੁਣੇ ਤੋਂ ਫੁਲਾਂ ਉਤੇ ਤਰਸ ਆਉਣ ਲਗ ਪਿਆ ਹੈ? ਸਾਨੂੰ ਉਹਨਾਂ ਦੀ ਕੀ ਲੋੜ ਏ? ਅਸੀਂ ਆਪਣੀ ਸਾਰੀ ਉਮਰ ਉਹਨਾਂ ਤੋਂ ਬਿਨਾਂ ਜਿਉਂਦੇ ਰਹੇ ਹਾਂ ਤੇ ਅਜਿਹਾ ਕਰਦੇ ਰਹਾਂਗੇ।" ਕੋਲੀਆ ਨੇ ਚੁਪ ਚਾਪ ਫੁਲ ਲਏ ਅਤੇ ਚੁਪ ਚਾਪ ਦਾਣਿਆਂ ਦੀ ਕੋਠੀ ਪਿਛੇ ਬੀਜ ਦਿਤੇ।

ਕੁਝ ਸਮਾਂ ਪਿਛੋਂ ਮੁੰਡੇ ਨੇ ਆਪਣੀ ਮਾਂ ਨੂੰ ਕਈ ਅਸਮਾਨੀ ਰੰਗੇ ਫੁਲ ਦਿਤੇ ਅਤੇ ਕਿਹਾ: "ਅੰਮਾਂ, ਵੇਖ ਕਿੰਨੇ ਸੁਹਣੇ ਫੁਲ ਨੇ।" ਬਚੇ ਨੇ ਕਿੰਨੀਆਂ ਗੁੰਝਲਦਾਰ ਭਾਵਨਾਵਾਂ ਇਹਨਾਂ ਸ਼ਬਦਾਂ ਵਿਚ ਪ੍ਰਗਟ ਕੀਤੀਆਂ। ਅਸਲ ਵਿਚ ਉਹ ਕਹਿਣਾ ਚਾਹੁੰਦਾ ਸੀ: "ਅੰਮਾਂ, ਮੇਰਾ ਜੀਅ ਕਰਦੈ ਸਾਡੇ ਪਰਵਾਰ ਵਿਚ ਜੀਵਨ ਇਹਨਾਂ ਫੁਲਾਂ ਜਿਹਾ ਸੁਹਣਾ ਹੋਵੇ।"

ਬਚੇ "ਪੰਛੀਆਂ ਦੇ ਹਸਪਤਾਲ" ਵਿਚ ਬੜੇ ਉਤਸ਼ਾਹ ਨਾਲ ਕੰਮ ਕਰਦੇ।

ਝਖੜ ਤੋਂ ਪਿਛੋਂ ਅਸੀਂ ਜੰਗਲ ਵਿਚ ਜਾਂਦੇ ਅਤੇ ਹਰ ਵਾਰ ਬੋਟ ਲਭ ਲੈਂਦੇ ਜਿਹੜੇ ਆਲ੍ਹਣੇ ਤੋਂ ਧਰਤੀ ਉਤੇ ਡਿਗ ਪਏ ਸਨ। "ਪੰਛੀਆਂ ਦੇ ਹਸਪਤਾਲ" ਵਿਚ ਬਚਿਆਂ ਦੀਆਂ ਆਵਾਜ਼ਾਂ ਲਗ ਭਗ ਹਰ ਸਮੇ ਸੁਣੀਆਂ ਜਾ ਸਕਦੀਆਂ।... ਅਤੇ

ਸਿਆਲ ਕਰੜੇ ਕਕਰਾਂ ਦੇ ਸਮੇ ਬਚਿਆਂ ਨੇ ਪੰਛੀਆਂ ਦੇ ਚੋਗੇ ਵਾਲਾ ਇਕ ਭਾਂਡਾ, ਜਿਸ ਵਿਚ ਕਦੂ ਦੇ ਬੀਅ ਸਨ ਹਸਪਤਾਲ ਦੀ ਬਾਰੀ ਦੇ ਬਾਹਰ ਰਖ ਦਿਤਾ। ਅਨੇਕ ਨੀਲੇ ਟਿਟਮਾਊਸ ਉਥੇ ਚੋਗਾ ਚੁਗਣ ਆਉਂਦੇ। ਜੇ ਕਾਫ਼ੀ ਦਾਣਾ ਨਾ ਹੁੰਦਾ ਤਾਂ ਉਹ ਮੰਗ ਕਰਦੇ ਹੋਏ ਚੀਂ ਚੀਂ ਕਰਦੇ। ਬਚੇ ਬੀਅ ਮੇਜ਼ ਉਤੇ ਖਿਲਾਰ ਦੇਂਦੇ ਅਤੇ ਟਿਟਮਾਊਸ ਕਮਰੇ ਦੇ ਅੰਦਰ ਆਕੇ ਦਾਣਾ ਚੁਗਦੇ। ਹੌਲੀ ਹੌਲੀ ਪੰਛੀ ਬਚਿਆਂ ਦੇ ਆਦੀ ਹੋ ਗਏ ਅਤੇ ਵਧੇਰੇ ਸਮਾਂ ਉਥੇ ਰਹਿੰਦੇ। ਸਖ਼ਤ ਠੰਢੀਆਂ ਰਾਤਾਂ ਨੂੰ, ਜਦੋਂ ਬਰਫ਼ ਜੰਮ ਜਾਂਦੀ, ਉਹ ਬਾਹਰ ਜਾਂਦੇ ਹੀ ਨਾ। ਉਹ ਬਚਿਆਂ ਦੇ ਹਥਾਂ, ਮੋਢਿਆਂ ਅਤੇ ਸਿਰਾਂ ਉਤੇ ਬੈਠੇ ਖ਼ੁਸ਼ੀ ਨਾਲ ਚੂੰ ਚੂੰ ਕਰਦੇ। ਧੁਪਿਆਲੇ ਦਿਨੀਂ ਪੰਛੀ ਚੋਗਾ ਚੁਗਣ ਆਉਂਦੇ ਅਤੇ ਫਿਰ ਇਕ ਦਮ ਬਾਹਰ ਉਡ ਜਾਂਦੇ। ਬਚੇ ਆਪਣੇ ਖੰਭਾਂ ਵਾਲੇ ਮਿਤਰਾਂ ਤੋਂ ਵਿਛੜਨਾ ਨਹੀਂ ਸਨ ਚਾਹੁੰਦੇ। ਜਾਪਦਾ ਸੀ ਪੰਛੀ ਵੀ ਇਹ ਅਨੁਭਵ ਕਰਦੇ ਹਨ: ਬਚਿਆਂ ਨੂੰ ਉਹਨਾਂ ਦੀ ਚੂੰ ਚੂੰਵਿਚ ਮਾਫ਼ੀ ਮੰਗਦੀ ਆਵਾਜ਼ ਜਾਪਦੀ—ਸਾਨੂੰ ਖਿਮਾ ਕਰਨਾ, ਪਰ ਅਸੀਂ ਹੋਰ ਦੇਰ ਨਹੀਂ ਠਹਿਰ ਸਕਦੇ।

ਕੋਲੀਆ, ਯੂਰਾ, ਸਾਸ਼ਾ, ਕੋਸਤੀਆ ਅਤੇ ਪਾਵਲੋ ਘੰਟਿਆਂ-ਬਧੀ "ਪੰਛੀਆਂ ਦੇ ਹਸਪਤਾਲ" ਵਿਚ ਰਹਿੰਦੇ। ਮੈਂ ਬਚਿਆਂ ਨੂੰ ਕਿਹਾ ਕਿ ਉਹ ਆਪਣੇ ਘਰਾਂ ਵਿਚ ਪੰਛੀਆਂ ਦੇ ਚੋਗੇ ਲਈ ਭਾਂਡੇ ਬਣਾਉਣ। ਕਦੂ ਦੇ ਬੀਆਂ ਵਾਲੇ ਨਿਕੇ ਫਟੇ ਉਹਨਾਂ ਦੀਆਂ ਬਾਰੀਆਂ ਕੋਲ ਲਗ ਗਏ ਅਤੇ ਪਾਵਲੋ ਨੇ ਲਕੜੀ ਦਾ ਇਕ ਨਿਕਾ ਜਿਹਾ ਖੁਡਾ ਬਣਾਇਆ।

ਪਹਿਲੀ ਨਜ਼ਰੇ ਜਾਪ ਸਕਦਾ ਹੈ ਕਿ ਇਹਦਾ ਵਿਦਿਆ ਨਾਲ ਕੋਈ ਸੰਬੰਧ ਨਹੀਂ। ਪਰ ਯਥਾਰਥ ਵਿਚ ਜਿਉਂਦੇ ਜੀਵਾਂ ਦਾ ਧਿਆਨ ਰਖਣਾ ਭਾਵੁਕਤਾ ਅਤੇ ਨਿਘ ਸਿਖਾਉਂਦਾ ਹੈ।

ਤੀਜੀ ਸ਼੍ਰੇਣੀ ਤੋਂ ਲੈਕੇ ਚੰਡੋਲ ਦਾ ਜਸ਼ਨ, ਜਿਸਦਾ ਪਿਛੇ ਜ਼ਿਕਰ ਕੀਤਾ ਹੈ, ਕਿਰਤ ਅਤੇ ਕਲਾਤਮਕ ਰਚਨਾਤਮਕਤਾ ਦਾ ਅਭਰਿਠ ਜਸ਼ਨ ਬਣ ਗਿਆ। ਕੁੜੀਆਂ ਗੁੰਨ੍ਹੇ ਘਾਟੇ ਦੇ ਨਿਕੇ ਨਿਕੇ ਚੰਡੋਲ ਪਕਾਉਂਦੀਆਂ। ਹਰ ਇਕ ਆਪਣੀ ਸਾਦੀ ਰਚਨਾ ਵਿਚ ਪੰਛੀ ਦੀ ਤੇਜ਼ ਉਡਾਰੀ ਪ੍ਰਗਟ ਕਰਨ ਦਾ ਜਤਨ ਕਰਦੀ। ਕੁੜੀਆਂ ਆਪੋ ਆਪਣੇ ਚੰਡੋਲ ਇਕ ਦੂਜੇ ਨੂੰ ਵਿਖਾਉਂਦੀਆਂ ਅਤੇ ਉਹਨਾਂ ਨੂੰ ਉਹਨਾਂ ਵਿਚ ਹਰਕਤ ਹੀ ਨਹੀਂ ਸਗੋ ਗੀਤ ਵੀ ਦਿਸਦਾ। "ਤੇਰਾ ਚੰਡੋਲ ਚੁਪ ਏ ਪਰ ਮੇਰਾ ਗਾਉਂਦੈ," ਉਹਨਾਂ ਗਲਾਂ ਵਿਚੋਂ ਇਕ ਸੀ ਜਿਹੜੀਆਂ ਉਸ ਦਿਨ ਸੁਣੀਆਂ ਜਾ ਸਕਦੀਆਂ ਸਨ।

ਜਦੋਂ ਬਚੇ ਬਾਲਗ਼ ਹੋ ਜਾਣਗੇ ਤਾਂ ਉਹ ਖੇਤਾਂ ਅਤੇ ਪਸ਼ੂ-ਪਾਲ ਫ਼ਾਰਮ ਵਿਚ ਕੰਮ ਸ਼ੁਰੂ ਕਰ ਦੇਣਗੇ; ਉਹ ਹਾਲੀ ਅਤੇ ਦੁਧ ਚੋਣ ਵਾਲੀਆਂ, ਖੇਤੀ ਮਾਹਰ ਅਤੇ ਮਾਲੀ ਬਣਨਗੇ। ਇਹ ਲਾਜ਼ਮੀ ਸੀ ਕਿ ਉਹਨਾਂ ਨੂੰ ਭੋ ਉਤੇ ਜਾਂ ਫ਼ਾਰਮ ਵਿਚ ਕੰਮ ਕਰਨ ਦੇ ਸਾਦੇ ਸੁਹਪਣ ਨੂੰ ਅਨੁਭਵ ਕਰਨਾ ਸਿਖਾਇਆ ਜਾਵੇ। ਇਹ ਲਾਜ਼ਮੀ ਹੈ ਕਿ ਖੇਤੀ ਦਾ ਸਾਧਾਰਨ ਕੰਮ ਬਚਿਆਂ ਨੂੰ ਖ਼ੁਸ਼ੀ ਦੇਵੇ। ਅਤੇ ਖੇਡਾਂ ਅਤੇ ਕੰਮ ਦੀ

ਸਰਗਰਮੀ ਵਿਚ ਸਮੂਹਕ ਪ੍ਰੇਰਨਾ, ਟੋਲੀਆਂ ਦੇ ਪ੍ਰਸਪਰ ਸੰਬੰਧਾਂ ਵਿਚ ਸੁਹਪਣ—ਮਿਤਰਤਾ, ਸਾਥੀਪੁਣਾ ਅਤੇ ਪ੍ਰਸਪਰ ਸਹਾਇਤਾ—ਤੋਂ ਬਿਨਾਂ ਇਹ ਅਸੰਭਵ ਹੈ। ਮੇਰੇ ਵਿਦਿਆਰਥੀ ਸਦਾ ਟੋਲੀ ਦੇ ਕੰਮ ਦੇ ਨੇੜੇ ਅਨੁਭਵ ਕਰਦੇ ਅਤੇ ਉਹਦੇ ਸਿਟਿਆਂ ਸੰਬੰਧੀ ਚਿੰਤਾ ਵਿਖਾਉਂਦੇ। ਸਾਡੀ ਸ੍ਰੇਣੀ ਨੂੰ ਰਲ ਕੇ ਕੰਮ ਕਰਨ ਦੀ ਆਦਤ ਪੈ ਗਈ।

ਬਸੰਤ ਰੁਤ ਦੇ ਸ਼ੁਰੂ ਵਿਚ ਅਸੀਂ ਪਸ਼ੂ-ਪਾਲ ਫ਼ਾਰਮ ਵਿਚ ਤਾਨੀਆ ਦੇ ਪਿਤਾ ਨੂੰ ਮਿਲਣ ਗਏ। ਉਹਨੇ ਕੋਠੇ ਵਿਚ ਇਕ ਨਿਘੀ ਥਾਂ ਚੁਣੀ ਅਤੇ ਉਥੇ ਇਕ ਵਾੜੇ ਵਿਚ ਸਾਡੇ ਲਈ ਚਾਰ ਲੇਲੇ ਰਖ ਦਿਤੇ। ਉਹਨੇ ਸਭ ਤੋਂ ਕਮਜ਼ੋਰ ਲੇਲੇ ਚੁਣੇ। ਅਸੀਂ ਜੀਵਨ ਦੇ ਇਹਨਾਂ ਢੇਲਿਆਂ ਦਾ ਧਿਆਨ ਰਖਾਂਗੇ, ਰੋਜ਼ ਉਹਨਾਂ ਨੂੰ ਤੂੜੀ ਖਵਾਣ ਅਤੇ ਦੁਧ ਪਿਆਉਣ ਆਵਾਂਗੇ, ਇਥੋਂ ਤਕ ਕਿ ਉਹ ਤਕੜੇ ਹੋ ਜਾਣ, ਮੈਂ ਬਚਿਆਂ ਨੂੰ ਦਸਿਆ।

ਇਹ ਅਕਸਰ ਕਿਹਾ ਜਾਂਦਾ ਹੈ ਕਿ ਕੁਝ ਬਚੇ ਅਜਿਹੇ ਹਨ ਜਿਹੜੇ ਇੰਨੇ ਆਲਸੀ ਹੁੰਦੇ ਹਨ ਕਿ ਉਹਨਾਂ ਦੀ ਉਕਾ ਹੀ ਕਿਸੇ ਗਲ ਵਿਚ ਦਿਲਚਸਪੀ ਨਹੀਂ ਹੁੰਦੀ ਅਤੇ ਕੁਝ ਦਿਲ ਇੰਨੇ ਕਰੜੇ ਹੁੰਦੇ ਹਨ ਕਿ ਉਹਨਾਂ ਉਤੇ ਕਿਸੇ ਗਲ ਦਾ ਪ੍ਰਭਾਵ ਨਹੀਂ ਪੈਂਦਾ। ਅਜਿਹਾ ਨਹੀਂ ਹੁੰਦਾ। ਛੋਟੇ ਬਚਿਆਂ ਨੂੰ (ਗਭਰੇਟਾਂ ਨੂੰ ਨਹੀਂ—ਯਾਰ੍ਹਾਂ ਜਾਂ ਬਾਰਾਂ ਦੀ ਉਮਰੇ ਪਹਿਲਾਂ ਹੀ ਬਹੁਤ ਦੇਰ ਹੋ ਚੁਕੀ ਹੁੰਦੀ ਹੈ) ਅਜਿਹੇ ਕੰਮ ਕਰਨ ਨਾਲ, ਉਦਾਹਰਣ ਵਜੋਂ, ਪਸ਼ੂ-ਪਾਲ ਫ਼ਾਰਮ ਉਤੇ ਨਿਕੇ ਲੇਲਿਆਂ ਦਾ ਧਿਆਨ ਰਖਣ, ਪ੍ਰੇਰਨਾ ਦਿਓ। ਬਚਿਆਂ ਨਾਲ ਇਕ ਜਾਂ ਦੋ ਮਹੀਨੇ ਕੰਮ ਕਰੋ ਅਤੇ ਤੁਸੀਂ ਵੇਖੋਗੇ ਕਿਵੇਂ ਕਰੜੇ ਤੋਂ ਕਰੜੇ ਦਿਲਾਂ ਵਿਚ ਬਰਫ਼ ਪਿਘਲ ਜਾਂਦੀ ਹੈ। ਜੇ ਬਚੇ ਰਲਕੇ ਕੰਮ ਕਰਨਾ ਪਸੰਦ ਕਰਦੇ ਹਨ ਤਾਂ ਵਡੇ ਹੋਕੇ ਉਹ ਮਿਹਨਤ ਕਰਨਗੇ। ਸਾਡੀ ਸ੍ਰੇਣੀ ਵਿਚ ਇਕ ਵੀ ਲਾਪਰਵਾਹ, ਆਲਸੀ ਵਿਦਿਆਰਥੀ ਨਹੀਂ ਸੀ ਅਤੇ ਇਹ ਬਚਿਆਂ ਦੇ ਸਾਦੀ ਕਿਰਤ ਤੋਂ ਪ੍ਰੇਰਤ ਹੋਣ ਦਾ ਸਿਟਾ ਸੀ।

ਅਸੀਂ ਚੰਗੀ ਤੂੜੀ ਲਈ, "ਲੇਲਿਆਂ ਲਈ ਸ਼ੋਰਬਾ" ਬਣਾਉਣ ਲਈ ਉਹਦਾ ਬੂਰਾ ਬਣਾਇਆ। ਅਸਾਂ ਉਹਨਾਂ ਨੂੰ ਦੁਧ ਪਿਆਇਆ ਜਦੋਂ ਲੇਲਿਆਂ ਨੇ ਹਰਾ ਘਾਹ ਖਾਣਾ ਸ਼ੁਰੂ ਕੀਤਾ ਤਾਂ ਬਚੇ ਗਰਮਖ਼ਾਨੇ ਵਿਚੋਂ ਉਹਨਾਂ ਲਈ ਜੌਆਂ ਅਤੇ ਜਵੀ ਦੇ ਬੂਟੇ ਲਿਆਏ। ਅਤੇ ਜਿਉਂ ਹੀ ਘਾਹ ਹਰਾ ਹੋ ਗਿਆ ਬਚੇ ਉਹਨਾਂ ਲਈ ਪੂਰੇ ਦੇ ਪੂਰੇ ਦਥੇ ਲਿਆਏ। ਤ੍ਰਾਨੀਆ ਦੇ ਪਿਤਾ ਨੇ ਕੋਠੇ ਦੇ ਨੇੜੇ ਭੇਡਾਂ ਦਾ ਇਕ ਵਾੜਾ ਬਣਾ ਦਿਤਾ ਜਿਥੇ ਅਸੀਂ ਲੇਲਿਆਂ ਨੂੰ ਸਾਰਾ ਦਿਨ ਖੇਡਣ ਦੇਂਦੇ। ਇਹ ਸਾਡੀ "ਭੇਡਾਂ ਦੀ ਗੋਇਲ" ਸੀ।

ਸਕੂਲ ਦੇ ਤੀਜੇ ਵਰ੍ਹੇ ਇਕ ਹੋਰ, ਵਧੇਰੇ ਗੰਭੀਰ ਫ਼ਿਕਰਮੰਦੀ ਪ੍ਰਗਟ ਹੋਈ—ਮੁੰਡੇ ਅਤੇ ਕੁੜੀਆਂ ਵਛਿਆਂ ਦਾ ਧਿਆਨ ਰਖਣਾ ਚਾਹੁੰਦੇ ਸਨ ਅਤੇ ਡੇਰੀ ਫ਼ਾਰਮ ਵਿਚ ਸਾਡੇ ਲਈ ਇਕ ਹੋਰ ਨੁਕਰ ਰਾਖਵੀਂ ਰਖ ਦਿਤੀ ਗਈ। ਬਚਿਆਂ ਨੇ ਸਾਰਾ

ਸਿਆਲ ਆਪਣੇ ਲੇਲਿਆਂ ਅਤੇ ਵਛਿਆਂ ਲਈ ਗਰਮਖਾਨੇ ਵਿਚ ਹਰਿਆਲੀ ਉਗਾਈ। ਹੁਨਾਲ ਵਿਚ ਅਸਾਂ ਵਛਿਆਂ ਲਈ ਦਭ ਸੁਕਾਈ। ਬਹੁਤ ਸਾਰੇ ਬਚੇ ਲਗ ਭਗ ਰੋਜ਼ ਫ਼ਾਰਮ ਵਿਖੇ ਜਾਂਦੇ।

ਜਦੋਂ ਬਸੰਤ ਰੁਤ ਆ ਗਈ ਅਤੇ ਭੇਡਾਂ ਅਤੇ ਲੇਲੇ ਚਰਾਂਦਾਂ ਵਿਚ ਭੇਜ ਦਿਤੇ ਗਏ ਤਾਂ ਬਚੇ ਇਕਲਾਪਾ ਅਨੁਭਵ ਕਰਦੇ। ਉਹ ਪ੍ਰਕਿਰਤੀ ਦੇ ਵਿਚਕਾਰ ਚਰਾਂਦ ਵਿਚ ਰਹਿਣਾ ਚਾਹੁੰਦੇ ਸਨ, ਭਾਵੇਂ ਇਕ ਦਿਨ ਲਈ ਹੀ ਹੋਵੇ। ਐਤਵਾਰ ਨੂੰ ਅਸੀਂ ਚਰਾਂਦ ਵਿਖੇ ਗਏ। ਅਸਾਂ ਭੇਡਾਂ ਅਤੇ ਲੇਲਿਆਂ ਨੂੰ ਚਰਨ ਦਿਤਾ ਅਤੇ ਕਟੀ ਹੋਈ ਦਭ ਇਕਠੀ ਕੀਤੀ। ਬਸੰਤ ਦਾ ਪਹਿਲਾ ਘਾਹ ਲੇਲਿਆਂ ਲਈ ਸਿਹਤ ਬਖ਼ਸ਼ਣ ਵਾਲਾ ਖਾਣਾ ਸੀ। ਹੁਨਾਲ ਵਿਚ, ਛੁਟੀਆਂ ਹੋਣ ਪਿਛੋਂ ਬਚੇ ਲਗ ਭਗ ਰੋਜ਼ ਚਰਾਂਦ ਵਿਖੇ ਜਾਂਦੇ। ਜੀਵਨ ਦਰਸਾਉਂਦਾ ਹੈ ਕਿ ਜੇ ਉਹਨੂੰ ਬਚਪਨ ਦੇ ਨਿਤ ਦੇ ਕੰਮਾਂ ਤੋਂ ਪ੍ਰੇਰਨਾ ਨਾ ਮਿਲੀ ਹੋਵੇ ਤਾਂ ਬੰਦਾ ਖੇਤੀ ਦੇ ਸਾਦੇ ਕੰਮਾਂ ਨੂੰ ਪਿਆਰ ਨਹੀਂ ਕਰਦਾ।

ਸਕੂਲ ਦੇ ਕੰਮ-ਅਧਿਅਨ ਪਲਾਟ ਵਿਚ ਬਚਿਆਂ ਦੇ ਕੰਮ ਨੂੰ ਰੋਮਾਂਚਕਤਾ ਦੀ ਲਾਟ ਨੇ ਰੁਸ਼ਨਾਇਆ। ਪਹਿਲੀ ਸ਼੍ਰੇਣੀ ਵਿਚ ਸਾਨੂੰ ਹੈਕਟੇਅਰ ਦਾ ਦਸਵਾਂ ਹਿਸਾ ਭੋ ਦਿਤੀ ਗਈ ਅਤੇ ਵਡੇਰੇ ਵਿਦਿਆਰਥੀਆਂ ਦੀ ਸਹਾਇਤਾ ਨਾਲ ਬਚਿਆਂ ਨੇ ਉਥੇ ਇਕ ਨਿਕਾ ਮਕਾਨ ਬਣਾਇਆ, ਜਿਸਦੀਆਂ ਇਟਾਂ ਦੀ ਕੰਧਾਂ, ਟਾਈਲਾਂ ਦੀ ਛਤ, ਲਕੜੀ ਦਾ ਫ਼ਰਸ਼, ਇਕ ਨਿਕੀ ਜਿਹੀ ਅੰਗੀਠੀ, ਪਾਣੀ ਦਾ ਨਲ ਅਤੇ ਬਿਜਲੀ ਸੀ—ਅਸਲੀ ਘਰ ਵਾਂਗ ਹਰ ਸ਼ੈ ਪਰ ਉਨੀ ਵਡੀ ਨਹੀਂ। "ਨਿਕਾ ਹਰਾ ਘਰ", ਜਿਹੜਾ ਨਾਂ ਬਚਿਆਂ ਨੇ ਇਹਨੂੰ ਦਿਤਾ, ਇਕ ਹੋਰ ਸੁਖਦਾਇਕ ਨੁਕਰ ਬਣ ਗਿਆ, ਜਿਥੇ ਨੰਨ੍ਹੇ ਮੁੰਨੇ ਪੜ੍ਹ ਅਤੇ ਪ੍ਰਕਿਰਤੀ ਸੰਬੰਧੀ ਕਹਾਣੀਆਂ ਸੁਣ ਸਕਦੇ ਸਨ। ਪਿਛੋਂ, ਜਦੋਂ ਬਚੇ ਪਹਿਲਾਂ ਹੀ ਤੀਜੀ ਸ਼੍ਰੇਣੀ ਵਿਚ ਸਨ ਤਾਂ ਅਸਾਂ ਉਸ ਨਿਕੇ ਘਰ ਵਿਚ ਬੀਆਂ ਨਾਲ ਪ੍ਰਯੋਗ ਕੀਤੇ।

ਨਿਕਾ ਘਰ ਉਸਾਰਨਾ ਕੰਮ ਅਤੇ ਖੇਡ ਦੋਵੇਂ ਸੀ। ਜਦੋਂ ਕੰਮ ਖ਼ਤਮ ਹੋ ਗਿਆ ਤਾਂ ਆਪਣੇ ਹਥਾਂ ਨਾਲ ਬਣਾਈਆਂ ਵਸਤਾਂ ਵਲ ਬਚਿਆਂ ਦਾ ਵਤੀਰਾ ਵਧੇਰੇ ਧਿਆਨ ਵਾਲਾ ਸੀ। ਉਹ ਚੰਗੀ ਤਰ੍ਹਾਂ ਸਮਝਦੇ ਸਨ ਕਿ ਨਿਕਾ ਮਕਾਨ ਉਹਨਾਂ ਦੀ ਕਿਰਤ ਦਾ ਸਿਟਾ ਹੈ। ਕਿਸੇ ਤਰ੍ਹਾਂ ਦੀ ਵਿਆਖਿਆ ਜੀਵਨ ਦੇ ਅਨੁਭਵ ਦੀ ਥਾਂ ਨਹੀਂ ਸੀ ਲੈ ਸਕਦੀ।

ਬਚੇ ਦੇ ਸਾਂਝੀ ਜਾਇਦਾਦ ਦਾ ਸਤਿਕਾਰ ਕਰਨ ਲਈ ਇਹ ਲਾਜ਼ਮੀ ਹੈ ਕਿ ਉਹ ਹੋਰਨਾਂ ਨਾਲ ਕੰਮ ਕਰਨ ਦਾ ਅਮਲੀ ਅਨੁਭਵ ਪ੍ਰਾਪਤ ਕਰੇ। ਪਦਾਰਥਕ ਕਦਰਾਂ ਦਾ ਤਤ ਤਾਂ ਹੀ ਸਮਝ ਆਉਂਦਾ ਹੈ ਜੇ ਜੋ ਕੁਝ ਸਾਂਝਾ ਹੈ ਬੰਦੇ ਲਈ ਪਿਆਰਾ ਹੋ ਜਾਵੇ। ਇਹ ਲਾਜ਼ਮੀ ਹੈ ਕਿ ਇਹ ਸਿਫ਼ਤ ਬਚਪਨ ਵਿਚ ਪ੍ਰਾਪਤ ਕੀਤੀ ਜਾਵੇ। ਅਧਿਆਪਕ ਅਕਸਰ ਕਹਿੰਦੇ ਹਨ ਕਿ ਜਦੋਂ ਸਮਾਜੀ ਜਾਇਦਾਦ ਦਾ ਪ੍ਰਸ਼ਨ

ਹੁੰਦਾ ਹੈ ਗਭਰੇਟ ਅਕਸਰ ਉਜਾੜੂ ਹੁੰਦੇ ਹਨ—ਅਜਿਹਾ ਕਿਉਂ ਹੁੰਦਾ ਹੈ ਕਿ ਗਭਰੇਟ ਲਾਪਰਵਾਹ ਹੁੰਦੇ ਹਨ? ਜੇ ਤੁਸੀਂ ਚਾਹੁੰਦੇ ਹੋ ਕਿ ਬੰਦਾ ਆਪਣੇ ਗਭਰੇਟ ਦਿਨਾਂ ਅਤੇ ਮੁਢਲੀ ਜਵਾਨੀ ਵਿਚ ਸੰਜਮੀ ਅਤੇ ਅੰਦਰਲੇ ਸੰਕੋਚ ਵਾਲਾ ਹੋਵੇ, ਜੇ ਤੁਸੀਂ ਚਾਹੁੰਦੇ ਹੋ ਕਿ ਸਮਾਜੀ ਹਿਤਾਂ ਲਈ ਉਹਦੀ ਫ਼ਿਕਰਮੰਦੀ ਵਿਖਾਵੇ ਵਾਲੇ ਖ਼ਾਸੇ ਤੋਂ ਬਿਨਾਂ ਹੋਵੇ ਅਤੇ ਉਹ ਉਹਨਾਂ ਸ਼ੈਆਂ ਲਈ ਜਿਹੜੀਆਂ ਉਹਦੀਆਂ ਨਹੀਂ ਨਿਜੀ ਤੌਰ ਉਤੇ ਹਾਰਦਿਕ ਧਿਆਨ ਦੇਵੇ ਤਾਂ ਇਹ ਲਾਜ਼ਮੀ ਹੈ ਕਿ ਉਹ ਬਚਪਨ ਵਿਚ ਕੁਝ ਸਮਾਜੀ ਦੀ ਕਦਰ ਕਰੇ। ਇਹ ਗਲ ਉਹਦੀ ਨਿਜੀ ਖ਼ੁਸ਼ੀ ਨਾਲ ਇਕ ਮਿਕ ਕੀਤੀ ਜਾਣੀ ਚਾਹੀਦੀ ਹੈ।

"ਨਿਕਾ ਹਰਾ ਘਰ" ਉਸ ਪਲਾਟ ਦੇ ਨਾਲ ਲਗਦਾ ਸੀ ਜਿਥੇ ਅਸੀਂ ਕਣਕ, ਜੌ, ਬਾਜਰਾ, ਦੜਉ, ਮਕੀ ਅਤੇ ਸੂਰਜਮੁਖੀ ਦੇ ਫੁਲ ਉਗਾਉਂਦੇ। ਅਸੀਂ ਬੀਅ ਘਰ ਵਿਚ ਚੁਣਦੇ ਅਤੇ ਬੋਹਲ ਉਥੇ ਰਖਦੇ। ਅਸੀਂ ਉਥੇ ਹੀ ਖਾਦ ਵੀ ਮਿਲਾਉਂਦੇ। ਬਚਿਆਂ ਦੀ ਕਿਰਤ ਬੋਧ ਦੀ ਰੋਮਾਂਚਕਤਾ ਤੋਂ ਪ੍ਰੇਰੀ ਹੋਈ ਸੀ। ਬਚੇ ਧਿਆਨ ਨਾਲ ਕੰਮ ਕਰਦੇ ਅਤੇ ਕੰਮ ਕਰਦੇ ਹੋਏ ਸੋਚਦੇ ਸਨ। ਪ੍ਰਕਿਰਤੀ ਦੇ ਭੇਤ ਅਤੇ ਨਿਯਮ ਉਹਨਾਂ ਸਾਹਮਣੇ ਖੁਲ੍ਹ ਰਹੇ ਸਨ। ਮੈਂ ਇਹ ਗਲ ਨਿਸ਼ਚਿਤ ਬਣਾਈ ਕਿ ਮੇਰੇ ਵਿਦਿਆਰਥੀਆਂ ਨੂੰ ਨਿਜੀ ਅਨੁਭਵ ਤੋਂ ਨਿਸ਼ਚਾ ਹੋ ਜਾਵੇ ਕਿ ਜਿਹੜਾ ਗਿਆਨ ਬੰਦੇ ਨੂੰ ਪ੍ਰਕਿਰਤੀ ਦੀਆਂ ਸ਼ਕਤੀਆਂ ਵਰਤਣ ਯੋਗ ਬਣਾਉਂਦਾ ਹੈ ਉਹ ਕੇਵਲ ਕੰਮ ਰਾਹੀਂ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ। ਮੈਂ ਉਹਨਾਂ ਨੂੰ ਕਣਕ ਦੇ ਇਕ ਦਾਣੇ ਸੰਬੰਧੀ ਅਤੇ ਕਿਵੇਂ ਕਿਰਤ ਇਹਦੇ ਜੀਵਨ ਉਤੇ ਰਾਜ ਕਰਦੀ ਹੈ ਸੰਬੰਧੀ ਦਸਿਆ। ਬਚਿਆਂ ਨੇ ਧਰਤੀ ਵਿਚ ਜੀਵਨ ਦਾ ਅਦਭੁਤ ਸੰਸਾਰ ਵੇਖਿਆ। ਅਸੀਂ ਪਲਾਟ ਵਿਚ ਕਾਰਬਨੀ ਪਦਾਰਥ ਪਾਏ ਅਤੇ ਭੋਂ ਉਪਜਾਊ ਹੋ ਗਈ। ਬਚਿਆਂ ਵਿਚੋਂ ਹਰ ਇਕ ਨੇ ਕਣਕ ਦੇ ਸੌ ਦਾਣੇ ਬੀਜੇ ਅਤੇ ਜਿਸ ਢੰਗ ਨਾਲ ਬੂਟੇ ਵਿਕਸਤ ਹੋਏ ਉਹਨੂੰ ਧਿਆਨ ਨਾਲ ਵੇਖਿਆ। ਬਚੇ ਭੋਂ ਨੂੰ "ਖਾਣਾ ਖਵਾਣ" ਦੇ ਜਤਨਾਂ ਤੋਂ ਪ੍ਰੇਰੇ ਗਏ ਤਾਂ ਜੁ ਕਣਕ ਦੇ ਸਿਟੇ ਵਧੇਰੇ ਭਰਪੂਰ ਹੋਣ ਅਤੇ ਕਣਕ ਦੇ ਦਾਣੇ ਵਧੇਰੇ ਭਾਰ ਹੋਣ। ਹਰ ਇਕ ਆਪਣੇ ਬੂਟਿਆਂ ਨੂੰ ਪੌਸ਼ਟਕ ਘੋਲਾਂ ਨਾਲ ਵਧ ਤੋਂ ਵਧ ਭਰਨ ਦਾ ਜਤਨ ਕਰਦਾ। ਇਹ ਬਚਿਆਂ ਵਲੋਂ, ਜਿਹੜੇ ਸਾਦੇ ਤੋਂ ਸਾਦੇ ਕਾਰਜ ਕਰਨ ਦੀ ਇਛਾ ਤੋਂ ਪ੍ਰੇਰੇ ਗਏ ਸਨ, ਸਚੀ ਰਚਨਾਤਮਕਤਾ ਸੀ। ਉਹਨਾਂ ਸਿਟੇ ਬੜੇ ਧਿਆਨ ਨਾਲ ਵਢੇ ਅਤੇ ਹਰ ਇਕ ਨੇ ਤੋਲਣ ਲਈ ਇਕ ਹਜ਼ਾਰ ਦਾਣਿਆਂ ਦਾ ਢੇਰ ਲਾਇਆ। ਜਿਸ ਬਚੇ ਨੇ ਸਭ ਤੋਂ ਭਾਰਾ ਬੋਹਲ ਪ੍ਰਾਪਤ ਕੀਤੀ ਸੀ ਉਹਨੇ ਮਾਣ ਅਨੁਭਵ ਕੀਤਾ ਅਤੇ ਬਾਕੀ ਬਚਿਆਂ ਨੇ ਚੰਗੇਰਾ ਕੰਮ ਕਰਨ ਦਾ ਨਿਰਣਾ ਕੀਤਾ।

ਮੈਨੂੰ ਨਿਸ਼ਚਾ ਹੋ ਗਿਆ ਕਿ ਬਚੇ ਬੂਟਿਆਂ ਨੂੰ ਪਿਆਰ ਕਰਨ ਲਗ ਪਏ ਸਨ ਅਤੇ ਭੋਂ ਦੇ ਜੀਵਨ ਨੂੰ ਅਨੁਭਵ ਕਰਨ ਲਗ ਪਏ। ਤੀਜੀ ਅਤੇ ਚੌਥੀ ਸ਼੍ਰੇਣੀਆਂ

ਵਿਚ ਉਹਨਾਂ ਆਮ ਤੌਰ ਉਤੇ ਖੇਤਾਂ ਵਿਚ ਉਗਏ ਕਣਕ ਦੇ ਦਾਣਿਆਂ ਨਾਲੋਂ ਦੂਣੇ ਭਾਰੇ ਦਾਣੇ ਉਗਾਏ।

ਅਸਾਂ ਗਰਮਖ਼ਾਨੇ ਵਿਚ ਅਤੇ "ਨਿਕੇ ਹਰੇ ਘਰ" ਵਿਚ ਪੌਸ਼ਟਕ ਘੋਲਾਂ ਵਿਚ ਖੀਰੇ ਅਤੇ ਹਮਾਟਰ ਉਗਾਏ। ਸਿਆਲ ਵਿਚ ਬਚਿਆਂ ਨੇ ਖਾਦ ਅਤੇ ਕਾਲੀ ਮਿਟੀ ਦਾ ਮਿਸ਼ਰਣ ਤਿਆਰ ਕੀਤਾ ਅਤੇ ਬਸੰਤ ਵਿਚ ਇਹਨੂੰ ਪਲਾਟ ਵਿਚ ਲੈ ਗਏ। ਪਤ-ਝੜ ਵਿਚ ਉਹਨਾਂ ਆਲੂਆਂ ਅਤੇ ਟਮਾਟਰਾਂ ਦੀ ਭਰਪੂਰ ਫ਼ਸਲ ਪ੍ਰਾਪਤ ਕੀਤੀ।

ਕੁਝ ਬਚਿਆਂ ਨੇ "ਹਰੀ ਲੇਬਾਰੇਟਰੀ" ਵਿਚ ਵੀ ਕੰਮ ਕੀਤਾ। ਇਹ ਇਕ ਨਿਕੀ ਇਮਾਰਤ ਸੀ ਜਿਹੜੀ ਮਿਡਲ ਸਕੂਲ ਦੇ ਬਚਿਆਂ ਲਈ ਬਣਾਈ ਗਈ ਸੀ। ਇਥੇ, ਵਡੇਰੇ ਵਿਦਿਆਰਥੀਆਂ ਦੀ ਨਿਗਰਾਨੀ ਹੇਠ ਬਚਿਆਂ ਨੇ ਫਲ ਬਾਗ਼ਬਾਨੀ ਅਤੇ ਬੂਟੇ ਉਗਾਉਣ ਸੰਬੰਧੀ ਰੋਚਕ ਪ੍ਰਯੋਗ ਕੀਤੇ। ਇਥੇ ਮੈਂ ਬਚਿਆਂ ਨੂੰ ਸਿਖਾਇਆ ਕਿ ਫਲਾਂ ਦੇ ਰੁਖਾਂ ਦੀ ਜੰਗਲੀ ਬੇਰਾਂ ਦੇ ਬੂਟਿਆਂ ਅਤੇ ਰੁਖਾਂ ਨਾਲ ਪਿਉਂਦ ਕਿਵੇਂ ਲਾਈ ਦੀ ਹੈ। ਦੂਜੀ ਸ਼੍ਰੇਣੀ ਵਿਚ ਸਾਰੇ ਬਚਿਆਂ ਨੂੰ ਇਸ ਸੂਖਮ ਅਮਲ ਦੀ ਜਾਚ ਆ ਗਈ ਸੀ। ਉਹ ਪ੍ਰਕਿਰਤੀ ਉਤੇ ਗਿਆਨ ਦੀ ਸ਼ਕਤੀ ਅਤੇ ਸਿਧਾਂਤ ਅਤੇ ਅਮਲ ਦੀ ਏਕਤਾ ਅਨੁਭਵ ਕੀਤੀ।

ਨਿਕੇ ਮੁੰਡਿਆਂ ਅਤੇ ਕੁੜੀਆਂ ਨੇ ਆਪਣੀਆਂ ਪਿਉਂਦਾਂ ਦਾ ਸਿਟਾ ਵੇਖਣ ਲਈ ਬੇਸਬਰੀ ਨਾਲ ਬਸੰਤ ਦੀ ਉਡੀਕ ਕੀਤੀ। ਜਦੋਂ ਪਿਉਂਦ ਲਾਈ ਗਈਆਂ ਟਹਿਣੀਆਂ ਉਤੇ ਨਿਕੇ ਪਤੇ ਉਗੇ ਤਾਂ ਬਚਿਆਂ ਦੀ ਖ਼ੁਸ਼ੀ ਹਦੋਂ ਬਾਹਰੀ ਸੀ। ਅਸਾਂ ਇਕ ਸਮੂਹਕ ਪੌਦ-ਕਿਆਰੀ ਬਣਾਈ ਅਤੇ ਹਰ ਵਰ੍ਹੇ ਪਨੀਰੀ ਤਿਆਰ ਕਰਨ ਦਾ ਨਿਰਣਾ ਕੀਤਾ। ਪੌਦ-ਕਿਆਰੀ ਕੰਮ ਦੀ ਇਕ ਹੋਰ ਮਨ-ਪਸੰਦ ਥਾਂ ਬਣ ਗਈ। ਹੁਨਾਲ ਵਿਚ, ਤੀਜੀ ਸ਼੍ਰੇਣੀ ਦੀ ਪੜ੍ਹਾਈ ਮੁਕਾ ਲੈਣ ਪਿਛੋਂ ਅਸਾਂ ਇਕ ਡੂੰਘੀ ਝੰਗੀ ਵਿਚ ਜੰਗਲੀ ਆਲੂਚੇ ਦਾ ਇਕ ਰੁਖ ਵੇਖਿਆ। ਸਾਡੇ ਵਿਚੋਂ ਹਰ ਇਕ ਨੇ ਉਹਦੇ ਉਤੇ ਕਿਸੇ ਨਾ ਕਿਸੇ ਕਲਮ ਦੀ ਪਿਉਂਦ ਲਾਈ—ਕੁਝ ਨੇ ਆੜੂ, ਕੁਝ ਨੇ ਆਲੂਚੇ ਅਤੇ ਆਲੂ ਬੁਖ਼ਾਰੇ, ਕੁਝ ਨੇ ਨਾਖਾਂ। ਸਾਰੀਆਂ ਪਿਉਂਦਾਂ ਫੁਟ ਪਈਆਂ। ਬਚੇ ਹੈਰਾਨੀ ਨਾਲ ਵਖ ਵਖ ਤਰ੍ਹਾਂ ਦੇ ਫਲਦਾਰ ਰੁਖਾਂ ਦੀਆਂ ਕਲਮਾਂ ਇਕ ਰੁਖ ਉਤੇ ਪ੍ਰਫੁਲਤ ਹੁੰਦੀਆਂ ਵੇਖਦੇ। ਦੋ ਵਰ੍ਹੇ ਪਿਛੋਂ ਫਲ ਲਗੇ।

ਮੈਂ ਪਹਿਲਾਂ ਹੀ ਕਿਹਾ ਹੈ ਕਿ ਪ੍ਰਕਿਰਤੀ ਚਿੰਤਨ, ਰਚਨਾਤਮਕਤਾ ਅਤੇ ਖੋਜੀ ਤਰਕ ਦਾ ਸਭ ਤੋਂ ਭਰਪੂਰ ਸੋਮਾ ਹੈ। ਇਹਦੇ ਨਿਯਮ ਸਮਝਦੇ ਹੋਏ ਬਚਾ ਵਿਅਕਤੀ ਬਣ ਜਾਂਦਾ ਹੈ ਅਤੇ ਇਉਂ ਆਪਣੇ ਆਪ ਨੂੰ ਪ੍ਰਕਿਰਤਕ ਵਿਕਾਸ ਦੇ ਸਰਵਉਚ ਪੜਾਅ ਵਜੋਂ ਸਮਝਣ ਲਗ ਪੈਂਦਾ ਹੈ। ਪਰ ਆਪਣੇ ਆਪ ਪ੍ਰਕਿਰਤੀ ਅਚਰਜਤਾ ਪੈਦਾ ਨਹੀਂ ਕਰ ਸਕਦੀ, ਬਚੇ ਦੀ ਪ੍ਰਕਿਰਤਕ ਸ਼ਕਤੀ ਨੂੰ ਵਿਕਸਤ ਨਹੀਂ ਕਰ ਸਕਦੀ, ਉਹਦੇ ਤਰਕ ਨੂੰ ਸਿਖਿਆ ਨਹੀਂ ਦੇ ਸਕਦੀ, ਜਾਂ ਉਹਦੇ ਚਿੰਤਨ ਨੂੰ ਭਰਪੂਰ ਨਹੀਂ ਬਣਾ ਸਕਦੀ। ਸਰਗਰਮੀ ਨਾਲ ਮਜ਼ਬੂਤ ਬਣਾਏ ਬਿਨਾਂ,

ਕਿਰਤ ਤੋਂ ਬਿਨਾਂ ਉਹਦੇ ਭੇਤ ਪ੍ਰਗਟ ਕਰਨਾ ਅਤੇ ਸਮੋਣਾ ਸੰਭਵ ਨਹੀਂ। ਕੇਵਲ ਉਦੋਂ ਜਦੋਂ ਬੰਦਾ ਪ੍ਰਕਿਰਤੀ ਦੀਆਂ ਸ਼ਕਤੀਆਂ ਨੂੰ ਵਰਤਣ ਲਈ ਪਹਿਲੇ ਚੇਤੰਨ ਕਦਮ ਪੁਟਦਾ ਹੈ ਤਾਂ ਉਹ ਉਹਨੂੰ ਅਜਰ ਦੇਂਦੀ ਹੈ—ਪਹਿਲਾਂ ਥੋੜ੍ਹਾ ਥੋੜ੍ਹਾ ਅਤੇ ਫਿਰ ਜਦੋਂ ਬੰਦਾ ਇਕੋ ਸਮੇਂ ਬੋਧ ਪ੍ਰਾਪਤ ਕਰਦੇ ਹੋਏ ਅਤੇ ਸਿਰਜਦੇ ਹੋਏ ਨਵੇਂ ਜਤਨ ਕਰਦਾ ਹੈ ਤਾਂ ਵਧੇਰੇ ਦਿਆਲਤਾ ਨਾਲ। ਬਚੇ ਜਿੰਨੀ ਵਧੇਰੇ ਕਿਰਤ ਕਰਦੇ ਹਨ ਉਹਨਾਂ ਦੇ ਮਨਾਂ ਵਿਚ ਪ੍ਰਕਿਰਤੀ ਦੇ ਭੇਤ ਉਨੇ ਵਧੇਰੇ ਪ੍ਰਗਟ ਹੁੰਦੇ ਹਨ ਅਤੇ ਉਹਨਾਂ ਦਾ ਸਾਹਮਣਾ ਵਧੇਰੇ ਨਵੇਂ, ਅਜੇ ਤਕ ਸਮਝੇ ਨਾ ਗਏ ਵਰਤਾਰਿਆਂ ਨਾਲ ਹੁੰਦਾ ਹੈ। ਪਰ ਉਹਨਾਂ ਜਿੰਨਾ ਵਧ ਨਹੀਂ ਸਮਝਿਆ ਹੁੰਦਾ, ਉਨੀ ਵਧੇਰੇ ਸਰਗਰਮੀ ਨਾਲ ਉਹ ਸੋਚਦੇ ਹਨ; ਉਲਝਨ ਚਿੰਤਨ ਲਈ ਸਭ ਤੋਂ ਚੰਗਾ ਉਤੇਜਕ ਹੈ। ਕਣਕ ਦਾ ਦਾਣਾ ਵਾਹੀ ਭੋਂ ਵਿਚ ਬੀਜੇ ਜਾਣ ਦੇ ਛਿਣ ਤੋਂ ਲੈਕੇ ਵਾਢੀ ਤਕ, ਬਚਿਆਂ "ਕਿਵੇਂ?" ਅਤੇ "ਕਿਉਂ?" ਦੇ ਦੋ ਸੌ ਤੋਂ ਵਧ ਪ੍ਰਸ਼ਨ ਪੁਛੇ। ਭੋਂ ਉਤੇ ਕੰਮ ਕਰਨ ਨਾਲੋਂ ਵਧ ਚਿੰਤਨ ਨੂੰ ਉਤੇਜਤ ਕਰਨ ਵਾਲਾ ਪ੍ਰਕਿਰਤੀ ਉਤੇ ਪ੍ਰਭਾਵ ਪਾਉਣ ਵਾਲਾ ਖੇਤਰ—ਰੁਖ, ਅਨਾਜ ਅਤੇ ਸਨਅਤੀ ਫ਼ਸਲਾਂ ਉਗਾਉਣਾ—ਲਭਣਾ ਔਖਾ ਹੈ।

ਮੈਂ ਉਹਨਾਂ ਨੂੰ ਆਪਣੇ ਗੁਣ ਅਤੇ ਪ੍ਰਵਿਰਤੀਆਂ ਲਭਣ ਵਿਚ ਸਹਾਇਤਾ ਦੇਣ ਲਈ ਬਚਿਆਂ ਦੇ ਕੰਮ ਨੂੰ ਵੰਨ-ਸੁਵੰਨਾ ਬਣਾਉਣ ਦਾ ਜਤਨ ਕੀਤਾ। ਅਸਾਂ ਸਕੂਲ ਦੀ ਵਰਕਸ਼ਾਪ ਦੇ ਨਾਲ ਨਿਕੇ ਬਚਿਆਂ ਲਈ ਇਕ ਕਮਰਾ ਬਣਾਇਆ। ਅਸਾਂ ਉਥੇ ਬਾਂਕਾਂ ਵਾਲੇ ਮੇਜ਼ ਰਖੇ। ਅਤੇ ਫਿਰ ਮੈਂ ਆਪਣਾ ਪੁਰਾਣਾ ਸੁਪਨਾ ਸਾਕਾਰ ਕਰਨ ਵਿਚ ਸਫ਼ਲ ਹੋ ਗਿਆ—ਵਡੇਰੇ ਵਿਦਿਆਰਥੀਆਂ ਨੇ ਉਹਨਾਂ ਲਈ ਦੋ ਨਿਕੀਆਂ ਖ਼ਰਾਦਾਂ ਅਤੇ ਇਕ ਵਰਮਾ ਬਣਾਇਆ। ਉਥੇ ਫਟਿਆਂ ਉਤੇ ਅਤੇ ਅਲਮਾਰੀਆਂ ਵਿਚ ਨਿਕੇ ਰੰਦੇ, ਆਰੀਆਂ ਅਤੇ ਧਾਤਾਂ ਦਾ ਕੰਮ ਕਰਨ ਲਈ ਵਰਤੇ ਜਾਂਦੇ ਸੰਦਾਂ ਦੇ ਡਬੇ ਸਨ। ਖਾਤੇ ਨੇ ਬਹੁਤ ਸਾਰੇ ਨਿਕੇ ਮੁੰਡਿਆਂ ਅਤੇ ਕੁੜੀਆਂ ਦਾ ਧਿਆਨ ਖਿਚਿਆ, ਹੌਲੀ ਹੌਲੀ ਨੰਨ੍ਹੇ ਕਾਰੀਗਰਾਂ ਦਾ ਇਕ ਕਲਬ ਹੋਂਦ ਵਿਚ ਆ ਗਿਆ। ਬਚਿਆਂ ਨੂੰ ਮਾਡਲ ਬਣਾਉਣ, ਉਸਾਰੀ ਕਰਨ ਅਤੇ ਕਟਾਣ ਦੇ ਕੰਮ ਵਿਚ ਵਿਸ਼ੇਸ਼ ਰੋਚਕਤਾ ਸੀ।

ਅਸੀਂ ਦੁਪਹਿਰ ਦੇ ਖਾਣੇ ਪਿਛੋਂ ਵਰਕਸ਼ਾਪ ਵਿਚ ਇਕਠੇ ਹੋਏ ਅਤੇ ਇਕ ਦਮ ਕਈ ਰੋਚਕ ਮਾਡਲ ਬਣਾਏ—ਇਕ ਬਿਜਲੀਘਰ, ਜਿਹੜਾ ਹਵਾ ਨਾਲ ਚਲਦਾ ਸੀ, ਦਾਣੇ ਸਾਫ਼ ਕਰਨ ਵਾਲੀਆਂ ਮਸ਼ੀਨਾਂ, ਛੜਾਈ ਮਸ਼ੀਨਾਂ, ਨਿਕੀਆਂ ਇਮਾਰਤ ਜਿਹੜੀ ਅਸਲੀ ਇਮਾਰਤ ਜਿਹੀ ਜਾਪਦੀ ਅਤੇ ਧਾਤ ਦਾ ਕੰਮ ਕਰਨ ਲਈ ਵਰਤੇ ਜਾਂਦੇ ਨਿਕੇ ਸੰਦਾਂ ਲਈ ਇਕ ਮੇਜ਼ ਅਤੇ ਇਕ ਅਲਮਾਰੀ। ਲਕੜੀ ਅਤੇ ਧਾਤ ਦੁਹਾਂ ਤਰ੍ਹਾਂ ਦੇ ਹਿਸੇ ਬਣਾਉਂਦੇ ਹੋਏ ਬਚਿਆਂ ਨੇ ਸਮੂਹਕ ਤੌਰ ਉਤੇ ਕੰਮ ਕੀਤਾ। ਜਿੰਨਾ ਨਿਕਾ ਅਤੇ ਸ਼ੁਧਤਾਈ ਮੰਗਣ ਵਾਲਾ ਕੋਈ ਪੁਰਜ਼ਾ ਹੁੰਦਾ, ਜਿੰਨਾ ਉਹਨੂੰ ਅਸਲੀ

ਸ਼ੈ ਜਿਹਾ ਬਣਾਉਣਾ ਔਖਾ ਹੁੰਦਾ, ਬਚੇ ਆਪਣੇ ਕੰਮ ਵਿਚ ਉਨੀ ਵਧੇਰੇ ਰੌਚਕਤਾ ਵਿਖਾਉਂਦੇ।

ਬਚਿਆਂ ਨੂੰ ਇਸ ਕੰਮ ਵਿਚ ਖਿਚਣ ਤੋਂ ਮੇਰਾ ਮੁਖ ਨਿਸ਼ਾਨਾ ਸੀ ਉਹਨਾਂ ਦੀਆਂ ਯੋਗਤਾਵਾਂ ਅਤੇ ਰੁਚੀਆਂ ਜਗਾਉਣਾ, ਉਹਨਾਂ ਨੂੰ ਰਚਨਾਤਮਕਤਾ ਦੀ ਖ਼ੁਸ਼ੀ ਦੇਣਾ ਅਤੇ ਉਹਨਾਂ ਨੂੰ ਭਵਿਖ ਲਈ ਲੋੜੀਂਦੇ ਗੁਣ ਅਤੇ ਕਾਰੀਗਰੀ ਸਿਖਾਉਣਾ। ਮੈ ਬਚਿਆਂ ਨੂੰ ਜੋ ਕੁਝ ਕਰਕੇ ਵਿਖਾਉਂਦਾ ਉਹਦੇ ਵਿਚ ਉਹਨਾਂ ਦੀ ਦਿਲਚਸਪੀ ਜਗਾਉਣ ਦਾ ਜਤਨ ਕਰਦਾ: ਮੈਂ ਉਹਨਾਂ ਨੂੰ ਵਿਖਾਉਂਦਾ ਕਿ ਲਕੜੀ ਅਤੇ ਧਾਤ ਦਾ ਕੰਮ ਕਰਨ ਵਾਲੇ ਵਖ ਵਖ ਸੰਦ ਕਿਵੇ ਵਰਤੀਦੇ ਹਨ। ਅਧਿਆਪਕ ਦੀ ਉਸਤਾਦੀ ਉਹ ਚੰਗਿਆੜੀ ਹੈ ਜਿਹੜੀ ਰੁਚੀਆਂ ਦੀ ਲਾਟ ਬਾਲਦੀ ਹੈ ਅਤੇ ਪ੍ਰੇਰਨਾ ਨੂੰ ਜਗਾਉਂਦੀ ਹੈ। ਵਰਕਸ਼ਾਪ ਵਿਚ ਸਾਡੇ ਸਬਕ ਮੇਰੇ ਬਚਿਆਂ ਦੀ ਅਖਾਂ ਸਾਹਮਣੇ ਲਕੜੀ ਦਾ ਨਿਕਾ ਜਿਹਾ ਗੁਡੀ ਦਾ ਪਲੰਘ ਬਣਾਉਣ ਨਾਲ ਹੋਇਆ। ਜਿੰਨਾ ਵਧੇਰੇ ਨਿਕਾ ਪਲੰਘ ਅਸਲੀ ਪਲੰਘ ਜਿਹਾ ਹੁੰਦਾ ਗਿਆ ਉਨੀਆਂ ਵਧੇਰੇ ਬਚਿਆਂ ਦੀਆਂ ਅਖਾਂ ਲਿਸ਼ਕਣ ਲਗ ਪਈਆਂ। ਬਚਿਆਂ ਨੇ ਕੰਮ ਵਿਚ ਹਿਸਾ ਲੈਣ ਦਾ ਜਤਨ ਕੀਤਾ। ਉਹਨਾਂ ਵਿਚੋਂ ਅਨੇਕ ਨੇ ਉਸ ਸਮੇ ਮੇਰਾ ਹਥ ਵਟਾਉਣਾ ਸ਼ੁਰੂ ਕਰ ਦਿਤਾ: ਉਹਨਾਂ ਪਲੰਘ ਦੇ ਹਿਸਿਆਂ ਉਤੇ ਰੰਦਾ ਫੇਰਿਆ ਜਾਂ ਰੇਗਮਾਰ ਫੇਰਿਆ। ਜਦੋਂ ਅਸੀ ਪੈਂਣ-ਬਿਜਲੀਘਰ ਦੇ ਮਾਡਲ ਤਕ ਅਪੜੇ ਤਾਂ ਉਹ ਮੇਰੇ ਸਹਾਇਕ ਹੀ ਨਹੀਂ ਸਨ, ਸਾਥੀ ਕਾਮੇ ਸਨ। ਯੂਰਾ, ਵਿਤੀਆ ਅਤੇ ਮੀਸ਼ਾ ਨੇ ਛੇਤੀ ਹੀ ਸੰਦ ਵਰਤਣੇ ਸਿਖ ਲਏ। ਹਰ ਇਕ ਕੰਮ ਕਰਨਾ ਚਾਹੁੰਦਾ ਸੀ, ਸੋ ਅਸਾਂ ਇਕੋ ਸਮੇ ਕਈ ਮਾਡਲ ਬਣਾਉਣੇ ਸ਼ੁਰੂ ਕਰ ਦਿਤੇ।

ਇਥੇ ਜ਼ਰਾ ਇਕ ਪਾਸੇ ਜਾਣ ਦੀ ਲੋੜ ਹੈ। ਬਚਿਆਂ ਦੀ ਲਿਆਕਤ ਅਤੇ ਗੁਣ ਦਾ ਸੋਮਾ ਉਹਨਾਂ ਦੀਆਂ ਉਂਗਲਾਂ ਵਿਚ ਹੈ। ਅਲੰਕਾਰਕ ਭਾਸ਼ਾ ਵਿਚ ਉਂਗਲਾਂ ਤੋਂ ਉਹ ਸੋਮੇ ਫੁਟਦੇ ਹਨ ਜਿਹੜੇ ਰਚਨਾਤਮਕ ਸੋਚ ਨੂੰ ਸਿੰਜਦੇ ਹਨ। ਜਿੰਨੀਆਂ ਨਿਸ਼ਚੇ ਵਾਲੀਆਂ ਅਤੇ ਚਤੁਰਾਈ ਵਾਲੀਆਂ ਬਚਿਆਂ ਦੀਆਂ ਉਂਗਲਾਂ ਦੀਆਂ ਹਰਕਤਾਂ ਹੋਣਗੀਆਂ, ਉਹਨਾਂ ਦੇ ਹਥਾਂ ਅਤੇ ਕਿਰਤ ਦੇ ਸੰਦਾਂ ਵਿਚਕਾਰ ਪ੍ਰਸਪਰ ਅਮਲ ਹੋਵੇਗਾ, ਬਚੇ ਦੇ ਤਰਕ ਦੇ ਰਚਨਾਤਮਕ ਅੰਸ਼ ਉਨੇ ਹੀ ਸਪਸ਼ਟ ਹੋਣਗੇ, ਉਨੀਆਂ ਹੀ ਸ਼ੁਧ, ਸੂਖਮ ਅਤੇ ਪੇਚਦਾਰ ਇਸ ਪ੍ਰਸਪਰ ਅਮਲ ਲਈ ਲੋੜੀਂਦੀਆਂ ਹਰਕਤਾਂ ਹੋਣਗੀਆਂ। ਹਥਾਂ, ਪ੍ਰਕਿਰਤੀ ਅਤੇ ਸਮਾਜੀ ਕਿਰਤ ਜਿੰਨੀ ਡੂੰਘੇਰੀ ਬਚੇ ਦੇ ਅੰਦਰਲੇ ਜੀਵਨ ਵਿਚ ਦਾਖ਼ਲ ਹੋ ਜਾਵੇਗੀ, ਉਨਾ ਹੀ ਵਧੇਰੇ ਹੁਸ਼ਿਆਰ, ਸਾਵਧਾਨ, ਸੋਝੀ ਅਤੇ ਵਿਸਥਾਰ ਨਾਲ ਖੋਜ ਕਰਨ ਵਾਲਾ ਬਚਾ ਬਣੇਗਾ।

ਦੂਜੇ ਸ਼ਬਦਾਂ ਵਿਚ ਜਿੰਨੇ ਸੁਯੋਗ ਬਚੇ ਦੇ ਹਥ ਹੋਣਗੇ, ਉਨਾ ਹੋਣਹਾਰ ਬਚਾ ਹੋਵੇਗਾ। ਪਰ ਕਾਰੀਗਰੀ ਕਿਸੇ ਅੰਤਰ-ਪ੍ਰੇਰਨਾ ਕਾਰਨ ਪੈਦਾ ਨਹੀਂ ਹੁੰਦੀ। ਇਹ ਬਚੇ ਦੀ ਬੌਧਕ ਅਤੇ ਸਰੀਰਕ ਸ਼ਕਤੀ ਉਤੇ ਨਿਰਭਰ ਹੈ। ਕਾਰੀਗਰੀ ਦੇ ਨਿਪੁੰਨ

ਹੋਣ ਨਾਲ ਦਿਮਾਗ਼ੀ ਸ਼ਕਤੀ ਵਧਦੀ ਹੈ ਪਰ ਕਾਰੀਗਰੀ ਤਰਕ ਤੋਂ ਸ਼ਕਤੀ ਪ੍ਰਾਪਤ ਕਰਦੀ ਹੈ। ਮੈਂ ਇਹ ਨਿਸ਼ਚਿਤ ਬਣਾਉਣ ਦਾ ਜਤਨ ਕੀਤਾ ਕਿ ਆਲੇ ਦੁਆਲੇ ਦੇ ਸੰਸਾਰ ਦਾ ਬੋਧ ਬਚੇ ਦੇ ਹਥਾਂ ਦਾ ਉਹਦੇ ਆਲੇ ਦੁਆਲੇ ਦੇ ਸਾਧਨਾਂ ਨਾਲ ਪ੍ਰਸਪਰ ਅਮਲ ਹੋਵੇ ਅਤੇ ਇਹ ਕਿ ਨਾ ਕੇਵਲ ਪ੍ਰਸ਼ਨਾਂ ਵਿਚ ਸਗੋਂ ਕਿਰਤ ਵਿਚ ਆਪਣੀ ਪੁਛ-ਪੜਤਾਲ ਦੀ ਯੋਗਤਾ ਵਿਖਾਉਂਦਾ ਅਤੇ ਵਿਕਸਤ ਕਰਦਾ ਹੋਇਆ, ਬਚਾ ਕੇਵਲ ਆਪਣੀਆਂ ਅਖਾਂ ਨਾਲ ਹੀ ਨਹੀਂ ਸਗੋਂ ਹਥਾਂ ਨਾਲ ਵੀ ਵੇਖੇ।

**ਖ਼ੁਸ਼ੀ ਦੇ ਸਕੂਲ** ਦੇ ਪਹਿਲੇ ਦਿਨਾਂ ਤੋਂ ਹੀ ਮੇਰੇ ਵਿਦਿਆਰਥੀਆਂ ਨੇ ਸੁਕੇ ਬੂਟਿਆਂ ਦਾ ਸੰਗ੍ਰਹਿ ਬਣਾਇਆ ਅਤੇ ਵਖ ਵਖ ਜਾਤੀਆਂ ਦੀ ਲਕੜੀ ਦੇ ਨਮੂਨੇ ਇਕਠੇ ਕੀਤੇ। ਉਹ ਪਦਾਰਥ ਦੇ ਗੁਣ ਕੇਵਲ ਵੇਖਣ ਦੇ ਅਮਲ ਵਿਚ ਹੀ ਨਹੀਂ ਸਗੋਂ ਆਪਣੇ ਹਥਾਂ ਦੀ ਸਰਗਰਮੀ ਦੇ ਦੌਰਾਨ, ਅਤਿ-ਅੰਤ ਸਾਦੇ ਸੰਦਾਂ—ਨਿਕੇ ਹਥੌੜਿਆਂ, ਚਾਕੂਆਂ, ਕੈਂਚੀਆਂ ਅਤੇ ਛੈਣੀਆਂ—ਨਾਲ ਲੈਸ ਹੋਕੇ ਕੀਤਾ ਜਿਹੜੇ ਉਹ ਵਖ ਵਖ ਪਦਾਰਥਾਂ ਲਈ ਵਰਤਦੇ। ਪਹਿਲੀ ਅਤੇ ਦੂਜੀ ਸ਼੍ਰੇਣੀਆਂ ਵਿਚ ਉਹਨਾਂ ਨਿਕੇ ਚਾਕੂਆਂ ਨਾਲ ਕੰਮ ਕਰਨਾ ਸਿਖਿਆ। ਉਹਨਾਂ ਵਖ ਵਖ ਜਾਤਾਂ ਦੇ ਰੁਖਾਂ—ਕਹੂ, ਖ਼ੈਰ, ਸਫ਼ੈਦੇ, ਬਲੂਤ, ਕੇਲੋਂ, ਨਾਖ ਅਤੇ ਸ਼ਾਹਦਾਣੇ—ਦੀ ਲਕੜੀ ਤੋਂ ਬਹੁਤ ਪਤਲੀਆਂ ਤਸ਼ਤਰੀਆਂ ਬਣਾਈਆਂ, ਉਹਨਾਂ ਨੂੰ ਹੇਗਮਾਰ ਮਾਰਿਆ ਅਤੇ ਉਹਨਾਂ ਨੂੰ ਗੂੰਦ ਨਾਲ ਜਾਂ ਸਿਉਂਕੇ ਕਾਗ਼ਜ਼ ਦੇ ਟੋਟਿਆਂ ਨਾਲ ਜੋੜ ਦਿਤਾ ਅਤੇ ਉਹਨਾਂ ਦਾ ਕਰੜਾਈ ਅਤੇ ਹੋਰ ਗੁਣਾਂ ਲਈ ਮੁਕਾਬਲਾ ਕੀਤਾ। ਉਹਨਾਂ ਖ਼ੈਰ ਦੇ ਰੁਖ ਚੋ ਨਿਕਲਦੀ ਗੂੰਦ ਦੇ ਅਖਰ ਅਤੇ ਪਸ਼ੂਆਂ ਅਤੇ ਪੰਛੀਆਂ ਦੀਆਂ ਸ਼ਕਲਾਂ ਬਣਾਈਆਂ ਕਿਉਂਕਿ ਇਹ ਬੜੀ ਢਾਲਵੀਂ ਹੁੰਦੀ ਹੈ। ਸਾਰੇ ਬਚਿਆਂ ਨੇ ਆਪਣੇ ਲਈ "ਲਕੜੀ ਦੀ ਵਰਣਮਾਲਾ", ਜਿਹੜਾ ਨਾਂ ਉਹਨਾਂ ਖ਼ੈਰ ਤੋਂ ਬਣੇ ਅਖਰਾਂ ਨੂੰ ਦਿਤਾ, ਬਣਾਈ। ਪਿੰਡ ਦੇ ਨੇੜੇ ਹੀ ਕੰਜੂਰ ਦੀ ਇਕ ਖੋਹ ਸੀ। ਅਸੀਂ ਪਥਰ ਦੇ ਨਮੂਨੇ ਇਕਠੇ ਕਰਨ ਲਈ ਅਕਸਰ ਉਥੇ ਜਾਂਦੇ। ਬਚਿਆਂ ਨੇ ਦਿਲਚਸਪੀ ਨਾਲ ਆਪਣੇ ਨਿਕੇ ਹਥੌੜਿਆਂ ਨਾਲ ਅਬਰਕ ਦੇ ਟੋਟੇ ਤੋੜੇ ਅਤੇ ਵਖ ਵਖ ਰੰਗਾਂ ਦੇ ਪਥਰਾਂ ਦਾ ਸੰਗ੍ਰਹਿ ਬਣਾਇਆ। ਉਹਨਾਂ ਚੀਕਣੀ ਮਿਟੀ ਦੀਆਂ ਖਿਡੌਣਾ ਇਟਾਂ ਬਣਾਈਆਂ ਅਤੇ ਉਹਨਾਂ ਨੂੰ ਧੂਪ ਵਿਚ ਸੁਕਾਇਆ, ਫਿਰ ਉਹਨਾਂ ਇਮਾਰਤਾਂ ਦੇ ਨਿਕੇ ਨਿਕੇ ਮਾਡਲ ਬਣਾਏ। ਹੁਨਾਲ ਦੇ ਦਿਨੀਂ ਅਸਾਂ ਰਾਈ ਅਤੇ ਕਣਕ ਦੀ ਪਰਾਲੀ ਨੂੰ ਬਰਾਬਰ ਦੀ ਲੰਮਾਈ ਵਾਲੇ ਰਿਬਨਾਂ ਵਿਚ ਕਟ ਲਿਆ ਅਤੇ ਸਿਉਂ ਕੇ ਹੈਟ ਬਣਾਉਣ ਲਈ ਉਹਨਾਂ ਨੂੰ ਗੁੰਦ ਦੇ ਫ਼ੀਤੇ ਬਣਾਏ।

ਇਹ ਸਨਅਤੀ ਰਚਨਾਤਮਕਤਾ ਲਈ ਕੇਵਲ ਤਿਆਰੀ ਹੀ ਨਹੀਂ ਸੀ। ਬਚਿਆਂ ਦੇ ਹਥਾਂ ਦੀ ਫੁਰਤੀ ਵਿਕਸਤ ਕਰਦਾ ਹੋਇਆ ਮੈਂ ਉਹਨਾਂ ਦੇ ਤਰਕ ਵੀ ਵਿਕਸਤ ਕਰ ਰਿਹਾ ਸਾਂ। ਜਦੋਂ ਅਸਾਂ ਪੌਣ ਬਿਜਲੀਘਰ ਦਾ ਮਾਡਲ ਬਣਾਇਆ ਤਾਂ ਬਚਿਆਂ ਤਜਵੀਜ਼ ਪੇਸ਼ ਕੀਤੀ ਕਿ ਅਸੀਂ ਧਾਤ ਦੀਆਂ ਕਾਤਰਾਂ ਦੀ ਥਾਂ ਲਕੜੀ ਦੇ ਖੰਭ

ਲਾਈਏ। ਸੇਰਯੋਜ਼ਾ ਨੇ ਕਿਹਾ, "ਜ਼ਰੂਰੀ ਹੀ ਅਜਿਹੀ ਪਕੀ ਅਤੇ ਹਲਕੀ ਲਕੜੀ ਹੋਵੇਗੀ ਜਿਸ ਤੋਂ ਅਸੀਂ ਖੰਭ ਬਣਾ ਸਕਦੇ ਹਾਂ ਤਾਂ ਜੁ ਉਹ ਹਵਾ ਵਿਚ ਘੁੰਮਣ।..."

ਮੁਢਲੇ ਸਕੂਲ ਦੇ ਚਾਰ ਵਰ੍ਹਿਆਂ ਵਿਚ ਬਚਿਆਂ ਨੇ ਵਖ ਵਖ ਤਰ੍ਹਾਂ ਦੀ ਗੁੰਝਲ ਵਾਲੇ ਤੀਹ ਤੋਂ ਵਧ ਕੰਮ ਕਰਨ ਵਾਲੇ ਮਾਡਲ ਬਣਾਏ, ਉਹਨਾਂ ਵਿਚੋਂ ਹਰ ਇਕ ਪੌਣ-ਬਿਜਲੀਘਰ ਦੇ ਮਾਡਲ ਜਿਹਾ ਸੀ, ਜਿਹੜਾ ਇਕ ਨਿਕੇ ਜਿਹੇ ਜੈਨਰੇਟਰ ਨੂੰ ਚਲਾਕੇ ਬਿਜਲੀ ਪੈਦਾ ਕਰਦਾ। ਹਰ ਵਰ੍ਹੇ ਬਚਿਆਂ ਦੀਆਂ ਰੁਚੀਆਂ ਵਧੇਰੇ ਸਪਸ਼ਟਤਾ ਨਾਲ ਪ੍ਰਗਟ ਹੁੰਦੀਆਂ ਗਈਆਂ। ਸ਼ੂਰਾ, ਵਿਤੀਆ, ਮੀਸ਼ਾ, ਸੇਰਯੋਜ਼ਾ ਅਤੇ ਯੂਰਾ ਨੂੰ ਧਾਤਾਂ ਅਤੇ ਮਸ਼ੀਨਾਂ ਚੰਗੀਆਂ ਲਗਣ ਲਗ ਪਈਆਂ। ਉਹ ਘੰਟਿਆਂ-ਬਧੀ ਬਾਂਕ ਨਾਲ ਕੰਮ ਕਰਦੇ ਰਹਿੰਦੇ ਅਤੇ ਉਹਨਾਂ ਵਲੋਂ ਧਿਆਨ ਦਿਤੇ ਬਿਨਾਂ ਸਮਾਂ ਲੰਘ ਜਾਂਦਾ। ਕਈ ਵਾਰ ਉਹਨਾਂ ਨੂੰ ਘਰ ਭੇਜਣ ਲਈ ਬਹੁਤ ਜਤਨ ਕਰਨਾ ਪੈਂਦਾ। ਨਿਕੇ ਮੁੰਡੇ ਬਾਂਕਾਂ ਅਤੇ ਨਿਕੀਆਂ ਖ਼ਰਾਦਾਂ ਨਾਲ, ਜਿਨ੍ਹਾਂ ਉਤੇ ਉਹ ਲਕੜੀ ਅਤੇ ਨਰਮ ਧਾਤ ਦੇ ਪੁਰਜ਼ੇ ਬਣਾਉਂਦੇ ਸਨ, ਜੁੜੇ ਰਹਿੰਦੇ, ਉਹਨਾਂ ਨੂੰ ਵੇਖਦੇ ਹੋਏ ਮੈਨੂੰ ਚੇਤੇ ਆਇਆ ਕਿ **ਖ਼ੁਸ਼ੀ ਦੇ ਸਕੂਲ** ਅਤੇ ਪਹਿਲੀ ਸ਼੍ਰੇਣੀ ਵਿਚ ਬਚਿਆਂ ਨੇ ਪਹਿਲਾਂ ਹੀ ਲਕੜੀ ਕਟ ਕੇ ਅਖਰ ਬਣਾਉਣੇ ਸਿਖ ਲਏ ਸਨ। ਜੇ ਬਚਿਆਂ ਦੀਆਂ ਰੋਚਕਤਾਵਾਂ ਵਿਚ ਉਹਨਾਂ ਦੇ ਭਵਿਖ ਦੇ ਕਿਤਿਆਂ ਜਾਂ ਵਿਸ਼ੇਸ਼ਤਾ-ਪ੍ਰਾਪਤੀ ਦੀ ਰੂਪ ਰੇਖਾ ਵੇਖੀ ਜਾਂਦੀ ਤਾਂ ਇਹ ਸਿਧੜਪੁਣਾ ਹੁੰਦਾ। ਜੀਵਨ ਦਾ ਅਨੁਭਵ ਦਰਸਾਉਂਦਾ ਹੈ ਕਿ ਕਾਰੀਗਰੀ ਵਿਚ ਪੇਚਦਾਰ ਕਾਇਆ-ਪਲਟ ਆਉਂਦੀ ਹੈ। ਬਹੁਤ ਘਟ ਹੀ ਬੰਦਾ ਉਹ ਕੁਝ ਬਣਦਾ ਹੈ ਜਿਸਦੇ ਉਹਨੇ ਬਚਪਨ ਵਿਚ ਸੁਪਨੇ ਲਏ ਹੁੰਦੇ ਹਨ।

ਸਰੀਰਕ ਕਿਰਤ ਦਾ ਬੌਧਕ ਵਿਦਿਆ ਨਾਲ ਨੇੜਵਾਂ ਸੰਬੰਧ ਹੁੰਦਾ ਹੈ। ਫੁਰਤੀ ਖੋਜੀ ਮਨ, ਤਿਖੀ ਸੂਝ ਅਤੇ ਰਚਨਾਤਮਕ ਕਲਪਨਾ ਦਾ ਸਜੀਵ ਰੂਪ ਹੈ। ਇਸ ਗਲ ਦੀ ਬਹੁਤ ਮਹਤਤਾ ਹੈ ਕਿ ਹਰ ਬਚਾ ਆਪਣੇ ਹਥਾਂ ਨਾਲ ਉਹ ਕੁਝ ਬਣਾਵੇ ਜਿਸਦਾ ਖ਼ਾਕਾ ਉਹ ਤਿਆਰ ਕਰਦਾ ਹੈ।

ਚੌਥੀ ਸ਼੍ਰੇਣੀ ਵਿਚ ਬਚਿਆਂ ਨੇ ਆਪ ਆਪਣੇ ਸੰਦ ਬਣਾਏ—ਨਿਕੇ ਰੰਦੇ, ਚੌਰਸੀਆਂ, ਟਕੋਰੇ ਆਦਿ ਬਣਾਏ। ਨਾ ਉਹਨਾਂ ਸਭ ਤੋਂ ਸਾਦੇ ਸੰਦ ਨੂੰ ਭੁਲਾਇਆ: ਨਿਕਾ ਚਾਕੂ, ਜਿਹੜਾ ਉਹ ਜੀਵਾਂ ਅਤੇ ਪਸ਼ੂਆਂ ਦੀਆਂ ਮੂਰਤੀਆਂ ਬਣਾਉਣ ਲਈ ਵਰਤਦੇ ਸਨ, ਪਰੀ-ਕਹਾਣੀ ਜਾਦੂਗਰਨੀ ਬਾਬਾ-ਯਾਗਾ ਅਤੇ ਅਮਰ ਅਜਗਰ। ਸੇਰਯੋਜ਼ਾ ਅਤੇ ਮੀਸ਼ਾ ਨੇ ਦੋ ਮਛੀਆਂ ਰਖਣ ਵਾਲੇ ਸ਼ੀਸ਼ੇ ਦੇ ਡਬੇ ਬਣਾਏ—ਇਕ ਸ਼੍ਰੇਣੀ ਦੇ ਕਮਰੇ ਲਈ ਅਤੇ ਦੂਜਾ **ਪਰੀ-ਕਹਾਣੀਆਂ ਦੇ ਕਮਰੇ** ਲਈ।

ਇਕ ਹੋਰ ਰੋਚਕ ਕੰਮ ਨੇ ਬਚਿਆਂ ਨੂੰ ਬਹੁਤ ਖ਼ੁਸ਼ ਕੀਤਾ: ਅਸਾਂ ਇਕ ਬਿਜਲੀਘਰ ਜੋੜਿਆ ਜਿਹੜਾ ਪੈਟਰੋਲ ਦੇ ਇੰਜਣ ਨਾਲ ਚਲਦਾ ਸੀ। ਇਹ ਬਿਜਲੀਘਰ ਨੀਵੀਂ ਵੋਲਟੇਜ ਦਾ ਕਰੰਟ ਪੈਦਾ ਕਰਦਾ ਜਿਸ ਨਾਲ ਬਚੇ ਸੁਰਖਿਅਤ ਸਨ।

ਤੀਜੀ ਅਤੇ ਚੌਥੀ ਸ਼੍ਰੇਣੀਆਂ ਵਿਚ ਬਚੇ ਆਪਣੇ ਮਨ-ਪਸੰਦ ਕਾਰਜਾਂ ਉਤੇ ਹਫ਼ਤੇ ਵਿਚ ਦੋ ਘੰਟੇ ਲਾਉਂਦੇ। ਉਹ "ਨਿਕੇ ਹਰੇ ਘਰ", ਵਰਕਸ਼ਾਪ, ਗਰਮਖ਼ਾਨੇ ਵਿਚ ਜਾਂ ਕੰਮ-ਅਧਿਅਨ ਪਲਾਟ ਵਲ ਜਾਂਦੇ। ਜਿਹੜੇ ਬਚੇ ਫ਼ਾਰਮ ਉਤੇ ਕੰਮ ਕਰਨਾ ਪਸੰਦ ਕਰਦੇ ਉਹ ਲੇਲਿਆਂ ਜਾਂ ਵਛਿਆਂ ਦਾ ਧਿਆਨ ਰਖਣ ਜਾਂਦੇ। ਇਹਨਾਂ ਘੰਟਿਆਂ ਵਿਚ ਹਰ ਬਚਾ ਉਹ ਕੰਮ ਕਰਦਾ ਜਿਹੜਾ ਉਹਨੂੰ ਸਭ ਤੋਂ ਵਧ ਪਸੰਦ ਸੀ। ਮੈਂ ਇਕ ਹਫ਼ਤੇ ਇਕ ਥਾਂ ਜਾਂਦਾ ਅਤੇ ਦੂਜੇ ਹਫ਼ਤੇ ਦੂਜੀ ਥਾਂ। ਹਰ ਟੋਲੀ ਵਿਚ ਬਚੇ ਸਨ ਜਿਨ੍ਹਾਂ ਵਿਚ ਕਿਸੇ ਵਿਸ਼ੇਸ਼ ਪ੍ਰਕਾਰ ਦੀ ਸਰਗਰਮੀ ਲਈ ਰੁਚੀ ਪ੍ਰਗਟ ਹੁੰਦੀ। ਉਹ ਨਿਕੀਆਂ ਕੰਮ ਟੋਲੀਆਂ ਦੇ ਜਥੇਬੰਦਕ ਬਣ ਗਏ ਅਤੇ ਆਪਣੇ ਸਾਥੀਆਂ ਨੂੰ ਆਪਣੀ ਉਦਾਹਰਣ ਨਾਲ ਪ੍ਰੇਰਤ ਕੀਤਾ। ਯੂਰਾ ਵਰਕਸ਼ਾਪ ਵਿਚ ਹੋ ਰਹੇ ਕੰਮ ਦੀ ਅਗਵਾਈ ਕਰਦਾ। ਵਾਨੀਆ ਫਲ ਉਗਾਉਣ ਵਾਲਿਆਂ ਦਾ ਆਗੂ ਸੀ ਅਤੇ ਵਾਰੀਆ ਮਾਲੀਆਂ ਦੀ। ਸਾਸ਼ਾ ਪਸ਼ੂ-ਪਾਲਣ ਵਾਲਿਆਂ ਦਾ ਇੰਚਾਰਜ ਸੀ। ਮੈਨੂੰ ਬਹੁਤ ਖ਼ੁਸ਼ੀ ਸੀ ਕਿ ਇਹ ਬਚੇ ਬਹੁਤ ਸਾਰੇ ਕੰਮ ਕਰ ਸਕਦੇ ਸਨ ਅਤੇ ਆਪਣੇ ਸਾਥੀਆਂ ਤੋਂ ਲਖਾਇਕ ਤੌਰ ਉਤੇ ਵਧ ਜਾਣਦੇ ਸਨ। ਬਾਕੀ ਬਚੇ ਉਹਨਾਂ ਦੀ ਰੀਸ ਕਰਨ ਦਾ ਜਤਨ ਕਰਦੇ ਅਤੇ ਉਹਨਾਂ ਦੇ ਕੰਮ ਦਾ ਖ਼ਾਸਾ ਰਚਨਾਤਮਕ ਯੋਗਤਾਵਾਂ ਦਾ ਮੁਕਾਬਲਾ ਬਣ ਗਿਆ।

ਕੰਮ ਮੇਰੇ ਵਿਦਿਆਰਥੀਆਂ ਦੇ ਜੀਵਨ ਵਿਚ ਸਰੀਰਕ ਅਤੇ ਬੌਧਕ ਬਲ ਦੀ ਖ਼ੁਸ਼ੀ ਭਰੀ ਖੇਡ ਵਜੋਂ, ਸਵੈ-ਸਤਿਕਾਰ ਨੂੰ ਮਜ਼ਬੂਤ ਬਣਾਉਣ ਵਜੋਂ ਦਾਖ਼ਲ ਹੋਇਆ। ਇਹ ਲਾਜ਼ਮੀ ਹੈ ਕਿ ਬਚਪਨ ਵਿਚ ਹਰ ਬੰਦਾ ਆਪਣੇ ਮਨ-ਪਸੰਦ ਕੰਮ ਵਿਚ ਲਖਾਇਕ ਸਫ਼ਲਤਾ ਪ੍ਰਾਪਤ ਕਰੇ ਅਤੇ ਆਪਣੀਆਂ ਰਚਨਾਤਮਕ ਯੋਗਤਾਵਾਂ ਦੇ ਪਦਾਰਥਕ ਸਿਟੇ ਵੇਖੇ। ਬੰਦਾ ਜਿਹੜਾ ਕੰਮ ਕਰਨਾ ਚਾਹੁੰਦਾ ਹੈ ਉਹਨੂੰ ਉਹਦੇ ਵਿਚ ਨਿਪੁੰਨਤਾ ਪ੍ਰਾਪਤ ਕਰਨੀ ਚਾਹੀਦੀ ਹੈ, ਨਿਸ਼ਚੇ ਹੀ ਉਸ ਹਦ ਤਕ ਜਿਸ ਹਦ ਤਕ ਬਚਾ ਕਰ ਸਕਦਾ ਹੈ। ਇਹ ਲਾਜ਼ਮੀ ਹੈ ਕਿ ਬਚਾ ਆਪਣੇ ਸਕੂਲ ਦੇ ਵਰ੍ਹਿਆਂ ਵਿਚ ਹੀ ਕੁਝ ਚੰਗੀ ਤਰ੍ਹਾਂ ਅਤੇ ਸੁਹਣੀ ਤਰ੍ਹਾਂ ਕਰਨਾ ਸਿਖੇ। ਕਿਸੇ ਮਨ-ਪਸੰਦ ਜਤਨ ਦੀ ਸਫ਼ਲਤਾ ਦੇ ਸੰਬੰਧ ਵਿਚ ਅਨੁਭਵ ਕੀਤਾ ਮਾਣ ਆਤਮ-ਗਿਆਨ ਦਾ ਪਹਿਲਾ ਸੋਮਾ ਹੈ, ਬਚੇ ਦੀ ਆਤਮਾ ਰਚਨਾਤਮਕ ਪ੍ਰੇਰਨਾ ਦੀ ਪਹਿਲੀ ਚਿਣਗ ਹੈ। ਅਤੇ ਪ੍ਰੇਰਨਾ ਤੋਂ ਬਿਨਾਂ, ਪ੍ਰਾਪਤੀ ਦੀ ਖ਼ੁਸ਼ੀ ਅਤੇ ਪੂਰੀ ਤਰ੍ਹਾਂ ਵਿਕਸਤ ਬਲ ਦੇ ਅਨੁਭਵ ਤੋਂ ਬਿਨਾਂ ਕੋਈ ਬੰਦਾ ਨਹੀਂ ਹੋ ਸਕਦਾ, ਇਸ ਗਲ ਦਾ ਕੋਈ ਡੂੰਘਾ ਨਿਸ਼ਚਾ ਨਹੀਂ ਹੋ ਸਕਦਾ ਕਿ ਉਹ ਜੀਵਨ ਵਿਚ ਆਪਣੀ ਥਾਂ ਬਣਾ ਲਵੇਗਾ। ਮੈਂ ਇਹ ਨਿਸ਼ਚਿਤ ਬਣਾਉਣ ਦਾ ਜਤਨ ਕੀਤਾ ਕਿ ਸਕੂਲ ਵਿਚ ਇਕ ਵੀ ਵਿਦਿਆਰਥੀ ਅਜਿਹਾ ਨਾ ਹੋਵੇ ਜਿਸਦਾ ਆਪਾ ਅਤੇ ਮੌਲਕਤਾ ਕਿਰਤ ਰਾਹੀਂ ਪ੍ਰਗਟ ਨਾ ਹੋਵੇ।

ਜਦੋਂ ਮੈਂ ਆਪਣੇ ਵਿਦਿਆਰਥੀਆਂ ਦਾ ਬਚਪਨ ਚੇਤੇ ਕਰਦਾ ਹਾਂ ਤਾਂ ਮੈਂ ਚੰਗੀ ਤਰ੍ਹਾਂ ਕੀਤੇ ਕੰਮ ਕਾਰਨ ਮਾਣ ਨਾਲ ਚਮਕਦੀਆਂ ਅਖਾਂ ਵੇਖਦਾ ਹਾਂ। ਸੇਰਯੋਜ਼ਾ ਸੀ,

ਜਿਸਨੇ ਨਿਕਾ ਜਿਹਾ ਰੇਡੀਉ ਸੈਟ ਬਣਾਇਆ। ਉਹਨੇ ਇਹ ਚੌਥੀ ਸ਼੍ਰੇਣੀ ਵਿਚ ਬਣਾਇਆ ਸੀ: ਉਹਦੀ ਤਿੰਨਾਂ ਮਹੀਨਿਆਂ ਦੀ ਕਰੜੀ ਘਾਲਣਾ ਦਾ ਫਲ ਬਹੁਤ ਖ਼ੁਸ਼ੀ ਰਾਹੀਂ ਮਿਲਿਆ ਸੀ। ਫੈਦੀਆ ਆੜੂ ਦੇ ਖਿੜੇ ਰੁਖ ਕੋਲ ਖੜਾ ਸੀ: ਉਹ ਆਲੂ ਬੁਖ਼ਾਰੇ ਦੇ ਜੰਗਲੀ ਰੁਖ ਨੂੰ ਆੜੂ ਦੀ ਕਲਮ ਦੀ ਪਿਉਂਦ ਲਾਈ ਸੀ ਅਤੇ ਫੁਲਾਂ ਅਤੇ ਫਲਾਂ ਦੇ ਪ੍ਰਗਟ ਹੋਣ ਦੀ ਉਡੀਕ ਕਰ ਰਿਹਾ ਸੀ। ਵਾਲੀਆ ਦੀ ਯਾਦ ਮੇਰੇ ਚੇਤੇ ਵਿਚ ਉਸ ਖ਼ੁਸ਼ੀ-ਭਰੇ ਛਿਣ ਦੀ ਸਜਰੀ ਹੈ ਜਦੋਂ ਉਹ ਪਸ਼ੂਆਂ ਦੇ ਸ਼ੈਡ ਤੋਂ ਇਕ ਲੇਲਾ ਲਿਆਈ ਸੀ। ਉਹਨੇ ਇਕ ਬਿਮਾਰ, ਮਾੜੂਆ ਜਿਹਾ ਲੇਲਾ ਲਿਆ ਸੀ ਅਤੇ ਉਹਨੂੰ ਸਿਹਤਮੰਦ ਅਤੇ ਬਲਵਾਨ ਬਣਾ ਦਿਤਾ ਸੀ। ਜਦੋਂ ਉਹ ਆਪਣੇ ਗੁਲਾਬ ਦੇ ਕਿਰਮਚੀ ਫੁਲ ਵੇਖਦੀ ਤਾਂ ਤੀਨਾ ਅਸਮਾਨ ਅਤੇ ਸੂਰਜ ਵਲ ਵੇਖ ਕੇ ਮੁਸਕਰਾਉਂਦੀ। ਉਹਨੇ ਗੁਲਾਬ ਦੀਆਂ ਤਿੰਨ ਕਲਮਾਂ ਦੀ ਚਿਲਮ ਝਾੜੀ ਨੂੰ ਪਿਉਂਦ ਲਾਈ ਸੀ ਅਤੇ ਬੂਟੇ ਅਚੰਭਾਜਨਕ ਸੁਹਣੇ ਨਿਕਲੇ ਸਨ। ਜਦੋਂ ਮੈਂ ਸਾਸ਼ਾ ਸੰਬੰਧੀ ਸੋਚਦਾ ਹਾਂ ਤਾਂ ਕਣਕ ਦੀ ਨਿਕੀ ਭਰੀ ਵਾਲਾ ਬਦਾਮੀ ਅਖਾਂ ਵਾਲਾ ਮੁੰਡਾ ਮੇਰੇ ਮਨ ਵਿਚ ਉਭਰ ਆਉਂਦਾ ਹੈ। ਅਸਾਂ ਹਿਸਾਬ ਲਾਇਆ ਕਿ ਉਹਨੇ ਭੋਂ ਦੇ ਤਿੰਨ ਵਰਗ ਮੀਟਰਾਂ ਉਤੇ ਜਿੰਨੀ ਕਣਕ ਉਗਾਈ ਸੀ ਉਸ ਹਿਸਾਬ ਹੈਕਟੇਅਰ ਪਿਛੇ ਅਸੀ ਸੈਨਟਨਰ * ਉਪਜ ਹੁੰਦੀ।... ਸਕੂਲ ਦੇ ਖੂਹ ਦੇ ਨੇੜੇ ਹੀ ਸਿਉਆਂ ਦਾ ਇਕ ਰੁਖ ਹੈ, ਜਿਸ ਦੀਆਂ ਅਨੇਕ ਟਹਿਣੀਆਂ ਹਨ। ਹਰ ਵਰ੍ਹੇ ਜਦੋਂ ਰੁਖ ਉਤੇ ਫੁਲ ਖਿੜਦੇ ਹਨ ਮੈਂ ਗੁਲਾਬੀ ਫੁਲਾਂ ਦੀਆਂ ਅਭਰਿਠ ਭਾਹਾਂ ਨੂੰ ਮਾਣਦਾ ਹਾਂ ਅਤੇ ਮੈਨੂੰ ਜਾਪਦਾ ਹੈ ਕਿ ਸੁਨਹਿਰੀ ਗੁਤਾਂ ਵਾਲੀ ਇਕ ਕੁੜੀ ਇਹ ਕਹਿੰਦੀ ਹੋਈ ਰੁਖ ਵਲ ਨਠਦੀ ਜਾ ਰਹੀ ਹੈ: "ਇਹ ਮੇਰਾ ਰੁਖ ਹੈ।" ਜਦੋਂ ਰੁਖ ਉਤੇ ਪਹਿਲੀ ਵਾਰ ਫੁਲ ਆਏ ਤਾਂ ਕਾਤੀਆ ਨੇ ਇਹੋ ਕੁਝ ਕਿਹਾ ਸੀ। ਮੇਰੀ ਕੋਸਤੀਆ ਦੀ ਯਾਦ ਸੋਗੀ ਹੈ: ਉਹਨੇ ਇਕ ਨਿਕਾ ਜਿਹਾ ਵਛਾ ਕਲਾਵੇ ਵਿਚ ਲਿਆ ਹੋਇਆ ਸੀ ਪਰ ਉਹ ਉਹਦੇ ਲਾਡ ਦਾ ਹੁੰਗਾਰਾ ਨਹੀਂ ਸੀ ਭਰ ਰਿਹਾ ਕਿਉਂਕਿ ਉਹ ਬਿਮਾਰ ਸੀ।

ਇਉਂ ਸਾਰੇ ਬਚੇ ਮੈਨੂੰ ਯਾਦ ਹਨ। ਮੈਂ ਬਚਿਆਂ ਨੂੰ ਉਹਨਾਂ ਦੇ ਕੰਮ ਵਿਚ ਲੀਨ ਵੇਖਦਾ ਹਾਂ। ਪਰ ਮੈਂ ਇਹ ਉਕਾ ਹੀ ਨਹੀਂ ਸੋਚਦਾ ਕਿ ਉਹਨਾਂ ਦੀ ਰੋਚਕਤਾ ਨੇ ਅਗੋ ਦੇ ਜੀਵਨ ਵਿਚ ਕਿਸੇ ਹਦ ਤਕ ਉਹਨਾਂ ਦੇ ਰਾਹ ਪਹਿਲਾਂ ਹੀ ਮਿਥ ਦਿਤੇ। ਜੇ ਕੋਈ ਬਚਾ ਜਿਉਂਦੇ ਜੀਵਾਂ ਨੂੰ ਪਿਆਰ ਕਰਦਾ ਹੈ, ਜੇ ਫਲਾਂ ਦੇ ਬਾਗ਼ ਜਾਂ ਖੇਤ ਵਿਚ ਕੰਮ ਉਹਨੂੰ ਖ਼ੁਸ਼ੀ ਦੇਂਦਾ ਹੈ ਤਾਂ ਇਹਦਾ ਅਰਥ ਇਹ ਨਹੀਂ ਕਿ ਉਹ ਜ਼ਰੂਰ ਹੀ ਮਾਲੀ ਜਾਂ ਖੇਤੀ ਮਾਹਰ ਬਣੇਗਾ। ਗੁਣ, ਯੋਗਤਾਵਾਂ ਅਤੇ ਰੁਚੀਆਂ ਗੁਲਾਬ ਦੇ ਖਿੜੇ ਬੂਟਿਆਂ ਵਾਂਗ ਹੁੰਦੇ ਹਨ: ਇਕ ਫੁਲ ਖਿੜਦਾ ਹੈ ਅਤੇ ਫਿਰ ਇਕ ਹੋਰ ਕਲੀ ਖੁਲ੍ਹਦੀ ਹੈ। ਹਰ ਬਚੇ ਦੀਆਂ ਕਈ ਰੋਚਕਤਾਵਾਂ ਹੁੰਦੀਆਂ ਹਨ ਜਿਨ੍ਹਾਂ ਤੋਂ

---

*ਇਕ ਸੈਨਟਨਰ ਸੌ ਕਿਲੋਗਰਾਮ ਦੇ ਬਰਾਬਰ ਹੁੰਦਾ ਹੈ।—ਅਨੁ:

ਬਿਨਾਂ ਬਚੇ ਲਈ ਭਰਪੂਰ ਅੰਦਰਲੇ ਜੀਵਨ ਦੀ ਕਲਪਨਾ ਕਰਨਾ ਅਸੰਭਵ ਹੈ। ਪਰ ਇਕ ਗਲ ਸਦਾ ਵਧੇਰੇ ਉਭਰ ਕੇ ਸਾਹਮਣੇ ਆਈ। ਜਿੰਨਾ ਚਿਰ ਕਿਸੇ ਬਚੇ ਨੇ ਕਿਸੇ ਤਰ੍ਹਾਂ ਦੀ ਕਿਰਤ ਵਿਚ ਲਖਾਇਕ ਸਫ਼ਲਤਾ ਪ੍ਰਾਪਤ ਨਹੀਂ ਕੀਤੀ ਉਹਨੂੰ ਬੰਦੇ ਵਜੋਂ ਚੇਤੇ ਨਹੀਂ ਰਖਿਆ ਜਾਵੇਗਾ। ਪਰ ਜਿਉਂ ਹੀ ਕਿਰਤ ਉਹਦੇ ਲਈ ਡੂੰਘੀ ਨਿਜੀ ਖ਼ੁਸ਼ੀ ਦੇਣ ਲਗ ਪੈਂਦੀ ਹੈ, ਮਨੁਖੀ ਆਪਾ ਪ੍ਰਗਟ ਹੁੰਦਾ ਹੈ।

ਜਿਹੜੇ ਕੰਮ ਵਿਚ ਬੰਦਾ ਨਿਪੁੰਨਤਾ ਪ੍ਰਾਪਤ ਕਰ ਲੈਂਦਾ ਹੈ ਉਹ ਬਲਵਾਨ ਵਿਦਿਅਕ ਸ਼ਕਤੀ ਹੈ। ਆਪਣੇ ਆਪ ਨੂੰ ਰਚਣਹਾਰਾ ਅਨੁਭਵ ਕਰਦਾ ਹੋਇਆ ਬੰਦਾ ਉਸ ਨਾਲੋਂ ਚੰਗੇਰਾ ਬਣਨ ਦਾ ਜਤਨ ਕਰਦਾ ਹੈ ਜਿਹੋ ਜਿਹਾ ਉਹ ਹੈ। ਇਸ ਤਥ ਦੀ ਮਹਤਤਾ ਵਧਾ ਕੇ ਵੇਖਣਾ ਅਸੰਭਵ ਹੈ ਕਿ ਬਚਪਨ ਵਿਚ ਹੀ, ਗਭਰੇਟ ਅਵਸਥਾ ਦੀਆਂ ਬਰੂਹਾਂ ਉਤੇ ਬੰਦਾ ਆਪਣੀਆਂ ਰਚਨਾਤਮਕ ਸ਼ਕਤੀਆਂ ਅਨੁਭਵ ਕਰਦਾ ਹੈ। ਸ਼ਖ਼ਸੀਅਤ ਦੇ ਬਣਨ ਦਾ ਤਤ ਇਸ ਅਨੁਭਵ ਵਿਚ ਹੀ ਹੈ।

ਅਸਾਂ ਜਿਨ੍ਹਾਂ ਵਿਦਿਅਕ ਪ੍ਰਭਾਵਾਂ ਦੀ ਗਲ ਕੀਤੀ ਹੈ ਉਹਨਾਂ ਦੇ ਸੁਰਮੇਲ ਦੇ ਮਸਲਿਆਂ ਸੰਬੰਧੀ ਇਕ ਸ਼ਰਤ ਰਖਣੀ ਜ਼ਰੂਰੀ ਹੈ। ਇਕ ਮਨੋਰਥ-ਭਰਪੂਰ ਪ੍ਰਭਾਵ ਵਜੋਂ ਕਿਰਤ ਦੇ ਸ਼ਖ਼ਸੀਅਤ ਉਤੇ ਵਿਦਿਅਕ ਪ੍ਰਭਾਵ ਦਾ ਨਿਰਭਰਤਾਵਾਂ ਅਤੇ ਸ਼ਰਤੀਤਾਵਾਂ ਦੇ ਸਮੂਹ ਨਾਲ ਵਿਸ਼ੇਸ਼ ਤੌਰ ਉਤੇ ਨੇੜਵਾਂ ਸੰਬੰਧ ਹੈ ਅਤੇ ਜੇ ਇਹ ਨਿਰਭਰਤਾਵਾਂ ਅਤੇ ਸ਼ਰਤੀਤਾਵਾਂ ਪੂਰੀਆਂ ਨਾ ਕੀਤੀਆਂ ਜਾਣ ਤਾਂ ਕਿਰਤ ਇਕ ਘਿਰਣਤ ਜ਼ਿਮੇਵਾਰੀ ਬਣ ਜਾਂਦੀ ਹੈ ਅਤੇ ਮਨ ਜਾਂ ਆਤਮਾ ਨੂੰ ਕੁਝ ਨਹੀਂ ਦੇਂਦੀ। ਸਾਡੀ ਮਨੋਵਿਗਿਆਨਕ ਗੋਸ਼ਟੀ ਨੇ, ਜਿਸਨੇ ਸਖ਼ਸੀਅਤ ਦੀ ਵਿਦਿਆ ਨੂੰ ਵਿਚਾਰਿਆ, ਹੋਰ ਪ੍ਰਭਾਵਾਂ ਦੇ ਨਾਲ ਨਾਲ ਕਿਰਤ ਦੀ ਸੁਮੇਲੀ ਵਰਤੋਂ ਵਲ ਬਹੁਤ ਧਿਆਨ ਦਿਤਾ। ਬੋਧਕ ਵਿਦਿਆ ਵਿਚ ਹਥਾਂ ਦੇ ਰੋਲ ਸੰਬੰਧੀ ਰਪੋਰਟ ਨੇ ਬਹੁਤ ਰੋਚਕਤਾ ਜਗਾਈ। ਕਿਰਤ ਅਤੇ ਹੋਰ ਵਿਦਿਅਕ ਪ੍ਰਭਾਵਾਂ ਦੀ ਪ੍ਰਸਪਰ ਨਿਰਭਰਤਾ ਅਤੇ ਅੰਤਰ-ਸ਼ਰਤੀਤਾ ਦਾ ਮਸਲਾ ਅਜਿਹਾ ਹੈ ਜਿਸ ਦਾ ਸਾਡੇ ਅਧਿਆਪਕ ਹੁਣ ਤਕ ਅਧਿਅਨ ਕਰ ਰਹੇ ਹਨ।

## ਨਨ੍ਹੇ ਲੈਨਿਨਵਾਦੀਓ, ਤੁਸੀਂ ਆਪਣੀ ਮਾਤ-ਭੂਮੀ ਦੇ ਭਵਿਖ ਦੇ ਸੁਆਮੀ ਹੋ

ਮੈਨੂੰ ਮੇਰਾ ਪਹਿਲ੍ਹਾ ਸਹਾਇਕ ਉਦੋਂ ਮਿਲਿਆ ਜਦੋਂ ਬਚੇ ਪਹਿਲੀ ਸ਼੍ਰੇਣੀ ਵਿਚ ਸਨ — ਬਾਰ੍ਹਾਂ ਵਰ੍ਹਿਆਂ ਦੀ ਨੰਨ੍ਹੀ ਪਾਉਨੀਅਰ ਓਲੀਆ ਜਿਹੜੀ ਛੇਵੀਂ ਸ਼੍ਰੇਣੀ ਦੀ ਵਿਦਿਆਰਥੀ ਸੀ। ਉਹਨੇ ਨੰਨ੍ਹੇ ਪਾਉਨੀਅਰਾਂ ਦੀ ਪ੍ਰੀਸ਼ਦ ਅਗੇ ਬੇਨਤੀ ਕੀਤੀ ਕਿ ਉਹ ਉਹਨੂੰ ਅਕਤੂਬਰਵਾਦੀਆਂ ਨੂੰ ਨੰਨ੍ਹੇ ਪਾਉਨੀਅਰਾਂ ਵਿਚ ਸ਼ਾਮਲ ਹੋਣ ਲਈ ਤਿਆਰ ਕਰਨ ਦਾ ਇੰਚਾਰਜ ਬਣਾ ਦੇਣ। ਮੁਖ ਗਲ ਇਹ ਸੀ ਕਿ ਉਹਨੂੰ ਬਚਿਆਂ ਨਾਲ ਪਿਆਰ ਸੀ। (ਸਾਡੇ ਸਕੂਲ ਵਿਚ ਅਕਤੂਬਰਵਾਦੀਆਂ ਅਤੇ ਨਨ੍ਹੇ ਪਾਉਨੀਅਰਾਂ

ਦੇ ਨੇਤਾ ਮਿਥੇ ਨਹੀਂ ਜਾਂਦੇ; ਜਿਹੜੇ ਬਚਿਆਂ ਨੂੰ ਪਿਆਰ ਕਰਦੇ ਹਨ ਅਤੇ ਉਹਨਾਂ ਨਾਲ ਕੰਮ ਕਰਨਾ ਚਾਹੁੰਦੇ ਹਨ ਉਹ ਇਹ ਪਦਵੀਆਂ ਅਪਣਾ ਲੈਂਦੇ ਹਨ।) ਉਹਨੇ ਬਹੁਤ ਗਲਾਂ ਵਿਚ ਮੇਰੀ ਸਹਾਇਤਾ ਕੀਤੀ: ਉਹ ਬਚਿਆਂ ਨਾਲ ਖੇਡਦੀ, ਉਹਨਾਂ ਨਾਲ ਜੰਗਲ ਅਤੇ ਖੇਤਾਂ ਵਿਚ ਜਾਂਦੀ ਅਤੇ ਉਹਨਾਂ ਨੂੰ ਨੰਨ੍ਹੇ ਪਾਉਨੀਅਰ ਸੂਰਮਿਆਂ ਅਤੇ ਮਹਾਨ ਦੇਸ-ਭਗਤਕ ਯੁਧ ਦੇ ਦਿਨਾਂ ਵਿਚ ਸੋਵੀਅਤ ਲੋਕਾਂ ਦੇ ਕਾਰਨਾਮਿਆਂ ਸ਼ੰਬੰਧੀ ਦਸਦੀ।

ਓਲੀਆ ਨੇ ਇਕ ਕਾਰਜ ਸ਼ੁਰੂ ਕੀਤਾ ਜਿਹੜਾ ਪੰਦਰ੍ਹਾਂ ਵਰ੍ਹਿਆਂ ਤੋਂ ਵਧ ਸਮੇਂ ਤੋਂ ਚਲ ਰਿਹਾ ਹੈ ਅਤੇ ਨਨ੍ਹੇ ਲੈਨਿਨਵਾਦੀਆਂ ਦੀ ਵਿਚਾਰਧਾਰਕ ਵਿਦਿਅਕ ਵਿਚ ਵਡਾ ਰੋਲ ਅਦਾ ਕਰਦਾ ਹੈ। ਮੇਰੀ ਸਲਾਹ ਉਤੇ ਉਹਨੇ ਮਹਾਨ ਦੇਸ-ਭਗਤਕ ਯੁਧ ਦੇ ਸੂਰਮਿਆਂ ਨਾਲ ਬਚਿਆਂ ਦੀਆਂ ਪਹਿਲੀਆਂ ਮਿਲਣੀਆਂ ਕਰਵਾਈਆਂ। ਇਹਨਾਂ ਸੂਰਮਿਆਂ ਦੀਆਂ ਕਹਾਣੀਆਂ ਇੰਨੀਆਂ ਰੋਚਕ ਸਨ ਕਿ ਓਲੀਆ ਨੇ ਉਹਨਾਂ ਨੂੰ ਲਿਖ ਲਿਆ। ਹੌਲੀ ਹੌਲੀ ਉਹਦੇ ਨੋਟਾਂ ਤੋਂ ਇਕ ਹਥ-ਲਿਖਤੀ ਪੁਸਤਕ ਨੇ ਰੂਪ ਧਾਰਿਆ। ਇਹਦਾ ਨਾਂ ਸੀ, "ਸਾਡੇ ਪਿੰਡ ਦੇ ਸਾਥੀ ਵਸਨੀਕ ਮਹਾਨ ਦੇਸ-ਭਗਤਕ ਯੁਧ ਵਿਚ"। ਬਚਿਆਂ ਨਾਲ ਆਪਣੇ ਕੰਮ ਦੇ ਵਰ੍ਹਿਆਂ ਵਿਚ ਪਹਿਲਾਂ ਓਲੀਆ ਅਤੇ ਫਿਰ ਖ਼ੁਦ ਨਨ੍ਹੇ ਪਾਉਨੀਅਰਾਂ ਨੇ ਇਕ ਸੌ ਤੋਂ ਵਧ ਕਹਾਣੀਆਂ ਲਿਖੀਆਂ ਅਤੇ ਪੁਸਤਕ ਵਿਚ ਸੂਰਮਿਆਂ ਦੀਆਂ ਤਸਵੀਰਾਂ ਲਾਈਆਂ। ਹੁਣ ਇਹਦੇ ਵਿਚ ਛੇ ਸੌ ਤੋਂ ਵਧ ਕਹਾਣੀਆਂ ਹਨ। ਇਹ ਆਪਣੀ ਮਾਤ-ਭੂਮੀ ਲਈ ਪਿਆਰ ਦੀ ਭਾਵਨਾ ਸਿਖਾਉਣ ਦਾ ਅਮੋਲ ਸੋਮਾ ਹੈ।

ਬਚਿਆਂ ਨਾਲ ਛੁਹ ਓਲੀਆ ਲਈ ਜ਼ਿਮੇਵਾਰੀ ਨਹੀਂ ਸਗੋਂ ਇਕ ਅੰਦਰਲੀ ਲੋੜ ਸੀ। ਮੈਂ ਇਸ ਲੋੜ ਨੂੰ ਇਕ ਅਦਭੁਤ ਗੁਣ — ਮਾਨਵਤਾ ਦਾ ਗੁਣ — ਸਮਝਦਾ ਹਾਂ। ਜਿਨ੍ਹਾਂ ਕੋਲ ਇਹ ਗੁਣ ਹੁੰਦਾ ਹੈ ਉਹ ਸੁਹਣੇ ਸਿਖਿਅਕ ਬਣ ਜਾਨਗੇ ਅਤੇ ਉਹਨਾਂ ਨੂੰ ਆਪਣੇ ਕੰਮ ਵਿਚ ਖ਼ੁਸ਼ੀ ਮਿਲੇਗੀ। ਸਕੂਲ ਵਿਚ ਬਚਿਆਂ ਨੂੰ ਗਹੁ ਨਾਲ ਵੇਖੋ ਅਤੇ ਤੁਸੀਂ ਅਜਿਹੇ ਮੁੰਡੇ ਅਤੇ ਕੁੜੀਆਂ ਵੇਖੋਗੇ ਜਿਹੜੇ ਆਪਣੇ ਨਿਕੇ ਮਿਤਰਾਂ ਲਈ ਕੁਝ ਕੀਤੇ ਬਿਨਾਂ ਨਹੀਂ ਰਹਿ ਸਕਦੇ। ਮੁੰਡਿਆਂ ਵਿਚ ਇਸ ਲੋੜ ਦਾ ਪ੍ਰਗਟਾਅ ਸ਼ਰਾਰਤਾਂ, ਖ਼ਰਮਸਤੀਆਂ ਅਤੇ ਚਾਲਾਂ ਵਿਚ ਹੁੰਦਾ ਹੈ। ਕੋਈ ਨਿਕਾ ਮੁੰਡਾ ਆਗੂ ਬਣਨ ਦਾ, ਆਪਣੇ ਸਾਥੀਆਂ ਨੂੰ ਆਪਣੇ ਪਿਛੇ ਚਲਾਉਣ ਦਾ ਜਤਨ ਕਰਦਾ ਹੈ ਪਰ ਉਹਨੂੰ ਸਮਝ ਨਹੀਂ ਆਉਂਦੀ ਕਿ ਉਹ ਆਪਣੇ ਬਲ ਨੂੰ ਕਿਹੜੇ ਪਾਸੇ ਲਾਵੇ। ਮੈਂ ਅਧਿਆਪਕਾਂ ਨੂੰ ਸਲਾਹ ਦਿਆਂਗਾ ਕਿ ਉਹ ਇਸ ਉਬਲਦੇ ਬਲ ਨੂੰ ਦਬਾਉਣ ਨਾ। ਸ਼ਰਾਰਤੀ, ਮਛੰਦਰ ਮੁੰਡੇ ਤੁਹਾਡੇ ਭਾਵੀ ਸਹਾਇਕ ਹਨ। ਬਚੇ ਨੂੰ ਆਪਣੇ ਨੇੜੇ ਲਿਆਉਣ ਦਾ ਜਤਨ ਕਰੋ। ਤੁਹਾਨੂੰ ਉਹਨਾਂ ਦੇ ਬਲ ਨੂੰ ਲੋੜੀਂਦੀ ਸੇਧ ਦੇਣ ਯੋਗ ਹੋਣਾ ਚਾਹੀਦਾ ਹੈ।

ਮੈਂ ਇਹ ਨਿਸ਼ਚਿਤ ਬਣਾਉਣ ਦਾ ਜਤਨ ਕੀਤਾ ਕਿ ਨੰਨ੍ਹੇ ਲੈਨਿਨਵਾਦੀਆਂ

ਵਿਚ ਸ਼ਾਮਲ ਹੋਣ ਦੀਆਂ ਤਿਆਰੀਆਂ ਅਤੇ ਨੰਨ੍ਹੇ ਪਾਉਨੀਅਰਾਂ ਦੇ ਦਸਤਿਆਂ ਦਾ ਸਾਰਾ ਜੀਵਨ ਬਚਿਆਂ ਨੂੰ ਆਪਣੀ ਪਵਿਤਰ ਭੂਮੀ ਲਈ, ਜਿਹੜੀ ਉਹਨਾਂ ਦੇ ਲਹੂ ਵਿਚ ਗੜੁਚੀ ਹੋਈ ਹੈ ਜਿਹੜੇ ਉਹਦੀ ਆਜ਼ਾਦੀ ਅਤੇ ਸੁਤੰਤਰਤਾ ਲਈ ਲੜੇ, ਡੂੰਘੇ ਪਿਆਰ ਦੀ ਡੂੰਘੀ ਭਾਵਨਾ ਸਿਖਾਵੇ। ਆਪਣੀ ਮਾਤ-ਭੂਮੀ ਲਈ ਪਿਆਰ ਉਹਦੇ ਉਸ ਸੁਹਪਣ ਦੀ ਸ਼ਲਾਘਾ ਨਾਲ ਸ਼ੁਰੂ ਹੁੰਦਾ ਹੈ, ਜੋ ਕੁਝ ਬਚਾ ਵੇਖਦਾ ਹੈ ਅਤੇ ਜੋ ਕੁਝ ਉਹਦੀ ਆਤਮਾ ਦਾ ਹਿਸਾ ਬਣ ਜਾਂਦਾ ਹੈ। ਓਲੀਆ ਨੇ ਅਤੇ ਮੈਂ ਬਚਿਆਂ ਦੀਆਂ ਅਖਾਂ ਉਹਨਾਂ ਦੀ ਮਾਤ-ਭੂਮੀ ਦੇ ਪ੍ਰਕਿਰਤਕ ਸੁਹਪਣ ਅਤੇ ਜੋ ਕੁਝ ਸੋਵੀਅਤ ਲੋਕਾਂ ਨੇ ਆਪਣੇ ਹਥਾਂ ਨਾਲ ਸਿਰਜਿਆ ਸੀ, ਉਹਦੇ ਸੁਹਪਣ ਵਲ ਖੋਹਲੀਆਂ।

ਅਸੀਂ ਸਤੈਪ ਭੂਮੀ ਵਿਚ ਗਏ ਅਤੇ ਇਕ ਪਹਾੜੀ ਦੀ ਚੋਟੀ ਉਤੇ ਬੈਠੇ। ਅਸਾਂ ਵਿਸ਼ਾਲ ਖੇਤਾਂ ਵਲ ਵੇਖਿਆ, ਜਿਨ੍ਹਾਂ ਵਿਚ ਕਣਕ ਬੀਜੀ ਹੋਈ ਸੀ ਅਤੇ ਖਿੜੇ ਫਲ ਬਾਗ਼ਾਂ ਅਤੇ ਸਫ਼ੈਦੇ ਦੇ ਉਚੇ ਰੁਖਾਂ, ਨੀਲੇ ਆਕਾਸ਼ ਅਤੇ ਚੰਡੋਲਾਂ ਦੀਆਂ ਤਾਨਾਂ ਨੂੰ ਮਾਣਿਆ। ਉਸ ਦੇਸ ਦਾ, ਜਿਥੇ ਸਾਡੇ ਪਿਤਾ ਅਤੇ ਦਾਦੇ ਜੀਵੇ, ਜਿਥੇ ਜੀਣਾ, ਆਪਣੇ ਬਚੇ ਪੈਦਾ ਕਰਨਾ ਅਤੇ ਬੁਢੇ ਹੋ ਜਾਣਾ, ਇਸ ਧਰਤੀ ਤੋਂ ਚਲੇ ਜਾਣਾ ਆਪਣੀ ਮਾਤ-ਭੂਮੀ ਲਈ ਪਿਆਰ ਦੇ ਭਾਵੁਕ ਸੋਮਿਆਂ ਵਿਚੋਂ ਇਕ ਹੈ। ਸੰਸਾਰ ਵਿਚ ਅਜਿਹੇ ਦੇਸ ਹਨ ਜਿਥੇ ਪ੍ਰਕਿਰਤੀ ਸਾਡੇ ਖੇਤਾਂ ਅਤੇ ਜੂਹਾਂ ਨਾਲੋਂ ਵਧੇਰੇ ਭਰਪੂਰ ਹੈ ਪਰ ਆਪਣੇ ਦੇਸ ਦਾ ਸੁਹਪਣ ਸਾਡੇ ਬਚਿਆਂ ਲਈ ਸਭ ਤੋਂ ਪਿਆਰਾ ਹੋਣਾ ਚਾਹੀਦਾ ਹੈ। ਇਹ ਲਾਜ਼ਮੀ ਹੈ ਕਿ ਬਚੇ ਕੇਵਲ ਇਹ ਹੀ ਨਾ ਵੇਖਣ ਕਿ ਕਿਵੇਂ ਬਸੰਤ ਦੀ ਰੁਤੇ ਰੁਖ ਚਿਟੇ ਫੁਲਾਂ ਨਾਲ ਕਜੇ ਜਾਂਦੇ ਹਨ, ਕਿਵੇਂ ਹਾਪਸ ਦੇ ਸੁਨਹਿਰੀ ਬਿਲਿਊਬੈਲ ਫੁਲਾਂ ਉਤੇ ਮਖਿਆਰੀਆਂ ਮੰਡਲਾਉਂਦੀਆਂ ਹਨ, ਸਿਉ ਕਿਵੇਂ ਪਕਦੇ ਹਨ ਅਤੇ ਟਮਾਟਰ ਕਿਵੇਂ ਲਾਲ ਹੁੰਦੇ ਹਨ—ਇਹ ਲਾਜ਼ਮੀ ਹੈ ਕਿ ਉਹ ਇਹ ਸਭ ਕੁਝ ਆਪਣੇ ਜੀਵਨਾਂ ਦੀ ਖੁਸ਼ੀ ਅਤੇ ਭਰਪੂਰਤਾ ਦੈ ਤੌਰ ਉਤੇ ਵੇਖਣ। ਸ਼ਾਲਾ ਉਹ ਆਪਣੇ ਬਚਪਨ ਦੇ ਦਿਨ ਲਿਸ਼ਕਦੇ, ਧੁਪਿਆਲੇ ਬਿੰਬਾਂ ਨਾਲ ਭਰੇ ਹੋਏ ਵਜੋ ਯਾਦ ਰਖਣ: ਪੂਰੇ ਦਾ ਪੂਰਾ ਚਿਟਾ ਦੁਸ਼ਾਲਾ ਓੜ੍ਹੀ ਫੁਲਾਂ ਦਾ ਬਾਗ਼, ਦੜਊ ਦੇ ਖੇਤ ਉਤੇ ਮਖਿਆਰੀਆਂ ਦੀ ਅਭਰਿਠ ਆਵਾਜ਼, ਪਤ-ਝੜ ਦੇ ਡੂੰਘੇ ਠੰਢੇ ਆਕਾਸ਼ ਵਿਚ ਦੁਮੇਲ ਉਤੇ ਸਾਰਸਾਂ ਦੀਆਂ ਡਾਰਾਂ, ਗੂੜ੍ਹੇ ਨੀਲੇ ਰੰਗ ਦੀਆਂ ਪਹਾੜੀਆਂ ਅਤੇ ਥਰਥਰਾਉਂਦੀ, ਕਿਰਮਚੀ ਆਥਣ, ਛਪੜ ਦੇ ਸ਼ੀਸ਼ੇ ਜਿਹੇ ਤਲ ਉਤੇ ਝੁਕੇ ਕਹੂ ਦੇ ਰੁਖ ਅਤੇ ਸੜਕ ਕੰਢੇ ਉਗੇ ਸਫ਼ੈਦੇ ਦੇ ਉਚੇ ਰੁਖ—ਸ਼ਾਲਾ ਇਹ ਸਭ ਕੁਝ ਉਹਨਾਂ ਦੇ ਬਚਪਨ ਦੇ ਵਰ੍ਹਿਆਂ ਵਿਚ, ਉਹਦੀ ਯਾਦ ਵਜੋ ਜੋ ਸਭ ਤੋਂ ਪਿਆਰਾ ਹੈ, ਉਹਨਾਂ ਦੇ ਦਿਲਾਂ ਉਤੇ ਜੀਵਨ ਦੇ ਸੁਹਪਣ ਵਜੋਂ ਛਾਪ ਛਡ ਜਾਵੇ।

ਪਰ ਇਹ ਸੁਹਪਣ ਬਚੇ ਦੀ ਆਤਮਾ ਵਿਚ ਇਸ ਵਿਚਾਰ ਨਾਲ ਦਾਖ਼ਲ ਹੋਵੇ ਕਿ ਇਹ ਖਿੜਿਆ ਬਾਗ਼ ਨਾ ਹੁੰਦਾ, ਕੋਈ ਮਖਿਆਰੀਆਂ, ਕੋਈ ਮਿਠੀਆਂ ਲੋਰੀਆਂ,

ਪਹੁ-ਫੁਟਾਲੇ ਸਮੇਂ, ਜਦੋਂ ਅੰਮਾਂ ਧਿਆਨ ਨਾਲ ਤੁਹਾਡੀਆਂ ਲਤਾਂ ਕੰਬਲ ਨਾਲ ਕਜ ਦੇਂਦੀ ਹੈ, ਕੋਈ ਮਿਠੇ ਸੁਪਨੇ ਨਾ ਹੁੰਦੇ, ਕੁਝ ਵੀ ਨਾ ਹੁੰਦਾ ਜੇ ਇਕ ਠੰਢੀ ਸਿਆਲੀ ਸਵੇਰ ਨੂੰ ਅਲੈਕਸਾਂਦਰ ਮਾਤਰੋਸੋਵ ਦੁਸ਼ਮਣ ਦੀ ਮਸ਼ੀਨ ਗਨ ਉਤੇ ਨਾ ਡਿਗਿਆ ਹੁੰਦਾ ਅਤੇ ਇਹਨੂੰ ਆਪਣੀ ਛਾਤੀ ਨਾਲ ਕਜ ਕੇ ਇਹਦੀਆਂ ਗੋਲੀਆਂ ਆਪਣੇ ਸਾਥੀ ਲੜਾਕੂਆਂ ਵਲੋਂ ਹਟਾ ਨਾ ਲਈਆਂ ਹੁੰਦੀਆਂ, ਜੇ ਨਿਕੋਲਾਈ ਗਾਸਤੇਲੋ ਨੇ ਇਕ ਲਟ ਲਟ ਬਲਦਾ ਹਵਾਈਜਹਾਜ਼ ਦੁਸ਼ਮਣ ਦੇ ਟੈਂਕਾਂ ਉਤੇ ਨਾ ਸੁਟਿਆ ਹੁੰਦਾ, ਜੇ ਹਜ਼ਾਰਹਾ ਹਜ਼ਾਰ ਹੋਰ ਸੂਰਮਿਆਂ ਨੇ ਵੋਲਗਾ ਤੋਂ ਐਲਬ ਤਕ ਰਤ ਨਾ ਡੋਲ੍ਹੀ ਹੁੰਦੀ। ਇਹ ਲਾਜ਼ਮੀ ਹੈ ਕਿ ਅਸੀਂ ਬਚੇ ਨੂੰ ਇਹ ਵਿਚਾਰ ਐਨ ਉਸ ਸਮੇਂ ਦਈਏ ਜਦੋਂ ਉਹ ਹੋਂਦ ਦੀ ਖੁਸ਼ੀ ਮਾਣ ਰਿਹਾ ਹੋਵੇ। ਮੈਂ ਆਪਣੇ ਵਿਦਿਆਰਥੀਆਂ ਨੂੰ ਦਸਿਆ ਕਿਵੇਂ ਸੋਵੀਅਤ ਫ਼ੌਜੀ ਸਾਡੀ ਮਾਤ-ਭੂਮੀ ਦੀ ਆਜ਼ਾਦੀ ਅਤੇ ਸੁਤੰਤਰਤਾ ਲਈ ਐਨ ਸਾਡੇ ਪਿੰਡ ਵਿਚ, ਇਹਨਾਂ ਖੇਤਾਂ ਵਿਚ ਅਤੇ ਉਹਨਾਂ ਰੁਖਾਂ ਹੇਠ ਲੜੇ ਸਨ।

ਹੋਂਦ ਦੀ ਖੁਸ਼ੀ ਕੇਵਲ ਸ਼ਖ਼ਸੀਅਤ ਦਾ ਆਤਮ-ਗਿਆਨ ਹੀ ਨਹੀਂ ਸਗੋਂ ਆਲੇ ਦੁਆਲੇ ਦਾ ਮੁਲੰਗਣ ਵੀ ਹੈ, ਬਚਾ ਆਪਣੇ ਆਲੇ ਦੁਆਲੇ ਜੋ ਕੁਝ ਵੇਖਦਾ ਹੈ ਉਹਦੇ ਨਾਲ ਉਹਦਾ ਸਰਗਰਮ ਰਿਸ਼ਤਾ ਵੀ ਹੈ। ਸੋਸ਼ਲਿਸਟ ਸਮਾਜ ਵਿਚ ਜੀਵਨ ਦਾ ਤਰਕ ਅਜਿਹਾ ਹੈ ਕਿ ਸਾਡੇ ਵਿਦਿਆਰਥੀਆਂ ਲਈ ਆਲੇ ਦੁਆਲੇ ਦਾ ਸੁਹਪਣ ਬਚਪਨ ਵਿਚ ਖੁਸ਼ੀ ਦੇ — ਹੋਂਦ ਦੀ ਖੁਸ਼ੀ ਦੇ ਸੋਮਿਆਂ ਵਿਚੋਂ ਇਕ ਹੈ। ਇਸ ਲਈ ਸਿਖਿਅਕ ਨੂੰ ਇਸ ਗਲ ਦਾ ਧਿਆਨ ਰਖਣਾ ਚਾਹੀਦਾ ਹੈ ਕਿ ਹਰ ਫੁਲ, ਘਾਹ ਦੀ ਹਰ ਤਿੜ ਬਚੇ ਨੂੰ ਖੁਸ਼ੀ ਦੇਵੇ। ਪਰ ਕੀ ਆਲੇ ਦੁਆਲੇ ਦਾ ਸੰਸਾਰ ਕੇਵਲ ਇਸ ਲਈ ਬਚਿਆਂ ਨੂੰ ਪਿਆਰ ਹੁੰਦਾ ਹੈ ਕਿ ਉਹ ਸੁਹਣਾ ਹੈ? ਕਿਉਂਕਿ ਹੋਂਦ ਦੀ ਖੁਸ਼ੀ ਉਹਨਾਂ ਗੁੰਝਲਦਾਰ ਖੁਸ਼ੀਆਂ ਤੋਂ ਵਧ ਕੁਝ ਨਹੀਂ ਜਿਹੜੀਆਂ ਬਚਿਆਂ ਨੂੰ ਵਡੇਰੀਆਂ ਪੀੜ੍ਹੀਆਂ ਤੋਂ ਮਿਲਦੀਆਂ ਹਨ। ਆਲੇ ਦੁਆਲੇ ਦਾ ਸੰਸਾਰ ਨਿਕੇ ਲੋਕਾਂ ਲਈ ਉਦੋਂ ਪਿਆਰਾ ਹੋ ਜਾਂਦਾ ਹੈ ਜਦੋਂ ਉਹ ਵੇਖਦੇ ਹਨ ਕਿ ਉਹਨਾਂ ਦੇ ਦਾਦਿਆਂ ਅਤੇ ਪੜਦਾਦਿਆਂ ਨੇ ਆਪਣੀ ਮਾਤ-ਭੂਮੀ ਦੀ ਆਜ਼ਾਦੀ ਅਤੇ ਸੁਤੰਤਰਤਾ ਲਈ ਕਿੰਨੀਆਂ ਘਾਲਾਂ ਘਾਲੀਆਂ ਹਨ ਅਤੇ ਕਿਨਾਂ ਪਸੀਨਾ, ਕਿੰਨੇ ਹੰਝੂ, ਕਿੰਨੀ ਰਤ ਡੋਲ੍ਹੀ ਹੈ। ਹੋਂਦ ਦੀ ਖੁਸ਼ੀ ਨੂੰ ਨਾਗਰਕਤਾ ਦੀ ਭਾਵਨਾ ਨਾਲ ਮਿਲਾਉਣ ਨੂੰ ਲਿਥੂਏਨੀ ਕਵੀ ਮਾਰਸਿਨਕੀਆਵੀਸੀਉਸ ਨੇ ਆਪਣੀ ਕਵਿਤਾ "ਲਹੂ ਅਤੇ ਸੁਆਹ" ਵਿਚ ਬਹੁਤ ਸੁਹਣੀ ਤਰ੍ਹਾਂ ਪੇਸ ਕੀਤਾ ਹੈ:

ਮਾਤਾਓ, ਆਪਣੇ ਬਚਿਆਂ ਦੇ ਦਿਲਾਂ ਵਿਚ,
ਭਰੋ ਵਤਨ ਦਾ ਪਿਆਰ ਤਾਂ ਜੁ
ਅਤਿ ਉਚੀ ਇਹ ਭਾਵਨਾ
ਬਣਾ ਦੇਵੇ, ਉਹਨਾਂ ਦੇ ਦਿਲਾਂ ਨੂੰ

ਹੋਰ ਦਲੇਰ 'ਤੇ ਉਚਾ।
ਭਰ ਦਿਓ ਉਹਨਾਂ 'ਚ ਇਹ ਸਜ਼ਬਾ
ਕਿ ਆਕਾਸ਼ ਇਹ ਸਾਡਾ, ਅਧ-ਰੈਣੀ ਤਾਰੇ-ਜੜਿਆ,
ਨਾ ਵਧ ਉਚਾ, ਨਾ ਵਧ ਸੁਹਣਾ,
ਪਰ ਉਹੋ ਜਿਹਾ ਨਹੀਂ, ਜਿਹੋ ਜਿਹਾ
ਹੈ ਹੋਰਨਾਂ ਦੇ ਕੋਲ।
'ਤੇ ਉਹ ਬੰਦੇ ਭਾਵ ਜਿਨ੍ਹਾਂ ਦੇ ਇਕ-ਮਿਕ
ਬਚਿਆਂ ਨਾਲ ਤੁਹਾਡੇ,
ਹੋਣਗੇ ਉਹਨਾਂ ਲਈ ਪਿਆਰੇ।

ਮਨੁਖ ਦੀ ਮਾਤ-ਭੂਮੀ ਉਹਦੇ ਲਈ ਉਦੋਂ ਹਦੋਂ ਵਧ ਪਿਆਰੀ ਬਣ ਜਾਂਦੀ ਹੈ ਜਦੋਂ ਖ਼ੁਸ਼ੀ ਦੀ ਭਾਵਨਾ ਉਹਨਾਂ ਲੋਕਾਂ ਸਾਹਮਣੇ ਜ਼ਿਮੇਵਾਰੀ ਦੀ ਭਾਵਨਾ ਨਾਲ ਇਕ-ਮਿਕ ਹੋ ਜਾਂਦੀ ਹੈ ਜਿਨ੍ਹਾਂ ਇਸ ਸੁਹਪਣ ਨੂੰ ਬਚਾਇਆ। ਛੁਟੇਰੀ ਪੀੜ੍ਹੀ ਦੀ ਸਦਾਚਾਰਕ ਅਤੇ ਸੁਹਜ-ਸੁਆਦੀ ਵਿਦਿਆ ਦਾ ਪ੍ਰਗਟਾਅ ਇਸ ਇਕ-ਮਿਕ ਹੋਣ ਵਿਚ ਹੁੰਦਾ ਹੈ। ਇਸ ਗਲ ਦੀ ਲੋੜ ਨਹੀਂ ਕਿ ਹੋਂਦ ਦੀ ਖ਼ੁਸ਼ੀ ਸੌਖੀ ਹੋਵੇ। ਜਿਹੜੇ ਅਧਿਆਪਕ ਸੋਸ਼ਲਿਸਟ ਸਮਾਜ ਦੇ ਆਜ਼ਾਦ ਨਾਗਰਕ ਦੀ ਖ਼ੁਸ਼ੀ ਦੇ ਨਾਂ ਉਤੇ ਇਹ ਸਮਝਦੇ ਹਨ ਕਿ ਬਚਪਨ ਦੀ ਖ਼ੁਸ਼ੀ ਗ਼ਮ, ਦੁਖਾਂ ਅਤੇ ਕੁਰਬਾਨੀਆਂ ਦੀਆਂ ਕਹਾਣੀਆਂ ਦੇ ਪਰਛਾਵੇਂ ਤੋਂ ਬਿਨਾਂ ਹੋਣੀ ਚਾਹੀਦੀ ਹੈ, ਉਹ ਗ਼ਲਤ ਹਨ।

ਪਤ-ਝੜ ਦੇ ਮੁਢ ਦੇ ਧੁਪਿਆਲੇ ਦਿਨਾਂ ਵਿਚ ਸਿਉਆਂ ਦੇ ਰੁਖਾਂ ਦੀਆਂ ਟਹਿਣੀਆਂ ਫਲਾਂ ਦੇ ਭਾਰ ਨਾਲ ਝੁਕਦੀਆਂ ਹਨ, ਅੰਗੂਰਾਂ ਦੇ ਗੁਛੇ ਪਕਦੇ ਹਨ, ਗਾਹ ਦੇ ਪਿੜ ਵਿਚ ਸੁਨਹਿਰੀ ਕਣਕ ਦੇ ਢੇਰ ਵਡੇ ਹੋ ਜਾਂਦੇ ਹਨ ਅਤੇ ਮਕੜੀ ਦੇ ਰੁਪਹਿਲੀ ਜਾਲੇ ਪਾਰ-ਦਰਸ਼ੀ ਹਵਾ ਵਿਚ ਤੈਰਦੇ ਹਨ। ਓਲੀਆ ਅਤੇ ਮੈਂ ਬਚਿਆਂ ਨੂੰ ਪਿੰਡ ਦੀ ਫਿਰਨੀ ਕੋਲ ਲੈ ਗਏ ਜਿਥੇ ਇਕ ਉਚੀ ਪਹਾੜੀ ਹੈ ਜਿਸਤੋਂ ਦੂਰ ਦਾ ਬਹੁਤ ਸੁਹਣਾ ਦ੍ਰਿਸ਼ ਦਿਸਦਾ ਹੈ। ਉਥੋਂ ਤੁਸੀਂ ਨੀਲੇ ਜਿਹੇ ਹਦਵਾਣੇ ਅਤੇ ਉਸ ਤੋਂ ਪਰ੍ਹਾਂ ਫਲਾਂ ਦਾ ਇਕ ਬਾਗ਼ ਵੇਖ ਸਕਦੇ ਸਾਓ। ਫਲਾਂ ਦੇ ਬਾਗ਼ ਤੋਂ ਪਰ੍ਹਾਂ ਸਫ਼ੈਦੇ ਦੇ ਉਚੇ ਰੁਖ ਸਨ, ਉਹਨਾਂ ਤੋਂ ਪਰ੍ਹਾ ਸਤੇਪ-ਭੂਮੀ, ਸਿਆਲ ਦੀ ਕਣਕ ਦੇ ਹਰੇ ਖੇਤ ਸਨ, ਅਤੇ ਦੂਮੇਲ ਉਤੇ ਗੂੜ੍ਹੀ ਨੀਲੀ ਧੁੰਦ ਵਿਚ ਦੂਰਾਡੀਆਂ ਪਹਾੜੀਆਂ ਸਨ। ਮੁੰਡਿਆਂ ਅਤੇ ਕੁੜੀਆਂ ਨੇ ਇਕ ਅਜਿਹਾ ਛਿਣ ਅਨੁਭਵ ਕੀਤਾ ਜਿਹੜਾ ਦੁਹਰਾਇਆ ਨਹੀਂ ਸੀ ਜਾ ਸਕਦਾ। ਆਪਣੇ ਸਾਹਮਣੇ ਖਿਲਰੇ ਸੁਹਪਣ ਵਿਚ ਉਹਨਾਂ ਆਪਣੇ ਬਚਪਨ ਦਾ ਇਕ ਖ਼ੁਸ਼ ਹਿਸਾ ਵੇਖਿਆ: ਉਹਨਾਂ ਦੀਆਂ ਮਾਵਾਂ ਅਤੇ ਪਿਤਾ, ਆਪਣੀਆਂ ਦਿਆਲ ਅਖਾਂ ਵਿਚ ਲਿਸ਼ਕਦੀ ਧੁਪ ਦੀਆਂ ਚਿਣਗਾਂ ਲੈਕੇ ਰਾਤ ਨੂੰ ਇਹਨਾਂ ਦੂਰਾਡੇ ਖੇਤਾਂ ਤੋਂ ਘਰ ਮੁੜਦੇ ਸਨ। ਅਸੀਂ ਪਹਾੜੀ ਉਤੇ ਬੈਠੇ ਰਹੇ ਅਤੇ

ਮੈਂ ਉਹਨਾਂ ਨੂੰ ਚੰਗੇ ਅਤੇ ਮਾੜੇ ਸੰਬੰਧੀ ਇਕ ਕਹਾਣੀ ਸੁਣਾਈ। ਬਚੇ ਚੰਗਿਆਈ ਦੀ ਜਿਤ ਉਤੇ ਖ਼ੁਸ਼ ਹੋਏ।

ਇਕ ਹਫ਼ਤਾ ਪਿਛੋਂ ਅਸੀਂ ਮੁੜਕੇ ਟਿਬੇ ਉਤੇ ਗਏ ਅਤੇ ਬਚਿਆਂ ਸਾਹਮਣੇ ਖਿਲਰੇ ਅਦਭੁਤ ਚਿਤਰ ਵਿਚ ਕੁਝ ਨਵਾਂ ਸੀ: ਪਤ-ਝੜ ਨੇ ਆਪਣੇ ਪਹਿਲੇ ਰੰਗ ਖਿਲਾਰ ਦਿਤੇ ਸਨ — ਸਿਉ ਅਤੇ ਸਫ਼ੈਦੇ ਦੇ ਰੁਖਾਂ ਨੇ ਸੋਨੇ ਦੇ ਬਸਤਰ ਪਹਿਨ ਲਏ ਸਨ, ਸਿਆਲੀ ਕਣਕ ਦੀਆਂ ਪੰਨੇ ਰੰਗੀਆਂ ਪੈਲੀਆਂ ਦਾ ਰੰਗ ਵਧੇਰੇ ਸ਼ੋਖ਼ ਹੋ ਗਿਆ ਸੀ ਅਤੇ ਅਸਮਾਨ ਵਧੇਰੇ ਨੀਲਾ ਸੀ। ਇਉਂ ਅਸੀਂ ਹਰ ਹਫ਼ਤੇ ਮਿਥੇ ਸਮੇਂ ਉਤੇ ਆਪਣੀ ਥਾਂ ਜਾਂਦੇ, ਸੁਹਪਣ ਮਾਣਨ ਅਤੇ ਸੁਹਣੀਆਂ ਲੋਕ ਕਥਾਵਾਂ ਵਿਚ ਚੰਗੇ ਅਤੇ ਮਾੜੇ ਦਾ ਘੋਲ ਅਨੁਭਵ ਕਰਨ ਲਈ, ਨਿਰਮਲ ਪੌਣ ਦੇ ਸਾਹ ਲੈਂਦੇ ਹੋਏ ਅਤੇ ਇਸ ਗਲ ਦੇ ਸੁਪਨੇ ਲੈਂਦੇ ਹੋਏ ਕਿ ਕਿਵੇਂ ਅਸੀਂ ਬਸੰਤ ਰੁਤੇ ਚੰਡੋਲ ਨੂੰ ਮਿਲਣ ਇਥੇ ਆਵਾਂਗੇ, ਪਤ-ਝੜ ਦੇ ਸਤੋਪੀ ਦਾ ਸੰਗੀਤ ਮਾਣਨ ਲਈ। ਸਤੋਪ-ਭੂਮੀ ਦੀ ਇਹ ਨੁਕਰ ਬਚਿਆਂ ਦੇ ਜੀਵਨ ਵਿਚ ਦਾਖ਼ਲ ਹੋ ਗਈ ਅਤੇ ਉਹਨਾਂ ਲਈ ਪਿਆਰੀ ਬਣ ਗਈ। ਇਹ ਮਾਤ-ਭੂਮੀ ਦਾ ਪਹਿਲਾ ਦ੍ਰਿਸ਼ ਸੀ ਜਿਹੜਾ ਸਦਾ ਲਈ ਬਚਿਆਂ ਦੇ ਮਨਾਂ ਉਤੇ ਅੰਕਤ ਹੋ ਗਿਆ।

ਤੁਸੀਂ ਆਲੇ ਦੁਆਲੇ ਵਿਚ ਸੁਹਪਣ ਦੀ ਸੂਝ ਤੋਂ ਬਿਨਾਂ ਮਾਤ-ਭੂਮੀ ਲਈ ਭਾਵਨਾ ਨਹੀਂ ਜਗਾ ਸਕਦੇ। ਵਡੇਰੀਆਂ ਪੀੜ੍ਹੀਆਂ ਨੇ ਉਹਨਾਂ ਦੇ ਖ਼ੁਸ਼ੀ-ਭਰੇ ਬਚਪਨ ਲਈ ਜਿਹੜਾ ਮੁਲ ਤਾਰਿਆ ਉਸ ਸੰਬੰਧੀ ਗਲ ਤੁਸੀਂ ਬਚਿਆਂ ਦੀਆਂ ਅਖਾਂ ਉਹਨਾਂ ਦੀ ਮਾਤ-ਭੂਮੀ ਦੇ ਸੁਹਪਣ ਲਈ ਖੋਹਲੇ ਬਿਨਾਂ ਨਹੀਂ ਕਰ ਸਕਦੇ। ਸ਼ਾਲਾ ਦੁਰਾਡੇ ਬਚਪਨ ਵਿਚ ਇਸ ਨੁਕਰ ਦੀ ਯਾਦ ਸਦਾ ਬਚੇ ਦੇ ਮਨ ਵਿਚ ਰਹੇ। ਸ਼ਾਲਾ ਉਹਦੀ ਮਹਾਨ ਮਾਤ-ਭੂਮੀ ਦਾ ਬਿੰਬ ਸਦਾ ਇਸ ਨੁਕਰ ਨਾਲ ਜੁੜਿਆ ਰਹੇ।

ਪਤ-ਝੜ ਦੇ ਇਕ ਸ਼ਾਂਤ ਦਿਨ ਮੈਂ ਟਿਬੇ ਦੀ ਸਿਖਰ ਉਤੇ ਇਕ ਮਸਾਂ ਦਿਸਦਾ ਟੋਇਆ ਵਿਖਾਇਆ ਅਤੇ ਕਿਹਾ:

"ਇਸ ਟੋਏ ਨੂੰ ਵੇਖੋ। ਸਮੇਂ ਨੇ ਇਹਨੂੰ ਪਧਰਾ ਕਰ ਦਿਤਾ ਹੈ ਅਤੇ ਇਹਦੇ ਉਤੇ ਘਾਹ ਉਗ ਆਇਆ ਹੈ।... ਪਰ ਅਜ ਜਿਹੇ ਇਕ ਧੁਪਿਆਲੇ ਦਿਨ ਸਾਡੀ ਫ਼ੌਜ ਸਿਧੀ ਸੜਕ ਰਾਹੀਂ ਦਨੀਪਰ ਤੋਂ ਪਿਛੇ ਹਟ ਰਹੀ ਸੀ। ਇਕ ਜਵਾਨ ਮਸ਼ੀ-ਮਸ਼ੀਨਗਨ ਚਲਾਉਣ ਵਾਲਾ ਇਸ ਟਿਬੇ ਉਤੇ ਆਇਆ। ਉਹ ਦੁਸ਼ਮਣ ਨੂੰ ਠਲ੍ਹਣ ਅਤੇ ਉਹਨਾਂ ਨੂੰ ਦਨੀਪਰ ਤਕ ਅਪੜਨੋਂ ਰੋਕਣ ਲਈ ਇਸ ਟਿਬੇ ਉਤੇ ਠਹਿਰ ਗਿਆ। ਦੁਸ਼ਮਣ ਦੇ ਮੋਟਰਸਾਈਕਲ ਸਵਾਰ ਸੜਕ ਉਤੇ ਦਿਸੇ। ਮਸ਼ੀਨਗਨ ਚਲਾਉਣ ਵਾਲੇ ਨੇ ਉਹਨਾਂ ਨੂੰ ਖ਼ਤਮ ਕਰ ਦਿਤਾ। ਫ਼ਾਸ਼ਿਸਟਾਂ ਨੇ ਤੋਪਾਂ ਨਾਲ ਟਿਬੇ ਉਤੇ ਗੋਲਾਬਾਰੀ ਸ਼ੁਰੂ ਕਰ ਦਿਤੀ। ਵੇਖੋ ਇਹ ਕਿਵੇਂ ਪਧਰਾ ਹੋਇਆ ਹੋਇਆ ਹੈ। ਗੋਲੇ ਵਰ੍ਹਨੇ ਬੰਦ ਹੋ ਗਏ, ਮੋਟਰਸਾਈਕਲ ਸਵਾਰ ਫਿਰ ਸੜਕ ਉਤੇ ਆਏ, ਅਤੇ ਟਿਬਾ ਫਿਰ ਜਾਗ ਪਿਆ — ਦੁਸ਼ਮਣ ਸੋਵੀਅਤ ਫ਼ੌਜੀ ਦੀਆਂ ਗੋਲੀਆਂ ਦਾ ਨਿਸ਼ਾਨਾ ਬਣ

ਕੇ ਡਿਗਣ ਲਗ ਪਏ। ਫ਼ਾਸ਼ਿਸਟਾਂ ਨੇ ਟਿਬੇ ਵਲ ਇਕ ਟੈਂਕ ਭੇਜਿਆ। ਉਹ ਉਹਨਾਂ ਰੁਖਾਂ ਦੇ ਨੇੜੇ ਆ ਗਿਆ ਅਤੇ ਗੋਲੇ ਵਰਹਾਉਣ ਸ਼ੁਰੂ ਕਰ ਦਿਤੇ। ਗੋਲੀ ਚਲਣੀ ਬੰਦ ਹੋ ਗਈ ਅਤੇ ਮੋਟਰਸਾਈਕਲ ਸਵਾਰ ਫਿਰ ਸੜਕ ਉਤੇ ਆਏ। ਟਿਬਾ ਇਕ ਵਾਰ ਫਿਰ ਜਾਗ ਪਿਆ। ਫ਼ੌਜੀ ਹਥ, ਸਿਰ ਅਤੇ ਛਾਤੀ ਵਿਚ ਬੁਰੀ ਤਰ੍ਹਾਂ ਫਟੜ ਹੋਇਆ ਸੀ ਪਰ ਉਹਨੇ ਲੜਨਾ ਜਾਰੀ ਰਖਿਆ। ਲਹੂ ਵਹਿ ਕੇ ਉਹਦੀਆਂ ਅਖਾਂ ਵਿਚ ਘੁਸ ਗਿਆ ਅਤੇ ਉਹਨੂੰ ਪਤਾ ਸੀ ਕਿ ਉਹ ਆਪਣੀ ਮਾਤ-ਭੂਮੀ ਦੇ ਨੀਲੇ ਆਕਾਸ਼ ਨੂੰ ਅਖੀਰੀ ਵਾਰ ਵੇਖ ਰਿਹਾ ਹੈ। ਪਰ ਜਵਾਨ ਦੇ ਦਿਲ ਦੀ ਧੜਕਣ ਉਦੋਂ ਹੀ ਬੰਦ ਹੋਈ ਜਦੋਂ ਇਕ ਗੋਲਾ ਉਹਦੀ ਮਸ਼ੀਨਗਨ ਦੇ ਕੋਲ ਫਟਿਆ। ਸ਼ਾਮ ਨੂੰ ਪੰਚਾਇਤੀ ਫ਼ਾਰਮ ਦੇ ਕਿਸਾਨ ਆਏ, ਇਕ ਟੋਆ ਪੁਟਿਆ ਅਤੇ ਲਹੂ-ਲਿਬੜੀ ਦੇਹ ਦਫ਼ਨ ਕਰ ਦਿਤੀ। ਫ਼ੌਜੀ ਦੀਆਂ ਹਡੀਆਂ ਉਸ ਸਮੇਂ ਤਕ ਉਥੇ ਪਈਆਂ ਰਹੀਆਂ ਜਦੋਂ ਤਕ ਸਾਡੀ ਫ਼ੌਜ ਨੇ ਪਿੰਡ ਨੂੰ ਦੁਸ਼ਮਣ ਤੋਂ ਆਜ਼ਾਦ ਨਾ ਕਰਵਾ ਲਿਆ। ਮੁੜ੍ਹੇ ਦੇ ਫ਼ੌਜੀ ਮਿਤਰ ਟਿਬੇ ਉਤੇ ਗਏ ਅਤੇ ਹਡੀਆਂ ਉਥੋਂ ਕਢ ਲਈਆਂ, ਜਿਹੜੀਆਂ ਉਹਨਾਂ ਪਿੰਡ ਵਿਚ ਸਤਿਕਾਰ ਨਾਲ ਇਕ ਸਮੂਹਕ ਕਬਰ ਵਿਚ ਦਫ਼ਨ ਕਰ ਦਿਤੀਆਂ। ਸਾਨੂੰ ਸੂਰਮੇ ਦਾ ਨਾਂ ਪਤਾ ਨਹੀਂ, ਨਾ ਹੀ ਉਹਦੀ ਮਾਂ ਜਾਣਦੀ ਹੈ ਉਹਦਾ ਪੁਤਰ ਕਿਥੇ ਦਫ਼ਨ ਹੈ।"

ਬਚਿਆਂ ਦੇ ਦਿਲਾਂ ਉਤੇ ਗ਼ਮ ਛਾ ਗਿਆ। ਜੀਵਨ ਦਾ ਸੁਹਪਣ ਅਤੇ ਆਪਣੀ ਮਾਤ-ਭੂਮੀ ਦੀ ਇਸ ਨੁਕਰ ਦਾ ਸੁਹਪਣ ਬਚਿਆਂ ਨੂੰ ਵਧੇਰੇ ਪਿਆਰਾ ਹੋ ਗਿਆ ਸੀ। ਉਹ ਸੰਸਾਰ ਨੂੰ ਸੂਰਮੇ ਦੀਆਂ ਅਖਾਂ ਨਾਲ ਵੇਖਦੇ। ਜਵਾਨ ਨੇ ਆਪਣੀ ਜਾਨ ਦਿਤੀ ਤਾਂ ਜੁ ਉਹ ਖ਼ੁਸ਼ ਅਤੇ ਅਮਨ-ਭਰਿਆ ਜੀਵਨ ਜੀ ਸਕਣ, ਤਾਂ ਜੁ ਅਸਮਾਨ ਵਿਚ ਤਾਰੇ ਟਿਮਕ ਸਕਣ, ਤਾਂ ਜੁ ਘਾਹ ਅਤੇ ਸਿਉਆਂ ਦੇ ਰੁਖ ਆਪਣੀਆਂ ਖ਼ੁਸ਼ਬੋਆਂ ਛਡਣ, ਤਾਂ ਜੁ ਟਿਡਿਆਂ ਦਾ ਸੁਹਣਾ ਗੀਤ ਸਤੈਪ-ਭੂਮੀ ਉਤੇ ਗੂੰਜੇ ਅਤੇ ਤਾਂ ਜੁ ਨਵੇਂ ਸਾਲ ਤੋਂ ਪਹਿਲੀ ਰਾਤ ਅੰਮਾਂ ਕਕਰ ਦਾਦੇ ਵਲੋਂ ਉਹਨਾਂ ਦੇ ਸਿਰਹਾਣਿਆਂ ਹੇਠ ਸੁਗ਼ਾਤਾਂ ਰਖ ਸਕੇ।... ਬਚੇ ਚੁਪ ਹੋ ਗਏ ਅਤੇ ਉਸ ਧਰਤੀ ਵਲ ਵੇਖਣ ਲਗ ਪਏ ਜਿਹੜੀ ਲਹੂ ਨਾਲ ਲਿਬੜੀ ਸੀ। ਉਹ ਮਿਟੀ ਦੇ ਹਰ ਢੇਲੇ ਨੂੰ, ਘਾਹ ਦੀ ਹਰ ਤਿੜ ਨੂੰ ਅਤੇ ਚਰਾਇਤੇ ਨੂੰ ਪਲੋਸਣਾ ਚਾਹੁੰਦੇ ਸਨ।

ਇਹ ਐਨ ਸੰਭਵ ਹੈ ਕਿ ਮੇਰੇ ਬਹੁਤ ਸਾਰੇ ਵਿਦਿਆਰਥੀਆਂ ਲਈ ਉਸ ਰਾਤ ਸੌਣਾ ਔਖਾ ਹੋ ਗਿਆ।" ਉਹਨਾਂ ਦੀਆਂ ਅਖਾਂ ਸਾਹਮਣੇ ਉਹਨਾਂ ਦੇ ਵਤਨ ਦੀ ਸਤੈਪ-ਭੂਮੀ ਸੀ, ਪਹਿਲਾਂ ਧੁਪ ਰੁਸ਼ਨਾਈ ਅਤੇ ਫਿਰ ਲੜਾਈ ਦੇ ਧੂੰ ਕਾਰਨ ਹਨੇਰੀ ਹੋਈ। ਉਹਨਾਂ ਦੇ ਦਿਲਾਂ ਨੂੰ ਗ਼ਮ ਨੇ ਗਰਸ ਲਿਆ: ਉਹਨਾਂ ਦਾ ਸੂਰਮਾ ਉਹ ਸੁਹਪਣ ਨਹੀਂ ਵੇਖੇਗਾ ਜਿਹੜਾ ਉਹਨਾਂ ਉਸ ਦਿਨ ਵੇਖਿਆ ਅਤੇ ਅਗਲੇ ਦਿਨ ਅਤੇ ਇਥੋਂ ਤਕ ਕਿ ਇਕ ਵਰ੍ਹਾ ਪਿਛੋਂ ਵੇਖਣਗੇ। ਅਤੇ ਇਸ ਸੋਚ ਕਾਰਨ ਉਹਨਾਂ

ਦੀਆਂ ਅਖਾਂ ਵਿਚ ਫਿਰ ਹੰਝੂ ਆ ਗਏ ਅਤੇ ਉਹਨਾਂ ਦੇ ਸੁਪਨਿਆਂ ਵਿਚ ਉਹਨਾਂ ਦੀਆਂ ਮਾਵਾਂ ਦੇ ਪਲੋਸਦੇ ਹਥ ਸਨ।

ਅਗਲੀ ਸਵੇਰ, ਸਕੂਲ ਦੀ ਪੜ੍ਹਾਈ ਸ਼ੁਰੂ ਹੋਣ ਤੋਂ ਪਹਿਲਾਂ ਵਾਰੀਆ ਮੇਰੇ ਕੋਲ ਆਈ। ਉਹ ਇਕ ਕਵਿਤਾ ਲਿਆਈ ਜਿਹੜੀ ਉਹਨੇ ਪਿਛਲੀ ਸ਼ਾਮ ਲਿਖੀ ਸੀ:

ਸਤੈਪੀ ਦੇ ਵਿਚ, ਸੜਕ ਦੇ ਕੰਢੇ, ਹੈ ਇਕ ਟਿਬਾ।
ਕਈ ਵਰ੍ਹਿਆਂ ਤੋਂ, ਇਹਦੇ ਦੁਆਲੇ, ਕੁਰਲਾਵੇ ਪੌਣ,
ਖਿੜੀ ਧੂਪ ਇਹਨੂੰ ਨਿਘਾ ਕੀਤਾ,
ਧੁੰਦ ਪਤ-ਝੜ ਦੀ ਉਡਦੀ ਲੰਘੀ।
ਇਕ ਜ਼ਾਲਮ ਵੈਰੀ ਆਇਆ ਸਾਡੇ ਦੇਸ।
ਸੂਰਾ ਇਕ ਦਲੇਰ, ਖੜਾ ਸੀ ਟਿਬੇ ਉਤੇ।
ਦੁਸ਼ਮਣ ਤੋਂ ਉਹਨੇ ਸੜਕ ਦੀ ਰਖਿਆ ਕੀਤੀ।
ਇਥੇ, ਬੁਢ-ਕਦੀਮੀ ਟਿਬੇ ਉਤੇ, ਮਰਿਆ ਇਕ ਸੂਰਾ ਯੋਧਾ,
ਗੋਲੇ ਦਾ ਇਕ ਤਿਖਾ ਟੋਟਾ, ਛਾਤੀ ਵਿਚ ਸੀ ਉਹਦੀ ਖੁਭਾ,
ਲਹੂ ਲਿਬੜਿਆ ਦਿਲ ਜੋ ਉਹਦਾ, ਕੰਬਿਆ ਧਰਤੀ ਉਤੇ,
ਨੀਲਾ ਅੰਬਰ ਕਾਲਾ ਹੋਇਆ,
ਗਜਦੇ, ਕਾਲੇ ਬਦਲਾਂ ਢਕਿਆ ਸੂਰਜ।...
ਤੈਨੂੰ ਅਸਾਂ ਕਦੀ ਨਾ ਭੁਲਣਾ,
ਜਾਨ ਦਿਤੀ ਜਿਸ, ਤਾਂ ਜੁ
ਜਿਉਂਦੇ ਅਸੀਂ ਰਹਿ ਸਕਈਏ।
ਉਸ ਥਾਂ ਜਿਥੇ ਦਿਲ ਧਰਤੀ 'ਤੇ ਤੇਰਾ ਡਿਗਾ,
ਅਸਾਂ ਹੈ ਲਾਇਆ, ਰੁਖ ਇਕ ਬਲੂਤ ਦਾ।

ਇਕ ਹਫਤਾ ਪਿਛੋਂ ਅਸੀਂ ਫਿਰ ਟਿਬੇ ਉਤੇ ਗਏ। ਬਚੇ ਜਾਣਨਾ ਚਾਹੁੰਦੇ ਸਨ ਉਹਨਾਂ ਦਾ ਸੂਰਮਾ ਕੌਣ ਸੀ ਅਤੇ ਉਹ ਕਿਥੇ ਜੰਮਿਆ ਅਤੇ ਕਿਥੇ ਵਿਦਿਆ ਪ੍ਰਾਪਤ ਕੀਤੀ ਸੀ ਅਤੇ ਕੀ ਉਹਦੀ ਮਾਂ ਅਜ ਜਿਉਂਦੀ ਸੀ। ਬਚੇ ਹੁਣ ਜੋ ਕੁਝ ਵੇਖਦੇ ਅਤੇ ਸੁਣਦੇ ਉਹ ਉਸ ਸੂਰਮੇ ਦੀਆਂ ਅਖਾਂ ਨਾਲ ਵੇਖਦੇ ਜਿਸਨੇ ਆਪਣੀ ਮਾਤ-ਭੂਮੀ ਲਈ ਜਾਨ ਦਿਤੀ ਸੀ। ਬਚੇ ਆਪਣੀਆਂ ਭਾਵਨਾਵਾਂ ਪ੍ਰਗਟ ਕਰਨ ਲਈ ਕੁਝ ਕਰਨਾ ਚਾਹੁੰਦੇ ਸਨ। ਜਦੋਂ ਰੁਖਾਂ ਦੇ ਪਤੇ ਝੜਨ ਲਗੇ ਤਾਂ ਅਸੀਂ ਬਲੂਤ ਦਾ ਇਕ ਨਿਕਾ ਬੂਟਾ ਟਿਬੇ ਦੀ ਸਿਖਰ ਉਤੇ ਲੈ ਗਏ। ਜਦੋਂ ਦਿਆਲ ਭਾਵਨਾਵਾਂ ਦੀਆਂ ਕੋਮਲ ਲਹਿਰਾਂ ਬਚਿਆਂ ਦੇ ਦਿਲਾਂ ਵਿਚ ਥਰਥਰਾਉਂਦੀਆਂ ਹਨ ਤਾਂ ਸ਼ਬਦਾਂ ਦੀ ਲੋੜ ਨਹੀਂ ਹੁੰਦੀ। ਬਚਿਆਂ ਨੇ ਇਹ ਕੰਮ ਡੂੰਘੇ ਵਲਵਲੇ ਨਾਲ ਕੀਤਾ: ਅਸੀਂ ਕੇਵਲ

ਟਿਬੇ ਨੂੰ ਹਰਿਆਲਾ ਬਣਾਉਣ ਲਈ ਹੀ ਇਕ ਰੁਖ ਨਹੀਂ ਸਾਂ ਲਾ ਰਹੇ—ਅਸੀਂ ਇਕ ਸੂਰਮੇ ਦੀ ਜਿਊਂਦੀ ਯਾਦਗਾਰ ਖੜੀ ਕਰ ਰਹੇ ਸਾਂ।

ਬਚਿਆਂ ਨੂੰ ਪਤਾ ਸੀ ਕਿ ਟਿਬੇ ਉਤੇ ਬਲੂਤ ਦਾ ਰੁਖ ਉਗਾਉਣਾ ਔਖਾ ਹੋਵੇਗਾ ਪਰ ਉਹ ਕਿਸੇ ਔਖ ਤੋਂ ਨਾ ਡਰੇ। ਸਿਆਲ ਵਿਚ ਅਸਾਂ ਠੰਢੀ ਪੌਣ ਤੋਂ ਰੁਖ ਦੀ ਰਖਿਆ ਕੀਤੀ, ਉਹਨੂੰ ਬਰਫ਼ ਨਾਲ ਕਜ ਦਿਤਾ। ਬਸੰਤ ਰੁਤੇ ਜਦੋਂ ਟਿਬਾ ਹਰੇ ਘਾਹ ਨਾਲ ਕਜਿਆ ਗਿਆ ਤਾਂ ਬਚੇ ਰੋਜ਼ ਇਹ ਵੇਖਣ ਲਈ ਦੌੜਦੇ ਹੋਏ ਟਿਬੇ ਵਲ ਜਾਂਦੇ ਕਿ ਉਹਨਾਂ ਦੇ ਬੂਟੇ ਵਿਚ ਸੂਏ ਨਿਕਲੇ ਹਨ ਜਾਂ ਨਹੀਂ। ਇਹ ਕੇਵਲ ਰੁਖ ਦਾ ਧਿਆਨ ਰਖਣਾ ਹੀ ਨਹੀਂ ਸੀ—ਇਹ ਸੂਰਮੇ ਨਾਲ ਮੁਲਾਕਾਤ ਸੀ। ਫਿਰ ਬਲੂਤ ਹਰਾ ਹੋ ਗਿਆ ਅਤੇ ਹਰ ਨਿਕੇ ਪਤੇ ਵਿਚ ਬਚਿਆਂ ਨੇ ਉਸ ਭਿਆਨਕ ਦਿਨ ਦੀ ਗੂੰਜ ਸੁਣੀ। ਜਿਨ੍ਹਾਂ ਬੁਢਿਆਂ ਨੇ ਫ਼ੌਜੀ ਨੂੰ ਦਫ਼ਨਾਇਆ ਸੀ ਉਹਨਾਂ ਸਾਨੂੰ ਉਹਦੇ ਕਾਰਨਾਮੇ ਨੂੰ ਸਮਝਣ ਵਿਚ ਸਹਾਇਤਾ ਦਿਤਾ। ਅਸੀਂ ਉਹ ਦਿਨ ਲਿਸ਼ਕਦੀ ਸ਼ਾਨ, ਯਾਦ ਅਤੇ ਅਫ਼ਸੋਸ ਦੇ ਦਿਨ ਵਜੋਂ ਮਨਾਉਂਦੇ ਹਾਂ। ਬਚੇ ਸਵੇਰੇ ਸਾਝਰੇ ਸਕੂਲੇ ਆਏ, ਉਹਨਾਂ ਵਿਚੋਂ ਹਰ ਇਕ ਫੁਲ ਲਿਆਇਆ। ਉਹਨਾਂ ਇਕ ਜਿਊਂਦਾ ਹਾਰ ਬਣਾਇਆ ਅਤੇ ਉਸ ਥਾਂ ਰਖਿਆ ਜਿਥੇ, ਕਥਨ ਅਨੁਸਾਰ, ਸੂਰਮੇ ਦੀ ਮੌਤ ਹੋਈ ਸੀ।

ਟਿਬੇ ਦੇ ਐਨ ਉਪਰ ਵਾਲਾ ਪਲਾਟ ਬਚਿਆਂ ਲਈ ਵਡੇਰੀਆਂ ਪੀੜ੍ਹੀਆਂ ਦੀ, ਜਿਨ੍ਹਾਂ ਸਾਡੀ ਮਾਤ-ਭੂਮੀ ਦੀ ਆਜ਼ਾਦੀ ਅਤੇ ਸੁਤੰਤਰਤਾ ਦੀ ਰਖਿਆ ਕੀਤੀ ਸੀ, ਸੂਰਮਤਾਈ ਦਾ ਚਿੰਨ੍ਹ ਬਣ ਗਿਆ। "ਤੁਸੀਂ ਉਸ ਦੇਸ ਦੇ ਸਵਾਮੀ ਹੋ ਜਿਸ ਲਈ ਵਡੇਰੀਆਂ ਪੀੜ੍ਹੀਆਂ ਨੇ ਆਪਣੀ ਰਤ ਡੋਹਲੀ," ਮੈਂ ਬਚਿਆਂ ਨੂੰ ਕਿਹਾ। "ਇਹ ਲਾਜ਼ਮੀ ਹੈ ਕਿ ਤੁਸੀਂ ਇਸ ਗਲ ਦਾ ਧਿਆਨ ਰਖੋ ਕਿ ਸਾਡੀ ਮਾਤ-ਭੂਮੀ ਧਨੀ ਅਤੇ ਬਲਵਾਨ ਹੋਵੇ।"

ਇਕ ਨਿਘੇ ਦਿਨ ਓਲੀਆ ਅਤੇ ਮੈਂ ਬਚਿਆਂ ਨੂੰ **ਸੂਰਮਿਆਂ ਦੀ ਝੰਗੀ** ਵਿਚ ਲੈ ਗਏ। ਇਹ ਸਕੂਲ ਦੇ ਵਿਦਿਆਰਥੀਆਂ ਵਲੋਂ ਸਿਰਜੀ ਉਸ ਥਾਂ ਜਿਥੇ ਫ਼ਾਸ਼ਿਸਟ ਕਬਜ਼ੇ ਦੇ ਦੌਰਾਨ, ੧੯੪੧ ਦੀ ਪਤ-ਝੜ ਦੇ ਅੰਤ ਦੇ ਨੇੜੇ ਇਕ ਅਜਿਹੀ ਤਰਾਸਦੀ ਵਾਪਰੀ ਜਿਹੜੀ ਸਚੀ ਸੂਰਮਤਾਈ ਅਤੇ ਆਪਾ-ਵਰਨ ਦੀ ਮਿਸਾਲ ਸੀ, ਮਹਿਮਾ ਦੀ ਇਕ ਯਾਦਗਾਰ ਸੀ। ਫ਼ਾਸ਼ਿਸਟਾਂ ਨੇ ਪੰਚਾਇਤੀ ਫ਼ਾਰਮ ਦਾ ਫਲਾਂ ਦਾ ਬਾਗ਼ ਕਟ ਦਿਤਾ ਅਤੇ ਉਥੇ ਜੰਗੀ ਕੈਦੀਆਂ ਲਈ ਨਜ਼ਰਬੰਦੀ ਕੈਂਪ ਬਣਾਇਆ। ਕੰਡਿਆਲੀ ਤਾਰ ਪਿਛੇ, ਖੁਲ੍ਹੀ ਥਾਂ ਵਿਚ, ਛੇ ਹਜ਼ਾਰ ਜ਼ਖਮੀ, ਭੁਖੇ, ਅਧੇ ਨੰਗੇ ਸੋਵੀਅਤ ਫ਼ੌਜ ਦੇ ਜਵਾਨ ਅਤੇ ਅਫ਼ਸਰ ਮੌਤ ਦੇ ਵਸ ਪਾ ਦਿਤੇ ਗਏ ਸਨ। ਲੋਕਾਂ ਨੂੰ ਪਾਣੀ ਤੋਂ ਵਿਰਵਾ ਕਰ ਦਿਤਾ ਗਿਆ ਸੀ, ਅਤੇ ਪਤ-ਝੜ ਦੀਆਂ ਠੰਢੀਆਂ ਰਾਤਾਂ ਨੂੰ ਉਹ ਧਰਤੀ ਤੋਂ ਕਕਰ ਇਕਠਾ ਕਰਦੇ ਅਤੇ ਘਾਹ ਖਾਂਦੇ। ਹਰ ਰੋਜ਼ ਦਰਜਨਾਂ ਕੈਦੀ ਮਰ ਜਾਂਦੇ। ਪਾਸ਼ਵਿਕ ਜ਼ੁਲਮ ਨਾਲ ਫ਼ਾਸ਼ਿਸਟ ਸਭਨਾਂ ਦੇ ਮਰ ਜਾਣ

ਦੀ ਉਡੀਕ ਕਰ ਰਹੇ ਸਨ ਤਾਂ ਜੁ ਫਿਰ ਉਹ ਗੋਲੀ ਸਿਕੇ ਦਾ ਡਿਪੂ ਉਡਾ ਦੇਣ ਅਤੇ ਸੋਵੀਅਤ ਫ਼ੌਜ ਉਤੇ ਹਵਾਈਜਹਾਜ਼ਾਂ ਤੋਂ ਬੰਬ ਸੁਟਕੇ ਆਪਣੇ ਲੋਕਾਂ ਨੂੰ ਉਡਾ ਦੇਣ ਦਾ ਦੋਸ਼ ਲਾਉਣ।

ਸੋਵੀਅਤ ਦੇਸ-ਭਗਤਾਂ ਨੇ ਕੈਂਪ ਵਿਚ ਇਕ ਗੁਪਤ ਜਥੇਬੰਦੀ ਸਥਾਪਤ ਕੀਤੀ ਅਤੇ ਸਮੂਹਕ ਪੈਮਾਨੇ ਉਤੇ ਨਠ ਜਾਣ ਦੀ ਤਿਆਰੀ ਕੀਤੀ। ਫਿਰ ਰਾਤ ਦੀ ਠੰਢ ਵਿਚ ਜਦੋਂ ਹਜ਼ਾਰਾਂ ਲੋਕ ਮੀਂਹ ਅਤੇ ਹਵਾ ਕਾਰਨ ਕੰਬ ਰਹੇ ਸਨ, ਜਵਾਨ ਅਤੇ ਫ਼ੌਜੀ ੨੦ ਥਾਵਾਂ ਉਤੇ ਕੰਡਿਆਲੀ ਤਾਰ ਵਲ ਗਏ। ਉਹ ਆਪਣੀ ਮੌਤ ਵਲ ਗਏ: ਉਹ ਜਿਊਂਦੇ ਪੁਲ ਬਣਾਉਣ ਲਈ ਕੰਡਿਆਲੀ ਤਾਰ ਉਤੇ ਲੇਟ ਗਏ ਅਤੇ ਉਹਨਾਂ ਦੇ ਪਿੰਡਿਆਂ ਤੋਂ ਅਨੇਕ ਲੋਕ ਉਸ ਰਾਤ ਸਤੈਪ-ਭੂਮੀ ਵਿਚ ਬਚ ਕੇ ਨਿਕਲ ਗਏ। ਉਸ ਰਾਤ ਕਿਸਾਨਾਂ ਨੇ ਚਾਰ ਹਜ਼ਾਰ ਤੋਂ ਵਧ ਲੋਕਾਂ ਨੂੰ ਲੁਕਾਇਆ। ਕੋਈ ਉਹਨਾਂ ਨੂੰ ਲਭ ਨਾ ਸਕਿਆ — ਨਾ ਹੀ ਗੈਸਟਾਪੋ ਅਤੇ ਨਾ ਹੀ ਉਹਦੇ ਚਾਟੜੇ। ਚਾਰ ਸੌ ਸੂਰਮਿਆਂ ਨੇ ਜਾਨਾਂ ਦਿਤੀਆਂ ਤਾਂ ਜੁ ਮੌਤ ਵਸ ਪਏ ਚਾਰ ਹਜ਼ਾਰ ਫਿਰ ਹਥਿਆਰ ਫੜ ਸਕਣ ਅਤੇ ਆਪਣੀ ਮਾਤ-ਭੂਮੀ ਦੀ ਆਜ਼ਾਦੀ ਲਈ ਜੂਝ ਰਿਹਾਂ ਦੀਆਂ ਸਫ਼ਾਂ ਵਿਚ ਸ਼ਾਮਲ ਹੋ ਸਕਣ।

ਪਿੰਡ ਦੇ ਫ਼ਾਸ਼ਿਸਟਾਂ ਤੋਂ ਆਜ਼ਾਦ ਕਰਵਾਏ ਜਾਣ ਪਿਛੋਂ ਸਕੂਲ ਦੇ ਬਚਿਆਂ ਨੇ ਨਿਰਣਾ ਕੀਤਾ ਕਿ ਇਹ ਪਵਿਤਰ ਥਾਂ ਇਕ ਖਿੜੀ ਝੰਗੀ ਬਣ ਜਾਵੇਗੀ, ਸੂਰਮਿਆਂ ਦੀ ਜਿਊਂਦੀ ਯਾਦਗਾਰ। ਉਹਨਾਂ ਥਾਂ ਸਾਫ਼ ਕੀਤੀ, ਟੋਏ ਭਰੇ ਅਤੇ ਬਲੂਤ ਦੇ ਚਾਰ ਸੌ ਰੁਖ ਲਾਏ — ਉਹਨਾਂ ਦੀਆਂ ਚਾਰ ਸੌ ਜਿਊਂਦੀਆਂ ਯਾਦਗਾਰਾਂ ਜਿਨ੍ਹਾਂ ਆਪਣੇ ਸਾਥੀਆਂ ਨੂੰ ਬਚਾਉਣ ਲਈ ਜਾਨਾਂ ਦਿਤੀਆਂ। ਬਲੂਤ ਦੇ ਰੁਖ ਉਚੇ ਹੁੰਦੇ ਗਏ ਅਤੇ ਪੀੜ੍ਹੀਓਂ-ਪੀੜ੍ਹੀ ਸੂਰਮਾ ਕਾਰਨਾਮੇ ਦੀ ਕਥਾ ਚਲਦੀ ਆਉਂਦੀ ਹੈ। ਬਲੂਤ ਦੀ ਝੰਗੀ ਲਾਉਣ ਤੋਂ ਕਈ ਵਰ੍ਹੇ ਪਿਛੋਂ ਵਿਦਿਆਰਥੀਆਂ ਦੀ ਨਵੀਂ ਪੀੜ੍ਹੀ ਨੇ ਨੰਨ੍ਹੇ ਪਾਉਨੀਅਰਾਂ ਵਿਚ ਸ਼ਾਮਲ ਹੋਣ ਸਮੇਂ ਝੰਗੀ ਦੇ ਨੇੜੇ ਆਪਣੇ ਬਲੂਤ ਦੇ ਰੁਖ ਲਾਏ। ਸ਼ਾਲਾ ਸਭ ਤੋਂ ਲੰਮੀ ਉਮਰ ਵਾਲੇ ਰੁਖ ਉਥੇ ਉਗਣ ਜਿਥੇ ਕੰਡਿਆਲੀ ਤਾਰ ਸੂਰਮਿਆਂ ਦੇ ਲਹੂ ਨਾਲ ਤਰ ਹੋ ਗਈ ਸੀ, ਜਿਥੇ ਉਹਨਾਂ ਦੇ ਦਿਲਾਂ ਦੀ ਰਾਖ ਧਰਤੀ ਨਾਲ ਮਿਲੀ! ਨੰਨ੍ਹੇ ਪਾਉਨੀਅਰਾਂ ਵਿਚ ਸ਼ਾਮਲ ਹੋਣ ਸਮੇਂ ਹਰ ਵਿਦਿਆਰਥੀ ਆਪਣੇ ਵਲੋਂ ਰੁਖ ਲਾਉਂਦਾ। ਇਹ ਜਥੇਬੰਦੀ ਵਿਚ ਸ਼ਾਮਲ ਹੋਣ ਵਾਲੇ ਸਭਨਾਂ ਲਈ ਪ੍ਰੰਪਰਾ ਬਣ ਗਈ ਕਿ ਉਹ **ਸੂਰਮਿਆਂ ਦੀ ਝੰਗੀ** ਵਿਚ ਰੁਖ ਲਾਉਣ।

ਓਲੀਆ ਅਤੇ ਮੈਂ ਬਚਿਆਂ ਨੂੰ ਝੰਗੀ ਵਿਚ ਲੈ ਗਏ ਅਤੇ ਉਹਨੇ ਉਹਨਾਂ ਨੂੰ ਸੂਰਮਿਆਂ ਦੇ ਕਾਰਨਾਮੇ ਸੰਬੰਧੀ ਦਸਿਆ ਅਤੇ ਉਹਨਾਂ ਨੂੰ ਆਪਣਾ ਬਲੂਤ ਦਾ ਰੁਖ ਵਿਖਾਇਆ। ਬਚੇ ਬੇਸਬਰੀ ਨਾਲ ਉਸ ਦਿਨ ਦੀ ਉਡੀਕ ਕਰਨ ਲਗ ਪਏ ਜਦੋਂ ਉਹ ਨੰਨ੍ਹੇ ਪਾਉਨੀਅਰ ਬਣਨਗੇ।

ਬਸੰਤ ਆ ਗਈ ਅਤੇ ਲੈਨਿਨ ਦੇ ਜਨਮ ਦਿਨ* ਵਿਚ ਕੁਝ ਦਿਨ ਹੀ ਰਹਿ ਗਏ ਸਨ। ਨਵੇਂ ਨੰਨ੍ਹੇ ਲੈਨਿਨਵਾਦੀਆਂ ਦੀ ਸ਼ਮੂਲੀ ਦੇ ਅਵਸਰ ਉਤੇ ਨੰਨ੍ਹੇ ਪਾਉਨੀਅਰਾਂ ਦੀ ਜਸ਼ਨੀ ਇਕਤ੍ਰਤਾ ਹੋਈ। ਅਸੀਂ ਇਕ ਵਾਰ ਫਿਰ **ਸੂਰਮਿਆਂ ਦੀ ਝੰਗੀ** ਵਿਚ ਗਏ, ਹਰ ਬਚਾ ਆਪਣੇ ਨਾਲ ਬਲੂਤ ਦਾ ਇਕ ਨਿਕਾ ਬੂਟਾ, ਇਕ ਨਿਕਾ ਰੰਬਾ ਅਤੇ ਖਾਦ ਦੀ ਇਕ ਟੋਕਰੀ ਲਿਆਇਆ। ਉਹਨਾਂ ਉਹ ਲਾਏ ਅਤੇ ਉਹਨਾਂ ਨੂੰ ਪਾਣੀ ਦਿਤਾ। ਉਥੇ, ਸੂਰਮਾ ਕਾਰਨਾਮੇ ਵਾਲੀ ਥਾਂ ਉਤੇ, ੨੨ ਅਪ੍ਰੈਲ ਨੂੰ ਉਹਨਾਂ ਵਡੇਰੇ ਮਿਤਰਾਂ ਨੇ ਬਚਿਆਂ ਦੇ ਗਲਾਂ ਦੁਆਲੇ ਨੰਨ੍ਹੇ ਪਾਉਨੀਅਰਾਂ ਦੇ ਰੁਮਾਲ ਬੰਨ੍ਹੇ। ਨੰਨ੍ਹੇ ਲੈਨਿਨਵਾਦੀਆਂ ਨੇ ਗੰਭੀਰਤਾ ਨਾਲ ਆਪਣੀ ਮਾਤ-ਭੂਮੀ ਦੇ ਦੇਸ-ਭਗਤ ਬਣਨ ਦੀ ਸੌਂਹ ਚੁਕੀ।

ਸਾਲ ਵਿਚ ਅਸੀਂ ਕਈ ਵਾਰ **ਸੂਰਮਿਆਂ ਦੀ ਝੰਗੀ** ਵਿਚ ਗਏ। ਬਸੰਤ ਰੁਤੇ ਅਸਾਂ ਰੁਖਾਂ ਤੋਂ ਸੁਕੇ ਪਤੇ ਅਤੇ ਟਹਿਣੀਆਂ ਕਟ ਦਿਤੀਆਂ ਅਤੇ ਜਿਹੜੇ ਰੁਖ ਠੰਢ ਕਾਰਨ ਮਰ ਗਏ ਸਨ ਉਹਨਾਂ ਦੀ ਥਾਂ ਨਵੇਂ ਰੁਖ ਲਾਏ। ਪਤ-ਝੜ ਦੇ ਜਿਸ ਦਿਨ ਸੂਰਮਿਆਂ ਨੇ ਆਪਣਾ ਕਾਰਨਾਮਾ ਕੀਤਾ ਸੀ ਅਸਾਂ ਉਥੇ ਨੰਨ੍ਹੇ ਪਾਉਨੀਅਰਾਂ ਦੀ ਇਕਤ੍ਰਤਾ ਕੀਤੀ। ਕੰਡਿਆਲੀ ਤਾਰ ਦੀਆਂ ਕੰਧਾਂ ਦੀ ਥਾਂ ਬਲੂਤ ਉਚੇ ਉਗ ਪਏ। ਬਚੇ ਚੁਪ ਚਾਪ ਆਏ ਅਤੇ ਹਰ ਇਕ ਨੇ ਆਪਣੇ ਰੁਖ ਹੇਠਾਂ ਫੁਲ ਰਖੇ—ਜਿਥੇ, ਉਸ ਯਾਦਗਾਰ ਰਾਤ, ਧਰਤੀ ਲਹੂ ਨਾਲ ਲਾਲ ਸੀ। ਤਾਰਾ ਫੁਲ ਅਤੇ ਗੁਲ-ਦਾਉਦੀ ਖਿੜ ਰਹੇ ਸਨ।

ਅਸੀਂ ਸਭ ਤੋਂ ਖ਼ੁਸ਼ੀ ਵਾਲੇ ਦਿਨਾਂ ਨੂੰ ਵੀ ਸੂਰਮਿਆਂ ਦੀ ਝੰਗੀ ਵਿਚ ਜਾਂਦੇ—ਗਰਮੀਆਂ ਦੀਆਂ ਛੁਟੀਆਂ ਸ਼ੁਰੂ ਹੋਣ ਤੋਂ ਜਾਂ ਲੰਮੇ ਸੈਰ-ਸਪਾਟੇ ਤੋਂ ਪਹਿਲਾਂ। ਪਵਿਤਰ ਥਾਂ ਉਤੇ ਸਦਾ ਗੰਭੀਰ ਚੁਪ ਰਹਿੰਦੀ। ਇਥੇ ਕੋਈ ਨਠਦਾ, ਖੇਡਦਾ ਜਾਂ ਖਪ ਨਾ ਪਾਉਂਦਾ—ਇਹ ਪ੍ਰਕਿਰਤੀ ਨੂੰ ਮਾਣਨ, ਆਰਾਮ ਕਰਨ ਜਾਂ ਪੜ੍ਹਣ ਲਈ ਥਾਂ ਸੀ। ਜਿਹੜੇ ਮੁੰਡਿਆਂ ਅਤੇ ਕੁੜੀਆਂ ਦੇ ਪਿਤਾ ਮਹਾਨ ਦੇਸ-ਭਗਤਕ ਯੁਧ ਵਿਚ ਮਾਰੇ ਗਏ ਸਨ ਉਹ ਇਥੇ ਆਉਂਦੇ। ਇਥੇ ਕੋਈ ਪੁਤਰ ਆਪਣੇ ਪਿਤਾ ਦੀ ਕਬਰ ਸਾਹਮਣੇ ਸਿਰ ਨਿਵਾਉਂਦਾ ਜਿਹੜਾ ਉਤਰੀ ਹਿੰਮ-ਸਾਗਰ ਦੇ ਕੰਢੇ ਜਾਂ ਕਾਰਪੇਥੇਆਈ ਪ੍ਰਬਤਾਂ ਵਿਚ ਮਾਰਿਆ ਗਿਆ ਸੀ। ਜਿਹੜੇ ਸੂਰਮਿਆਂ ਨੇ ਸੋਵੀਅਤ ਲੋਕਾਂ ਲਈ ਧੁਪ, ਫੁਲਾਂ ਅਤੇ ਆਜ਼ਾਦ ਕਿਰਤ ਨੂੰ ਆਪਣੀਆਂ ਮੌਤਾਂ ਰਾਹੀਂ ਕਾਇਮ ਰਖਿਆ, ਉਹਨਾਂ ਦੀ ਕਥਾ ਪੀੜ੍ਹੀਓ-ਪੀੜ੍ਹੀ ਸੁਣਾਈ ਜਾਂਦੀ ਹੈ।

ਟਿਬੇ ਉਤੇ ਬਲੂਤ ਉਚਾ ਅਤੇ ਹੋਰ ਉਚਾ ਹੁੰਦਾ ਗਿਆ। ਜਦੋਂ ਕੋਈ ਬਾਲਗ ਬੰਦਾ ਰੁਖ ਨੂੰ ਮਾਣ ਨਾਲ ਆਪਣੀਆਂ ਟਹਿਣੀਆਂ ਅਸਮਾਨ ਵਲ ਚੁਕੀ ਵੇਖਦਾ ਤਾਂ

---

*ਵ. ਇ. ਲੈਨਿਨ ਦਾ ਜਨਮ ੨੨ ਅਪ੍ਰੈਲ ੧੮੭੦ ਨੂੰ ਹੋਇਆ। ਹਰ ਵਰ੍ਹੇ ਉਹਦੇ ਮਾਣ ਵਿਚ ਇਹ ਦਿਨ ਮਨਾਇਆ ਜਾਂਦਾ ਹੈ।—**ਸੰਪਾ**:

ਉਹਦੇ ਦਿਲ ਦੀ ਧੜਕਣ ਤਿਖੀ ਹੋ ਜਾਂਦੀ ਅਤੇ ਉਹਦੀ ਮਾਤ-ਭੂਮੀ ਉਹਦੇ ਲਈ ਪਹਿਲਾਂ ਨਾਲੋਂ ਵੀ ਪਿਆਰੀ ਹੋ ਜਾਂਦੀ।

ਦਹਾਕੇ ਲੰਘ ਜਾਣਗੇ, ਜਿਹੜੇ ਲੋਕ ਯੁਧ ਵਿਚ ਲੜੇ ਉਹ ਖ਼ਤਮ ਹੋ ਜਾਣਗੇ ਅਤੇ ਨਵੀਆਂ ਪੀੜ੍ਹੀਆਂ ਸ਼ਲਾਘਾ ਅਤੇ ਧੰਨਵਾਦ ਨਾਲ ਉਹਨਾਂ ਦੇ ਕਾਰਨਾਮੇ ਯਾਦ ਕਰਨਗੀਆਂ, ਜਿਨ੍ਹਾਂ ਬੇਮਿਸਾਲ ਲੜਾਈ ਲੜੀ ਅਤੇ ਮਨੁਖਜਾਤੀ ਨੂੰ ਫ਼ਾਸ਼ਿਸਟਾਂ ਦੀ ਗ਼ੁਲਾਮੀ ਦੇ ਖ਼ਤਰੇ ਤੋਂ ਬਚਾਇਆ।

ਸਾਨੂੰ ਯੁਧ ਦੀਆਂ ਅਨੇਕ ਭਿਆਨਕਤਾਵਾਂ ਅਤੇ ਇਹਦੇ ਵਲੋਂ ਲਿਆਂਦੀਆਂ ਤਬਾਹੀਆਂ, ਅਗਾਂ ਦੀ ਚਮਕ, ਬੰਬਾਂ ਦੇ ਫਟਣ ਕਾਰਨ ਮਰ ਰਹੇ ਲੋਕਾਂ ਦੀਆਂ ਚੀਕਾਂ, ਫ਼ਾਸ਼ਿਸਟ ਜਰਮਨੀ ਵਿਚ ਗ਼ੁਲਾਮੀ ਵਿਚ ਧਕੇ ਗਿਆਂ ਦੀਆਂ ਸਿਸਕੀਆਂ, ਮੋਰਚੇ ਲਈ ਜਾ ਰਹੇ ਪਿਤਾਵਾਂ ਦੀਆਂ ਤਕੜੀਆਂ ਜਫੀਆਂ, ਪਤੀ ਜਾਂ ਪਿਤਾ ਦੀ ਸੂਰਮਾ ਮੌਤ ਦੀ ਖ਼ਬਰ ਮਿਲਣ ਉਤੇ ਇਸਤ੍ਰੀਆਂ ਦੇ ਹੰਝੂਆਂ ਨੂੰ ਕਦੀ ਨਹੀਂ ਭੁਲਣਾ ਚਾਹੀਦਾ।... ਇਹ ਲਾਜ਼ਮੀ ਹੈ ਕਿ ਛੁਟੇਰੀ ਪੀੜ੍ਹੀ ਮਰੇ ਸੂਰਮਿਆਂ ਦੀ ਸਦੀਵੀ ਯਾਦਗਾਰ ਦੀਆਂ ਨੀਹਾਂ ਰਖੇ। ਅਸੀਂ ਹੁਣ ਸਕੂਲ ਦੀ ਜਿਹੜੀ ਇਮਾਰਤ ਵਿਚ ਪੜ੍ਹਦੇ ਹਾਂ ਉਹ ਬਦੇਸੀ ਕਬਜ਼ੇ ਦੇ ਦਿਨੀਂ ਗ਼ੁਲਾਮੀ ਲਈ ਭੇਜੇ ਜਾ ਰਹੇ ਜਵਾਨ ਮਰਦਾਂ ਅਤੇ ਇਸਤ੍ਰੀਆਂ ਲਈ ਰਾਹ ਵਿਚਲੇ ਫ਼ਾਸ਼ਿਸਟ ਕੈਂਪ ਦਾ ਕੰਮ ਦੇਂਦੇ ਸੀ। ਬਚਿਓ ਇਹ ਗਲ ਕਦੀ ਨਾ ਭੁਲਣਾ। ਤੁਸੀਂ ਵਡੇ ਹੋਵੋਗੇ ਅਤੇ ਤੁਹਾਡੇ ਆਪਣੇ ਬਚੇ ਹੋਣਗੇ ਅਤੇ ਤੁਹਾਨੂੰ ਮਸ਼ਾਲ ਵਾਂਗ ਦੁਸ਼ਮਣ ਲਈ ਆਪਣੀ ਘਿਰਣਾ ਅਗੇ ਵਧਾਉਣੀ ਚਾਹੀਦੀ ਹੈ।

ਯੁਧ ਤੋਂ ਪਹਿਲਾਂ ਸਾਡੇ ਪਿੰਡ ਵਿਚ ੫,੧੦੦ ਲੋਕ ਸਨ। ਸਾਡੇ ੮੩੭ ਸਾਥੀ ਪੋਡੂ — ੭੮੫ ਮਰਦ ਅਤੇ ੫੨ ਇਸਤ੍ਰੀਆਂ — ਮਹਾਨ ਦੇਸ-ਭਗਤਕ ਯੁਧ ਸਮੇਂ ਮੋਰਚੇ ਉਤੇ ਸੂਰਮਿਆਂ ਦੀ ਮੌਤ ਮਰੇ। ਇਹਨਾਂ ੮੩੭ ਤੋਂ ਬਿਨਾਂ ਜਿਹੜੇ ਮੋਰਚੇ ਤੋਂ ਮੁੜਕੇ ਘਰ ਨਾ ਆਏ, ੬੯ ਫ਼ਾਸ਼ਿਸਟਾਂ ਦੇ ਮੌਤ ਕੈਂਪਾਂ ਵਿਚ ਮਰੇ — ਉਹ ਭੁਖ ਅਤੇ ਅਣਮਨੁਖੀ ਪ੍ਰਸਥਿਤੀਆਂ ਵਿਚ ਮਰੇ। ਉਹਨਾਂ ਨੂੰ ਤਸੀਹੇ ਦਿਤੇ ਗਏ, ਉਹ ਕਤਲ ਕੀਤੇ ਗਏ ਅਤੇ ਭਠੀਆਂ ਵਿਚ ਸਾੜੇ ਗਏ। ਫ਼ਾਸ਼ਿਸਟਾਂ ਨੇ ਉਹਨਾਂ ਦੀ ਰਾਖ ਦੀ ਵੀ ਵਪਾਰ ਕੀਤਾ: ਸਾਡੇ ਭਰਾਵਾਂ, ਭੈਣਾਂ, ਪਿਤਾਵਾਂ ਅਤੇ ਮਾਤਾਵਾਂ ਨੇ ਬੁਖ਼ਨਵਾਲਡ ਦੇ ਫ਼ਾਸ਼ਿਸਟ ਕੈਂਪ ਦੇ ਨੇੜੇ ਹੀ ਵਾਈਮਰ ਦੇ ਕਿਸਾਨਾਂ ਦੇ ਖੇਤਾਂ ਲਈ ਖਾਦ ਦਾ ਕੰਮ ਕੀਤਾ। ਸ਼ਾਲਾ ਸਾਡੇ ਭਰਾਵਾਂ ਅਤੇ ਭੈਣਾਂ, ਪਿਤਾਵਾਂ ਅਤੇ ਦਾਦਿਆਂ ਦੀ ਰਾਖ ਤੁਹਾਡੀ ਛਾਤੀ ਧੜਕਾਵੇ। ਇਹ ਗਲ ਕਦੀ ਨਾ ਭੁਲੋ ਕਿ ੨੭੬ ਗਭਰੇਟ, ਗਭਰੂ ਅਤੇ ਮੁਟਿਆਰਾਂ ਸਾਡੇ ਪਿੰਡ ਵਿਚੋਂ ਫੜ ਲਏ ਗਏ ਅਤੇ ਜਰਮਨੀ ਵਿਚ ਫ਼ਾਸ਼ਿਸਟ ਕੈਂਪਾਂ ਵਿਚ ਲਿਜਾਏ ਗਏ। ਉਹਨਾਂ ਵਿਚੋਂ ੧੯੪ ਕੈਂਪਾਂ ਵਿਚ ਭੁਖ ਅਤੇ ਹਦੋਂ ਵਧ ਕੰਮ ਕਾਰਨ ਮਰ ਗਏ ਅਤੇ ਉਹਨਾਂ ਵਿਚੋਂ ਕਈ ਭਠੀਆਂ ਵਿਚ ਸਾੜ ਦਿਤੇ ਗਏ। ਪਾਵੇਲ ਦੇ ਭਰਾ ਦੀਆਂ, ਜਿਸਨੂੰ ਬਾਉਖੁਮ ਦੇ ਸ਼ਹਿਰ ਲਿਜਾਇਆ ਗਿਆ, ਅਖਾਂ

ਤੋੜ ਫੋੜ ਕਰਨ ਦੇ ਦੋਸ਼ ਵਿਚ ਲਾਲ ਕੀਤੀਆਂ ਸਲਾਈਆਂ ਨਾਲ ਕਢ ਦਿਤੀਆਂ ਗਈਆਂ। ਫਿਰ ਉਹਨੂੰ ਜਿਊਂਦੇ ਨੂੰ ਕਿਲ ਲਾਕੇ ਇਕ ਮੁਢ ਉਤੇ ਜੜ ਦਿਤਾ ਗਿਆ। ਤਾਨੀਆ ਦੀ ਭੈਣ ਨੂੰ ਕਮਿਊਨਿਸਟ ਪ੍ਰਾਪੇਗੰਡਾ ਕਰਨ ਕਾਰਨ ਜਿਊਂਦਾ ਦਫਨਾ ਦਿਤਾ ਗਿਆ। ਕੋਸਤੀਆ ਦੇ ਚਾਚੇ ਨੂੰ ਇਕ ਪਿੰਜਰੇ ਵਿਚ ਸੁਟ ਦਿਤਾ ਗਿਆ, ਜਿਥੇ ਉਹਨੇ ਨੰਗੀ ਹਾਲਤ ਵਿਚ ਕਈ ਦਿਨ ਦੁਖ ਸਹਾਰੇ ਅਤੇ ਅਖ਼ੀਰ ਮਰ ਗਿਆ। ਨਠਣ ਦਾ ਜਤਨ ਕਰਨ ਕਾਰਨ ਯੂਰਾ ਦੇ ਚਚੇਰ ਨੂੰ ਇਜੜ-ਕੁਤਿਆਂ ਨੇ ਜਿਊਂਦੇ ਨੂੰ ਟੋਟੇ ਕਰ ਦਿਤਾ। ਵਾਲੀਆ ਦੀ ਭੈਣ ਦੇ ਬਚੇ ਨੂੰ ਉਹਦੇ ਕੋਲੋਂ ਖੋਹ ਲਿਆ ਗਿਆ ਅਤੇ ਇਕ ਫ਼ਾਸ਼ਿਸਟ ਅਫਸਰ ਨੇ ਉਹਦੀਆਂ ਅਖਾਂ ਸਾਹਮਣੇ ਉਹਦਾ ਸਿਰ ਪਥਰ ਦੀ ਇਕ ਕੰਧ ਨਾਲ ਜ਼ੋਰ ਜ਼ੋਰ ਦੀ ਮਾਰਿਆ। ਲੂਸੀਆ ਦੀ ਮਾਸੀ ਨੂੰ, ਜਿਹੜੀ ੨੬ ਵਰ੍ਹਿਆਂ ਦੀ ਇਸਤ੍ਰੀ ਸੀ, ਆਪਣੇ ਦੋ ਬਚਿਆਂ — ਚਾਰ ਵਰ੍ਹਿਆਂ ਦੇ ਲੜਕੇ ਅਤੇ ਤਿੰਨ ਵਰ੍ਹਿਆਂ ਦੀ ਲੜਕੀ ਨਾਲ ਆਸ਼ਵਿਟਜ਼ ਦੇ ਕੈਂਪ ਵਿਚ ਭੇਜਿਆ ਗਿਆ। ਕੈਂਪ ਵਿਚ ਮਾਂ ਨੂੰ ਬਚਿਆਂ ਨਾਲੋਂ ਵਖ ਕਰ ਦਿਤਾ ਗਿਆ। ਇਸਤ੍ਰੀ ਨੇ ਫ਼ਾਸ਼ਿਸਟ ਅਫਸਰ ਨੂੰ ਕਿਹਾ: "ਉਹ ਬਿਮਾਰ ਨੇ; ਮੈਂ ਮਿੰਨਤ ਕਰਦੀ ਹਾਂ ਉਹਨਾਂ ਨੂੰ ਮੇਰੇ ਨਾਲ ਰਹਿਣ ਦਿਓ।" ਫ਼ਾਸ਼ਿਸਟ ਕੂਕਿਆ: "ਜੇ ਉਹ ਬਿਮਾਰ ਨੇ, ਅਸੀਂ ਉਹਨਾਂ ਨੂੰ ਰਾਜ਼ੀ ਕਰ ਦਿਆਂਗੇ।..." ਅਤੇ ਵਿਆਕਲ ਮਾਂ ਦੇ ਸਾਹਮਣੇ ਨੰਗੇ ਬਚਿਆਂ ਨੂੰ ਧਥਰਾਂ ਉਤੇ ਵਗਾਹ ਮਾਰਿਆ, ਬਚਿਆਂ ਦੇ ਸਰੀਰ ਆਪਣੇ ਬੂਟਾਂ ਹੇਠ ਮਧੋਲ ਦਿਤੇ।

ਮੈਂ ਬਚਿਆਂ ਨੂੰ ਕਿਹਾ, "ਇਹ ਲਾਜ਼ਮੀ ਹੈ ਕਿ ਅਸੀਂ ਨਾ ਕੇਵਲ ਆਪ ਇਹ ਗਲਾਂ ਚੇਤੇ ਰਖੀਏ ਸਗੋਂ ਮਨੁਖੀ ਅੰਤਹਕਰਣ ਦੇ ਇਹ ਚੇਤੇ ਭਵਿਖ ਦੀਆਂ ਸਾਰੀਆਂ ਪੀੜ੍ਹੀਆਂ ਨੂੰ ਦਈਏ"। ਅਸਾਂ ਰਲ ਕੇ ਪਿੰਡ ਵਿਚ ਯਾਦਗਾਰ ਸਥਾਪਤ ਕਰਨ ਦਾ ਨਿਰਣਾ ਕੀਤਾ — ਉਹਨਾਂ ਸੂਰਮਿਆਂ ਦੇ ਚਿਤਰਾਂ ਦੀ ਗੈਲਰੀ ਜਿਹੜੇ ਸੋਵੀਅਤ ਮਾਤ-ਭੂਮੀ ਦੀ ਆਜ਼ਾਦੀ ਅਤੇ ਸੁਤੰਤਰਤਾ ਲਈ ਮਰੇ। ਸਕੂਲ ਵਿਚ ਤੀਜੇ ਵਰ੍ਹੇ ਦੇ ਅੰਤ ਅਤੇ ਚੌਥੇ ਦੇ ਸ਼ੁਰੂ ਉਤੇ ਬਚੇ ਪਿੰਡ ਦੇ ਸਾਰੇ ਪਰਵਾਰਾਂ ਨੂੰ ਮਿਲਣ ਗਏ।

ਮਾਵਾਂ ਨੇ ਸਾਨੂੰ ਆਪਣੇ ਬਚਿਆਂ ਦੀਆਂ ਫ਼ੋਟੋਆਂ ਦਿਤੀਆਂ ਜਿਹੜੇ ਯੁਧ ਵਿਚ ਮਾਰੇ ਗਏ ਸਨ ਜਾਂ ਜਿਨ੍ਹਾਂ ਫ਼ਾਸ਼ਿਸਟ ਮੌਤ ਕੈਂਪਾਂ ਵਿਚ ਤਸੀਹੇ ਝਲੇ ਅਤੇ ਅਸਾਂ ਉਹ ਸਕੂਲ ਦੇ ਸ਼ੋਭਾ ਅਤੇ ਸੋਗ ਦੇ ਕਮਰੇ ਵਿਚ ਰਖੀਆਂ। ਇਹ ਯਾਦਗਾਰ ਦਾ ਮੁਢ ਸੀ ਜਿਸਨੂੰ ਸਕੂਲੀ ਬਚਿਆਂ ਦੀਆਂ ਆਉਂਦੀਆਂ ਪੀੜ੍ਹੀਆਂ ਮੁਕੰਮਲ ਕਰਨਗੀਆਂ। ਅਸਾਂ ਆਪਣੇ ਸਾਹਮਣੇ ਇਹ ਨਿਸ਼ਾਨਾ ਰਖਿਆ। ਇਹ ਕਾਰਜ ਪੂਰਾ ਕਰਨਾ ਸਾਡਾ ਕਰਤਵ ਸੀ ਤਾਂ ਜੁ ਹੋਰ ਯੁਧ ਨਾ ਹੋਵੇ, ਤਾਂ ਜੁ ਲੋਕ ਭਰਾ ਭਰਾ ਬਣ ਜਾਣ, ਤਾਂ ਜੁ ਬਚੇ ਅਮਨ ਅਤੇ ਖ਼ੁਸ਼ੀ ਦੇ ਵਾਯੂ-ਮੰਡਲ ਵਿਚ ਜੰਮਣ ਅਤੇ ਯੁਧ ਅਤੇ ਮੌਤ ਦੇ ਵਾਯੂ-ਮੰਡਲ ਵਿਚ ਨਹੀਂ। ਸੰਸਾਰ ਦੇ ਲੋਕਾਂ ਸਾਹਮਣੇ ਸਾਡੀ ਇਹ ਜ਼ਿਮੇਵਾਰੀ ਸੀ — ਅਸਾਂ ਨਾ ਕੁਝ ਭੁਲਾਇਆ ਅਤੇ ਨਾ ਮਾਫ਼ ਕੀਤਾ ਤਾਂ ਜੁ ਫ਼ਾਸ਼ਿਜ਼ਮ ਦੀਆਂ ਭਿਅੰਕਰਤਾਵਾਂ ਮੁੜ ਨਾ ਵਾਪਰਨ।

ਕੈਂਪ ਲਾਉਣ ਵਾਲੇ ਇਕ ਸਫ਼ਰ ਦੇ ਦੌਰਾਨ ਅਸਾਂ ਰਾਤ ਦਨੀਪਰ ਦੇ ਉਚੇ ਕੰਢੇ ਉਤੇ ਕਟੀ। ਬਚੇ ਕਈ ਵਾਰ ਹੇਠਾਂ ਦਰੁਗ ਵਿਚ ਚਸ਼ਮੇ ਤੋਂ ਪਾਣੀ ਲੈਣ ਗਏ ਅਤੇ ਹਰ ਵਾਰ ਉਹਨਾਂ ਨੂੰ ਵਲਾ ਪਾਕੇ ਜਾਣਾ ਪਿਆ। ਉਹਨਾਂ ਨੂੰ ਇਕ ਬਹੁਤ ਵਡੀ ਚਟਾਨ ਦੁਆਲਿਓਂ ਵਲਾ ਪਾਕੇ ਜਾਣਾ ਪਿਆ, ਜਿਹੜੀ ਰਾਹ ਵਿਚ ਪਈ ਸੀ।

"ਇਹ ਇਥੇ ਕਿਉਂ ਪਈ ਏ?" ਬਚਿਆਂ ਨੇ ਹੈਰਾਨੀ ਨਾਲ ਪੁਛਿਆ। "ਲੋਕਾਂ ਨੂੰ ਵਲਾ ਪਾਕੇ ਝਾੜੀਆਂ ਵਿਚੋਂ ਕਿਉਂ ਲੰਘਣਾ ਪਵੇ?" ਪੂਰੀ ਨੇਕ-ਨਿਯਤੀ ਨਾਲ ਉਹਨਾਂ ਚਟਾਨ ਨੂੰ ਇਕ ਪਾਸੇ ਧਕ ਕੇ ਰਸਤਾ ਸਾਫ਼ ਕਰ ਦਿਤਾ। ਅਗਲੀ ਸਵੇਰ ਇਕ ਬੁਢਾ ਮਾਛੀ ਸਾਡੇ ਕੋਲ ਆਇਆ। ਉਹਨੇ ਪੁਛਿਆ ਉਹ ਪਥਰ ਕਿਥੇ ਹੈ। ਬਚਿਆਂ ਨੂੰ ਉਸਤੋਂ ਸ਼ਲਾਘਾ ਦੀ ਆਸ ਸੀ ਪਰ ਬੁਢੇ ਨੇ ਸਿਰ ਹਿਲਾਇਆ ਅਤੇ ਕਿਹਾ: "ਉਹ ਪਥਰ ਲੰਮੇ ਸਮੇ ਤੋਂ ਇਥੇ ਪਿਆ ਹੈ। ਇਹੋ ਇਹਦੀ ਥਾਂ ਏ।..." ਫਿਰ ਉਹਨੇ ਤਿੰਨ ਸੋਵੀਅਤ ਫ਼ੌਜੀ ਸੂਹੀਆਂ ਦਾ ਕਾਰਨਾਮਾ ਸੁਣਾਇਆ। ਦਨੀਪਰ ਲਈ ਮਹਾਨ ਲੜਾਈ ਦੇ ਦੌਰਾਨ ਦਰਿਆ ਪਾਰ ਕਰਕੇ ਉਹ ਆਪਣੀਆਂ ਮਸ਼ੀਨਗਨਾਂ ਲੈਕੇ ਇਸ ਇਸ ਪਥਰ ਪਿਛੇ ਲੁਕੇ ਰਹੇ ਅਤੇ ਇਕ ਦਿਨ ਅਤੇ ਇਕ ਰਾਤ ਲੜਾਈ ਕਰਦੇ ਹੋਏ, ਜਿਸ ਵਿਚ ਦੁਸ਼ਮਣ ਦੀ ਗਿਣਤੀ ਉਹਨਾਂ ਨਾਲੋਂ ਬਹੁਤ ਜ਼ਿਆਦਾ ਸੀ, ਉਹ ਉਥੇ ਰਹੇ। ਫ਼ਾਸ਼ਿਸਟਾਂ ਆਪਣੀਆਂ ਤੋਪਾਂ ਅਤੇ ਰਹਿਲਕਿਆਂ ਨਾਲ ਉਹਨਾਂ ਉਤੇ ਗੋਲੇ ਸੁਟੇ। ਕਈ ਘੰਟੇ ਸੁਰੰਗਾਂ ਅਤੇ ਗੋਲੇ ਉਹਨਾਂ ਉਤੇ ਫਟਦੇ ਰਹੇ ਪਰ ਪਥਰ ਇਕ ਅਛੇਦ ਗੜ੍ਹੀ ਬਣਿਆ ਰਿਹਾ। ਉਸ ਰਾਤ ਸੋਵੀਅਤ ਫ਼ੌਜ ਨੇ ਦਰਿਆ ਪਾਰ ਕਰ ਲਿਆ ਅਤੇ ਸੂਹੀਆਂ ਨੂੰ ਬਚਾਇਆ। ਫ਼ੌਜੀ ਲਹੂ ਵਿਚ ਲਿਬੜੇ, ਗੋਲੀਆਂ ਅਤੇ ਗੋਲਿਆਂ ਦੇ ਟੋਟਿਆਂ ਕਾਰਨ ਫਟੜ ਹੋਏ, ਪਰ ਅਜਿਤ ਪਥਰ ਪਿਛੇ ਛਹਿੜੇ ਰਹੇ। ਸੂਹੀਆਂ ਨੂੰ ਦਨੀਪਰ ਦੇ ਪਾਰ ਫ਼ੌਜੀ ਹਸਪਤਾਲ ਵਿਚ ਭੇਜ ਦਿਤਾ ਗਿਆ ਅਤੇ ਕਿਸੇ ਨੂੰ ਉਹਨਾਂ ਦੇ ਨਾਵਾਂ ਦਾ ਪਤਾ ਨਹੀਂ। ਕੇਵਲ ਕੰਜੂਰ ਦੀ ਇਕ ਚਟਾਨ ਉਹਨਾਂ ਸੂਰਮਿਆਂ ਦੀ ਯਾਦ ਵਜੋਂ ਰਹਿ ਗਈ ਹੈ। ਬਚੇ ਪਥਰ ਕੋਲ ਗਏ ਅਤੇ ਬੜੀ ਦੇਰ ਉਹਦੇ ਸਾਹਮਣੇ ਚੁਪ ਖੜੇ ਰਹੇ। ਉਹਨਾਂ ਉਹਨੂੰ ਝਾੜੀਆਂ ਵਿਚੋਂ ਧਕਿਆ ਅਤੇ ਇਹਨੂੰ ਉਸ ਥਾਂ ਲਿਆ ਦਿਤਾ ਜਿਥੇ ਇਹ ਹੈ ਸੀ। ਤਾਂ ਹੀ ਉਹਨਾਂ ਵੇਖਿਆ ਕਿ ਗੋਲੀਆਂ ਅਤੇ ਗੋਲਿਆਂ ਦੇ ਟੋਟਿਆਂ ਨਾਲ ਕੰਜੂਰ ਦੇ ਕਈ ਟੋਟੇ ਭੁਰ ਗਏ ਹਨ ਅਤੇ ਹਰ ਬਚੇ ਨੇ ਇਕ ਟੋਟਾ ਯਾਦ ਵਲੋਂ ਲਿਆ।

ਉਸ ਸਮੇ ਤੋਂ ਨਨ੍ਹੇ ਸੈਲਾਨੀਆਂ ਦਾ ਰਾਹ ਸਦਾ ਉਸ ਪਵਿਤਰ. ਪਥਰ ਕੋਲੋਂ ਲੰਘਦਾ ਹੈ। ਟਿਥੇ ਉਤੇ ਬਲੂਤ ਅਤੇ **ਸੂਰਮਿਆਂ ਦੀ ਝੰਗੀ** ਵਾਂਗ ਕੰਜੂਰ ਦੀ ਉਹ ਚਟਾਨ ਸੂਰਮਤਾਈ ਦੇ ਕਾਰਨਾਮਿਆਂ ਦਾ, ਜਵਾਨ ਦਿਲਾਂ ਵਿਚ ਡੂੰਘੀਆਂ ਭਾਵਨਾਵਾਂ ਜਗਾਉਣ ਵਾਲਾ ਚਿੰਨ੍ਹ ਬਣ ਗਈ ਹੈ।

ਬੰਦੇ ਦਾ ਸਦਾਚਾਰਕ ਦ੍ਰਿਸ਼ਟੀਕੋਣ ਅਤੇ ਸਮਾਜੀ ਹਿਤਾਂ ਅਤੇ ਆਪਣੀ ਮਾਤ-

ਭੂਮੀ ਦੇ ਭਲੇ ਲਈ ਕਿਰਤ ਵਲ ਵਤੀਰਾ ਉਸ ਢੰਗ ਉਤੇ ਨਿਰਭਰ ਹੈ ਜਿਸ ਨਾਲ ਬਚਪਨ ਦੇ ਵਰ੍ਹਿਆਂ ਵਿਚ ਆਪਣੇ ਵਡੇਰਿਆਂ ਦੇ ਕਾਰਨਾਮਿਆਂ ਨਾਲ ਸੰਬੰਧਤ ਕੀਤਾ ਜਾਂਦਾ ਹੈ। ਮੈਂ ਇਸ ਗਲ ਦਾ ਜਤਨ ਕੀਤਾ ਕਿ ਬਚਿਆਂ ਦੇ ਦਿਲ ਇਸ ਵਿਚਾਰ ਉਤੇ ਤੇਜ਼ੀ ਨਾਲ ਧੜਕਣ ਕਿ ਐਥੇ, ਉਸ ਪਹਾੜੀ ਉਤੇ, ਜਿਥੇ ਅਜ ਅਸੀਂ ਕੰਮ ਕਰਦੇ ਹਾਂ, ਸੂਰਮਿਆਂ ਨੇ ਆਪਣੀ ਰਤ ਡੋਲ੍ਹੀ ਸੀ। ਅਨੁਭਵ ਇਸ ਨਿਸ਼ਚੇ ਨੂੰ ਮਜ਼ਬੂਤ ਬਣਾਉਂਦੇ ਹਨ ਕਿ ਆਪਣੀ ਮਾਤ-ਭੂਮੀ ਦੇ ਭਲੇ ਲਈ ਦੇਸ ਦੀ ਭੋ ਉਤੇ ਕੰਮ ਮਹਾਨ ਖ਼ੁਸ਼ੀ ਹੈ ਜਿਸ ਲਈ ਲੋਕ ਜ਼ਿੰਦਗੀ ਅਤੇ ਮੌਤ ਦੇ ਘੋਲ ਵਿਚ ਜੂਝੇ। ਬਚੇ ਦੇ ਦਿਲ ਦੀਆਂ ਦੂਰਾਡੀਆਂ ਨੁਕਰਾਂ ਵਿਚ ਅੰਤਹਕਰਣ ਦੀ ਆਵਾਜ਼ ਜਾਗ ਪੈਂਦੀ ਹੈ: ਤੁਸੀਂ ਖਿੜੀ ਧੁਪ ਵਿਚ ਚਲ ਰਹੇ ਹੋ ਅਤੇ ਨੀਲੇ ਆਕਾਸ਼ ਵਲ ਵੇਖ ਰਹੇ ਹੋ ਕੇਵਲ ਇਸ ਲਈ ਕਿ ਜਿਨ੍ਹਾਂ ਨੇ ਤੁਹਾਡੇ ਲਈ ਲੋਅ ਅਤੇ ਜੀਵਨ ਕਾਇਮ ਰਖਣ ਲਈ ਜਾਨਾਂ ਦਿਤੀਆਂ ਉਹ ਸਫੈਦੇ ਅਤੇ ਭੋਜ-ਪਤਰ, ਅਤੇ ਬਲੂਤ ਦੇ ਰੁਖਾਂ ਹੇਠਾਂ ਦਬੇ ਹੋਏ ਹਨ।

ਇਹ ਆਵਾਜ਼ ਨਨ੍ਹੇ ਲੈਨਿਨਵਾਦੀਆਂ ਨੂੰ ਚੇਤਾ ਕਰਾਉਂਦੀ ਹੈ ਕਿ ਉਹ ਆਪਣੀ ਮਾਤ-ਭੂਮੀ ਦੇ ਭਾਵੀ ਮਾਲਕ ਹਨ। ਵਡੇਰੀਆਂ ਪੀੜ੍ਹੀਆਂ ਵਲੋਂ ਸਿਰਜੀਆਂ ਪਦਾਰਥਕ ਅਤੇ ਆਤਮਕ ਕਦਰਾਂ ਦਾ ਮਾਲਕ ਹੋਣ ਦੀ ਭਾਵਨਾ ਬਾਲਗ਼ ਨਾਗਰਕਤਾ ਦੀ ਜੜ੍ਹ ਹੈ। ਓਲਗਾ ਅਤੇ ਮੈਂ ਇਸ ਗਲ ਸੰਬੰਧੀ ਵਿਚਾਰ ਕੀਤਾ ਕਿ ਉਹਨਾਂ ਵਲ ਜ਼ਿਮੇਵਾਰੀ ਦੇ ਨਾਂ ਉਤੇ ਜਿਨ੍ਹਾਂ ਨੇ ਉਹਨਾਂ ਲਈ ਖਿੜੀ ਧੁਪ ਅਤੇ ਨੀਲੇ ਆਕਾਸ਼ ਦੇ ਹਕ ਦੀ ਰਖਿਆ ਕੀਤੀ ਬਚਿਆਂ ਦੇ ਕੰਮ ਵਿਚ ਪ੍ਰੇਰਨਾ ਕਿਵੇਂ ਭਰੀ ਜਾਵੇ। ਇਕ ਦਿਨ ਬਚੇ ਆਪਣੇ ਖੇਤ ਵਿਚ ਆਏ: ਉਹਨਾਂ ਅਣਉਪਜਾਊ ਭੋਂ ਦੇ ਨਿਕੇ ਟੋਟੇ ਵਿਚ ਕਈ ਸੈਨਟਨਰ ਖਾਦ ਲਿਆਉਣੀ ਸੀ ਤਾਂ ਜੁ ਉਸ ਥਾਂ ਕਣਕ ਉਗੇ ਜਿਥੇ ਹੁਣ ਕੁਝ ਨਹੀਂ ਸੀ ਉਗਦਾ। ਕੰਮ ਔਖਾ ਅਤੇ ਅਕਾਊ ਸੀ। ਕੰਮ ਸ਼ੁਰੂ ਹੋਣ ਤੋਂ ਪਹਿਲਾਂ ਓਲੀਆ ਨੇ ੧੯੪੩ ਵਿਚ ਵੋਲਗਾ ਦੇ ਮਹਾਨ ਯੁਧ ਸਮੇਂ ਯੂਕਰੇਨੀ ਕਾਮਸੋਮੋਲ ਦੇ ਮੈਂਬਰ ਮਿਖਾਈਲ ਪਾਨੀਕਾਕੋ ਦੇ ਸੂਰਮਾ ਕਾਰਨਾਮੇ ਸੰਬੰਧੀ ਦਸਿਆ।

੧੯ ਸਾਲਾਂ ਦਾ ਜਵਾਨ ਇਕ ਫ਼ਾਸ਼ਿਸਟ ਟੈਂਕ ਦਾ ਰਾਹ ਰੋਕੀ ਖ਼ੰਦਕ ਵਿਚ ਖੜਾ ਸੀ। ਦੁਸ਼ਮਣ ਦਾ ਟੈਂਕ ਖ਼ੰਦਕ ਤਕ ਅਪੜ ਗਿਆ। ਫ਼ੌਜੀ ਨੇ ਇਕ ਵਿਸਫੋਟਕ ਮਿਸ਼ਰਣ ਵਾਲ਼ੀ ਬੋਤਲ ਟੈਂਕ ਉਤੇ ਸੁਟਣ ਅਤੇ ਉਹਨੂੰ ਉਡਾ ਦੇਣ ਲਈ ਉਚੀ ਚੁਕੀ। ਉਸ ਛਿਣ ਇਕ ਗੋਲੀ ਲਗਣ ਨਾਲ ਉਹਦੇ ਹਥ ਵਿਚ ਉਪਰ ਚੁਕੀ ਬੋਤਲ ਫਟ ਗਈ। ਤਰਲ ਪਦਾਰਥ ਫਟ ਗਿਆ ਅਤੇ ਅਗ ਉਹਦੇ ਕਪੜਿਆਂ ਰਾਹੀਂ ਉਹਦੇ ਮੂੰਹ ਤਕ ਆ ਗਈ। ਜਿਉਂਦੀ ਮਸ਼ਾਲ, ਆਪਣੇ ਪਿਛੇ ਅਗ ਅਤੇ ਧੂੰ ਦੀ ਲੀਕ ਛਡਦਾ, ਉਹ ਖ਼ੰਦਕ ਵਿਚੋਂ ਬਾਹਰ ਨਿਕਲਿਆ ਅਤੇ ਟੈਂਕ ਦੇ ਨੇੜੇ ਅਪੜਿਆ। ਆਪਣੇ ਹਥ ਵਿਚ ਮਿਖਾਈਲ ਵਿਸਫੋਟਕ ਪਦਾਰਥ ਦੀ ਅਖ਼ੀਰੀ ਬੋਤਲ

ਫੜੀ ਹੋਈ ਸੀ। ਉਹ ਦੁਸ਼ਮਣ ਦੇ ਟੈਂਕ ਦੇ ਉਤੇ ਚੜ੍ਹ ਗਿਆ। ਉਹਨੇ ਟੈਂਕ ਦੇ ਟਰਟ ਨੂੰ ਬੋਤਲ ਨਾਲ ਠੱਕਰ ਮਾਰੀ, ਉਹਨੂੰ ਅਗ ਲਗ ਗਈ ਅਤੇ ਉਹ ਇਕ ਪਾਸੇ ਮੁੜ ਗਿਆ। ਟੈਂਕ ਦੇ ਫਟਣ ਤੋਂ ਪਹਿਲਾਂ ਆਖੀਰੀ ਛਿਣ ਮਿਖਾਈਲ ਛਾਤੀ ਤਾਣ ਕੇ ਖੜਾ ਹੋਇਆ, ਆਪਣੀ ਲਟ ਲਟ ਕਰਦੀ ਬਾਂਹ ਉਲਾਰੀ ਅਤੇ ਜ਼ੋਰ ਨਾਲ ਬੋਲਿਆ। ਫ਼ੌਜੀਆਂ ਨੇ ਉਹਦਾ ਜੰਗੀ ਨਾਹਰਾ ਸੁਣ ਲਿਆ, ਖ਼ੰਦਕਾਂ ਵਿਚੋਂ ਬਾਹਰ ਨਿਕਲ ਆਏ, ਦੁਸ਼ਮਣ ਦਾ ਹੂੰਝਾ ਫੇਰ ਦਿਤਾ ਅਤੇ ਸੜਕ ਉਤੇ ਕਬਜ਼ਾ ਕਰ ਲਿਆ।

ਬਚੇ ਕਹਾਣੀ ਤੋਂ ਪ੍ਰਭਾਵਤ ਹੋਏ। ਉਸ ਛਿਣ ਸੂਰਮਾ ਉਹਨਾਂ ਦੇ ਕੋਲ ਖੜਾ ਕਹਿ ਰਿਹਾ ਜਾਪਦਾ ਸੀ: "ਮੈਂ ਆਪਣੀ ਪਵਿਤਰ ਮਾਤ-ਭੂਮੀ ਦੇ ਅਜਿਹੇ ਹੀ ਟੋਟੇ ਲਈ ਆਪਣੀ ਜਾਨ ਦਿਤੀ। ਕੋਈ ਇਸ ਗਲ ਵਲੋਂ ਅਵੇਸਲਾ ਕਿਵੇਂ ਰਹਿ ਸਕਦਾ ਹੈ ਕਿ ਇਸ ਉਤੇ ਕਣਕ ਉਗਦੀ ਹੈ ਜਾਂ ਭਖੜਾ?" ਉਸ ਛਿਣ ਅੰਤਹਕਰਣ ਦੀ ਆਵਾਜ਼ ਕਹਿ ਰਹੀ ਜਾਪਦੀ ਸੀ: ਮੈਂ ਕਿਸੇ ਹਾਲਤ ਵਿਚ ਵੀ ਅਵੇਸਲਾ ਨਹੀਂ ਰਹਿਣਾ ਚਾਹੀਦਾ।

ਮੇਰਾ ਇਹ ਵਿਚਾਰ ਨਹੀਂ ਕਿ ਜਦੋਂ ਕਦੀ ਉਹ ਕੰਮ ਕਰਨ ਲਈ ਚਲਣ ਬਚਿਆਂ ਨੂੰ ਸੂਰਮਾ ਕਾਰਨਾਮਿਆਂ ਦੀ ਕਹਾਣੀ ਸੁਣਾਈ ਜਾਵੇ। ਬਚੇ ਦੇ ਮਨ ਵਿਚ ਇਹ ਵਿਚਾਰ ਨਹੀਂ ਪਾਉਣਾ ਚਾਹੀਦਾ ਕਿ ਜੇ ਉਹ ਸੁਸਤ ਹੈ ਅਤੇ ਉਸ ਤਰ੍ਹਾਂ ਕੰਮ ਨਹੀਂ ਕਰਦਾ ਜਿਵੇਂ ਉਹਨੂੰ ਕਰਨਾ ਚਾਹੀਦਾ ਹੈ ਉਹ ਆਪਣੀ ਮਾਤ-ਭੂਮੀ ਵਲ ਆਪਣੀ ਜ਼ਿਮੇਵਾਰੀ ਪੂਰੀ ਨਹੀਂ ਕਰ ਰਿਹਾ। ਜ਼ਿਮੇਵਾਰੀ ਦੀ ਭਾਵਨਾ ਪਵਿਤਰ ਭਾਵਨਾ ਹੈ ਅਤੇ ਬਚੇ ਨੂੰ ਇਹ ਆਪਣੇ ਦਿਲ ਵਿਚ ਸਾਂਭ ਕੇ ਰਖਣੀ ਚਾਹੀਦੀ ਹੈ। ਇਹਦੇ ਨਾਲ ਹੀ ਨਾਲ ਇਹ ਲਾਜ਼ਮੀ ਹੈ ਕਿ ਬਚੇ ਦੇ ਮਨ ਵਿਚ ਨਾਗਰਕਤਾ ਦੇ ਪਹਿਲੇ ਸੰਕਲਪ ਜਗਾਉਂਦੇ ਹੋਏ ਸੂਰਮਾ ਕਾਰਨਾਮੇ ਉਹਨੂੰ ਸਿਖਾਉਣ ਕਿ ਜਿਊਣਾ ਕਿਵੇਂ ਹੈ। ਮੈਂ ਓਲੀਆ ਨੂੰ ਕਿਹਾ ਕਿ ਉਹ ਉਹਨਾਂ ਨੂੰ ਮਿਖਾਈਲ ਪਾਨੀਕਾਕੋ ਦੀ ਕਹਾਣੀ ਇਹਦੇ ਅਤੇ ਆਉਂਦੇ ਕੰਮ ਵਿਚਕਾਰ ਕਿਸੇ ਸੰਬੰਧ ਤੋਂ ਬਿਨਾਂ, ਕਿਸੇ ਤਰ੍ਹਾਂ ਦੇ ਉਪਦੇਸ਼ਾਂ ਤੋਂ ਬਿਨਾਂ ਸੁਣਾਵੇ ਤਾਂ ਜੁ ਬਚਾ ਭੋ ਦੇ ਇਸ ਨਿਕੇ ਟੋਟੇ ਨੂੰ ਇਕ ਨਾਗਰਕ ਵਜੋਂ ਵੇਖੇ।

## ਬਚੇ ਨੰਨ੍ਹੇ ਲੈਨਿਨਵਾਦੀਆਂ ਦੀ ਸੰਸਥਾ ਵਿਚ ਸ਼ਾਮਲ ਹੁੰਦੇ ਹਨ

੧੯੫੫ ਦੀ ਬਸੰਤ ਵਿਚ, ਤੀਜੀ ਸ਼੍ਰੇਣੀ ਖ਼ਤਮ ਹੋਣ ਤੋਂ ਥੋੜ੍ਹਾ ਪਹਿਲਾਂ ਬਚੇ ਵ. ਇ. ਲੈਨਿਨ ਨੰਨ੍ਹੇ ਪਾਉਨੀਅਰ ਸੰਸਥਾ ਵਿਚ ਸ਼ਾਮਲ ਹੋਏ। ਕਾਮਸੋਮੋਲ ਕਮੇਟੀ ਨੇ ਓਲੀਆ ਨੂੰ ਉਹਨਾਂ ਦਾ ਆਗੂ ਥਾਪਿਆ। ਉਸ ਸਮੇਂ ਉਹ ਅਠਵੀਂ ਸ਼੍ਰੇਣੀ ਵਿਚ ਪੜ੍ਹਦੀ ਸੀ।

ਜ਼ੋਇਆ ਕਾਸਮੋਦੇਮੇਯਾਨਸਕਾਯਾ ਨਨ੍ਹੇ ਪਾਉਨੀਅਰ ਦਸਤੇ ਦੀ ਗੰਭੀਰ ਇਕਤ੍ਰਤਾ

੨੨ ਅਪ੍ਰੈਲ, ਲੈਨਿਨ ਦੇ ਜਨਮ ਦਿਨ ਨੂੰ ਹੁੰਦੀ ਸੀ। ਉਸ ਦਿਨ ਤੋਂ ਬਹੁਤ ਪਹਿਲਾਂ ਓਲੀਆ ਅਤੇ ਉਹਦੇ ਸਾਥੀਆਂ ਨੇ ਬਚਿਆਂ ਨੂੰ ਨੰਨ੍ਹੇ ਪਾਉਨੀਅਰਾਂ ਵਿਚ ਸ਼ਾਮਲ ਹੋਣ ਲਈ ਤਿਆਰ ਕਰਨਾ ਸ਼ੁਰੂ ਕਰ ਦਿਤਾ। ਅਠਵੀਂ ਸ਼੍ਰੇਣੀ ਵਾਲਿਆਂ ਨੇ ਬਚਿਆਂ ਨੂੰ ਲੈਨਿਨੀ ਪਾਰਟੀ, ਕਾਮਸੋਮੋਲ ਅਤੇ ਨੰਨ੍ਹੇ ਪਾਉਨੀਅਰ ਜਥੇਬੰਦੀ ਦੇ ਸੂਰਮਾ ਕਾਰਨਾਮਿਆਂ ਸੰਬੰਧੀ ਦਸਿਆ।

ਓਲੀਆ ਨੇ ਉਹਨਾਂ ਨੂੰ ਕਿਹਾ, "ਤੁਹਾਡੇ ਦਸਤੇ ਨੂੰ ਉਸ ਬੰਦੇ ਦਾ ਨਾਂ ਦਿਤਾ ਜਾਵੇ ਜਿਸਦੇ ਕਾਰਨਾਮੇ ਤੁਹਾਨੂੰ ਸਭ ਤੋਂ ਵਧ ਪ੍ਰੇਰਨਾ ਦੇਂਦੇ ਹਨ," ਅਤੇ ਬਚਿਆਂ ਨੇ ਸਰਬ-ਸੰਮਤੀ ਨਾਲ ਨਿਰਣਾ ਕੀਤਾ ਕਿ ਉਹਨਾਂ ਦੇ ਦਸਤੇ ਦਾ ਨਾਂ ਸਟਾਲਿਨਗਰਾਦ ਦੇ ਸੂਰਮੇ ਮਿਖ਼ਾਈਲ ਪਾਨੀਕਾਕੋ ਦੇ ਨਾਂ ਉਤੇ ਰਖਿਆ ਜਾਵੇਗਾ। ਸਾਡੇ ਦਸਤੇ ਦਾ ਮਾਟੋ ਸੀ "ਲੈਨਿਨ ਵਾਂਗ ਘੋਲ ਕਰੋ ਅਤੇ ਜਿਤੋ"। ਆਪਣੇ ਪ੍ਰਕਿਰਤਕ ਆਲੇ ਦੁਆਲੇ ਨੂੰ ਚੰਗੇਰਾ ਬਣਾਉਣ ਦੇ ਸਾਡੇ ਘੋਲ ਕਾਰਨ ਸਾਡਾ ਚਿੰਨ੍ਹ ਬਲੂਤ ਦੇ ਪਤੇ ਅਤੇ ਫਲ ਸਨ।

ਨਾ ਕੇਵਲ ਬਚੇ ਨੰਨ੍ਹੇ ਪਾਉਨੀਅਰਾਂ ਦੀ ਇਕਤ੍ਰਤਾ ਵਿਚ ਆਏ, ਸਗੋਂ ਮਾਤਾ ਪਿਤਾ, ਮਹਾਨ ਅਕਤੂਬਰ ਸੋਸ਼ਲਿਸਟ ਇਨਕਲਾਬ ਵਿਚ ਹਿਸਾ ਲੈਣ ਵਾਲੇ, ਛਾਪਾਮਾਰ ਲਹਿਰ ਅਤੇ ਖ਼ਾਨਾਜੰਗੀ ਦੇ ਸੂਰਮੇ, ਪਹਿਲੇ ਕਾਮਸੋਮੋਲ ਮੈਂਬਰ ਜਿਨ੍ਹਾਂ ੧੯੧੯ ਵਿਚ ਸਾਡੇ ਪਿੰਡ ਵਿਚ ਕਾਮਸੋਮੋਲ ਦਾ ਪਹਿਲਾ ਦਸਤਾ ਖੜਾ ਕੀਤਾ ਸੀ, ਵੀ ਆਏ।

ਇਕਤ੍ਰਤਾ ਇਕ ਵਡੇ ਹਰੇ ਮੈਦਾਨ ਵਿਚ ਹੋਈ। ਅਠਵੀਂ ਸ਼੍ਰੇਣੀ ਦਾ ਨੰਨ੍ਹੇ ਪਾਉਨੀਅਰ ਦਸਤਾ ਤੀਜੀ ਸ਼੍ਰੇਣੀ ਵਾਲਿਆਂ, ਭਾਵੀ ਨੰਨ੍ਹੇ ਲੈਨਿਨਵਾਦੀਆਂ ਦੇ ਸਾਹਮਣੇ ਖੜਾ ਸੀ। ਅਠਵੀਂ ਸ਼੍ਰੇਣੀ ਦੇ ਦਸਤੇ ਦੀ ਪ੍ਰੀਸ਼ਦ ਦੇ ਨੇਤਾ ਨੇ ਕਿਹਾ ਕਿ ਉਸ ਦਿਨ ਉਹਨਾਂ ਦਾ ਦਸਤਾ ਆਪਣਾ ਕੰਮ ਬੰਦ ਕਰ ਦੇਵੇਗਾ ਅਤੇ ਮਸ਼ਾਲ ਤੀਜੀ ਸ਼੍ਰੇਣੀ ਦੇ ਨੰਨ੍ਹੇ ਲੈਨਿਨਵਾਦੀਆਂ ਦੇ ਹਥ ਦੇ ਦੇਵੇਗਾ।*

ਬਚਿਆਂ ਨੂੰ ਉਹਨਾਂ ਦੇ ਲਾਲ ਰੁਮਾਲ ਦੇਣ ਦੀ ਗੰਭੀਰ ਘੜੀ ਆ ਗਈ। ਸਾਡੇ ਸਕੂਲ ਦੀਆਂ ਪ੍ਰੰਪਰਾਵਾਂ ਅਨੁਸਾਰ ਜਿਹੜਾ ਪਾਉਨੀਅਰ ਦਸਤਾ ਆਪਣੀ ਸਰਗਰਮੀ ਖ਼ਤਮ ਕਰ ਰਿਹਾ ਹੁੰਦਾ ਉਹ ਆਪਣੇ ਨੰਨ੍ਹੇ ਪਾਉਨੀਅਰ ਰੁਮਾਲ ਅਕਤੂਬਰੀਏ ਬਚਿਆਂ ਨੂੰ ਦੇਂਦਾ ਜਿਹੜੇ ਨੰਨ੍ਹੇ ਪਾਉਨੀਅਰਾਂ ਵਿਚ ਸ਼ਾਮਲ ਹੋ ਰਹੇ ਸਨ। ਸੋ ਮੁੰਡਿਆਂ ਅਤੇ ਕੁੜੀਆਂ ਨੇ ਆਪਣੇ ਰੁਮਾਲ ਲਾਹੇ ਅਤੇ ਆਪਣੇ ਨਿਕੇ ਮਿਤਰਾਂ ਨੂੰ ਦਿਤੇ। ਅਠਵੀਂ ਅਤੇ ਤੀਜੀ ਸ਼੍ਰੇਣੀ ਦੇ ਵਿਦਿਆਰਥੀਆਂ ਵਿਚ ਭੈਣਾਂ

---

*ਕਿਉਂਕਿ ਉਹ ਪੰਦਰਾਂ ਵਰ੍ਹਿਆਂ ਦੀ ਉਮਰ ਨੂੰ ਅਪੜ ਗਏ ਸਨ, ਜਿਹੜੀ ਨੰਨ੍ਹੇ ਪਾਉਨੀਅਰ ਜਥੇਬੰਦੀ ਦੀ ਮੈਂਬਰੀ ਦਾ ਅਖ਼ੀਰੀ ਹਦ ਹੈ। ਇਸ ਤੋਂ ਪਿਛੋਂ ਬਚੇ ਨੌਜਵਾਨ ਕਮਿਊਨਿਸਟ ਲੀਗ ਦੇ ਮੈਂਬਰ ਬਣਦੇ ਹਨ। — ਅਨੁ:

ਅਤੇ ਭਰਾ ਸਨ ਅਤੇ ਵਡੇਰੀਆਂ ਨੇ ਛੁਟੇਰਿਆਂ ਨੂੰ ਆਪਣੇ ਰੁਮਾਲ ਪਰਵਾਰ ਦੇ ਸਭ ਤੋਂ ਪਿਆਰੇ ਵਿਰਸੇ ਵਜੋਂ ਦਿਤੇ। ਲਾਲ ਰੁਮਾਲ ਲੈਂਦੇ ਹੋਏ ਬਚਿਆਂ ਨੇ ਨੰਨ੍ਹੇ ਲੈਨਿਨਵਾਦੀਆਂ ਦੀ ਗੰਭੀਰ ਸੌਂਹ ਚੁਕੀ। ਉਹ ਮਿਖਾਈਲ ਪਾਨੀਕਾਕੋ ਜਿਹੇ ਦ੍ਰਿੜ੍ਹ ਅਤੇ ਦਲੇਰ ਦੇਸ-ਭਗਤਕ ਬਣਨ ਅਤੇ ਆਪਣੇ ਮਾਟੋ "ਲੈਨਿਨ ਵਾਂਗ ਘੋਲ ਕਰੋ ਅਤੇ ਜਿਤੋ" ਉਤੇ ਪੂਰਾ ਉਤਰਨ ਦਾ ਪ੍ਰਣ ਕੀਤਾ। ਉਹਨਾਂ ਦੇ ਨੰਨ੍ਹੇ ਪਾਉਨੀਅਰਾਂ ਵਿਚ ਸ਼ਾਮਲ ਹੋਣ ਦੇ ਚਿੰਨ੍ਹ ਵਜੋਂ ਹਰ ਬਚੇ ਨੂੰ ਇਕ ਸ਼ੁਗਾਤ ਮਿਲੀ — ਕਿਸੇ ਉਘੇ ਵਿਅਕਤੀ ਦੇ ਕੰਮ ਅਤੇ ਜੀਵਨ ਸੰਬੰਧੀ ਪੁਸਤਕ।

ਇਕਤ੍ਰਤਾ ਦੀ ਯਾਦ ਸਦਾ ਮੇਰੇ ਵਿਦਿਆਰਥੀਆਂ ਦੇ ਮਨ ਵਿਚ ਸਜਰੀ ਰਹੀ। ਇਸ ਰਸਮ ਵਿਚ ਮੁਖ ਗਲ ਇਹ ਹੈ ਕਿ ਲਾਲ ਰੁਮਾਲ ਨੰਨ੍ਹੇ ਲੈਨਿਨਵਾਦੀਆਂ ਨੂੰ ਪੀੜ੍ਹੀਓਂ ਪੀੜ੍ਹੀ ਦਿਤੇ ਜਾਣ। ਲਾਲ ਰੁਮਾਲ ਇਨਕਲਾਬੀ ਘੋਲ ਦਾ ਚਿੰਨ੍ਹ ਹੈ ਅਤੇ ਇਹਨੂੰ ਧਿਆਨ ਨਾਲ ਸਾਂਭ ਕੇ ਰਖਣਾ ਚਾਹੀਦਾ ਹੈ।

## ਲੈਨਿਨ ਵਾਂਗ ਘੋਲ ਕਰੋ ਅਤੇ ਜਿਤੋ

ਲੈਨਿਨ ਨੇ ਸਿਖਾਇਆ ਕਿ ਕਮਿਊਨਿਜ਼ਮ ਲਈ ਘੋਲ ਨਿਤ ਦਾ ਮਾਮਲਾ ਹੈ। ਓਲੀਆ ਨੇ ਅਤੇ ਮੈਂ ਇਸ ਸੰਬੰਧੀ ਵਿਚਾਰ ਕੀਤੀ ਕਿ ਜੋ ਕੁਝ ਉਹਨਾਂ ਦੇ ਆਲੇ ਦੁਆਲੇ ਵਾਪਰ ਰਿਹਾ ਹੈ ਉਸ ਵਿਚ ਬਚਿਆਂ ਦੀ ਡੂੰਘੀ ਰੁਚਕਤਾ ਕਿਵੇਂ ਜਗਾਈ ਜਾਵੇ, ਉਹਨਾਂ ਵਿਚ ਜਨਤਾ ਦੀ ਮਾਲਕੀ ਵਾਲੀਆਂ ਪਦਾਰਥਕ ਕਦਰਾਂ ਲਈ ਫ਼ਿਕਰਮੰਦੀ ਕਿਵੇਂ ਪੈਦਾ ਕੀਤੀ ਜਾਵੇ। ਬਚਿਆਂ ਨੇ ਸਕੂਲ ਦੇ ਨੇੜੇ ਦੀ ਰਖ ਨੂੰ ਨਿਗਾਹ ਵਿਚ ਰਖਣਾ ਸ਼ੁਰੂ ਕਰ ਦਿਤਾ। ਉਹ ਰਖ ਵਿਚ ਚਲੇ ਫਿਰੇ ਅਤੇ ਵੇਖਿਆ ਕਿ ਕਿਸੇ ਨੇ ਕੁਝ ਰੁਖਾਂ ਦੁਆਲੇ ਛਾਲ ਵਿਚ ਇਕ ਚਕਰ ਕਟ ਦਿਤਾ ਹੈ। ਇਹ ਸਪਸ਼ਟ ਕਿ ਕਿਸੇ ਦੀ ਇਛਾ ਸੀ ਕਿ ਰੁਖ ਸੁਕ ਜਾਣ ਤਾਂ ਜੁ ਉਹਨਾਂ ਨੂੰ ਕਟਣ ਲਈ ਕਾਰਨ ਲਭ ਸਕੇ; ਜੇ ਰੁਖ ਸੁਕ ਜਾਣ ਤਾਂ ਉਹਨਾਂ ਨੂੰ ਖੜਾ ਕਿਉਂ ਰਹਿਣ ਦਿਤਾ ਜਾਵੇ? ਬਚਿਆਂ ਨੂੰ ਗ਼ੁਸਾ ਆਇਆ: ਅਜਿਹਾ ਕਿਵੇਂ ਹੋਇਆ? ਅਸੀਂ ਰੁਖ ਲਾਉਂਦੇ ਅਤੇ ਉਹਨਾਂ ਦੀ ਸਾਂਭ ਕਰਦੇ ਹਾਂ ਅਤੇ ਕੋਈ ਉਹਨਾਂ ਨੂੰ ਤਬਾਹ ਕਰਨਾ ਚਾਹੁੰਦਾ ਹੈ? ਇਹ ਪਤਾ ਕਰਨਾ ਉਹਨਾਂ ਲਈ ਲਾਜ਼ਮੀ ਸੀ ਕਿ ਅਜਿਹਾ ਕਿਸਨੇ ਕੀਤਾ ਹੈ।

ਉਸ ਦਿਨ ਤੋਂ ਪ੍ਰਕਿਰਤੀ ਦੇ ਨਿਕੇ ਰਖਵਾਲਿਆਂ ਦੇ ਛਾਪੇ ਸ਼ੁਰੂ ਹੋ ਗਏ। ਸ਼ਾਮ ਨੂੰ ਉਹ ਰਖ ਵਿਚ ਜਾਂਦੇ ਅਤੇ ਦੋਸ਼ੀਆਂ ਨੂੰ ਉਡੀਕਦੇ। ਕਈ ਦਿਨ ਪਿਛੋਂ ਉਹ ਰੰਗੇ-ਹਥੀਂ ਫੜੇ ਗਏ — ਦੋ ਕਿਸਾਨ ਆਰਾ ਲੈਕੇ ਰੁਖ ਵਢਣ ਆਏ। ਬਚਿਆਂ ਨੇ ਪੰਚਾਇਤੀ ਫ਼ਾਰਮ ਦੇ ਪ੍ਰਬੰਧਕਾਂ ਨੂੰ ਉਹਨਾਂ ਲੋਕਾਂ ਸੰਬੰਧੀ ਦਸਿਆ ਜਿਹੜੇ ਰੁਖਾਂ ਨੂੰ ਤਬਾਹ ਕਰ ਰਹੇ ਸਨ। ਅਪ੍ਰਾਧੀਆਂ ਨੂੰ ਹਰ ਉਸ ਇਕ ਰੁਖ ਲਈ ਜਿਹੜਾ ਉਹਨਾਂ

ਤਬਾਹ ਕੀਤਾ ਸੀ ਦਸ ਲਾਉਣ ਲਈ ਕਿਹਾ ਗਿਆ। ਬਚੇ ਖ਼ੁਸ਼ ਸਨ: ਇਨਸਾਫ਼ ਦੀ ਜਿਤ ਹੋਈ ਸੀ। ਸੁਯੋਗ ਸਦਾਚਾਰਕ ਵਿਦਿਆ ਲਈ ਇਹ ਗਲ ਵਿਗੋਚੇ ਵਾਲੀ ਹੈ। ਜਦੋਂ ਨੰਨ੍ਹੇ ਲੈਨਿਨਵਾਦੀ ਇਨਸਾਫ਼ ਹੋਇਆ ਵੇਖਦੇ ਹਨ ਤਾਂ ਕਮਿਊਨਿਸਟ ਆਸ਼ਿਆਂ ਲਈ ਘੱਲ ਉਚ ਭਾਵਨਾਵਾਂ ਦਾ ਸੋਮਾ ਬਣ ਜਾਂਦਾ ਹੈ। ਜਿਤ ਉਹਨਾਂ ਨੂੰ ਪ੍ਰੇਰਨਾ ਦੇਂਦੀ ਹੈ ਅਤੇ ਉਹਨਾਂ ਨੂੰ ਔਕੜਾਂ ਉਤੇ ਕਾਬੂ ਪਾਉਣ ਲਈ ਲੋੜੀਂਦਾ ਨਵਾਂ ਬਲ ਦੇਂਦੀ ਹੈ।

ਨਨ੍ਹੇ ਪ੍ਰਕਿਰਤੀ-ਰਖਿਅਕ ਇਕ ਰੋਚਕ ਖੇਡ ਵਿਚ ਮਸਤ ਹੋ ਗਏ, ਜਿਸਦਾ ਆਧਾਰ ਸੁਹਪਣ ਅਤੇ ਉਦਮ ਸੀ। ਆਪਣੇ ਇਕ ਛਾਪੇ ਸਮੇਂ ਨੰਨ੍ਹੇ ਪਾਉਨੀਅਰਾਂ ਨੇ ਵੇਖਿਆ ਕਿ ਕੁਝ ਕਿਸਾਨਾਂ ਦੇ ਵਿਹੜਿਆਂ ਵਿਚ ਝਾੜ ਬੂਟ ਉਗਿਆ ਹੋਇਆ ਹੈ। ਬਚੇ ਇਹਨਾਂ ਕਿਸਾਨਾਂ ਲਈ ਸਿਉ ਦੇ ਨਿਕੇ ਬੂਟੇ ਲਿਆਏ ਅਤੇ ਸਲਾਹ ਦਿਤੀ ਕਿ ਉਹ ਝਾੜ ਬੂਟ ਪੁਟ ਦੇਣ ਅਤੇ ਫਲਾਂ ਦੇ ਬੂਟੇ ਲਾਉਣ। ਤਿੰਨ ਕਿਸਾਨ ਇਹ ਕੰਮ ਕਰਨ ਲਈ ਬਹੁਤ ਆਲਸੀ ਸਨ। ਨੰਨ੍ਹੇ ਪਾਉਨੀਅਰਾਂ ਨੇ "ਪ੍ਰਕਿਰਤੀ ਦੇ ਨਿਕੇ ਰਖਿਅਕਾਂ ਵਲੋਂ ਖ਼ਤ" ਲਿਖੇ ਜਿਨ੍ਹਾਂ ਵਿਚ ਇਹਨਾਂ ਲਾਪਰਵਾਹ ਲੋਕਾਂ ਅਗੇ ਬੇਨਤੀ ਕੀਤੀ ਗਈ ਸੀ: "ਸਾਡੇ ਲਈ, ਪ੍ਰਕਿਰਤੀ ਦੇ ਨੰਨ੍ਹੇ ਰਖਿਅਕਾਂ ਲਈ ਤੁਹਾਡੇ ਵਿਹੜੇ ਵਿਚ ਝਾੜ ਬੂਟ ਵੇਖਣਾ ਬੜਾ ਔਖਾ ਹੈ। ਹੋ ਸਕਦਾ ਹੈ ਕਿ ਤੁਹਾਡੀ ਭਖੜੇ ਦੀ ਝਿੜੀ ਵਿਚ ਛੇਤੀ ਹੀ ਬਘਿਆੜ ਆ ਜਾਣ। ਤੁਸੀਂ ਇਸ ਗੰਦ-ਮੰਦ ਵਿਚਕਾਰ ਕਿਵੇਂ ਰਹਿੰਦੇ ਹੋ? ਅਸਾਂ ਤੁਹਾਡੇ ਘਰ ਦੇ ਕੋਲ ਪੰਜ ਨਿਕੇ ਬੂਟੇ ਅਤੇ ਤਿੰਨ ਅੰਗੂਰ ਦੀਆਂ ਵੇਲਾਂ ਰਖੀਆਂ ਹਨ। ਇਹ ਲਾਜ਼ਮੀ ਹੈ ਕਿ ਬੂਟੇ ਕਲ ਤਕ ਲਾ ਦਿਤੇ ਜਾਣ। ਉਹਨਾਂ ਨੂੰ ਲਾ ਦਿਓ ਅਤੇ ਚੰਗੀ ਤਰ੍ਹਾਂ ਪਾਣੀ ਦਿਓ। ਅਤੇ ਜੇ ਤੁਸੀਂ ਇੰਨੇ ਆਲਸੀ ਹੋਏ ਕਿ ਇਹ ਕੰਮ ਨਾ ਕਰੋ ਤਾਂ ਅਸੀਂ ਆਵਾਂਗੇ ਅਤੇ ਟੋਏ ਪੁਟਾਂਗੇ, ਝਾੜ ਬੂਟ ਪੁਟ ਦਿਆਂਗੇ ਅਤੇ ਰੁਖ ਲਾ ਦਿਆਂਗਾ। ਫਲਾਂ ਦਾ ਬਾਗ ਲਗ ਜਾਵੇਗਾ, ਪਰ ਇਹ ਤੁਹਾਡਾ ਨਹੀਂ ਹੋਵੇਗਾ — ਇਹ ਨੰਨ੍ਹੇ ਪਾਉਨੀਅਰਾਂ ਦੀ ਮਾਲਕੀ ਹੋਵੇਗਾ।"

ਰੁਕੇ ਬੜੇ ਮੌਲਕ ਢੰਗ ਨਾਲ ਪੁਚਾਏ ਗਏ: ਉਹ ਖੁਲ੍ਹੀ ਬਾਰੀ ਵਿਚੋਂ ਮੇਜ਼ ਉਤੇ ਸੁਟੇ ਗਏ। ਸ਼ਾਮ ਨੂੰ ਤਾਂ ਜੁ ਕੋਈ ਬੂਟੇ ਲਿਆਏ ਜਾਂਦੇ ਨਾ ਵੇਖੇ। ਇਹ ਇਕ ਅਜਿਹੀ ਖੇਡ ਸੀ ਜਿਸਨੂੰ ਬਚੇ ਪਸੰਦ ਕਰਦੇ। ਉਹਨਾਂ ਬੇਸਬਰੀ ਨਾਲ ਅਗਲਾ ਦਿਨ ਚੜ੍ਹਣ ਦੀ ਉਡੀਕ ਕੀਤੀ। ਉਹ ਸਕੂਲੋਂ ਵਿਹਲੇ ਹੋਕੇ ਸੜਕਾਂ ਉਤੇ ਟੂਰ ਪਏ ਅਤੇ ਵਿਹੜਿਆਂ ਨੂੰ ਪਛਾਣ ਨਾ ਸਕੇ: ਝਾੜ ਬੂਟ ਦੀ ਥਾਂ ਫ਼ਲਾਂ ਦੇ ਬੂਟੇ ਲਾ ਦਿਤੇ ਗਏ ਸਨ।... ਖ਼ਬਰ ਛੇਤੀ ਹੀ ਸਾਰੇ ਸਕੂਲ ਵਿਚ ਫੈਲ ਗਈ। ਸਾਡੇ ਦਸਤੇ ਨੇ ਨੰਨ੍ਹੇ ਪਾਉਨੀਅਰਾਂ ਦੇ ਅੰਦਰ ਨੰਨ੍ਹੇ ਪ੍ਰਕਿਰਤੀ-ਰਾਖਿਆਂ ਦੀਆਂ ਹੋਰ ਟੋਲੀਆਂ ਜਥੇਬੰਦ ਕਰਨੀਆਂ ਸ਼ੁਰੂ ਕਰ ਦਿਤੀਆਂ। ਪੰਚਾਇਤੀ ਫ਼ਾਰਮ ਦੇ ਪ੍ਰਬੰਧਕਾਂ ਨੇ ਵਡੇਰੀ ਉਮਰ ਦੇ ਪਾਉਨੀਅਰਾਂ ਨਾਲ ਸੰਪ੍ਰਕ ਪੈਦਾ ਕੀਤਾ ਅਤੇ ਬੇਨਤੀ ਕੀਤੀ ਕਿ ਉਹ ਤੂਤ ਦੀ ਰੁਖ ਨੂੰ ਆਪਣੀ ਰਖਿਆ ਹੇਠ ਲੈ ਲੈਣ: ਕੁਝ ਪੰਚਾਇਤੀ ਕਿਸਾਨ ਟਹਿਣੀਆਂ

ਬੇਰਹਿਮੀ ਨਾਲ ਤੋੜਦੇ ਰਹੇ ਸਨ। ਪਾਉਨੀਅਰਾਂ ਨੇ ਕਈ ਛਾਪੇ ਮਾਰੇ ਅਤੇ ਟਹਿਣੀਆਂ ਤੋੜਨਾ ਬੰਦ ਹੋ ਗਿਆ।

ਹੁਨਾਲ ਦੇ ਦੌਰਾਨ ਦਸਤੇ ਨੇ ਦੋਗ਼ਲੇ ਬੀਆਂ ਦੀ ਪ੍ਰਯੋਗਸ਼ਾਲਾ ਵਿਚ ਅਨੁਭਵਾਂ ਲਈ ਕਣਕ ਦੇ ਚੁਣੇ ਹੋਏ ਵੀਹ ਕਿਲੋਗਰਾਮ ਬੀਅ ਤਿਆਰ ਕਰਨ ਦੀ ਜ਼ਿਮੇਵਾਰੀ ਲਈ। ਬਚਿਆਂ ਨੇ ਸਭ ਤੋਂ ਚੰਗੇ ਸਿਟੇ ਚੁਣੇ, ਸਕੂਲ ਦੀਆਂ ਇਮਾਰਤਾਂ ਵਿਚੋਂ ਇਕ ਵਿਚ ਉਹਨਾਂ ਨੂੰ ਸਿਆਲ ਵਿਚ ਸਾਂਭ ਕੇ ਰਖਣ ਲਈ ਥਾਂ ਚੁਣੀ ਅਤੇ ਬਸੰਤ ਰੁਤੇ ਉਹਨਾਂ ਅਨਾਜ ਛਟਿਆ ਅਤੇ ਦਾਣੇ ਖੇਤੀ ਮਾਹਰ ਨੂੰ ਦੇ ਦਿਤੇ। ਇਸ ਕੰਮ ਵਿਚ ਇੰਨੀ ਫ਼ਿਕਰਮੰਦੀ ਅਤੇ ਉਤੇਜਨਾ ਲਗੀ ਸੀ ਕਿ ਜਦੋਂ ਬਿਜਾਈ ਸ਼ੁਰੂ ਹੋਈ ਤਾਂ ਬਚੇ, ਜਿਹੜੇ ਉਸ ਸਮੇਂ ਚੌਥੀ ਸ਼੍ਰੇਣੀ ਵਿਚ ਸਨ, ਆਪਣੀਆਂ ਅਖਾਂ ਨਾਲ ਵੇਖਣ ਲਈ ਕਿ ਉਹਨਾਂ ਦਾ ਅਨਾਜ ਕਿਵੇਂ ਬੀਜਿਆ ਜਾ ਰਿਹਾ ਹੈ, ਖੇਤਾਂ ਵਿਚ ਗਏ। ਜਦੋਂ ਸੂਏ ਨਿਕਲੇ ਤਾਂ ਬਚੇ ਇਕ ਵਾਰ ਫਿਰ ਖੇਤਾਂ ਵਲ ਗਏ। ਵਾਢੀ ਸਮੇਂ ਬਚਿਆਂ ਨੇ ਆਪਣੇ ਸਕੂਲ ਦੇ ਵਡੇਰੇ ਸਾਥੀਆਂ ਦੀ ਬੋਹਲ ਇਕਠਾ ਕਰਨ ਵਿਚ ਸਹਾਇਤਾ ਕਰਨ ਦਾ ਨਿਰਣਾ ਕੀਤਾ। ਜਦੋਂ ਉਹਨਾਂ ਆਪਣੀ ਸ਼ਕਤੀ ਦਾ ਇਕ ਹਿਸਾ ਹੋਰਨਾਂ ਲਈ ਦਿਤਾ ਅਤੇ ਆਪਣੇ ਆਲੇ ਦੁਆਲੇ ਵਾਪਰਦੀ ਹਰ ਗਲ ਲਈ ਵਧੇਰੇ ਗ੍ਰਾਹੀ ਹੋ ਗਏ ਤਾਂ ਮੈਂ ਇਹ ਗਲ ਖ਼ੁਸ਼ੀ ਨਾਲ ਵੇਖੀ। ਅਸੀਂ ਇਹ ਜਾਣਦੇ ਕਿ ਜਿਹੜੇ ਬੀਅ ਅਸਾਂ ਬੀਜੇ ਸਨ ਉਹਨਾਂ ਚੰਗੀ ਤਰ੍ਹਾਂ ਉਗੇ ਸਨ, ਖ਼ੁਸ਼ ਹੋਕੇ ਖੇਤ ਤੋਂ ਗਏ। ਅਸੀਂ ਪੰਚਾਇਤੀ ਫ਼ਾਰਮ ਦੇ ਫਲਾਂ ਦੇ ਬਾਗ਼ ਕੋਲੋਂ ਲੰਘੇ ਅਤੇ ਸਿਉਆਂ ਦੇ ਇਕ ਨਿਕੇ ਰੁਖ ਉਤੇ ਸੁੰਡੀਆਂ ਵੇਖੀਆਂ। ਬਚਿਆਂ ਨੂੰ ਤੌਖਲਾ ਲਗ ਗਿਆ। ਇਸ ਸਮੇਂ ਨੰਨ੍ਹੇ ਪਾਉਨੀਅਰ ਸਮਾਜ ਵਲ ਆਪਣੇ ਕਰਤਵ ਸੰਬੰਧੀ ਨਹੀਂ ਸਨ ਸੋਚ ਰਹੇ; ਉਹ ਤਾਂ ਬਸ ਇਕ ਜਿਊਂਦੀ ਸ਼ੈ ਕੋਲੋਂ, ਜਿਸਨੂੰ ਤਬਾਹੀ ਦਾ ਖ਼ਤਰਾ ਸੀ ਲਾਪਰਵਾਹੀ ਨਾਲ ਨਹੀਂ ਸਨ ਲੰਘ ਸਕਦੇ। ਬਚੇ ਫਲਾਂ ਦੇ ਬਾਗ਼ ਵਿਚ ਗਏ ਅਤੇ ਸੁੰਡੀਆਂ ਖ਼ਤਮ ਕਰ ਦਿਤੀਆਂ। ਉਹਨਾਂ ਸਿਉ ਦੇ ਰੁਖ ਨੂੰ ਬਚਾ ਲਿਆ ਅਤੇ ਇਹ ਜਾਣਨ ਲਈ ਨਿਗਾਹ ਮਾਰੀ ਕਿ ਉਹਦੇ ਨਾਲ ਦੇ ਰੁਖਾਂ ਉਤੇ ਤਾਂ ਸੁੰਡੀਆਂ ਨਹੀਂ ਸਨ।

ਇਹ ਭਾਵਨਾ ਕਿ ਬੰਦਾ ਆਪਣੀ ਮਾਤ-ਭੂਮੀ ਦਾ ਮਾਲਕ ਹੈ ਉਹਨਾਂ ਅਤਿ-ਅੰਤ ਦੇਸ-ਭਗਤਕ ਭਾਵਨਾਵਾਂ ਵਿਚੋਂ ਇਕ ਹੈ ਜਿਨ੍ਹਾਂ ਨੂੰ ਨਿਕੀ ਉਮਰ ਦੇ ਦਿਲਾਂ ਵਿਚ ਮਜ਼ਬੂਤ ਬਣਾਉਣਾ ਲਾਜ਼ਮੀ ਹੈ। ਉਹ ਲੋਕ ਸਚੇ ਦੇਸ-ਭਗਤ ਬਣਨਗੇ ਜਿਨ੍ਹਾਂ ਲਈ ਗਭਰੇਟ ਦਿਨਾਂ ਵਿਚ ਸਾਂਝੇ ਖੇਤਾਂ ਵਿਚ ਕਣਕ ਦਾ ਹਰ ਸਿਟਾ, ਫਲਾਂ ਦੇ ਸਾਂਝੇ ਬਾਗ਼ ਵਿਚ ਹਰ ਰੁਖ, ਪੰਚਾਇਤੀ ਫ਼ਾਰਮ ਦੇ ਗਾਹ ਦੇ ਪਿੜ ਵਿਚ ਕਣਕ ਦਾ ਹਰ ਦਾਣਾ ਅਤਿ-ਅੰਤ ਡੂੰਘੀਆਂ ਨਿਜੀ ਖ਼ੁਸ਼ੀਆਂ ਜਿੰਨਾਂ ਹੀ ਵਡਮੁਲਾ ਹੁੰਦਾ ਹੈ— ਮਾਤਾ ਜਾਂ ਪਿਤਾ ਵਲੋਂ ਦਿਤਾ ਖਿਡੌਣਾ, ਕੋਈ ਮਨ-ਪਸੰਦ ਚਿਤਰਾਂ ਵਾਲੀ ਪੁਸਤਕ, ਸਕੇਟ ਜਾਂ ਸਕੀਆਂ।... ਜੋ ਕੁਝ ਸਮਾਜ ਦੀ ਮਾਲਕੀ ਹੈ ਉਹ ਬਚੇ ਲਈ ਡੂੰਘੀ ਤਰ੍ਹਾਂ ਨਿਜੀ ਤਾਂ ਹੀ ਬਣ ਜਾਂਦਾ ਹੈ ਜਦੋਂ ਉਹ ਆਪਣੀ ਕਿਰਤ ਵਿਚ ਆਪਣੀ

ਆਤਮਾ ਦਾ ਇਕ ਹਿਸਾ ਪਾਉਂਦਾ ਹੈ, ਕੋਈ ਸ਼ੈ ਲੋਕਾਂ ਲਈ ਸਿਰਜਦਾ ਹੈ, ਜਦੋਂ ਉਹਦੇ ਆਪਣੇ ਹਥਾਂ ਨਾਲ ਸਿਰਜੀਆਂ ਪਦਾਰਥਕ ਕਦਰਾਂ ਵਾਲੀਆਂ ਵਸਤਾਂ ਡੂੰਘੀ ਨਿਜੀ ਖ਼ੁਸ਼ੀ ਲਿਆਉਂਦੀਆਂ ਹਨ, ਜਦੋਂ ਇਸ ਖ਼ੁਸ਼ੀ ਵਲ ਜਾਂਦਾ ਰਾਹ ਫ਼ਿਕਰਮੰਦੀ, ਚਿੰਤਾ ਅਤੇ ਕਦੀ ਕਦੀ ਅਸਫ਼ਲਤਾਵਾਂ ਨਾਲ ਭਰਿਆ ਹੁੰਦਾ ਹੈ। ਮੈਂ ਬਚੇ ਦੇ ਗ਼ਮਾਂ ਅਤੇ ਅਫ਼ਸੋਸਾਂ ਦੇ ਸੋਮਿਆਂ ਸੰਬੰਧੀ ਚਿੰਤਾ ਕਰਨਾ ਕਦੀ ਨਹੀਂ ਤਿਆਗਿਆ। ਕੀ ਜਿਸ ਗਲ ਨੂੰ ਉਹ ਪਿਆਰਾ ਸਮਝਦਾ ਹੈ ਉਹ ਉਹਦੀ ਨਿਜੀ ਖ਼ੁਸ਼ੀ ਨਾਲ ਜੁੜੀ ਹੋਈ ਹੈ ਜਾਂ ਉਹ ਹੋਰਨਾਂ ਦੀ ਖ਼ੁਸ਼ੀ ਨੂੰ ਵੀ ਮੁਖ ਰਖਦਾ ਹੈ? ਇਸ ਪ੍ਰਸ਼ਨ ਦਾ ਉਤਰ ਸਦਾ ਬਚੇ ਦੀਆਂ ਸਦਾਚਾਰਕ ਸਿਫ਼ਤਾਂ ਦੀ ਪਰਖ ਹੁੰਦਾ ਹੈ। ਜਦੋਂ ਮੈਂ ਵੇਖਦਾ ਕਿ ਭਾਰੀ ਛਟੇ ਪਿਛੋਂ ਸਾਡੇ ਪਲਾਟ ਵਿਚ ਕਣਕ ਦੇ ਬੂਟੇ ਝੁਕੇ ਵੇਖ ਕੇ ਕੋਲੀਆ ਜਾਂ ਵਾਲੀਆ ਦੁਖੀ ਹਨ ਤਾਂ ਮੈਂ ਖ਼ੁਸ਼ ਹੁੰਦਾ। ਜਿੰਨਾ ਚਿਰ ਬਚਾ ਅਜਿਹੀ ਬਦਕਿਸਮਤੀ ਵਿਚੋਂ ਨਹੀਂ ਲੰਘਿਆ, ਪੀੜ ਅਨੁਭਵ ਨਹੀਂ ਕੀਤੀ ਅਤੇ ਦੁਖ ਨਹੀਂ ਭੋਗਿਆ, ਸਿਖਿਅਕ ਸੰਤੋਖ ਅਨੁਭਵ ਨਹੀਂ ਕਰ ਸਕਦਾ ਕਿਉਂਕਿ ਇਹ ਹੋ ਸਕਦਾ ਹੈ ਕਿ ਉਹਦਾ ਵਿਦਿਆਰਥੀ ਇਕ ਲਾਪਰਵਾਹ ਦਰਸ਼ਕ ਵਾਂਗ ਜੀਵਨ ਵਿਚ ਪ੍ਰਵੇਸ਼ ਕਰੇ।

ਹੰਗਤਾਵਾਦੀ ਅਤੇ ਹੰਕਾਰੀ ਉਹਨਾਂ ਵਿਚੋਂ ਆਉਂਦੇ ਹਨ ਜਿਨ੍ਹਾਂ ਆਪਣੇ ਬਚਪਨ ਲੋਕਾਂ ਲਈ ਫ਼ਿਕਰਮੰਦੀ ਤੋਂ ਬਿਨਾਂ ਬਿਤਾਏ ਹੁੰਦੇ ਹਨ ਅਤੇ ਕੇਵਲ ਖ਼ੁਸ਼ੀ ਦੇ ਖਪਤਕਾਰ ਹੀ ਰਹੇ ਹੁੰਦੇ ਹਨ। ਮੈਨੂੰ ਇਸ ਗਲ ਉਤੇ ਤੌਖਲਾ ਹੋਇਆ ਕਿ ਇਹ ਖ਼ਤਰਾ ਮੇਰੇ ਵਿਦਿਆਰਥੀਆਂ ਵੋਲੋਂਦੀਆ ਅਤੇ ਸਲਾਵਾ ਦੇ ਸਿਟਾਂ ਉਤੇ ਮੰਡਲਾ ਰਿਹਾ ਸੀ। ਉਹਨਾਂ ਦੇ ਪਰਵਾਰ ਉਹਨਾਂ ਦੇ ਹਥ ਥਧੇ ਗੋਲੇ ਸਨ। ਬਚੇ ਤਾਂ ਹੀ ਦੁਖੀ ਹੁੰਦੇ ਜੇ ਉਹਨਾਂ ਦੇ ਮਾਤਾ ਪਿਤਾ ਉਹਨਾਂ ਨੂੰ ਕੋਈ ਨਵੀਂ ਜਾਂ ਚੰਗੀ ਸ਼ੈ ਨਾ ਲੈਕੇ ਦੇਂਦੇ। ਇਹ ਲਾਜ਼ਮੀ ਹੈ ਕਿ ਬੰਦਾ ਇਹਨਾਂ ਹੰਕਾਰੀ ਫ਼ਿਕਰਮੰਦੀਆਂ ਦਾ ਮੁਕਾਬਲਾ ਇਕ ਹੋਰ ਤਰ੍ਹਾਂ ਦੇ ਫ਼ਿਕਰ ਅਤੇ ਗ਼ਮ ਨਾਲ ਕਰੇ—ਉਸ ਲਈ ਫ਼ਿਕਰਮੰਦੀ ਜੋ ਕੁਝ ਪਦਾਰਥਕ ਅਤੇ ਆਤਮਕ ਪਖ ਤੋਂ ਲੋਕਾਂ ਲਈ ਵਡਮੁਲਾ ਹੈ।

ਹੁਨਾਲ ਦੇ ਗਰਮ ਦਿਨਾਂ ਵਿਚ ਮੈਂ ਵੇਖਿਆ ਕਿ ਅਸਾਂ **ਖ਼ੁਸ਼ੀ ਦੇ ਸਕੂਲ** ਦੇ ਵਿਹੜੇ ਵਿਚ ਲਿੰਡਨ ਦਾ ਜਿਹੜਾ ਰੁਖ ਲਾਇਆ ਸੀ ਉਹ ਬਹੁਤ ਬੁਰੀ ਤਰ੍ਹਾਂ ਕੁਮਲਾ ਗਿਆ ਸੀ। "ਸਾਡੇ ਮਿਤਰ ਨੂੰ ਵਧੇਰੇ ਗਿਲ ਦੀ ਲੋੜ ਹੈ," ਮੈਂ ਵੋਲੋਂਦੀਆ ਅਤੇ ਸਲਾਵਾ ਨੂੰ ਕਿਹਾ। ਮੈਂ ਕੁਝ ਰੋਚਕ ਵਿਖਾਉਣ ਲਈ ਉਹਨਾਂ ਨੂੰ ਬਾਗ਼ ਵਿਚ ਲੈ ਗਿਆ ਅਤੇ ਉਹਨਾਂ ਦਾ ਧਿਆਨ ਉਸ ਰੁਖ ਵਲ ਦਿਵਾਇਆ ਜਿਹੜਾ ਗਰਮੀ ਕਾਰਨ ਕੁਮਲਾ ਗਿਆ ਸੀ। "ਲਿੰਡਨ ਦੇ ਰੁਖ ਨੂੰ ਸਾਡੀ ਸਹਾਇਤਾ ਦੀ ਲੋੜ ਹੈ," ਮੈਂ ਬਚਿਆਂ ਨੂੰ ਦਸਿਆ। "ਅਜਿਹਾ ਰੁਖ, ਵਿਸ਼ੇਸ਼ ਤੌਰ ਉਤੇ ਜਦੋਂ ਉਹ ਛੋਟੀ ਉਮਰ ਦਾ ਹੋਵੇ, ਗਿਲੀ ਹਵਾ, ਗਿਲ ਅਤੇ ਠੰਢੀ ਛਾਂ ਪਸੰਦ ਕਰਦਾ ਹੈ। ਆਓ ਅਸੀਂ ਆਪਣੇ ਨਿਕੇ ਮਿਤਰ ਦੀ ਸਹਾਇਤਾ ਕਰੀਏ। ਅਸੀਂ ਪਾਣੀ ਦੇ ਨਲ ਤੋਂ ਇਥੋਂ ਤਕ ਰਬੜ ਦੀ ਨਲਕੀ ਲਾ ਦਿਆਂਗੇ। ਨਲ ਇਥੋਂ ਬਹੁਤਾ ਦੂਰ ਨਹੀਂ ਅਤੇ ਨਲਕੀ

ਲਿੰਡਨ ਲਈ ਫੁਹਾਰਾ ਬਣਾਉਣ ਲਈ ਇਹਦੇ ਵਲ ਮੋੜ ਦਿਆਂਗੇ। ਰੁਖ ਸਦਾ ਠੰਢਾ ਰਹੇਗਾ।" ਪਹਿਲਾਂ ਪਹਿਲ ਬਚੇ ਮੇਰੀ ਗਲ ਵਲੋਂ ਲਾਪਰਵਾਹ ਸਨ ਪਰ ਜਦੋਂ ਮੈਂ ਫੁਹਾਰੇ ਦੀ ਗਲ ਕੀਤੀ ਤਾਂ ਉਹ ਉਤਸੁਕਤ ਹੋ ਗਏ। ਕੰਮ ਬਚਿਆਂ ਲਈ ਰੋਚਕ ਖੇਡ ਵਜੋਂ ਸ਼ੁਰੂ ਹੋਇਆ—ਅਤੇ ਕਿਸੇ ਥਾਂ ਅਜਿਹਾ ਕੋਈ ਬਚਾ ਨਹੀਂ ਜਿਹੜਾ ਖੇਡ ਪਸੰਦ ਨਾ ਕਰਦਾ ਹੋਵੇ। ਉਹਨਾਂ ਖੇਡ ਸ਼ੁਰੂ ਕੀਤੀ ਅਤੇ ਅਸਾਂ ਇਕ ਨਿਕੀ ਜਿਹੀ ਨਲਕੀ ਲਿੰਡਨ ਦੇ ਰੁਖ ਤਕ ਲਿਆਂਦੀ, ਉਹਦੇ ਅਗੇ ਹਜ਼ਾਰਾ ਲਾ ਦਿਤਾ ਅਤੇ ਅਸਾਂ ਦਿਸਦੇ ਨਿਕੇ ਨਿਕੇ ਤੁਪਕਿਆਂ ਦਾ ਬਦਲ ਰੁਖ ਉਤੇ ਬਣਨ ਲਗ ਪਿਆ। ਸਿਖਰ ਦੁਪਹਿਰ ਦੀ ਗਰਮੀ ਵਿਚ ਬਚੇ ਫੁਹਾਰਾ ਚਲਾ ਦੇਂਦੇ ਅਤੇ ਸ਼ਾਮ ਨੂੰ ਬੰਦ ਕਰ ਦੇਂਦੇ। ਹੌਲੀ ਹੌਲੀ ਬਚੇ ਰੁਖ ਲਈ ਚਿੰਤਾ ਅਨੁਭਵ ਕਰਨ ਲਗ ਪਏ: ਉਹ ਫੁਹਾਰੇ ਹੇਠ ਕਿਹੋ ਜਿਹਾ ਅਨੁਭਵ ਕਰਦਾ ਸੀ? ਜਦੋਂ ਉਹਨਾਂ ਵੇਖਿਆ ਕਿ ਜਿਹੜੀਆਂ ਟਹਿਣੀਆਂ ਉਤੇ ਨਵੇਂ ਪਤੇ ਨਿਕਲੇ ਸਨ ਉਹ ਸਿਧੀਆਂ ਹੋ ਗਈਆਂ ਸਨ ਤਾਂ ਬਚੇ ਖੁਸ਼ ਹੋ ਗਏ। ਇਉਂ ਮੁੰਡਿਆਂ ਦੇ ਜੀਵਨ ਵਿਚ ਇਕ ਅਜਿਹੀ ਰੁਚੀ ਪੈਦਾ ਹੋ ਗਈ ਜਿਸਦਾ ਉਹਨਾਂ ਦੇ ਨਿਜੀ ਜੀਵਨ ਨਾਲ ਕੋਈ ਸੰਬੰਧ ਨਹੀਂ ਸੀ।

ਪਰ ਇਹ ਤਾਂ ਮੁਢ ਹੀ ਸੀ। ਜਿਵੇਂ ਜੌਹਰੀ ਅਣ-ਘੜੇ ਹੀਰੇ ਨੂੰ, ਹਰ ਪਾਸੇ ਨੂੰ ਨਿਗਾਹ ਵਿਚ ਰਖਦਾ ਹੋਇਆ ਪਾਲਸ਼ ਕਰਦਾ ਹੈ, ਇਹ ਸੋਚਦੇ ਹੋਏ ਕਿ ਮਾਣਕ ਵਲ ਕਿਹੋ ਜਿਹੀ ਪਹੁੰਚ ਅਪਣਾਈ ਜਾਵੇ ਤਾਂ ਜੁ ਸਭ ਤੋਂ ਚੰਗਾ ਹੀਰਾ ਪ੍ਰਾਪਤ ਹੋਵੇ ਉਸੇ ਤਰ੍ਹਾਂ ਸਿਖਿਅਕ ਨੂੰ ਇਸ ਸੰਬੰਧੀ ਸੋਚਣਾ ਚਾਹੀਦਾ ਹੈ ਕਿ ਉਹ ਬਚੇ ਦੇ ਦਿਲ ਦੀਆਂ ਧੁਰ ਅੰਦਰਲੀਆਂ ਨੁਕਰਾਂ ਤਕ ਕਿਵੇਂ ਅਪੜੇ। ਵੇਲੋਂਦੀਆ ਅਤੇ ਮੈਂ ਚਿਲਮ-ਝਾੜੀ ਦੇ ਸਭ ਤੋਂ ਚੰਗੇ ਬੇਰ ਇਕਠੇ ਕਰਨ ਕਈ ਵਾਰ ਜੰਗਲ ਵਿਚ ਗਏ। ਫਿਰ ਅਸਾਂ ਗਿਟਕਾਂ ਬੀਜ ਦਿਤੀਆਂ ਅਤੇ ਕਰੂੰਬਲਾਂ ਨੂੰ ਪਾਣੀ ਦਿਤਾ। ਜਦੋਂ ਪਿਉਂਦ ਲਾਉਣ ਦਾ ਸਮਾਂ ਆਇਆ ਤਾਂ ਅਸਾਂ ਚਿਟੇ ਗੁਲਾਬ ਦੀਆਂ ਕਲਮਾਂ ਲਈਆਂ ਅਤੇ ਚਿਲਮ-ਝਾੜੀ ਨੂੰ ਉਹਨਾਂ ਦੀ ਪਿਉਂਦ ਲਾ ਦਿਤੀ। ਇਹ ਕੇਵਲ ਕੰਮ ਹੀ ਨਹੀਂ ਸੀ ਪਰ ਬੜੇ ਗਹੁ ਨਾਲ ਬਚੇ ਦੇ ਦਿਲ ਨੂੰ ਛੂਹਣਾ ਸੀ। ਹੌਲੀ ਹੌਲੀ ਉਹ ਅਜਿਹੀ ਥਾਂ ਅਪੜ ਗਿਆ ਜਿਥੇ ਉਹਦੀਆਂ ਖੁਸ਼ੀਆਂ ਅਤੇ ਅਫ਼ਸੋਸਾਂ ਦੇ ਸੋਮੇ ਆਲੇ ਦੁਆਲੇ ਦੇ ਸੰਸਾਰ ਵਿਚ ਸਨ ਅਤੇ ਕੇਵਲ ਉਹਦੀ ਆਪਣੀ ਖੁਸ਼ੀ ਵਿਚ ਨਹੀਂ ਸਨ।

ਮੈਨੂੰ ਸਲਾਵਾ ਵਲ ਬਹੁਤ ਧਿਆਨ ਦੇਣਾ ਪਿਆ। ਉਹਨੇ ਅਤੇ ਓਲੀਆ ਨੇ ਪਸ਼ੂ ਫ਼ਾਰਮ ਉਤੇ ਇਕ ਬਿਮਾਰ ਲੇਲੇ ਨੂੰ ਵਲ ਕੀਤਾ। ਮੁਢ ਵਿਚ ਇਹ ਖੇਡ ਸੀ ਫਿਰ ਇਹ ਰੋਚਕਤਾ ਵਿਚ ਤਬਦੀਲ ਹੋ ਗਈ ਅਤੇ ਹੌਲੀ ਹੌਲੀ ਸਲਾਵਾ ਇਕ ਮਿਹਨਤੀ ਛੋਟਾ ਪਸ਼ੂਆਂ ਨੂੰ ਪਿਆਰ ਕਰਨ ਵਾਲਾ ਬਣ ਗਿਆ। ਮੈਂ ਉਹ ਛਿਣ ਕਦੀ ਨਹੀਂ ਭੁਲਣ ਲਗਾ ਜਦੋਂ ਹੰਝੂ-ਭਰੀਆਂ ਅਖਾਂ ਨਾਲ ਸਿਆਲ ਦੇ ਇਕ ਠੰਢੇ ਦਿਨ ਉਹ ਮੈਨੂੰ ਮਿਲਣ ਆਇਆ। ਉਹਨੇ ਗਿਲਾ ਕੀਤਾ ਕਿ ਉਹਦੇ ਮਨ-ਪਸੰਦ ਵਛੇ ਨੂੰ ਜਵੀ ਦੇ ਨੜੇ ਚੰਗੇ ਲਗਦੇ ਸਨ ਅਤੇ ਗਰਮਖਾਨੇ ਵਿਚ ਕੇਵਲ ਜੌ ਉਗੇ

ਹੋਏ ਸਨ। ਉਹ ਜਵੀ ਤੋਂ ਬਿਨਾਂ ਫ਼ਾਰਮ ਵਲ ਕਿਵੇਂ ਜਾ ਸਕਦਾ ਸੀ? ਸੋ ਅਸਾਂ ਜਵੀ ਉਗਾਉਣੀ ਸ਼ੁਰੂ ਕਰ ਦਿਤੀ।...

ਜੋ ਕੁਝ ਸਿਧੀ ਤਰ੍ਹਾਂ ਬੰਦੇ ਦੀਆਂ ਨਿਜੀ ਲੋੜਾਂ ਨਾਲ ਸੰਬੰਧਤ ਨਹੀਂ ਉਹਦਾ ਧਿਆਨ ਰਖਣਾ ਬਚਿਆਂ ਵਿਚ ਹੰਗਤਾ ਲਈ ਇਕ ਸ਼ਾਨਦਾਰ ਇਲਾਜ ਹੈ। ਜੇ ਬਚਾ ਸਮਾਜ ਦੇ ਭਲੇ ਲਈ ਪ੍ਰਗਟ ਕੀਤੀ ਫ਼ਿਕਰਮੰਦੀ ਰਾਹੀਂ ਨਿਜੀ ਰੁਚੀ ਵਿਖਾਉਂਦਾ ਹੈ ਤਾਂ ਆਪਣੇ ਉਤੇ ਤਰਸ ਕਰਨ ਦਾ ਐਬ ਉਹਦੇ ਦਿਲ ਵਿਚ ਕਦੀ ਜੜ੍ਹ ਨਹੀਂ ਫੜ ਸਕੇਗਾ। ਇਹ ਹੰਗਤਾ-ਭਰੀ ਭਾਵਨਾ ਉਹਨਾਂ ਬਚਿਆਂ ਦੇ ਦਿਲਾਂ ਨੂੰ ਜਕੜ ਲੈਂਦੀ ਹੈ ਜਿਨ੍ਹਾਂ ਦਾ ਜੀਵਨ ਸਰਬ-ਸ਼ਕਤੀਮਾਨ "ਮੈਂ" ਦੁਆਲੇ ਘੁੰਮਦਾ ਹੈ।

## ਦਲੇਰਾਂ ਅਤੇ ਨਿਡਰਾਂ ਦੀ ਟੁਕੜੀ

ਮੇਰੇ ਵਿਦਿਆਰਥੀਆਂ ਦੇ ਸਰੀਰਕ ਅਤੇ ਸਦਾਚਾਰਕ ਵਿਕਾਸ ਵਿਚ ਇਕ ਪੜਾਅ ਆਇਆ ਜਦੋਂ ਉਹਨਾਂ ਦਾ ਬਲ ਡੁਲ੍ਹ ਡੁਲ੍ਹ ਪੈਂਦਾ ਸੀ। ਇਹ ਬਲ, ਪਹਿਲੀ ਨਜ਼ਰੇ ਅਣੋਖੀਆਂ, ਸਮਝੋ ਬਾਹਰੀਆਂ ਕਾਰਵਾਈਆਂ ਦਾ ਰੂਪ ਧਾਰਦਾ। ਮੇਰੀਆਂ ਅਖਾਂ ਸਾਹਮਣੇ ਜ਼ਬਰਦਸਤ ਤਬਦੀਲੀ ਆਈ, ਸੰਗਾਊ ਸਿਰਲਥ ਬਣ ਗਏ ਅਤੇ ਡਰਾਕਲ ਦਲੇਰ ਅਤੇ ਨਬੇੜੂ ਬਣ ਗਏ।

ਇਕ ਦਿਨ ਅਸੀਂ ਇਹ ਵੇਖਣ ਲਈ ਕਿ ਵਡੇਰੇ ਵਿਦਿਆਰਥੀ ਅਤੇ ਪੰਚਾਇਤੀ ਫ਼ਾਰਮ ਦੇ ਕਿਸਾਨ ਕੂਪ ਕਿਵੇਂ ਬਣਾਉਂਦੇ ਹਨ ਖੇਤ ਵਿਚ ਗਏ। ਬਚਿਆਂ ਨੂੰ ਇਸ ਗਲ ਵਿਚ ਰੋਚਕਤਾ ਸੀ ਕਿ ਕਿਵੇਂ ਟਰੈਕਟਰ ਡਰਾਈਵਰ ਨੇ ਆਪਣੇ ਟਰੈਕਟਰ ਨਾਲ ਇਕ ਮੋਟੀ ਤਾਰ ਬੰਨ੍ਹੀ ਹੋਈ ਸੀ ਜਿਸ ਨਾਲ ਉਹ ਪੂਰਾ ਕੂਪ ਬਹੁਤ ਉਚਾ ਚੁਕ ਸਕਦਾ ਸੀ। ਤਾਰ ਹਵਾ ਵਿਚ ਪੰਦਰਾਂ ਮੀਟਰ ਉਚੀ ਜਾਂਦੀ। ਫਿਰ ਮੈਂ ਵੇਖਿਆ ਕਿ ਸਾਡੇ ਮੁੰਡਿਆਂ ਵਿਚੋਂ ਇਕ ਨੇ ਹਥਾਂ ਨਾਲ ਤਾਰ ਫੜ ਲਈ ਸੀ ਅਤੇ ਉਹ ਹਵਾ ਵਿਚ ਉਚੇਰਾ ਅਤੇ ਉਚੇਰਾ ਚੁਕਿਆ ਜਾ ਰਿਹਾ ਸੀ। ਜਦੋਂ ਮੈਂ ਵੇਖਿਆ ਤਾਂ ਸ਼ੂਰਾ ਗ਼ਾਇਬ ਸੀ। ਹਾਂ, ਉਹ ਹਵਾ ਵਿਚ ਪੰਦਰਾਂ ਮੀਟਰ ਉਚਾਈ ਉਤੇ ਲਟਕ ਰਿਹਾ ਸੀ। ਬਚਿਆਂ ਨੇ ਸ਼ੂਰਾ ਨੂੰ ਵੇਖਿਆ ਅਤੇ ਕਿਲਕਾਰੀਆਂ ਮਾਰਦੇ ਕੂਪ ਵਲ ਨਠੇ। ਸ਼ਾਇਦ ਉਹ ਵੀ ਇਸ ਚਕਰਾ ਦੇਣ ਵਾਲੀ ਉਚਾਈ ਤਕ ਜਾਣ ਦਾ ਅਨੁਭਵ ਮਾਣਨਾ ਚਾਹੁੰਦੇ ਸਨ। ਮੈਂ ਸ਼ੂਰਾ ਦੇ ਕੂਪ ਤੋਂ ਹੇਠਾਂ ਆਉਣ ਉਤੇ ਜ਼ੁਕਰ ਕੀਤਾ, ਜਿਸ ਤੋਂ ਉਹ ਇਉਂ ਹੇਠਾਂ ਆਇਆ ਜਿਵੇਂ ਉਹ ਘਸੀਟੀ ਹੋਵੇ। ਮੈਨੂੰ ਸਮਝ ਨਾ ਆਵੇ ਕੀ ਕਰਾਂ—ਇਕ ਅਸਾਧਾਰਨ ਸੈਰ ਦੇ ਸੁਖੀ-ਸੁਖਾਈਂ ਖ਼ਤਮ ਹੋਣ ਉਤੇ ਖ਼ੁਸ਼ ਹੋਵਾਂ ਜਾਂ ਬਚਿਆਂ ਨੂੰ ਛੇਤੀ ਤੋਂ ਛੇਤੀ ਉਥੋਂ ਲੈ ਜਾਵਾਂ।

ਮੈਂ ਅੱਖੇ ਸੱਖੇ ਬਚਿਆਂ ਨੂੰ ਚੁਪ ਕਰਾਇਆ ਅਤੇ ਉਹਨਾਂ ਨੂੰ ਉਹ ਕੁਝ ਦੁਹਰਾਉਣੋਂ ਰੋਕਿਆ। ਪਰ ਮੈਂ ਵੇਖਿਆ ਕਿ ਉਹ ਮੇਰੀ ਸੋਚ ਉਤੇ ਨਾਖ਼ੁਸ਼ ਸਨ।

ਮੈਂ ਸਮਝਦਾ ਸਾਂ ਕਿ ਮੈਂ ਉਹਨਾਂ ਦੀ ਫੇਰੀ ਸੁਰਖਿਅਤ ਬਣਾਉਣਾ ਚਾਹੀਦਾ ਸੀ ਅਤੇ ਕੇਵਲ ਮੰਨ੍ਹਾ ਹੀ ਨਹੀਂ ਸੀ ਕਰ ਦੇਣਾ ਚਾਹੀਦਾ। ਅਸਾਂ ਤਾਰ ਦੇ ਹੇਠਾਂ ਇਕ ਕੂਪ ਬਣਾਇਆ ਅਤੇ ਇਕ ਇਕ ਕਰਕੇ, ਪਹਿਲਾਂ ਮੁੰਡਿਆਂ ਅਤੇ ਫਿਰ ਕੁੜੀਆਂ ਨੇ ਫੇਰੀ ਲਾਈ।

ਉਹਨੀਂ ਦਿਨੀਂ ਸਾਡੇ ਕੋਲ ਬਿਜਲੀ ਦਾ ਕੋਈ ਸਥਾਈ ਸਾਧਨ ਨਹੀਂ ਸੀ ਅਤੇ ਵਡੇਰੀ ਉਮਰ ਦੇ ਵਿਦਿਆਰਥੀਆਂ ਨੇ ਇਕ ਬਿਜਲੀਘਰ ਬਣਾਇਆ ਜਿਸ ਨਾਲ ਬੈਟਰੀਆਂ ਚਾਰਜ ਕੀਤੀਆਂ ਜਾਂਦੀਆਂ। ਪੌਣ-ਚਕੀ ਇਕ ਬਾਰਾ ਮੀਟਰ ਉਚੇ ਮੁਨਾਰੇ ਉਤੇ ਸੀ। ਮੁਨਾਰੇ ਦੀ ਸਿਖਰ ਉਤੇ ਇਕ ਨਿਕਾ ਜਿਹਾ ਮਘ ਸੀ, ਜਿਸ ਰਾਹੀਂ ਬਿਜਲੀ ਮਿਸਤਰੀ ਮੋਟਰ ਤਕ ਅਪੜ ਸਕਦਾ ਸੀ। ਇਕ ਦਿਨ ਜਦੋਂ ਤੇਜ਼ ਹਵਾ ਚਲ ਰਹੀ ਸੀ, ਬਚੇ ਗੁਡੇ ਉਡਾ ਰਹੇ ਸਨ। ਹਰ ਬਚਾ ਗੁਡੇ ਨੂੰ ਹੋਰਨਾਂ ਨਾਲੋਂ ਉਚੇਰਾ ਉਡਾਉਣ ਦਾ ਜਤਨ ਕਰ ਰਿਹਾ ਸੀ। ਵਾਨੀਆ ਨੇ ਕਿਹਾ: "ਮੇਰੀ ਗੁਡੀ ਸਭ ਤੋਂ ਉਚੀ ਉਡੇਗੀ।" ਨਿਕਾ ਮੁੰਡਾ ਮੁਨਾਰੇ ਉਤੇ ਚੜ੍ਹ ਗਿਆ, ਥੜ੍ਹੇ ਦੁਆਲੇ ਲਗੇ ਲਕੜੀ ਦੇ ਜੰਗਲੇ ਉਤੇ ਉਲਰਿਆ ਅਤੇ ਡੋਰ ਛਡਣੀ ਸ਼ੁਰੂ ਕਰ ਦਿਤੀ। ਮੈਂ ਭੈ-ਭੀਤ ਹੋਕੇ ਵੇਖਿਆ ਕਿ ਮਘ ਦਾ ਢਕਣ, ਜਿਹੜਾ ਵਾਨੀਆ ਨੇ ਇਕ ਪਾਸੇ ਕਰ ਦਿਤਾ ਸੀ ਥੜ੍ਹੇ ਦੇ ਕੰਢੇ ਤੋਂ ਰਿੜ੍ਹ ਗਿਆ ਸੀ ਅਤੇ ਧਰਤੀ ਉਤੇ ਡਿਗ ਪਿਆ ਸੀ। ਬਚਾ ਮਘ ਦੁਆਲੇ ਦੌੜ ਰਿਹਾ ਸੀ ਅਤੇ ਆਪਣੇ ਪੈਰਾਂ ਵਲ ਨਹੀਂ ਸੀ ਵੇਖਦਾ। ਉਹਦੀਆਂ ਅਖਾਂ ਗੁਡੇ ਉਤੇ ਲਗੀਆਂ ਹੋਈਆਂ ਸਨ। ਇਹ ਸਬਥੀ ਗਲ ਸੀ ਕਿ ਦੁਰਘਟਨਾ ਨਾ ਹੋਈ।

ਬਚੇ ਅਰੋਕ ਤੌਰ ਉਤੇ ਉਚਾਈਆਂ ਵਲ ਖਿਚੇ ਜਾਂਦੇ ਹਨ। ਉਚਾਈ ਦੀ ਮਿਠੀ ਭਾਵਨਾ ਉਹਨਾਂ ਨੂੰ ਖ਼ੁਸ਼ੀ ਦੇਂਦੀ ਹੈ। ਪਰ ਸਾਡੇ, ਅਧਿਆਪਕਾਂ ਲਈ, ਇਹ ਬਚਗਾਨਾ ਵੇਗ ਕੇਵਲ ਚਿੰਤਾ ਹੀ ਪੈਦਾ ਕਰਦੇ ਹਨ। ਬਚਿਆਂ ਦੇ ਉਹ ਸਾਰੇ ਅਮਲ ਜਿਹੜੇ ਮੇਰੇ ਲਈ ਚਿੰਤਾ ਦਾ ਕਾਰਨ ਬਣੇ ਉਚੀਆਂ ਥਾਵਾਂ ਦੀ ਚੁੰਬਕੀ ਖਿਚ ਨਾਲ ਸੰਬੰਧ ਸਨ।...

ਸਕੂਲ ਦੇ ਨੇੜੇ ਹੀ ਇਕ ਪੁਰਾਣਾ ਗਿਰਜਾ ਸੀ। ਇਹਦੇ ਵੀਹ ਮੀਟਰ ਉਚੇ ਘੰਟੀਆਂ ਵਾਲੇ ਮੁਨਾਰੇ ਉਤੇ ਇਕ ਗੋਲ, ਢਾਲਵੀਂ ਬੁਰਜੀ ਸੀ। ਮੈਂ ਬਸੰਤ ਦੇ ਇਕ ਧੁਪਿਆਲੇ ਦਿਨ ਬੁਰਜੀ ਉਤੇ ਨਿਗਾਹ ਮਾਰੀ ਅਤੇ ਮੈਨੂੰ ਤਿੰਨ ਬਚਿਆਂ ਦੀਆਂ ਸੂਰਤਾਂ ਦਿਸੀਆਂ, ਜਿਹੜੇ ਸਲੀਬ ਕੋਲ ਖੜੇ ਸਨ। ਮੈਂ ਸੇਰਯੋਜ਼ਾ, ਕੋਲੀਆ ਅਤੇ ਸ਼ੂਰਾ ਨੂੰ ਪਛਾਣ ਲਿਆ। ਬਚਿਆਂ ਵੀ ਮੈਨੂੰ ਵੇਖ ਲਿਆ ਅਤੇ ਬੁਰਜੀ ਦੇ ਇਕ ਸਿਰੇ ਤੋਂ ਦੂਜੇ ਵਲ ਨਠਦੇ ਹੋਏ ਲੁਕਣ ਦਾ ਜਤਨ ਕੀਤਾ। ਬਚਿਆਂ ਨੂੰ ਆਵਾਜ਼ ਦੇਣਾ ਬੇਸਮਝ ਗਲ ਹੁੰਦੀ। ਉਸ ਨਾਲ ਕੇਵਲ ਹਾਨੀ ਹੀ ਪੁਜਦੀ। ਮੈਂ ਸਕੂਲੇ ਗਿਆ ਅਤੇ ਅਧਿਆਪਕਾਂ ਨੂੰ ਕਿਹਾ ਕਿ ਉਹ ਸਾਰੇ ਬਚਿਆਂ ਨੂੰ ਸੈਰ ਲਈ ਜਾਂ ਜੰਗਲ ਵਿਚ ਲੈ ਜਾਣ ਅਤੇ ਵਡੇਰੀ ਉਮਰ ਦੇ ਵਿਦਿਆਰਥੀਆਂ ਨੂੰ ਘਰ ਭੇਜ ਦੇਣ,

ਮੁਕਦੀ ਗਲ, ਇਉਂ ਵਿਚਰਨ ਕਿ ਕੋਈ ਬਚਿਆਂ ਨੂੰ ਗਿਰਜੇ ਦੀ ਛਤ ਉਤੇ ਵੇਖ ਕੇ ਹਾਲ-ਦੁਹਾਈ ਨਾ ਪਾ ਦੇਵੇ। ਮੈਂ ਵਰਕਸ਼ਾਪ ਵਿਚ ਗਿਆ, ਜਿਥੋ ਮੈਂ ਘੰਟੀਆਂ ਵਾਲਾ ਮੁਨਾਰਾ ਚੰਗੀ ਤਰ੍ਹਾਂ ਵੇਖ ਸਕਦਾ ਸਾਂ ਅਤੇ ਸਿਰ ਫੜ ਕੇ ਬਾਰੀ ਕੋਲ ਬਹਿ ਗਿਆ। ਸ਼ਾਇਦ ਕੁਪ ਉਤੇ ਖੇਡ ਦੀ ਆਗਿਆ ਦੇਕੇ ਮੈਂ ਬਚਿਆਂ ਵਿਚ ਉਚਾਈ ਮਾਣਨ ਦੀ ਇਛਾ ਜਗਾ ਦਿਤੀ ਸੀ। ਫਿਰ ਮੈਂ ਵੇਖਿਆ ਬਚੇ ਕਿਵੇਂ ਇਕ ਪੁਰਾਣੇ, ਜ਼ੰਗਾਲੇ ਪਾਈਪ ਰਾਹੀਂ, ਜਿਹੜਾ ਕਈ ਥਾਵਾਂ ਉਤੇ ਮਸਾਂ ਕੰਧ ਨਾਲ ਜੜਿਆ ਹੋਇਆ ਸੀ, ਗਿਰਜੇ ਦੀ ਬੁਰਜੀ ਤੋਂ ਹੇਠਾਂ ਉਤਰੇ।...

ਹੁਨਾਲ ਵਿਚ ਇਕ ਦਿਨ ਤਿਖਾ ਮੀਂਹ ਪੈਣ ਪਿਛੋਂ ਛਪੜ ਉਤੇ ਪੁਲ ਦੇ ਹੇਠਾਂ ਇਕ ਝਲਾਰ ਬਣ ਗਈ। ਇਕ ਬੁਢੀ ਇਸਤ੍ਰੀ ਸਕੂਲੇ ਆਈ ਅਤੇ ਮੈਨੂੰ ਕਿਹਾ ਕਿ ਮੈਂ ਜਾਕੇ ਵੇਖਾਂ ਕਿ ਮੇਰੇ ਬਚੇ ਕੀ ਕਰ ਰਹੇ ਹਨ। ਮੈਂ ਛਪੜ ਵਲ ਗਿਆ। ਬੰਨ੍ਹ ਤੋ ਮੈਂ ਕਿਸੇ ਨੂੰ ਨਾ ਵੇਖ ਸਕਿਆ ਪਰ ਪੁਲ ਹੇਠੋਂ ਮੈਂ ਬਚਿਆਂ ਦੀਆਂ ਕਿਲਕਾਰੀਆਂ ਸੁਣ ਸਕਦਾ ਸਾਂ। ਤੋਲੀਆ ਅਤੇ ਵਿਤੀਆ ਨੇ ਪੁਲ ਦੇ ਜੰਗਲੇ ਨਾਲ ਇਕ ਲੰਮਾ ਰਸਾ ਬੰਨ੍ਹ ਦਿਤਾ ਸੀ ਅਤੇ ਪੀਂਘ ਬਣਾ ਲਈ ਸੀ। ਉਹ ਅਮੋੜ ਝਲਾਰ ਉਤੇ ਪੀਂਘ ਝੂਟ ਰਹੇ ਸਨ ਅਤੇ ਖ਼ੁਸ਼ੀ ਨਾਲ ਕਿਲਕਾਰੀਆਂ ਮਾਰ ਰਹੇ ਸਨ।

ਪੈਤਰਿਕ, ਵਿਤੀਆ ਅਤੇ ਕੋਲੀਆ ਨੇ ਕਿਧਰੋ ਇਕ ਲਕੜੀ ਦਾ ਢੋਲ ਲਭ ਲਿਆ, ਜਿਸਦਾ ਤਲਾ ਨਹੀਂ ਸੀ ਅਤੇ ਉਹਨੂੰ ਛਪੜ ਦੇ ਉਚੇ ਕੰਢੇ ਲਿਆਏ। ਮੁੰਡੇ—ਸਖਤੀ ਨਾਲ ਵਾਰੀ ਸਿਰ, ਕਿਉਂਕਿ ਕੋਈ ਵੀ ਆਪਣੀ ਵਾਰੀ ਨਹੀਂ ਸੀ ਖੰਝਾਉਣਾ ਚਾਹੁੰਦਾ—ਢੋਲ ਵਿਚ ਵੜ ਜਾਂਦੇ ਅਤੇ ਬਾਕੀ ਦੋ ਉਹਨੂੰ ਹੌਲੀ ਜਿਹੇ ਧਕਾ ਦੇਂਦੇ ਅਤੇ ਉਹ ਢਾਲ ਉਤੇ ਰਿੜ੍ਹਣ ਲਗ ਪੈਂਦਾ। ਢੋਲ ਛਪੜ ਵਲ ਰਿੜ੍ਹਦਾ ਅਤੇ ਪਾਣੀ ਤੋਂ ਕਈ ਮੀਟਰ ਉਤੇ ਰੁਕ ਜਾਂਦਾ। ਅਜ ਤਕ ਮੈਨੂੰ ਇਸ ਗਲ ਦੀ ਸਮਝ ਨਹੀਂ ਆਈ ਕਿ ਉਹਨਾਂ ਦੁਰਘਟਨਾ ਤੋਂ ਬਿਨਾਂ ਅਜਿਹਾ ਕਿਵੇਂ ਕੀਤਾ। ਹੋ ਸਕਦਾ ਹੈ ਕਿ ਅਜਿਹੀਆਂ ਘਟਨਾਵਾਂ ਵਿਚ ਸੁਖਾਂਤ ਅੰਤ ਕੇਵਲ ਬਚਿਆਂ ਲਈ ਹੀ ਸੰਭਵ ਹਨ।

ਜੰਗਲ ਵਿਚ ਇਕ ਸੈਰ ਸਮੇਂ ਅਸਾਂ ਕੁਝ ਰੁਖ ਕਟਣ ਵਾਲਿਆਂ ਨੂੰ ਵੇਖਿਆ। ਉਹ ਪੰਚਾਇਤੀ ਫ਼ਾਰਮ ਲਈ ਇਮਾਰਤੀ ਲਕੜੀ ਤਿਆਰ ਕਰ ਰਹੇ ਸਨ। ਬਚੇ ਸਾਹ ਰੋਕ ਕੇ ਰੁਖਾਂ ਨੂੰ ਧਰਤੀ ਉਤੇ ਡਿਗਦੇ ਵੇਖਦੇ। ਅਸੀਂ ਘਰ ਲਈ ਚਲ ਪਏ ਅਤੇ ਖ਼ਿਆਲ ਨਾ ਕੀਤਾ ਕਿ ਸ਼ੂਰਾ ਅਤੇ ਦਾਨਕੋ ਗੁੰਮ ਸਨ। ਅਸੀਂ ਰੁਖਾਂ ਵਿਚਕਾਰ ਇਕ ਖ਼ਾਲੀ ਥਾਂ ਬੈਠੇ ਸਾਹ ਕਢ ਰਹੇ ਸਾਂ। ਇਕ ਬੁਢਾ ਲਕੜਹਾਰਾ ਦੋ ਮੁੰਡਿਆਂ ਨੂੰ ਲੈਕੇ ਆਇਆ ਅਤੇ ਕਿਹਾ ਕਿ ਉਹਨਾਂ ਇਉਂ ਰੁਖ ਉਤੇ ਚੜ੍ਹਣ ਦਾ ਜਤਨ ਕੀਤਾ ਸੀ ਕਿ ਜਦੋਂ ਰੁਖ ਡਿਗੇ ਤਾਂ ਉਹ ਉਪਰਲੀਆਂ ਟਹਿਣੀਆਂ ਤੋ ਉਹਦੇ ਨਾਲ ਉਡਦੇ ਹੋਏ ਹੇਠਾਂ ਆਉਣ।

ਇਹ ਸਾਰੀਆਂ ਘਟਨਾਵਾਂ ਤੀਜੀ ਅਤੇ ਚੌਥੀ ਸ਼੍ਰੇਣੀ ਵਿਚ ਲਗ ਭਗ ਛੇ

ਮਹੀਨਿਆਂ ਦੇ ਸਮੇਂ ਵਿਚ ਵਾਪਰੀਆਂ। ਮੈਂ ਅਨੁਭਵ ਕੀਤਾ ਕਿ ਬਚਿਆਂ ਨੂੰ ਅਮਲਾਂ ਤੋਂ ਰੋਕਣਾ ਅਤੇ ਇਹ ਪਕ ਕਰਨਾ ਕਿ ਕੁਝ ਨਾ ਵਾਪਰੇ, ਕੋਈ ਹਲ ਨਹੀਂ ਸੀ। ਉਹਨਾਂ ਦੇ ਬਲ ਦੀ ਬਲਵਾਨ ਨਦੀ ਕੇਵਲ ਸਰਗਰਮੀ ਹੀ ਨਹੀਂ ਸੀ ਮੰਗਦੀ; ਬਚੇ ਖ਼ੇਤਰੇ ਦੇ ਸਨਮੁਖ ਆਪਣੀ ਨਿਡਰਤਾ ਪਰਖਣਾ ਚਾਹੁੰਦੇ ਸਨ। ਦਲੇਰ ਕਾਰਨਾਮਿਆਂ ਲਈ ਪਿਆਸ ਇਸ ਤਥ ਦੀ ਸ਼ਾਹਦੀ ਸੀ ਕਿ ਦਲੇਰੀ ਦਾ ਰੁਮਾਂਸ ਮੇਰੇ ਬਚਿਆਂ ਦੇ ਜੀਵਨ ਦੇ ਬੂਹਿਆਂ ਨੂੰ ਖੜਕਾ ਰਿਹਾ ਸੀ। ਇਹ ਲਾਜ਼ਮੀ ਸੀ ਕਿ ਬਚਿਆਂ ਦੇ ਬਲ ਨੂੰ ਠੀਕ ਲੀਹਾਂ ਉਤੇ ਪਾਇਆ ਜਾਵੇ।

ਪਾਠਕ ਨੇ ਵੇਖਿਆ ਹੋਵੇਗਾ ਕਿ ਜਿਹੜੇ ਅਮਲ ਪਹਿਲੀ ਨਜ਼ਰੇ ਮੂਰਖ ਜਿਹੇ ਜਾਪਦੇ ਹਨ ਉਹ ਮੁੰਡੇ ਕਰਦੇ ਸਨ। ਇਕ ਵੀ ਮੁੰਡਾ ਅਜਿਹਾ ਨਹੀਂ ਸੀ ਜਿਸਨੇ ਮੇਰੀ ਚਿੰਤਾ ਨਾ ਜਗਈ ਹੋਵੇ। ਇਥੋਂ ਤਕ ਕਿ ਦਾਨਕੋ ਨੇ ਵੀ, ਜਿਸਨੂੰ ਮੈਂ ਡਰਾਕਲ ਸਮਝਦਾ ਸਾਂ, ੧੯੫੫ ਦੀ ਪਤ-ਝੜ ਵਿਚ ਮੈਨੂੰ ਹੈਰਾਨ ਕਰ ਦਿਤਾ। ਉਹਨੇ ਬੜੀ ਪਤਲੀ ਬਰਫ ਉਤੋਂ ਛਪੜ ਪਾਰ ਕੀਤਾ। ਬਰਫ ਵਿਚੋਂ ਡਿਗ ਜਾਣ ਦੀ ਸੰਭਾਵਨਾ ਘਟਾਉਣ ਲਈ ਉਹ ਆਪਣੀਆਂ ਪੁਸਤਕਾਂ ਆਪਣੇ ਅਗੇ ਅਗੇ ਧਕਦਾ ਗਿਆ। ਬਰਫ ਵਿਚ ਤਰੇੜਾਂ ਆ ਗਈਆਂ ਅਤੇ ਉਹ ਲਿਫੀ ਅਤੇ ਸਭ ਤੋਂ ਡੂੰਘੀ ਥਾਂ ਉਤੇ ਉਹ ਪਾਣੀ ਨਾਲ ਕਜੀ ਹੋਈ ਸੀ, ਪਰ ਕਿਸੇ ਚਮਤਕਾਰ ਕਾਰਨ ਉਹ ਨਾ ਟੁਟੀ ਅਤੇ ਬਚਾ ਸੁਖੀਂ ਸਾਂਦੀਂ ਸਕੂਲ ਪਹੁੰਚ ਗਿਆ। ਉਸਤੋਂ ਪਿਛੋਂ ਉਹਦੇ ਦੋ ਹੋਰ ਸਕੂਲ ਦੇ ਸਾਥੀ ਆਏ, ਪਰ ਉਹਨਾਂ ਦੇ ਸਾਹਮਣੇ ਬਰਫ ਟੁਟ ਗਈ, ਚੰਗੇ ਭਾਗੀਂ ਐਨ ਕੰਢੇ ਉਤੇ।

ਨਿਰਸੰਦੇਹ ਬੰਦੇ ਨੂੰ ਅਜਿਹੀਆਂ ਘਟਨਾਵਾਂ ਸੰਬੰਧੀ ਚੌਕਸ ਰਹਿਣਾ ਚਾਹੀਦਾ ਹੈ ਪਰ ਇਹ ਇਕੋ ਇਕ ਗਲ ਨਹੀਂ। ਇਹ ਲਾਜ਼ਮੀ ਹੈ ਕਿ ਬੰਦਾ ਖ਼ਤਰੇ ਦਾ ਮੁਕਾਬਲਾ ਕਰਨ ਅਤੇ ਉਹਦੇ ਉਤੇ ਕਾਬੂ ਪਾਉਣ ਲਈ ਅਗੇ ਵਧੇ।

ਇਉਂ ਸਾਡੀ ਦਲੇਰਾਂ ਅਤੇ ਨਿਡਰਾਂ ਦੀ ਟੁਕੜੀ ਹੋਂਦ ਵਿਚ ਆਈ। ਸਾਰੇ ਬਚੇ ਇਹਦੇ ਵਿਚ ਸ਼ਾਮਲ ਹੋ ਗਏ ਅਤੇ ਕੁਝ ਸਮਾਂ ਪਿਛੋਂ ਕੁਝ ਕੁੜੀਆਂ ਵੀ ਸ਼ਾਮਲ ਹੋ ਗਈਆਂ। ਮੈਂ ਅਜਿਹੀਆਂ ਖੇਡਾਂ ਘੜਦਾ ਜਿਹੜੀਆਂ ਇਛਾ-ਸ਼ਕਤੀ, ਦਲੇਰੀ ਅਤੇ ਨਿਡਰਤਾ ਦੀ ਮੰਗ ਕਰਦੀਆਂ। ਅਸਾਂ ਛਪੜ ਕੰਢੇ ਇਕ ਦੰਦੀ ਲਭ ਲਈ। ਛਪੜ ਦੀ ਤਹਿ ਇਥੇ ਉਕਾ ਸੁਰਖਿਅਤ ਸਾਬਤ ਹੋਈ। ਜੁਲਾਈ ਦੇ ਇਕ ਗਰਮ ਦਿਨ ਬਚੇ ਤੈਰਨ ਲਈ ਉਥੇ ਗਏ। ਮੈਂ ਉਹਨਾਂ ਨੂੰ ਸਿਖਾਇਆ ਦੰਦੀ ਤੋਂ ਛਾਲ ਕਿਵੇਂ ਮਾਰਨੀ ਹੈ ਅਤੇ ਆਪਣੀ ਛਾਲ ਨੂੰ ਸੇਧ ਕਿਵੇਂ ਦੇਣੀ ਹੈ। ਮੈਥੋਂ ਇਕ ਦਮ ਪਿਛੋਂ ਸ਼ੂਰਾ, ਸੇਰਯੋਜ਼ਾ, ਕੋਲੀਆ, ਵਿਤੀਆ ਅਤੇ ਫ਼ੈਦੀਆ ਨੇ ਛਾਲ ਮਾਰੀ। ਅਗਲੇ ਦਿਨ ਯੂਰਾ, ਕੋਸਤੀਆ ਅਤੇ ਪੈਤਰਿਕ ਨੇ ਛਾਲ ਮਾਰਨ ਦੀ ਹਿੰਮਤ ਕੀਤੀ। ਤੀਜੇ ਦਿਨ ਤੋਲੀਆ, ਮੀਸ਼ਾ, ਸਾਸ਼ਾ ਅਤੇ ਵਾਨੀਆ। ਕੇਵਲ ਚਾਰ ਮੁੰਡੇ ਬਾਕੀ ਰਹਿ ਗਏ — ਪਾਵਲੋ, ਵੋਲੋਦੀਆ, ਦਾਨਕੋ ਅਤੇ ਸਲਾਵਾ।

ਉਹਨਾਂ ਦੇ ਸਾਥੀ ਉਹਨਾਂ ਦਾ ਠਠਾ ਉਡਾਉਂਦੇ। ਕੁੜੀਆਂ ਹੇਠਾਂ ਤੈਰ ਰਹੀਆਂ ਸਨ ਅਤੇ ਉਹਨਾਂ ਵੀ ਮੰਡਿਆਂ ਨੂੰ ਚੁਕ ਦੇਣੀ ਸ਼ੁਰੂ ਕੀਤੀ। ਤੀਨਾ ਦੰਦੀ ਦੇ ਕੰਢੇ ਆਈ ਅਤੇ ਛਾਲ ਮਾਰਨਾ ਚਾਹੁੰਦੀ ਸੀ। ਉਹਨੇ ਛਾਲ ਮਾਰੀ ਅਤੇ ਇਹ ਬਹੁਤ ਸੁਹਣੀ ਸੀ। ਲਾਰੀਸਾ ਅਤੇ ਵਾਰੀਆ ਨੇ ਉਹਦੀ ਉਦਾਹਰਣ ਉਤੇ ਅਮਲ ਕੀਤਾ। ਮੁੰਡਿਆਂ ਨੂੰ ਸ਼ਰਮ ਆ ਗਈ। ਅਖ਼ੀਰ ਪਾਵਲੋ, ਦਾਨਕੋ ਅਤੇ ਸਲਾਵਾ ਨੇ ਛਾਲ ਮਾਰ ਦਿਤੀ।

ਇਕਲਾ ਵੋਲੋਦੀਆ ਹੀ ਹਿੰਮਤ ਨਾ ਕਰ ਸਕਿਆ। ਮੈਂ ਵੇਖਿਆ ਕਿ ਬਚਾ ਇਸ ਗਲੋਂ ਪ੍ਰੇਸ਼ਾਨ ਸੀ ਕਿ ਉਹ ਆਪਣੇ ਡਰ ਉਤੇ ਕਾਬੂ ਨਹੀਂ ਸੀ ਪਾ ਸਕਿਆ। ਸਾਨੂੰ ਉਹਦੇ ਲਈ ਇਕ ਨੀਵੀਂ ਦੰਦੀ ਲਭਣੀ ਪਈ। ਉਹਨੇ ਕੁੜੀਆਂ ਨਾਲ ਉਥੋਂ ਛਾਲ ਮਾਰੀ ਪਰ ਉਹ ਉਚੀ ਦੰਦੀ ਤੋਂ ਛਾਲ ਨਾ ਮਾਰ ਸਕਿਆ। ਉਹਦੇ ਤੋਂ ਦਲੇਰ ਕੰਮ ਕਰਾਉਣ ਲਈ ਮੈਨੂੰ ਉਹਦੇ ਨਾਲ ਬੜਾ ਸਮਾਂ ਬਿਤਾਉਣਾ ਪਿਆ। ਜਦੋਂ ਬਚਿਆਂ ਨੇ ਬਸੰਤ ਵਿਚ ਤਿਲੀਅਰਾਂ ਲਈ ਲਕੜੀ ਦੇ ਡਬੇ ਟੰਗੇ ਤਾਂ ਮੈਂ ਉਹਨੂੰ ਇਕ ਉਚੇ ਰੁਖ ਉਤੇ ਚਾੜ੍ਹਣ ਵਿਚ ਸਫ਼ਲ ਹੋ ਗਿਆ। ਇਹ ਡਰ ਉਤੇ ਬਚੇ ਦੀ ਪਹਿਲੀ ਜਿਤ ਸੀ। ਬਚਿਆਂ ਮੈਨੂੰ ਚੋਰੀ ਚੋਰੀ ਦਸਿਆ ਕਿ ਵੋਲੋਦੀਆ ਇਕਲਾ ਦੰਦੀ ਉਤੇ ਜਾਂਦਾ, ਕਪੜੇ ਲਾਹੁੰਦਾ, ਬੜਾ ਚਿਰ ਬੈਠਾ ਰਹਿੰਦਾ, ਨਠ ਕੇ ਸ਼ੁਰੂ ਕਰਦਾ, ਪਰ ਇਹਦੇ ਬਾਵਜੂਦ ਉਹ ਛਾਲ ਮਾਰਨੋਂ ਡਰਦਾ।

ਪਹਿਲੀਆਂ ਤਿੰਨ ਦਲੇਰ ਕੁੜੀਆਂ ਪਿਛੋਂ ਵਾਲੀਆ ਨੇ ਦੰਦੀ ਤੋਂ ਛਾਲ ਮਾਰੀ। ਕਿਸੇ ਨੂੰ ਇਹ ਆਸ ਨਹੀਂ ਸੀ ਕਿ ਉਹ ਅਜਿਹਾ ਕਰੇਗੀ। ਵਾਲੀਆ ਦੀ ਹਰਕਤ ਨੇ ਵੋਲੋਦੀਆ ਨੂੰ ਭੁਚਲਾ ਦਿਤਾ। ਮੁੰਡੇ ਨੇ ਅਖਾਂ ਘੁਟ ਕੇ ਮੀਚ ਲਈਆਂ ਅਤੇ ਛਾਲ ਮਾਰ ਦਿਤੀ। ਵਾਲੀਆ ਦੇ ਛਾਲ ਮਾਰਨ ਤੋਂ ਪਿਛੋਂ ਨੀਨਾ, ਗਾਲੀਆ, ਲੂਸੀਆ, ਜ਼ੀਨਾ, ਕਾਤੀਆ ਅਤੇ ਸਾਸ਼ਾ ਨੇ ਛਾਲ ਮਾਰੀ ਅਤੇ ਉਹਨਾਂ ਪਿਛੋਂ ਸਾਰੀਆਂ ਕੁੜੀਆਂ ਨੇ ਛਾਲ ਮਾਰ ਦਿਤੀ। ਮੈਨੂੰ ਨਿਸ਼ਚਾ ਹੋ ਗਿਆ ਕਿ ਕੁੜੀਆਂ ਵਿਚ ਲਖਾਇਕ ਹਦ ਤਕ ਵਧੇਰੇ ਸ਼ਕਤੀ ਹੁੰਦੀ ਹੈ। ਉਹ ਉਸ ਸਾਰੇ ਰੰਲੇ ਗੰਲੇ ਤੋਂ ਬਿਨਾਂ, ਜਿਹੜਾ ਉਹ ਕੋਈ ਦਲੇਰ ਕੰਮ ਕਰਨ ਦੀ ਖ਼ੁਸ਼ੀ ਪ੍ਰਗਟ ਕਰਨ ਲਈ ਪਾਉਂਦੇ ਹਨ, ਅਤੇ ਬਹੁਤ ਦਲੇਰੀ ਨਾਲ ਡਰ ਅਤੇ ਜਕੋ-ਤਕੇ ਉਤੇ ਕਾਬੂ ਪਾ ਲੈਂਦੀਆਂ ਹਨ।

ਜਦੋਂ ਅਸੀਂ ਤੀਜੀ ਸ਼੍ਰੇਣੀ ਖ਼ਤਮ ਕਰਨ ਪਿਛੋਂ ਪ੍ਰਕਿਰਤੀ ਦੀ ਗੋਦ ਵਿਚ ਛੁਟੀਆਂ ਬਿਤਾ ਰਹੇ ਸਾਂ, ਬਚਿਆਂ ਨੇ ਧਰੁਵੀ ਖੋਜੀਆਂ ਦੀ ਖੇਡ ਕਢੀ। ਖੇਡ ਦੀਆਂ ਸ਼ਰਤਾਂ ਅਨੁਸਾਰ ਝੰਗੀਆਂ ਨਾਲ ਕਜੇ ਇਕ ਦੁਰਾਡੇ ਟਾਪੂ—ਜਿਹੜਾ ਖੇਡ ਵਿਚ ਸਭਨਾਂ ਪਾਸਿਆਂ ਤੋਂ ਪਾਣੀ ਵਿਚ ਘਿਰਿਆ ਬਰਫ਼ਾਨੀ ਢਕ ਸੀ—ਉਤੇ ਅਜਿਹੇ ਧਰੁਵੀ ਖੋਜੀ ਸਨ, ਜਿਨ੍ਹਾਂ ਦਾ ਜਹਾਜ਼ ਤਬਾਹ ਹੋ ਗਿਆ ਸੀ ਅਤੇ ਸਾਡੇ ਪਾਸੇ ਮੁਖ ਧਰਤੀ ਸੀ। ਅਸਾਂ ਧਰੁਵੀ ਖੋਜੀਆਂ ਲਈ ਰਸਦ (ਡਬਲਰੋਟੀ ਅਤੇ ਆਲੂ) ਪੁਚਾਉਣੇ ਸਨ।

ਬਰਫ਼ਾਨੀ ਢਕ ਅਤੇ ਮੁਖ ਭੂਮੀ ਦੇ ਵਿਚਕਾਰ ਇਕ ਝੀਲ ਸੀ । ਖੇਡ ਦੇ ਨਿਯਮ ਇਹ ਸਨ ਕਿ ਰਸਦ ਧਰੁਵੀ ਰਾਤ * ਦੇ ਹਨੇਰੇ ਵਿਚ ਪੁਚਾਈ ਜਾਣੀ ਸੀ।

ਅਤੇ ਇਉਂ ਦਲੇਰਾਂ ਅਤੇ ਨਿਡਰਾਂ ਦੀ ਟੁਕੜੀ ਵਿਚੋਂ ਲੋਕ ਨਿਤਰੇ। ਬਚੇ ਕੁਝ ਡਰ ਰਹੇ ਸਨ: ਕਹਿੰਦੇ ਸਨ ਟਾਪੂ ਉਤੇ ਬਘਿਆੜ ਦਾ ਘੁਰਨਾ ਸੀ। ਪਰ ਸੂਰਾ ਅਤੇ ਸੇਰਯੋਜ਼ਾ ਰਾਤ ਦੇ ਸਫ਼ਰ ਲਈ ਚਲ ਪਏ। ਅਸਾਂ ਡਬਲਰੋਟੀ, ਆਲੂਆਂ, ਮਾਚਸਾਂ ਅਤੇ ਸੂਰ ਦੀ ਪੁਠ ਦੇ ਲੂਣ ਲਗੇ ਮਾਸ ਨੂੰ ਦਿਆਰ ਦੇ ਇਕ ਮੋਟੇ ਫਟੇ ਨਾਲ ਬੰਨ੍ਹ ਦਿਤਾ—ਖੇਡ ਵਿਚ ਇਹ ਇੰਜਣ ਨਾਲ ਚਲਣ ਵਾਲੀ ਬੇੜੀ ਸੀ। ਸੂਰਜ ਡੁਬ ਗਿਆ ਅਤੇ ਝੀਲ ਅਤੇ ਟਾਪੂ ਉਤੇ ਧੁੰਦ ਛਾ ਗਈ। ਅਸਮਾਨ ਵਿਚ ਤਾਰੇ ਉਗ ਪਏ। ਬਚਿਆਂ ਕਪੜੇ ਲਾਹੇ ਅਤੇ ਆਪਣੇ ਕਪੜੇ ਫਟੇ ਨਾਲ ਬੰਨ੍ਹ ਦਿਤੇ। ਇਕ ਮਿੰਟ ਪਿਛੋਂ ਉਹ ਦਿਸਣੋਂ ਹਟ ਗਏ ਅਤੇ ਕਈ ਮਿੰਟ ਪਿਛੋਂ ਛਲਪ ਦੀ ਹਲਕੀ ਜਿਹੀ ਆਵਾਜ਼ ਆਈ ਅਤੇ ਫਿਰ ਉਹ ਵੀ ਮੁਕ ਗਈ। ਸਾਡੇ ਨਿਕੇ ਕੁਤੇ ਤਰਾਵਕਾ ਸਮੇਤ ਦਲੇਰਾਂ ਅਤੇ ਨਿਡਰਾਂ ਦੀ ਸਾਰੀ ਟੋਲੀ ਕੰਢੇ ਉਤੇ ਬੈਠੀ ਸੀ।... ਇਕ ਘੰਟਾ ਲੰਘ ਗਿਆ ਅਤੇ ਘੁਪ ਹਨੇਰਾ ਸੀ। ਨਾ ਹੀ ਟਾਪੂ ਅਤੇ ਨਾ ਹੀ ਝੀਲ ਦਿਸਦੇ ਸਨ। ਅਚਣਚੇਤ ਹਨੇਰੇ ਵਿਚ ਇਕ ਮਧਮ ਜਿਹੀ ਲਾਟ ਦਿਸੀ: ਇਹ ਨਿਕੇ ਧਰੁਵੀ ਖੋਜੀ ਸਨ ਜਿਹੜੇ ਤਬਾਹ ਹੋਏ ਜਹਾਜ਼ ਦੇ ਲੋਕਾਂ ਤਕ ਅਪੜ ਗਏ ਸਨ। ਉਹ ਇਸ਼ਾਰਾ ਦੇ ਰਹੇ ਹਨ ਕਿ ਅਗਲੀ ਟੋਲੀ ਆਪਣੀ ਇੰਜਣ ਨਾਲ ਚਲਣ ਵਾਲੀ ਬੇੜੀ ਵਿਚ ਚਲ ਸਕਦੀ ਸੀ।

ਅਸਾਂ ਫਿਰ ਡਬਲਰੋਟੀ, ਆਲੂ, ਸੂਰ ਦੀ ਪੁਠ ਦਾ ਲੂਣ ਲਗਾ ਮਾਸ ਅਤੇ ਪਿਆਜ਼ ਇਕ ਫਟੇ ਨਾਲ ਬੰਨ੍ਹੇ ਅਤੇ ਟਿਊਬਾਂ ਫੁਲਾ ਕੇ ਨਾਲ ਲਾ ਦਿਤੀਆਂ। ਵਿਤੀਆ ਅਤੇ ਯੂਰਾ ਨੇ ਕਪੜੇ ਲਾਹੇ। ਇਕ ਕੁੜੀ ਨੇ ਕਿਹਾ ਕਿ ਪੁਰਾਣੇ ਦਿਨਾਂ ਵਿਚ ਵਡੀਆਂ ਪਾਈਕ ** ਮਛੀਆਂ ਇਸ ਝੀਲ ਵਿਚ ਹੁੰਦੀਆਂ ਸਨ ਅਤੇ ਹੋ ਸਕਦਾ ਹੈ ਕਿ ਉਹ ਹੁਣ ਵੀ ਉਥੇ ਹੋਣ।... ਸਪਸ਼ਟ ਤੌਰ ਉਤੇ ਇਹ ਗਲ ਵਿਤੀਆ ਅਤੇ ਯੂਰਾ ਨੂੰ ਡਰਾਉਣ ਲਈ ਕਹੀ ਗਈ ਸੀ। ਨਿਰਸੰਦੇਹ ਹਨੇਰੇ ਪਾਣੀ ਨੂੰ ਪਾਰ ਕਰਨਾ ਬਚਿਆਂ ਲਈ ਡਰਾਉਣਾ ਸੀ ਪਰ ਹੁਣ ਭਾਵੇਂ ਕੁਝ ਹੋਵੇ ਉਹ ਆਪਣਾ ਮਨ ਨਹੀਂ ਸਨ ਬਦਲ ਸਕਦੇ। ਜਿਸ ਛਿਣ ਯੂਰਾ ਅਤੇ ਵਿਤੀਆ ਨੇ ਨਿਘੇ ਪਾਣੀ ਵਿਚ ਪੈਰ ਪਾਏ, ਇਕ ਉਚੀ ਛਲਪ ਸੁਣਾਈ ਦਿਤੀ। ਨਿਰਸੰਦੇਹ, ਇਹ ਕੋਈ ਮਛੀ ਕਲੋਲ ਕਰ ਰਹੀ ਸੀ ਪਰ ਬਚਿਆਂ ਨੇ ਪਾਈਕਾਂ ਸੰਬੰਧੀ ਗਲ ਨਹੀਂ ਸੀ

---

*ਉਤਰੀ ਅਤੇ ਪਛਮੀ ਧਰੁਵਾਂ ਉਤੇ ਛੇ ਮਹੀਨੇ ਦਿਨ ਅਤੇ ਛੇ ਮਹੀਨੇ ਰਾਤ ਰਹਿੰਦੀ ਹੈ।—ਅਨੁ:

**ਇਕ ਖੂੰਖਾਰ ਮਛੀ, ਜਿਸਦਾ ਮੂੰਹ ਅਗੋਂ ਬਰਛੇ ਵਾਂਗ ਲੰਮਾਂ ਹੁੰਦਾ ਹੈ।—ਅਨੁ:

ਭੁਲਾਈ। ਇਕ ਘੰਟਾ ਹੋਰ ਲੰਘ ਗਿਆ ਅਤੇ ਹਨੇਰੇ ਵਿਚੋਂ ਦੂਜੀ ਲਾਟ ਲਿਸ਼ਕੀ। ਫਿਰ ਦੋਵੇਂ ਲਾਟਾਂ ਬੁਝ ਗਈਆਂ। ਇਹਦਾ ਅਰਥ ਇਹ ਸੀ ਕਿ ਧਰੁਵੀ ਖੋਜੀਆਂ ਦੀਆਂ ਦੋਵੇਂ ਟੋਲੀਆਂ ਇਕ ਦੂਜੇ ਨੂੰ ਮਿਲ ਗਈਆਂ ਸਨ। ਅਸੀਂ ਲੇਟ ਗਏ ਪਰ ਕਿਸੇ ਨੂੰ ਨੀਂਦ ਨਾ ਆਈ।

ਟਾਪੂ ਉਤੇ ਧੂਣੀ ਮਚ ਉਠੀ: ਮੁੰਡੇ ਪਹੁ-ਫੁਟਾਲੇ ਤਕ ਅਖਾਂ ਝਮਕੇ ਬਿਨਾਂ ਰਾਤ ਬਿਤਾਉਣਗੇ। ਇਕ ਸੰਘਣੇ ਘੇਰੇ ਵਿਚ ਜੁੜੇ ਉਹ ਬੇਸਬਰੀ ਨਾਲ ਪੂਰਬ ਵਲ ਵੇਖ ਰਹੇ ਸਨ। ਅਤੇ ਅਗਲੇ ਦਿਨ ਜਿਉਂ ਹੀ ਸੂਰਜ ਦੀਆਂ ਸੁਨਹਿਰੀ ਕਿਰਨਾਂ ਰੁਖਾਂ ਦੀਆਂ ਫੁੰਗੀਆਂ ਉਤੋਂ ਝਾਕਣਗੀਆਂ ਮੁੰਡੇ ਤੈਰ ਕੇ ਮੁੜ ਆਉਣਗੇ। ਜਿਨ੍ਹਾਂ ਅਜੇ ਆਪਣੇ ਡਰ ਉਤੇ ਕਾਬੂ ਪਾਉਣ ਦੀ ਖ਼ੁਸ਼ੀ ਨਹੀਂ ਸੀ ਮਾਣੀ ਉਹ ਉਹਨਾਂ ਉਤੇ ਰਸ਼ਕ ਕਰਨਗੇ। ਅਤੇ ਜਿਨ੍ਹਾਂ ਆਪਣੇ ਸਹਿਮ ਉਤੇ ਜਿਤ ਪ੍ਰਾਪਤ ਕਰ ਲਈ ਸੀ ਉਹ ਸੰਕੋਚ ਨਾਲ ਉਤਰ ਦੇਣਗੇ, ਜਿਵੇ ਬੰਦੇ ਲਈ ਯੋਗ ਹੁੰਦਾ ਹੈ: "ਮੈਂ ਉਕਾ ਹੀ ਨਾ ਡਰਿਆ।"

ਰਾਤ ਦੇ ਹਨੇਰੇ ਵਿਚ ਅਸਾਂ ਸਾਰੇ ਬਚਿਆਂ ਨੂੰ ਉਥੇ ਭੇਜਿਆ, ਇਥੋਂ ਤਕ ਕਿ ਵੌਲੌਦੀਆ ਨੂੰ ਵੀ। ਜਦੋਂ ਖੇਡ ਆਪਣੀ ਸਿਖਰ ਉਤੇ ਸੀ ਤਾਂ ਕੁੜੀਆਂ ਨੇ ਇਹ ਜਾਣਨਾ ਚਾਹਿਆ ਕਿ ਮੁੰਡੇ ਕਿਉਂ ਜਾ ਸਕਦੇ ਹਨ ਅਤੇ ਉਹ ਕਿਉਂ ਨਹੀਂ ਜਾ ਸਕਦੀਆਂ। ਮੈਂ ਇਸ ਪ੍ਰਸ਼ਨ ਨੂੰ ਉਡੀਕ ਰਿਹਾ ਸਾਂ। ਸੋ ਤੀਨਾ ਕੋਲੀਆ ਨਾਲ ਟਾਪੂ ਉਤੇ ਗਈ ਅਤੇ ਵਾਰੀਆ ਤੋਲੀਆ ਨਾਲ। ਮੁੰਡਿਆਂ ਨੂੰ ਉਥੇ ਸੁਕੀ ਪਰਾਲੀ ਮਿਲ ਗਈ ਅਤੇ ਉਹਨਾਂ ਕੁੜੀਆਂ ਲਈ ਵਿਛਾਈ ਬਣਾਈ।

ਰਾਤ, ਸ਼ਾਂਤੀ, ਇਕਾਂਤ—ਇਸ ਸਭ ਕੁਝ ਵਿਚ ਬਚਿਆਂ ਨੂੰ ਰੋਚਕਤਾ ਹੁੰਦੀ ਹੈ, ਕਿਉਂਕਿ ਇਸ ਸਭ ਕੁਝ ਵਿਚ ਉਹ ਔਕੜਾਂ ਉਤੇ ਕਾਬੂ ਪਾਉਣ ਦਾ ਰੋਮਾਂਸ ਵੇਖਦੇ ਹਨ। ਬਚਿਆਂ ਨੇ ਇਕ ਹੋਰ ਰੋਚਕ ਖੇਡ ਘੜ ਲਈ—ਭੂ-ਗਰਭ-ਵਿਗਿਆਨੀ। ਜੰਗਲ ਦੇ ਧੁਰ ਅੰਦਰ, ਇਕ ਅਲੰਘ ਝੰਗੀ ਵਿਚ, ਜੰਗਲ ਦੇ ਸਿਰੇ ਤੋਂ ਲਗ ਭਗ ਪੰਜ ਕਿਲੋਮੀਟਰ ਦੂਰ ਕੁੜੀਆਂ ਨੇ ਇਕ ਕੁਲੀ ਬਣਾਈ ਅਤੇ ਦਿਨੇ ਉਥੇ ਕੈਂਪ ਲਾਇਆ। ਇਹ ਭੂ-ਗਰਭੀ ਭਾਲ ਕਰਨ ਵਾਲੀ ਇਕ ਟੋਲੀ ਦਾ ਕੈਂਪ ਸੀ। ਖੇਡ ਦੇ ਨਿਯਮ ਇਹ ਸਨ ਕਿ ਭੂ-ਗਰਭ ਖੋਜੀਆਂ ਦੀ ਇਕ ਟੋਲੀ ਨੇ ਰਾਤ ਸਮੇਂ ਤਾਇਗਾ * ਵਿਚ ਆਪਣੇ ਕੈਂਪ ਵਿਚ ਅਪੜਨਾ ਸੀ। ਭੂ-ਗਰਭ ਖੋਜੀਆਂ ਦੇ ਪਿਠਾਂ ਉਤੇ ਪਥਰਾਂ ਦੇ ਨਮੂਨਿਆਂ ਨਾਲ ਭਰੇ ਪਿਠੂ ਸਨ। ਜਦੋਂ ਬਾਹਰ ਹਨੇਰਾ ਹੋ ਰਿਹਾ ਸੀ ਤਾਂ ਮੁੰਡੇ ਸਕੂਲੋਂ ਚਲੇ ਅਤੇ ਇਕ ਘੰਟੇ ਵਿਚ ਜੰਗਲ ਦੇ ਕੰਢੇ ਅਪੜ ਗਏ। ਉਹਨਾਂ ਹਨੇਰੇ ਵਿਚ ਆਪਣਾ ਰਾਹ ਲਭਣਾ ਸੀ, ਨਾਲੇ ਤਾਇਗਾ ਦੇ ਇਕ ਚੌੜੇ ਦਰਿਆ ਅਤੇ ਇਕ ਪ੍ਰਬਤ ਲੜੀ ਨੂੰ ਪਾਰ ਕਰਨਾ ਸੀ। ਕੁੜੀਆਂ ਨੂੰ ਕਿਸੇ ਕਿਸਮ

---

* ਘਣਾ ਜੰਗਲ। — ਅਨੁ:

ਦਾ ਸੰਕੇਤ ਦੇਣ ਦੀ ਆਗਿਆ ਨਹੀਂ ਸੀ। ਜੰਗਲ ਪਾਰ ਕਰਨ ਉਤੇ ਪੂਰੇ ਦੋ ਘੰਟੇ ਲਗਦੇ ਸਨ। ਮੁੰਡੇ ਅਧੀ ਰਾਤ ਤੋਂ ਪਿਛੋਂ ਮੁਖ ਅਡੇ ਉਤੇ ਅਪੜੇ, ਥਕੇ ਹੋਏ ਪਰ ਖ਼ੁਸ਼ ਅਤੇ ਉਤੇਜਤ।

ਅਗਸਤ ਵਿਚ ਮੋਹਲੇਧਾਰ ਮੀਂਹ ਸਮੇਂ ੧੪ ਵਛੇ ਪੰਚਾਇਤੀ ਫ਼ਾਰਮ ਦੇ ਇਜੜ ਨਾਲੋਂ ਵਿਛੜ ਗਏ। ਪਸ਼ੂ ਹੜਿਆਈ ਜੂਹ ਵਿਚ ਕਿਧਰੇ ਨਠ ਗਏ। ਬਾਲਗਾਂ ਨੇ ਲੰਮਾ ਸਮਾਂ ਵਛਿਆਂ ਨੂੰ ਢੂੰਡਿਆ ਪਰ ਉਹਨਾਂ ਨੂੰ ਲਭ ਨਾ ਸਕੇ। "ਆਓ ਅਸੀਂ ਉਹਨਾਂ ਨੂੰ ਲਭੀਏ," ਸ਼ੂਰਾ ਅਤੇ ਵਿਤੀਆ ਨੇ ਮੇਰੇ ਅਗੇ ਤਜਵੀਜ਼ ਰਖੀ। ਸੋ "ਦਲੇਰਾਂ ਅਤੇ ਨਿਡਰਾਂ ਦੀ ਟੋਲੀ" ਦੇ ਛੇ ਮੁੰਡੇ ਅਤੇ ਤਿੰਨ ਕੁੜੀਆਂ ਮੇਰੇ ਨਾਲ ਭਾਲ ਕਰਨ ਚਲ ਪਏ। ਅਸਾਂ ਖਾਣਾ, ਇਕ ਕੰਪਾਸ ਅਤੇ ਹੜਿਆਈਆਂ ਥਾਵਾਂ ਪਾਰ ਕਰਨ ਲਈ ਮੋਟਰ ਦੀਆਂ ਦੋ ਟਿਊਬਾਂ ਲਈਆਂ। ਬਚੇ ਬੜੇ ਹੁਲਾਸੇ ਰੌਂ ਵਿਚ ਸਨ। ਅਸਾਂ ਹੜਿਆਈ ਜੂਹ ਦਾ ਇਕ ਇਕ ਟੋਟਾ ਢੂੰਡਿਆ। ਕਈ ਥਾਂ ਅਸੀਂ ਦੋ ਜਾਂ ਤਿੰਨ ਦੀਆਂ ਟੋਲੀਆਂ ਵਿਚ ਵੰਡੇ ਗਏ। ਚਾਰ ਦਿਨਾਂ ਵਿਚ ਅਸਾਂ ਜੰਗਲ ਦੇ ਹਰੇ ਮੈਦਾਨ ਵਿਚ ਯਾਰ੍ਹਾਂ ਵਛੇ ਲਭ ਲਏ। ਬਾਕੀ ਦੇ ਵਛੇ ਸ਼ਾਇਦ ਮੀਂਹ ਕਾਰਨ ਬਣੇ ਤਿਖੇ ਵਹਿਣ ਵਿਚ ਮਰ ਗਏ ਸਨ। ਭਾਲ ਦੇ ਦਿਨ ਬਚਿਆਂ ਦੀਆਂ ਯਾਦਾਂ ਵਿਚ ਉਕਰੇ ਗਏ। ਨਿਕੀਆਂ ਕੁੜੀਆਂ ਗਾਲੀਆ, ਲੂਸੀਆ ਅਤੇ ਸਾਨੀਆ ਨੇ, ਜਿਨ੍ਹਾਂ ਨੂੰ ਹਨੇਰੇ, ਡਡੂਆਂ ਅਤੇ ਗ਼ੈਰ-ਜ਼ਹਿਰੀਲੇ ਸਪਾਂ ਤੋਂ ਡਰ ਲਗਦਾ ਸੀ, ਇਹਨਾਂ ਦਿਨਾਂ ਨੂੰ ਖ਼ਾਸ ਤੌਰ ਉਤੇ ਚੇਤੇ ਰਖਿਆ ਕਿਉਂਕਿ ਉਹਨੀਂ ਦਿਨੀਂ ਉਹਨਾਂ ਲੂਮੜ ਅਤੇ ਉਲੂ ਵੇਖੇ।

ਜਦੋਂ ਚੌਥੀ ਸ਼੍ਰੇਣੀ ਪਿਛੋਂ ਹੁਨਾਲ ਖ਼ਤਮ ਹੋ ਗਿਆ ਤਾਂ ਅਸਾਂ ਪ੍ਰਬਤਾਂ ਉਤੇ ਚੜ੍ਹਨ ਦੀ ਖੇਡ ਖੇਡੀ। ਅਸਾਂ ਪਹਿਲਾਂ ਤੋ ਬੰਨ੍ਹੀ ਹੋਈ ਰਸੇ ਦੀ ਪੌੜੀ ਦੰਦੀ ਤੋ ਦਰੁਗ ਵਿਚ ਲਟਕਾ ਦਿਤੀ। ਸਾਡਾ ਪਹਾੜੀ ਕੈਂਪ ਹੇਠਾਂ ਸੀ ਅਤੇ ਅਸੀਂ ਸਾਰੇ ਪਹਾੜਾਂ ਉਤੇ ਚੜ੍ਹਨ ਵਾਲੇ ਬਣਨ ਲਈ ਚਲ ਪਏ। ਕੰਮ ਲਗ ਭਗ ਸੁਖੜ ਕੰਧ ਉਤੇ ਚੜ੍ਹਨਾ, ਦੰਦੀ ਦੇ ਪਾਰ ਜਾਣਾ ਅਤੇ ਵਾਪਸ ਆਉਣਾ ਸੀ। ਬਹੁਤ ਸਾਰੇ ਬਚਿਆਂ ਨੂੰ ਪਹਿਲਾਂ ਹੀ ਉਚਾਈਆਂ ਤੋਂ ਉਕਾ ਹੀ ਡਰ ਨਹੀਂ ਸੀ ਲਗਦਾ ਪਰ ਪਹਿਲਾਂ ਪਹਿਲ ਉਹ ਵੀ ਕੁਝ ਡਰੇ ਹੋਏ ਸਨ। ਸਭ ਤੋਂ ਪਹਿਲਾਂ ਵਿਤੀਆ ਉਪਰ ਗਿਆ ਅਤੇ ਹੇਠਾਂ ਆਇਆ, ਉਸ ਤੋ ਪਿਛੋਂ ਸ਼ੂਰਾ ਅਤੇ ਸੇਰਯੋਜ਼ਾ ਗਏ। ਯੂਰਾ ਅਧੀ ਉਚਾਈ ਤੋਂ ਹੀ ਮੁੜ ਆਇਆ। ਬਾਕੀਆਂ ਲਈ ਸਾਨੂੰ ਇਕ ਹੋਰ ਦੰਦੀ ਲਭਣੀ ਪਈ ਜਿਹੜੀ ਇੰਨੀ ਸੁਖੜ ਨਹੀਂ ਸੀ। ਕੁੜੀਆਂ ਨੇ ਮੁੰਡਿਆਂ ਨਾਲ ਮੁਕਾਬਲਾ ਕੀਤਾ। ਸਭ ਤੋਂ ਦਲੇਰ ਅਤੇ ਘਟ ਡਰਾਕਲ ਤੀਨਾ, ਲਾਰੀਸਾ ਅਤੇ ਕੋਸਤੀਆ ਸਨ। ਉਹ ਵੇਲੋਦੀਆ ਅਤੇ ਸਲਾਵਾ ਨੂੰ ਛੇੜਦੀਆਂ ਜਿਨ੍ਹਾਂ ਨੂੰ ਤਿੰਨ ਮੀਟਰ ਦੀ ਉਚਾਈ ਤੇ ਚਕਰ ਆਉਣ ਲਗ ਪੈਂਦੇ ਸਨ। ਅਖ਼ੀਰ ਸਾਰੇ ਮੁੰਡਿਆਂ ਅਤੇ ਕੁੜੀਆਂ ਨੇ ਦੰਦੀ ਨੂੰ ਜਿਤ ਲਿਆ।

ਬਚੇ ਆਪਣੀ ਦਲੇਰੀ ਅਤੇ ਨਿਡਰਤਾ ਵਿਖਾਉਂਦੇ ਹੋਏ ਖ਼ੁਸ਼ੀ ਦੀ ਡੂੰਘੀ ਭਾਵਨਾ ਅਨੁਭਵ ਕਰਦੇ। ਬਹਾਦਰੀ ਅਤੇ ਦਲੇਰੀ ਹਰ ਮਨੁਖ ਲਈ ਲੋੜੀਂਦੇ ਲਛਣ ਹਨ, ਨਾ ਕੇਵਲ ਅਸਾਧਾਰਨ ਪ੍ਰਸਥਿਤੀਆਂ ਵਿਚ ਸਗੋਂ ਨਿਤ ਦੇ ਜੀਵਨ ਅਤੇ ਕੰਮ ਵਿਚ ਵੀ।

ਮੁਢਲੇ ਸਕੂਲ ਦੇ ਅੰਤ ਵਿਚ ਜਿੰਨਾਂ ਥੋੜ੍ਹਾ ਸਮਾਂ ਬਾਕੀ ਰਹੀ ਜਾਂਦਾ, ਮੈਨੂੰ ਉਨੀ ਹੀ ਵਧ ਫ਼ਿਕਰਮੰਦੀ ਲਗੀ ਰਹਿੰਦੀ: ਬਚੇ ਛੇਤੀ ਹੀ ਗਭਰੇਟ ਹੋ ਜਾਣਗੇ। ਉਹ ਪਹਿਲਾਂ ਹੀ ਆਪਣੇ ਆਪ ਸੰਬੰਧੀ ਪ੍ਰਸ਼ਨਾਂ ਤੋ ਪ੍ਰੇਸ਼ਾਨ ਸਨ; ਮੁੰਡਿਆਂ ਅਤੇ ਕੁੜੀਆਂ ਨੇ ਇਸ ਸੰਬੰਧੀ ਸੋਚਣਾ ਸ਼ੁਰੂ ਕਰ ਦਿਤਾ: "ਮੈ ਕਿਹੋ ਜਿਹਾ ਮਨੁਖ ਹਾਂ? ਮੇਰੇ ਵਿਚ ਕੀ ਚੰਗਾ ਹੈ ਅਤੇ ਕੀ ਮਾੜਾ? ਮੇਰੇ ਸਾਥੀ ਮੇਰੇ ਸੰਬੰਧੀ ਕੀ ਸੋਚਦੇ ਹਨ?"

ਜਦੋਂ ਗਭਰੇਟ ਅਵਸਥਾ ਆਉਂਦੀ ਹੈ, ਨਾਲ ਹੀ ਨਾਲ ਸਵੈ-ਸਿਖਿਆ ਦਾ ਸਮਾਂ ਆਉਂਦਾ ਹੈ। ਭਵਿਖ ਸੰਬੰਧੀ ਸੋਚਦੇ ਹੋਏ, ਜਦੋਂ ਸਭ ਤੋਂ ਮਹਤਵ-ਪੂਰਨ ਵਿਦਿਅਕ ਸ਼ਕਤੀ ਬਚਿਆਂ ਦੀ ਇਛਾ ਅਤੇ ਸਿਰੜ ਹੋਵੇਗੀ, ਮੈਂ ਉਹਨਾਂ ਦੇ ਬਚਪਨ ਦੇ ਦਿਨਾਂ ਵਿਚ ਸਵੈ-ਸਿਖਿਆ ਵਿਚ ਰੋਚਕਤਾ ਜਗਾਉਣ ਦਾ ਜਤਨ ਕੀਤਾ। ਹਰ ਬਚੇ ਦਾ ਕੰਮ ਅਤੇ ਖੇਡਣ ਦਾ ਇਕ ਕਾਰਜ-ਕ੍ਰਮ ਸੀ। ਬਚੇ ਰੋਜ਼ ਸਵੇਰੇ ਛੇ ਵਜੇ ਜਾਗ ਪੈਂਦੇ, ਸਵੇਰ ਦਾ ਜਮਨਾਸਟਕ ਕਰਦੇ, ਠੰਢੇ ਪਾਣੀ ਨਾਲ ਮੂੰਹ ਹਥ ਧੋਂਦੇ, ਨਾਸ਼ਤਾ ਕਰਦੇ ਅਤੇ ਘਰ ਦਾ ਕੰਮ ਕਰਦੇ। ਸਕੂਲ ਲਈ ਚਲਣ ਤੋਂ ਪਹਿਲਾਂ ਹਰ ਬਚਾ ਘਟੋ ਘਟ ਇਕ ਘੰਟਾ ਪੜ੍ਹਾਈ ਦਾ ਕੰਮ ਕਰਦਾ। ਮੈਂ ਇਹ ਨਿਸ਼ਚਿਤ ਬਣਾਉਣ ਦਾ ਜਤਨ ਕੀਤਾ ਕਿ ਕਾਰਜ-ਕ੍ਰਮ ਸਵੈ-ਸਿਖਿਆ ਦਾ ਇਕ ਸਾਧਨ ਬਣ ਜਾਵੇ। ਵੋਲੋਂਦੀਆ ਅਤੇ ਸਲਾਵਾ ਨੂੰ ਸਵੇਰੇ ਜਾਗਣ ਵਿਚ ਔਖ ਹੁੰਦਾ ਕਿਉਂਕਿ ਉਹਨਾਂ ਦੇ ਮਾਤਾ ਪਿਤਾ ਉਹਨਾਂ ਨੂੰ ਸਵੇਰੇ ਜਗਾਉਣਾ ਨਹੀਂ ਸਨ ਚਾਹੁੰਦੇ ਅਤੇ ਰਾਤ ਨੂੰ ਜਲਦੀ ਸੌਂਦੇ ਨਹੀਂ ਸਨ ਸਕਦੇ। ਮੈਂ ਕੇਵਲ ਮੁੰਡਿਆਂ ਨਾਲ ਹੀ ਨਹੀਂ ਸਗੋਂ ਉਹਨਾਂ ਦੇ ਮਾਤਾ ਪਿਤਾ ਨਾਲ ਵੀ ਗਲ ਬਾਤ ਕੀਤੀ। ਸਲਾਵਾ ਸਵੈ-ਸਿਖਿਆ ਵਲ ਆਕਰਸ਼ਤ ਹੋਇਆ ਅਤੇ ਉਹਨੇ ਸਵੈ-ਕਾਬੂ ਸਿਖ ਲਿਆ। ਪਰ ਵੋਲੋਂਦੀਆ ਇਹ ਵੀ ਨਾ ਸਿਖ ਸਕਿਆ। ਉਹਦੇ ਪਰਵਾਰ ਨੇ ਉਹਨੂੰ ਸੁਖ-ਰਹਿਣਾ ਬਣਨਾ ਸਿਖਾਇਆ।

### ਅਸਾਂ ਹੁਨਾਲ ਨੂੰ ਵਿਦਿਆ ਕੀਤਾ

ਚੌਥੀ ਸ਼੍ਰੇਣੀ ਤੋਂ ਪ੍ਰਿਛੋਂ ਮੇਰੇ ਸਾਰੇ ਬਚੇ — ਸੋਲ੍ਹਾਂ ਮੁੰਡੇ ਅਤੇ ਪੰਦਰਾਂ ਕੁੜੀਆਂ — ਪੰਜਵੀਂ ਵਿਚ ਦਾਖ਼ਲ ਹੋ ਗਏ। ਬਾਰਾਂ ਵਿਦਿਆਰਥੀਆਂ ਦੇ ਹਰ ਵਿਸ਼ੇ ਵਿਚ ਕੇਵਲ ਸ਼ਾਨਦਾਰ ਨੰਬਰ ਸਨ ਅਤੇ ਸਕੂਲ ਨੇ ਉਹਨਾਂ ਨੂੰ ਮਾਣ ਦੀਆਂ ਸਨਦਾਂ ਦਿਤੀਆਂ। ਤੇਰ੍ਹਾਂ ਦੇ ਕੇਵਲ ਚੰਗੇ ਅਤੇ ਸ਼ਾਨਦਾਰ ਨੰਬਰ ਸਨ ਅਤੇ ਛੇ ਬਚਿਆਂ ਦੇ ਸੰਤੋਖਜਨਕ *, ਚੰਗੇ ਅਤੇ ਸ਼ਾਨਦਾਰ ਨੰਬਰ ਸਨ।

---

* ਕ੍ਰਮਵਾਰ ਤਿੰਨ ਚਾਰ, ਪੰਜ,। — ਅਨੁ:

ਇਸ ਗਲ ਨੂੰ ਕਿ ਬਚੇ ਮਾਨਵਤਾ ਦੇ ਸਕੂਲ ਵਿਚੋਂ ਲੰਘੇ ਸਨ, ਹੋਰਾਂ ਦੀਆਂ ਖ਼ੁਸ਼ੀਆਂ ਅਤੇ ਅਫ਼ਸੋਸਾਂ ਨੂੰ ਆਪਣੇ ਦਿਲ ਦੇ ਨੇੜੇ ਰਖਣਾ ਸਿਖਿਆ ਸੀ, ਆਪਣੀ ਮਾਤ-ਭੂਮੀ ਨੂੰ ਪਿਆਰ ਕਰਨਾ ਅਤੇ ਉਹਦੇ ਦੁਸ਼ਮਣਾਂ ਨੂੰ ਘਿਰਣਾ ਕਰਨਾ ਸਿਖਿਆ ਸੀ, ਮੈਂ ਆਪਣੇ ਵਿਦਿਅਕ ਕੰਮ ਵਿਚ ਮੁਖ ਸਫ਼ਲਤਾ ਸਮਝਦਾ ਸਾਂ। ਉਹ ਕਿਰਤ ਦੇ ਕਾਇਆ-ਪਲਟ ਹੋਏ ਰੋਲ ਨੂੰ ਸਮਝਦੇ ਸਨ, ਆਪਣੀ ਮਾਤ-ਭਾਸ਼ਾ ਵਿਚ ਸੁਹਣੀ ਨਿਪੁੰਨਤਾ ਪ੍ਰਾਪਤ ਕਰ ਲਈ ਸੀ ਅਤੇ ਪੰਜ ਗਲਾਂ ਸਿਖ ਲਈਆਂ ਸਨ: ਧਿਆਨ ਨਾਲ ਵੇਖਣਾ, ਸੋਚਣਾ, ਪੜ੍ਹਣਾ, ਲਿਖਣਾ ਅਤੇ ਆਪਣੇ ਵਿਚਾਰ ਸ਼ਬਦਾਂ ਵਿਚ ਪੇਸ਼ ਕਰਨਾ। ਮੈਨੂੰ ਇਸ ਗਲ ਦਾ ਨਿਸ਼ਚਾ ਸੀ ਕਿ ਬਚਿਆਂ ਨੂੰ ਸਤਾਂ ਵਰ੍ਹਿਆਂ ਦੀ ਉਮਰ ਤੋਂ ਪਹਿਲਾਂ, ਅਰਥਾਤ ਪਹਿਲੀ ਸ਼੍ਰੇਣੀ ਵਿਚ ਦਾਖ਼ਲ ਹੋਣ ਤੋਂ ਪਹਿਲਾਂ ਪੜ੍ਹਣਾ ਅਤੇ ਲਿਖਣਾ ਸਿਖਾਇਆ ਜਾ ਸਕਦਾ ਸੀ। ਇਕ ਵਾਰ ਜਦੋਂ ਇਹ ਆਸ਼ਾ ਪ੍ਰਾਪਤ ਕਰ ਲਿਆ ਜਾਂਦਾ ਹੈ ਬਚੇ ਦੀਆਂ ਬੌਧਕ ਸ਼ਕਤੀਆਂ ਸੋਚਣ ਅਤੇ ਰਚਨਾਤਮਕਤਾ ਲਈ ਖੁਲ੍ਹੀਆਂ ਛਡੀਆਂ ਜਾ ਸਕਦੀਆਂ ਹਨ।

ਮੈਂ ਇਸ ਗਲ ਨੂੰ ਕੋਈ ਘਟ ਮਹਤਤਾ ਨਹੀਂ ਸਾਂ ਦੇਂਦਾ ਕਿ ਬਚੇ ਉਸ ਔਖੀ ਉਮਰ — ਗਭਰੇਟ ਅਵਸਥਾ — ਵਿਚ ਦਾਖ਼ਲ ਹੋਣ ਲਈ ਸਦਾਚਾਰਕ ਤੌਰ ਉਤੇ ਤਿਆਰ ਹੋਣ। ਮੁਢਲੇ ਸਕੂਲ ਵਿਚ ਮੈਂ ਉਸ ਸਮੇ ਸੰਬੰਧੀ ਸੋਚਿਆ ਜਦੋਂ ਬਚੇ ਉਸ ਅਦਿਖ ਲਕੀਰ ਦੇ ਨੇੜੇ ਅਪੜਨਗੇ ਜਿਹੜੀ ਬਚਪਨ ਨੂੰ ਗਭਰੇਟ ਅਵਸਥਾ ਤੋਂ ਵਖ ਕਰਦੀ ਹੈ। ਕੁਝ ਪਹਿਲਾਂ ਹੀ ਉਸ ਲਕੀਰ ਨੂੰ ਪਾਰ ਕਰ ਚੁਕੇ ਸਨ। ਗਭਰੇਟ ਅਵਸਥਾ ਦੀਆਂ ਔਖਿਆਈਆਂ ਚੌਥੀ ਸ਼੍ਰੇਣੀ ਵਿਚ ਹੀ ਸ਼ੁਰੂ ਹੋ ਗਈਆਂ ਸਨ।

...ਅਗਸਤ ਦੀ ਇਕ ਸ਼ਾਂਤ ਸ਼ਾਮ ਨੂੰ ਅਸੀਂ ਹੁਨਾਲ ਨੂੰ ਵਿਦਿਆ ਕਹਿਣ ਲਈ ਆਪਣੀ ਸੁਹਪਣ ਦੀ ਨੁਕਰ ਵਿਚ ਗਏ।

ਸੂਰਜ ਦੀਆਂ ਅਖ਼ੀਰੀ ਕਿਰਨਾਂ ਦਰਖ਼ਤਾਂ ਦੀਆਂ ਫੁੰਗੀਆਂ ਉਤੇ ਪੈ ਰਹੀਆਂ ਸਨ; ਚਾਰ ਵਰ੍ਹੇ ਪਹਿਲਾਂ ਅਸਾਂ ਜਿਹੜਾ ਰੁਖ ਲਾਇਆ ਸੀ ਉਹਦੇ ਉਤੇ ਸਿਉ ਪਕ ਰਹੇ ਸਨ। ਇਕ ਭੰਵਰਾ ਵੇਲਾਂ ਉਤੇ ਲਗੇ ਅੰਗੂਰ ਦੇ ਗੁਛਿਆਂ ਉਤੇ ਉਡ ਰਿਹਾ ਸੀ। ਖੇਤ ਤੋਂ ਟਰੈਕਟਰ ਦਾ ਸ਼ੋਰ ਉਮਡਦਾ ਆ ਰਿਹਾ ਸੀ। ਕੁੜੀਆਂ ਕਣਕ ਦੀਆਂ ਭਰੀਆਂ ਲਿਆਈਆਂ ਅਤੇ ਉਹਨਾਂ ਨੂੰ ਸਨੋ-ਬਾਲ ਬੇਰਾਂ ਨਾਲ ਬੰਨ੍ਹਿਆ। ਅਸਾਂ ਹੁਨਾਲ ਦੀ ਸ਼ਾਂਤ ਸ਼ਾਮ ਦਾ ਗੀਤ ਗਾਇਆ। ਗੀਤ ਖ਼ਤਮ ਹੋ ਗਿਆ ਅਤੇ ਬਚਿਆਂ ਨੇ ਸ਼ਾਮ ਦੇ ਆਕਾਸ਼ ਵਲ ਵੇਖਿਆ। ਪ੍ਰਕਿਰਤੀ ਦਾ ਸੰਗੀਤ, ਅਸੀਂ ਜਿਹੜੇ ਹੁਨਾਲ ਤੋਂ ਵਿਛੜ ਰਹੇ ਸਾਂ — ਇਹ ਸਭ ਕੁਝ ਬਚਿਆਂ ਦੇ ਦਿਲਾਂ ਵਿਚ ਗੂੰਜਿਆ। ਆਲੇ ਦੁਆਲੇ ਦਾ ਸੰਸਾਰ — ਸ਼ਾਮ ਦਾ ਆਕਾਸ਼, ਕਿਰਮਚੀ ਆਥਣ, ਅੰਬਰੀ ਬੇਰ, ਅੰਗੂਰਾਂ ਦੇ ਗੁਛੇ, ਹਾਪ ਦੀ ਹਰੀ ਕੰਧ, ਚਿਟੇ ਗੁਲ-ਦਾਊਦੀ ਅਤੇ ਭੰਵਰੇ ਦੀ ਭੀ ਭੀ — ਸਾਰਾ ਸੰਸਾਰ ਕਿਸੇ ਚਮਤਕਾਰੀ ਚਿੰਕਾਰੇ ਵਾਂਗ ਸਾਡੇ ਸਾਹਮਣੇ ਖਿਲਰਿਆ ਹੋਇਆ ਸੀ ਅਤੇ ਜਦੋਂ ਬਚੇ ਉਹਦੀਆਂ ਤਰਥਾਂ ਨੂੰ ਛੂੰਹਦੇ ਤਾਂ ਸੰਗੀਤ ਦਾ ਹੜ੍ਹ

ਆ ਜਾਂਦਾ, ਭਾਸ਼ਾ ਦਾ ਸੰਗੀਤ। ਇਹ ਖ਼ੁਸ਼ੀਆਂ ਅਤੇ ਗ਼ਮਾਂ ਦਾ ਸੰਗੀਤ ਹੈ। ਮੈਂ ਖ਼ੁਸ਼ ਵੀ ਸਾਂ ਅਤੇ ਉਦਾਸ ਵੀ। ਤੁਸੀਂ ਪਹਿਲਾਂ ਹੀ ਗਭਰੇਟ ਹੋ, ਮੇਰੇ ਬਚਿਓ। ਭਵਿਖ ਵਿਚ ਕੀ ਕੁਝ ਤੁਹਾਨੂੰ ਉਡੀਕ ਰਿਹਾ ਹੈ? ਮੈਂ ਹਰ ਰੋਜ਼ ਤੁਹਾਡੇ ਨਾਲ ਰਹਾਂਗਾ; ਮੈਂ ਜਵਾਨੀ ਅਤੇ ਬਾਲਗ਼ ਅਵਸਥਾ ਵਿਚ ਤੁਹਾਡੀ ਅਗਵਾਈ ਕਰਾਂਗਾ। ਮੈਂ ਪੰਜ ਵਰ੍ਹੇ ਤੁਹਾਡਾ ਆਗੂ ਰਿਹਾ ਹਾਂ ਅਤੇ ਆਪਣਾ ਦਿਲ ਤੁਹਾਨੂੰ ਦਿਤਾ ਹੈ। ਅਜਿਹੇ ਵੀ ਸਮੇਂ ਸਨ ਜਦੋਂ ਮੇਰਾ ਦਿਲ ਥਕਿਆ ਹੋਇਆ ਸੀ। ਜਦੋਂ ਇਹ ਸਖਣਾ ਹੁੰਦਾ, ਮੈਂ ਧਾਕੇ ਤੁਹਾਡੇ ਵਲ ਆਉਂਦਾ। ਅਤੇ ਤੁਹਾਡੀ ਖ਼ੁਸ਼ ਚਹਿਕ ਮੇਰੇ ਦਿਲ ਵਿਚ ਨਵਾਂ ਬਲ ਪਾ ਦੇਂਦੀ; ਤੁਹਾਡੀਆਂ ਮੁਸਕਾਨਾਂ ਨਵੇਂ ਬਲ ਨੂੰ ਜਨਮ ਦੇਂਦੀਆਂ। ਤੁਹਾਡੀਆਂ ਖੋਜੀ ਅਖਾਂ ਮੇਰੇ ਵਿਚਾਰਾਂ ਨੂੰ ਜਗਾਉਂਦੀਆਂ।... ਮੇਰੇ ਪਿਆਰੇ ਬਚਿਓ, ਆਪਣੇ ਸੁਪਨਿਆਂ ਵਿਚ ਮੈਂ ਤੁਹਾਨੂੰ ਬਾਲਗ਼ਾਂ ਵਜੋਂ ਵੇਖਦਾ ਹਾਂ। ਮੈਂ ਤੁਹਾਡੇ ਵਿਚੋਂ ਹਰ ਇਕ ਨੂੰ ਇਕ ਦਲੇਰ ਸੋਵੀਅਤ ਦੇਸ-ਭਗਤ, ਇਕ ਇਮਾਨਦਾਰ, ਲਟ ਲਟ ਕਰਦੇ ਦਿਲ ਵਾਲੇ, ਇਕ ਸਾਫ਼ ਮਨ ਅਤੇ ਸੁਨਹਿਰੇ ਹਥਾਂ ਵਾਲੇ ਮਨੁਖ ਵਜੋਂ ਵੇਖਦਾ ਹਾਂ।

ਇਸ ਪੁਸਤਕ ਦਾ ਲੇਖਕ **ਵਾਸਿਲ ਅਲੈਕਸਾਂਦਰੋਵਿਚ ਸੁਖੋਮਲਿੰਸਕੀ** (1918-70) ਇਕ ਉਘਾ ਸੋਵੀਅਤ ਵਿਦਿਆ-ਵਿਗਿਆਨੀ, ਵਿਦਿਆ-ਵਿਗਿਆਨਾਂ ਦੀ ਸੋਵੀਅਤ ਅਕਾਦਮੀ ਦਾ ਚਿੱਠੀ-ਪੱਤਰੀ ਮੈਂਬਰ ਅਤੇ ਸੋਸ਼ਲਿਸਟ ਕਿਰਤ ਦਾ ਸੂਰਮਾ ਸੀ।

ਇਕ ਪੇਂਡੂ ਸਕੂਲ ਦੇ ਡਾਇਰੈਕਟਰ ਵਜੋਂ ਕੰਮ ਕਰਦੇ ਹੋਏ, ਆਪਣੀਆਂ ਸਾਰੀਆਂ ਵਿਦਿਆ-ਵਿਗਿਆਨਕ ਸਰਗਰਮੀਆਂ ਵਿਚ, ਜਿਹੜੀਆਂ 30 ਵਰ੍ਹਿਆਂ ਤੋਂ ਵਧ ਸਮੇਂ ਤਕ ਚਲੀਆਂ, ਵ. ਅ. ਸੁਖੋਮਲਿੰਸਕੀ ਸਕੂਲੀ ਬੱਚਿਆਂ ਦੀ ਪਾਲਣਾ ਅਤੇ ਉਹਨਾਂ ਨੂੰ ਵਿਦਿਆ ਦੇਣ ਦੇ ਮਸਲਿਆਂ ਨਾਲ ਨਿਬੜਿਆ।

ਇਹ ਪੁਸਤਕ ਪ੍ਰਾਇਮਰੀ ਸਕੂਲ ਵਿਚ ਬੱਚਿਆਂ ਦੀ ਪਾਲਣਾ ਦਾ ਵਰਨਣ ਕਰਦੀ ਹੈ ਜਿਥੇ ਅਧਿਆਪਕਾਂ ਦਾ ਰਚਨਾਤਮਕ ਜਤਨ ਵਿਸ਼ੇਸ਼ ਸਪਸ਼ਟਤਾ ਨਾਲ ਦਿਸਦਾ ਹੈ। ਲੇਖਕ ਵਿਦਿਆ-ਵਿਗਿਆਨ ਦੇ ਅਨੇਕ ਵਿਗਿਆਨਕ ਅਤੇ ਸਿਧਾਂਤਕ ਮਸਲੇ ਪੇਸ਼ ਕਰਦਾ ਹੈ ਅਤੇ ਆਪਣੇ ਅਨੁਭਵ ਉਤੇ ਆਧਾਰਤ ਅਮਲੀ ਹੱਲ ਪੇਸ਼ ਕਰਦਾ ਹੈ। ਉਹ ਦਸਦਾ ਹੈ ਬੱਚਿਆਂ ਨੂੰ ਪ੍ਰਕਿਰਤੀ ਲਈ ਪਿਆਰ ਦੀ ਭਾਵਨਾ ਅਨੁਸਾਰ ਕਿਵੇਂ ਪਾਲਿਆ ਜਾਣਾ ਚਾਹੀਦਾ ਹੈ, ਹਰ ਬੱਚੇ ਵਿਚ ਉਹਦੇ ਦੁਆਲੇ ਦੇ ਸੰਸਾਰ ਦਾ ਬੋਧ ਕਿਵੇਂ ਪੈਦਾ ਕਰਨਾ ਚਾਹੀਦਾ ਹੈ। ਲੇਖਕ ਬੜੇ ਵਿਸਥਾਰ ਨਾਲ ਦਸਦਾ ਹੈ ਕਿ ਬੱਚਿਆਂ ਵਿਚ ਗਿਆਨ ਲਈ ਰੋਚਕਤਾ, ਕਿਰਤ ਲਈ, ਲੋਕਾਂ ਲਈ, ਉਹਨਾਂ ਦੀ ਮਾਤ-ਭੂਮੀ ਲਈ ਪਿਆਰ ਕਰਦੇ ਹੋਏ ਉਹਨੇ ਕਿਵੇਂ ਹਰ ਵਿਦਿਆਰਥੀ ਦੇ ਵਿਅਕਤਤਵ ਦੇ ਬਣਨ ਨੂੰ ਪ੍ਰਫੁਲਤ ਕੀਤਾ। ਵ. ਅ. ਸੁਖੋਮਲਿੰਸਕੀ ਨੇ ਵਿਅਕਤੀ ਨੂੰ ਦਯਾ, ਭਾਵੁਕਤਾ ਦੀ ਭਾਵਨਾ, ਸਾਥੀਪੁਣੇ, ਨਾਗਰਕ ਕੁਰਬ ਅਤੇ ਦੇਸ਼-ਭਗਤੀ ਦੇ ਅਨੁਭਵ ਅਨੁਸਾਰ ਪਾਲਣ ਵਲ ਵਿਸ਼ੇਸ਼ ਧਿਆਨ ਦਿੱਤਾ। ਪੁਸਤਕ ਸਾਦਾ ਭਾਸ਼ਾ ਵਿਚ ਲਿਖੀ ਗਈ ਹੈ ਅਧਿਆਪਕਾਂ ਮਾਤਾ-ਪਿਤਾ ਅਤੇ ਪਾਠਕਾਂ ਦੀ ਵਿਸ਼ਾਲ ਬੀੜ ਲਈ ਲਿਖੀ ਗਈ ਹੈ।

**ਪੰਜਾਬ ਬੁੱਕ ਸੈਂਟਰ**

ਐਸ.ਸੀ.ਓ. 1126-27,
ਸੈਕਟਰ 22-ਬੀ, ਚੰਡੀਗੜ੍ਹ,
0172-2701952,
ਈ-ਮੇਲ: pbcchd@yahoo.co.in